# ਧਰਮ ਅਤੇ ਬੈਰਾਗ

## ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਸੰਦਰਭ ਵਿਚ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਸੋਸ਼ਲ ਸਾਇੰਸਿਜ਼ ਫ਼ੈਕਲਟੀ ਅਧੀਨ ਪੀਐਚ. ਡੀ. (ਧਰਮ ਅਧਿਐਨ)

ਦੀ ਡਿਗਰੀ ਲਈ ਪ੍ਰਸਤੁਤ

***ਖੋਜ-ਪ੍ਰਬੰਧ***

*2015*


ਨਿਗਰਾਨ :

***ਡਾ. ਕੰਵਰਜੀਤ ਸਿੰਘ***

ਪ੍ਰਿੰਸੀਪਲ (ਕਾਰਜਕਾਰੀ)

ਗੁਰਮਤਿ ਕਾਲਜ, ਪਟਿਆਲਾ।

ਖੋਜਾਰਥੀ :

***ਅਨਿਲ ਕੁਮਾਰ***



**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਅਨਿਲ ਕੁਮਾਰ ਨੇ ਪੀਐਚ. ਡੀ. ਦੀ ਡਿਗਰੀ ਲਈ ਇਹ ਖੋਜ-ਪ੍ਰਬੰਧ ਜਿਸ ਦਾ ਸਿਰਲੇਖ **'ਧਰਮ ਅਤੇ ਬੈਰਾਗ : ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਸੰਦਰਭ ਵਿਚ'** ਹੈ, ਮੇਰੀ ਨਿਗਰਾਨੀ ਹੇਠ ਸੰਪੂਰਨ ਕੀਤਾ ਹੈ। ਇਹ ਖੋਜਾਰਥੀ ਦੀ ਮੌਲਿਕ ਰਚਨਾ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਮੁਲਾਂਕਣ ਹਿੱਤ ਪੇਸ਼ ਕਰਨ ਦੀ ਸਿਫ਼ਾਰਸ਼ ਕਰਦਾ ਹਾਂ।

ਨਿਗਰਾਨ



***ਡਾ. ਕੰਵਰਜੀਤ ਸਿੰਘ***
ਪ੍ਰਿੰਸੀਪਲ (ਕਾਰਜਕਾਰੀ)
ਗੁਰਮਤਿ ਕਾਲਜ, ਪਟਿਆਲਾ।

### ਅਧਿਆਇ ਪਹਿਲਾ

## ਧਰਮ ਅਤੇ ਬੈਰਾਗ : ਸਿਧਾਂਤਕ ਪਰਿਪੇਖ

ਧਰਮ ਦੀ ਮੂਲ ਪ੍ਰਕਿਰਤੀ ਆਦਿ ਕਾਲ ਤੋਂ ਕਿਸੇ ਸਦੀਵੀ ਸਰਬ ਸ਼ਕਤੀਮਾਨ, ਅਲੌਕਿਕ, ਪਰਮ ਸੱਤਾ ਵਿਚ ਨਿਸ਼ਠਾ ਤੇ ਪਰਾਭੌਤਿਕ ਚਿਹਨ, ਰਹੱਸਾਤਮਕਤਾ, ਅਧਿਆਤਮਿਕ ਪਵਿੱਤਰਤਾ ਅਤੇ ਨੈਤਿਕਤਾ ਨਾਲ ਜੁੜਿਆ ਹੋਇਆ ਮਨੁੱਖੀ ਅਨੁਭਵ ਹੈ। ਧਰਮ ਇਕ ਵਿਸ਼ਵ ਵਰਤਾਰਾ ਹੈ। ਇਹ ਮਨੁੱਖ ਦੇ ਜਨਮ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦਾ ਹੈ ਕਿਉਂਕਿ ਉਸ ਦੇ ਗਰਭ ਕਾਲ ਤੋਂ ਹੀ ਉਸ ਦੀ ਮਾਂ ਦੁਆਰਾ ਧਾਰਮਿਕ ਸੰਸਕਾਰ ਨਿਭਾਏ ਜਾਂਦੇ ਹਨ ਅਤੇ ਇਹ ਉਸ ਦੀ ਮੌਤ ਤਕ ਨਾਲ ਨਿਭਦਾ ਹੈ। ਇਸ ਦੇ ਨਾਲ ਹੀ ਇਸ ਦਾ ਸੰਬੰਧ ਮਨੁੱਖੀ ਅਹਿਸਾਸਾਂ ਅਤੇ ਵਲਵਲਿਆਂ ਨਾਲ ਵੀ ਹੈ। ਇਸ ਲਈ ਇਸ ਦਾ ਸ਼ੁੱਧ ਅਨੁਭਵ ਸੰਸਾਰੀ ਸੰਸਕਾਰਾਂ ਤੋਂ ਮੁਕਤ ਹੈ। ਇਹ ਇਕ ਅਜਿਹੀ ਜੀਵਨ-ਜਾਚ ਹੈ ਜੋ ਕਿ ਮਨੁੱਖੀ ਮਨ ਜਾਂ ਉਸ ਦੇ ਬਾਹਰੀ ਰੂਪ ਨੂੰ ਸੁਹਜ, ਸੁੰਦਰਤਾ ਅਤੇ ਚੰਗੇ ਆਚਾਰ-ਵਿਹਾਰ ਨਾਲ ਜੋੜ ਕੇ ਸਫ਼ਲ ਸਮਾਜਕ ਜੀਵਨ ਗੁਜ਼ਾਰਨ ਦੇ ਯੋਗ ਬਣਾਉਂਦੀ ਹੈ। ਇਸ ਦੀ ਮਨੁੱਖੀ ਜੀਵਨ ਵਿਚ ਇਕ ਮਹੱਤਵਪੂਰਨ ਭੂਮਿਕਾ ਰਹੀ ਹੈ।

'ਧਰਮ' ਸ਼ਬਦ ਆਪਣੇ ਆਪ ਵਿਚ ਹੀ ਬਹੁਤ ਗੰਭੀਰ ਅਤੇ ਵਿਆਪਕ ਸ਼ਬਦ ਹੈ। ਵੈਦਿਕ ਕਾਲ ਤੋਂ ਲੈ ਕੇ ਅੱਜ ਤੱਕ ਇਸ ਦੀਆਂ ਅਨੇਕਾਂ ਵਿਆਖਿਆਵਾਂ ਉਪਲਬਧ ਹੁੰਦੀਆਂ ਹਨ। ਪੁਰਾਤਨ ਕਾਲ ਤੋਂ ਇਸ ਦੇ ਉਚਿਤ ਚਰਿੱਤਰ ਦੇ ਗੁਣਾਂ, ਲੱਛਣਾਂ ਅਤੇ ਪਛਾਣ ਚਿਹਨਾਂ ਨੂੰ ਵੱਖ-ਵੱਖ ਰੂਪਾਂ ਵਿਚ ਪ੍ਰਸਤੁਤ ਕੀਤਾ ਜਾ ਰਿਹਾ ਹੈ। ਹਰ ਯੁੱਗ ਅਤੇ ਪ੍ਰਸਥਿਤੀ ਵਿਚ ਮਨੁੱਖ ਆਪਣੇ-ਆਪਣੇ ਵਿਚਾਰ ਅਨੁਸਾਰ ਇਸਦੇ ਅਰਥ ਪ੍ਰਗਟਾਉਂਦਾ ਰਿਹਾ ਹੈ। ਹਰ ਦੇਸ਼ ਤੇ ਸਭਿਆਚਾਰ ਲਈ ਇਸ ਦਾ ਅਨੁਭਵ ਵੱਖ-ਵੱਖ ਰਿਹਾ ਹੈ। ਇਸ ਲਈ ਭੁਗੋਲਿਕ, ਇਤਿਹਾਸਿਕ, ਆਰਥਿਕ, ਦਾਰਸ਼ਨਿਕ, ਰਾਜਨੀਤਿਕ ਅਤੇ ਸਭਿਆਚਾਰਕ ਪਰਿਪੇਖ ਵਿਚ ਰੱਖ ਕੇ ਵੀ ਇਸ ਦੇ ਅਰਥ ਕੀਤੇ ਗਏ ਹਨ।

(ੳ) **ਧਰਮ :**

ਭਾਰਤੀ ਅਧਿਆਤਮਿਕ ਚਿੰਤਨਧਾਰਾ ਦੇ ਮੂਲ ਰੂਪ ਵਿਚ ਸਭ ਤੋਂ ਪਹਿਲਾਂ ਵੇਦ ਪ੍ਰਾਪਤ ਹੁੰਦੇ ਹਨ। ਇਹ ਵਿਸ਼ਵ ਦੇ ਸਭ ਤੋਂ ਪ੍ਰਾਚੀਨ ਗ੍ਰੰਥ ਹਨ। ਇਨ੍ਹਾਂ ਨੂੰ ਈਸ਼ਵਰ ਰਚਿਤ ਮੰਨਿਆ ਜਾਂਦਾ ਹੈ। ਇਹ ਭਾਰਤੀ ਧਾਰਮਕ ਸੰਸਕ੍ਰਿਤੀ ਦੇ ਮੂਲ ਸਰੋਤ ਹਨ। ਧਰਮ ਦੀ ਰੂਪ-ਰੇਖਾ ਬੀਜ ਰੂਪ ਵਿਚ ਇਨ੍ਹਾਂ ਵਿਚ ਹੀ ਮਿਲਦੀ ਹੈ। ਗਿਣਤੀ ਦੇ ਪੱਖ ਤੋਂ ਇਹ ਚਾਰ ਹਨ - 1. ਰਿਗਵੇਦ, 2. ਯਜੁਵੇਦ, 3. ਸ਼ਾਮਵੇਦ, 4. ਅਥਰਵ ਵੇਦ। ਰਿਗਵੇਦ ਵਿਚ ਉਹ ਮੰਤਰ ਸ਼ਾਮਲ ਹਨ ਜਿਹੜੇ ਕਿ ਦੇਵਤਿਆਂ ਦੀ ਉਸਤਤ ਵਿਚ ਗਾਏ ਜਾਂਦੇ ਹਨ। ਯਜੁਵੇਦ ਵਿਚ ਯੱਗ ਦੀਆਂ ਵਿਧੀਆਂ ਦਾ ਵਰਨਣ ਹੈ। ਸਾਮਵੇਦ ਸੰਗੀਤ ਪ੍ਰਧਾਨ ਹੈ ਅਤੇ ਅਥਰਵ ਵੇਦ ਵਿਚ ਗਿਆਨ-ਵਿਗਿਆਨ ਦੀ ਗੂੜ੍ਹ ਧਾਰਨਾਵਾਂ ਦੇ ਨਾਲ ਵਿਹਾਰਕ ਵਿਗਿਆਨਕ ਦੀ ਸ਼ਾਮਲ ਹੈ।

ਵੈਦਿਕ ਧਰਮ ਵਿਚ ਇਕ, ਨਿਰਾਕਾਰ, ਸਰਵ ਸ਼ਕਤੀਮਾਨ, ਸਰਵਵਿਆਪਕ, ਨਿਆਕਾਰੀ ਈਸ਼ਵਰ ਦੀ ਹੀ ਪੂਜਾ-ਉਪਾਸਨਾ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਵੈਦਿਕ ਲੋਕ ਪ੍ਰਕਿਰਤਕ ਦੇਵਤਿਆਂ ਦੀ ਵੀ ਪੂਜਾ ਕਰਦੇ ਸਨ। ਮੁੱਖ ਦੇਵਤਾ ਵਰੁਣ ਸੀ। ਉਸ ਨੂੰ ਆਕਾਸ਼ ਦਾ ਦੇਵਤਾ ਮੰਨਿਆ ਜਾਂਦਾ ਸੀ। ਦੂਜਾ ਦੇਵਤਾ ਇੰਦਰ ਸੀ। ਉਸ ਨੂੰ ਯੁੱਧ ਅਤੇ ਰੁੱਤਾਂ ਦਾ ਦੇਵਤਾ ਕਿਹਾ ਜਾਂਦਾ ਸੀ। ਤੀਜਾ ਦੇਵਤਾ ਸੂਰਜ ਸੀ। ਉਸ ਨੂੰ ਮਿੱਤਰ, ਸਾਵਿਤਰ ਵੀ ਕਿਹਾ ਜਾਂਦਾ ਸੀ।

ਵੈਦਿਕ ਕਾਲ ਵਿਚ ਵੇਦਵਿਹਿਤ ਕਰਮ ਦੀ ਧਰਮ ਦੇ ਅੰਤਰਗਤ ਆਉਂਦੇ ਹਨ ਅਤੇ ਜੋ ਵੇਦ ਦੁਆਰਾ ਵਰਜਿਤ ਹਨ, ਉਹ ਅਧਰਮ ਅਖਵਾਉਂਦੇ ਹਨ। ਵੈਦਿਕ ਧਰਮ ਦੀ ਪਾਲਣਾ ਹਿੱਤ ਮਨੁੱਖ ਲਈ ਚਾਰ ਪੁਸ਼ਾਰਥਾਂ (ਧਰਮ, ਅਰਥ, ਕਾਮ, ਮੋਖਸ਼) ਦੀ ਪ੍ਰਾਪਤੀ ਜ਼ਰੂਰੀ ਦੱਸੀ ਗਈ ਹੈ। ਇਨ੍ਹਾਂ ਦੀ ਪ੍ਰਾਪਤੀ ਦੇ ਨਾਲ ਹੀ ਜੀਵਨ ਦੀ ਸੰਪੂਰਨਤਾ ਮਿਲਦੀ ਹੈ। ਧਰਮ ਦਾ ਸੰਬੰਧ ਜਿੰਨਾ ਮੋਖਸ਼ ਨਾਲ ਹੈ ਓਨਾ ਹੀ ਅਰਥ ਅਤੇ ਦਾਮ ਨਾਲ, ਭੋਗ-ਯੋਗ, ਭੌਤਿਕਤਾ-ਅਧਿਆਤਮਿਕਤਾ। ਇਨ੍ਹਾਂ ਦਾ ਸੰਗਤਾ ਵਾਲਾ ਰੂਪ ਹੀ ਜੀਵਨ ਦੇ ਲਈ ਇਸ਼ਟ ਮੰਨਿਆ ਗਿਆ ਹੈ।

ਵੈਦਕ ਧਰਮ ਤਿਆਗਮੂਲਕ ਹੈ। ਦੌਲਤਮੰਦ ਮਨੁੱਖ ਨੇ ਕੇਵਲ ਆਪਣੇ ਲਈ ਹੀ ਨਹੀਂ ਕਰਨਾ ਸਗੋਂ ਸਮੁੱਚੇ ਸਮਾਜ ਦੇ ਲਈ ਵੀ ਕਰਨਾ ਹੈ। ਇਹੀ ਗੱਲ ਕਾਮ ਭਾਵ ਅਤੇ ਹੋਰ ਭੋਗੀ ਇਛਾਵਾਂ ਦੇ ਸੰਬੰਧ ਵਿਚ ਵੀ ਹੈ। ਰਿਗਵੇਦ ਵਿਚ ਉਲੇਖ ਹੈ ਕਿ, 'ਸਵਾਰਥੀ ਮਨੁੱਖ ਹੋਰਨਾਂ ਪਦਾਰਥਾਂ ਦੀ ਪ੍ਰਾਪਤੀ ਕਰਦਾ ਹੈ। ਮੈਂ ਪਰਮੇਸ਼ਰ ਇਹੀ ਉਪਦੇਸ਼ ਕਰਦਾ ਹਾਂ ਕਿ ਅਸਲ ਵਿਚ ਇਹ ਧਨ ਹੀ ਉਸ ਦੀ ਮੌਤ ਹੈ। ਨਾ ਤਾਂ ਉਹ ਵਿਦਵਾਨ ਦੀ ਪਾਲਣਾ ਕਰਦਾ ਹੈ ਅਤੇ ਨਾ ਹੀ ਮੁਸੀਬਤ ਵਿਚ ਕਿਸੇ ਸਾਥੀ ਦੀ। ਉਹ ਇਕੱਲਾ ਹੀ ਭੋਗ ਕਰਨ ਵਾਲਾ ਹੈ, ਖਾਣ ਵਾਲਾ ਕੇਵਲ ਪਾਪ ਖਾਣ ਵਾਲਾ ਹੁੰਦਾ ਹੈ।'[1] ਇਸਦੇ ਉਲਟ ਜੋ ਵੰਡ ਕੇ ਖਾਂਦਾ ਹੈ ਉਹੀ ਪੁੰਨ ਦਾ ਭਾਗੀ ਹੈ। ਉਹੀ ਸੱਚਾ ਧਰਮੀ ਹੈ।

ਵੈਦਿਕ ਧਰਮ 'ਦੇਵ' ਅਤੇ 'ਯੱਗ' ਤੇ ਆਧਾਰਤ ਹੈ। ਸਮੁੱਚਾ ਵੈਦਿਕ ਧਰਮ ਇਨ੍ਹਾਂ ਦੋਹਾਂ ਸ਼ਤੰਭਾਂ ਤੇ ਖੜ੍ਹਾ ਹੈ। ਮਨੁੱਖ ਨੂੰ ਦੇਵ ਦੀ ਕਿਰਪਾ ਪ੍ਰਾਪਤ ਕਰਨ ਦੇ ਲਈ ਦੇਵਤਵ ਦੇ ਗੁਣ ਅਪਣਾਉਣੇ ਪੈਣੇ ਚਾਹੀਦੇ ਹਨ। ਇਸ ਦੇ ਨਾਲ ਹੀ ਦੇਵ ਦੀ ਕਿਰਪਾ 'ਯੱਗ' ਦੇ ਮਾਧਿਅਮ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ। ਯੱਗ ਤੋਂ ਭਾਵ ਹੈ ਕਿ ਦੇਵਾਂ ਦੀ ਪੂਜਾ ਕਰਨੀ। ਸਮੁੱਚੇ ਮਨੁੱਖ ਇਕੱਠੇ ਮਿਲ ਕੇ ਰਹਿਣ ਅਤੇ ਆਪਣੇ ਤੋਂ ਹੀਣ ਮਨੁੱਖ ਨੂੰ ਆਪਣੀ ਇਕੱਤਰਤਾ ਵਿਚੋਂ ਕੁਝ ਦੇਣਾ। ਇਸ ਤਰ੍ਹਾਂ ਵੈਦਿਕ ਧਰਮ ਮਨੁੱਖ ਨੂੰ ਦੇਵਤਵ ਨੂੰ ਪ੍ਰਾਪਤ ਕਰਨ ਦੀ ਯਾਤਰਾ ਦਾ ਵਰਨਣ ਹੈ।

ਵੈਦਿਕ ਧਰਮ ਵਿਚ ਵੇਦ ਮੰਤਰਾਂ, ਪ੍ਰੋਹਿਤ, ਜੀਵਨ ਪ੍ਰਤੀ ਸਕਾਰਤਮਕ ਦ੍ਰਿਸ਼ਟੀਕੋਣ ਸਿਧਾਂਤਕ ਹੀ ਨਹੀਂ ਵਿਵਹਾਰਕ ਵੀ ਹੈ। ਪਸ਼ੂ, ਪੰਛੀ, ਬਿਰਛ ਤੇ ਬਨਸਪਤੀ ਨੂੰ ਕੁਦਰਤੀ ਸ਼ਕਤੀਆਂ ਦੇ ਨਾਲ ਦੇਵਤਿਆਂ ਦੇ ਰੂਪ ਵਿਚ ਕਲਪਿਆ ਗਿਆ ਹੈ। ਇਸ ਵਿਚ ਵਿਸ਼ਵ ਮੈਤ੍ਰੀ ਅਤੇ ਵਿਸ਼ਵ ਭਰਾਤ੍ਰੀਤਵ ਦੀ ਭਾਵਨਾ ਨੂੰ ਬਹੁਤ ਹੀ ਸਪਸ਼ਟ ਸ਼ਬਦਾਂ ਵਿਚ ਅਭਿਵਿਅਕਤ ਕੀਤਾ ਗਿਆ ਹੈ। 'ਹੇ ਮਨੁੱਖੋ! ਤੁਹਾਡੇ ਸੰਕਲਪ ਬਰਾਬਰ ਹੋਣ। ਤੁਹਾਡੇ ਹਿਰਦੇ ਆਪਸ ਵਿਚ ਮਿਲੇ ਹੋਏ ਹੋਣ। ਤੁਹਾਡੇ ਮਨ ਸਮਾਨ ਹੋਣ ਜਿਸ ਨਾਲ ਤੁਸੀਂ ਆਪਸ ਵਿਚ ਮਿਲ ਕੇ ਇੱਕ ਹੋ ਕੇ ਰਹੋ।'[2] ਸੋ

ਵੈਦਿਕ ਧਰਮ ਵਿਚ ਸਭ ਦੇ ਕਲਿਆਣ ਦੀਆਂ ਕਾਮਨਾਵਾਂ ਉਦਾਰਤਾਪੂਰਵਕ ਕੀਤੀਆਂ ਗਈਆਂ ਹਨ :

**ਆ ਨੋ ਭਦਰਾ : ਕ੍ਰਤਵੋ ਯੰਤੂ ਵਿਸ਼੍ਵਤ:**[3]

ਮਨੁੱਖ ਦੀ ਹਮੇਸ਼ਾ ਇਸ ਕੁਦਰਤ ਦੇ ਵਰਤਾਰੇ ਦੇ ਰਹੱਸਾਂ ਨੂੰ ਜਾਨਣ ਤੇ ਸਮਝਣ ਦੀ ਜਗਿਆਸਾ ਰਹੀ ਹੈ। ਉਸ ਵਿਚ ਲੌਕਿਕ ਅਤੇ ਪਰਾਲੌਕਿਕ ਜੀਵਨ ਨੂੰ ਸੰਵਾਰਨ ਦੀ ਕੋਸ਼ਿਸ਼ ਜਨਮ ਲੈਂਦੀ ਰਹੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਵੇਦ ਕੇਵਲ ਮਨੁੱਖ ਨੂੰ ਉਸਦੇ ਪਰਾਲੌਕਿਕ ਸੁੱਖ ਦੀ ਪ੍ਰਾਪਤੀ ਦਾ ਮਾਰਗ ਹੀ ਨਹੀਂ ਦੱਸਦੇ ਬਲਕਿ ਉਸ ਨੂੰ ਇਸ ਲੋਕ ਵਿਚ ਵੀ ਉਸ ਦੇ ਸਰਵਪੱਖੀ ਵਿਕਾਸ ਅਤੇ ਸੁੱਖ-ਸਮ੍ਰਿਧੀ ਦਾ ਮਾਰਗ ਦਰਸ਼ਨ ਕਰਦੇ ਹਨ।

'ਛਾਂਦੋਗਯ ਉਪਨਿਸ਼ਦ' ਦੇ ਅਨੁਸਾਰ 'ਧਰਮ ਦੇ ਤਿੰਨ ਸਕੰਧ ਹਨ। ਇਕ ਯਗ-ਉੱਤਮ ਅਗਨੀਹੋਤਰੀ ਆਦਿ ਕਰਮਾਂ ਦਾ ਕਰਨਾ, ਦੂਸਰਾ ਵਿੱਦਿਆ ਦਾ ਅਧਿਐਨ ਕਰਨਾ ਅਤੇ ਤੀਜਾ ਦਾਨ-ਵਿੱਦਿਆ ਆਦਿ ਉੱਤਮ ਗੁਣਾਂ ਦਾ ਦੇਣਾ।'[4] ਧਰਮ ਦੇ ਇਹ ਤਿੰਨ ਪੱਖ ਮਨੁੱਖੀ ਅਧਿਆਤਮਕ ਜੀਵਨ ਦੀ ਉੱਤਮ ਸ਼ੈਲੀ ਨੂੰ ਨਿਰਧਾਰਿਤ ਕਰਦੇ ਹਨ। ਇਸ ਤਰ੍ਹਾਂ ਧਰਮ ਮਨੁੱਖੀ ਜੀਵਨ ਦਾ ਸਹਾਰਾ ਅਤੇ ਉਸਦੀ ਸੁਖ ਸਮ੍ਰਿਧੀ ਦਾ ਸਾਧਨ ਹੈ। ਜਿਸ ਦੀ ਤਲਾਸ਼ ਅਤੇ ਇੱਛਾ ਮਨੁੱਖ ਦੇ ਮਨ ਵਿਚ ਹਰ ਪਲ ਪਲਦੀ ਰਹਿੰਦੀ ਹੈ। ਇਸ ਤੋਂ ਮਨੁੱਖ ਨੂੰ ਪ੍ਰੇਰਨਾ ਮਿਲਦੀ ਹੈ ਕਿ ਵਿਵੇਕ ਵਿਰੋਧੀ ਕਾਰਜ ਨਾ ਕਰੇ। ਉਹ ਹਮੇਸ਼ਾ ਸਤਿ, ਸੇਵਾ, ਤਿਆਗ ਅਤੇ ਪ੍ਰੇਮ ਦੀ ਪਾਲਣਾ ਕਰੇ।

'ਸ੍ਰੀ ਵਿਸ਼ਨੂੰ ਸਤਸ਼ਤ੍ਰਨਾਮ' ਵਿਚ ਵਿਸ਼ਨੂੰ ਭਗਵਾਨ ਨੂੰ ਸਰਵਵਿਆਪਕ, ਅਨੰਤ, ਅਬਿਨਾਸ਼ੀ, ਸਮੁੱਚੇ ਲੋਕਾਂ ਦੇ ਮਹਾਂਦੇਵ ਵਜੋਂ ਮੰਨਿਆ ਗਿਆ ਹੈ। ਇਸ ਵਿਚ ਯੁਧਿਸ਼ਟਰ ਭੀਸ਼ਮ ਪਿਤਾਮਾ ਕੋਲੋਂ ਪੁੱਛਦੇ ਹਨ ਕਿ ਸਭ ਤੋਂ ਉੱਤਮ ਧਰਮ ਕਿਹੜਾ ਹੈ ? ਤਾਂ ਭੀਸ਼ਮ ਪਿਤਾਮਾ ਉਸਦੇ ਪ੍ਰਸ਼ਨ ਦਾ ਉੱਤਰ ਦਿੰਦਿਆਂ ਕਹਿੰਦੇ ਹਨ ਕਿ 'ਸੰਪੂਰਨ ਧਰਮਾਂ ਵਿਚ ਵੱਡਾ ਸਾਨੂੰ ਇਸ਼ਟ ਹੈ, ਜੋ ਭਗਤੀ ਤੋਂ ਸਤੁਤੀ ਦੁਆਰਾ ਮਨੁੱਖ ਹਮੇਸ਼ਾ ਪੁਨਤਰੀਕ (ਕੰਵਲ-ਨੈਣ) ਭਗਵਾਨ ਦੀ ਉਪਸ਼ਾਨਾ

ਕਰੇ।[5] ਇਸ ਪ੍ਰਕਾਰ ਇਸ ਗ੍ਰੰਥ ਵਿਚ ਵਿਸ਼ਨੂੰ ਭਗਵਾਨ ਦੀ ਅਰਾਧਨਾ ਕਰਨ ਨੂੰ ਹੀ ਸਭ ਤੋਂ ਉੱਤਮ ਧਰਮ ਸਵੀਕਾਰਿਆ ਗਿਆ ਹੈ।

'ਤੈਤਰੀਯ ਆਰਣਿਕ' ਅਨੁਸਾਰ 'ਸਾਰਾ ਬ੍ਰਹਿਮੰਡ ਧਰਮ ਦੀ ਬੁਨਿਆਦ ਤੇ ਕਾਇਮ ਹੈ। ਇਸ ਸੰਸਾਰ ਵਿਚ ਲੋਕ ਉਸ ਪੁਰਸ਼ ਪਾਸ ਸਿੱਖਣ ਲਈ ਜਾਂਦੇ ਹਨ ਜੋ ਧਰਮ ਵਿਚ ਪ੍ਰਵੀਨ ਹੈ। ਆਦਮੀ ਧਰਮ ਦੀ ਸ਼ਕਤੀ ਨਾਲ ਬਦੀ-ਬੁਰਾਈ ਨੂੰ ਦੂਰ ਭਜਾ ਦਿੰਦਾ ਹੈ। ਸਾਰਾ ਕੁਝ ਧਰਮ ਤੇ ਆਧਾਰਿਤ ਹੈ। ਇਸ ਲਈ ਧਰਮ ਨੂੰ ਹੀ ਸਭ ਤੋਂ ਉੱਤਮ ਪਦਾਰਥ ਕਿਹਾ ਜਾਂਦਾ ਹੈ।[6]

ਸ਼੍ਰੀਮਦ੍ ਭਗਵਤ੍ ਗੀਤਾ ਵਿਚ ਸਮਾਜਕ ਵਿਵਸਥਾ ਦੇ ਅਧਾਰਤ ਧਰਮ ਨੂੰ ਮੰਨਿਆ ਗਿਆ ਹੈ। ਇਸ ਦੇ ਅਨੁਸਾਰ ਸ੍ਰੀ ਕ੍ਰਿਸ਼ਨ ਜੀ ਅਰਜਨ ਨੂੰ ਯੁੱਧ ਦੇ ਮੈਦਾਨ ਵਿਚ ਆਪਣਾ ਕਸ਼ੱਤਰੀ ਧਰਮ ਦੀ ਪਾਲਣਾ ਕਰਨ ਦਾ ਉਪਦੇਸ਼ ਦਿੰਦੇ ਹਨ ਕਿ ਤੂੰ ਆਪਣੇ ਕਸ਼ੱਤਰੀ ਧਰਮ 'ਤੇ ਵਿਚਾਰ ਕਰ ਅਤੇ ਇਹ ਜਾਣ ਲੈ ਕਿ ਤੇਰੇ ਲਈ ਧਰਮ ਯੁੱਧ ਵਿਚ ਉੱਤਮ ਦੂਸਰਾ ਕੋਈ ਕਲਿਆਣ ਦਾ ਸਾਧਨ ਨਹੀਂ ਹੈ। ਤੇਰੇ ਲਈ ਯੁੱਧ ਰੂਪੀ ਸਵੈ-ਧਰਮ ਵਿਚ ਸੰਕੋਚ ਕਰਨ ਦਾ ਕੋਈ ਕਾਰਨ ਨਹੀਂ ਹੈ।[7]

'ਮਹਾਂਭਾਰਤ' ਵਿਚ ਰਿਸ਼ੀ ਵੇਦ ਵਿਆਸ ਲਿਖਦੇ ਹਨ 'ਜੋ ਧਾਰਨ ਕਰਦਾ ਹੈ, ਉਸਨੂੰ ਧਰਮ ਕਹਿੰਦੇ ਹਨ। ਧਰਮ ਪ੍ਰਜਾ (ਸਮਾਜ) ਨੂੰ ਧਾਰਨ ਕਰਦਾ ਹੈ ਜੋ ਧਾਰਨ ਕਰਨ ਦੀ ਵਿਸ਼ੇਸ਼ਤਾ ਨਾਲ ਯੁਕਤ ਹੋਵੇ, ਉਹੀ ਨਿਸ਼ਚਿਤ ਰੂਪ ਵਿਚ ਧਰਮ ਹੈ।'[8]

'ਅਗਨੀਪੁਰਾਣ' ਵਿਚ ਧਰਮ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ 'ਪ੍ਰਾਣੀਮਾਤਰ ਤੇ ਹਿੰਸਾ ਨਾ ਕਰਨਾ, ਸਦਾ ਸੱਚ ਬੋਲਣਾ, ਸੌਚ ਰੱਖਣਾ, ਦਿਆ, ਖਿਮਾ ਇਹ ਸਾਰੇ ਵਰਣਾਂ ਅਤੇ ਲਿੰਗਾਂ ਦੇ ਸਾਧਾਰਣ ਧਰਮ ਹਨ।'[9] ਇਸ ਦੇ ਨਾਲ ਹੀ ਧਰਮ ਮਨੁੱਖੀ ਸਮਾਜ ਵਿਚ ਏਕਤਾ ਬਣਾਈ ਰੱਖਣ ਦੀ ਆਧਾਰਸ਼ਿਲਾ ਦਾ ਕਾਰਜ ਕਰਦਾ ਹੈ ਜੋ ਕਿ ਸਮਾਜ ਨੂੰ ਸੁਚਾਰੂ ਰੂਪ ਵਿਚ ਚਲਾਉਣ ਵਿਚ ਸਹਾਇਕ ਸਿੱਧ ਹੁੰਦੀ ਹੈ। ਮਨੁੱਖ ਨੂੰ ਪੂਰਨਤਵ ਪ੍ਰਦਾਨ ਕਰਨ ਦੀ ਦ੍ਰਿਸ਼ਟੀ ਤੋਂ ਜਿਨ੍ਹਾਂ ਸੰਸਕਾਰਾਂ ਨੂੰ ਭਾਰਤੀ ਰਿਸ਼ੀਆਂ ਨੇ ਸਭ ਤੋਂ ਜ਼ਿਆਦਾ ਮਹੱਤਵ ਦਿੱਤਾ ਹੈ ਉਹ ਜੈਮਿਨੀ ਦੁਆਰਾ ਲਿਖਿਆ ਗਿਆ 'ਪੂਰਵ ਮੀਮਾਂਸਾ ਦਰਸ਼ਨ' ਦਾ ਪਹਿਲਾ ਸੂਤਰ ਹੈ- *'ਅਥਾਤੋ ਧਰਮ ਜਗਿਆਸਾ'*

[10] ਅਰਥਾਤ ਧਰਮ ਦੀ ਜਗਿਆਸਾ ਹੀ ਮੀਮਾਂਸਾ ਦਰਸ਼ਨ ਦਾ ਮੂਲ ਹੈ। ਧਰਮ ਕੀ ਹੈ? ਅਧਰਮ ਕੀ ਹੈ? ਸੱਚ ਕੀ ਹੈ? ਝੂਠ ਕੀ ਹੈ? ਗ਼ਲਤ ਕੀ ਹੈ? ਠੀਕ ਕੀ ਹੈ? ਇਸ ਦਾ ਬੋਧ ਮਨੁੱਖ ਦੀ ਅੰਤਰੀਵੀ ਜਗਿਆਸਾ ਹੀ ਕਰਾਉਂਦੀ ਹੈ। ਇਹੀ ਧਰਮ ਹੈ।

'ਸ਼ੇਤ੍ਰਚੂੜਾਮਣੀ' ਵਿਚ ਲਿਖਿਆ ਗਿਆ ਹੈ ਕਿ 'ਧਰਮ ਮਨੁੱਖ ਦਾ ਅੰਤ ਤੱਕ ਸਾਥ ਨਹੀਂ ਛੱਡਦਾ।'[11] ਇਹ ਮਨੁੱਖੀ ਜੀਵਨ ਦਾ ਆਧਾਰ ਹੈ ਜੋ ਉਸਨੂੰ ਸੁਚੇਤ ਢੰਗ ਨਾਲ ਜੀਵਨ ਜਿਉਣ ਦੀ ਪ੍ਰੇਰਣਾ ਦਿੰਦਾ ਹੈ।

ਹਿੰਦੂ ਧਰਮ ਦੇ ਪ੍ਰਸਿੱਧ ਵਿਦਵਾਨ ਹਨੁਮਾਨ ਪ੍ਰਸਾਦ ਆਪਣੇ ਪ੍ਰਸਿੱਧ ਗ੍ਰੰਥ ਗੀਤਾ ਚਿੰਤਨ ਵਿਚ 'ਧਰਮ' ਬਾਰੇ ਲਿਖਦੇ ਹਨ ਕਿ 'ਧਰਮ ਉਹ ਹੈ ਜਿਸ ਨਾਲ ਲੌਕਿਕ ਅਤੇ ਪਰਾਲੌਕਿਕ ਉੱਤਮ ਬਲ, ਵੈਭਵ ਅਤੇ ਮੋਕਸ਼ ਦੀ ਸਿੱਧੀ ਹੁੰਦੀ ਹੈ।'[12] ਧਰਮ ਦਾ ਮੰਤਵ ਆਤਮ ਸ਼ਾਖਸ਼ਾਤਕਾਰ ਦੀ ਪ੍ਰਾਪਤੀ ਹੈ। ਇਸ ਲਈ ਮਨੁੱਖ ਦੇ ਜੀਵਨ ਨਿਰਵਾਹ ਦੇ ਲਈ ਸਾਰੇ ਕਾਰਜ ਧਰਮ ਦੇ ਅੰਗ ਹੁੰਦੇ ਹਨ। ਇਸ ਵਿਚ ਭੌਤਿਕ ਪਦਾਰਥਾਂ ਦਾ ਤਿਆਗ ਕਰਨਾ ਜ਼ਰੂਰੀ ਨਹੀਂ ਹੈ। ਅਰਥ ਅਤੇ ਕਾਮ ਵੀ ਜ਼ਰੂਰੀ ਪੁਰਸ਼ਾਰਥ ਹਨ। ਹਿੰਦੂ ਧਰਮ ਚਿੰਤਨ ਦੇ ਅਨੁਸਾਰ ਚਾਰ ਪੁਰਸ਼ਾਰਥਾਂ 'ਧਰਮ, ਅਰਥ, ਕਾਮ, ਮੋਕਸ਼' ਵਿਚੋਂ ਧਰਮ ਨੂੰ ਉੱਤਮ ਸਥਾਨ ਪ੍ਰਾਪਤ ਹੈ। ਜਿੱਥੇ ਇਨ੍ਹਾਂ ਚਾਰਾਂ ਦੀ ਉਪਯੁਕਤ ਰੂਪ ਵਿਚ ਸਰਵਭੂਹਿਤ-ਸਾਧਨ ਦੇ ਰੂਪ ਵਿਚ ਸਿੱਧੀ ਹੁੰਦੀ ਹੈ, ਉਹੀ ਧਰਮ ਹੈ।

ਤੁਲਸੀ ਦਾਸ ਨੇ ਹਿੰਦੂ ਧਰਮ ਦੇ ਸ਼ਾਸਤਰਾਂ ਦੇ ਸਾਰ ਤੱਤਾਂ ਨੂੰ ਗ੍ਰਹਿਣ ਕਰਕੇ ਇਕ ਮਹਾਨ ਅਤੇ ਵਿਸ਼ਾਲ ਰੂਪ ਵਿਚ ਮਹਾਂਕਾਵਿ 'ਸ਼੍ਰੀਰਾਮਚਰਿਤਮਾਨਸ' ਦੀ ਰਚਨਾ ਕੀਤੀ। ਜਿਸ ਵਿਚ ਉਸਨੇ ਰਾਮ ਕਥਾ ਰਾਹੀਂ ਅਸਲੀ ਧਰਮ ਦੇ ਅਰਥ ਪ੍ਰਗਟਾਏ ਹਨ ਕਿ ਸ੍ਰੀ ਰਾਮ ਜੀ ਦਾ ਚਰਿੱਤਰ ਸੁੰਦਰ ਚਿੰਤਾਮਣੀ ਹੈ ਅਤੇ ਸੰਤਾਂ ਦੀ ਸੁਬੁੱਧੀ ਰੂਪ ਇਸਤਰੀ ਦਾ ਸੁੰਦਰ ਸਿੰਗਾਰ ਹੈ। ਸ੍ਰੀ ਰਾਮ ਜੀ ਦੇ ਗੁਣ ਸਮੂਹ ਜਗਤ ਦਾ ਕਲਿਆਣ ਕਰਨ ਵਾਲੇ, ਮੁਕਤੀ, ਧਨ, ਧਰਮ ਅਤੇ ਪਰਮਧਾਮ ਦੇ ਦੇਣ ਵਾਲੇ ਹਨ।[13] ਉਸਨੇ ਪੁਰਾਤਨ ਧਾਰਮਕ ਮਾਨਤਾਵਾਂ ਨੂੰ ਪੂਰੀ ਤਰ੍ਹਾਂ ਪ੍ਰਵਾਨ ਕੀਤਾ। ਉਸਦੇ ਅਨੁਸਾਰ ਚਾਰਾਂ ਪੁਰਸ਼ਾਰਥਾਂ (ਧਰਮ, ਅਰਥ, ਕਾਮ, ਮੋਕਸ਼) ਦੀ ਪ੍ਰਾਪਤੀ ਧਾਰਮਕ ਸਤਿਸੰਗ ਅਤੇ

ਉੱਤਮ ਪੁਰਸ਼ਾਂ ਦੇ ਆਦਰਸ਼ਪੂਰਣ ਆਚਰਣ ਦੀ ਪਾਲਣਾ ਨਾਲ ਹੁੰਦੀ ਹੈ ਕਿਉਂਕਿ ਇਸ ਵਿਚ ਇਕ ਮਰਯਾਦਾ ਦੇ ਵਿਚ ਰਹਿਣ ਦਾ ਸੰਕਲਪ ਹੈ। ਉਹ ਚਾਹੁੰਦਾ ਹੈ ਕਿ ਸਾਰੇ ਲੋਕ ਆਪਣੇ ਫ਼ਰਜ਼ਾਂ ਦੀ ਪੂਰਤੀ ਵਿਚ ਲੱਗੇ ਰਹਿਣ। ਉਹ ਇਕ ਦੂਜੇ ਦੇ ਕਾਰਜ ਵਿਚ ਦਖ਼ਲਅੰਦਾਜ਼ੀ ਨਾ ਕਰਨ। ਉਹ ਹਰ ਵਰਣ ਦੇ ਲੋਕਾਂ ਤੋਂ ਮਰਯਾਦਾ ਦੀ ਆਸ ਰੱਖਦਾ ਹੈ। ਇਸ ਵਰਣ ਅਵਸਥਾ ਦੀ ਸਥਾਪਨਾ ਨਾਲ ਹੀ ਆਦਰਸ਼ ਸਮਾਜ ਤੇ ਆਦਰਸ਼ ਰਾਜ ਦੀ ਸਥਾਪਨਾ ਸੰਭਵ ਹੈ।[14] ਇਸ ਦੇ ਨਾਲ ਹੀ ਜਦੋਂ ਅਸੀਂ ਇਸ ਗੱਲ ਦਾ ਭੇਦ ਪ੍ਰਾਪਤ ਕਰ ਲੈਂਦੇ ਹਾਂ ਕਿ ਦੂਸਰਿਆਂ ਦਾ ਹਿੱਤ ਕਰਨਾ ਹੀ ਧਰਮ ਹੈ ਅਤੇ ਦੂਸਰਿਆਂ ਨੂੰ ਦੁੱਖ ਦੇਣਾ ਹੀ ਪਾਪ ਹੈ[15] ਤਾਂ ਫਿਰ ਸਾਨੂੰ ਅਸਲੀ ਧਰਮ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ। ਜਦੋਂ ਅਸੀਂ ਲੈਣ ਦੀ ਥਾਂ ਤੇ ਦੇਣਾ ਸਿੱਖ ਜਾਂਦੇ ਹਾਂ ਤਾਂ ਫਿਰ ਸਾਰੇ ਦੁੱਖ ਆਪਣੇ-ਆਪ ਹੀ ਖ਼ਤਮ ਹੋ ਜਾਂਦੇ ਹਨ। ਅਸਲ ਵਿਚ ਦੁੱਖ ਅਤੇ ਸੁਖ ਮਨੁੱਖੀ ਮਨ 'ਤੇ ਨਿਰਭਰ ਕਰਦੇ ਹਨ। ਕਿਹਾ ਜਾਂਦਾ ਹੈ ਕਿ ਮਨ ਦੀ ਅਨੁਕੂਲ ਸਥਿਤੀ ਸੁਖ ਹੈ ਅਤੇ ਮਨ ਦੀ ਪ੍ਰਤੀਕੂਲ ਸਥਿਤੀ ਦੁੱਖ ਹੈ। ਸੋ ਮਨੁੱਖ ਹੋਰਨਾਂ ਜੀਵਾਂ ਨੂੰ ਸੁੱਖ ਦੇ ਕੇ ਹੀ ਆਪਣੇ ਧਰਮ ਦੀ ਪਛਾਣ ਕਰ ਸਕਦਾ ਹੈ।

'ਮਨੂ ਸਿਮ੍ਰਿਤੀ' ਵਿਚ ਮਨੂ ਨੇ 'ਧਰਮ' ਨੂੰ ਪਰਿਭਾਸ਼ਿਤ ਕਰਦਿਆਂ 'ਸਬਰ-ਸੰਤੋਖ, ਖਿਮਾ, ਮਨ ਮਾਰਨਾ, ਚੋਰੀ ਨਾ ਕਰਨਾ, ਪਵਿੱਤਰਤਾ, ਇੰਦਰੀਆਂ ਤੇ ਕਾਬੂ, ਗਿਆਨ, ਵਿੱਦਿਆ, ਸੱਚ ਅਤੇ ਕ੍ਰੋਧ ਦਾ ਤਿਆਗ ਆਦਿ ਇਨ੍ਹਾਂ ਦਸ ਗੁਣਾਂ ਦੇ ਸਮੂਹ ਨੂੰ ਧਰਮ ਕਿਹਾ ਹੈ।[16] ਇਨ੍ਹਾਂ ਗੁਣਾਂ ਦੀ ਪਾਲਣਾ ਕਰਨ ਨਾਲ ਮਨੁੱਖੀ ਚਰਿੱਤਰ ਦਾ ਨਿਰਮਾਣ ਅਤੇ ਸਮਾਜ ਵਿਚ ਸੰਗਠਨ ਬਣਿਆ ਰਹਿੰਦਾ ਹੈ। ਪੰਡਤ ਜਵਾਲਾ ਪ੍ਰਸਾਦ ਚਤੁਰਵੇਦੀ ਦੇ ਕਥਨ ਅਨੁਸਾਰ ਧਰਮ ਸ਼ਬਦ ਤੋਂ ਉਨ੍ਹਾਂ ਸਾਰੀਆਂ ਗੱਲਾਂ ਦਾ ਬੋਧ ਹੋ ਜਾਂਦਾ ਹੈ ਜਿਹੜੀਆਂ ਇਸ ਜੀਵਨ ਵਿਚ ਮਨੁੱਖ ਦੇ ਲਈ ਜ਼ਰੂਰੀ ਹਨ। ਇਸ ਲਈ ਸਾਡੇ ਧਰਮ ਦੇ ਅੰਦਰ ਭੋਜਨ, ਇਸ਼ਨਾਨ, ਉਠਣਾ, ਬੈਠਣਾ, ਆਚਾਰ, ਵਿਵਹਾਰ ਸਾਰੇ ਆ ਜਾਂਦੇ ਹਨ। ਸਮਾਜ ਦੇ ਉਹ ਨਿਯਮ ਵੀ ਜਿਨ੍ਹਾਂ ਨੂੰ ਅਸੀਂ ਵਿਧਾਨ ਜਾਂ ਕਾਨੂੰਨ ਕਹਿੰਦੇ ਹਾਂ[17], ਇਨ੍ਹਾਂ ਦੀ ਪਾਲਣਾ ਕਰਕੇ ਸਮਾਜ ਗਤੀਸ਼ੀਲ ਹੋ ਕੇ ਪ੍ਰਗਤੀ ਵੱਲ ਵਧਦਾ ਹੈ। ਇਸ ਲਈ ਇਹ ਸਾਰੇ ਜ਼ਰੂਰੀ ਮੰਨੇ ਗਏ ਹਨ।

ਧਰਮ ਨੂੰ ਨਿਰਧਾਰਿਤ ਕਰਦਿਆਂ 'ਵਾਲਮੀਕੀ ਰਾਮਾਇਣ' ਵਿਚ ਮਹਾਂਰਿਸ਼ੀ ਵਾਲਮੀਕੀ ਨੇ ਕਿਹਾ ਹੈ ਕਿ 'ਇਸ ਲੋਕ ਵਿਚ ਧਰਮ ਹੀ ਪਰਮ ਪੁਰਸ਼ਾਰਥ ਹੈ। ਧਰਮ ਵਿਚ ਹੀ ਸਤਿ ਪ੍ਰਤੀਨਿਸ਼ਠ ਹੈ।'[18] ਸਤਿ ਹੀ ਵਿਸ਼ਵ ਦਾ ਆਧਾਰ ਹੈ। ਇਸ ਤੋਂ ਇਲਾਵਾ ਜੋ ਕਿ ਸਮਾਜ ਨੂੰ ਇਕ ਸੂਤਰ ਵਿਚ ਬੰਨ੍ਹ ਕੇ ਰੱਖਦਾ ਹੈ ਅਤੇ ਆਦਰਸ਼ ਸਮਾਜ ਦਾ ਸੰਗਠਨ ਬਣਾਈ ਰੱਖਦਾ ਹੈ, ਉਹ ਧਰਮ ਹੈ। 'ਧਰਮ ਨਾਲ ਹੀ ਧਨ ਦੀ ਪ੍ਰਾਪਤੀ ਹੁੰਦੀ ਹੈ। ਧਰਮ ਨਾਲ ਹੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਜ਼ਿਆਦਾ ਕੀ ਧਰਮ ਨਾਲ ਹੀ ਸਭ ਕੁਝ ਪ੍ਰਾਪਤ ਹੋ ਸਕਦਾ ਹੈ। ਸੰਸਾਰ ਵਿਚ ਧਰਮ ਹੀ ਸਾਰ ਹੈ।[19]

'ਪਤੰਜਲੀ ਯੋਗਪ੍ਰਦੀਪ' ਅਨੁਸਾਰ 'ਦਸ ਮੂਲਭੂਤ ਧਰਮ ਹਨ, ਅਸਿਤਿਤਵ, ਸੰਜੋਗ, ਵਿਯੋਗ, ਸਦਾਚਾਰ, ਏਕਤਵ, ਅਰਥਵਤਤਵ, ਵਿਭਿੰਨਤਾ, ਅਨਯਤਾ, ਅਕ੍ਰਿਤਤਵ ਅਤੇ ਬਹੁਤਵ।'[20] ਅਵਿਅਕਤ ਅਤੇ ਪੁਰਸ਼ ਦੇ ਸੰਜੋਗ ਤੋਂ ਸ਼੍ਰਿਸ਼ਟੀ ਦੀ ਰਚਨਾ ਹੋਈ ਹੈ। ਪੁਰਸ਼ ਤਾਂ ਹਮੇਸ਼ਾ ਹੀ ਆਪਣੇ ਵਾਸਤਵਿਕ ਸ਼ੁੱਧ ਗਿਆਨ ਸ੍ਵਰੂਪ ਤੋਂ ਅਸੰਗ, ਨਿਰਲੇਪ ਅਤੇ ਨਿਰਵਿਕਾਰ ਹੀ ਰਹਿੰਦਾ ਹੈ। ਇਹ ਜੜ ਅਵਿਅਕਤ ਦਾ ਧਰਮ ਸੰਯੋਗ ਉਸ ਵਿਚ ਵਿਕਲਪ ਕਿਹਾ ਜਾਂਦਾ ਹੈ। ਸ਼੍ਰਿਸ਼ਟੀ ਵਿਚ ਜੋ ਧਰਮ ਪਾਏ ਜਾਂਦੇ ਹਨ, ਉਹ ਕਾਰਜ-ਜਗਤ ਦੇ ਧਰਮ ਹਨ। ਉਸ ਤੋਂ ਪਹਿਲਾਂ ਮੂਲਭੂਤ ਅਵਰਨੀਯ ਅਤੇ ਪੁਰਸ਼ ਵਿਚ ਜੋ ਧਰਮ ਪਾਏ ਜਾਂਦੇ ਹਨ, ਉਹ ਮੌਲਿਕ ਧਰਮ ਹਨ।

ਪੁਰਾਤਨ ਭਾਰਤੀ ਮਹਾਂਕਾਵਿ 'ਮਹਾਂਭਾਰਤ' ਵਿਚ ਧਰਮ ਨੂੰ ਇਸ ਪ੍ਰਕਾਰ ਵੀ ਦਰਸਾਇਆ ਗਿਆ ਹੈ ਕਿ 'ਆਹਾਰ, ਨਿੰਦਰਾ, ਭੈਅ ਅਤੇ ਮੈਥੁਨ, ਇਹ ਚਾਰ ਗੱਲਾਂ ਮਨੁੱਖ ਅਤੇ ਪਸ਼ੂਆਂ ਵਿਚ ਸਮਾਨ ਰੂਪ ਵਿਚ ਪਾਈਆਂ ਜਾਂਦੀਆਂ ਹਨ। ਧਰਮ ਹੀ ਅਜਿਹਾ ਤੱਤ ਹੈ ਜੋ ਮਨੁੱਖਾਂ ਨੂੰ ਪਸ਼ੂਆਂ ਤੋਂ ਅਲੱਗ ਕਰਦਾ ਹੈ।'[21] ਧਰਮ ਹੀ ਸਹੀ ਅਤੇ ਗ਼ਲਤ ਦਾ ਬੋਧ ਮਨੁੱਖ ਨੂੰ ਕਰਾਉਂਦਾ ਹੈ ਕਿਉਂਕਿ ਮਨੁੱਖੀ ਬੁੱਧੀ ਕੋਲ ਹੀ ਤਰਕ ਵਿਤਰਕ ਕਰਨ ਦੀ ਅਥਾਹ ਸ਼ਕਤੀ ਹੈ। ਧਰਮ ਦੀ ਸੂਝ ਉਸਦਾ ਸਹੀ ਮਾਰਗ ਦਰਸ਼ਨ ਕਰਦੀ ਹੈ। ਇਸ ਲਈ ਉਸਦਾ ਵਿਸ਼ਵਾਸ ਉਸ ਵਿਚ ਬਝਦਾ ਹੈ। ਸੋ ਇਹ ਵਿਸ਼ਵਾਸ਼ ਹੀ ਉਸ ਨੂੰ ਜੀਵਨ ਸ਼ਕਤੀ ਪ੍ਰਦਾਨ ਕਰਦਾ ਹੈ। ਸ਼ਬਦ 'ਧਰਮ' ਦਾ ਅਸਲੀ ਅਰਥ ਹੈ ਕਿਸੇ ਨੂੰ ਆਸਰਾ ਦੇਣਾ, ਸਹਾਰਾ ਦੇਣਾ, ਇਹ 'ਧਰਮ' ਉਹ ਹੈ ਜਿਹੜਾ ਕਿਸੇ ਚੀਜ਼ (ਅਸੂਲ) ਨੂੰ

ਥੰਮਦਾ, ਬਣਾਈ ਰੱਖਦਾ ਜਾਂ ਕਾਇਮ ਰੱਖਦਾ ਹੈ।[22] ਇਸਦਾ ਸਾਕਾਰਾਤਮਕ ਪ੍ਰਭਾਵ ਮਨੁੱਖੀ ਮਨ ਉੱਤੇ ਪੈਂਦਾ ਹੈ ਅਤੇ ਉਸਨੂੰ ਘੋਰ ਸੰਕਟ ਵਿਚੋਂ ਬਾਹਰ ਕੱਢਦਾ ਹੈ। ਇਸ ਪ੍ਰਕਾਰ ਧਰਮ ਉੱਤਮ ਕਰਮ, ਅਨੁਭਵ ਅਤੇ ਗਿਆਨ ਦੇ ਸਹਾਰੇ ਖੜ੍ਹਾ ਹੈ। ਧਰਮ ਮਨੁੱਖ ਨੂੰ ਸ਼ੁੱਭ ਕਰਮ ਕਰਨ ਲਈ ਪ੍ਰੇਰਦਾ ਹੈ, ਸਤਿ ਅਨੁਭਵ ਲਈ ਉਕਸਾਉਂਦਾ ਹੈ ਅਤੇ ਦ੍ਰਿੜ ਵਿਸ਼ਵਾਸ ਪ੍ਰਦਾਨ ਕਰਦਾ ਹੈ। ਇੰਦਰਿਆਵੀ ਜਗਤ, ਅਨੁਭਵੀ ਜਗਤ ਅਤੇ ਬੌਧਿਕ ਜਗਤ ਵਰਗੇ ਵਿਭਿੰਨ ਵਜੂਦਾਂ ਨੂੰ ਸਮੂਹਿਕ ਦ੍ਰਿਸ਼ਟੀ ਵਿਚ ਬੰਨ੍ਹਣਾ ਧਰਮ ਦਾ ਮੁੱਢਲਾ ਕਾਰਜ ਹੈ।

ਉਪਰੋਕਤ ਵਿਵੇਚਨ ਅਨੁਸਾਰ ਧਰਮ ਦੇ ਅਰਥਾਂ ਨੂੰ ਵੱਖ-ਵੱਖ ਗ੍ਰੰਥਾਂ ਦੀ ਮੂਲ ਪ੍ਰਕ੍ਰਿਤੀ ਵਿਚੋਂ ਸਮਝਣ ਦਾ ਯਤਨ ਕੀਤਾ ਗਿਆ ਹੈ।

**ਧਰਮ ਦੀ ਪਰਿਭਾਸ਼ਾ** :

ਧਰਮ ਦੀ ਮਨੁੱਖੀ ਸਭਿਅਤਾ ਦੇ ਆਰੰਭਿਕ ਕਾਲ ਤੋਂ ਹੀ ਇਕ ਮਹੱਤਵਪੂਰਨ ਭੂਮਿਕਾ ਰਹੀ ਹੈ। ਜਿਸ ਦੇ ਫਲਸਰੂਪ ਇਸ ਨੇ ਮਨੁੱਖੀ ਸਮਾਜ ਨੂੰ ਸੰਗਠਿਤ, ਖ਼ੁਸ਼ਹਾਲ, ਸੁਖਦਾਈ ਬਣਾ ਕੇ ਯੋਗ ਅਗਵਾਈ ਕੀਤੀ ਹੈ। ਧਾਰਮਕ ਧਾਰਨਾਵਾਂ ਅਤੇ ਵਿਸ਼ਵਾਸਾਂ ਨੂੰ ਹਰ ਸਭਿਆਚਾਰਕ ਸਮਾਜ ਵਿਚ ਸਮੇਂ-ਸਮੇਂ ਤੇ ਮਾਣ-ਸਨਮਾਨ ਪ੍ਰਾਪਤ ਹੁੰਦਾ ਰਿਹਾ ਹੈ। ਇਹੀ ਕਾਰਨ ਹੈ ਕਿ ਪੂਰਬੀ ਅਤੇ ਪੱਛਮੀ ਚਿੰਤਕਾਂ ਨੇ ਧਰਮ ਦੇ ਸਰੂਪ ਨੂੰ ਪਰਿਭਾਸ਼ਿਤ ਕਰਨ ਲਈ ਅਨੇਕਾਂ ਯਤਨ ਕੀਤੇ ਹਨ:

ਭਾਈ ਕਾਨ੍ਹ ਸਿੰਘ ਨਾਭਾ 'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' ਵਿਚ ਧਰਮ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕਰਦੇ ਹਨ : ਧਰਮ (1) ਜੋ ਸੰਸਾਰ ਨੂੰ ਧਾਰਨ ਕਰਦਾ ਹੈ, ਜਿਸ ਦਾ ਆਧਾਰ ਵਿਸ਼੍ਵ ਹੈ, ਉਹ ਪਵਿੱਤ੍ਰ ਨਿਯਮ (2) ਸ਼ੁਭ ਕਰਮ, ਸਾਧੂ ਦੇ ਸੰਗ ਤੋਂ ਦ੍ਰਿੜ ਕਰਦਾ ਹੈ : ਉਹ ਸਭ ਧਰਮ ਹੈ (3) ਮਜ਼ਹਬ, ਦੀਨ (4) ਪੁਨਯ ਰੂਪ (5) ਰਿਵਾਜ, ਰਸਮ, ਕੁਲ ਅਥਵਾ ਦੇਸ਼ ਦੀ ਰੀਤ (6) ਫ਼ਰਜ਼, ਡਯੂਟੀ (7) ਨਿਆਂ, ਇਨਸਾਫ਼ (8) ਪ੍ਰਕ੍ਰਿਤਿ, ਪ੍ਰਕਿਰਤੀ ਸੁਭਾਵ।[23]

ਪ੍ਰਸਿੱਧ ਵਿਦਵਾਨ ਡਾ. ਪ੍ਰੇਮ ਪ੍ਰਕਾਸ਼ ਸਿੰਘ 'ਸੰਸਕ੍ਰਿਤ ਪੰਜਾਬੀ ਕੋਸ਼' ਵਿਚ 'ਧਰਮ' ਸਬੰਧੀ ਆਪਣੇ ਵਿਚਾਰਾਂ ਨੂੰ ਇਸ ਤਰ੍ਹਾਂ ਨਿਰੂਪਤ ਕਰਦੇ ਹਨ, धर्मः *ਧਰ੍ਮਹ :* ਉਹ ਪਵਿੱਤਰ ਨਿਯਮ ਜੋ

ਸੰਸਾਰ ਨੂੰ ਧਾਰਨ ਕਰਦਾ ਹੈ ਅਤੇ ਜਿਸ ਦਾ ਆਧਾਰ ਵਿਸ਼ਵ ਹੈ; ਫ਼ਰਜ਼, ਕਰਤੱਵ, ਡਿਊਟੀ, ਕਨੂੰਨ, ਆਈਨ, ਵਿਧਾਨ; ਰਿਵਾਜ, ਰਸਮ; ਕੁਲ ਅਥਵਾ ਦੇਸ਼ ਦੀ ਰੀਤ; ਸ਼ੁਭ ਕਰਮ; ਨਿਆਂ, ਇਨਸਾਫ਼; ਈਸ਼ਵਰ-ਭਗਤੀ; ਸਮਾਨਤਾ, ਯੱਗ, ਸਤਿਸੰਗ, ਪ੍ਰਕ੍ਰਿਤੀ, ਸੁਭਾਅ, ਚਰਿੱਤਰ (ਧਰਮ ਉਹ ਕਰਮ ਹੈ ਜਿਸ ਦੇ ਕਰਨ ਕਰ ਕੇ ਇਸ ਲੋਕ ਜਾਂ ਦੁਨੀਆਂ ਵਿਚ ਤਰੱਕੀ ਤੇ ਮਹਿਮਾ ਪ੍ਰਾਪਤ ਹੁੰਦੀ ਹੈ;.... ਕਿਸੇ ਵਸਤੂ ਜਾਂ ਵਿਅਕਤੀ ਦੀ ਮਨੋਬਿਰਤੀ ਜੋ ਉਸ ਵਿਚ ਹਮੇਸ਼ਾ ਕਾਇਮ ਰਹਿੰਦੀ ਹੈ ਅਤੇ ਉਸ ਤੋਂ ਕਦੇ ਵੱਖ ਨਹੀਂ ਹੁੰਦੀ ਜਿਵੇਂ ਅੱਗ ਦਾ ਧਰਮ "ਸਾੜਨਾ", ਪਾਣੀ ਦਾ ਧਰਮ "ਗਿੱਲਾ ਕਰਨਾ, ਚੰਦਰਮਾ ਦਾ ਧਰਮ "ਠੰਢਕ" ਹੈ)।[24] ਇਸ ਪ੍ਰਕਾਰ ਧਰਮ ਦੇ ਅਨੇਕਾਂ ਪਹਿਲੂ ਉਜਾਗਰ ਹੁੰਦੇ ਹਨ।

ਸਮਾਂਤਰ ਕੋਸ਼ ਦੇ ਅਨੁਸਾਰ ਧਰਮ. ਅਕੀਦਤ, ਅਕੀਦਾ, ਅਖਾੜਾ, ਆਤਮਾ-ਪਰਮਾਤਮਾ ਸੰਬੰਧ ਵਿਸ਼ਯਕ, ਆਸਥਾ, ਇਮਾਨ, ਉਪਾਸਨਾ ਪੱਧਤੀ, ਉੰਮਤ, ਕਰਤੱਵ, ਚਰਚ (ਅੰ.), ਛਾਪ, ਤੰਤਰ, ਤ੍ਰਿਸ਼ੁਚ, ਦਰਸ਼ਨ, ਦੀਨ, ਦੀਨ ਇਮਾਨ, ਧਮ, ਧਰਮ ਸੰਪਦ੍ਰਾਇ, ਧਾਰਨ ਸ਼ਕਤੀ, ਧਾਰਨਾ, ਧਾਰਮਿਕ ਭਾਵਨਾ, ਧਾਰਮਿਕ ਮਾਨਤਾ, ਨੈਤਿਕਤਾ, ਪੰਥ, ਪੱਥ, ਪੱਧਤੀ ਪਰੰਪਰਾ, ਪਰਲੋਕ ਵਿਸ਼ਯਕ ਵਿਚਾਰ ਪੱਧਤੀ, ਪ੍ਰਥਾ ਸਮਸ਼ਟਿ, ਫ਼ਿਰਕਾ, ਭਗ, ਭਾਵਨਾ, ਮਜ਼ਹਬ, ਮਤ, ਮਸ਼ਰਬ, ਮਾਨਤਾ, ਮਾਰਗ, ਮਿੱਲਤ, ਯਾਨ (ਬੋਧ) ਵਰਗ, ਵਿਚਾਰ ਪੱਧਤੀ, ਵਿਸ਼ਵਾਸ, ਬਿਰਤਾਂਤ, ਸ਼ਾਖ਼ਾ, ਸ਼੍ਰੇਣੀ, ਸ਼ੇਰਯ, ਸੰਪ੍ਰਦਾ, ਸਿਧਾਂਤ, ਸੁਤ੍ਰਤ, ਸਥਾਪਨਾ।[25]

ਪੰਜਾਬੀ ਖਾਸੇ ਨਾਲ ਜੁੜਿਆ ਧਰਮਕ ਸੰਕਲਪ, ਪੰਜਾਬੀ ਭਾਸ਼ਾ ਦੇ ਨਿਰੁਕਤ ਕੋਸ਼ ਵਿਚ ਵੀ ਧਰਮ ਨੈਤਿਕ, ਸਦਾਚਾਰਕ, ਵਿਵਹਾਰਕ, ਅਧਿਆਤਮਕ ਅਤੇ ਸਾਮਚਕ ਸੰਕਲਪਾਂ ਨੂੰ ਦ੍ਰਿੜਾਉਂਦਾ ਹੈ ਜੋ ਕਿ ਧਰਮ ਦੇ ਅਸਲੀ ਅਰਥਾਂ ਦੀ ਪ੍ਰੋੜਤਾ ਕਰਦਾ ਹੈ।

ਧਰਮ ਦੇ ਕੋਸ਼ਗਤ ਅਧਿਐਨ ਤੋਂ ਪਤਾ ਚਲਦਾ ਹੈ ਕਿ ਧਰਮ ਕੋਈ ਸਾਧਾਰਨ ਅਰਥਾਂ ਵਾਲੀ ਯੁਗਤੀ ਨਹੀਂ ਹੈ ਬਲਕਿ ਵਿਸ਼ਾਲ ਸਮਾਜਿਕ ਸੰਕਲਪਤ ਅਤੇ ਪ੍ਰਯੋਗਾਤਮਕ ਸਦੀਵੀ ਸੱਚ ਹੈ। ਜਿਸ ਨੂੰ ਵਿਭਿੰਨ ਸ਼ਬਦ ਕੋਸ਼ਾਂ ਵਿਚ ਬਹੁ ਅਰਥੀ ਅਤੇ ਪਰਤੀ ਸ਼ਬਦ ਸ਼ਕਤੀਆਂ ਰਾਹੀਂ

ਨਿਰੂਪਤ ਕੀਤਾ ਗਿਆ ਹੈ। ਜਿਵੇਂ ਕਿ ਉਪਰੋਕਤ ਉਦਾਹਰਣ ਵਿਚ ਸਮਾਂਤਰ ਕੋਸ਼ ਵਿਚ ਧਰਮ ਨੂੰ ਵੱਖਰੇ-ਵੱਖਰੇ ਨਾਵਾਂ ਤਹਿਤ ਸੰਕਲਪਤ ਕੀਤਾ ਗਿਆ ਹੈ।

ਪੰਜਾਬੀ ਭਾਸ਼ਾ ਦੇ ਨਿਰੁਕਤ ਕੋਸ਼ ਅਨੁਸਾਰ "ਧਰਮ ਮਜ਼ਬ, ਦੀਨ, ਮਤ; ਨਿਆਂ, ਸਚਾਈ, ਈਮਾਨਦਾਰੀ, ਕਰਤੱਵ, *ਸੰਸ.* dharma,ਜੋ ਸਥਾਪਤ ਤੇ ਦਰਿੜ੍ਹ ਹੈ, ਪੱਕਾ, ਅਟੱਲ; Firm, Steadfast; ਫ਼ੁਰਮਾਨ, ਹੁਕਮ; ਨੈਤਿਕ ਆਚਰਨ, ਸ਼ੁੱਭ ਕਰਮ; ਕਰਤੱਵ: ਵਿਧਾਨ (ਦੇਸ ਦੀ) ਰੀਤ, ਦਸਤੂਰ; ਈਸ਼ਵਰ ਭਗਤੀ; ਯੋਗ; ਖਾਸੀਅਤ, ਗੁਣ (ਜਿਵੇਂ ਅੱਗ ਦਾ ਧਰਮ ਜਲਾਉਣਾ ਹੈ)।"[26]

ਡਾ. ਅੰਮ੍ਰਿਤ ਕੌਰ, 'ਸ਼ਬਦ ਅਨੁਕ੍ਰਮਣਿਕਾ ਤੇ ਕੋਸ਼ : ਕਬਿੱਤ ਭਾਈ ਗੁਰਦਾਸ' ਵਿਚ ਧਰਮ ਨੂੰ ਇਸ ਤਰ੍ਹਾਂ ਪ੍ਰਭਾਸ਼ਿਤ ਕਰਦੇ ਹਨ 'ਪ੍ਰਕ੍ਰਿਤੀ, ਸੁਭਾਉ, ਕਿਸੇ ਪ੍ਰਮਾਣਿਤ ਮਾਨਤਾ ਗ੍ਰੰਥ, ਆਚਰਯ ਜਾਂ ਰਿਸ਼ੀ ਦੁਆਰਾ ਨਿਰਦੇਸ਼ਤ ਕਰਮ ਜੋ ਪਰਾਲੌਕਿਕ ਸੁੱਖ ਦੀ ਪ੍ਰਾਪਤੀ ਹੇਤੂ ਹੋਵੇ, ਮਜ਼ਹਬ, ਦੀਨ, ਪੰਥ, ਮਤ ਆਦਿ।'[27] ਇਸ ਪ੍ਰਕਾਰ 'ਧਰਮ' ਅੰਦਰ ਲੌਕਿਕ ਅਤੇ ਪਰਾਲੌਲਿਕ ਮਨੁੱਖੀ ਜੀਵਨ ਲਈ ਸੁੱਖਾਂ ਦੀ ਕਾਮਨਾ ਕੀਤੀ ਗਈ ਹੈ। ਜਿਸ ਦੀ ਕਿ ਧਾਰਮਕ ਗ੍ਰੰਥ ਰਿਸ਼ੀਆਂ ਮੁਨੀਆਂ ਦੇ ਪਵਿੱਤਰ ਬਚਨ ਮਾਰਗ ਦਰਸ਼ਨ ਕਰਦੇ ਹਨ।

ਧਰਮ : ਵਿਧਾਨ ਕੀਏ ਯਗ੍ ਤਪਾਦਿ ਕਰਮੋ ਸੇ ਜਨਯ ਸੁਭ ਅਦ੍ਰਿਸ਼੍, ਜਿਸ ਕਾ ਨੇਤ੍ਰੋਂ ਸੇ ਕਬੀ ਕਾਹੂ ਕੋ ਪ੍ਰਤਖ ਨਹੀਂ ਹੁਆ, ਸਦਾ ਫਲ ਦੇਨੇ ਪੀਛੇ ਜਾਨ ਪੜੇ ਹੈ, ਜੋ ਮੇਰੇ ਕੋ ਸੁਖ ਸ੍ਵਰਗਦਿ ਦੇਨੇ ਵਾਲੀ ਕੋਈ ਵਸਤੂ ਹੈ।[28]

ਧਰਮ : ਧਰਮ, ਵਿਸ਼ਵਾਸ, ਸਿਧਾਂਤਕ ਪ੍ਰਬੰਧ, ਯਕੀਨ, ਪੰਥ; ਕਰਤੱਵ, ਸਮਰਪਨ: ਸਹੀ, ਸਦਾਚਾਰਕਤਾ, ਨਿਆਂ, ਨੈਤਿਕ ਜਾਂ ਅਧਿਆਤਮਕ ਈਮਾਨਦਾਰੀ, ਅਖੰਡਤਾ।[29]

ਉਕਤ ਵਿਵਰਣ ਵਿਚ ਧਰਮ ਦੀ ਸਦਾਚਾਰਕ, ਨੈਤਿਕ, ਸਮਾਜਿਕ, ਅਧਿਆਤਮਕ ਅਤੇ ਹੋਰ ਵਿਭਿੰਨ ਪੱਖਾਂ ਤੋਂ ਅਭਿਵਿਅਕਤੀ ਕੀਤੀ ਗਈ ਹੈ ਜੋ ਕਿ ਮਨੁੱਖ ਨੂੰ ਉਸ ਦੇ ਕਰਤੱਵਾਂ ਦੀ ਪਛਾਣ ਕਰਾਉਂਦੀ ਹੋਈ ਉਸ ਦੀ ਉਪਯੋਗਤਾ ਬਾਰੇ ਗਿਆਨ ਪ੍ਰਦਾਨ ਕਰਦੀ ਹੈ।

ਪੱਛਮੀ ਵਿਦਵਾਨ ਵੈਬਸਟਰ ਦੇ ਕੋਸ਼ ਅਨੁਸਾਰ 'ਧਰਮ ਉਹ ਵਿਸ਼ਵਾਸਾਂ ਅਤੇ ਰੀਤੀਆਂ ਦੀ ਸੰਗਠਨਾਤਮਕ ਪ੍ਰਣਾਲੀ ਹੈ ਜੋ ਪਰਾਭੌਤਿਕ ਦੇਵੀ-ਦੇਵਤਿਆਂ ਦੀ ਸ਼ਕਤੀ ਤੇ ਕੇਂਦਰਿਤ ਹੁੰਦੀ ਹੈ।'[30]

ਧਰਮ ਪਰੰਪਰਾਵਾਂ, ਰਸਮਾਂ ਅਤੇ ਵਿਚਾਰਾਂ ਦੀ ਇਕ ਧਾਰਨਾ ਹੈ।[31]

ਧਰਮ ਉਹ ਧਾਰਨਾ ਹੈ ਜਿਸ ਵਿਚ ਨੈਤਿਕ ਜ਼ੁੰਮੇਵਾਰੀ ਹੀ ਨਹੀਂ ਸਗੋਂ ਇਸ ਵਿਚ ਬ੍ਰਹਿਮੰਡੀ ਕਾਨੂੰਨ, ਫ਼ਰਜ਼, ਕਰਮ ਅਤੇ ਸਹੀ ਉਦੇਸ਼ ਵੀ ਸ਼ਾਮਿਲ ਹੁੰਦੇ ਹਨ।[32]

ਧਰਮ, ਵਿਚਾਰ, ਭਾਵਨਾਵਾਂ ਅਤੇ ਕਿਰਿਆ ਦੀ ਉਹ ਪ੍ਰਣਾਲੀ ਹੈ ਜਿਹੜੀ ਇਕ ਸਮੂਹ ਨੂੰ ਸਮਰਪਣ ਦੀ ਭਾਵਨਾ ਵਲ ਲੈ ਜਾਂਦੀ ਹੈ।[33]

ਧਰਮ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰਨ ਉਪਰੰਤ ਇਹ ਕਿਹਾ ਜਾ ਸਕਦਾ ਹੈ ਕਿ ਧਰਮ ਉਹ ਵਿਸ਼ਵਾਸ ਹੈ ਜਿਸ ਉੱਪਰ ਚੱਲ ਕੇ ਮਨੁੱਖ ਆਪਣੇ ਕਰਤੱਵਾਂ ਰਾਹੀਂ ਸ਼ੁੱਭ ਕਰਮ ਕਰਦਾ ਹੋਇਆ ਦਇਆ, ਸੰਤੋਖ, ਨੇਕੀ, ਪਰਉਪਕਾਰ ਜਿਹੇ ਗੁਣਾਂ ਨੂੰ ਗ੍ਰਹਿਣ ਕਰਕੇ ਈਸ਼ਵਰ ਦੀ ਪ੍ਰਾਪਤੀ ਲਈ ਸੁਹਿਰਦ ਯਤਨ ਕਰਦਾ ਹੈ, ਜਿੱਥੇ ਉਸ ਨੂੰ ਸਰਵਭਾਂਤੀ ਸ਼ਾਂਤੀ ਪ੍ਰਾਪਤ ਹੁੰਦੀ ਹੈ, ਉਸ ਨੂੰ ਆਤਮਿਕ ਅਨੰਦ ਪ੍ਰਾਪਤ ਹੁੰਦਾ ਹੈ ਅਤੇ ਉਹ ਸਭ ਦਾ ਭਲਾ ਕਰਨਾ ਲੋਚਦਾ ਹੈ।

**ਧਰਮ ਦਾ ਸਰੂਪ :**

'ਧਰਮ' ਸ਼ਬਦ ਆਪਣੇ ਆਪ ਵਿਚ ਵਿਸ਼ਾਲ ਅਰਥਾਂ ਦਾ ਧਾਰਨੀ ਹੈ। ਇਹ ਮਨੁੱਖ ਦੇ ਜਨਮ ਤੋਂ ਹੀ ਉਸ ਦੇ ਨਾਲ-ਨਾਲ ਤੁਰਿਆ ਆ ਰਿਹਾ ਹੈ। ਜਿਵੇਂ-ਜਿਵੇਂ ਉਸਦਾ ਬੌਧਿਕ ਵਿਕਾਸ ਹੋਇਆ ਹੈ ਉਸੇ ਤਰ੍ਹਾਂ ਹੀ ਧਰਮ ਦਾ ਵੀ ਵਿਕਾਸ ਹੋਇਆ ਹੈ। ਮਨੁੱਖੀ ਜੀਵਨ ਦੀਆਂ ਜਟਿੱਲਤਾਵਾਂ, ਸਮੱਸਿਆਵਾਂ ਦੇ ਨਿਵਾਰਨ ਲਈ ਧਰਮ ਉਸਦਾ ਮਾਰਗ ਦਰਸ਼ਕ ਬਣਦਾ ਰਿਹਾ ਹੈ। ਫਿਰ ਵੀ ਵੱਖ-ਵੱਖ ਵਿਚਾਰਕਾਂ, ਵਿਦਵਾਨਾਂ ਅਤੇ ਧਰਮ ਗ੍ਰੰਥਾਂ ਦੇ ਸਹਿਯੋਗ ਨਾਲ ਧਰਮ ਦੇ ਸ਼ੁੱਧ ਸਰੂਪ ਨੂੰ ਅਸੀਂ ਨਿਮਨ ਲਿਖਤ ਵਿਸ਼ਲੇਸ਼ਣਾਤਮਿਕ ਅਧਿਐਨ ਰਾਹੀਂ ਨਿਸ਼ਚਿਤ ਕਰਨ ਦਾ ਯਤਨ ਕਰਦੇ ਹਾਂ।

ਮਨੁੱਖੀ ਸਮਾਜ ਵਿਚ 'ਧਰਮ ਅਨੇਕਾਂ ਅੰਤਰ ਵਿਰੋਧਾਂ ਨੂੰ ਨਾਲ ਲੈ ਕੇ ਚਲਣ ਵਾਲੀ ਉਹ ਜਟਿਲ ਅਤੇ ਰਹਿਸਮਈ ਭਾਵਨਾ ਹੈ ਜਿਹੜੀ ਵਿਅਕਤੀ ਦੀ ਸਖਸ਼ੀਅਤ ਦਾ ਭਾਗ ਬਣਕੇ ਵੀ ਵਰਣਨਾਤੀਤ ਅਨੁਭਵ ਹੁੰਦੀ ਹੈ। ਇਹ ਮਨੁੱਖ ਨੂੰ ਅਮਿਟ ਸ਼ਕਤੀ ਬਖਸ਼ਦੀ ਹੈ। ਜਿਸ ਦੇ ਨਾਲ ਉਹ ਸਹਿਜਤਾ ਪ੍ਰਾਪਤ ਕਰਦਾ ਹੈ ਅਤੇ ਸੰਪੂਰਨਤਾ ਦੇ ਰਾਹ 'ਤੇ ਨਿਰੰਤਰ ਤੁਰਨ ਦੇ ਯਤਨ ਕਰਦਾ ਰਹਿੰਦਾ ਹੈ।'[34] ਪਰੰਤੂ ਧਰਮ ਅਤੇ ਅਧਰਮ ਦਾ ਨਿਖੇੜਾ ਕਰਨਾ ਬਹੁਤ ਮੁਸ਼ਕਲ ਹੈ। ਸੰਸਾਰ ਵਿਚ ਕਦੇ ਮਨੁੱਖ ਦੁਨਿਆਵੀ ਤੌਰ 'ਤੇ ਵਧੇਰੇ ਧਰਮ ਨੂੰ ਮੰਨਣ ਵਾਲਾ ਦਿਖਾਈ ਦਿੰਦਾ ਹੈ। ਉਹ ਆਪਣੇ ਸਮਾਜ ਵਿਚ ਧਾਰਮਕ ਰਹੁ ਰੀਤਾਂ, ਸਿਧਾਂਤਾਂ, ਨਿਯਮਾਂ ਅਤੇ ਕਰਮ-ਕਾਂਡਾਂ ਦੀ ਪੂਰੀ ਤਰ੍ਹਾਂ ਪਾਲਣਾ ਅਤੇ ਸਮਾਜਕ ਮਰਿਯਾਦਾ ਦੇ ਅਨੁਸਾਰ ਜੀਵਨ ਬਤੀਤ ਵੀ ਕਰਦਾ ਹੈ। ਅਸਲ ਅਰਥਾਂ ਵਿਚ ਅਸੀਂ ਇਸ ਨੂੰ ਉਸਦਾ ਧਰਮ ਨਹੀਂ ਕਹਿ ਸਕਦੇ ਪਰੰਤੂ ਜਿਸ ਸਮੇਂ ਮਨੁੱਖ ਆਪਣੇ ਸਮਾਜ ਵਿਚ ਵਿਚਰਦਾ ਹੋਇਆ ਕਦੇ ਨਾ ਕਦੇ ਕੋਸ਼ਿਸ਼ ਕਰਦਾ ਹੈ ਕਿਸੇ ਸਮੇਂ ਵਿਅਕਤੀਗਤ ਤੌਰ 'ਤੇ ਆਪਣੀਆਂ ਗਿਆਨ ਇੰਦਰੀਆਂ ਰਾਹੀਂ ਜਾਣਨ ਦੀ ਕੋਸ਼ਿਸ਼ ਕਰਦਾ ਹੈ ਕਿ ਸੱਚਾ ਧਰਮ ਕੀ ਹੈ? ਤਾਂ ਇਹ ਗਿਆਨ ਬਾਹਰੋਂ ਪ੍ਰਾਪਤ ਨਹੀਂ ਹੁੰਦਾ ਸਗੋਂ ਉਸਨੂੰ ਆਤਮ ਅਨੁਭੂਤੀ ਰਾਹੀਂ ਪ੍ਰਾਪਤ ਹੁੰਦਾ ਹੈ। ਇਸ ਲਈ 'ਸੱਚਾ ਧਰਮ ਇਕ ਅਜਿਹੀ ਅੰਤਰਦ੍ਰਿਸ਼ਟੀ ਹੈ, ਜਿਸ ਨਾਲ ਅਸੀਂ ਈਸ਼ਵਰ ਦੇ ਪਹਿਲੇ ਸਿਧਾਂਤ ਗਿਆਨ, ਅਰਥਾਤ ਈਸ਼ਵਰ ਦੇ ਸੰਬੰਧ ਵਿਚ ਵਿਅਕਤੀਗਤ ਗਿਆਨ ਨੂੰ ਪ੍ਰਾਪਤ ਕਰਦੇ ਹਾਂ। ਇਹ ਗਿਆਨ ਉਸਦੇ ਸੰਬੰਧ ਵਿਚ ਨਾ ਤਾਂ ਕੋਈ ਧਰਮਵਾਕ ਹੈ ਅਤੇ ਨਾ ਹੀ ਸਾਡੇ ਕਿਸੇ ਦੂਸਰੇ ਤੋਂ ਹੀ ਸੁਣਿਆ ਹੁੰਦਾ ਹੈ। ਬਲਕਿ ਇਹ ਈਸ਼ਵਰ ਦਾ ਸ਼ਾਖ਼ਸ਼ਾਤਕਾਰ; ਇਹ ਧਰਮ ਦਾ ਜ਼ਰੂਰੀ ਆਧਾਰ ਹੈ[35] ਜੋ ਕਿ ਸਤਿ ਸਰੂਪ ਹੈ। ਸਤਿ ਦੀ ਪ੍ਰਾਪਤੀ ਹੀ ਧਰਮ ਦੀ ਪ੍ਰਾਪਤੀ ਮੰਨੀ ਜਾਂਦੀ ਹੈ। ਸਤਿ ਅਨਾਦੀ ਹੈ। ਜਿੱਥੇ ਵਿਵੇਕ ਹੈ ਉੱਥੇ ਧਰਮ ਹੈ। ਅਸਲ ਵਿਚ 'ਧਰਮ ਸਤਿ ਨੂੰ ਪਾਉਣ ਦੀ ਅੰਤਰਦ੍ਰਿਸ਼ਟੀ ਹੈ ਅਤੇ ਧਾਰਮਿਕ ਸਤਿ ਨੂੰ ਵਿਅਕਤ ਕਰਨ ਦੇ ਬਹੁਤ ਸਾਰੇ ਤਰੀਕੇ ਹਨ। ਧਰਮ ਦੀ ਕਸੌਟੀ ਕਿਸੇ ਪ੍ਰਕਾਰ ਦਾ ਵਿਸ਼ਵਾਸ ਨਹੀਂ ਹੈ, ਬਲਕਿ ਕਾਰਜ ਹੈ, ਸੱਚਮੁੱਚ ਦਾ ਕਾਰਜ-ਜੇਕਰ ਅਸੀਂ ਇਸਨੂੰ ਮਹਿਸੂਸ ਕਰ ਲਈਏ ਤਾਂ ਸਾਨੂੰ ਸਾਰੇ ਧਰਮਾਂ ਦਾ ਸਾਰ ਮਿਲ ਜਾਵੇਗਾ।'[36] ਇਹ ਮਨੁੱਖ ਦੁਆਰਾ ਕੀਤੇ ਸ਼ੁੱਭ ਕਰਮਾਂ ਤੇ ਅਮਲਾਂ ਨਾਲ ਜੁੜਿਆ ਸੰਕਲਪ ਹੈ। ਭਾਵੇਂ ਵਿਸ਼ਵਾਸ ਨੂੰ

ਧਰਮ ਦਾ ਮੂਲ ਵੀ ਕਿਹਾ ਗਿਆ ਹੈ ਪਰੰਤੂ ਇਸ ਸੰਸਾਰ ਵਿਚ ਮਨੁੱਖ ਦੁਆਰਾ ਕੀਤੇ ਸਤਿ ਕਰਮਾਂ ਨਾਲ ਅਸਲੀ ਧਰਮ ਦੇ ਪਛਾਣ ਚਿੰਨ੍ਹ ਸਥਾਪਤ ਕੀਤੇ ਜਾਂਦੇ ਹਨ। ਇਸ ਦੇ ਨਾਲ ਹੀ 'ਧਰਮ, ਮਨੁੱਖ ਦੀ ਪਵਿੱਤਰ ਸੁਕ੍ਰਿਤੀ, ਜੀਵਨ ਸ਼ਕਤੀ, ਮਹਾਨਤਾ ਅਤੇ ਮੁੱਲ ਦੀ ਅਭਿਵਿਅਕਤੀ ਕਰਦਾ ਹੈ। ਇਹ ਅਭਿਵਿਅਕਤੀ ਪ੍ਰਤੀਕ ਪ੍ਰੀਕਿਰਿਆ ਦੇ ਰਾਹੀਂ ਪਰਿਵਰਤਿਤ ਹੁੰਦੀ ਹੈ। ਧਰਮ ਦੀ ਅਭਿਵਿਅਕਤੀ ਸਭਿਆਚਾਰਕ ਪਰੰਪਰਾਵਾਂ ਰਾਹੀਂ ਹੁੰਦੀ ਹੈ ਜੋ ਕਿ ਪ੍ਰਤੀਕ-ਪ੍ਰਬੰਧ ਦੀ ਸਥਾਪਨਾ ਕਰਦੀਆਂ ਹਨ।'[37]

ਅਸਲ ਵਿਚ ਧਰਮ ਨੂੰ ਦੇਸ਼ ਕਾਲ ਦੀਆਂ ਸੀਮਾਵਾਂ ਅੰਦਰ ਨਹੀਂ ਰੱਖਿਆ ਜਾ ਸਕਦਾ, ਜਿਵੇਂ ਸੂਰਜ, ਹਵਾ, ਪਾਣੀ ਸਭ ਲਈ ਸਾਂਝੇ ਹਨ। ਇਸੇ ਤਰ੍ਹਾਂ ਧਰਮ ਦੇ ਨਿਯਮ ਵੀ ਸਾਰੀ ਦੁਨੀਆ ਲਈ ਸਾਂਝੇ ਹੋਣੇ ਚਾਹੀਦੇ ਹਨ। ਧਰਮ ਦੇ ਇਸ ਸਰੂਪ ਨੂੰ ਸਰਵ ਪ੍ਰਵਾਨਤ ਕੀਤਾ ਗਿਆ ਹੈ। ਧਰਮ ਦਾ ਸਾਧਾਰਣ ਸਰੂਪ ਹੀ ਸੰਸਾਰ ਵਿਚ ਮਨੁੱਖੀ ਕਦਰਾਂ-ਕੀਮਤਾਂ ਨੂੰ ਜਿਉਂਦੇ ਰੱਖਦਾ ਹੈ। ਇਨ੍ਹਾਂ ਦੀ ਹੋਂਦ ਹਮੇਸ਼ਾ ਬਣੀ ਰਹਿੰਦੀ ਹੈ। ਸਥਿਤੀ ਭਾਵੇਂ ਆਮ ਹੋਵੇ ਜਾਂ ਸੰਕਟਕਾਲੀਨ। ਪਰੰਤੂ ਧਰਮ ਦਾ ਸੰਕੀਰਣ ਸਰੂਪ ਮਨੁੱਖੀ ਸਮਾਜ ਲਈ ਬਹੁਤ ਹਾਨੀਕਾਰਕ ਸਿੱਧ ਹੁੰਦਾ ਹੈ। ਇਸ ਦੇ ਫਲਸਰੂਪ ਹੀ ਸਮਾਜ ਵਿਚ ਅਨੇਕਾਂ ਸੰਪਰਦਾਇਕ ਭਿੰਨਤਾਵਾਂ, ਨਫ਼ਰਤ ਅਤੇ ਘੋਰ ਵਿਤਕਰਿਆਂ ਦਾ ਜਨਮ ਹੁੰਦਾ ਹੈ। ਇਤਿਹਾਸ ਵਿਚ ਇਹ ਵੱਡੇ-ਵੱਡੇ ਯੁੱਧਾਂ ਅਤੇ ਲੜਾਈਆਂ ਦਾ ਕਾਰਨ ਬਣਿਆ ਹੈ। ਜਿਸ ਨੇ ਧਰਮ ਸ਼ਬਦ ਨੂੰ ਕਲੰਕਿਤ ਕੀਤਾ ਹੈ। ਇਸਦੇ ਬਾਵਜੂਦ ਵੀ ਧਰਮ ਦਾ ਸਰਵ ਸ਼੍ਰੇਸ਼ਠ ਸਾਧਾਰਣ ਸਰੂਪ ਹਮੇਸ਼ਾ ਕਾਇਮ ਰਿਹਾ ਹੈ। ਇਸ ਲਈ ਇਹ ਵੀ ਕਿਹਾ ਜਾਂਦਾ ਹੈ ਕਿ ਧਰਮ ਹੀ ਇਕ ਅਜਿਹਾ ਸਾਧਨ ਹੈ ਜਿਸ ਦੇ ਆਸਰੇ ਮਨੁੱਖ ਦੁਨੀਆ ਵਿਚ ਰਹਿਣ ਦੀ ਜੁਗਤ ਸਿਖਦਾ ਹੈ। ਧਰਮ ਦਾ ਅਸਲੀ ਮਨੋਰਥ ਮਨੁੱਖ ਨੂੰ ਸ਼ਾਂਤੀ, ਜਗਤ-ਇਕਸੁਰਤਾ, ਜੀਵਨ-ਜੁਗਤ ਅਤੇ ਮੁਕਤ-ਅਵਸਥਾ ਦਾ ਬੋਧ ਕਰਵਾਉਣਾ ਹੈ।

ਧਰਮ ਦੇ ਸਰੂਪ ਨੂੰ ਪੱਛਮੀ ਵਿਦਵਾਨ ਮੈਕਸਮੂਲਰ ਇਸ ਪ੍ਰਕਾਰ ਨਿਸ਼ਚਿਤ ਕਰਨ ਦਾ ਜਤਨ ਕਰਦਾ ਹੈ- 'ਧਰਮ ਉਹ ਦਿਮਾਗੀ ਸ਼ਕਤੀ ਹੈ ਜਿਹੜੀ ਅਨੁਭਵ ਅਤੇ ਬੁੱਧੀ ਤੋਂ ਸੁਤੰਤਰ ਰਹਿ ਕੇ ਸਗੋਂ ਇਨ੍ਹਾਂ ਦੇ ਬਾਵਜੂਦ, ਮਨੁੱਖ ਨੂੰ ਅਸੀਮ ਦੀ ਸੋਝੀ, ਭਿੰਨ ਨਾਵਾਂ ਤੇ ਰੂਪਾਂ ਵਿਚ

ਪ੍ਰਾਪਤ ਕਰਨ ਦੇ ਸਮਰੱਥ ਕਰਦੀ ਹੈ। ਇਸ ਸ਼ਕਤੀ ਤੋਂ ਬਿਨਾ ਕੋਈ ਧਰਮ ਭਾਵੇਂ ਉਹ ਅਤਿ ਨੀਵੇਂ ਦਰਜੇ ਦੀ ਬੁੱਤ-ਪੂਜਾ ਜਾਂ ਜੜ-ਪੂਜਾ ਦਾ ਧਰਮ ਹੀ ਹੋਵੇ, ਸੰਭਵ ਨਹੀਂ ਸੀ ਹੋਣਾ। ਜੇ ਅਸੀਂ ਧਿਆਨ ਨਾਲ ਸੁਣੀਏ ਤਾਂ ਸਾਨੂੰ ਹਰ ਧਰਮ ਵਿਚ ਆਤਮਾ ਦੀ ਇਕ ਲਾਲਸਾ ਦਿਸੇਗੀ ਜਿਹੜੀ ਉਸ ਨੂੰ ਸਮਝਣ ਦਾ ਜਤਨ ਕਰ ਰਹੀ ਹੈ ਜੋ ਸਮਝ ਤੋਂ ਪਰੇ ਹੈ, ਜਿਹੜੀ ਉਸ ਨੂੰ ਕਥਨ ਕਰਨ ਦਾ ਜਤਨ ਕਰ ਰਹੀ ਹੈ ਅਕਥ ਹੈ, ਜਿਹੜੀ ਅਨੰਤ ਲਈ ਲਗਨ ਹੈ, ਜਿਹੜੀ ਪ੍ਰਭੂ-ਪ੍ਰੇਮ ਹੈ।' ਅਸੀਮ ਦੇ ਅਨੁਭਵ ਲਈ ਧਰਮ ਇਕ ਅੰਤਰੀਵ ਸ਼ਕਤੀ ਹੈ। ਜਿਸ ਨੂੰ ਆਸਥਾ ਜਾਂ ਵਿਸ਼ਵਾਸ ਕਿਹਾ ਜਾਂਦਾ ਹੈ। ਜਿਸ ਅਧੀਨ ਮਨੁੱਖ ਅਨੰਤ, ਅਗੰਮ ਪਰਾਸ਼ਕਤੀ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ।[38] ਇਸ ਪ੍ਰਕਾਰ ਧਰਮ ਇਕ ਅੰਤਰੀਵੀ ਸ਼ਕਤੀ ਹੈ ਜਿਸ ਨਾਲ ਵਿਸ਼ਵਾਸ ਅਤੇ ਆਸਥਾ ਜੁੜੀ ਹੁੰਦੀ ਹੈ। ਵਿਸ਼ਵਾਸ ਤੋਂ ਬਿਨ੍ਹਾਂ ਇਸ ਅੰਤਰੀਵੀ ਸ਼ਕਤੀ ਦਾ ਅਨੁਭਵ ਨਹੀਂ ਹੋ ਸਕਦਾ। ਇਸ ਦੇ ਵਿਪਰੀਤ ਬੁੱਧ ਧਰਮ ਅਣਈਸ਼ਵਰੀ ਧਰਮ ਹੈ ਇਸ ਵਿਚ ਧਰਮ ਦੇ ਤਿੰਨ ਰਤਨ ਪਾਏ ਜਾਂਦੇ ਹਨ ਬੁੱਧ, ਧਰਮ ਅਤੇ ਸੰਘ, ਇਸ ਵਿਚ 'ਧਰਮ' ਸ਼ਬਦ ਨੂੰ ਵਿਭਿੰਨ ਸਰੂਪਾਂ ਵਿਚ ਪ੍ਰਗਟਾਇਆ ਗਿਆ ਹੈ ਮਹਾਤਮਾ ਬੁੱਧ ਦੇ ਉਪਦੇਸ਼, ਸਿਧਾਂਤ ਅਤੇ ਆਚਾਰ ਨਿਯਮ, ਸਤਯ, ਪਰਮਾਰਥ, ਸੁੱਧ, ਅਕਲ, ਸ਼ਾਂਤੀ ਅਤੇ ਨਿਰਵਾਣ, ਗੁਣ, ਸੁਭਾਉ ਅਤੇ ਨਿਯਮ ਹਨ। ਇਸ ਤੋਂ ਇਲਾਵਾ ਮਹਾਤਮਾ ਬੁੱਧ ਅਨੁਸਾਰ "ਧਰਮ ਇਕ ਕਿਸ਼ਤੀ ਹੈ, ਬੇੜਾ ਹੈ, ਜੋ ਸੰਸਾਰ ਸਾਗਰ ਨੂੰ ਪਾਰ ਕਰਨ ਲਈ ਹੈ, ਫੜ ਕੇ ਰੱਖਣ ਲਈ ਨਹੀਂ ਹੈ।"[39] ਇਸ ਧਰਮ ਵਿਚ 'ਧਰਮ' ਦੇ ਸਰੂਪ ਨੂੰ ਇਸ ਤਰ੍ਹਾਂ ਵੀ ਨਿਸ਼ਚਿਤ ਕਰਨ ਦਾ ਯਤਨ ਕੀਤਾ ਗਿਆ ਹੈ- (1) ਨਿਰਵਾਣ ਜਾਂ ਅੰਤਿਮ ਸੱਚਾਈ ਅਥਵਾ ਪਰਮਾਰਥ; (2) ਇਸ ਸੰਸਾਰ ਵਿਚ ਸਦਾਚਾਰਕ ਕਾਨੂੰਨ; (3) ਮਹਾਤਮਾ ਬੁਧ ਦੇ ਉਪਦੇਸ਼; (4) ਕਰਤੱਵ, ਸ਼ੁਭ ਗੁਣ ਜਾਂ ਧਾਰਮਿਕ ਰਹੁ-ਰੀਤੀ; (5) ਕਿਸੇ ਵਸਤੂ ਦੇ ਗੁਣ; (6) ਸੂਖਮ ਜਾਂ ਸਥੂਲ ਚੀਜ਼, ਤੱਤ ਜਾਂ ਉਸ ਦੀ ਜਾਤ ਤਥਾ ਉਸਦੀ ਹੋਂਦ।[40] ਬੁੱਧ ਧਰਮ ਵਿਚ ਆਤਮ, ਪਰਮਾਤਮ, ਬਾਹਰੀ ਧਾਰਮਕ ਕਰਮ-ਕਾਂਡ ਨੂੰ ਕੋਈ ਸਥਾਨ ਪ੍ਰਾਪਤ ਨਹੀਂ। ਇਹ ਧਰਮ ਸਦਾਚਾਰੀ ਗੁਣਾਂ ਤੇ ਆਧਾਰਤ ਧਰਮ ਹੈ ਜੋ ਕਿ ਹਿੰਦੂ ਧਰਮ ਵਿਚ ਬ੍ਰਾਹਮਣੀ ਕਰਮ-ਕਾਂਡ ਦੇ ਵਧੇਰੇ ਬੋਲਬਾਲੇ ਦੇ ਵਿਰੋਧ 'ਚੋਂ ਪੈਦਾ ਹੋਇਆ।

ਮਹਾਤਮਾ ਬੁੱਧ ਨੇ 'ਧਰਮ' ਦੇ ਨਵੀਨ ਅਰਥ ਦਾ ਇੰਞ ਪ੍ਰਗਟਾਵਾ ਕੀਤਾ ਹੈ, ਮਨੁੱਖੀ ਜੀਵਨ ਵਿਚ ਉਸ ਦੇ ਦੁਖੀ ਹੋਣ ਦਾ ਮੂਲ ਕਾਰਣ ਮਨੁੱਖ ਦੀਆਂ ਲਾਲਸਾਵਾਂ ਅਤੇ ਵਿਸ਼ੇ-ਵਿਕਾਰਾਂ ਦੇ ਅਧੀਨ ਹੋਣਾ ਹੈ। ਸੋ ਮਨੁੱਖ ਨੂੰ ਸਭ ਤੋਂ ਪਹਿਲਾਂ ਸੁੱਖ ਦੀ ਪ੍ਰਾਪਤੀ ਲਈ ਦੁੱਖਾਂ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ ਅਤੇ ਧਰਮ ਦਾ ਅਨੰਦ ਬਾਕੀ ਸਭ ਖ਼ੁਸ਼ੀਆਂ ਤੋਂ ਵਧੇਰਾ ਹੈ। ਤ੍ਰਿਸ਼ਨਾ ਮਾਰਨ ਨਾਲ ਸਾਰੇ ਦੁਖਾਂ ਦਾ ਨਾਸ਼ ਹੋ ਜਾਂਦਾ ਹੈ। ਧਰਮ ਦੀ ਸ਼ਰਨ ਵਿਚ ਆ ਕੇ ਮਨੁੱਖ ਸੁਖ ਸ਼ਾਂਤੀ ਦੀ ਪ੍ਰਾਪਤੀ ਕਰ ਲੈਂਦਾ ਹੈ। ਉਸਦਾ ਸਮੁੱਚਾ ਜੀਵਨ ਅਨੰਦਮਈ ਹੋ ਜਾਂਦਾ ਹੈ।

ਜੈਨ ਧਰਮ ਇਕ ਅਹਿੰਸਾਵਾਦੀ ਧਰਮ ਹੈ। ਇਸ ਵਿਚ 'ਧਰਮ' ਨੂੰ ਇਸ ਤਰ੍ਹਾਂ ਨਿਰੂਪਤ ਕੀਤਾ ਗਿਆ ਹੈ ਸ਼੍ਰਾਵਕਾਂ ਉਪਾਸਕਾਂ ਦਾ 11 ਪ੍ਰਕਾਰ ਦਾ ਧਰਮ ਹੈ- ਦਰਸ਼ਨ, ਵਰਤ, ਸਮਾਇਕ, ਪੋਸ਼ਦਧ ਸਚਿੱਤ ਤਿਆਗ, ਰਾਤਰੀ (ਰਾਤ ਦੇ) ਭੋਜਨ ਦਾ ਤਿਆਗ, ਬ੍ਰਹਮਚਰਜ, ਆਰੰਭ ਤਿਆਗ, ਪਰਿਤਿਆਗ ਤਿਆਗ, ਅਨੁਮਤੀ ਤਿਆਗ ਅਤੇ ਉਦਿਸ਼ਟ ਤਿਆਗ (ਆਪਣੇ ਲਈ ਬਣਾਏ ਹੋਏ ਭੋਜਨ ਦਾ ਤਿਆਗ) ਅਤੇ ਮੁਨੀਆਂ ਦਾ 10 ਪ੍ਰਕਾਰ ਦਾ- ਉੱਤਮ ਖਿਮਾ, ਮਾਰਦਵ, ਆਰਜਵ, ਸੱਚ, ਸ਼ੋਚ (ਸ਼ੁੱਧੀ), ਸੰਜਮ, ਤਪ, ਤਿਆਗ (ਅਕਿਚਨਯ), ਚੋਰੀ ਨਾ ਕਰਨਾ, ਬ੍ਰਹਮਚਰਿਆ।[41] ਜੈਨ ਮਾਰਗ ਅਤਿਸੰਜਮਤਾ ਦਾ ਮਾਰਗ ਹੈ। ਮਨੁੱਖੀ ਜੀਵਨ ਵਿਚ ਸਹਿਜਤਾ ਰੱਖਣ ਲਈ ਸੰਜਮ ਤੇ ਸਹਿਜ ਹੋਣਾ ਬਹੁਤ ਜ਼ਰੂਰੀ ਹੈ। ਸੰਜਮਤਾ ਸਹਿਤ ਖਾਣਾ-ਪੀਣਾ, ਸੌਣਾ-ਜਾਗਣਾ, ਰਹਿਣਾ-ਸਹਿਣਾ ਅਜਿਹੇ ਨੈਤਿਕ ਨਿਯਮ ਹਨ ਜੋ ਮਨੁੱਖ ਦੀਆਂ ਤ੍ਰਿਸ਼ਨਾਵਾਂ ਉੱਤੇ ਪਾਬੰਦੀ ਲਗਾਉਂਦੇ ਹਨ। ਸੰਜਮਤਾ ਅਤੇ ਸਹਿਜਤਾ ਦੇ ਨਾਲ ਉੱਚ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਜਿਸ ਨਾਲ ਨੈਤਿਕ ਕਦਰਾਂ-ਕੀਮਤਾਂ ਸਮਾਜ ਵਿਚ ਬਣੀਆਂ ਰਹਿੰਦੀਆਂ ਹਨ।

ਈਸਾਈ ਧਰਮ ਦੀ ਪਵਿੱਤਰ 'ਬਾਈਬਲ' ਵਿਚ 'ਧਰਮ' ਦੇ ਸਰੂਪ ਨੂੰ ਇਸ ਤਰ੍ਹਾਂ ਪ੍ਰਗਟਾਇਆ ਗਿਆ ਹੈ, ਧਰਮ-ਸੱਚਾਈ ਨੂੰ ਪਿਆਰ ਕਰਨਾ, ਵਹਿਮ, ਪਖੰਡ ਅਤੇ ਭਰਮ ਨਾ ਕਰਨੇ, ਦੀਨ-ਦੁਖੀਆਂ ਦੀ ਸੇਵਾ ਕਰਨੀ, ਸਮਾਜ ਵਿਚ ਕਮਜ਼ੋਰ ਤੇ ਗਰੀਬ ਲੋਕਾਂ ਦੀ ਸਹਾਇਤਾ ਕਰਨੀ, ਸੁਤੰਤਰਤਾ ਨੂੰ ਪਿਆਰ ਕਰਨਾ ਅਤੇ ਗ਼ੁਲਾਮੀ ਦੇ ਵਿਰੁੱਧ ਜਦੋ ਵਿਸ਼ਵਾਸ ਜਹਿਦ

ਕਰਨੀ, ਹਿੰਮਤ ਤੇ ਸਾਹਸ ਨੂੰ ਵਧਾਉਣਾ, ਮਨੁੱਖਤਾ ਦੀ ਭਲਾਈ ਲਈ ਜਤਨ ਕਰਨੇ ਆਦਿ। ਨਵੇਂ ਅਹਿਦਨਾਮੇ ਵਿਚ ਵੀ ਧਰਮ ਨੂੰ ਪ੍ਰਗਟਾਉਣ ਦੇ ਅਨੇਕਾਂ ਹਵਾਲੇ ਮਿਲਦੇ ਹਨ। ਜਿਨ੍ਹਾਂ ਵਿਚੋਂ ਯਾਕੂਬ ਧਰਮ ਦੀ ਵਿਆਖਿਆ ਇਸ ਤਰ੍ਹਾਂ ਕਰਦਾ ਹੈ : "ਸਾਡੇ ਪਰਮੇਸ਼ਰ ਅਤੇ ਪਿਤਾ ਦੇ ਅੱਗੇ ਸ਼ੁੱਧ ਅਤੇ ਨਿਰਮਲ ਭਗਤੀ ਇਹ ਹੈ ਕਿ ਭਾਈ ਅਨਾਥਾਂ ਅਤੇ ਵਿਧਵਾਵਾਂ ਬਿਪਤਾ ਦੇ ਵੇਲੇ ਸੁੱਧ ਲੈਣੀ ਅਤੇ ਆਪਣੇ ਆਪ ਨੂੰ ਜਗਤ ਤੋਂ ਨਿਹਕਲੰਕ ਰੱਖਣਾ।"[42] ਇਹੋ ਹੀ ਸੱਚਾ ਧਰਮ ਹੈ। ਜਿਸ ਨਾਲ ਮਨੁੱਖ ਆਪਣੇ ਵਿਰਸੇ ਅਤੇ ਸਮਾਜ ਦੇ ਨਾਲ ਸੰਬੰਧ ਬਣਾਈ ਰੱਖਦਾ ਹੈ। ਸੱਚੇ ਪਰਮੇਸ਼ਰ ਦੀ ਮਾਨਵਤਾ ਦੀ ਸੇਵਾ ਕਰਨੀ ਅਤੇ ਭਗਤੀ ਅਤੇ ਸੱਚਾ ਧਰਮ ਹੈ ਕਿ ਉਹ ਬੇਸਹਾਰਾ ਲੋਕਾਂ ਅਤੇ ਵਿਧਵਾ ਇਸਤਰੀਆਂ ਦੀ ਦੁੱਖਾਂ, ਸੰਕਟਾਂ ਵਿਚ ਸਹਾਇਤਾ ਕਰੇ ਅਤੇ ਆਪਣੇ ਆਪ ਨੂੰ ਪਦਾਰਥਮਈ ਸੰਸਾਰ ਨਾਲ ਜੋੜ ਕੇ ਨਾ ਰਹੇ। ਇਹੀ ਉਸ ਦਾ ਧਰਮ ਹੈ।

'ਡਿਕਸ਼ਨਰੀ ਆਫ਼ ਇਸਲਾਮ ਅਨੁਸਾਰ 'ਦੀਨ' ਅਰਬੀ ਭਾਸ਼ਾ ਦਾ ਸ਼ਬਦ ਹੈ ਜਿਹੜਾ ਵਿਸ਼ੇਸ਼ ਤੌਰ ਤੇ ਪੈਗੰਬਰ ਤੇ ਉਨ੍ਹਾਂ ਦੀਆਂ ਇਲਹਾਮੀ ਕਿਤਾਬਾਂ ਵਿਚ ਦਿੱਤੇ ਧਰਮ ਨਾਲ ਸੰਬੰਧਿਤ ਹੈ, ਪਰ ਇਸ ਦਾ ਪ੍ਰਯੋਗ ਬੁੱਤ-ਪ੍ਰਸਤਾਂ ਮੱਤਾਂ ਲਈ ਵੀ ਹੋਇਆ ਹੈ।'[43] ਇਸ ਪ੍ਰਕਾਰ 'ਦੀਨ' ਸ਼ਬਦ ਕੇਵਲ ਇਕ ਵਿਸ਼ੇਸ਼ ਮਨੁੱਖੀ ਸਮਾਜ ਦੇ ਨਾਲ ਜੋੜ ਕੇ ਆਪਣੇ ਅਰਥ ਸੰਚਾਰ ਕਰਦਾ ਹੈ। ਇਸ ਨੂੰ 'ਧਰਮ' ਸ਼ਬਦ ਦੇ ਸਮਾਨਅੰਤਰ ਰੱਖ ਕੇ ਨਹੀਂ ਦੇਖਿਆ ਜਾ ਸਕਦਾ। 'ਮੁਸਲਮਾਨ ਲੇਖਕਾਂ ਦੁਆਰਾ 'ਧਰਮ' ਲਈ 'ਦੀਨ' ਤੋਂ ਇਲਾਵਾ 'ਮਿਲਾਹ' ਅਤੇ 'ਮਜ਼ਬ' ਦੀ ਵੀ ਵਰਤੋਂ ਕੀਤੀ ਮਿਲਦੀ ਹੈ। ਕਿਤਾਬੁਲ ਤਰੀਫਤ ਵਿਚ ਇਨ੍ਹਾਂ ਤਿੰਨਾਂ ਸ਼ਬਦਾਂ ਦਾ ਅੰਤਰ ਸਪਸ਼ਟ ਕੀਤਾ ਗਿਆ ਹੈ। 'ਦੀਨ' ਪਰਮਾਤਮਾ ਦੇ ਧਰਮ ਨਾਲ ਸੰਬੰਧਤ ਹੈ ਜਿਵੇਂ ਦੀਨ-ਇਲਾਹ- ਅੱਲਾ ਦਾ ਧਰਮ। 'ਮਿਲਾਹ' ਪੈਗੰਬਰ ਦੇ ਧਰਮ ਨਾਲ ਸੰਬੰਧਤ ਹੈ ਜਿਵੇਂ ਮਿਲਾਹ ਇਬਰਾਹੀਮ- ਐਬਰਾਹਮ ਦਾ ਧਰਮ। 'ਮਜ਼ਬ' ਮੁਜ਼ਾਹਿਦਿਨਾਂ ਦੇ ਫ਼ੈਸਲਿਆਂ ਨਾਲ ਸੰਬੰਧ ਰੱਖਦਾ ਹੈ ਜਿਵੇਂ ਮੁਜਾਹਬ- ਅੱਬਾ ਹਨੀਫਾ-ਅੱਬੀ ਹਨੀਫਾ ਦਾ ਧਰਮ। ਇਸ ਤੋਂ ਸਪਸ਼ਟ ਹੈ 'ਦੀਨ' ਸ਼ਬਦ ਸਾਧਾਰਨ ਭਾਵਾਂ ਦੇ ਪ੍ਰਗਟਾਵੇ ਲਈ ਹੈ ਜਦੋਂ ਕਿ 'ਮਿਲਾਹ' ਤੇ 'ਮਜ਼ਬ' ਸ਼ਬਦਾਂ ਦੀ ਵਰਤੋਂ ਪ੍ਰਤੀਬੰਧਤ ਹੈ।'[44]

ਧਰਮ ਨੂੰ ਮੂਲ ਰੂਪ ਵਿਚ ਜਿੱਥੇ ਮਨੁੱਖੀ ਸਮਾਜ ਅੰਦਰ ਸਾਰੇ ਸੁੱਖਾਂ ਦਾ ਆਧਾਰ ਮੰਨਿਆਂ ਜਾਂਦਾ ਹੈ ਉੱਥੇ ਧਰਮ ਦੀ ਪਾਲਣਾ ਕਰਨੀ ਇਕ ਚੰਗੇ ਸਮਾਜ ਦੀ ਸਿਰਜਨਾ ਕਰਨਾ ਵੀ ਹੈ। ਮਨੁੱਖ ਆਪਣੇ ਅੰਦਰਲੇ ਛੁਪੇ ਹੋਏ ਗੁਣਾਂ ਦਾ ਵਿਕਾਸ ਕਰਦਾ ਹੈ ਅਤੇ ਆਪਣੀਆਂ ਅੰਤਰੀਵੀ ਸੱਚਾਈਆਂ ਅਤੇ ਸ਼ਕਤੀਆਂ ਦੀ ਪਛਾਣ ਕਰਦਾ ਹੈ। ਇਨ੍ਹਾਂ ਨੂੰ ਪਛਾਣ ਕੇ ਉਹ ਸਮਾਜ ਅੰਦਰ ਭਲਾਈ ਦੇ ਕਾਰਜ ਕਰਦਾ ਹੈ। ਇਸ ਪ੍ਰਕਾਰ ਉਸਦਾ ਸਮਾਜ ਨਿਰੰਤਰ ਸੰਗਠਿਤ ਅਤੇ ਗਤੀਸ਼ੀਲ ਹੋ ਕੇ ਉਨਤੀ ਕਰਦਾ ਰਹਿੰਦਾ ਹੈ।

ਭਾਰਤੀ ਸੰਸਕ੍ਰਿਤੀ ਦੇ ਮਹਾਨ ਚਿੰਤਕ ਚਾਣਕਯ ਨੇ ਆਪਣੇ ਪ੍ਰਸਿੱਧ ਗ੍ਰੰਥ 'ਚਾਣਕਯ–ਸੂਤਰ' ਵਿਚ 'ਧਰਮ' ਨੂੰ ਸਮਾਜਕ ਦ੍ਰਿਸ਼ਟੀ ਤੋਂ ਪ੍ਰਭਾਸ਼ਿਤ ਕਰਦਿਆਂ ਲਿਖਿਆ ਹੈ ਕਿ ਸੁੱਖ ਦਾ ਮੂਲ ਧਰਮ ਹੈ ਅਤੇ ਧਰਮ ਦਾ ਮੂਲ ਅਰਥ ਹੈ :

*ਸਖਸਯ ਮੂਲਮ ਧਰਮ: ॥ 1 ॥*

*ਧਰਮਸਯ ਮੂਲਮਰਥ: ॥ 2 ॥*

ਧਾਰਣ ਕਰਨਾ, ਸ਼ੁਭ ਕਰਮ, ਮਜ਼ਹਬ, ਰਿਵਾਜ, ਫ਼ਰਜ਼, ਨਿਆਂ (ਇਨਸਾਫ਼), ਸੁਭਾਅ (ਪ੍ਰਕ੍ਰਿਤੀ) ਆਦਿ ਅਨੇਕਾਂ ਅਰਥਾਂ ਵਿਚ ਧਰਮ ਸ਼ਬਦ ਦਾ ਪ੍ਰਯੋਗ ਹੋਇਆ ਹੈ। ਧਰਮ ਦੀ ਸਥਾਪਨਾ ਅਤੇ ਸੁਰੱਖਿਆ ਲਈ ਭਰਪੂਰ ਖ਼ਜ਼ਾਨੇ ਦਾ ਹੋਣਾ ਬੜਾ ਜ਼ਰੂਰੀ ਹੈ। ਉਚਿੱਤ ਸਾਧਨਾਂ ਨਾਲ ਇਕੱਠਾ ਕੀਤਾ ਧਨ ਹੀ ਧਰਮ ਦੀ ਨੀਂਹ ਨੂੰ ਮਜ਼ਬੂਤ ਬਣਾਉਂਦਾ ਹੈ। ਯੋਗ ਸ਼ਾਸ਼ਕ ਹੀ ਧਰਮ ਅਨੁਸਾਰ ਆਪਣੇ ਰਾਜ ਕੋਸ਼ ਵਿਚ ਵਾਧਾ ਕਰਦਾ ਹੈ। ਖ਼ਜ਼ਾਨੇ ਖਾਲੀ ਹੋਣ 'ਤੇ ਅਨੀਤੀ (ਅਧਰਮ) ਫ਼ੈਲਦੀ ਹੈ, ਜਿਸ ਨਾਲ ਸਮਾਜ ਦੀ ਹਾਲਤ ਵਿਗੜ ਜਾਂਦੀ ਹੈ। ਇਸ ਲਈ ਮਰਿਯਾਦਾ ਅਨੁਸਾਰ ਭਰੇ ਖ਼ਜ਼ਾਨੇ ਨੂੰ ਧਰਮ ਦਾ ਮੂਲ ਕਿਹਾ ਗਿਆ ਹੈ।[45] ਜਿਸ ਨਾਲ ਸਮਾਜ ਵਿਚ ਹਮੇਸ਼ਾ ਖ਼ੁਸ਼ਹਾਲੀ ਬਣੀ ਰਹਿੰਦੀ ਹੈ ਅਤੇ ਮਨੁੱਖ ਆਸਾਨੀ ਨਾਲ ਧਰਮ ਦੇ ਕਾਰਜ ਕਰਦਾ ਰਹਿੰਦਾ ਹੈ। ਇਸੇ ਸਥਿਤੀ ਵਿਚ ਉਹ ਸਰਵਪੱਖੀ ਵਿਕਾਸ ਕਰਦਾ ਹੈ ਅਤੇ ਧਰਮ ਦੀ ਸਥਾਪਨਾ ਹਿੱਤ ਹਮੇਸ਼ਾ ਯਤਨਸ਼ੀਲ ਰਹਿੰਦਾ ਹੈ। ਇਸ ਤਰ੍ਹਾਂ ਮਨੁੱਖੀ ਸਮਾਜ ਨੂੰ ਸੰਗਠਿਤ ਤੇ ਵਿਕਾਸਸ਼ੀਲ ਬਣਾਉਣ ਲਈ ਇਹ ਰਾਜੇ ਦਾ

ਧਰਮ ਹੈ ਕਿ ਉਹ ਸੁਚੱਜੇ ਢੰਗਾਂ ਅਤੇ ਨਿਯਮਾਂ ਦੀ ਪਾਲਣਾ ਕਰਦਿਆਂ ਆਪਣੇ ਰਾਜ ਨੂੰ ਆਰਥਿਕ ਤੌਰ 'ਤੇ ਸ਼ਕਤੀਸ਼ਾਲੀ ਬਣਾ ਕੇ ਰੱਖੇ ਤਾਂ ਜੋ ਉਸਦੀ ਪਰਜਾ ਧਰਮ ਦੀ ਪਾਲਣਾ ਕਰ ਸਕੇ। ਇਸ ਪ੍ਰਕਾਰ ਧਰਮ ਇਕ ਚੰਗੇ ਰਾਜ-ਪ੍ਰਬੰਧ ਨੂੰ ਚਲਾਉਣ ਦਾ ਨਾਂ ਵੀ ਹੈ, ਭਾਵ ਇਹ ਕਿ ਰਾਜਾ ਆਪਣੀ ਪਰਜਾ ਪ੍ਰਤੀ ਕਿਹੜੀ ਨੀਤੀ ਧਾਰਨ ਕਰਦਾ ਹੈ। ਜਿਸ ਨਾਲ ਧਰਮ ਦੀ ਪਛਾਣ ਬਣੀ ਰਹੇ ਅਤੇ ਸਮਾਜ ਦੀ ਸੁਰੱਖਿਆ ਹਰ ਪੱਖੋਂ ਯਕੀਨੀ ਬਣੀ ਰਹੇ। ਸੁਰੱਖਿਅਤ ਸਮਾਜ ਵਿਚ ਹੀ ਮਨੁੱਖ ਆਪਣੇ ਅਨੁਭਵਾਂ ਅਤੇ ਵਿਚਾਰਾਂ ਦਾ ਪ੍ਰਗਟਾਵਾ ਕਰ ਸਕਦਾ ਹੈ ਅਤੇ ਮਨੁੱਖੀ ਹੋਂਦ ਬਣੀ ਰਹਿੰਦੀ ਹੈ। ਸਮਾਜਕ ਸਥਿਤੀ ਨਿਰੰਤਰ ਵਿਕਾਸ ਦੇ ਵਲ ਕਦਮ ਵਧਾਉਂਦੀ ਹੈ। ਇਸ ਦੇ ਨਾਲ ਹੀ 'ਧਰਮ' ਸਮਾਜ ਨੂੰ ਸੁਚੱਜੇ ਢੰਗ ਨਾਲ ਚਲਾਉਣ ਵਾਲੀ ਇਕ ਵਿਵਸਥਾ ਹੈ। ਇਸ ਲਈ ਆਮ ਕਰਕੇ ਕਿਸੇ ਵਿਸ਼ੇਸ਼ 'ਕਰਮ-ਕਾਂਡ ਜਾਂ ਰਹਿਣੀ-ਸਹਿਣੀ ਨਾਲ ਸੰਬੰਧਿਤ ਕਿਸੇ ਵਿਤਕਰੇ ਨੂੰ ਕੋਈ ਥਾਂ ਨਹੀਂ।[46] ਸਮਾਜਕ ਪਤਨ ਦਾ ਮੁੱਖ ਕਾਰਨ ਮਨੁੱਖੀ ਸਮਾਜ ਦਾ ਅਤੇ ਪ੍ਰਬੰਧਕ ਦਾ ਧਰਮ ਦੀ ਪਾਲਣਾ ਨਾ ਕਰਨਾ ਹੁੰਦੀ ਹੈ। ਮਨੁੱਖੀ ਯੋਗਤਾ 'ਤੇ ਆਧਾਰਿਤ ਸਮਾਜਕ ਜ਼ੁੰਮੇਵਾਰੀ ਸੌਂਪਣੀ ਅਤੇ ਨਿਭਾਉਣੀ ਧਰਮ ਹੈ। ਸਹੀ ਸਿਧਾਂਤਾਂ ਨੂੰ ਮਨੁੱਖ ਦੁਆਰਾ ਆਪਣੀ ਜ਼ਿੰਦਗੀ ਵਿਚ ਧਾਰਨ ਕਰਕੇ ਉਨ੍ਹਾਂ 'ਤੇ ਚੱਲਣਾ ਧਰਮ ਹੈ। ਧਰਮ ਮਨੁੱਖ ਦੀ ਬੁਨਿਆਦੀ ਲੋੜ ਹੈ। ਇਹ ਮਨੁੱਖੀ ਹੋਂਦ ਦਾ ਧੁਰਾ ਹੈ। ਪੁਰਾਤਨ ਧਰਮ ਜ਼ਿੰਦਗੀ ਅਤੇ ਸੰਸਾਰ ਦੇ ਬਾਰੇ ਇਸ ਧਰਤੀ 'ਤੇ ਜਿਉਣ ਲਈ ਮੂਲਭੂਤ ਵਿਚਾਰ ਹੀ ਹਨ।[47] ਜੋ ਕਿ ਵੱਖ-ਵੱਖ ਸਮੇਂ ਤੇ ਸਮਾਜਕ ਸੰਗਠਨਤਾ ਨੂੰ ਬਣਾਈ ਰੱਖਣ ਵਿਚ ਯੋਗ ਸਿੱਧ ਹੁੰਦੇ ਹਨ।

'ਧਰਮ ਇਕ ਵਿਸਤ੍ਰਿਤ ਮਦ ਹੈ ਇਸ ਵਿਚ ਮਨੁੱਖ ਦੀਆਂ ਉਹ ਸਾਰੀਆਂ ਗਤੀਵਿਧੀਆਂ ਸੰਮਲਿਤ ਹੁੰਦੀਆਂ ਹਨ ਜਿਹੜੀਆਂ ਕਿ ਉਸਨੂੰ ਉਸਾਰੂ ਢੰਗ ਨਾਲ ਜਿਉਣ ਲਈ ਨਿਸ਼ਚਿਤ ਵਸਤੂ ਦੀ ਤਰਤੀਬ ਯੋਜਨਾ ਅਧੀਨ ਜ਼ਰੂਰੀ ਹਨ। ਇਹ ਬ੍ਰਹਿਮੰਡੀ ਰੀਤਾਂ ਦੀ ਪਾਲਣਾ ਕਰਨ ਦੀ ਪ੍ਰੀਕਿਰਿਆ ਹੈ ਜਿਹੜੀਆਂ ਕਿ ਚੰਗੀਆਂ ਹਨ ਅਤੇ ਭੰਗ ਨਹੀਂ ਹੁੰਦੀਆਂ।'[48] ਇਸ ਦੇ ਚੰਗੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

ਆਧੁਨਿਕ ਕਾਲ ਦੇ ਪ੍ਰਸਿੱਧ ਚਿੰਤਕ ਡਾ. ਰਾਧਾਕ੍ਰਿਸ਼ਨਨ ਲਿਖਦੇ ਹਨ 'ਧਰਮ ਸੰਪੂਰਨ ਜੀਵਨ ਦੀ ਪੱਧਤੀ ਹੈ। ਇਹ ਨਾਸ਼ਮਾਨਤਾ ਵਿਚ ਅਬਿਨਾਸ਼ੀ ਅਤੇ ਅਸਥਾਈ ਵਿਚ ਸਥਾਈ ਦੀ ਖੋਜ ਹੈ। ਧਰਮ ਜੀਵਨ ਦਾ ਸੁਭਾਅ ਹੈ। ਅਜਿਹਾ ਨਹੀਂ ਹੋ ਸਕਦਾ ਕਿ ਅਸੀਂ ਕੁਝ ਕਾਰਜ ਤਾਂ ਧਰਮ ਦੀ ਹੋਂਦ ਵਿਚ ਕਰੀਏ ਤੇ ਬਾਕੀ ਕਾਰਜਾਂ ਸਮੇਂ ਉਸ ਨੂੰ ਭੁਲਾ ਦਈਏ। ਧਰਮ ਗਿਆਨ ਅਤੇ ਵਿਸ਼ਵਾਸ ਤੋਂ ਵੱਧ ਕਰਮ ਅਤੇ ਆਚਰਣ ਵਿਚ ਵਸਦਾ ਹੈ। ਜੇ ਅਸੀਂ ਈਸ਼ਵਰ ਦੀ ਹੋਂਦ ਵਿਚ ਵਿਸ਼ਵਾਸ ਰਖਦੇ ਹਾਂ ਤਾਂ ਸਾਡੇ ਆਚਰਣ ਵਿਚੋਂ ਇਸ ਵਿਚ ਵਿਸ਼ਵਾਸ ਦਾ ਪ੍ਰਮਾਣ ਮਿਲਣਾ ਹੀ ਚਾਹੀਦਾ ਹੈ।'[49] ਇਸ ਲਈ ਧਰਮ ਦੀ ਅਧਿਆਤਮਿਕਤਾ ਨੂੰ ਪਛਾਣਨਾ ਜ਼ਰੂਰੀ ਹੈ ਜਿਹੜੀ ਕਿ ਮਨੁੱਖ ਦੇ ਉੱਚੇ-ਸੁੱਚੇ ਆਚਰਣ ਅਤੇ ਸ਼ੁਭ ਕਰਮਾਂ ਵਿਚ ਵਸਦੀ ਹੈ। ਇਹੀ ਧਰਮ ਦਾ ਅਸਲੀ ਸਾਰ ਹੈ।

ਜਿੱਥੇ ਧਰਮ ਦੇ ਸਹੀ ਸਰੂਪ ਦੀ ਪਛਾਣ ਦੇ ਲਈ ਨਿਯਮਾਂ ਤੇ ਸਿਧਾਂਤਾਂ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ। ਉੱਥੇ ਹੀ ਅਜਿਹਾ ਧਰਮ ਨਿਰੰਤਰ ਵਿਕਾਸ ਕਰਦਾ ਹੈ। ਇਸ ਪ੍ਰਕਾਰ ਧਰਮ ਇਕ ਵਿਆਪਕ ਵਰਤਾਰਾ ਹੈ। ਜਿਸ ਵਿਚ ਮਨੁੱਖ ਦੇ ਸਮਾਜ ਵਿਚ ਜਿਉਣ ਦੇ ਲਈ ਨਾ ਸਿਰਫ਼ ਸਮਾਜਕ, ਆਰਥਕ ਅਤੇ ਨੈਤਿਕ ਫ਼ਰਜ਼ ਹੀ ਸ਼ਾਮਲ ਹੁੰਦੇ ਹਨ ਸਗੋਂ ਇਨ੍ਹਾਂ ਫ਼ਰਜ਼ਾਂ ਨਾਲੋਂ ਵੱਧ ਡੂੰਘੇ ਅਰਥ ਸ਼ਾਮਿਲ ਹੁੰਦੇ ਹਨ ਕਿਉਂਕਿ ਧਰਮ ਦਾ ਮਨੋਰਥ ਮਨੁੱਖਾਂ ਵਿਚਕਾਰ ਆਪਸੀ ਭਾਈਚਾਰਕ ਸਾਂਝ ਪੈਦਾ ਕਰਨਾ ਹੈ। ਸੋ ਆਪਣੇ ਰੋਜ਼ਾਨਾਂ ਜੀਵਨ ਅਤੇ ਸਮਾਜਕ ਰਿਸ਼ਤਿਆਂ ਵਿਚ ਜਿਸ ਸਿਧਾਂਤ ਦੀ ਪਾਲਣਾ ਕਰਨੀ ਹੁੰਦੀ ਹੈ। ਉਨ੍ਹਾਂ ਨੂੰ ਨਿਰਧਾਰਨ ਕਰਨ ਵਾਲੇ ਅੰਸ਼ ਨੂੰ ਧਰਮ ਕਿਹਾ ਜਾਂਦਾ ਹੈ।

ਬਾਹਰੀ ਰੂਪ ਵਿਚ ਧਰਮ ਜਿੱਥੇ ਇਕ ਸਮਾਜਕ ਕਿਰਿਆ ਹੈ ਉੱਥੇ ਅੰਤਰੀਵੀ ਰੂਪ ਵਿਚ ਇਹ 'ਮਨੋਵਿਗਿਆਨ ਦੀ ਤਰ੍ਹਾਂ ਇਕ ਜਟਿਲ ਮਾਨਸਿਕ ਕਿਰਿਆ ਹੈ, ਕਿਉਂਕਿ ਮਸਤਕ ਦਾ ਕੋਈ ਵੀ ਇਕ ਅੰਗ ਉਸਦੀ ਵਿਆਖਿਆ ਕਰਨ ਵਿਚ ਅਸਮਰਥ ਹੈ। ਧਰਮ ਦੇ ਲਈ ਤਿੰਨ ਜ਼ਰੂਰੀ ਤੱਤਾਂ ਦਾ-ਬੁੱਧੀ (Knowing of reason), ਭਾਵਨਾ (Feeling or affective

Element), ਅਤੇ ਕਿਰਿਆ (Willing or Conative Element) ਰਹਿਣਾ ਅਤਿ ਜ਼ਰੂਰੀ ਹੈ।'[50] ਇਸ ਪ੍ਰਕਾਰ ਧਰਮ ਦਾ ਸੰਬੰਧ ਮਨੁੱਖ ਦੇ ਅੰਤਰੀਵੀ ਜੀਵਨ ਦੇ ਨਾਲ ਵੀ ਹੈ। ਜਿਸ ਵਿਚ ਅਸੀਂ ਉਪਰੋਕਤ ਤਿੰਨਾਂ ਤੱਤਾਂ ਦਾ ਸੁਮੇਲ ਦੇਖਦੇ ਹਾਂ। ਇਸ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਧਰਮ ਈਸ਼ਵਰ ਪ੍ਰਤੀ ਵਿਅਕਤੀ ਦੀ ਸੰਪੂਰਨ ਪ੍ਰੀਕਿਰਿਆ ਹੈ। ਇਸ ਵਿਚ ਮਨੁੱਖ ਈਸ਼ਵਰ ਦੇ ਸੰਬੰਧ ਵਿਚ ਆਪਣੀ ਬੁੱਧੀ ਅਤੇ ਵਿਵੇਕ ਦੀ ਸਹਾਇਤਾ ਨਾਲ ਖੋਜ ਕਰਦਾ ਹੈ। ਉਸਨੂੰ ਅਨੁਭਵ ਕਰਦਾ ਹੈ ਅਤੇ ਅਨੁਭੂਤੀਆਂ ਨੂੰ ਬਾਹਰੀ ਕਿਰਿਆਵਾਂ ਦੀ ਸਹਾਇਤਾ ਨਾਲ ਵਿਅਕਤ ਕਰਦਾ ਹੈ। ਇਸ ਤਰ੍ਹਾਂ ਉਸਦੇ ਮਨ ਵਿਚ ਈਸ਼ਵਰ ਦੇ ਪ੍ਰਤੀ ਇਕ ਵਿਚਾਰ ਬਣ ਜਾਂਦਾ ਹੈ। ਇਸ ਵਿਚਾਰ ਦੀ ਪ੍ਰਪੱਕਤਾ ਦੇ ਲਈ ਦ੍ਰਿੜ ਨਿਸ਼ਚਾ ਉਤਪੰਨ ਹੁੰਦਾ ਹੈ। ਇਸ ਪ੍ਰਤੀ ਉਹ ਆਪਣਾ ਵਿਸ਼ਵਾਸ ਕਾਇਮ ਰੱਖਦਾ ਹੋਇਆ ਸ਼ਰਧਾਪੂਰਵਕ ਉਪਾਸ਼ਨਾ ਕਰਦਾ ਹੈ। ਇਹ ਧਰਮ ਆਚਾਰ ਉਸਨੂੰ ਦ੍ਰਿਸ਼ਟ ਜਗਤ ਨਾਲ ਜੋੜ ਕੇ ਰੱਖਦਾ ਹੈ। ਡਾ. ਹਰਿੰਦਰ ਪ੍ਰਸਾਦ ਸਿਨਹਾ ਲਿਖਦੇ ਹਨ ਕਿ ਧਰਮ ਦੇ ਦੋ ਮੁਖ ਅੰਗ ਹਨ, ਆਤਮਨਿਸ਼ਠ ਅਤੇ ਵਸਤੂਨਿਸ਼ਠ (Subjective and Objective)। ਧਰਮ ਦੇ ਲਈ ਜ਼ਰੂਰੀ ਹੈ ਕਿ ਦੋ ਤੱਤ ਹੋਣ- ਇਕ ਪੂਜਾ ਦਾ ਵਿਸ਼ਾ ਅਰਥਾਤ ਬਾਹਰੀ ਤੱਤ (Objective Aspect, e. g. God) ਅਤੇ ਦੂਸਰਾ ਉਪਾਸ਼ਕ ਅਰਥਾਤ ਉਹ ਜੋ ਬਾਹਰੀ ਤੱਤ ਦੀ ਉਪਾਸ਼ਨਾ ਕਰਦਾ ਹੋਵੇ। ਆਂਤਰਿਕ ਤੱਤ (Subjective Aspect) ਵਿਚ ਅਸੀਂ ਵਿਵੇਕ, ਅਨੁਭਵ ਅਤੇ ਬਾਹਰੀ ਕਿਰਿਆਵਾਂ ਦਾ ਯੋਗ ਪਾਉਂਦੇ ਹਾਂ ਅਤੇ ਬਾਹਰੀ ਤੱਤ (Objective Aspect) ਵਿਚ ਅਸੀਂ ਇਕ ਅਦ੍ਰਿਸ਼ਟ ਸੱਤਾ ਅਰਥਾਤ ਈਸ਼ਵਰ ਦੀ ਕਲਪਨਾ ਕਰਦੇ ਹਾਂ ਜਿਸ ਦੀ ਅਰਾਧਨਾ ਹੁੰਦੀ ਹੈ। ਈਸ਼ਵਰ ਧਰਮ ਦਾ ਕੇਂਦਰੀ ਬਿੰਦੂ ਹੈ। ਈਸ਼ਵਰ ਦੇ ਅਭਾਵ ਨਾਲ ਧਰਮ ਦਾ ਵਿਕਾਸ ਸੰਭਵ ਨਹੀਂ ਹੈ।[51] ਈਸ਼ਵਰ ਨੂੰ ਦਿਆਵਾਨ, ਕ੍ਰਿਪਾ ਕਰਤਾ, ਸ਼੍ਰਿਸ਼ਟੀ ਨਿਰਮਾਤਾ ਅਤੇ ਉਸਦਾ ਰੱਖਿਅਕ ਕਲਪਿਆ ਗਿਆ ਹੈ। ਈਸ਼ਵਰ ਆਪਣੇ ਉਪਾਸ਼ਕਾਂ ਨੂੰ ਪਿਆਰ ਕਰਦਾ ਹੈ। ਇਸ ਤਰ੍ਹਾਂ ਉਪਾਸ਼ਕ ਦੇ ਮਨ ਵਿਚ ਆਪਣੇ ਸੱਚੇ ਈਸ਼ਵਰ ਦੇ ਪ੍ਰਤੀ ਸ਼ਰਧਾ, ਭੈ, ਆਤਮ ਸਮਰਪਣ ਦੀ ਭਾਵਨਾ ਬਣੀ ਰਹਿੰਦੀ ਹੈ। ਜੋ ਉਸਨੂੰ ਅਨੰਦਤ ਕਰਦੀ ਹੈ। 'ਧਰਮ ਵਿਚ ਬਹੁਤ ਸਾਰੀਆਂ ਗੱਲਾਂ ਹੁੰਦੀਆਂ ਹਨ।

ਆਤਮਾ-ਪਰਮਾਤਮਾ ਦਾ ਸੰਬੰਧ, ਇਹ ਜੀਵਨ ਅਤੇ ਇਸ ਦੀ ਸਮਾਪਤੀ ਤੋਂ ਪਿੱਛੋਂ ਦੇ ਜੀਵਨ, ਇਹ ਸਭ ਧਰਮ ਦੇ ਅੰਤਰਗਤ ਆਉਂਦੇ ਹਨ, ਜਿੱਥੇ ਆਤਮਾ-ਪਰਮਾਤਮਾ ਦੀਆਂ ਗੱਲਾਂ ਹਨ। ਧਰਮ ਦਾ ਪਹਿਲਾ ਹਿੱਸਾ ਰਾਜ ਦੇ ਨਾਲ ਸੰਬੰਧ ਨਹੀਂ ਰੱਖਦਾ। ਇਸ ਲੋਕ ਦਾ ਵਿਵਹਾਰ, ਸਤਿ, ਪ੍ਰੇਮ, ਤਿਆਗ ਆਦਿ ਦੇ ਸਿਧਾਂਤ ਇਹ ਧਰਮ ਦਾ ਦੂਸਰਾ ਹਿੱਸਾ ਹੈ। ਇਸ ਦਾ ਸੰਬੰਧ ਰਾਜ ਨਾਲ ਹੈ।'[52]

ਮੱਧਕਾਲ ਵਿਚ ਧਰਮ ਦਾ ਸਰੂਪ ਬਿਲਕੁਲ ਬਦਲ ਚੁੱਕਾ ਸੀ। ਇਹ ਕੇਵਲ ਬਾਹਰੀ ਅਡੰਬਰਾਂ, ਕਰਮ-ਕਾਂਡਾਂ, ਜਾਤ-ਪਾਤ ਅਤੇ ਵਰਣ ਅਵਸਥਾ ਦੇ ਕਠੋਰ ਬੰਧਨਾਂ ਵਿਚ ਘਿਰਿਆ ਹੋਇਆ ਸੀ। ਮੁਸਲਮਾਨੀ ਸ਼ਾਸਕ ਤਲਵਾਰ ਦੇ ਜ਼ੋਰ 'ਤੇ ਧਰਮ ਸਥਾਪਤ ਕਰਨਾ ਚਾਹੁੰਦੇ ਸਨ। ਜਿਸ ਦੇ ਪ੍ਰਤੀਉੱਤਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਦੇ ਸੱਚੇ ਸਰੂਪ ਨੂੰ ਆਪਣੀ ਪਵਿੱਤਰ ਬਾਣੀ 'ਜਪੁਜੀ ਸਾਹਿਬ' ਦੀ 16ਵੀਂ ਪਉੜੀ ਵਿਚ ਇਸ ਤਰ੍ਹਾਂ ਪ੍ਰਗਟਾਇਆ ਹੈ :

**ਧੌਲੁ ਧਰਮੁ ਦਇਆ ਕਾ ਪੂਤੁ ॥**

**ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥**[53]

ਗੁਰੂ ਨਾਨਕ ਦੇਵ ਜੀ ਨੇ ਇੱਥੇ ਧਰਮ ਦਾ ਅਧਾਰ ਦਇਆ ਨੂੰ ਦੱਸਿਆ ਹੈ ਜੋ ਜੀਵਨ ਦੇ ਸੂਤ ਨੂੰ ਕਾਇਮ ਰੱਖਦੀ ਹੈ। ਉਨ੍ਹਾਂ ਨੇ 'ਜਪੁਜੀ ਸਾਹਿਬ' ਵਿਚ ਮਨੁੱਖੀ ਆਤਮਿਕ ਉੱਨਤੀ ਦੀਆਂ ਅਵਸਥਾਵਾਂ ਦੇ ਪੰਜ ਖੰਡ ਲਿਖੇ ਹਨ। ਪਹਿਲੀ ਆਤਮਕ ਅਵਸਥਾ ਦਾ ਨਾਂ 'ਧਰਮ ਖੰਡ' ਰੱਖਿਆ ਹੈ। ਜਿਸ ਤੋਂ ਮਨੁੱਖ ਦੇ ਆਤਮਕ ਜੀਵਨ ਦੀ ਉਸਾਰੀ ਹੁੰਦੀ ਹੈ। ਇਸ ਵਿਚ ਪ੍ਰਾਕ੍ਰਿਤਕ ਰਚਨਾ ਨੂੰ ਨਿਯਮਬਧ ਦਰਸਾਇਆ ਗਿਆ ਹੈ। ਗੁਰੂ ਜੀ ਫ਼ਰਮਾਉਂਦੇ ਹਨ :

**ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥**

**ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥**[54]

ਇੱਥੇ ਧਰਤੀ ਨੂੰ ਧਰਮਸਾਲ ਕਿਹਾ ਹੈ ਕਿਉਂਕਿ ਇਹ ਧਰਮ ਦਾ ਘਰ ਹੈ ਜਾਂ ਦੂਜੇ ਸ਼ਬਦਾਂ ਵਿਚ ਇਸ ਵਿਚ ਧਰਮ ਵਿਆਪਕ ਹੈ। ਇਹ ਧਰਮ ਕਿਹੜਾ ਹੈ? ਇਹ ਧਰਮ ਉਹ ਨਿਯਮ ਹੈ ਜੋ

ਕਾਲ ਦੇ ਸਭ ਅੰਗਾਂ 'ਰਾਤੀ ਰੁਤੀ ਥਿਤੀ ਵਾਰ' ਉੱਤੇ ਲਾਗੂ ਹੁੰਦਾ ਹੈ।[55] ਇਨ੍ਹਾਂ ਪ੍ਰਾਕ੍ਰਿਤਕ ਨਿਯਮਾਂ ਨੂੰ ਵੇਖ ਕੇ ਮਨੁੱਖ ਆਪਣੀ ਧਾਰਮਕ ਸੁਰਤ ਨੂੰ ਉੱਚੀ ਚੁੱਕਣ ਲਈ, ਅਗਵਾਈ ਲੈਣ ਲਈ ਜੋ ਨਿਯਮ ਬਣਾਉਂਦਾ ਹੈ ਉਹ ਨਿਰੋਲ ਇਖਲਾਕੀ ਹੁੰਦੇ ਹਨ। ਜਿਹੋ ਜਿਹੇ ਮਨੁੱਖ ਕਰਮ ਕਰੇਗਾ ਉਸਦਾ ਉਹੋ ਜਿਹਾ ਹੀ ਫਲ਼ ਜ਼ਰੂਰ ਪ੍ਰਾਪਤ ਹੋਵੇਗਾ। ਪਰਮਾਤਮਾ ਨੇ ਇਸ ਧਰਤੀ ਨੂੰ ਮਨੁੱਖ ਜਾਤੀ ਪ੍ਰਤੀ ਧਰਮ ਕਮਾਵਣ ਦਾ ਸਥਾਨ ਭਾਵ ਕਰਮ ਭੂਮੀ ਬਣਾਇਆ ਹੈ। ਇਹ ਧਰਤੀ ਕਰਮ ਭੂਮੀ ਹੈ, ਕਰਮ ਖੇਤਰ ਹੈ। ਮਨੁੱਖ ਦੇ ਜੀਵਨ ਦਾ ਪਰਮ ਮੰਤਵ ਧਰਮ ਕਮਾਉਣਾ ਹੈ। ਉਸਨੇ ਨੈਤਿਕ ਕਦਰਾਂ-ਕੀਮਤਾਂ ਨੂੰ ਧਾਰਨ ਕਰਕੇ ਜਨ ਕਲਿਆਣੀ ਕਰਮ ਕਰਨੇ ਹਨ। ਗੁਰ ਫ਼ਰਮਾਨ ਹੈ :

**ਏਕੋ ਧਰਮੁ ਦ੍ਰਿੜੈ ਸਚੁ ਕੋਈ ॥**

**ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥**[56]

ਜੇ ਕੋਈ ਸਚਾਈ ਨੂੰ ਸਮਝੇ ਤਾਂ ਧਰਮ ਸਦਾ ਇਕੋ ਹੀ ਹੈ; ਗੁਰੂ ਦੀ ਸਿੱਖਿਆ ਅਨੁਸਾਰ ਪੂਰਾ ਪ੍ਰਭੂ ਹਰ ਜੁਗ ਵਿਚ ਇਕੋ ਜਿਹਾ ਰਹਿੰਦਾ ਹੈ।

ਗੁਰੂ ਅੰਗਦ ਦੇਵ ਜੀ ਨੇ ਸਮੁੱਚੀ ਮਨੁੱਖਤਾ ਨੂੰ ਕੇਵਲ ਇਕੋ ਧਰਮ ਧਾਰਨ ਕਰਨ ਲਈ ਕਿਹਾ ਹੈ। ਉਹ ਹੈ ਨਾਮ ਸਿਮਰਨ ਦਾ ਧਰਮ। ਗੁਰੂ ਜੀ ਫ਼ਰਮਾਉਂਦੇ ਹਨ :

**ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥**

**ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥**[57]

ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ :

**ਨਹ ਬਿਲੰਬ ਧਰਮੰ ਬਿਲੰਬ ਪਾਪੰ ॥ ਦ੍ਰਿੜੰਤ ਨਾਮੰ ਤਜੰਤ ਲੋਭੰ ॥**

**ਸਰਣਿ ਸੰਤੰ ਕਿਲਬਿਖ ਨਾਸੰ ਪ੍ਰਾਪਤੰ ਧਰਮ ਲਖੵਿਣ ॥**[58]

ਭਾਵ ਇਹ ਹੈ ਕਿ ਧਰਮ ਕਰਨ ਵਿਚ ਦੇਰੀ ਨਾ ਕਰੋ, ਪਾਪ ਕਰਨਵਿਚ ਢਿਲ ਕਰੋ। ਨਾਮ ਨੂੰ ਦ੍ਰਿੜ ਕਰਕੇ, ਲੋਭ ਨੂੰ ਤਿਆਗਕੇ ਅਤੇ ਗੁਰਮੁਖਾਂ ਦੀ ਸੰਗਤ ਕਰਕੇ ਪਾਪਾਂ ਦਾ ਨਾਸ਼ ਹੁੰਦਾ ਹੈ।

ਇਹ ਹੀ ਧਰਮ ਪ੍ਰਾਪਤੀ ਦੇ ਲੱਛਣ ਹਨ। ਗੁਰੂ ਅਰਜਨ ਦੇਵ ਜੀ ਧਰਮ ਦੇ ਸੱਚੇ ਸਰੂਪ ਨੂੰ 'ਸੁਖਮਨੀ ਸਾਹਿਬ' ਵਿਚ ਇਸ ਵੀਚਾਰ ਨੂੰ ਇਸ ਤਰ੍ਹਾਂ ਪ੍ਰਗਟਾਉਂਦੇ ਹਨ :

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥**

**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥**[59]

ਗੁਰੂ ਜੀ ਨੇ ਉੱਤਮ ਅਤੇ ਸੱਚਾ ਧਰਮ ਹਰੀ-ਭਗਵਾਨ ਦਾ ਨਾਮ-ਸਿਮਰਨ ਕਰਨ ਅਤੇ ਸ਼ੁਭ ਆਚਾਰ ਦਾ ਵਿਸ਼ਵਾਸੀ ਅਤੇ ਅਨੁਯਾਈ ਹੋਣ ਨੂੰ ਕਿਹਾ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਹੈ ਕਿ ਸੰਸਾਰੀ ਕਰਮ ਧਰਮ ਆਦਿ ਛੱਡ ਕੇ ਸਿਰਫ਼ ਇਕ ਪਾਰਬ੍ਰਹਮ ਪਰਮਾਤਮਾ ਨੂੰ ਪਾਉਣਾ ਹੀ ਮਨੁੱਖ ਦੇ ਲਈ ਸੱਚਾ ਪਰਮ ਧਰਮ ਹੈ। ਸਭ ਤੋਂ ਸ਼੍ਰੇਸ਼ਟ ਧਰਮ ਪਰਮਾਤਮਾ ਦਾ ਨਾਮ-ਸਿਮਰਨ ਕਰਕੇ ਪਵਿੱਤਰ ਆਚਰਣ ਨੂੰ ਧਾਰਨ ਕਰਨਾ ਹੈ। ਧਰਮ ਕੇਵਲ ਪਰਾਲੌਕਿਕ ਸੁੱਖ ਪ੍ਰਾਪਤੀ ਦਾ ਸਾਧਨ ਹੀ ਨਹੀਂ ਰਹਿ ਜਾਂਦਾ ਬਲਕਿ ਜੀਵਨ ਨੂੰ ਸੁਖੀ ਤੇ ਸਫ਼ਲ ਬਣਾਉਣ ਅਤੇ ਸੰਸਾਰਕ ਉੱਨਤੀ ਲਈ ਸਹਾਇਕ ਵੀ ਬਣ ਜਾਂਦਾ ਹੈ। ਧਰਮ ਮਨੁੱਖ ਦੇ ਸਨਮੁੱਖ ਅੰਤਮ, ਅਸੀਮ ਅਤੇ ਪਰਮ ਹਸਤੀ ਦਾ ਸੰਕਲਪ ਵੀ ਪੇਸ਼ ਕਰਦਾ ਹੈ। ਇਸ ਨੂੰ ਅਟੱਲ ਸਚਾਈਆਂ ਦੇ ਸੰਗਠਨ ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ। ਮਨੁੱਖ ਨੇ ਪਰਮਾਤਮਾ ਦੀ ਕਲਪਨਾ ਕਰਦੇ ਹੋਏ ਯਥਾਰਥ ਵਿਚ ਸੰਪੂਰਨ ਅਤੇ ਉੱਤਮਤਾ ਦਾ ਇਕ ਉੱਚਤਮ ਆਦਰਸ਼ ਸਿਰਜਿਆ ਹੈ। ਇਸ ਉੱਚਤਮ ਆਦਰਸ਼ ਨੇ ਮਨੁੱਖ ਦੇ ਸਵੈ ਦਾ ਸਮੁੱਚਾ ਵਿਕਾਸਮਈ ਅੰਤਰੀਵੀ ਅਤੇ ਬਾਹਰੀ ਵਾਤਾਵਰਣ ਸਿਰਜਣਾ ਹੁੰਦਾ ਹੈ।

ਗੁਰਮਤਿ ਦੇ ਅਨੁਸਾਰ ਧੀਰਜ ਹੀ ਧਰਮ ਦਾ ਆਧਾਰ ਹੈ ਜੋ ਮਨੁੱਖੀ ਹਿਰਦੇ ਵਿਚ ਨਿਰਮਲ ਭਾਵ ਪੈਦਾ ਕਰਦਾ ਹੈ। ਮਨੁੱਖ ਧੀਰਜਵਾਨ ਹੋ ਕੇ ਪ੍ਰਭੂ ਦੇ ਨਾਲ ਜੁੜਦਾ ਹੈ। ਉਸਦੇ ਅੰਦਰੋਂ ਹੰਕਾਰ ਰੂਪੀ ਮੈਲ ਦੂਰ ਹੋ ਜਾਂਦੀ ਹੈ। ਫਿਰ ਉਹ ਹਰੀ ਨਾਮ ਦਾ ਗੁਣਗਾਣ ਕਰਦਿਆਂ ਸੱਚੇ ਧਰਮ ਨੂੰ ਪਛਾਣ ਲੈਂਦਾ ਹੈ :

**ਗੁਰਮਤਿ ਧਰਮ ਧੀਰਜੁ ਹਰਿ ਨਾਇ ॥**

**ਨਾਨਕ ਨਾਮੁ ਮਿਲੈ ਗੁਣ ਗਾਇ ॥**[60]

ਗੁਰਮਤਿ ਵਿਚਾਰਧਾਰਾ ਦੇ ਅਨੁਸਾਰ ਧਰਮ ਨੂੰ ਇੱਕ ਸੱਚੇ ਮਾਰਗ ਦੇ ਤੌਰ 'ਤੇ ਵੀ ਮੰਨਿਆ ਗਿਆ ਹੈ। ਕਲਯੁਗ ਵਿਚ ਮਨੁੱਖ ਨਾਮ ਰੂਪੀ ਬੇੜੀ 'ਤੇ ਸਵਾਰ ਹੋ ਕੇ ਵਿਸ਼ੇ-ਵਿਕਾਰਾਂ ਜਿਹੇ ਇਸ ਲੋਕ ਦੇ ਸਾਗਰ ਤੋਂ ਪਾਰ ਉਤਰ ਸਕਦਾ ਹੈ। ਭਾਵ ਇਹ ਕਿ ਮਨੁੱਖ ਧਰਮ ਨੂੰ ਨਿਭਾਉਂਦਾ ਹੋਇਆ ਉੱਚ ਚਰਿੱਤਰ ਦਾ ਨਿਰਮਾਣ ਕਰੇ :

**ਕਲਿਜੁਗ ਕਾ ਧਰਮੁ ਕਹਹੁ ਤੁਮ ਭਾਈ ਕਿਵ ਛੂਟਹ ਹਮ ਛੁਟਕਾਕੀ ॥**

**ਹਰਿ ਹਰਿ ਜਪੁ ਬੇੜੀ ਹਰਿ ਤੁਲਹਾ ਹਰਿ ਜਪਿਓ ਤਰੈ ਤਰਾਕੀ ॥**[61]

ਸਿੱਖ ਚਿੰਤਨ ਦੇ ਅਨੁਸਾਰ ਮਨੁੱਖ ਨੂੰ ਸਹੀ ਧਰਮ ਦੀ ਪਛਾਣ ਸਾਧ ਸੰਗਤ ਵਿਚ ਰਹਿ ਕੇ ਹੀ ਹੁੰਦੀ ਹੈ। ਜਿੱਥੇ ਉਹ ਪ੍ਰਭੂ ਦਾ ਜਸ ਗਾਉਂਦਾ ਹੈ। ਉਸਦੇ ਜੀਵਨ ਵਿਚ ਸਹਿਜਤਾ ਆਉਂਦੀ ਹੈ ਅਤੇ ਹਰ ਸੁੱਖ ਮਾਣਦਾ ਹੈ। ਉਸਨੂੰ ਨਾਮ ਸਿਮਰਨ ਕਰਦਿਆਂ ਕਦੇ ਵੀ ਨਰਕ ਨਹੀਂ ਦੇਖਣਾ ਪੈਂਦਾ। ਧਰਮ ਰਾਜ ਉਸਨੂੰ ਸਤਿਕਾਰ ਦਿੰਦਾ ਹੈ। ਜਮਦੂਤ ਉਸ ਤੋਂ ਦੂਰ ਭੱਜ ਜਾਂਦੇ ਹਨ। ਪਰਮਾਤਮਾ ਦੀ ਕਿਰਪਾ ਨਾਲ ਉਹ ਮੋਹ ਮਾਇਆ ਜਿਹੇ ਵਿਸ਼ੇ-ਵਿਕਾਰਾਂ ਤੋਂ ਬਚ ਜਾਂਦਾ ਹੈ। ਪਰਮਾਤਮਾ ਜਿਨ੍ਹਾਂ ਨੂੰ ਗੁਰੂ ਦੇ ਰਾਹੀਂ ਆਪਣੇ ਨਾਲ ਮਿਲਾਉਂਦਾ ਹੈ। ਉਨ੍ਹਾਂ ਨੂੰ ਆਪਣੇ ਨਾਲ ਲਾਉਂਦਾ ਹੈ। ਉਹ ਨਾਮ ਜਪਕੇ ਮੋਹ ਮਾਇਆ ਦੀ ਤ੍ਰਿਸ਼ਨਾ ਵੱਲੋਂ ਨਿਰਲੇਪ ਹੋ ਜਾਂਦੇ ਹਨ। ਨਾਨਕ ਬੇਨਤੀ ਕਰਦਾ ਹੈ ਕਿ ਅਜਿਹੇ ਮਨੁੱਖ ਹੀ ਪ੍ਰਭੂ ਦਾ ਨਾਮ ਸਿਮਰਕੇ ਆਪਣੀਆਂ ਮੁਰਾਦਾਂ ਪੂਰੀਆਂ ਕਰ ਲੈਂਦੇ ਹਨ :

**ਨਰਕ ਨ ਡੀਠੜਿਆ ਸਿਮਰਤ ਨਾਰਾਇਣ ॥**

**ਜੈ ਜੈ ਧਰਮੁ ਕਰੇ ਦੂਤ ਭਏ ਪਲਾਇਣ ॥**

**ਧਰਮ ਧੀਰਜ ਸਹਜ ਸੁਖੀਏ ਸਾਧਸੰਗਤਿ ਹਰਿ ਭਜੇ ॥**

**ਕਰਿ ਅਨੁਗ੍ਰਹੁ ਰਾਖਿ ਲੀਨੇ ਮੋਹ ਮਮਤਾ ਸਭ ਤਜੇ ॥**

**ਗਹਿ ਕੰਠਿ ਲਾਏ ਗੁਰਿ ਮਿਲਾਏ ਗੋਵਿੰਦ ਜਪਤ ਅਘਾਇਣ ॥**

**ਬਿਨਵੰਤਿ ਨਾਨਕ ਸਿਮਰਿ ਸੁਆਮੀ ਸਗਲ ਆਸ ਪੁਜਾਇਣ ॥**[62]

ਸੇਖ ਫ਼ਰੀਦ ਸੱਚੇ ਧਰਮ ਨੂੰ ਸਪਸ਼ਟ ਕਰਦਿਆਂ ਆਖਦੇ ਹਨ ਕਿ ਕੇਵਲ ਸੱਚ ਬੋਲਣਾ ਹੀ ਆਪਣੇ ਜੀਵਨ ਦਾ ਅਸੂਲ ਬਣਾ ਲਵੋ ਅਤੇ ਝੂਠ ਦਾ ਤਿਆਗ ਕਰ ਦੇਵੋ। ਫਿਰ ਅਜਿਹਾ ਮਨੁੱਖ ਹੀ ਗੁਰੂ ਦੇ ਦੱਸੇ ਮਾਰਗ 'ਤੇ ਤੁਰਦਾ ਹੋਇਆ ਮੰਜਲ 'ਤੇ ਸੌਖਾ ਹੀ ਪੁੱਜ ਜਾਂਦਾ ਹੈ :

**ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥**

**ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥**[63]

ਭਗਤ ਨਾਮਦੇਵ ਜੀ ਦੇ ਅਨੁਸਾਰ ਧਰਮ ਦੀ ਪਾਲਣਾ ਕਰਦਿਆਂ (ਭਾਵ ਹਰੀ ਸਿਮਰਨ) ਮਨੁੱਖੀ ਮਨ ਦੇ ਸਾਰੇ ਸੰਸੇ ਮਿਟ ਜਾਂਦੇ ਹਨ। ਸਿਮਰਨ ਦੀ ਮਿਹਰ ਨਾਲ ਸਭ ਸੰਕਟ ਤੇ ਮੁਸੀਬਤਾਂ ਟਲ ਜਾਂਦੀਆਂ ਹਨ। ਪ੍ਰਭੂ ਦਾ ਸਿਮਰਨ ਕਰਨਾ ਹੀ ਉੱਤਮ ਧਰਮ ਹੈ ਜਿਹੜਾ ਮਨੁੱਖੀ ਹਿਰਦੇ ਵਿਸ਼ੇ-ਵਿਕਾਰਾਂ ਨੂੰ ਖ਼ਤਮ ਕਰ ਦਿੰਦਾ ਹੈ। ਸੋ ਹਰੀ ਦਾ ਨਾਮ ਅੰਨ੍ਹੇ ਦੀ ਲਾਠੀ ਵਰਗੇ ਸਹਾਰੇ ਦੀ ਤਰ੍ਹਾਂ ਹੈ :

**ਹਰਿ ਹਰਿ ਕਰਤ ਮਿਟੇ ਸਭਿ ਭਰਮਾ ॥**

**ਹਰਿ ਕੋ ਨਾਮੁ ਲੈ ਊਤਮ ਧਰਮਾ ॥**

**ਹਰਿ ਹਰਿ ਕਰਤ ਜਾਤਿ ਕੁਲ ਹਰੀ ॥**

**ਸੋ ਹਰਿ ਅੰਧੁਲੇ ਕੀ ਲਾਕਰੀ ॥**[64]

ਗੁਰੂ ਅਮਰ ਦਾਸ ਜੀ ਦੇ ਬਚਨਾਂ ਅਨੁਸਾਰ ਇਸ ਜੁਗ ਵਿਚ ਕੇਵਲ ਪ੍ਰਮਾਤਮਾ ਦਾ ਨਾਮ-ਸਿਮਰਨ ਕਰਨਾ ਹੀ ਸੱਚਾ ਧਰਮ ਹੈ। ਇਸ ਤੋਂ ਬਿਨਾ ਹੋਰ ਸਾਰੇ ਧਰਮ ਦੀ ਪ੍ਰਾਪਤੀ ਲਈ ਕਾਰਜ ਕਰਨੇ ਨਿਹਫਲ ਹਨ। ਸੱਚੇ ਧਰਮ ਦੀ ਸੂਝ ਗੁਰ-ਸ਼ਬਦ ਦੇ ਲੜ ਲੱਗਣ ਨਾਲ ਹੀ ਪ੍ਰਾਪਤ ਹੁੰਦੀ ਹੈ ਜੋ ਕਿ ਇਸ ਲੋਕ ਅਤੇ ਪਰਲੋਕ ਵਿਚ ਹੀ ਸਹਾਈ ਹੁੰਦੀ ਹੈ :

**ਇਸੁ ਜੁਗ ਕਾ ਧਰਮੁ ਪੜਹੁ ਤੁਮ ਭਾਈ ॥**

**ਪੂਰੇ ਗੁਰਿ ਸਭ ਸੋਝੀ ਪਾਈ ॥**

**ਐਥੈ ਅਗੈ ਹਰਿ ਨਾਮੁ ਸਖਾਈ ॥**[65]

ਗੁਰੂ ਰਾਮ ਦਾਸ ਜੀ 'ਧਰਮ' ਦੀ ਵਿਆਖਿਆ ਕਰਦੇ ਫਰਮਾਉਂਦੇ ਹਨ ਹਨ ਕਿ ਸੱਚਾ ਸਿੱਖ ਉਹੀ ਹੈ ਜੋ ਹਰ ਰੋਜ਼ ਸਵੇਰੇ ਉੱਠ ਕੇ ਹਰੀ ਦਾ ਨਾਮ ਸਿਮਰਦਾ ਹੈ। ਉੱਦਮ ਕਰਕੇ ਨਾਮ ਰੂਪੀ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦਾ ਹੈ। ਸਤਿਗੁਰ ਦੀ ਸਿੱਖਿਆ ਦੁਆਰਾ ਪ੍ਰਭੂ ਦਾ ਨਾਮ ਜਪ ਕੇ ਉਸਦੇ ਸਾਰੇ ਪਾਪ-ਵਿਕਾਰ ਮਿਟ ਜਾਂਦੇ ਹਨ। ਫਿਰ ਦਿਨ ਚੜ੍ਹਦਿਆਂ ਉਹ ਪਰਮਾਤਮਾ ਦੀ ਬਾਣੀ ਦਾ ਕੀਰਤਨ ਅਤੇ ਨਿੱਤ-ਕਰਮ ਕਰਦਿਆਂ ਨਾਮ ਸਿਮਰਦਾ ਹੈ :

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।**
**ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥**
**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥**
**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥**[66]

ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ ਕਿ ਪ੍ਰਭੂ ਦਾ ਗੁਣ ਗਾਇਨ ਕਰਨਾ ਹੀ ਸਥਿਰ ਧਰਮ ਹੈ। ਜਿਸ ਨੂੰ ਧਾਰਨ ਕਰਕੇ ਮਨੁੱਖੀ ਮਨ ਦੇ ਸਾਰੇ ਸੰਸੇ ਮਿਟ ਜਾਂਦੇ ਹਨ :

**ਤਜਿ ਸਭਿ ਭਰਮ ਭਜਿਓ ਪਾਰਬ੍ਰਹਮ॥**
**ਕਹੁ ਨਾਨਕ ਅਟਲ ਇਹੁ ਧਰਮ॥**[67]

ਮਨੁੱਖ ਨੂੰ ਸੱਚੇ ਧਰਮ ਦੀ ਪਛਾਣ ਕਰਵਾਉਂਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਫਰਮਾਇਆ ਹੈ ਕਿ ਉਹ ਅਨੇਕਾਂ ਮਤਾਂ-ਮਤਾਂਤਰਾਂ ਵਿਚ ਫਸਿਆ ਹੋਇਆ ਹੈ। ਉਸਨੂੰ ਆਪਣੇ ਅਸਲੀ ਧਰਮ ਦੀ ਸੋਝੀ ਨਹੀਂ। ਇੱਥੇ ਅਨੇਕਾਂ ਜੈਨੀ, ਜੋਗੀ ਸੂਰਮੇ ਭਟਕੇ ਫਿਰਦੇ ਹਨ। ਪਰੰਤੂ ਪ੍ਰਭ ਦੀ ਕਿਰਪਾ ਤੋਂ ਬਿਨਾ ਉਹ ਉਸ ਦੇ ਸੱਚੇ ਪ੍ਰੇਮ ਤੋਂ ਵਾਂਝੇ ਹਨ। ਇਸ ਕਰਕੇ ਪ੍ਰਭੂ ਦੀ ਦ੍ਰਿਸ਼ਟੀ ਵਿਚ ਉਨ੍ਹਾਂ ਮੁੱਲ ਰਤੀ ਭਰ ਵੀ ਨਹੀਂ ਪੈਂਦਾ :

**ਸ੍ਰਾਵਗ ਸੁੱਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰ ਜੋਗ ਜਤੀ ਕੇ॥**
**ਸੂਰ ਸੁਰਾਰਦਨ ਸੁੱਧ ਸੁਧਾਦਿਕ ਸੰਤ ਸਮੂਹ ਅਨੇਕ ਮਤੀ ਕੇ॥**
**ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ॥**
**ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ ਏਕ ਰਤੀ ਬਿਨੁ ਏਕ ਰਤੀ ਕੇ॥**[68]

ਧਰਮ ਮਨੁੱਖੀ ਮਨ ਨੂੰ ਇਕ ਵਿਸ਼ੇਸ਼ ਦਿਸ਼ਾ ਵਿਚ ਸੇਧ ਪ੍ਰਦਾਨ ਕਰਦਾ ਹੈ। ਇਸ ਨੂੰ ਵਿਸ਼ੇਸ਼ ਨਿਯਮਾਂ ਵਿਚ ਬੰਨ੍ਹਦਾ ਹੈ ਅਤੇ ਇਕ ਵਿਸ਼ੇਸ਼ ਦ੍ਰਿਸ਼ਟੀਕੋਣ ਤੇ ਰਵੱਈਆ ਦਿੰਦਾ ਹੈ। ਧਰਮ ਦਾ ਮੂਲ ਸਰੋਕਾਰ ਜ਼ਿੰਦਗੀ ਦੇ ਅਰਥ ਦੀ ਤਲਾਸ਼ ਹੈ। ਅਰਥਾਂ ਦੇ ਸਿਲਸਿਲਿਆਂ ਨਾਲ ਆਪਣੇ ਅਨੁਭਵਾਂ ਨੂੰ ਜੋੜ ਕੇ ਮਨੁੱਖ ਪਰਿਵਾਰਕ, ਭਾਈਚਾਰਕ, ਸਮਾਜਕ ਤੇ ਰਾਜਨੀਤਕ ਸੰਬੰਧਾਂ ਦੇ ਪਰਪੰਚ ਉਸਾਰਦਾ ਹੈ ਪਰੰਤੂ ਅਰਥਾਂ ਦੇ ਇਹਨਾਂ ਸਿਲਸਿਲਿਆਂ ਤੇ ਸੰਬੰਧਾਂ ਦੇ ਇਹਨਾਂ ਪਰਪੰਚਾਂ ਦੇ ਬਾਹਰ ਵੀ ਬਹੁਤ ਕੁਝ ਪਿਆ ਰਹਿ ਜਾਂਦਾ ਹੈ ਜੋ ਇਹਨਾਂ ਦੀ ਪਕੜ ਵਿਚ ਨਹੀਂ ਆਉਂਦਾ। ਇਹ ਸਾਰਾ ਖੇਤਰ ਅਰਥ-ਹੀਣਤਾ ਜਾਂ ਅਨਰਥ ਦਾ ਖੇਤਰ ਹੈ। ਧਰਮ ਦਾ ਮੂਲ ਪ੍ਰਯੋਜਨ ਇਸ ਅਨਰਥ ਨੂੰ ਅਰਥਵਾਨ ਬਨਾਉਣ ਦਾ ਹੈ।'[69] ਮਨੁੱਖ ਰੋਗ, ਦੁੱਖ, ਸੰਕਟ, ਡਰ ਅਤੇ ਹੋਰ ਅਨੇਕਾਂ ਪ੍ਰਕਾਰ ਦੇ ਨਕਾਰਤਮਕ ਪਹਿਲੂਆਂ ਤੋਂ ਬਚਣ ਲਈ ਧਰਮ ਦੀ ਸ਼ਰਨ ਲੈਂਦਾ ਹੈ। ਮਨੁੱਖ ਹਮੇਸ਼ਾ ਹੀ ਦੁੱਖਾਂ ਦੀ ਨਵਿਰਤੀ ਅਤੇ ਸੁੱਖਾਂ ਦੀ ਪ੍ਰਾਪਤੀ ਲਈ ਯਤਨਸ਼ੀਲ ਰਹਿੰਦਾ ਹੈ। ਇਹ ਮਨੁੱਖ ਦੇ ਜੀਵਨ ਦਾ ਪ੍ਰਮੁੱਖ ਸਹਾਰਾ ਹੈ। ਧਰਮ ਦੇ ਨਾਲ ਹੀ ਮਨੁੱਖ ਅਤੇ ਉਸਦੇ ਸਮਾਜ ਦੇ ਕਲਿਆਣਕਾਰੀ ਸਰੂਪ ਦੀ ਸਿਰਜਨਾ ਹੁੰਦੀ ਹੈ। ਧਰਮ ਮਨੁੱਖ ਨੂੰ ਉਸਦੇ ਅਸਲੀ ਫ਼ਰਜ਼ਾਂ ਵਲ ਵੀ ਪ੍ਰੇਰਦਾ ਹੈ। ਇਹ ਉਸਨੂੰ ਸਤਿ-ਅਸਤਿ, ਸਹੀ ਅਤੇ ਗ਼ਲਤ ਕੰਮ ਕਿਹੜਾ ਹੈ, ਦੀ ਪਛਾਣ ਕਰਨ ਦੀ ਜਾਚ ਦੱਸਦਾ ਹੈ। ਇਹ ਸੱਚ-ਮੁੱਚ ਹੀ ਮਨੁੱਖੀ ਜੀਵਨ ਦਾ ਪ੍ਰਾਣ ਆਧਾਰ ਹੈ। ਮਨੁੱਖੀ ਆਤਮਾ ਦੀ ਉੱਨਤੀ ਕਰਨਾ, ਉਸਨੂੰ ਨਾਕਾਰਾਤਮਕ ਪ੍ਰਵਿਰਤੀਆਂ ਵਿਰੁੱਧ ਲੜਨ ਦੀ ਸ਼ਕਤੀ ਦੇਣ ਤੋਂ ਇਲਾਵਾ ਦਿਆ, ਖਿਮਾ, ਸਤਿ, ਪਰਉਪਕਾਰ, ਸੇਵਾ, ਦਾਨ ਆਦਿ ਸਦਾਚਾਰਕ ਕੀਮਤਾਂ ਇਸਦੇ ਸਰੂਪ ਨੂੰ ਹੋਰ ਵਿਸਥਾਰਦੀਆਂ ਹਨ। 'ਧਰਮ ਹੀ ਇਕੋ ਇਕ ਅਜੇਹਾ ਸਾਧਨ ਹੈ ਜਿਸ ਦੇ ਸਹਾਰੇ ਅਸੀਂ ਜਗਤ ਵਿਚ ਰਹਿਣ ਦੀ ਜੁਗਤ ਸਿਖਦੇ ਹਾਂ।.. .. ਧਰਮ ਦਾ ਅਸਲੀ ਨਿਸ਼ਾਨਾ ਮਨੁੱਖ ਨੂੰ ਸ਼ਾਂਤੀ, ਜਗਤ-ਇਕਸੁਰਤਾ, ਜੀਵਨ-ਜੁਗਤ ਅਤੇ ਮੁਕਤ-ਅਵਸਥਾ ਦਾ ਅਹਿਸਾਸ ਕਰਵਾਉਣਾ ਹੈ।'[70] ਇਹ ਇਕ ਅਜਿਹਾ ਪ੍ਰਬੰਧ ਹੈ ਜਿਸ ਵਿਚ ਮਨੁੱਖ ਦੀ ਬੁੱਧੀ, ਉਸਦੀ ਸੋਚਣੀ ਤੇ ਕਰਨੀ, ਉਸਦੀ ਨਿੱਜਤਾ ਤੇ ਸਮਾਜਿਕਤਾ ਇਕੋ ਕੇਂਦਰ 'ਤੇ ਇਕਾਗਰ ਹੋ ਜਾਂਦੀ ਹੈ। ਇਹੀ ਕਰਮਸ਼ੀਲਤਾ ਨੂੰ ਸੁਚੱਜਾ ਜੀਵਨ ਜਿਉਣ ਦਾ ਢੰਗ ਦੱਸਦੀ ਹੈ।

ਧਰਮ ਤੋਂ ਬਿਨ੍ਹਾਂ ਮਨੁੱਖੀ ਜੀਵਨ ਦੀ ਸਾਰਥਕਤਾ ਨੂੰ ਨਹੀਂ ਜਾਣਿਆ ਜਾ ਸਕਦਾ। ਧਰਮ ਹੀ ਮਨੁੱਖ ਨੂੰ ਉਸਦੇ ਆਤਮ ਦੀ ਪਛਾਣ ਕਰਾਕੇ ਸਮਾਜ ਹਿੱਤ ਕੁਝ ਠੀਕ ਕਰਨ ਦੀ ਸ਼ਕਤੀ ਪ੍ਰਦਾਨ ਕਰਦਾ ਹੈ। ਡਾ. ਜਸਪਾਲ ਸਿੰਘ ਧਰਮ ਦੀ ਵਿਆਖਿਆ ਕਰਦਿਆਂ ਲਿਖਦੇ ਹਨ ਕਿ 'ਧਰਮ ਮਨੁੱਖ ਨੂੰ ਉਸਦੇ ਜੀਵਨ ਦੀ ਸਾਰਥਕਤਾ ਦਾ ਬੋਧ ਕਰਾਉਂਦਾ ਹੈ ਤੇ ਉਸਨੂੰ ਐਸੀ ਰਾਹ 'ਤੇ ਤੋਰਦਾ ਹੈ ਜਿਸ ਉੱਪਰ ਤੁਰਦਿਆਂ ਉਹ ਆਪਣੇ ਅਤੇ ਸਮੁੱਚੇ ਸਮਾਜ ਦੇ ਲੌਕਿਕ ਤੇ ਪਰਾਲੌਕਿਕ ਕਲਿਆਣ ਲਈ ਕਾਰਜਸ਼ੀਲ ਹੁੰਦਾ ਹੈ।'[71], ਇਸ ਨਾਲ ਜਗਿਆਸੂ ਜਾਂ ਸਾਧਕ ਦੀ ਸਖ਼ਸ਼ੀਅਤ ਆਪਣੇ ਸਮਾਜ 'ਤੇ ਸਕਾਰਾਤਮਕ ਪ੍ਰਭਾਵ ਬਣਾ ਕੇ ਰੱਖਦੀ ਹੈ। ਇਹ ਵੀ ਕਿਹਾ ਜਾਂਦਾ ਹੈ ਜਦੋਂ ਤਕ ਮਨੁੱਖ ਨੂੰ ਅਪਣੀ ਹੋਂਦ ਦਾ ਗਿਆਨ ਨਹੀਂ ਹੋ ਜਾਂਦਾ ਉਦੋਂ ਤਕ ਉਸਦੀ ਸਖ਼ਸ਼ੀਅਤ ਆਤਮ ਤੇ ਪਰਮਾਤਮ ਦਾ ਭੇਦ ਨਹੀਂ ਪਾ ਸਕਦੀ। ਉਹ ਸਮਾਜ ਦੇ ਪਰਉਪਕਾਰ ਹਿੱਤ ਕਾਰਜ ਨਹੀਂ ਕਰ ਸਕਦਾ। 'ਪਰਮਾਰਥ ਸਿਧੀ ਵਾਸਤੇ ਮਨੁੱਖ ਲਈ ਸਭ ਤੋਂ ਵੱਡਾ ਫ਼ਰਜ਼ ਧਰਮ ਦਾ ਗਿਆਨ ਹਾਸਲ ਕਰਨਾ ਹੈ।'[72] ਇਹ ਗਿਆਨ ਦੀ ਪ੍ਰਾਪਤੀ ਉਸਨੂੰ ਨਿਰਮਲ ਸੁਖ ਦੀ ਪਹਿਚਾਣ ਕਰਾਉਂਦੀ ਹੈ। ਸੰਸਾਰੀ ਸੁੱਖ ਥੋੜਚਿਰੀ ਹੁੰਦੇ ਹਨ ਜਦੋਂ ਕਿ ਸ਼ੁਧ ਮਨ ਦੇ ਨਿਰਮਲ ਸੁੱਖ ਸਦੀਵੀ ਅਤੇ ਵਿਸਮਾਦੀ ਹੁੰਦੇ ਹਨ। ਜੋ ਉਸ ਦੇ ਮਨ ਨੂੰ ਕੋਮਲ ਬਣਾਉਂਦੇ ਹਨ। ਇਹ ਦਿਆਵਾਨ ਹੋ ਕੇ ਕਾਰਜ ਕਰਦਾ ਹੈ, ਸਪਸ਼ਟ ਹੈ ਕਿ ਧਰਮ ਹੀ ਇਕ ਅਜਿਹਾ ਸਾਧਨ ਹੈ ਜੋ ਕਿ ਇਸ (ਨਿਰਮਲ) ਸੁੱਖ ਨਾਲ ਜਾਣ-ਪਛਾਣ ਕਰਾਉਂਦਾ ਹੈ ਤੇ ਅੰਤ ਇਸਦੇ ਦਰਸ਼ਨ ਕਰਾਉਂਦਾ ਹੈ। ਉਸ ਵਿਚੋਂ ਦਵੰਦਮਈ ਭਾਵਨਾ ਮਿਟ ਜਾਂਦੀ ਹੈ। ਉਸ ਵਿਚ ਸਹਿਜ ਪ੍ਰਵਿਰਤੀ ਆ ਜਾਂਦੀ ਹੈ। ਧਰਮ ਮਨੁੱਖੀ ਜ਼ਿੰਦਗੀ ਦਾ ਮੂਲ ਆਧਾਰ ਹੈ। ਧਰਮ ਦਾ ਸਰੂਪ ਵੱਖ-ਵੱਖ ਹੋ ਸਕਦਾ ਹੈ ਪਰੰਤੂ ਇਸ ਦਾ ਮੂਲ ਸਰੋਕਾਰ ਮਨੁੱਖ ਨੂੰ ਸੱਚ ਦੀ ਪਛਾਣ ਕਰਾਕੇ ਉਸਦੀ ਜ਼ਿੰਦਗੀ ਨੂੰ ਇਕ ਅਨੁਸ਼ਾਸਨ ਵਿਚ ਬੰਨ੍ਹਣਾ ਹੈ।

**(ਅ) ਬੈਰਾਗ :**

ਬੈਰਾਗ ਭਾਰਤੀ ਅਧਿਆਤਮਿਕ ਚਿੰਤਨ ਦਾ ਅਤਿ ਜ਼ਰੂਰੀ ਅੰਗ ਹੈ ਜਿਸ ਦੁਆਰਾ ਮੁਕਤੀ ਅਥਵਾ ਬ੍ਰਹਮ ਦੀ ਪ੍ਰਾਪਤੀ ਦਾ ਮਾਰਗ ਪ੍ਰਾਪਤ ਹੁੰਦਾ ਹੈ। ਪਹਿਲਾਂ ਸੰਸਾਰਕ ਪਦਾਰਥਾਂ ਪ੍ਰਤੀ

ਉਪਰਾਮਤਾ ਅਤੇ ਦੂਜਾ ਪ੍ਰਭੂ ਵਲ ਅਗਰਸਤਾ, ਇਹ ਦੋਵੇਂ ਜੁਜ਼ ਇਕ ਦੂਜੇ ਨਾਲ ਜੁੜ ਕੇ ਬੈਰਾਗ ਪੈਦਾ ਕਰਦੇ ਹਨ। ਪੁਰਾਤਨ ਵਿਚਾਰਧਾਰਾ ਦੇ ਅਨੁਸਾਰ ਅਧਿਆਤਮਿਕ ਸਾਧਨਾ ਦਾ ਆਰੰਭ ਸੰਸਾਰ ਤੋਂ ਮੂੰਹ ਮੋੜ ਕੇ ਹੁੰਦਾ ਹੈ। 'ਬੈਰਾਗੀ ਪੁਰਸ਼ ਲਈ ਅੰਤਰੀਵੀ ਅਤੇ ਬਾਹਰੀ ਦੋਵੇਂ ਤਰ੍ਹਾਂ ਦਾ ਤਿਆਗ ਕਰਨਾ ਠੀਕ ਹੈ। ਉਹੀ ਮੋਕਸ਼ ਦੀ ਇੱਛਾ ਦੀ ਪੂਰਤੀ ਹਿਤ ਅੰਤਰੀਵੀ ਅਤੇ ਬਾਹਰੀ ਲਾਲਸਾਵਾਂ ਦਾ ਤਿਆਗ ਕਰ ਦਿੰਦਾ ਹੈ।'[73] ਸੋ ਰਾਗ-ਪਰਪੰਚ ਅੰਤਰੀਵੀ ਵਿਸ਼ੇ-ਵਿਕਾਰਾਂ ਅਤੇ ਬਾਹਰੀ ਸੰਸਾਰ ਤੋਂ ਪੂਰਨ ਵਿਰਕਤ ਅਵਸਥਾ ਬੈਰਾਗ ਦੀ ਮੂਲ ਭਾਵਨਾ ਹੈ। ਅਧਿਆਤਮਿਕ ਖੇਤਰ ਵਿਚ ਬੈਰਾਗ ਭਾਵਨਾ ਦੀ ਮਹਿਮਾ ਸਵੀਕਾਰੀ ਗਈ ਹੈ। ਸੰਪੂਰਨ ਤੌਰ 'ਤੇ ਇਛਾਵਾਂ ਤੋਂ ਨਿਜਾਤ ਪਾਉਣਾ ਬੈਰਾਗ ਹੈ। ਇਸ ਪ੍ਰਕਾਰ ਬੈਰਾਗ ਸੰਸਾਰ ਤੋਂ ਉਪਰਾਮਤਾ ਹੋਣ ਦੀ ਭਾਵਨਾ ਨਾਲ ਸਬੰਧਤ ਹੈ। ਇੰਦਰੀਗਤ ਸੁੱਖਾਂ ਅਤੇ ਵਿਸ਼ੇ-ਵਿਕਾਰਾਂ ਤੋਂ ਉੱਪਰ ਉੱਠ ਕੇ ਮਨ ਨੂੰ ਪਦਾਰਥਕ ਜਗਤ ਦੇ ਆਕਰਸ਼ਣ ਤੋਂ ਪਰ੍ਹੇ ਰੱਖਣਾ ਅਤੇ ਇਸ ਨਿਯੰਤਰਣ ਦੇ ਨਾਲ-ਨਾਲ ਪਰਮਾਰਥ ਪ੍ਰਾਪਤੀ ਦੇ ਯਤਨ ਬੈਰਾਗਮਈ ਭਾਵਾਂ ਦੇ ਲਖਾਇਕ ਹਨ। ਅਸਲ ਵਿਚ ਬੈਰਾਗ ਅਨੁਰਾਗ ਦਾ ਹੀ ਇਕ ਅਤਿ ਸੂਖ਼ਮ ਰੂਪ ਹੈ ਕਿਉਂਕਿ ਅਨੁਰਾਗ ਦੇ ਹੁੰਦਿਆਂ ਹੀ ਮਨੁੱਖ ਬੈਰਾਗ ਵੱਲ ਰੁਚਿਤ ਹੁੰਦਾ ਹੈ।

ਸੱਚਾ ਬੈਰਾਗ ਪ੍ਰਭੂ ਨਾਲ ਲਿਵ ਲੱਗਣ ਨਾਲ ਹੁੰਦਾ ਹੈ। ਬੈਰਾਗ ਵਿਚ ਮਨੁੱਖ ਸੰਸਾਰਿਕ ਪਦਾਰਥਾਂ ਦੀ ਇੱਛਾ ਤੋਂ ਨਿਰਲੇਪ ਰਹਿ ਕੇ ਕੇਵਲ ਇਕ ਪ੍ਰਭੂ ਦੇ ਦਰਸ਼ਨ ਦੀ ਇੱਛਾ ਲਈ ਤੜਫਦਾ ਹੈ। ਇਸ ਅਵਸਥਾ ਵਿਚ ਸੰਸਾਰਿਕ ਮੋਹ-ਮਾਇਆ, ਰਸ-ਕਸ, ਵਿਸ਼ੇ-ਵਿਕਾਰਾਂ ਅਤੇ ਇੱਛਾਵਾਂ ਆਦਿ ਦੀ ਸਮਾਪਤੀ ਹੋ ਜਾਂਦੀ ਹੈ। ਬੈਰਾਗੀ ਦੇ ਮਨ ਵਿਚ ਪ੍ਰਭੂ ਮਿਲਨ ਦੀ ਤੜਪ ਅਤੇ ਪ੍ਰੇਮ ਦੀ ਇੱਛਾ ਤੀਬਰ ਅਤੇ ਪ੍ਰਬਲ ਹੋ ਜਾਂਦੀ ਹੈ। ਕਿਹਾ ਗਿਆ ਹੈ ਕਿ ਮਨੁੱਖ ਉਸ ਪ੍ਰਭੂ ਦੀ ਜੋਤ ਤੋਂ ਵਿਗਸਿਆ ਅਤੇ ਆਤਮਾ ਦੇ ਰੂਪ ਵਿਚ ਪ੍ਰਤੱਖ ਹੈ। ਜੀਵਨ ਦੇ ਸਫ਼ਰ ਵਿਚ ਮਨੁੱਖੀ ਚੇਤਨਾ ਜਿਉਂਦੀ ਹੈ, ਇਹ ਸਮਾਜਕ ਤਾਣੇ-ਪੇਟੇ ਵਿਚੋਂ ਗੁਜ਼ਰਦਿਆਂ ਆਪਣੇ ਆਪ ਨੂੰ ਇਕੱਲੀਕਾਰੀ ਮਹਿਸੂਸ ਕਰਦੀ ਹੈ ਤਾਂ ਬੈਰਾਗ-ਬੋਧ ਹੀ ਉਸ ਦੇ ਅੰਤਰ ਮਨ ਦੀ ਪੀੜ ਬਣ ਕੇ ਪ੍ਰਮਾਤਮਾ ਨਾਲ ਆਤਮਿਕ ਸਾਂਝ ਦੇ ਵਸੀਲੇ ਬਣਾਉਂਦਾ ਹੈ। ਬੈਰਾਗ ਚੇਤਨਾ ਮਨੁੱਖੀ ਮਨ ਦੀ ਨੀਵੀਂ ਅਵਸਥਾ ਦਾ

ਰੂਪਾਂਤਰਣ ਕਰਕੇ ਉਸ ਨੂੰ ਚੜ੍ਹਦੀ ਕਲਾ ਬਖ਼ਸ਼ ਕੇ ਸਰਬਤ ਦਾ ਭਲਾ ਕਰਨਯੋਗ ਬਣਾਉਂਦੀ ਹੈ। ਇਸ ਤਰ੍ਹਾਂ ਬੈਰਾਗ ਆਪਣੇ ਅਸਲੇ ਪ੍ਰਤੀ ਖਿੱਚ ਅਤੇ ਉਸ ਨਾਲ ਜਾ ਮਿਲਣ ਦੀ ਤਾਂਘ ਦਾ ਸੁਹਜਮਈ ਅਭਿਵਿਅੰਜਨ ਹੈ।

**ਬੈਰਾਗ ਦਾ ਅਰਥ :**

ਸਾਧਾਰਨ ਸ਼ਬਦਾਂ ਵਿਚ ਬੈਰਾਗ ਦਾ ਅਰਥ ਉਪਰਾਮਤਾ, ਨਿਰਲੇਪਤਾ, ਨਿਰ-ਇੱਛਤਾ ਅਤੇ ਨਿਰਮੋਹਤਾ ਆਦਿ ਤੋਂ ਲਏ ਜਾਂਦੇ ਹਨ। ਮਨੁੱਖ ਦੁਆਰਾ ਆਪਣੇ ਮਨ ਦੀ ਬਿਰਤੀ ਨੂੰ ਸੰਸਾਰ ਦੇ ਝੰਜਟਾਂ ਤੋਂ ਹਟਾ ਕੇ ਪਰਮਾਤਮਾ ਦੇ ਵੱਲ ਲਾਉਣਾ, ਕਿਸੇ ਦੇ ਪਿਆਰ ਵਿਚ ਉਦਾਸ ਹੋ ਜਾਣਾ, ਕਿਸੇ ਦੀ ਯਾਦ ਵਿਚ ਇਸ ਤਰ੍ਹਾਂ ਤੜਫਣਾ ਕਿ ਹੋਰ ਸਭ ਕੁਝ ਵਿੱਸਰ ਜਾਵੇ ਅਤੇ ਸਿਰਫ਼ ਉਸ ਦੇ ਦਰਸ਼ਨਾਂ ਦੀ ਤਾਂਘ ਹੀ ਪ੍ਰਬਲ ਰਹੇ। ਸੰਸਾਰ ਵਲੋਂ ਉਦਾਸੀਨਤਾ, ਪਰਮਾਤਮਾ ਨਾਲ ਡੂੰਘਾ ਲਗਾਉ ਹੋ ਜਾਣਾ, ਉਸ ਦੀ ਯਾਦ ਵਿਚ ਵਿਆਕੁਲ ਹੋਣਾ ਜਾਂ ਤੜਫਨਾ, ਕਿਸੇ ਹੋਰ ਕਾਰਜ ਵਿਚ ਚਿੱਤ ਨਾ ਲਗਣਾ, ਵੈਰਾਗ ਦੇ ਅੰਤਰਗਤ ਆਉਂਦੇ ਹਨ।

ਵੈਰਾਗ, ਬੇਰਾਗ, ਵੈਰਾਗਯ ਦੇ ਅਰਥ ਉਪਰਾਮਤਾ ਦੇ ਹਨ ਅਥਵਾ ਲੋਕ ਪਰਲੋਕ ਦੇ ਵਿਸ਼ਿਆਂ ਨਾਲ ਪ੍ਰੀਤੀ ਦਾ ਨਾ ਹੋਣਾ, ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ਵਿਦਵਾਨਾਂ ਨੇ ਇਸ ਦੇ ਚਾਰ ਭੇਦ ਮੰਨੇ ਹਨ :

1. ਯਤਮਾਨ : ਸੰਸਾਰ ਨੂੰ ਦੁੱਖ ਰੂਪ ਜਾਣਕੇ ਸਾਧੁ ਸੇਵਾ ਦ੍ਵਾਰਾ ਪਰਮਾਰਥ ਪ੍ਰਾਪਤੀ ਦਾ ਯਤਨ ਕਰਨਾ।

2. ਵ੍ਯਤਿਰੇਕ : ਵਿਚਾਰ ਨਾਲ ਹਾਨੀਕਾਰਕ ਪਦਾਰਥਾਂ ਦਾ ਤਿਆਗ ਅਤੇ ਲਾਭਦਾਇਕ ਦਾ ਗ੍ਰਹਣ।

3. ਏਕੇਂਦ੍ਰਿਯ : ਵਿਚਾਰ ਨਾਲ ਇੰਦ੍ਰਿਆਂ ਦੇ ਭੋਗਾਂ ਤੋਂ ਗਿਲਾਨੀ ਕਰਕੇ ਮਨ ਵਿਚ ਸਾਰੇ ਇੰਦ੍ਰਿਯਾਂ ਨੂੰ ਲਯ ਕਰਨਾ।

4. ਵਸ਼ਿਕਾਰ : ਮਨ ਅਜੇਹਾ ਕਾਬੂ ਕਰਨਾ ਕਿ ਪਦਾਰਥਾਂ ਵੱਲ ਜਾਣ ਦਾ ਕਦੇ ਸੰਕਲਪ ਨਾ ਫੁਰੇ।[74]

ਬੈਰਾਗ ਦੇ ਅਰਥ ਵੀ ਸੰਸਾਰ ਦੇ ਪਦਾਰਥਾਂ ਤੋਂ ਮਨ ਦੀ ਉਪਰਾਮਤਾ ਦੇ ਹਨ।

ਵੈਰਾਗਯ ਸ਼ਬਦ ਜਦੋਂ ਸੰਗਯਾ ਰੂਪ ਵਿਚ ਵਰਤਿਆ ਜਾਂਦਾ ਹੈ ਤਾਂ ਇਸ ਦੇ ਅਰਥ ਰਾਗ (ਮੁਹੱਬਤ) ਅਭਾਵ; ਪਦਾਰਥਾਂ ਵਿਚ ਪ੍ਰੇਮ ਨਾ ਹੋਣਾ, ਰੁਦਨ, ਰੋਣਾ, ਜਿਸ ਨੇ ਉਪਰਾਮਤਾ ਗ੍ਰਹਿਣ ਕੀਤੀ ਹੈ, ਬੈਰਾਗ ਫੁੱਟਣਾ : ਨੇਤ੍ਰਾਂ ਤੋਂ ਜਲਧਾਰਾ ਵਹਿਣੀ। ਬੈਰਾਗਨ : ਵੈਰਾਗਯਵਾਨ ਸਾਧੂ ਦੀ ਆਧਾਰੀ ਟਿਕ ਟਿਕੀ, ਜੋ ਇਸ T (ਟੀ) ਆਕਾਰ ਦੀ ਹੁੰਦੀ ਹੈ, ਇਸ ਉੱਤੇ ਬਾਹਾਂ ਰੱਖ ਕੇ ਸਾਧੂ ਬੈਠਦੇ ਹਨ। ਵੈਰਾਗਯ ਨੂੰ ਪ੍ਰਾਪਤ ਹੋਈਆਂ ਇੰਦ੍ਰੀਆਂ ਨੂੰ *ਬੈਰਾਗਨਿ* ਕਹਿੰਦੇ ਹਨ। ਬੈਰਾਗੀ ਉਹ ਹੈ, ਜਗਤ ਦੇ ਪਦਾਰਥਾਂ ਨਾਲ ਜਿਸ ਦਾ ਪ੍ਰੇਮ ਨਹੀਂ ; ਬੈਰਾਗੀ : ਵੈਸ਼ਨਵ ਸਾਧੂਆਂ ਦਾ ਇਕ ਫਿਰਕਾ, ਜਿਸ ਦਾ ਆਚਾਰਯ ਰਾਮਾਨੰਦ ਹੈ। ਬੇਰਾਗੁ : ਉਦਾਸੀਨਤਾ ਨਿਰਾਸ਼ਤਾ ਦਾ ਦੂਜਾ ਰੂਪ ਹੈ।[75]

ਬੈਰਾਗ ਦੇ ਹੋਰ ਅਰਥ ਈਸ਼ਵਰ ਦੀ ਵਿਭੂਤੀ ਸੂਚੀ ਈਸ਼ਵਰਯ; ਗਿਆਨ; ਯਸ਼; ਧੀਰਯ; ਉਪਰਤਿ ; ਉਪਰਾਮ ; ਉਪਸ਼ਮ: ਤਰਕ; ਦੁਨੀਆ, ਤਿਆਗ, ਨਿਰਵਿਰਤੀ , ਵਿਰਾਗ, ਵੈਰਾਗ, ਮੋਹ ਤਿਆਗ, ਮੋਹ-ਭੰਗ, ਰਾਗ-ਮੁਕਤਿ; ਵੀਤਕਾਮਤਾ; ਵੈਰਾਗ ਸੰਗ ਤਿਆਗ, ਸੰਨਿਆਸ; ਸੰਸਾਰਿਕਤਾ ਤਿਆਗ-ਆਦਿ ਹਨ।[76]

ਵੈਰਾਗੀ ਉਹ ਹੈ ਜਿਸ ਨੇ ਇੰਦਰੀਆਂ ਉਪਰ ਜਿੱਤ ਪ੍ਰਾਪਤ ਕਰ ਲਈ ਹੈ। ਜਿਤੇਂਦ੍ਰ; ਤਿਆਗੀ; ਨਿਰਮੋਹ; ਨਿਵ੍ਰਤਾਤਮ; ਰਾਗਮੁਕਤ; ਵੀਤਰਾਗੀ; ਸੰਨਿਆਸੀ। ਫ਼ਿਦਾ-ਹੀਣ, ਤਿਆਗ ਪ੍ਰਕਿਰਿਆ ਤੋਂ ਭਾਵ ਸੰਸਾਰਕ ਵਸਤੂਆਂ ਹੈ। ਜਿਸ ਵਿਚ ਆਦਤਾਂ ; ਆਪਸੀ ਸੰਬੰਧਾਂ ਅਥਵਾ ਸੰਸਾਰਕ ਰਿਸ਼ਤਿਆਂ ਦਾ ਤਿਆਗ, ਅਰਥਾਤ renunciation ਦਾ ਮੂਲ ਰੂਪ ਵਿੱਚ ਤਿਆਗ ਸ਼ਬਦ ਦੇ ਸੰਕਲਪ ਦੀ ਅਭਿਵਿਅਕਤੀ ਹੈ।[77]

ਭਾਰਤੀ ਦਰਸ਼ਨ ਦੇ ਅਨੁਸਾਰ ਮੋਕਸ਼ ਦੀ ਪ੍ਰਾਪਤੀ ਲਈ ਵੈਰਾਗ ਦੀ ਭਾਵਨਾ ਦਾ ਵਿਕਾਸ ਜ਼ਰੂਰੀ ਹੈ। ਵੈਰਾਗ ਰਾਹੀਂ ਚਿਤਵਿਰਤੀਆਂ ਦਾ ਨਿਰੋਧ ਹੁੰਦਾ ਹੈ। ਸੰਸਾਰਿਕਤਾ ਅਤੇ ਸੰਸਾਰ ਦੇ

ਸੁੱਖਾਂ ਦੇ ਪ੍ਰਤੀ ਅਨਾਸਕਤੀ ਅਤੇ ਵਿਰਕਤ ਭਾਵ ਹੀ ਵੈਰਾਗ ਹੈ। ਇਹ ਰਾਗ ਦਾ ਵਿਰੋਧਾਰਥੀ ਹੈ। ਇਸ ਲਈ ਇਸਨੂੰ ਵੈਰਾਗ ਕਹਿੰਦੇ ਹਨ।[78] ਬੈਰਾਗ ਭਾਵ ਨਾਲ ਆਤਮ ਤੱਤ ਦੀ ਲਖਤਾ ਹੁੰਦੀ ਹੈ। 'ਆਤਮ ਤੱਤ, ਸਰੀਰ, ਮਨ, ਸੰਸਾਰ, ਜੀਵਨ, ਸਭ ਕਾਸੇ ਤੋਂ ਨਿਰਮੋਹ ਹੋਣ ਵਿਚ ਹੀ ਹੈ।'[79] ਇਸ ਦਾ ਮੂਲ ਸਹਾਰਾ ਸ਼ਬਦ ਦੀ ਨਿਰੰਤਰ-ਚੇਤਨਾ ਵਿਚ ਹੀ ਲੁਕਿਆ ਹੈ। ਇਸ ਦੇ ਫਲਸਰੂਪ ਮਨੁੱਖ ਵਿਸ਼ੇ-ਵਿਕਾਰਾਂ ਤੋਂ ਬਚਿਆ ਰਹਿੰਦਾ ਹੈ। ਉਸ ਦੀ ਸੁਰਤ ਪਰਮਾਤਮਾ ਨਾਲ ਜੁੜਦੀ ਹੋਈ ਦੁਨੀਆਵੀ (ਸ਼ੁੱਭ) ਕਰਮ ਕਰਨ ਵਿਚ ਲੱਗੀ ਰਹਿੰਦੀ ਹੈ।

ਗੀਤਾ-ਚਿੰਤਨ ਅਨੁਸਾਰ ਵੈਰਾਗ ਦੇ ਸੱਤ ਲੱਛਣ ਹਨ-(1) ਸ਼੍ਰੀ ਭਗਵਾਨ ਨੂੰ ਛੱਡ ਕੇ ਲੋਕ-ਪਰਲੋਕ ਦੇ ਸਾਰੇ ਭੋਗਾਂ ਵਿਚ ਫਿਕਾਪਣ ਲੱਗਣਾ, (2) ਵਿਸ਼ਿਆਂ ਵਿਚ ਮਹਾਨ ਡਰ ਅਤੇ ਦੁੱਖ ਦਿਖਾਈ ਦੇਣਾ, (3) ਭਗਵਾਨ ਨੂੰ ਛੱਡ ਕੇ ਵਿਸ਼ਿਆਂ ਦਾ ਬਿਲਕੁਲ ਚੰਗਾ ਨਾ ਲੱਗਣਾ, (4) ਵਿਸ਼ਿਆਂ ਨੂੰ ਛੱਡਣ ਦੀ ਪ੍ਰਬਲ ਤਾਂਘ ਹੋਣੀ ਅਤੇ ਵਿਸ਼ਿਆਂ ਦੇ ਨਾਸ਼ ਵਿਚ ਸੁੱਖ ਪ੍ਰਤੀਤ ਹੋਣਾ (5) ਵਿਸ਼ਿਆਂ ਦਾ ਤਿਆਗ ਹੋ ਜਾਣਾ (6) ਵਿਸ਼ਿਆਂ ਵਿਚ ਭਗਵਦ੍ਭਾਵ ਹੋਣਾ ਅਤੇ, ਇਕ ਭਗਵਾਨ ਦੀ ਸੱਤਾ ਮਹਿਸੂਸ ਹੋਣੀ।[80] ਵਿਸ਼ਿਆਂ ਦਾ ਤਿਆਗ ਉਹੋ ਹੀ ਵਿਅਕਤੀ ਕਰ ਸਕਦਾ ਹੈ ਜਿਹੜਾ ਆਤਮਕ ਤੌਰ ਤੇ ਸੰਤੁਸ਼ਟ ਹੋਵੇ ਅਤੇ ਅਜਿਹਾ ਬੈਰਾਗ ਮਨੁੱਖ ਨੂੰ ਸੱਚਾ ਧਰਮੀ ਬਣ ਕੇ ਜੀਵਨ ਸੰਘਰਸ਼ ਦਾ ਮਾਰਗ ਦਰਸ਼ਨ ਕਰਾਉਂਦਾ ਹੈ ਉਹ ਸੱਚੇ ਧਰਮ ਨੂੰ ਧਾਰਨ ਕਰਕੇ ਆਪਣੀ ਸੁਰਤ ਨੂੰ ਸੰਭਾਲ ਕੇ ਗ੍ਰਿਹਸਥੀ ਜ਼ਿੰਦਗੀ ਜੀਉਣ ਲਈ ਕਾਰਜਸ਼ੀਲ ਹੁੰਦਾ ਹੈ। 'ਉਸ ਦੇ ਅੰਤਰ ਵਖਰੇਵਾਂ ਉਪਜਾਣ ਵਾਲੀ ਹਉਮੈ ਦੀ ਬਜਾਇ ਸਰਬ ਲੋਕਾਈ ਨੂੰ ਕਲਾਵੇ ਵਿਚ ਲੈਣ ਵਾਲੀ ਦੈਵੀ ਆਤਮਾ ਦਾ ਨਿਵਾਸ ਹੁੰਦਾ ਹੈ। ਹੋਂਦਪਰਕ ਦ੍ਰਿਸ਼ਟੀ ਤੋਂ ਉਹ ਦੁਨਿਆਵੀ ਜੀਵ ਹੈ ਪਰ ਤੱਤ-ਰੂਪ ਵਿਚ ਉਹ ਕਿਸੇ ਪਾਰਲੇ ਮੰਡਲ ਦਾ ਵਾਸੀ ਹੈ।'[81]

ਬੈਰਾਗ ਭਾਵ ਮਨ ਵਿਚ ਉਸ ਸਮੇਂ ਵੀ ਉਪਜਦੇ ਹਨ ਜਦੋਂ ਅਸੀਂ ਕਿਸੇ ਦੁਖੀ, ਲਾਚਾਰ, ਬਿਮਾਰ ਵਿਅਕਤੀ ਨੂੰ ਤੜਪਦਾ ਦੇਖਦੇ ਹਾਂ। ਕਰੁਣਾ, ਹਮਦਰਦੀ ਅਤੇ ਦੂਜੇ ਬੇਬਸ ਵਿਅਕਤੀ ਲਈ ਆਪਣਾ ਆਪ ਸਮਰਪਣ ਕਰਨਾ, ਹਿੰਮਤ ਅਤੇ ਬਹਾਦਰੀ ਦੀ ਭਾਵਨਾ ਜਗਾਉਣ ਉਪਰੰਤ

ਹੀ ਸੰਭਵ ਹੈ। ਸੇਵਾ ਭਾਵ ਜਾਗਣੇ; ਨੈਣਾਂ ਵਿਚੋਂ ਹੰਝੂ ਵਗਣੇ: ਮਨ ਬੇਚੈਨ ਹੋਣਾ, ਬੈਰਾਗ ਦੇ ਲੱਛਣ ਹਨ। ਬੈਰਾਗੀ ਇਹ ਸਮਝਦਾ ਹੈ ਕਿ ਦੁਖੀ, ਲਾਚਾਰ, ਬਿਮਾਰ ਲੋੜਮੰਦਾਂ ਦੀ ਸੇਵਾ ਕਰਨ ਦਾ ਅਵਸਰ ਪ੍ਰਾਪਤ ਹੋਣਾ ਪ੍ਰਭੂ ਸੇਵਾ ਦੀ ਅੰਮ੍ਰਿਤ-ਦਾਤ ਵਾਂਗ ਹੈ। ਲੋਕ-ਪਰਲੋਕ ਦੀਆਂ ਵਿਕਾਰੂ-ਇੱਛਾਵਾਂ ਦਾ ਤਿਆਗ ਅਸਲ ਬੈਰਾਗ ਹੈ। ਬੈਰਾਗ ਦੀਆਂ ਭਿੰਨ-ਭਿੰਨ ਅਵਸਥਾਵਾਂ ਦੇ ਅਮਲ ਵਿਚੋਂ ਲੰਘ ਕੇ ਹੀ ਬੈਰਾਗੀ ਪਰਮ-ਅਨੰਦ ਪ੍ਰਾਪਤ ਕਰਦਾ ਹੈ। ਜਿਵੇਂ ਸੰਸਾਰਕ ਦੁਖਾਂਤ ਦਾ ਅੰਤ ਪਰਮਾਰਥ ਰਾਹੀਂ ਸੰਭਵ ਹੈ। ਬੈਰਾਗ ਮਨ ਦੀ ਸਥਿਰ ਅਵਸਥਾ ਪ੍ਰਾਪਤ ਕਰਕੇ ਬੈਰਾਗ ਉਦੋਂ ਉਤਪੰਨ ਹੁੰਦਾ ਹੈ ਜਦੋਂ ਪ੍ਰਤਿਰੋਧ ਰੂਪ ਵਿਚ ਇੰਦਰੀਆਂ ਦੇ ਭੋਗਾਂ ਤੋਂ ਗਿਲਾਨੀ ਪੈਦਾ ਹੋ ਜਾਵੇ। ਆਪਣੇ ਸਵੈ ਹੱਠ ਰਾਹੀਂ ਸੰਸਾਰਕ ਪਦਾਰਥਾਂ ਦਾ ਤਿਆਗ ਕਰਦੇ ਰਹਿਣਾ ਮੂਲ ਰੂਪ ਵਿੱਚ ਬੈਰਾਗ ਮਨ ਦੀ ਉਹ ਅਵਸਥਾ ਹੈ ਜਦੋਂ ਸਵੈ ਸੰਕਲਪ ਰਾਹੀਂ ਸੰਸਾਰ ਦੀਆਂ ਪਦਾਰਥਕ ਵਸਤੂਆਂ ਪ੍ਰਤੀ ਲਗਾਉ ਘਟਾਇਆ ਜਾਂਦਾ ਹੈ। ਪੰਜ ਗਿਆਨ ਇੰਦਰੀਆਂ ਨੂੰ ਰਚਨਾਤਮਿਕ ਬਣਾਉਣ ਦਾ ਆਰੰਭ ਬੈਰਾਗ ਅਵਸਥਾ ਗ੍ਰਹਿਣ ਕਰਨ ਤੋਂ ਬਾਅਦ ਹੀ ਕੀਤਾ ਜਾਂਦਾ ਹੈ।

**ਬੈਰਾਗ ਦੀ ਪਰਿਭਾਸ਼ਾ :**

ਡਾ. ਗੁਰਚਰਨ ਸਿੰਘ ਬੈਰਾਗ ਨੂੰ ਪਰਿਭਾਸ਼ਤ ਕਰਦਿਆਂ ਲਿਖਦੇ ਹਨ ਕਿ ਬੈਰਾਗ ਤੋਂ ਭਾਵ ਹੈ ਉਪਰਾਮਤਾ, ਉਦਾਸੀਨਤਾ।[82] ਇਹ ਭਾਵਨਾ ਮਨੁੱਖੀ ਮਨ ਨੂੰ ਸਥਿਰਤਾ ਪ੍ਰਦਾਨ ਕਰਦੀ ਹੈ। ਉਸ ਦੀ ਜ਼ਿੰਦਗੀ ਵਿਚ ਸਹਿਜਤਾ ਉਤਪੰਨ ਕਰਦੀ ਹੈ। ਉਹ ਸੰਸਾਰੀ ਵਿਸ਼ੇ-ਵਿਕਾਰਾਂ, ਮੋਹ, ਮਾਇਆ ਤੋਂ ਨਿਰਲੇਪ ਹੋ ਕੇ ਜਿਉਣ ਦਾ ਯਤਨ ਕਰਦਾ ਹੈ।

ਜੀ.ਐੱਸ. ਰਿਆਲ 'ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼' ਵਿਚ ਬੈਰਾਗ ਨੂੰ ਇਸ ਪ੍ਰਕਾਰ ਪਰਿਭਾਸ਼ਿਤ ਕਰਦੇ ਹਨ 'ਵੈਰਾਗ ਉਦਾਸੀਨਤਾ, ਉਚਾਟ ਹੋਣ ਦਾ ਭਾਵ-ਸੰਸ. Viraga, ਰੰਗ ਦਾ ਬਦਲਣਾ, ਪ੍ਰੇਮ ਦੀ ਘਾਟ, ਦੁਨਿਆਵੀ ਪਦਾਰਥਾਂ ਨਾਲ ਬੇਰੁਖੀ, ਉਦਾਸੀਨਤਾ।'[83] ਬੈਰਾਗ ਭਾਵਨਾ ਉਤਪੰਨ ਹੋਣ ਤੋਂ ਪਿੱਛੋਂ ਬੈਰਾਗੀ ਮਨੁੱਖ ਦੇ ਮਨ ਵਿਚ ਇਸ ਦੁਨੀਆ ਦੇ ਪ੍ਰਤੀ ਕੋਈ ਲਗਾਵ ਨਹੀਂ ਰਹਿੰਦਾ। ਉਸਦਾ ਮਨ ਉਚਾਟ (ਨਿਰਲੇਪ) ਹੋ ਜਾਂਦਾ ਹੈ। ਦੁਨਿਆਵੀ ਵਸਤੂਆਂ

ਉਸਦੇ ਲਈ ਕੋਈ ਵਧੇਰੇ ਅਰਥ ਨਹੀਂ ਰੱਖਦੀਆਂ। ਉਹ ਇਨ੍ਹਾਂ ਵਿਚ ਖਚਿਤ ਨਹੀਂ ਹੁੰਦਾ ਕਿਉਂਕਿ ਉਸਦੀ ਮਾਨਸਿਕ ਸਥਿਤੀ ਬਦਲ ਚੁੱਕੀ ਹੁੰਦੀ ਹੈ।

Concise Oxford Dictionary ਵਿਚ ਬੈਰਾਗ ਦੇ ਸੰਕਲਪ ਨੂੰ ਇਸ ਪ੍ਰਕਾਰ ਪਰਿਭਾਸ਼ਿਤ ਕੀਤਾ ਗਿਆ ਹੈ Detachment ; The State of being objective or Aloof[84] (ਵੈਰਾਗ ; ਵੱਖ ਜਾਂ ਇਕੱਲਾ ਹੋਣ ਦੀ ਸਥਿਤੀ)। ਇਹ ਇਕੱਲਤਾ ਮਾਨਸਿਕ ਸਥਿਤੀ ਹੈ ਨਾ ਕਿ ਸਮਾਜਕ ਸਥਿਤੀ ਹੈ। ਅਜਿਹੀ ਸਥਿਤੀ ਵਿਚ ਉਸਦਾ ਮਨ ਪਵਿੱਤਰ ਹੋ ਜਾਂਦਾ ਹੈ। ਉਸਦੇ ਮਨ ਵਿਚ ਕਿਸੇ ਕਿਸਮ ਦਾ ਦਵੰਦ ਨਹੀਂ ਰਹਿੰਦਾ।

ਸੰਸਕ੍ਰਿਤ ਪੰਜਾਬੀ ਕੋਸ਼ ਵਿਚ ਬੈਰਾਗ ਦੀ ਪਰਿਭਾਸ਼ਾ ਇਸ ਤਰ੍ਹਾਂ ਮਿਲਦੀ ਹੈ ਕਿ वैराग्यम् (*ਵੈਰਾਗ੍ਯਮ੍* ) ਤੋਂ ਭਾਵ ਵੈਰਾਗ, (*ਨਪੁੰ.*) ਵੈਰਾਗੀਪੁਣਾ, ਸੰਸਾਰਿਕ ਪਦਾਰਥਾਂ ਵਿਚ ਰੁਚੀ ਦਾ ਨਾਂ ਹੋਣਾ, ਅਪ੍ਰਸੰਨਤਾ, ਉਦਾਸੀਨਤਾ, ਰੰਜ, ਅਫਸੋਸ, ਸੋਗ।[85] ਇਹ ਮਨੁੱਖੀ ਮਨ ਦੀਆਂ ਵੱਖ-ਵੱਖ ਅਵਸਥਾਵਾਂ ਹਨ ਜੋ ਕੇ ਬੈਰਾਗ ਦੇ ਭਾਵ ਨੂੰ ਸਪਸ਼ਟ ਰੂਪ ਵਿਚ ਉਜਾਗਰ ਕਰਦੀਆਂ ਹਨ। ਇਸ ਤਰ੍ਹਾਂ ਬੈਰਾਗ ਇਕ ਮਾਨਸਿਕ ਸਥਿਤੀ ਹੈ ਜਿਸ ਅਧੀਨ ਉਹ ਸੰਸਾਰ ਤੋਂ ਆਪਣੇ ਆਪ ਨੂੰ ਮੁਕਤ ਕਰਕੇ ਇਕੱਲਾ ਜ਼ਿੰਦਗੀ ਗੁਜ਼ਾਰਦਾ ਹੈ ਭਾਵੇਂ ਉਸ ਨੂੰ ਸੰਸਾਰ ਤੋਂ ਵੱਖ ਹੋ ਕੇ ਜਿਉਣਾ ਸੰਭਵ ਨਹੀਂ ਹੈ। ਉਸ ਨੂੰ ਆਪਣਾ ਜੀਵਨ ਗੁਜ਼ਾਰਨ ਲਈ ਦੂਸਰਿਆਂ 'ਤੇ ਨਿਰਭਰ ਰਹਿਣਾ ਪੈਂਦਾ ਹੈ। ਫਿਰ ਵੀ ਮਾਨਸਿਕ ਤੌਰ 'ਤੇ ਬੈਰਾਗਭਾਵੀ ਹੋ ਕੇ ਉਹ ਕਾਰ-ਵਿਹਾਰ ਦੇ ਝੰਜਟਾਂ ਵਿਚ ਨਹੀਂ ਫਸਦਾ, ਆਪਣੇ ਆਪ ਨੂੰ ਬਚਾ ਕੇ ਰੱਖਦਾ ਹੈ। ਆਪਣੀ ਸੁਰਤ ਨੂੰ ਪ੍ਰਭੂ ਚਰਨਾਂ ਵਿਚ ਜੋੜਦਾ ਹੈ ਜਿੱਥੇ ਉਸ ਨੂੰ ਆਤਮਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ।

ਪੰਡਿਤ ਤਾਰਾ ਸਿੰਘ ਨਿਰੋਤਮ ਨੇ 'ਗੁਰੁ ਗਿਰਾਰਥ ਕੋਸ਼' ਵਿਚ ਬੈਰਾਗ ਨੂੰ ਇਸ ਪ੍ਰਕਾਰ ਪਰਿਭਾਸ਼ਿਤ ਕੀਤਾ ਹੈ, 'ਵੈਰਾਗ : ਲੋਕ ਪਰਲੋਕ ਕੇ ਪਦਾਰਥੋਂ ਕੇ ਤਯਾਗ ਕੀ ਇੱਛਾ।'[86] ਪਦਾਰਥ ਮੋਹ ਨੂੰ ਮਾਇਆ ਕਿਹਾ ਗਿਆ ਹੈ। ਜਿਸ ਵਿਚ ਫਸ ਕੇ ਮਨੁੱਖ ਆਪਣੇ ਅਸਲੀ ਮਨੋਰਥ ਨੂੰ ਭੁੱਲ ਜਾਂਦਾ ਹੈ। ਉਹ ਸੰਸਾਰੀ ਕਾਰ-ਵਿਹਾਰ ਵਿਚ ਲਿਪਤ ਹੋ ਕੇ ਵਿਸ਼ੇ-ਵਿਕਾਰਾਂ ਵਿਚ ਘਿਰ ਜਾਂਦਾ ਹੈ। ਉਹ ਆਪਣੇ

ਆਤਮ ਨੂੰ ਪਛਾਣ ਨਹੀਂ ਸਕਦਾ। ਦੇਖਿਆ ਗਿਆ ਹੈ ਕਿ ਇਸ ਸੰਸਾਰ ਅਤੇ ਪਰਾ ਸੰਸਾਰ ਵਿਚ ਸੁੱਖ ਸਮ੍ਰਿਧੀ ਦੀ ਪ੍ਰਾਪਤੀ ਲਈ ਅਤੇ ਪਦਾਰਥਾਂ ਦੀ ਚਾਹਤ ਦੀ ਕਾਮਨਾ ਕਰਨੀ ਪੁਰਾਤਨ ਭਾਰਤੀ ਅਧਿਆਤਮਿਕ ਸੰਸਕ੍ਰਿਤੀ ਦੀ ਧਾਰਨਾ ਰਹੀ ਹੈ। ਇਸਨੂੰ ਮਾਇਆ ਕਿਹਾ ਗਿਆ ਹੈ। ਇਸ ਤੋਂ ਛੁਟਕਾਰਾ ਮਨੁੱਖ ਸਿਰਫ਼ ਆਪਣੇ ਮਨ ਵਿਚ ਬੈਰਾਗ ਭਾਵ ਉਤਪੰਨ ਕਰਕੇ ਹੀ ਪ੍ਰਾਪਤ ਕਰ ਸਕਦਾ ਹੈ। ਇਸ ਦੇ ਪਿੱਛੋਂ ਹੀ ਉਹ ਮੋਕਸ਼ ਜਾਂ ਮੁਕਤ ਪਦ ਦੀ ਪ੍ਰਾਪਤੀ ਕਰ ਸਕਦਾ ਹੈ।

ਡਾ. ਅੰਮ੍ਰਿਤ ਕੌਰ ਦੇ ਅਨੁਸਾਰ ਬੈਰਾਗ ਸੰਸਾਰਿਕ ਕਾਰ-ਵਿਹਾਰ ਜਾਂ ਸੁੱਖਾਂ ਆਦਿ ਤੋਂ ਨਿਰਲੇਪ ਅਵਸਥਾ ਹੈ।'[87] ਜਦੋਂ ਤਕ ਸਾਧਕ ਦੇ ਮਨ ਵਿਚ ਸੰਸਾਰਕ ਬੰਧਨਾਂ ਤੋਂ ਉਪਰਾਮਤਾ, ਉਦਾਸੀਨਤਾ ਜਾਂ ਨਿਰਇੱਛਤਾ ਪੈਦਾ ਨਾ ਹੋਵੇ ਉਦੋਂ ਤਕ ਉਸ ਦੇ ਮਨ ਵਿਚ ਬੈਰਾਗ ਭਾਵਨਾ ਪੈਦਾ ਨਹੀਂ ਹੁੰਦੀ। ਜਦੋਂ ਉਸਦਾ ਮਨ ਅਚਾਨਕ ਸੰਸਾਰਿਕ ਬੰਧਨਾਂ, ਪਦਾਰਥਾਂ ਤੇ ਮੋਹ ਮਾਇਆ ਦੇ ਰਿਸ਼ਤਿਆਂ ਤੋਂ ਉਪਰਾਮ ਹੋ ਜਾਂਦਾ ਹੈ ਤਾਂ ਉਦੋਂ ਉਸਦੇ ਮਨ ਵਿਚ ਬੈਰਾਗ ਰੂਪੀ ਬੀਜ ਫੁੱਟਦਾ ਹੈ। ਉਸਦੇ ਜੀਵਨ ਵਿਚ ਇਕ ਵੱਡਾ ਪਰਿਵਰਤਨ ਆਉਂਦਾ ਹੈ, ਇਕ ਨਵੀਂ ਕਿਰਨ ਉਸਦੀ ਜ਼ਿੰਦਗੀ ਵਿਚ ਇਲਾਹੀ ਰੌਸ਼ਨੀ ਵਿਖੇਰਦੀ ਹੈ। ਜਿਸ ਨਾਲ ਉਸਦਾ ਸਮੁੱਚਾ ਜੀਵਨ ਰੁਸ਼ਨਾਇਆ ਜਾਂਦਾ ਹੈ।

ਸ਼ਬਦ 'ਬੈਰਾਗ' ਲਈ ਜੇਕਰ ਅੰਗਰੇਜ਼ੀ ਵਿਚ ਸਮਾਨਾਰਥਕ ਰੂਪ ਵਿਚ ਦੇਖਿਆ ਜਾਵੇ ਤਾਂ ਪੰਜਾਬੀ ਅੰਗਰੇਜ਼ੀ ਕੋਸ਼ ਦੇ ਅਨੁਸਾਰ ਇਸ ਦੇ ਅਰਥ ਇਸ ਪ੍ਰਕਾਰ ਹਨ : ਬੈਰਾਗ- renunciation, non-attachment.[88]

ਪਵਨ ਕੁਮਾਰ ਗੋਸਵਾਮੀ, ਬੈਰਾਗ ਨੂੰ Punjabi-English Dictionary ਵਿਚ ਪਰਿਭਾਸ਼ਿਤ ਇਸ ਪ੍ਰਕਾਰ ਕਰਦੇ ਹਨ 'ਵੈਰਾਗ. quietism. ਕੁਐਟਇਜ਼ਮ, apathy. ਅਪੈਥੀ, renunciation ਰਿਨੱਨਸੀਏਸ਼ਨ।'[89]

ਸੰਸਕ੍ਰਿਤ ਇੰਗਲਿਸ਼ ਡਿਕਸ਼ਨਰੀ ਦੇ ਕਰਤਾ ਸਰ ਮੋਨੀਅਰ ਵਿਲੀਅਮਜ਼ ਮੋਨੀਅਰ ਵੀ ਵੈਰਾਗ ਦਾ ਅਰਥ ਸੰਸਾਰਕ ਭਾਵ ਦੀ ਅਣਹੋਂਦ, ਸਾਰੀਆਂ ਖਾਹਸ਼ਾਂ ਤੋਂ ਮੁਕਤੀ (absence of worldly Passion, freedom from all desires) ਦਿੰਦੇ ਹਨ।[90]

ਭਾਰਤੀ ਅਧਿਆਤਮਿਕ ਚਿੰਤਨਧਾਰਾ ਵਿਚ ਬੈਰਾਗ ਦੇ ਸੰਕਲਪ ਦੀਆਂ ਦੋ ਧਾਰਨਾਵਾਂ ਮੰਨੀਆਂ ਗਈਆਂ ਹਨ। ਇਕ ਦੇ ਅਨੁਸਾਰ ਬੈਰਾਗ ਪ੍ਰਾਪਤੀ ਦੇ ਲਈ ਸੰਸਾਰੀ ਜੀਵਨ ਦਾ ਤਿਆਗ ਕਰਕੇ ਮੋਖ਼ਸ਼ ਦੀ ਪ੍ਰਾਪਤੀ ਲਈ ਬਣਾਂ-ਜੰਗਲਾਂ ਵਿਚ ਜਾ ਕੇ ਸਮਾਧੀਆਂ ਲਾਉਣਾ, ਜੋਗ ਕਮਾਉਣਾ ਜਾਂ ਕਿਸੇ ਪਰਮ ਦੇਵੀ-ਦੇਵਤੇ ਦੀ ਪੂਜਾ ਅਰਚਨਾ ਕਰਨੀ। ਦੂਜੀ ਅਨੁਸਾਰ ਵਿਸ਼ੇ-ਵਿਕਾਰਾਂ ਦਾ ਤਿਆਗ ਕਰਨਾ। ਬੈਰਾਗ ਨੂੰ ਭਾਰਤੀ ਸੰਸਕ੍ਰਿਤੀ ਵਿਚ ਇਕ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਪੁਰਾਤਨ ਗ੍ਰੰਥਾਂ ਵਿਚ ਬੈਰਾਗ ਨੂੰ ਪ੍ਰਮੁੱਖ ਅਥਵਾ ਅਧਿਆਤਮਿਕ ਕਰਤੱਵ ਦੇ ਤੌਰ 'ਤੇ ਸਤਿਕਾਰਿਆ ਗਿਆ ਹੈ। ਕਿਹਾ ਗਿਆ ਹੈ ਕਿ ਬੈਰਾਗ ਇਕ ਅਜਿਹੀ ਮਨੋਬਿਰਤੀ ਹੈ ਜਿਸ ਦੁਆਰਾ ਮਨੁੱਖ ਦਾ ਮੋਹ ਮਾਇਆ ਦੇ ਜੰਜਾਲ ਤੋਂ ਮੁਕਤ ਹੋ ਕੇ, ਪਰਮਾਰਥ ਦੇ ਰਸਤੇ ਵਲ ਜਾਣਾ ਸੰਭਵ ਹੁੰਦਾ ਹੈ। ਪ੍ਰਭੂ ਪ੍ਰੀਤ ਅਤੇ ਬੈਰਾਗ ਦੀ ਅਨਿਖੜਵੀਂ ਸਾਂਝ ਹੈ, ਪ੍ਰਭੂ ਮਿਲਾਪ ਲਈ ਤਾਂਘ ਹੀ ਬੈਰਾਗ ਹੈ। ਸਮਦ੍ਰਿਸ਼ਟੀ (ਸਮਤਵ) ਸੱਚੇ ਬੈਰਾਗ ਦਾ ਕੇਂਦਰੀ ਬਿੰਦੂ ਹੈ। ਭਾਰਤੀ ਪੁਰਾਤਨ ਧਾਰਨਾ ਦੇ ਅਨੁਸਾਰ ਬੈਰਾਗ ਤੋਂ ਬਿਨਾਂ ਮੁਕਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜਿਸ ਮਨੁੱਖ ਦੇ ਮਨ ਅੰਦਰ ਸੁੱਖਾਂ ਦੀ ਪ੍ਰਾਪਤੀ ਲਈ ਇੱਛਾ ਨਹੀਂ ਹੁੰਦੀ, ਦੁੱਖਾਂ ਦੇ ਪ੍ਰਾਪਤ ਹੋਣ ਤੇ ਜਿਸ ਦਾ ਮਨ ਦੁਖੀ ਨਹੀਂ ਹੁੰਦਾ, ਰਾਗ ਰੰਗ, ਭੈਅ ਅਤੇ ਕ੍ਰੋਧ ਨਸ਼ਟ ਹੋ ਗਏ ਹਨ, ਉਹ ਅਸਲ ਰੂਪ ਵਿਚ ਬੈਰਾਗੀ ਹੈ। ਉਸ ਦਾ ਮਨ ਕਰੁਣਾਭਾਵੀ ਅਤੇ ਸੰਵੇਦਨਸ਼ੀਲ ਹੋ ਜਾਂਦਾ ਹੈ। ਉਹ ਪ੍ਰਭੂ ਪ੍ਰੀਤ ਵਿਚ ਰੰਗਿਆ ਜਾਂਦਾ ਹੈ। ਫਿਰ ਉਹ ਆਤਮਿਕ ਉਚਾਈਆਂ ਨੂੰ ਪ੍ਰਾਪਤ ਕਰ ਲੈਂਦਾ ਹੈ। ਮਹਾਂਰਿਸ਼ੀ ਵਸ਼ਿਸ਼ਟ ਵੈਰਾਗ ਦਾ ਅਰਥ ਵਾਸ਼ਨਾ ਦੇ ਤਿਆਗ ਤੋਂ ਲੈਂਦੇ ਹਨ। ਘਰ ਛੱਡ ਕੇ ਜਾਣਾ ਵੈਰਾਗ ਨਹੀਂ ਹੈ। .... ਵੈਰਾਗ ਇਕ ਯੋਗਤਾ ਹੈ ਜਿਸ ਨਾਲ ਸਾਧਕ ਇਸ ਮੁਕਤੀ ਦੇ ਮਾਰਗ ਤੇ ਚਲਣ ਦਾ ਅਧਿਕਾਰੀ ਬਣਦਾ ਹੈ, ਵੈਰਾਗ ਦਾ ਅਰਥ ਸੰਸਾਰਕ ਇੱਛਾਵਾਂ ਦਾ ਤਿਆਗ ਹੈ। ਅਜਿਹਾ ਵੈਰਾਗ ਲਿਆ ਨਹੀਂ ਜਾਂਦਾ ਬਲਕਿ ਪੂਰਵ ਜਨਮਾਂ ਦੀਆਂ ਅਨੁਭੂਤੀਆਂ ਦੇ ਆਧਾਰ ਤੇ ਸੰਵੇਦਨਸ਼ੀਲ ਵਿਅਕਤੀ ਵਿਚ ਸੁਭਾਵਿਕ ਰੂਪ ਵਿਚ ਹੁੰਦਾ ਹੈ, ਅਜਿਹਾ ਵੈਰਾਗ ਹੀ ਸੱਚਾ ਵੈਰਾਗ ਹੁੰਦਾ ਹੈ।"[91]

ਯੋਗੀਰਾਜ ਭਰਥਰੀ ਹਰੀ ਆਪਣੇ ਸੁਪ੍ਰਸਿੱਧ ਗ੍ਰੰਥ *'ਵੈਰਾਗ ਸ਼ਤਕ'* ਵਿਚ 'ਬੈਰਾਗ' ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕਰਦਿਆਂ ਲਿਖਦੇ ਹਨ :

**ਨਸ਼ਟ ਅਦ੍ਰਿਸ਼ਟ ਗਯਾਨ ਬਿਨ, ਗਯਾਨ ਨ ਬਿਨੁ ਵੈਰਾਗ।**

**ਤਾਂਤੇ ਭਵ ਨਿਰਵੇਦ ਪ੍ਰਦ, ਜਾਤੇ ਭਵ ਦੁਖ ਤਿਆਗ॥** [92]

ਭਾਵ ਇਹ ਕਿ ਗਿਆਨ ਤੋਂ ਬਿਨਾ ਦੁਸ਼ਟ ਕਰਮ ਨਸ਼ਟ ਨਹੀਂ ਹੁੰਦੇ, ਅਤੇ ਵੈਰਾਗ ਤੋਂ ਬਿਨਾਂ ਗਿਆਨ ਨਹੀਂ ਹੁੰਦਾ। ਇਸ ਲਈ ਹੇ ਸ਼ਿਵਜੀ! ਮੈਨੂੰ ਗਿਆਨ ਦੇ। ਜਿਸ ਕਰਕੇ ਸੰਸਾਰ ਦੇ ਦੁੱਖਾਂ ਦਾ ਤਿਆਗ ਹੋ ਜਾਵੇ।ਦੁੱਖਾਂ ਤੋਂ ਛੁਟਕਾਰਾ ਪਾਉਣਾ ਅਤੇ ਸੁੱਖਾਂ ਦੀ ਪ੍ਰਾਪਤੀ ਲਈ ਯਤਨ ਕਰਦੇ ਰਹਿਣਾ ਸੰਘਰਸ਼ੀ ਮਨੁੱਖ ਦਾ ਕਰਮ ਹੈ ਜੋ ਉਸ ਦੀ ਜ਼ਿੰਦਗੀ ਨੂੰ ਗਤੀਸ਼ੀਲਤਾ ਪ੍ਰਦਾਨ ਕਰਦਾ ਹੈ। ਦੁੱਖ-ਸੱਖ ਮਨੁੱਖੀ ਮਨ ਦੀ ਅਜਿਹੀ ਸਥਿਤੀ ਹੈ ਜਿਸ ਅਧੀਨ ਉਹ ਦਵੰਦਮਈ ਸਥਿਤੀ ਵਿਚ ਫਸਿਆ ਰਹਿੰਦਾ ਹੈ। ਉਹ ਸਿਰਫ਼ ਬੈਰਾਗੀ ਹੋ ਕੇ ਦੁੱਖਾਂ ਤੋਂ ਛੁਟਕਾਰਾ ਪਾਉਣ ਦਾ ਯਤਨ ਕਰਦਾ ਹੋਇਆ ਸੁਖ-ਸ਼ਾਂਤੀ ਦੀ ਪ੍ਰਾਪਤੀ ਕਰ ਲੈਂਦਾ ਹੈ। ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ 'ਵੈਰਾਗ ਇਕ ਯੋਗਤਾ ਹੈ। ਜਿਸ ਨਾਲ ਸਾਧਕ ਇਸ ਮਾਰਗ 'ਤੇ ਚੱਲਣ ਦਾ ਅਧਿਕਾਰੀ ਬਣਦਾ ਹੈ। ਵੈਰਾਗ ਦਾ ਅਰਥ ਸੰਸਾਰਿਕ ਕਾਮਨਾਵਾਂ ਦਾ ਤਿਆਗ ਹੈ। ਅਜਿਹਾ ਵੈਰਾਗ ਲਿਆ ਨਹੀਂ ਜਾਂਦਾ ਬਲਕਿ ਪੂਰਵ ਜਨਮਾਂ ਦੀਆਂ ਅਨੁਭੂਤੀਆਂ ਦੇ ਆਧਾਰ 'ਤੇ ਸੰਵੇਦਨਸ਼ੀਲ ਵਿਅਕਤੀ ਵਿਚ ਸੁਭਾਵਿਕ ਰੂਪ ਵਿਚ ਵਾਪਰਦਾ ਹੈ। ਅਜਿਹਾ ਵੈਰਾਗ ਹੀ ਸੱਚਾ ਵੈਰਾਗ ਹੈ।'[93] ਯੋਗ ਵਸ਼ਿਸ਼ਟ ਦੇ ਸਿਧਾਂਤ ਅਨੁਸਾਰ ਵੈਰਾਗ ਭਾਵਨਾ ਇਹ ਹੈ ਕਿ 'ਸੰਸਾਰ ਵਿਚ ਕੁਝ ਵੀ ਸਥਿਰ ਨਹੀਂ ਹੈ ਸਾਰੇ ਅਨਿਤਯ ਹਨ। ਵਿਸ਼ਿਆਂ ਦੀ ਭਾਵਨਾ ਹੀ ਸੰਸਾਰ ਨਾਲ ਸਭ ਨੂੰ ਬੰਨਦੀ ਹੈ। ਇਥੇ ਪ੍ਰਾਣੀ ਮਰਨ ਦੇ ਲਈ ਪੈਦਾ ਹੁੰਦਾ ਹੈ ਅਤੇ ਪੈਦਾ ਹੋਣ ਦੇ ਲਈ ਮਰਦਾ ਹੈ। ਸਾਰੇ ਭੋਗ ਵਿਨਾਸ਼ਸ਼ੀਲ ਹਨ ਅਤੇ ਦੁਖਦਾਈ ਹਨ। ਸੁੱਖ ਕੇਵਲ ਦੁੱਖ ਦੇ ਲਈ ਹੈ ਅਤੇ ਜੀਵਨ ਮਰਨ ਦੇ ਲਈ, ਇਸਤਰੀ ਦੇ ਸੌਂਦਰਯ ਦਾ ਇਕਮਾਤਰ ਕਾਰਨ ਮੋਹ ਹੈ।'[94] ਇਹ ਮੋਹ ਦੀ ਭਾਵਨਾ ਮਨੁੱਖ ਦੇ ਅਨੇਕਾਂ ਦੁਖਾਂ ਦਾ ਕਾਰਨ ਬਣਦੀ ਹੈ। ਜਿਸ ਦੇ ਕਾਰਨ ਉਹ ਅਨੇਕਾਂ ਕਸ਼ਟਾਂ ਨੂੰ ਭੋਗਦਾ ਹੈ ਅਤੇ ਸੰਸਾਰਿਕ ਬੰਧਨਾਂ

ਵਿਚ ਬੰਨਿਆਂ ਜਾਂਦਾ ਹੈ। ਬੰਧਨ ਦਾ ਕਾਰਨ ਮਨੋਬਿਰਤੀਆਂ ਦਾ ਖੰਡਤ ਹੋਣਾ ਹੈ। ਇਸ ਪ੍ਰਕਾਰ ਬੈਰਾਗ ਸਾਧਨਾ ਦੀ ਸਫ਼ਲਤਾ ਵਧੇਰੇ ਮਨ ਦੀ ਸਥਿਰਤਾ ਉੱਤੇ ਨਿਰਭਰ ਕਰਦੀ ਹੈ।

ਜਦੋਂ ਕਿਸੇ ਮਨੁੱਖ ਦੇ ਮਨ ਵਿਚ ਬੈਰਾਗ ਉਤਪੰਨ ਹੁੰਦਾ ਹੈ ਤਾਂ ਉਦੋਂ ਉਸ ਦੇ ਮਨ ਵਿਚ ਸੰਸਾਰ ਨੂੰ ਤਿਆਗ ਕੇ ਪਰਮਾਤਮਾ ਨੂੰ ਮਿਲਣ ਦੀ ਤਾਂਘ ਵਧੇਰੇ ਪ੍ਰਬਲ ਹੁੰਦੀ ਹੈ। ਬੈਰਾਗ ਦਾ ਪ੍ਰਮੁੱਖ ਕਰਮ ਮਨ ਨੂੰ ਇਕ ਪਾਸਿਉਂ ਤੋੜ ਕੇ ਦੂਜੇ ਪਾਸੇ ਜੋੜਨਾ ਹੈ। ਬੈਰਾਗਮਈ ਅਵਸਥਾ ਵਿਚ ਹੀ ਮਨੁੱਖ ਦੁਨਿਆਵੀ ਮੋਹ ਅਤੇ ਕੱਚੀ ਪ੍ਰੀਤ ਤੋਂ ਬੇਮੁਖ ਹੋ ਕੇ ਪਰਮਾਤਮਾ ਦੀ ਸੱਚੀ ਪ੍ਰੀਤ ਵਲ ਅਗਰਸਰ ਹੁੰਦਾ ਹੈ। ਜਿਸ ਤਰ੍ਹਾਂ ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਰਹਿ ਸਕਦੀਆਂ, ਦੋ ਬੇੜੀਆਂ 'ਤੇ ਚੜ੍ਹ ਕੇ ਪਾਰ ਉਤਾਰਾ ਨਹੀਂ ਹੋ ਸਕਦਾ, ਦੋ ਵੱਖ-ਵੱਖ ਦਿਸ਼ਾਵਾਂ ਵਲ ਇਕੋ ਸਮੇਂ ਨਹੀਂ ਚੱਲਿਆ ਜਾ ਸਕਦਾ। ਉਸੇ ਤਰ੍ਹਾਂ ਵਿਕਾਰਾਂ ਅਤੇ ਪਰਮਾਤਮਾ ਪ੍ਰਤੀ ਪ੍ਰੀਤ ਨੂੰ ਮਨ ਵਿਚ ਇਕੋ ਵੇਲੇ ਇਕੱਠੇ ਨਹੀਂ ਵਸਾਇਆ ਜਾ ਸਕਦਾ ਕਿਉਂਕਿ ਬੈਰਾਗ ਤਾਂ ਮਨੁੱਖ ਨੂੰ ਇਕ ਦੀ ਪ੍ਰੀਤ ਵਲ ਕਦਮ ਪੁਟਣਾ ਸਿਖਾਉਂਦਾ ਹੈ। ਇਸ ਦੇ ਨਾਲ ਹੀ 'ਵੈਰਾਗ ਦਾ ਮਤਲਬ ਸਮਾਜਕ ਫ਼ਰਜ਼ਾਂ ਅਤੇ ਜ਼ੁੰਮੇਵਾਰੀਆਂ ਤੋਂ ਭੱਜਣਾ ਨਹੀਂ ਹੈ। ਇਸਦਾ ਅਰਥ ਸੰਸਾਰ ਤੋਂ ਅਲਹਿਦਗੀ ਵੀ ਨਹੀਂ ਹੈ। ਇਸਦਾ ਮਤਲਬ ਹਿਮਾਲਿਆ ਦੀਆਂ ਗੁਫ਼ਾਵਾਂ ਵਿਚ ਇਕਾਂਤਵਾਸ ਕਰਨਾ ਜਾਂ ਮੁਰਦਾਘਾਟਾਂ ਵਿਚ ਜਾ ਬੈਠਣਾ ਨਹੀਂ ਹੈ। ਇਸਦਾ ਅਰਥ ਨਿੰਮ ਦੇ ਪੱਤੇ ਖਾ ਕੇ ਜਿਊਣਾ ਜਾਂ ਗਊ ਦਾ ਪਿਸ਼ਾਬ ਪੀਣਾ ਅਤੇ ਗੋਹਾ ਖਾਣਾ ਨਹੀਂ ਹੈ। ਇਸਦਾ ਅਰਥ ਜਟਾਂ ਰੱਖਣੀਆਂ ਜਾਂ ਕੱਦੂ ਜਾਂ  ਨਾਰੀਅਲ ਚਿੱਪੀ ਹੱਥ ਵਿਚ ਫੜ੍ਹਨਾ ਵੀ ਨਹੀਂ ਹੈ। ਇਸਦਾ ਮਤਲਬ ਘੋਨ-ਮੋਨ ਹੋਣਾ ਅਤੇ ਨੰਗ-ਧੜੰਗੇ ਫਿਰਨਾ ਵੀ ਨਹੀਂ ਹੈ।'[95] ਇਹ ਕਿਰਿਆਵਾਂ ਸਿਰਫ਼ ਅਖੌਤੀ ਬਾਹਰੀ ਬੈਰਾਗ ਦੀਆਂ ਹਨ ਜੋ ਕਿ ਮਨੁੱਖੀ ਮਨ ਨੂੰ ਅਨੇਕਾਂ ਝਮੇਲਿਆਂ ਵਿਚ ਪਾਈ ਰੱਖਦੀਆਂ ਹਨ।

ਅਸਲ ਵਿਚ 'ਵੈਰਾਗ ਸੰਸਾਰਿਕ ਸੰਬੰਧਾਂ ਤੋਂ ਮਾਨਸਿਕ ਅਲਹਿਦਗੀ ਨੂੰ ਆਖਦੇ ਹਨ। ਬਸ ਇੰਨ੍ਹੀ ਕੁ ਹੀ ਗੱਲ ਹੈ। ਵਿਅਕਤੀ ਸੰਸਾਰ ਵਿਚ ਵਿਚਰ ਸਕਦਾ ਹੈ ਅਤੇ ਆਪਣੀ ਜ਼ਿੰਦਗੀ ਦੇ ਹਰ ਪੱਧਰ ਦੀਆਂ ਜ਼ਿੰਮੇਵਾਰੀਆਂ ਪੂਰੀ ਅਲਹਿਦਗੀ ਨਾਲ ਨਿਭਾਉਂਦਾ ਹੈ। ਉਹ ਘਰ-ਗ੍ਰਿਹਸਥੀ ਵੀ

ਹੋ ਸਕਦਾ ਹੈ। ਉਹ ਆਪਣੇ ਪਰਿਵਾਰ ਅਤੇ ਬੱਚਿਆਂ ਨਾਲ ਰਹਿ ਸਕਦਾ ਹੈ। ਪਰੰਤੂ ਇਸ ਦੇ ਦੌਰਾਨ ਉਹ ਮੁਕੰਮਲ ਤੌਰ 'ਤੇ ਮਾਨਸਿਕ ਅਲਹਿਦਗੀ ਵੀ ਹਾਸਲ ਕਰ ਸਕਦਾ ਹੈ। ਉਹ ਰੂਹਾਨੀ ਸਾਧਨਾ ਕਰ ਸਕਦਾ ਹੈ ਜਿਹੜਾ ਵਿਅਕਤੀ ਇਸ ਸੰਸਾਰ ਵਿਚ ਵਿਚਰਦੇ ਹੋਇਆਂ ਮੁਕੰਮਲ ਮਾਨਸਿਕ ਅਲਹਿਦਗੀ ਹਾਸਲ ਕਰ ਲੈਂਦਾ ਹੈ। ਉਹ ਸੱਚੀ-ਮੁੱਚੀ ਇਕ ਨਾਇਕ ਹੈ। ਹੀਰੋ ਹੈ। ਉਹ ਹਿਮਾਲਿਆ ਦੀਆਂ ਗੁਫ਼ਾਵਾਂ ਵਿਚ ਰਹਿਣ ਵਾਲੇ ਸਾਧੂ ਨਾਲੋਂ ਸੌ ਗੁਣਾਂ ਬੇਹਤਰ ਹੈ ਕਿਉਂਕਿ ਉਸਨੇ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਲਾਲਸਾਵਾਂ ਦਾ ਸਾਹਮਣਾ ਕਰਨਾ ਹੁੰਦਾ ਹੈ।'[96]

ਇਸ ਤੋਂ ਇਲਾਵਾ ਵਿਦਵਾਨਾਂ ਨੇ ਬੈਰਾਗ ਦੀਆਂ ਪ੍ਰਮੁੱਖ ਰੂਪ ਵਿਚ ਦੋ ਕਿਸਮਾਂ ਮੰਨੀਆਂ ਹਨ 'ਇਕ ਕਰੁਣਾ ਵੈਰਾਗ, ਜਿਹੜਾ ਦੁੱਖਾਂ, ਤਕਲੀਫ਼ਾਂ ਅਤੇ ਕਸ਼ਟਾਂ ਦੇ ਕਾਰਨ ਪੈਦਾ ਹੁੰਦਾ ਹੈ ਅਤੇ ਦੂਜਾ ਵਿਵੇਕਪੂਰਣ ਵੈਰਾਗ, ਜਿਹੜਾ ਅਸਲੀਅਤ ਅਤੇ ਗ਼ੈਰ ਅਸਲੀਅਤ ਵਿਚਕਾਰ ਵਖਰੇਵੇਂ ਕਾਰਨ ਪੈਦਾ ਹੁੰਦਾ ਹੈ। ਉਹ ਵਿਅਕਤੀ ਜਿਸ ਨੂੰ ਪਹਿਲੀ ਕਿਸਮ ਦਾ ਵੈਰਾਗ ਹੁੰਦਾ ਹੈ, ਤਿਆਗ ਦਿਤੀਆਂ ਜਾਂ ਗੁਆਚ ਗਈਆਂ ਵਸਤੂਆਂ ਦੀ ਵਾਪਸ ਮੁੜ ਆ ਜਾਣ ਦੀ ਉਡੀਕ ਕਰਦਾ ਰਹਿੰਦਾ ਹੈ। ਜਦੋਂ ਉਸਨੂੰ ਅਜਿਹਾ ਅਵਸਰ ਮਿਲ ਜਾਂਦਾ ਹੈ ਤਾਂ ਉਸਦਾ ਪਤਨ ਹੋ ਜਾਂਦਾ ਹੈ ਅਤੇ ਉਹ ਆਪਣੀ ਪਹਿਲੀ ਅਵਸਥਾ ਵਿਚ ਹੀ ਜਾ ਡਿੱਗਦਾ ਹੈ। ਇੰਦਰਿਆਵੀ ਵਸਤੂਆਂ ਉਸ ਨਾਲ ਬਦਲਾਖੋਰੀ ਦੇ ਤਹਿਤ ਖਿਲਵਾੜ ਕਰਦੀਆਂ ਹਨ ਅਤੇ ਇਹ ਪ੍ਰਤੀਕਿਰਿਆ ਅਕਸਰ ਦੁੱਗਣੇ ਬਲ ਦੀ ਹੁੰਦੀ ਹੈ। ਪਰੰਤੂ ਦੂਜਾ ਵਿਅਕਤੀ ਜਿਸਨੇ ਡੂੰਘੀ ਖੋਜ-ਪੜਤਾਲ ਅਤੇ ਤਰਕ-ਬੁੱਧੀ ਨਾਲ ਸੰਸਾਰਕ ਵਸਤੂਆਂ ਦਾ ਤਿਆਗ ਕੀਤਾ ਹੁੰਦਾ ਹੈ। ਇੰਨ੍ਹਾਂ ਵਸਤੂਆਂ ਨੂੰ ਭੁਲੇਖਾਪਾਊ ਜਾਂ ਭਰਮਾਉਣ ਵਾਲੀਆਂ ਮੰਨਿਆ ਹੁੰਦਾ ਹੈ, ਉਹ ਰੂਹਾਨੀ ਬੁਲੰਦੀਆਂ ਨੂੰ ਛੂਹ ਲੈਂਦਾ ਹੈ। ਉਸਦਾ ਨਿਘਾਰ ਨਹੀਂ ਹੁੰਦਾ।'[97] ਇਸ ਪ੍ਰਕਾਰ ਬੈਰਾਗ ਸਰੀਰਕ ਦੁੱਖਾਂ, ਤਕਲੀਫ਼ਾਂ ਨਾਲ ਨਹੀਂ ਹੁੰਦਾ ਸਗੋਂ ਆਪਣੇ ਮਨ ਨੂੰ ਪੱਕਾ ਕਰਕੇ ਦੁਨੀਆ ਵਿਚ ਰਹਿੰਦਿਆਂ ਹੀ ਇੱਛਾਵਾਂ ਦਾ ਤਿਆਗ ਕਰਕੇ ਰੂਹਾਨੀ ਬੁਲੰਦੀਆਂ ਨੂੰ ਛੂਹ ਲੈਣਾ ਹੁੰਦਾ ਹੈ।

'ਪਤੰਜਲੀ ਯੋਗਪ੍ਰਦੀਪ' ਵਿਚ ਸਭ ਤੋਂ ਪਹਿਲਾ *ਅਪਰ ਵੈਰਾਗ* (ਵੇਖੇ ਅਤੇ ਸੁਣੇ ਵਿਸ਼ਿਆਂ ਪ੍ਰਤਿ ਚਿਤ ਦੀ ਤ੍ਰਿਸ਼ਨਾ ਰਹਿਤ ਅਵਸਥਾ) ਅਤੇ ਦੂਜਾ *ਪਰਾ ਵੈਰਾਗ* (ਮਨੁੱਖ ਰਜੋ, ਤਮੋ, ਸਤੋ ਗੁਣਾਂ ਤੋਂ ਨਿਵਿਰਤੀ ਪ੍ਰਾਪਤ ਕਰਕੇ ਮੋਖ਼ਸ਼ ਦੀ ਪ੍ਰਾਪਤੀ) ਹੈ, ਦਾ ਵਰਣਨ ਕੀਤਾ ਗਿਆ ਹੈ।[98] ਇਨ੍ਹਾਂ ਅਪਰ ਵੈਰਾਗ ਅਤੇ ਪਰਾ ਵੈਰਾਗ ਦੀਆਂ ਅਧਿਆਤਮਕ ਅਵਸਥਾਵਾਂ ਨੂੰ ਗੁਣਾਤਮਕ ਪੱਖ ਤੋਂ ਅਸਥਿਰ ਵੈਰਾਗ ਦਾ ਦਰਜਾ ਵੀ ਦਿਤਾ ਜਾ ਸਕਦਾ ਹੈ। ਵੈਰਾਗ ਦੀਆਂ ਇਨ੍ਹਾਂ ਅਵਸਥਾਵਾਂ ਉੱਤੇ ਪੁਜਣ ਲਈ ਸਿਰਫ਼ ਦੋ ਹੀ ਵਿਕਲਪ ਮਾਧਿਅਮ ਬਣਦੇ ਹਨ ਇਕ ਕਠੋਰ ਬੈਰਾਗ ਦੂਜਾ ਸਹਿਜ ਬੈਰਾਗ।

ਬੈਰਾਗ ਦੀਆਂ ਉਪਰੋਕਤ ਦੱਸੀਆਂ ਗਈਆਂ ਕਿਸਮਾਂ ਤੋਂ ਇਲਾਵਾ ਕੁੱਝ ਹੋਰ ਵੀ ਕਿਸਮਾਂ ਵੇਖੀਆਂ ਜਾ ਸਕਦੀਆਂ ਹਨ ਜਿਵੇਂ ਕਿ ਅਸਥਿਰ ਬੈਰਾਗ, ਸਥਿਰ ਬੈਰਾਗ। ਉਹ ਬੈਰਾਗ ਜੋ ਪ੍ਰਤੀਕੂਲ ਪਰਿਸਥਿਤੀਆਂ ਤੋਂ ਉਤਪੰਨ ਹੁੰਦਾ ਹੈ ਪਰ ਪਰਸਥਿਤੀਆਂ ਦੇ ਅਨੁਕੂਲ ਹੁੰਦਿਆਂ ਹੀ ਆਪਣੀ ਹੋਂਦ ਗਵਾ ਬੈਠਦਾ ਹੈ ਅਸਥਿਰ ਬੈਰਾਗ ਦਾ ਦਰਜਾ ਰੱਖਦਾ ਹੈ, ਕਿਉਂਕਿ ਅਸਥਿਰ ਬੈਰਾਗ ਸੰਪੂਰਨ ਰੂਪ ਵਿਚ ਬੈਰਾਗ ਦੇ ਯਥਾਰਥਕ ਸਰੂਪ ਨੂੰ ਪ੍ਰਤਿਪਾਦਿਤ ਕਰਨ ਵਿਚ ਅਸਮਰਥ ਹੁੰਦਾ ਹੈ। ਇਸ ਕਰਕੇ ਅਜਿਹੇ ਬੈਰਾਗ ਨੂੰ ਅਸਥਿਰ ਬੈਰਾਗ ਜਾਂ ਹੇਠਲੇ ਪੱਧਰ ਦਾ ਬੈਰਾਗ ਕਿਹਾ ਜਾਂਦਾ ਹੈ। ਅਨੁਕੂਲ ਪਰਸਥਿਤੀਆਂ ਅੰਦਰ ਜਨਮਿਆਂ ਬੈਰਾਗ ਪ੍ਰਤੀਕੂਲ ਪਰਸਥਿਤੀਆਂ ਵਿਚ ਵੀ ਜੇਕਰ ਆਪਣਾ ਵਜੂਦ ਕਾਇਮ ਰੱਖਦਾ ਹੈ ਤਾਂ ਅਜਿਹੇ ਬੈਰਾਗ ਨੂੰ ਸਥਿਰ ਬੈਰਾਗ ਦਾ ਨਾਂ ਦਿਤਾ ਜਾਂਦਾ ਹੈ। ਸਥਿਰ ਬੈਰਾਗ ਪਰਸਥਿਤੀਆਂ ਅਨੁਸਾਰ ਪਰਿਵਰਤਿਤ ਨਹੀਂ ਹੁੰਦਾ ਬਲਕਿ ਅਨੁਕੂਲ-ਪ੍ਰਤੀਕੂਲ ਦੋਹਾਂ ਪਰਸਥਿਤੀਆਂ ਵਿਚ ਨਿਹਚਲ ਰਹਿੰਦਾ ਹੈ। ਸਥਿਰ ਬੈਰਾਗ ਪੂਰਨ ਤੌਰ 'ਤੇ ਬੈਰਾਗ ਦੇ ਯਥਾਰਥਕ ਸਰੂਪ ਦਾ ਨਿਰੂਪਣ ਕਰਦਾ ਹੈ। ਇਸ ਲਈ ਅਜਿਹੇ ਬੈਰਾਗ ਨੂੰ ਉੱਚ ਪੱਧਰ ਦਾ ਬੈਰਾਗ ਵੀ ਕਿਹਾ ਜਾ ਸਕਦਾ ਹੈ।

ਬੈਰਾਗ ਨੂੰ ਮੱਧਮ ਬੈਰਾਗ ਅਤੇ ਤੀਬਰ ਬੈਰਾਗ ਦੀਆਂ ਕਿਸਮਾਂ ਵਿਚ ਵੀ ਵੰਡਿਆ ਜਾ ਸਕਦਾ ਹੈ। ਉਸ ਬੈਰਾਗ ਨੂੰ ਮੱਧਮ ਬੈਰਾਗ ਦੀ ਸੰਗਿਆ ਦੇਣੀ ਠੀਕ ਲਗਦੀ ਹੈ ਜਿਹੜਾ ਬਹੁਤ

ਮੱਧਮ ਗਤੀ ਨਾਲ ਉਪਜਦਾ ਹੈ। ਮੱਧਮ ਬੈਰਾਗ ਵਿਚ ਮਨੁੱਖ ਕਿਸੇ ਪ੍ਰਭਾਵ ਅਧੀਨ ਵਿਕਾਰਾਂ ਨੂੰ ਛੱਡ ਕੇ ਅਤੇ ਪ੍ਰਭੂ ਵੱਲ ਰੁਚਿਤ ਹੁੰਦਾ ਹੈ। ਦੁਨੀਆ ਦੇ ਰੰਗ ਤਮਾਸ਼ਿਆਂ ਨੂੰ ਛੱਡਕੇ ਧਾਰਮਿਕ ਸਥਾਨਾਂ ਵਿਚ ਜਾਣਾ ਸ਼ੁਰੂ ਕਰ ਦਿੰਦਾ ਹੈ ਅਰਥਾਤ ਸਹਿਜੇ-ਸਹਿਜੇ ਉਹ ਆਪਣਾ ਅਧਿਆਤਮਕ ਵਿਕਾਸ ਕਰਨਾ ਸ਼ੁਰੂ ਕਰ ਦਿੰਦਾ ਹੈ। ਪਰ ਨਿਸ਼ਚਿਤ ਨਹੀਂ ਕਿ ਉਹ ਅਧਿਆਤਮਕ ਵਿਕਾਸ ਦੇ ਸਿਖਰ (ਪ੍ਰਭੂ ਮਿਲਾਪ) ਤੱਕ ਅਪੜ ਸਕੇਗਾ ਜਾਂ ਨਹੀਂ। ਇਸ ਲਈ ਇਹ ਨਿਸ਼ਚਿਤ ਤੌਰ 'ਤੇ ਨਹੀਂ ਦੱਸਿਆ ਜਾ ਸਕਦਾ ਕਿ ਅਧਿਆਤਮਕ ਵਿਕਾਸ ਦੀ ਮੱਧਮ ਗਤੀ ਕਾਰਨ ਹੀ ਸਹੀ ਅਰਥਾਂ ਵਿਚ ਬੈਰਾਗੀ ਬਣ ਕੇ ਕਿਨਾਂ ਚਿਰ ਲਈ ਰਹੇਗਾ ਅਤੇ ਉਹ ਬੈਰਾਗੀ ਬਣ ਵੀ ਪਾਏਗਾ ਜਾਂ ਨਹੀਂ। ਜੋ ਬੈਰਾਗ ਅਚਾਨਕ ਹੀ ਬੜੀ ਤੀਬਰ ਗਤੀ ਨਾਲ ਉਤਪੰਨ ਹੁੰਦਾ ਹੈ ਉਹ ਤੀਬਰ ਬੈਰਾਗ ਹੈ। ਅਜਿਹੇ ਬੈਰਾਗ ਦੀ ਉਤਪਤੀ ਦਾ ਕਾਰਨ ਬੇਵਫ਼ਾਈ, ਝਿੜਕ, ਮਾੜਾ ਵਰਤਾਉ, ਸੰਬੰਧਾਂ ਦੀ ਕੂੜਤਾ ਦਾ ਅਹਿਸਾਸ ਜਾਂ ਹਾਦਸਾ ਆਦਿ ਹੋ ਸਕਦੇ ਹਨ। ਜਿਵੇਂ ਕਿ ਪਤਨੀ ਦੀ ਬੇਵਫ਼ਾਈ ਦੇ ਅਹਿਸਾਸ ਨੇ ਭਰਥਰੀ ਹਰੀ ਨੂੰ, ਪਤਨੀ ਦੀ ਝਿੜਕ ਨੇ ਤੁਲਸੀਦਾਸ ਨੂੰ, ਸੌਤੇਲੀ ਮਾਂ ਦੇ ਮਾੜੇ ਵਰਤਾਉ ਨੇ ਭਗਤ ਧਰੂ ਜੀ ਨੂੰ, ਭਰਥਰੀ ਹਰੀ ਦੇ ਬੈਰਾਗੀ ਬਣ ਜਾਣ ਵਾਲੀ ਗਾਥਾ ਨੇ ਗੋਪੀ ਚੰਦ ਨੂੰ, ਇਕ ਬਿਰਧ ਅਤੇ ਮੁਰਦੇ ਉੱਪਰ ਗੌਰ ਕਰਨ ਵਾਲੀ ਘਟਨਾ ਨੇ ਮਹਾਤਮਾ ਬੁੱਧ ਨੂੰ ਪਲ਼ਾਂ-ਛਿਨਾਂ ਵਿਚ ਹੀ ਬੈਰਾਗੀ ਬਣਾ ਦਿਤਾ। ਅਜਿਹਾ ਬੈਰਾਗ ਛਿਨ ਮਾਤਰ ਵਿਚ ਹੀ ਵਿਅਕਤੀ ਦੀ ਸੋਚ ਪਰਿਵਰਤਿਤ ਕਰਕੇ ਰੱਖ ਦਿੰਦਾ ਹੈ।

**ਬੈਰਾਗ ਦਾ ਸਰੂਪ** :

ਬੈਰਾਗ ਦੀ ਭਾਵੇਂ ਕੋਈ ਵਿਸ਼ੇਸ਼ ਪ੍ਰਕਾਰ ਦੀ ਸ਼ਕਲ ਸੂਰਤ ਨਹੀਂ ਹੁੰਦੀ ਪਰੰਤੂ ਫੇਰ ਵੀ ਬੈਰਾਗੀ ਦੇ ਕੁੱਝ ਪ੍ਰਮੁੱਖ ਗੁਣ-ਲੱਛਣਾਂ ਦੇ ਆਧਾਰ 'ਤੇ ਬੈਰਾਗ ਦਾ ਸਰੂਪ ਨਿਸ਼ਚਿਤ ਕੀਤਾ ਜਾ ਸਕਦਾ ਹੈ। ਇਨ੍ਹਾਂ ਗੁਣ-ਲੱਛਣਾਂ ਵਿਚ ਸਭ ਤੋਂ ਪਹਿਲਾ ਗੁਣ-ਲੱਛਣ 'ਵਿਵੇਕਸ਼ੀਲਤਾ' ਕਿਹਾ ਜਾ ਸਕਦਾ ਹੈ। ਵਿਵੇਕ ਦਾ ਸੰਬੰਧ ਅਸਲ ਵਿਚ ਮਨੁੱਖ ਦੀ ਬੁੱਧੀ ਨਾਲ ਹੈ। ਜਦੋਂ ਮਨੁੱਖ ਨੂੰ ਸੱਚ-ਝੂਠ, ਨੇਕੀ-ਬਦੀ, ਗ਼ਲਤ-ਠੀਕ, ਗੁਣ-ਔਗੁਣ ਵਿੱਦਿਆ-ਅਵਿੱਦਿਆ ਆਦਿ ਵਿਚ ਅੰਤਰ-

ਨਿਖੇੜ ਦੀ ਸੋਝੀ ਪ੍ਰਾਪਤ ਹੋ ਜਾਂਦੀ ਹੈ ਉਦੋਂ ਉਸ ਅੰਦਰ ਵਿਵੇਕਸ਼ੀਲਤਾ ਦਾ ਜਨਮ ਹੁੰਦਾ ਹੈ। ਅਜਿਹਾ ਵਿਅਕਤੀ ਵਿਵੇਕਸ਼ੀਲ ਅਖਵਾਉਂਦਾ ਹੈ ਪਰੰਤੂ ਬੈਰਾਗੀ ਨਹੀਂ। ਬੈਰਾਗੀ ਉਹ ਉਦੋਂ ਬਣਦਾ ਹੈ ਜਦੋਂ ਉਹ ਸਾਕਾਰਾਤਮਕ ਤੇ ਨਾਕਾਰਾਤਮਕ ਕੀਮਤਾਂ ਵਿਚਲੇ ਅੰਤਰ ਦੀ ਪਛਾਣ ਕਰਕੇ ਸਾਕਾਰਾਤਮਕ ਕੀਮਤਾਂ ਦਾ ਧਾਰਨੀ ਬਣਦਾ ਹੈ। ਇਸ ਤੋਂ ਸਪਸ਼ਟ ਹੈ ਕਿ ਇਕ ਵਿਵੇਕਸ਼ੀਲ ਦਾ ਬੈਰਾਗੀ ਹੋਣਾ ਅਵੱਸ਼ਕ ਨਹੀਂ ਪਰੰਤੂ ਇਕ ਬੈਰਾਗੀ ਦਾ ਵਿਵੇਕਸ਼ੀਲ ਹੋਣਾ ਬਹੁਤ ਜ਼ਰੂਰੀ ਹੈ। ਇਹ ਵਿਵੇਕ ਬੈਰਾਗਮਈ ਅਵਸਥਾ ਦੀ ਸ਼ਰਤ ਹੈ। ਕਰਮਸ਼ੀਲਤਾ ਬੈਰਾਗਮਈ ਅਵਸਥਾ ਦਾ ਦੂਜਾ ਮਹੱਤਵਪੂਰਣ ਗੁਣ ਜਾਂ ਲੱਛਣ ਕਿਹਾ ਜਾ ਸਕਦਾ ਹੈ। ਅਸਲ ਵਿਚ ਬੈਰਾਗ ਦੇ ਅਰਥ ਮੁਕਤੀ ਦੀ ਪ੍ਰਾਪਤੀ ਲਈ ਪਰਮਾਤਮਾ ਦੇ ਪ੍ਰਤੀ ਸੰਪੂਰਨ ਸ਼ਰਧਾ ਦੇ ਭਾਵ ਤੋਂ ਲਿਆ ਜਾਂਦਾ ਹੈ ਭਾਵੇਂ ਹਰ ਇਕ ਧਰਮ ਵਿਚ ਇਹ ਵੱਖ-ਵੱਖ ਹੁੰਦਾ ਹੈ ਪਰ ਬੁਨਿਆਦੀ ਤੱਤ ਸੰਸਾਰਕ ਜ਼ਿੰਦਗੀ ਦੇ ਮੋਹ ਦਾ ਤਿਆਗ ਹੈ।

ਪ੍ਰਾਚੀਨ ਸਮੇਂ ਵਿਚ ਨਾਥ-ਜੋਗੀ ਜਦੋਂ ਘਰ-ਬਾਰ ਦਾ ਤਿਆਗ ਕਰਕੇ ਜੰਗਲਾਂ ਵਿਚ ਜਾ ਕੇ ਕਰਮ-ਕਾਂਡ ਕਰਦੇ ਸਨ ਤਾਂ ਉਦੋਂ ਇਸੇ ਨੂੰ ਬੈਰਾਗ ਕਿਹਾ ਜਾਂਦਾ ਸੀ। ਜਿਉਂ-ਜਿਉਂ ਸਮੇਂ ਵਿਚ ਪਰੀਵਰਤਨ ਹੁੰਦਾ ਗਿਆ ਤਿਉਂ-ਤਿਉਂ ਬੈਰਾਗ ਦੇ ਸਰੂਪ ਵਿਚ ਵੀ ਪਰਿਵਰਤਨ ਆਉਂਦਾ ਗਿਆ ਪਰੰਤੂ ਬੈਰਾਗ ਦੇ ਅਸਲੀ ਸਰੂਪ ਨੂੰ ਸਪਸ਼ਟ ਕਰਦਿਆਂ ਭਰਥਰੀ ਹਰੀ ਆਪਣੇ ਗ੍ਰੰਥ *'ਵੈਰਾਗ ਸ਼ਤਕ'* ਵਿਚ ਲਿਖਦੇ ਹਨ ਕਿ ਭੋਗ ਵਿਚ ਰੋਗ ਦਾ ਡਰ ਹੁੰਦਾ ਹੈ। ਕੁਲ ਦੇ ਵਧਣ ਨਾਲ ਇਸਤਰੀ ਦੇ ਵਿਭਚਾਰੀ ਹੋਣ ਦਾ ਡਰ ਹੈ। ਜ਼ਿਆਦਾ ਧਨ ਹੋਣ ਨਾਲ ਉਸ ਤੋਂ ਰਾਜ ਦਾ ਡਰ ਹੈ। ਮੋਨ ਹੋਣ ਨਾਲ ਦੀਨਤਾ ਦਾ ਡਰ ਹੈ। ਬਲ ਵਿਚ ਦੁਸ਼ਮਣ ਦਾ ਡਰ ਹੈ। ਰੂਪ ਵਿਚ ਬਿਰਧ ਅਵਸਥਾ ਦਾ ਡਰ ਹੈ। ਸੰਸਾਰ ਦੇ ਸਮੁੱਚੇ ਪਦਾਰਥ ਡਰ ਨਾਲ ਭਰੇ ਪਏ ਹਨ। ਬਸ, ਇੱਕ ਵੈਰਾਗ ਹੀ ਡਰ ਰਹਿਤ ਹੈ। ਵੈਰਾਗ ਵਿਚ ਕਿਸੇ ਦਾ ਡਰ ਨਹੀਂ।[99] ਮਨੁੱਖ ਨਿਡਰ ਹੋ ਜਾਂਦਾ ਹੈ। ਇਸ ਤੋਂ ਪਿੱਛੋਂ ਸਮੇਂ ਦੇ ਪਰਿਵਰਤਨ ਨਾਲ ਦੁਨਿਆਵੀ ਕਰਮਾਂ ਨੂੰ ਵੀ ਬੈਰਾਗ ਦਾ ਅਨਿਖੜਵਾਂ ਅੰਗ ਸਵੀਕਾਰ ਕੀਤਾ ਜਾਣ ਲੱਗ ਪਿਆ। ਬੈਰਾਗ ਦੇ ਸੰਦਰਭ ਵਿਚ ਦੁਨਿਆਵੀ ਕਰਮਾਂ ਤੋਂ ਭਾਵ ਹੈ ਕਿ ਪਰਮਾਤਮਾ ਦੇ

ਭਉ ਵਿਚ ਰਹਿ ਕੇ ਕਰਮ ਕੀਤੇ ਜਾਣ ਤਾਂ ਜੋ ਨਿਜ ਦਾ ਤਿਆਗ ਕਰਕੇ ਲੋਕ ਕਲਿਆਣ ਦੀ ਭਾਵਨਾ ਨਾਲ ਜੁੜਿਆ ਜਾ ਸਕੇ। ਇਸੇ ਸੰਦਰਭ ਵਿਚ ਵੇਖਿਆਂ ਪਤਾ ਚਲਦਾ ਹੈ ਕਿ ਗੀਤਾ ਵਿਚ ਸ੍ਰੀ ਕ੍ਰਿਸ਼ਨ ਨੇ ਅਰਜਨ ਨੂੰ ਸੱਚਾ ਕਰਮਯੋਗੀ ਬਣਨ ਦਾ ਉਪਦੇਸ਼ ਇਸ ਤਰ੍ਹਾਂ ਦਿਤਾ ਹੈ :

**ਸਕ੍ਤਾਹ ਕਰ੍ਮਣਿ ਆਵਿਦ੍ ਵਾਂਸਹ, ਯਥਾ ਕੁਰ੍ਵੰਤਿ ਭਾਰਤ।**

**ਕੁਰ੍ਯਾਰਤ੍ ਵਿਦ੍ਵਾਨੁ ਤਥਾ ਅਸਕ੍ਤਹ, ਚਿਕੀਰਸ਼ੁਹ ਲੋਕ ਸਮ੍ ਗ੍ਹਮ੍ ॥**[100]

**ਨ ਬੁੱਧਿ ਭੇਦਮ੍ ਜਨਯੇਤ੍, ਅਗਯ੍ਾਨਮ੍ ਕਰਮ੍ ਸੰਗਿਯਾਨਮ੍ ।**

**ਜੋ-ਸ਼ਯੇਤ੍ ਸਰ੍ਵ ਕਰ੍ਮਣਿ, ਵਿਦ੍ਵਾਨ੍ ਯੁਕਤ੍ਹ ਸਮ੍ ਆਚਰਨ੍ ॥**[101]

ਹੇ ਭਾਰਤ ਵੰਸ਼ੀ! ਕਰਮ ਨਾਲ ਨਾ ਜੁੜੇ ਹੋਏ ਅਗਿਆਨੀ ਲੋਕ ਫਲ਼ ਪ੍ਰਾਪਤੀ ਲਈ ਜਿਸ ਤਰ੍ਹਾਂ ਕੰਮ ਕਰਦੇ ਹਨ, ਗਿਆਨੀ ਬੁੱਧੀਮਾਨ ਕਰਮ ਨਾਲ ਜੁੜ ਕੇ ਵੀ ਲੋਕ ਕਲਿਆਣ ਦੇ ਮੰਤਵ ਦੀ ਪੂਰਤੀ ਲਈ ਉਸੇ ਤਰ੍ਹਾਂ ਕੰਮ ਕਰਨ। ਉਨ੍ਹਾਂ ਦੇ ਮਨ ਵਿਚ ਫਲ਼ ਪ੍ਰਾਪਤੀ ਦੀ ਇੱਛਾ ਨਾ ਹੋਵੇ। ਬੁੱਧੀਮਾਨ ਵਿਅਕਤੀਆਂ ਨੂੰ ਅਗਿਆਨੀਆਂ ਦੇ ਮਨਾਂ ਨੂੰ ਬੇਚੈਨ ਕਰਨਾ ਅਤੇ ਛੇੜਨਾ ਨਹੀਂ ਚਾਹੀਦਾ ਜਿਹੜੇ ਫਲ਼ਯੋਗ ਕਾਰਜਾਂ ਦੇ ਨਾਲ ਸੰਬੰਧਿਤ ਹਨ। ਉਨ੍ਹਾਂ ਦੇ ਕੰਮ ਨਾ ਕਰਨ ਲਈ ਹੌਂਸਲੇ ਨਹੀਂ ਵਧਾਉਣੇ ਚਾਹੀਦੇ। ਉਨ੍ਹਾਂ ਨੂੰ ਸਮੱਰਪਣ ਸ਼ਰਧਾਮਈ ਭਾਵਨਾ ਨਾਲ ਕੰਮ ਕਰਨ ਵਿਚ ਰੁੱਝੇ ਰੱਖਣਾ ਚਾਹੀਦਾ ਹੈ।

ਬੈਰਾਗ ਅਵਸਥਾ ਵਾਲੇ ਵਿਅਕਤੀ ਦਾ ਹੋਰ ਪਛਾਣ ਚਿੰਨ੍ਹ 'ਨਿਮਰਤਾ' ਹੈ। ਬੈਰਾਗੀ ਮਨੁੱਖ ਸਾਧਾਰਨ ਪਰਿਸਿਥਤੀਆਂ ਵਿਚ ਵੀ ਨਿਮਰਤਾ ਭਰਪੂਰ ਰਹਿੰਦਾ ਹੈ। ਇਹ ਸਾਧਾਰਣ ਪਰਿਸਿਥਤੀਆਂ ਜਦੋਂ ਅਸਾਧਾਰਣਤਾ ਵਿਚ ਪਰਿਵਰਤਿਤ ਹੁੰਦੀਆਂ ਹਨ ਤਾਂ ਉਦੋਂ ਉਸ ਵਿਚ ਬੀਰ ਰਸ ਉਤਪੰਨ ਹੋ ਜਾਂਦਾ ਹੈ। ਜਿਸ ਸਦਕਾ ਉਹ ਵਿਪਰੀਤ ਪਰਿਸਿਥਤੀਆਂ ਅਥਵਾ ਜ਼ੁਲਮ ਨਾਲ ਟੱਕਰ ਲੈਣ ਦੇ ਸਮਰੱਥ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿਚ ਵੀ ਉਸ ਅੰਦਰ ਹਉਮੈ ਦਾ ਪ੍ਰਵੇਸ਼ ਨਹੀਂ ਹੁੰਦਾ ਬਲਕਿ ਨਿਮਰਤਾ ਨਿਰੰਤਰ ਬਣੀ ਰਹਿੰਦੀ ਹੈ।

ਲੋਭੀ ਮਨੁੱਖ ਨੈਤਿਕਤਾ ਤੋਂ ਗਿਰ ਜਾਂਦਾ ਹੈ। ਉਸ ਲਈ ਉਚਿਤ-ਅਣਉਚਿਤ ਵਿਚ ਕੋਈ ਅੰਤਰ ਨਹੀਂ ਹੁੰਦਾ। ਮੋਹ ਦੇ ਵਸ ਪਿਆ ਮਨੁੱਖ ਅਕਲ ਤੋਂ ਅੰਨ੍ਹਾ ਹੋ ਜਾਂਦਾ ਹੈ ਜਿਵੇਂ ਕਿ ਧਰਿਤਾਸ਼ਟਰ ਦੀ ਸਪਸ਼ਟ ਮਿਸਾਲ ਸਾਡੇ ਸਾਹਮਣੇ ਹੈ, ਜੋ ਕਿ ਪੁੱਤਰ ਮੋਹ ਵਿਚ ਫਸ ਕੇ ਮਹਾਂਭਾਰਤ ਦੇ ਮਹਾਨ ਯੁੱਧ ਦਾ ਮੁੱਖ ਕਾਰਣ ਬਣ ਨਿਬੜਦਾ ਹੈ। ਸੋ ਬੈਰਾਗੀ ਮਨੁੱਖ ਪਰਮਾਤਮਾ ਦੇ ਨਾਮ ਵਿਚ ਪੂਰੀ ਤਰ੍ਹਾਂ ਰੰਗਿਆ ਹੁੰਦਾ ਹੈ। ਉਹ ਜੀਵਨ ਦੀ ਅਸਲ ਸਾਰਥਕਤਾ ਨੂੰ ਪਛਾਨਣ ਵਾਲਾ ਅਤੇ ਰੱਬ ਨੂੰ ਪ੍ਰੇਮ ਕਰਨ ਵਾਲਾ ਹੁੰਦਾ ਹੈ।' ਅਜਿਹਾ ਮਨੁੱਖ ਨਾ ਹੀ ਕਿਸੇ ਨਾਲ ਦਵੈਸ਼ ਕਰਦਾ ਹੈ, ਨਾ ਹੀ ਕਿਸੇ ਵਸਤੂ ਦੀ ਇੱਛਾ ਰੱਖਦਾ ਹੈ। ਅਜਿਹੇ ਮਨੁੱਖ ਨੂੰ ਹੀ ਸੱਚਾ ਬੈਰਾਗੀ ਸਮਝਿਆ ਜਾਣਾ ਚਾਹੀਦਾ ਹੈ।

ਪ੍ਰਸਿੱਧ ਵਿਦਵਾਨ ਗੁਰਬਚਨ ਸਿੰਘ ਤਾਲਿਬ ਦਾ ਵਿਚਾਰ ਹੈ ਕਿ "ਵੈਰਾਗ ਖਿੱਚ, ਸਵਾਦ ਆਦਿ ਦੇ ਪ੍ਰਤਿਕੂਲ ਪਰਤੀਤ ਹੋ ਕੇ ਸੰਸਾਰ ਦੇ ਪਦਾਰਥਾਂ ਤੋਂ ਉਪਰਾਮਤਾ ਅਤੇ ਕਿਸੇ ਉਚੇਰੇ ਆਦਰਸ਼, ਪਰਮਾਰਥ ਦੀ ਯਾਚਨਾ ਦਾ ਲਖਾਇਕ ਹੈ। ਇਸ ਵਿਚ ਤਿਆਗ, ਮਨ ਦਾ ਸੰਸਾਰਕ ਪਦਾਰਥਾਂ ਤੋਂ ਹਟਣਾ ਅਤੇ ਗਿਆਨ ਅਤੇ ਭਗਤੀ ਮਾਰਗ ਦਾ ਅਨੁਸਰਣ ਸੰਮਿਲਤ ਹਨ।"[102] ਬੈਰਾਗ ਆਪਣੇ ਅਸਲੇ ਪ੍ਰਤੀ ਖਿੱਚ ਅਤੇ ਉਸ ਨਾਲ ਜਾ ਮਿਲਣ ਦੀ ਤਾਂਘ ਦੀ ਅਭਿਵਿਅਕਤੀ ਹੈ। ਬੈਰਾਗ ਅਨੰਦ ਚਿੱਤ ਅਤਿ ਸੂਖ਼ਮ ਅਨੁਭੂਤੀ ਹੈ। ਇਸ ਅਨੁਭੂਤੀ ਦਾ ਸੁਹਾਜਤਮਕ ਪ੍ਰਗਟਾਵਾ ਉਦੋਂ ਹੁੰਦਾ ਹੈ ਜਦੋਂ ਨਾਮ-ਅਭਿਆਸੀ ਦਾ ਬਾਹਰਲੇ ਸਾਰੇ ਸਥੂਲ ਸ੍ਰੋਤਾਂ ਤੋਂ ਸੰਪਰਕ ਟੁੱਟ ਜਾਏ। ਉਸ ਦਾ ਮਨ, ਬੁੱਧੀ ਸਾਰੀਆਂ ਗਿਆਨ-ਇੰਦਰੀਆਂ ਤੇ ਕਰਮ-ਇੰਦਰੀਆਂ ਪੂਰੀ ਤਰ੍ਹਾਂ ਇੱਕੋ ਹੀ ਕੇਂਦਰ-ਬਿੰਦੂ ਤੇ ਟਿਕ ਜਾਣ। ਚਿੱਤ ਬਿਰਤੀ ਇਕਾਗਰ ਹੋ ਕੇ ਇੱਕੋ ਬ੍ਰਹਮ ਸ਼ਬਦ ਵਿਚ ਲੀਨ ਹੋ ਜਾਏ।

ਉਪਰੋਕਤ ਵਿਚਾਰ-ਚਰਚਾ ਦੇ ਆਧਾਰ ਤੇ ਹੀ ਬੈਰਾਗ ਦੇ ਸਰੂਪ ਦੀ ਪਛਾਣ ਨਿਸ਼ਚਿਤ ਕੀਤੀ ਜਾ ਸਕਦੀ ਹੈ। ਇਸ ਅਧਿਆਇ ਦੇ ਪਹਿਲੇ ਭਾਗ ਵਿਚ ਧਰਮ ਦੇ ਸਮੁੱਚੇ ਅਰਥ ਪ੍ਰੀਭਾਸ਼ਾ ਅਤੇ ਸਰੂਪ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਧਰਮ ਹਰ ਮਨੁੱਖ ਦੇ ਆਪਣੇ-ਆਪਣੇ

ਅਨੁਭਵ ਨਾਲ ਜੁੜਿਆ ਹੋਇਆ ਹੈ। ਜਿਸ ਦਾ ਸਬੰਧ ਉਸ ਦੇ ਵਿਸ਼ਵਾਸ ਨਾਲ ਹੈ। ਵਿਸ਼ਵਾਸ ਜਾਂ ਨਿਸ਼ਚਾ ਹੀ ਧਰਮ ਦੀ ਪਹਿਲੀ ਪੌੜੀ ਹੈ। ਸਮੁੱਚੇ ਵਿਸ਼ਲੇਸ਼ਣ ਤੋਂ ਅਸੀਂ ਧਰਮ ਦੀ ਮੂਲ ਭਾਵਨਾ ਨੂੰ ਸਮਝਣ ਦਾ ਕੇਵਲ  ਯਤਨ ਕੀਤਾ ਹੈ। ਇਸ ਅਧਿਆਇ ਦੇ ਦੂਜੇ ਭਾਗ ਵਿਚ ਬੈਰਾਗ ਦੇ ਅਰਥ, ਪਰਿਭਾਸ਼ਾ ਅਤੇ ਸਰੂਪ ਨੂੰ ਸਮਝਣ ਤੋਂ ਪਿੱਛੋਂ ਜੋ ਵਿਸ਼ੇਸ਼ ਗੁਣ ਜਾਂ ਲੱਛਣ ਉਘੜ ਕੇ ਸਾਹਮਣੇ ਆਉਂਦੇ ਹਨ ਉਨ੍ਹਾਂ ਵਿਚ ਪ੍ਰਮੁੱਖ ਤੌਰ ਤੇ ਵਿਵੇਕਸ਼ੀਲਤਾ, ਕਰਮਸ਼ੀਲਤਾ, ਨਿਮਰਤਾ, ਪ੍ਰੇਮਾਤੁਰਤਾ, ਬਿਹਬਲਤਾ, ਨਿਰਲੇਪਤਾ, ਨਿਰਇੱਛਤਾ, ਨਿਰਭੈਤਾ, ਅਡੋਲਤਾ, ਦਵੰਦਅਤੀਤਾ, ਨਾਮਰੱਤਾ, ਨਿਰਵੈਰਤਾ, ਦੁਅੰਦਾਤੀਤਤਾ, ਸਚਿਆਰਤਾ, ਪਰਉਪਕਾਰਤਾ ਆਦਿ ਕਹੇ ਜਾ ਸਕਦੇ ਹਨ। ਇਹ ਵੀ ਅਟੱਲ ਸੱਚਾਈ ਮੰਨੀ ਗਈ ਹੈ ਕਿ ਜਿੰਨੀ ਦੇਰ ਤੱਕ ਮਨੁੱਖ ਦੁਨਿਆਵੀ ਪਦਾਰਥਾਂ ਦਾ ਮੋਹ ਤਿਆਗ ਕੇ ਪ੍ਰਭੂ ਦੀ ਸੱਚੀ ਪ੍ਰੀਤ ਨਾਲ ਨਹੀਂ ਜੁੜਦਾ ਉਨੀ ਦੇਰ ਤੱਕ ਬੈਰਾਗ ਦੀ ਅਵਸਥਾ ਉਤਪੰਨ ਨਹੀਂ ਹੋ ਸਕਦੀ। ਤਿਆਗ ਤੋਂ ਬਿਨਾਂ ਬੈਰਾਗ ਉਤਪੰਨ ਨਹੀਂ ਹੋ ਸਕਦਾ। ਅਸਲ ਵਿਚ ਤਿਆਗ ਜਾਂ ਬੈਰਾਗ ਦੋਹਾਂ ਸੰਕਲਪਾਂ ਵਿਚ ਬਹੁਤ ਹੱਦ ਤੱਕ ਸਾਂਝ ਹੋਣ ਦੇ ਬਾਵਜੂਦ ਵੀ ਇਨ੍ਹਾਂ ਦੋਹਾਂ ਵਿਚਾਲੇ ਸੂਖ਼ਮ ਅੰਤਰ ਹੈ। ਬੈਰਾਗ ਦਾ ਸਬੰਧ ਜਿੱਥੇ ਮਨੁੱਖ ਦੇ ਅੰਤਹਕਰਣ ਨਾਲ ਹੈ ਉੱਥੇ ਤਿਆਗ ਦੀ ਪ੍ਰਕ੍ਰਿਤੀ ਬਾਹਰਮੁਖੀ ਹੈ। ਤਿਆਗ ਦੇ ਕਈ ਕਾਰਨ ਹੁੰਦੇ ਹਨ ਜਿਵੇਂ ਕਿਸੇ ਚੀਜ਼ ਨੂੰ ਹਉਮੈ ਵਸ ਛੱਡਣਾ, ਅਸਮਰਥਾ ਵਸ ਛੱਡਣਾ ਆਦਿ। ਜਦੋਂ ਕਿ ਬੈਰਾਗ ਵਸਤੂ ਦੀ ਨਿਰਾਥਕਤਾ ਅਤੇ ਨਾਸ਼ਮਾਨਤਾ ਨਾਲ ਸਬੰਧਿਤ ਹੈ। ਬੈਰਾਗ ਵਿਚ ਮਨੁੱਖ ਦਾ ਤਨ ਅਤੇ ਮਨ ਕਿਸੇ ਦੇ ਪ੍ਰੇਮ ਦੀ ਯਾਦ ਵਿਚ ਪੂਰੀ ਤਰ੍ਹਾਂ ਬਿਹਬਲ ਹੋ ਉਠਦਾ ਹੈ। ਇਹ ਬਿਹਬਲਤਾ, ਇਹ ਤੜਪ ਤੇ ਕਸਕ ਏਨੀ ਤੀਬਰ ਹੁੰਦੀ ਹੈ ਕਿ ਮਨੁੱਖ ਨੂੰ ਬਾਕੀ ਸਭ ਕੁੱਝ ਵਿੱਸਰ ਜਾਂਦਾ ਹੈ। ਸਾਧਕ ਜਾਂ ਜਗਿਆਸੂ ਦੇ ਲਈ ਚਿੱਤ ਨੂੰ ਚੰਚਲ ਬਣਾਉਣ ਵਾਲੀਆਂ ਚਿੱਤ ਬਿਰਤੀਆਂ 'ਤੇ ਕਾਬੂ ਰੱਖਣਾ ਜ਼ਰੂਰੀ ਹੈ ਜੋ ਸਿਰਫ਼ ਬੈਰਾਗ ਦੁਆਰਾ ਹੀ ਸੰਭਵ ਹੋ ਸਕਦਾ ਹੈ। ਚਿੱਤ ਬਿਰਤੀਆਂ 'ਤੇ ਕਾਬੂ ਪਾਉਣ ਤੋਂ ਇਲਾਵਾ ਨਿਰਮੋਹ ਦੀ ਅਵਸਥਾ ਨੂੰ ਵੀ ਬੈਰਾਗਮਈ ਅਵਸਥਾ ਵਜੋਂ ਸਵੀਕਾਰ ਕਰ ਲਿਆ ਜਾਂਦਾ ਹੈ। ਸਾਰੇ ਪਦਾਰਥਕ ਸੁੱਖਾਂ ਤੋਂ ਬੇਮੁੱਖ ਹੋਣ ਅਥਵਾ ਤਿਆਗ ਕਰਨ ਉਪਰੰਤ ਹੀ

ਬੈਰਾਗ ਉਤਪੰਨ ਹੁੰਦਾ ਦੱਸਿਆ ਗਿਆ ਹੈ। ਕਈ ਵਿਦਵਾਨ ਬੈਰਾਗ ਦੀ ਪ੍ਰਾਪਤੀ ਲਈ ਦੁਨਿਆਵੀ ਪਦਾਰਥਾਂ ਤੋਂ ਉਪਰਾਮਤਾ ਨੂੰ ਹੀ ਸਵਿਕਾਰ ਕਰਦੇ ਹਨ ਪਰੰਤੂ ਪਦਾਰਥਾਂ ਦੇ ਤਿਆਗ ਨੂੰ ਸਵਿਕਾਰ ਨਹੀਂ ਕਰਦੇ। ਸਾਂਝੇ ਰੂਪ ਵਿਚ ਜੋ ਮੱਤ ਉਭਰ ਕੇ ਸਾਹਮਣੇ ਆਉਂਦਾ ਹੈ ਉਹ ਇਹ ਹੈ ਕਿ ਇੱਛਾ ਤੇ ਮੋਹ ਦਾ ਤਿਆਗ, ਪ੍ਰਭੂ ਪ੍ਰਤੀ ਬਿਹਬਲਤਾ, ਉਪਰਾਮਤਾ ਤੇ ਦੁਅੰਦਾਤੀਤਤਾ ਆਦਿ ਗੁਣਾਂ ਨਾਲ ਸੰਪੰਨ ਹੋਣਾ ਹੀ ਵੈਰਾਗਮਈ ਅਨੁਭਵ ਨਾਲ ਜੁੜਨਾ ਹੈ। ਸੋ ਸਪਸ਼ਟ ਹੈ ਕਿ ਸਰੀਰਕ ਦੁੱਖਾਂ, ਤਕਲੀਫ਼ਾਂ ਨਾਲ ਬੈਰਾਗ ਨਹੀਂ ਉਪਜਦਾ ਸਗੋਂ ਸਹੀ ਰੂਪ ਵਿਚ ਦੁਨਿਆਵੀ ਸੁੱਖਾਂ ਤੇ ਦੁੱਖਾਂ ਨੂੰ ਤਿਆਗ ਕੇ ਇਕਾਗਰਤਾ ਨਾਲ ਇਕੋ ਬ੍ਰਹਮ ਦੀ ਪ੍ਰਾਪਤੀ ਵਿਚ ਲੀਨ ਹੋਣ ਦੀ ਜ਼ਰੂਰਤ ਹੈ।

## ਹਵਾਲੇ ਅਤੇ ਟਿੱਪਣੀਆਂ

1. मोघमन्नं विन्दते अप्रचेता: सत्यं ब्रवीमि वध इत्स तस्य।

 नार्यमणं पुष्यति नो सखायं केवलाघो भवति केवलादी।।

 वैधनाथ शास्त्री (भाष्यकाव), ऋग्वेद, १९७६, पष्ठ १०५३.

2. समानी व आकूति: समाना हृदयानि व:।

 समानमस्तु वो मनो यथा व: सुसहासति।।

 वही, पृष्ठ १२४६.

3. आ नो भद्रा: क्रतवो यन्तु विश्वत:

 प्रवेश सक्सेना डॉ., *वेदों में क्या है ?,* २००१, पृष्ठ ४७.

4. राजवीर शास्त्री (भाष्यकार), *उपनिषद्-भाष्य (ईश-केन-कठ),* पृष्ठ १६८.

5. एष मे सर्वधर्माणां धर्मोऽधिकतमो मत:।

 यद्‌भक्त्या पुण्डरीकाक्षं स्तवैरर्चेन्नर: सदा।। १०।।

 पं. ज्वाला प्रसाद चतुर्वेदी (संपा. एवं अनु.), *पंचरत्न श्री विष्णु सहस्त्रनाम् स्तोत्र,* पृष्ठ ५.

6. ਐਲ. ਐਮ. ਜ਼ੋਸ਼ੀ, ਜੋਧ ਸਿੰਘ (ਸੰਪਾ.), *ਵਿਸ਼ੂ ਧਰਮ ਸੰਗ੍ਰਿਹ,* ਪੰਨਾ 2, ਉਪਰਿਤ।

7. स्वधर्ममयि चावेक्ष्य न विकम्पितुर्म्हसि।

 धर्म्याद्धि युद्धाचछ्ेयोऽन्यत्क्षत्रियस्य न विद्यते।।

 राजीव गुप्ता (हिन्दी भाषान्तरकार), *श्रीमद्भगवद्गीता यथारूप,* १९८९, पृष्ठ ८६.

8. धारणद्धर्ममित्याहुर्धर्मो धारयते प्रजाः।

यत्स्याद्धारणसंयुक्त स धर्म इति निश्चयः।। (महा. कर्णपर्व ६९.५८)

नत्थूलाल गुप्त अग्रहरि डॉ., *भारत में धर्म, सिद्धान्त और परम्परा,* पृष्ठ ६, उधरित.

9. सुरेन्द्र कुमार पाण्डेय डॉ, *धर्मशास्त्रसहस्तकम्,* पृष्ठ ६४, उधरित.

10. अधातो धर्म जिज्ञासा (मीमांसादर्शन)

वही, पृष्ठ ६५, उधरित.

11. वही, पृष्ठ ६४, उधरित.

12. हनुमान प्रसाद पोद्दार, *गीता–चिन्तन,* पृष्ठ ३६६.

13. रामचरित चिंतामनि चारू। संत सुमति तिय सुभग सिंगारू।।

जग मंगल गुनग्राम राम के। दानि मुकुति धन धरम धाम के।।

श्रीमद्रोस्वामी तुलसीदास, *श्रीरामचरितमानस,* हनुमान प्रसाद पोद्दार (टीकाकार), पृष्ठ ९६८.

14. बरनाश्रम निज निज धरम निरत बेद पथ लोग।

चलहिं सदा पावहिं सुखहि नहिं भय सोक न रोग।।

वही, पृष्ठ ८५३.

15. पर हित सरिस धर्म नहिं भाई। पर पीड़ा सम नहिं अधमाई।।

निर्नय सकल पुरान बेद कर। कहेउँ तात जानहिं कोबिद नर।।

वही, पृष्ठ ८५३.

16. ਮੋਹਨ ਲਾਲ ਸ਼ਰਮਾ (ਅਨੁ.), *ਮਨੂਸਿਮ੍ਰਿਤੀ*, ਪੰਨਾ 120.

17. पं. ज्वाला प्रसाद चतुर्वेदी (अनु.), मनु समिती, पृष्ठ ६ (भुमिका)

18. धर्मो हि परमो लोको धर्मो सत्यं प्रतिष्ठितम्।

धर्मसंश्रितमेतच्च पितुर्वचनमृत्तमम्।।६।।

परमहंस जगदीश्वरानन्द सरस्वती (अनु., संपा. एवं टिप्पणिकर्ता), *श्रीमद्वाल्मीकीयरामायणम्*, पृष्ठ ९१.

19. धमदिर्थ: प्रभवति धर्मत्प्रभवते सुखम्।

धर्मोण लभते सर्व धर्मसारमिदं जगत्।।१२।।

वही, पृष्ठ २२०.

20. तीर्थ, श्री स्वामी ओमानन्द, *पातञ्जलयोगप्रदीप*, पृष्ठ ९६.

21. आहारनिद्राभयमैथुनं च  सामान्यमेतत्पशुभिर्नराणाम्।

धर्मो हि तेषामधिको विशेषो धर्मेण हीना: पशुभि: समाना:।। (महाभारत)

*कल्यान (धर्मङ्क)*, पृष्ठ ५, उधरित.

22. ਐਲ. ਐਮ. ਜ਼ੋਸੀ, ਜੋਧ ਸਿੰਘ (ਸੰਪਾ.), *ਵਿਸ਼ੂ ਧਰਮ ਸੰਗ੍ਰਿਹ*, ਪੰਨਾ vii (ਭੂਮਿਕਾ)

23. ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 662.

24. ਪ੍ਰੇਮ ਪ੍ਰਕਾਸ਼ ਸਿੰਘ, ਡਾ. (ਮੁੱਖ ਸੰਪਾ.), *ਸੰਸਕ੍ਰਿਤ ਪੰਜਾਬੀ ਕੋਸ਼*, ਪੰਨਾ 336.

25. अरविंद कुमार, कुसुम कुमार, *समांतर कोश* (हिंदी थिसारस खंड), पृष्ठ ३९३-९४

26. ਜੀ. ਐਸ.ਰਿਆਲ (ਸੰਪਾ.), *ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼*, ਪੰਨਾ 370.

27. ਅੰਮ੍ਰਿਤਪਾਲ ਕੌਰ, ਡਾ. *ਸ਼ਬਦ ਅਨੁਕ੍ਰਮਣਿਕਾ ਤੇ ਕੋਸ਼ : ਕਬਿੱਤ ਸਵੈਯੇ ਭਾਈ ਗੁਰਦਾਸ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਪੰਨਾ 242.

28. ਸ਼੍ਰੀਮਤ ਪੰਡਿਤ ਤਾਰਾ ਸਿੰਘ ਨਰੋਤਮ ਕ੍ਰਿਤ, *ਗੁਰੂ ਗਿਰਾਰਥ ਕੋਸ਼* (ਦੂਜੀ ਜਿਲਦ), ਹਰਭਜਨ ਸਿੰਘ, ਡਾ. (ਮੁੱਖ ਸੰਪਾ.), ਪੰਨਾ 48.

29. ਸ. ਸ. ਜੋਸ਼ੀ, ਸ. ਮੁਖਤਿਆਰ ਸਿੰਘ ਗਿੱਲ (ਸੰਪਾ. ਮੰਡਲ), *ਪੰਜਾਬੀ-ਅੰਗਰੇਜ਼ੀ ਕੋਸ਼*, ਪੰਨਾ 475.

30. 'An organized system of beliefs and rituals centering on s supernatural being or beings.'
Webester's, *An Encyclopedia of Dictionaries*, P. 353.

31. 'A Concept which encompasses varied sets of traditions, practices, and ideas.'
David Crystal (Ed.), *The Cambridge Paperback Encyclopedia*, P. 721.

32. 'Dharma- A Concept that goes beyond the term's literal Meaning of moral duty and encompasses aspects of universal law,duty, destiny and righteous purpose.'
Judy Pearsall (Ed.), *Concise Oxford English Dictionary*, P. 1209.

33. 'Religion- A System of thought, feeling and action should by a group that gives members an object of devotion.'
Judith S. Levey and Agnes Greenhall (Ed.), *The Penguin Concise Columbia Encyclopedia*, P. 621.

34. ਜੋਧ ਸਿੰਘ (ਸੰਪਾ.), *ਧਰਮ ਅਧਿਐਨ : ਅਕਾਦਮਿਕ ਪਰਿਪੇਖ*, ਪੰਨਾ 1.

35. राधा कृष्णन डॉ., *हमारी विरासत,* विजय कुमार मल्होत्रा (अनु.), पृष्ठ ४१

36. वही, पुष्ठ ५३.

37. 'Religion is human involvement with sacred sanction, vitality,

significance, and value, this involvement is mediated through symbolic processes of transformation. Religion is expressed in and transmittsd by cultural tranditions that constitute systems of symbols.'

Niels C. Nielsen, Jr. & Others, *Religions of the world*, P. 7.

38. ਐਫ਼ ਮੈਕਸਮੂਲਰ *ਧਰਮ ਦੀ ਉਤਪਤੀ ਅਤੇ ਵਿਕਾਸ*, (ਅਨੁ.) ਡਾ. ਤਾਰਨ ਸਿੰਘ, ਪੰਨਾ 15.

39. ਐਲ. ਐਮ. ਜੋਸ਼ੀ, ਸ਼ਾਰਦਾ ਗਾਂਧੀ (ਸੰਪਾ. ਅਤੇ ਅਨੁ.), *ਧੱਮਪਦ*, ਪੰਨਾ 10.

40. ਐਲ. ਐਮ. ਜ਼ੋਸੀ, ਜੋਧ ਸਿੰਘ (ਸੰਪਾ.), *ਵਿਸ਼ੂ ਧਰਮ ਸੰਗ੍ਰਿਹ*, ਪੰਨਾ XII, (ਭੂਮਿਕਾ)

41. ਅਚਾਰਿਆ ਕੁੰਦਕੁੰਦ, *ਬਾਰਾਂ ਅਨੁਪ੍ਰੇਕਸ਼ਾਵਾਂ* (ਅਨੁ.) ਪੁਰਸ਼ੋਤਮ ਜੈਨ-ਰਵਿੰਦਰ ਜੈਨ, ਪੰਨਾ 30.

42. 'Pure and undefiled religion before God and the Father is this to visit orphans and widows in their trouble. And to keep oneself unspotted from the world.' (James - 1.27)

*The New Testament*, P. 345.

43. ਗੁਰਵਿੰਦਰ ਕੌਰ, *ਸਿੱਖ ਚਿੰਤਨ ਅਨੁਸਾਰ ਧਰਮ ਦਾ ਸੰਕਲਪ*, ਅਪ੍ਰਕਾਸ਼ਿਤ ਸੋਧ-ਪ੍ਰਬੰਧ, ਪੰਨਾ 113, ਉਧਰਿਤ.

44. *ਉਹੀ*, ਪੰਨਾ 113.

45. ਮੋਹਨ ਲਾਲ ਸ਼ਰਮਾ (ਸੰਪਾ. ਅਤੇ ਅਨੁ.), *ਚਾਣਕਯ-ਸੂਤਰ*, ਪੰਨਾ 35.

46. *ਕੌਟਿਲਯ ਕ੍ਰਿਤ-ਅਰਥ ਸ਼ਾਸਤ੍ਰ*, ਗੋਬਿੰਦ ਨਾਥ ਰਾਜਗੁਰੂ (ਅਨੁ.), ਪੰਨਾ 17.

47. A. N. Kapoor & V. P. Gupta, *A Dictionary of World Religions*, P. 8.

48. 'Dharma is a very Extensive term and includes all that activity that a man, if he has to live fittingly, is required to contribute

under the fixed order of things; it is Activity conforming to the norms of the universe which is good, and shoud not be altered.' Benjamin Khan Dr., *The Concept of Dharma in Valmiki Ramayana*, P. 34.

49. ਰਾਮਧਾਰੀ ਸਿੰਘ ਦਿਨਕਰ *ਸਭਿਆਚਾਰ ਦੇ ਚਾਰ ਅਧਿਆਇ*, ਡਾ. ਧਨਵੰਤ ਕੌਰ, ਸ੍ਰੀਮਤੀ ਇੰਦਰਜੀਤ ਕੌਰ (ਅਨੁ.) ਪੰਨਾ 761.

50. हरेन्द्र प्रसाद सिन्हा डॉ., *धर्म दर्शन की रूप-रेखा,* पृष्ठ १३.

51. वही, पृष्ठ १५

52. विनोबा, *विज्ञान-युग में धर्म,* बाल विजय (संपा.), पृष्ठ ७६.

53. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਪਹਿਲੀ, ਅੰਗ 3.

54. *ਉਹੀ*, ਸੈਂਚੀ ਪਹਿਲੀ, ਅੰਗ 7.

55. ਰਾਮ ਸਿੰਘ ਡਾ., *ਜਪੁਜੀ ਦੇ ਪੰਜ ਖੰਡ*, ਪੰਨਾ 6.

56. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਚੌਥੀ, ਅੰਗ 1188.

57. *ਉਹੀ*, ਸੈਂਚੀ ਦੂਜੀ, ਅੰਗ 469.

58. *ਉਹੀ*, ਸੈਂਚੀ ਚੌਥੀ, ਅੰਗ 1354.

59. *ਉਹੀ*, ਸੈਂਚੀ ਪਹਿਲੀ, ਅੰਗ 266.

60. *ਉਹੀ*, ਸੈਂਚੀ ਪਹਿਲੀ, ਅੰਗ 225.

61. *ਉਹੀ*, ਸੈਂਚੀ ਦੂਜੀ, ਅੰਗ 668.

62. *ਉਹੀ*, ਸੈਂਚੀ ਦੂਜੀ, ਅੰਗ 460.

63. *ਉਹੀ*, ਸੈਂਚੀ ਦੂਜੀ, ਅੰਗ 488.

64. *ਉਹੀ*, ਸੈਂਚੀ ਤੀਜੀ, ਅੰਗ 874.

65. *ਉਹੀ*, ਸੈਂਚੀ ਪਹਿਲੀ, ਅੰਗ 230.

66. *ਉਹੀ*, ਸੈਂਚੀ ਪਹਿਲੀ, ਅੰਗ 305.

67. *ਉਹੀ*, ਸੈਂਚੀ ਪਹਿਲੀ, ਅੰਗ 196.

68. *ਸ਼ਬਦਾਰਥ : ਦਸਮ ਗ੍ਰੰਥ ਸਾਹਿਬ*, ਪੰਨਾ 20.

69. ਮਹਿੰਦਰ ਕੌਰ ਗਿਲ ਡਾ. (ਸੰਪਾ.), *ਗੁਰਬਾਣੀ ਸਮੀਖਿਆ*, ਪੰਨਾ 60.

70. ਮਹਿੰਦਰ ਕੌਰ ਗਿਲ ਡਾ., *ਗੁਰੂ ਅਰਜਨ ਦੇਵ: ਜੀਵਨ ਤੇ ਬਾਣੀ*, ਪੰਨਾ 220.

71. ਜਸਪਾਲ ਸਿੰਘ ਡਾ., *ਸਿੱਖ ਧਰਮ ਤੇ ਰਾਜਨੀਤੀ*, ਪੰਨਾ 30.

72. ਧਰਮਾਨੰਤ ਸਿੰਘ ਪ੍ਰਿੰਸੀਪਲ, *ਸਿਖ ਮਤ ਦਰਪਣ*, ਪੰਨਾ 27.

73. अन्तस्त्यागो बहिस्त्यागो विरक्तस्यैव युज्यते।

त्जत्यन्तर्बहि:सङ्गं विरक्तस्तु मुमुक्षया।। ३७३।।

श्रीमदाद्यशंकराचार्यविरचित, *विवेक-चूडामणि,* मुनिलाल (अनु.), पृष्ठ १०२.

74. ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 1111.

75. *ਉਹੀ*, ਪੰਨਾ 891.

76. अरविंद कुमार, कुसुम कुमार, *समांतर कोश* (हिंदी थिसारस खंड), पृष्ठ २०५.

77. S. K. Verma, R. N. Sahai (Ed.), *Oxford English-Hindi Dictionary*, P. 572.

78. संतोष आचार्य डॉ., *भारतीय दर्शन कोश,* पृष्ठ १५६.

79. ਦੀਵਾਨ ਸਿੰਘ ਡਾ., *ਗੁਰਬਾਣੀ-ਚਿੰਤਨ*, ਪੰਨਾ 27.

80. हनुमान प्रसाद पोद्दार, *गीता-चिन्तन,* पृष्ठ ४४७.

81. ਵਜ਼ੀਰ ਸਿੰਘ ਡਾ., *ਸਿੱਖ ਦਰਸ਼ਨਧਾਰਾ*, ਪੰਨਾ 87.

82. ਗੁਰਚਰਨ ਸਿੰਘ ਡਾ. (ਸੰਪਾ.), *ਸ੍ਰੀ ਗੁਰੂ ਗ੍ਰੰਥ ਕੋਸ਼* (ਦੂਜੀ ਜਿਲਦ), ਪੰਨਾ 1772.

83. ਜੀ. ਐਸ. ਰਿਆਲ (ਸੰਪਾ.), *ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼*, ਪੰਨਾ 623.

84. Judy Pearsall (Ed.), *Concise Oxford Dictionary*, P.389.

85. ਪ੍ਰੇਮ ਪ੍ਰਕਾਸ਼ ਸਿੰਘ ਡਾ. (ਮੁੱਖ ਸੰਪਾ.), *ਸੰਸਕ੍ਰਿਤ-ਪੰਜਾਬੀ ਕੋਸ਼*, ਪੰਨਾ 902.

86. ਸ਼੍ਰੀਮਤ ਪੰਡਿਤ ਤਾਰਾ ਸਿੰਘ ਨਰੋਤਮ ਕ੍ਰਿਤ, *ਗੁਰੁ ਗਿਰਾਰਥ ਕੋਸ਼* (ਦੂਜੀ ਜਿਲਦ), ਹਰਭਜਨ ਸਿੰਘ (ਮੁੱਖ ਸੰਪਾ.), ਪੰਨਾ 282.

87. ਅੰਮ੍ਰਿਤਪਾਲ ਕੌਰ ਡਾ., *ਸ਼ਬਦ ਅਨੁਕ੍ਰਮਣਿਕਾ ਤੇ ਕੋਸ਼ : ਕਬਿੱਤ ਸਵੈਯੇ ਭਾਈ ਗੁਰਦਾਸ*, ਪੰਨਾ 339.

88. ਸ. ਸ. ਜੋਸ਼ੀ, ਸ. ਮੁਖਤਿਆਰ ਸਿੰਘ ਗਿੱਲ (ਸੰਪਾ. ਮੰਡਲ), *ਪੰਜਾਬੀ-ਅੰਗਰੇਜ਼ੀ ਕੋਸ਼*, ਪੰਨਾ 630.

89. Pawan Kumar Goswami, *Punjabi-English Dictionary*, P. 616.

90. ਰਾਜਬੀਰ ਕੌਰ, *ਗੁਰੂ ਤੇਗ ਬਹਾਦਰ : ਚਿੰਤਨ ਤੇ ਚੇਤਨਾ*, ਪੰਨਾ 45, ਉਧਰਿਤ.

91. नन्द लाल दशोरा (संपा.), *योगवाशिष्ठ महारामायण*, पृष्ठ ५१.

92. ਪੰਡਤ ਹਰਦਿਆਲ ਜੀ, *ਵੈਰਾਗ ਸ਼ਤਕ ਸਟੀਕ*, ਪੰਡਿਤ ਨਰੈਣ ਸਿੰਘ ਜੀ ਗਿਆਨੀ (ਟੀਕਾਕਾਰ), ਪੰਨਾ 80.

93. नन्द लाल दशोरा (संपा.), *योगवाशिष्ठ महारामायण*, पृष्ठ ५१.

94. वही, पुष्ठ ५५-५६.

95. *yogamag. Net / archives / 2009 / Koct 09 / vairag. Shtml.*

96. *Ibid*.

97. *Ibid*.

98. श्रीस्वामी ओमानन्द तीर्थ, *पातञ्जलयोगप्रदीप,* पृष्ठ १७०.

99. भोगे रोगभयं कुले च्युतिभयं वित्ते नृपालाद्भयं

मौने दैन्यभयं बले रिपुभयं रूपे जराया भयम्।

शास्त्रे वादभयं गुणे खलभयं काये कृतान्ताद्भयं

सर्वं वस्तु भयान्वितं भुवि नृणां वैराग्यमेवाभयम्।।

पं. ज्वाला प्रसाद चतुर्वेदी (अनु.), *भर्तृहरि शतक,* २००९, पृष्ठ ४३

100. सक्ताः कर्मणि अविद्वांसः, यथा कुर्वन्ति भारत।

कुर्यात् विद वान् तथा असक्तः, चिकीर्षुः लोक सम् ग्रहम्।। (३.२५)

ਅਮਰ ਕੋਮਲ ਡਾ. (ਅਨੁ. ਅਤੇ ਸੰਪਾ.), *ਸ਼੍ਰੀਮਦ੍ ਭਗਵਦ੍ ਗੀਤਾ*, ਪੰਨਾ 165.

101. न बुद्धि-भेदम् जनयेत, अज्ञानाम् कर्म-सङ्गिनाम्।

जोषयेत् सर्वकर्माणि, विद्वान युक्तः सम्-आचरन्।। (३.२६)

*ਉਹੀ*, ਪੰਨਾ 166.

102. ਤਾਰਨ ਸਿੰਘ (ਸੰਪਾ.), *ਗੁਰੂ ਤੇਗ ਬਹਾਦਰ: ਜੀਵਨ, ਸੰਦੇਸ਼ ਤੇ ਸ਼ਹਾਦਤ*, ਪੰਨਾ 107.

## ਅਧਿਆਇ ਦੂਜਾ

# ਗੁਰਮਤਿ ਵਿਚਾਰਧਾਰਾ ਵਿਚ ਬੈਰਾਗ

**ਭੂਮਿਕਾ :**

ਭਾਰਤੀ ਅਧਿਆਤਮਿਕ ਚਿੰਤਨਧਾਰਾ ਦੇ ਇਤਿਹਾਸ ਵਿਚ ਗੁਰਮਤਿ ਵਿਚਾਰਧਾਰਾ ਦਾ ਉਦਗਮ ਇਕ ਅਤਿਅੰਤ ਮਹੱਤਵਪੂਰਨ ਮੋੜ ਹੈ। ਭਗਤੀ ਲਹਿਰ ਤੋਂ ਪਹਿਲਾਂ ਸਾਰੇ ਉੱਤਰੀ ਭਾਰਤ ਦਾ ਜਨ ਸਮੂਹ ਤਿੰਨ-ਚਾਰ ਸਦੀਆਂ ਤੋਂ ਸਭ ਤੋਂ ਵੱਧ ਨਾਥਾਂ ਅਤੇ ਜੋਗੀਆਂ ਤੋਂ ਪ੍ਰਭਾਵਿਤ ਸੀ। ਮਛੰਦਰ ਨਾਥ, ਗੋਰਖ ਨਾਥ ਆਦਿ ਦਸਵੀਂ ਤੇ ਗਿਆਰਵੀਂ ਸਦੀ ਦੇ ਪ੍ਰਸਿੱਧ ਜੋਗੀ ਸਨ। ਇਹ ਕਦੇ ਵੀ ਮਜ਼੍ਹਬੀ ਵਾਦ-ਵਿਵਾਦ ਵਿਚ ਨਹੀਂ ਸਨ ਪੈਂਦੇ, ਕੇਵਲ ਆਤਮ-ਸਿੱਧੀ ਦੀ ਹੀ ਗੱਲ ਕਰਦੇ ਸਨ। ਇਹ ਜਾਤ-ਪਾਤ ਅਤੇ ਹੋਰ ਬ੍ਰਾਹਮਣੀ ਕਰਮ-ਕਾਂਡਾਂ ਤੋਂ ਬਹੁਤ ਦੂਰ ਸਨ। ਇਨ੍ਹਾਂ ਨੂੰ ਉੱਪਰੋਂ ਵੇਖਣ ਤੋਂ ਲੋਕ ਇਹੀ ਸਮਝਦੇ ਸਨ ਕਿ ਇਨ੍ਹਾਂ ਜੋਗੀਆਂ ਕੋਲ ਕਈ ਕਰਾਮਾਤਾਂ ਅਤੇ ਹੋਰ ਸ਼ਕਤੀਆਂ ਹੁੰਦੀਆਂ ਹਨ। ਅਸਲ ਰੂਪ ਵਿਚ ਇਹ ਜੋਗੀ ਨੀਰਸਤਾ ਭਰਿਆ ਜੀਵਨ ਗੁਜ਼ਾਰਦੇ ਸਨ ਅਤੇ ਆਪਣੇ ਸਰੀਰ ਉੱਤੇ ਸੁਆਹ ਮਲ਼ਦੇ ਸਨ। ਸਰੀਰ ਉੱਤੇ ਸੁਆਹ ਵਿਭੂਤ ਮਲ਼ਣੀ ਚਿੰਨ੍ਹ ਹੈ ਕਿ ਜਿਸਮ ਇਕ ਸਮਾਧੀ ਜਾਂ ਕਬਰ ਹੈ । ਉਹ ਇਸ ਵਿਚਾਰ ਅਧੀਨ ਮਨੁੱਖੀ ਸਰੀਰ ਨੂੰ ਐਵੇਂ ਹੀ ਰੋਲ ਰਹੇ ਸਨ। ਇਨ੍ਹਾਂ ਦੀ ਸਥਿਤੀ ਯਥਾਰਥੀ ਸਥਿਤੀ ਤੋਂ ਬਿਲਕੁਲ ਉਲਟ ਸੀ, ਇਹ ਘਰ-ਬਾਰ, ਪਤਨੀ ਅਤੇ ਬੱਚਿਆਂ ਦਾ ਤਾਂ ਤਿਆਗ ਕਰ ਦਿੰਦੇ ਸਨ ਪਰ ਅੰਤਰੀਵੀ ਵਿਕਾਰ ਕਾਮ, ਕ੍ਰੋਧ, ਲੋਭ ਮੋਹ ਅਤੇ ਹੰਕਾਰ ਆਦਿ ਤੋਂ ਛੁਟਕਾਰਾ ਨਹੀਂ ਸਨ ਪਾ ਸਕਦੇ। ਇਹ ਪਰ-ਨਾਰੀ ਵੱਲ ਆਕਰਸ਼ਿਤ ਰਹਿੰਦੇ ਸਨ। ਇਸ ਦੇ ਨਾਲ ਉਹ ਕਿਰਤ ਅਤੇ ਗ੍ਰਿਹਸਥ ਜੀਵਨ ਦੇ ਕੱਟੜ ਵਿਰੋਧੀ ਸਨ ਅਤੇ ਵਿਆਹ ਨਾ ਕਰਾਉਣ ਕਰਕੇ ਉਹ ਆਪ ਆਚਰਣਹੀਣ ਹੋ ਚੁੱਕੇ ਸਨ। ਇਸ ਲਈ ਅਜਿਹੇ ਮਨੁੱਖ ਅੰਦਰੋਂ ਕਾਮੀ, ਮਲੀਨ ਅਤੇ ਹੰਕਾਰੀ ਸਨ। ਬਾਹਰੋਂ ਉਹ ਕੇਵਲ ਦਿਖਾਵੇ ਮਾਤਰ ਦੇ ਬੈਰਾਗੀ ਸਨ।

ਗੁਰੂ ਨਾਨਕ ਦੇਵ ਜੀ ਅਜਿਹੇ ਜੋਗੀਆਂ ਦੀ ਯਥਾਸਥਿਤੀ ਬਾਰੇ ਫ਼ਰਮਾਉਂਦੇ ਹਨ :

**ਜਗੁ ਪਰਬੋਧਹਿ ਮੜੀ ਬਧਾਵਹਿ ॥**

**ਆਸਣੁ ਤਿਆਗਿ ਕਾਹੇ ਸਚੁ ਪਾਵਹਿ ॥**

**ਮਮਤਾ ਮੋਹੁ ਕਾਮਣਿ ਹਿਤਕਾਰੀ ॥**

**ਨਾ ਅਉਧੂਤੀ ਨਾ ਸੰਸਾਰੀ ॥ ੧ ॥**

**ਜੋਗੀ ਬੈਸਿ ਰਹਹੁ ਦੁਬਿਧਾ ਦੁਖੁ ਭਾਗੈ ॥**

**ਘਰਿ ਘਰਿ ਮਾਗਤ ਲਾਜ ਨ ਲਾਗੈ ॥ ੧ ॥ ਰਹਾਉ ॥**[1]

ਇਤਿਹਾਸਕ ਦ੍ਰਿਸ਼ਟੀ ਤੋਂ ਵਿੱਦਤ ਹੁੰਦਾ ਹੈ ਕਿ 'ਤੇਰ੍ਹਵੀਂ ਸਦੀ ਦੇ ਪ੍ਰਸਿੱਧ ਮਹਾਰਾਸ਼ਟਰ ਦੇ ਸੰਤ ਗਿਆਨੇਸ਼ਵਰ ਪਹਿਲਾਂ ਇਸੇ ਸੰਪਰਦਾ ਵਿਚ ਦੀਕਸ਼ਤ ਸਨ, ਜਿਹੜੇ ਬਾਅਦ ਵਿਚ ਵੈਸ਼ਨਵ ਭਗਤੀਧਾਰਾ ਵਿਚ ਦੀਕਸ਼ਤ ਹੋ ਗਏ। ਉਨ੍ਹਾਂ ਤੋਂ ਪਿੱਛੋਂ ਲਗ-ਭਗ ਉਨ੍ਹਾਂ ਦੇ ਹੀ ਸਮਕਾਲੀ ਮਹਾਰਾਸ਼ਟਰੀ ਸੰਤ ਨਾਮਦੇਵ ਵਿਚ ਜੋਗ ਤੇ ਵੈਸ਼ਨਵ ਭਗਤੀ ਦੋਵੇਂ ਇਕੱਠੇ ਹਨ, 15ਵੀਂ ਸਦੀ ਦੇ ਸੰਤ ਕਬੀਰ ਵਿਚ ਵੀ ਨਾਥ-ਜੋਗੀਆਂ ਦੇ ਹਠਯੋਗ ਦਾ ਅਤੇ ਵੈਸ਼ਨਵਾਂ ਦੀ ਭਗਤੀ ਦਾ ਬਹੁਤ ਹੀ ਸੋਹਣਾ ਤੇ ਸੁਚੱਜਾ ਮੇਲ ਹੈ।'[2] ਇਹ ਭਗਤ ਬ੍ਰਾਹਮਣੀ ਕਰਮ-ਕਾਡਾਂ ਦੇ ਸਖ਼ਤ ਵਿਰੋਧੀ ਸਨ ਅਤੇ ਇਕ ਈਸ਼ਵਰੀ ਭਗਤੀ ਉੱਤੇ ਵਧੇਰੇ ਜ਼ੋਰ ਦਿੰਦੇ ਸਨ। ਇਸੇ ਕੜੀ ਵਿਚ 'ਵੇਦਾਂਤਕ ਵੈਸ਼ਨਵ ਭਗਤੀ ਦੀ ਲਹਿਰ ਪੰਜਾਬ ਵਿਚ ਗੁਰੂ ਨਾਨਕ ਦੇਵ ਜੀ ਰਾਹੀਂ ਸੋਲਵੀਂ ਸਦੀ ਦੇ ਮੁੱਢਲੇ ਵਰ੍ਹਿਆਂ ਵਿਚ ਪਹੁੰਚੀ ਹੈ।'[3] ਉਨ੍ਹਾਂ ਨੇ ਵੀ ਆਪਣੀ ਇਲਾਹੀ ਬਾਣੀ ਵਿਚ ਹਿੰਦੂ ਧਰਮ ਦੇ ਬ੍ਰਾਹਮਣੀ ਕਰਮ-ਕਾਂਡਾਂ, ਜਾਤ-ਪਾਤ ਦੇ ਵਿਤਕਰਿਆਂ, ਇਸਲਾਮੀ ਧਰਮ ਦੀ ਕੱਟੜਤਾ ਅਤੇ ਬਾਹਰੀ ਦਿਖਾਵਿਆਂ, ਨਾਥ, ਜੋਗੀਆਂ ਤੇ ਜੈਨੀਆਂ ਦੇ ਨੈਤਿਕਾਂ ਪਤਨਾਂ ਅਤੇ ਹੋਰ ਅਨੇਕਾਂ ਪਖੰਡਾਂ ਦਾ ਖੰਡਨ ਕੀਤਾ ਹੈ।

ਉੱਤਰੀ ਭਾਰਤ ਵਿਚ ਭਗਤੀ ਲਹਿਰ ਦੇ ਮੋਢੀ ਸੁਆਮੀ ਰਾਮਾਨੰਦ ਜੀ ਮੰਨੇ ਜਾਂਦੇ ਹਨ। 'ਸੁਆਮੀ ਰਾਮਾਨੰਦ ਜੀ ਦਾ ਜਨਮ ਪ੍ਰਯਾਗ ਵਿਚ 1366 ਈਸਵੀ ਵਿਚ ਮੰਨਿਆ ਜਾਂਦਾ ਹੈ। ਆਪ ਰਾਮਾਨੁਜ ਦੀ ਸ਼ਿਸ਼ ਪਰੰਪਰਾ ਵਿਚ ਸੁਆਮੀ ਰਾਘੁਵਾਚਾਰਯ ਦੇ ਚੇਲੇ ਸਨ।'[4] ਆਪ ਇਕ ਮਹਾਨ

ਵਿਦਵਾਨ ਪੰਡਿਤ ਸਨ। ਇਸ ਤਰ੍ਹਾਂ ਸੁਆਮੀ ਰਾਮਾਨੰਦ ਜੀ ਨੂੰ ਉੱਤਰੀ ਭਾਰਤ ਦੀ ਸੰਤ ਪਰੰਪਰਾ ਵਿਚ ਮਹੱਤਵਪੂਰਨ ਸਥਾਨ ਪ੍ਰਾਪਤ ਹੈ ਕਿਉਂਕਿ ਭਗਤ ਪੀਪਾ ਜੀ, ਕਬੀਰ ਜੀ, ਧੰਨਾ ਜੀ ਅਤੇ ਰਵਿਦਾਸ ਜੀ ਆਪ ਦੇ ਚੇਲੇ ਸਨ। ਇਨ੍ਹਾਂ ਦੀ ਬਾਣੀ ਵਿਚ ਸਪਸ਼ਟਤਾ, ਸਰਲਤਾ, ਤੀਖਣਤਾ ਅਤੇ ਬ੍ਰਾਹਮਣੀ ਕਰਮ-ਕਾਂਡਾਂ ਦੇ ਵਿਰੁੱਧ ਇਨਕਲਾਬੀ ਚੇਤਨਾ ਦ੍ਰਿਸ਼ਟੀਗੋਚਰ ਹੁੰਦੀ ਹੈ। 'ਰਾਮਾਨੰਦ ਜੀ ਨੂੰ ਬੈਰਾਗੀ ਸੰਪ੍ਰਦਾ ਦਾ ਮੋਢੀ ਮੰਨਿਆ ਜਾਂਦਾ ਹੈ ਪਰੰਤੂ ਆਦਿ ਗ੍ਰੰਥ ਵਿਚ ਦਰਜ ਸ਼ਬਦ ਆਪ ਜੀ ਦੀ ਵਿਰਕਤੀ, ਬਨਵਾਸੀ ਜਾਂ ਮੰਦਰਾਂ ਵਿਚ ਠਾਕੁਰ ਲੱਭਣ ਦੀ ਵਿਚਾਰਧਾਰਾ ਦੀ ਪੁਸ਼ਟੀ ਨਹੀਂ ਕਰਦਾ। ਸਗੋਂ ਆਪ ਦੇ ਸ਼ਬਦ ਤੋਂ ਤਾਂ ਘਰੇਲੂ ਜੀਵਨ ਵੱਲ ਲੋਕਾਂ ਨੂੰ ਪ੍ਰੇਰਣਾ ਦੀ ਰੁੱਚੀ ਦਾ ਬੋਧ ਹੁੰਦਾ ਹੈ।'[4] ਆਪ ਫ਼ਰਮਾਉਂਦੇ ਹਨ :

**ਕਤ ਜਾਈਐ ਰੇ ਘਰ ਲਾਗੋ ਰੰਗੁ ॥**

**ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥ ੧ ॥ ਰਹਾਉ ॥**

**ਏਕ ਦਿਵਸ ਮਨ ਭਈ ਉਮੰਗ ॥**

**ਘਸਿ ਚੰਦਨ ਚੋਆ ਬਹੁ ਸੁਗੰਧ ॥**

**ਪੂਜਨ ਚਾਲੀ ਬ੍ਰਹਮ ਠਾਇ ॥**

**ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥**

**ਜਹਾ ਜਾਈਐ ਤਹ ਜਲ ਪਖਾਨ ॥**

**ਤੂ ਪੂਰਿ ਰਹਿਓ ਹੈ ਸਭ ਸਮਾਨ ॥**

**ਬੇਦ ਪੁਰਾਨ ਸਭ ਦੇਖੇ ਜੋਇ ॥**

**ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥**[5]

ਇਸ ਸੰਤ ਪਰੰਪਰਾ ਦੀ ਕੜੀ ਦੇ ਯੁਗ ਕ੍ਰਾਂਤੀਕਾਰੀ ਮਹਾਨ ਚਿੰਤਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਰਤੀ ਅਧਿਆਤਮਕ ਵਿਚਾਰਧਾਰਾ ਵਿਚ ਇਕ ਨਵਾਂ ਪਰਿਵਰਤਨ ਲਿਆਂਦਾ। ਉਨ੍ਹਾਂ ਨੇ ਇਸ ਨੂੰ ਇਕ ਨਵਾਂ ਸਰੂਪ ਪ੍ਰਦਾਨ ਕਰਕੇ ਮਨੁੱਖੀ ਸ਼ਖ਼ਸੀਅਤ ਦੀ ਸੰਪੂਰਨਤਾ ਦੇ ਵਿਕਾਸ ਦਾ

ਸਾਧਨ ਬਣਾਇਆ। ਉਨ੍ਹਾਂ ਨੇ ਧਰਮ ਚਿੰਤਨ, ਨੈਤਿਕਤਾ ਅਤੇ ਕਰਮ ਸਿਧਾਂਤ ਦਾ ਜਿਹੜਾ ਲਕਸ਼ ਪੇਸ਼ ਕੀਤਾ ਉਹ ਸਰਬਵਿਆਪੀ ਮਹਾਨਤਾ ਰੱਖਦਾ ਹੈ। ਅਸਲ ਵਿਚ ਦੇਖਿਆ ਜਾਵੇ ਤਾਂ ਆਪ ਜੀ ਦੇ ਜਨਮ ਤੋਂ ਹੀ ਧਰਮ ਚੇਤਨਾ ਅਤੇ ਸਦਾਚਾਰਕ ਕਰਤੱਵ ਦੀ ਇਕ ਅਜਿਹੀ ਲਹਿਰ ਚੱਲੀ ਜਿਸ ਦੇ ਫਲਸਰੂਪ ਮਨੁੱਖੀ ਵਿਅਕਤੀਤਵ ਦੇ ਉਸਾਰ ਲਈ ਨਵੀਨ ਧਾਰਨਾ ਦੀ ਸ਼ੁਰੂਆਤ ਹੋਈ । ਜਿੱਥੇ ਪਹਿਲਾਂ ਧਰਮ ਦੇ ਨਾਂ 'ਤੇ ਅਨੇਕਾਂ ਛੋਟੇ-ਛੋਟੇ ਸੰਪ੍ਰਦਾਇ ਅਤੇ ਉਪ-ਸੰਪ੍ਰਦਾਇ ਵਿਦਮਾਨ ਸਨ ਜੋ ਆਪਣੇ-ਆਪਣੇ ਸਿਧਾਂਤਾਂ, ਉਪ-ਸਿਧਾਂਤਾਂ ਦੇ ਵਿਕਾਸ, ਪ੍ਰਚਾਰ ਅਤੇ ਪ੍ਰਸਾਰ ਲਈ ਯਤਨਸ਼ੀਲ ਸਨ ਉੱਥੇ ਉਨ੍ਹਾਂ ਨੇ ਮਨੁੱਖੀ-ਵਿਅਕਤੀਤਵ ਦੀ ਇਕ ਨਵੀਨ ਸੰਕਲਪਨਾ ਪੇਸ਼ ਕੀਤੀ। ਇਸ ਸੰਕਲਪਨਾ ਦੇ ਅਨੁਸਾਰ ਉਹੀ ਮਨੁੱਖ ਸਚਿਆਰਾ, ਸਦਾਚਾਰੀ ਅਤੇ ਧਰਮੀ ਹੋ ਸਕਦਾ ਹੈ ਜਿਸ ਦੇ ਲਈ ਸੰਪੂਰਨ ਮਨੁੱਖ ਜਾਤੀ ਇਕ ਪਰਿਵਾਰ ਦੇ ਰੂਪ ਵਿਚ ਹੋਵੇ ਅਰਥਾਤ "*ਵਸੁਧੈਵ ਕੁਟੰਬਕਮ*" ਦੇ ਸਿਧਾਂਤ ਨੂੰ ਮਾਨਤਾ ਪ੍ਰਾਪਤ ਹੋਵੇ। ਇਸ ਲਈ ਉਨ੍ਹਾਂ ਨੇ ਏਕਤਾ, ਸਮਾਨਤਾ ਅਤੇ ਭਰਾਤਰੀਭਾਵ ਨੂੰ ਸਮਾਜਿਕ ਜੀਵਨ ਦਾ ਆਧਾਰ ਬਣਾਇਆ। ਉਨ੍ਹਾਂ ਨੇ ਹਿੰਦੂ ਅਤੇ ਮੁਸਲਮਾਨ ਦੇ ਬਾਹਰੀ ਕਰਮ-ਕਾਂਡਾਂ, ਅਖੌਤੀ ਰੀਤੀ-ਰਿਵਾਜਾਂ ਅਤੇ ਅੰਧਵਿਸ਼ਵਾਸਾਂ ਦੀ ਸਖ਼ਤ ਸ਼ਬਦਾਂ ਵਿਚ ਵਿਰੋਧਤਾ ਕੀਤੀ। ਸਮੁੱਚੀ ਮਨੁੱਖਤਾ ਨੂੰ ਇਕ ਈਸ਼ਵਰ ਦੀ ਅਰਾਧਨਾ ਦਾ ਉਪਦੇਸ਼ ਦਿਤਾ।

ਗੁਰਮਤਿ ਵਿਚਾਰਧਾਰਾ ਦੇ ਪ੍ਰਸਿੱਧ ਚਿੰਤਕ ਗੁਰਬਚਨ ਸਿੰਘ ਤਾਲਿਬ ਲਿਖਦੇ ਹਨ 'ਗੁਰੂ ਨਾਨਕ ਨੇ ਮਾਇਆ ਤੇ ਸੰਸਾਰ ਨਾਲ ਕੋਈ ਮੋਹ ਨਹੀਂ ਰੱਖਿਆ। ਉਨ੍ਹਾਂ ਨੇ ਮਨੁੱਖੀ ਘਟਨਾਵਾਂ ਦੇ ਮੁੱਦੇ 'ਤੇ ਡੂੰਘੀ ਅਤੇ ਵਿਸ਼ਾਲ ਨੈਤਿਕਤਾ ਅਤੇ ਇਤਿਹਾਸਕ ਸ਼ਕਤੀਆਂ ਵਿਚ ਸਮਾਜਿਕ ਚੇਤਨਾ ਬਣਾਈ ਰੱਖੀ।'[6] ਜਿਸ ਨੇ ਸਮੁੱਚੀ ਮਾਨਵਤਾ ਨੂੰ ਇਕ ਸੂਤਰ ਵਿਚ ਪਰੋਣ ਦਾ ਕਾਰਜ ਕੀਤਾ।

ਅਸਲ ਵਿਚ ਗੁਰੂ ਨਾਨਕ ਦੇਵ ਜੀ ਦੀ ਇਲਾਹੀ ਬਾਣੀ ਗੁਰਮਤਿ ਵਿਚਾਰਧਾਰਾ ਦਾ ਮੂਲ ਅਤੇ ਪੂਰਨ ਸ੍ਰੋਤ ਹੈ। ਇਸ ਵਿਚ ਵਿਚਾਰਧਾਰਕ ਪੱਖ ਦਾ ਹਰ ਦ੍ਰਿਸ਼ਟੀਕੋਣ ਤੋਂ ਵਿਸਥਾਰ ਅਤੇ ਵਿਆਖਿਆ ਹੋਈ ਪ੍ਰਾਪਤ ਹੁੰਦੀ ਹੈ। ਬਾਕੀ ਗੁਰੂ ਸਾਹਿਬਾਨ ਨੇ ਇਸ ਸਰਬਪਰਉਪਕਾਰੀ

ਵਿਚਾਰਧਾਰਾ ਨੂੰ ਅੱਗੇ ਤੋਰਿਆ।

**ਗੁਰਮਤਿ ਵਿਚਾਰਧਾਰਾ** :

ਇੱਥੇ ਅਸੀਂ ਗੁਰਮਤਿ ਵਿਚਾਰਧਾਰਾ ਨੂੰ ਇਸ ਦੇ ਕੋਸ਼ਗਤ ਅਰਥ ਪ੍ਰਕਾਸ਼ਨਾਂ ਅਤੇ ਪ੍ਰਬੁੱਧ ਵਿਦਵਾਨਾਂ ਦੀ ਵਿਚਾਰਧਾਰਾ ਅਨੁਸਾਰ ਜਾਣਨ ਦਾ ਯਤਨ ਕਰਦੇ ਹਾਂ।

(ੳ) **ਗੁਰਮਤਿ**

ਭਾਈ ਕਾਨ੍ਹ ਸਿੰਘ ਨਾਭਾ ਗੁਰੁਸ਼ਬਦ ਰਤਨਾਕਰ ਮਹਾਨ ਕੋਸ਼ ਵਿਚ 'ਗੁਰਮਤਿ' ਬਾਰੇ ਲਿਖਦੇ ਹਨ 'ਸਤਿਗੁਰੂ ਦਾ ਸਿੱਧਾਂਤ, ਗੁਰੂ ਦਾ ਥਾਪਿਆ ਧਰਮ ਦਾ ਨਿਯਮ, ਗੁਰੂ ਦੀ ਰਾਇ, ਸਤਿਗੁਰੂ ਦੀ ਇੱਛਾ, ਗੁਰੂ ਦੀ ਨਸੀਹਤ, ਗੁਰੁਮਤਿ ਦ੍ਵਾਰਾ।'[7] ਕਿਹਾ ਜਾਂਦਾ ਹੈ ਕਿ ਜਿਸ ਤਰ੍ਹਾਂ ਇਸਲਾਮ ਧਰਮ ਵਿਚ ਪੈਗੰਬਰ ਨੂੰ, ਸੂਫ਼ੀਆਂ ਵਿਚ ਮੁਰਸ਼ਦ ਨੂੰ ਅਤੇ ਜੈਨੀਆਂ ਵਿਚ ਤੀਰਥੰਕਰ ਨੂੰ ਉੱਚਤਮ ਸਥਾਨ ਪ੍ਰਾਪਤ ਹੈ ਇਸੇ ਤਰ੍ਹਾਂ ਗੁਰਬਾਣੀ ਅਨੁਸਾਰ ਸਿੱਖ ਧਰਮ ਵਿਚ 'ਗੁਰੂ' ਨੂੰ ਸਰਵੋਤਮ ਸਥਾਨ ਦੱਸਿਆ ਗਿਆ ਹੈ। ਜਿਸ ਦੇ ਉਪਦੇਸ਼ਾਂ ਅਨੁਸਾਰ ਸਿੱਖ ਆਪਣਾ ਸੁਚੱਜਾ ਜੀਵਨ ਬਤੀਤ ਕਰਦਾ ਹੈ।

ਗੁਰਮਤਿ ਬਾਰੇ ਡਾ. ਰਤਨ ਸਿੰਘ ਜੱਗੀ 'ਗੁਰੂ ਗ੍ਰੰਥ ਵਿਸ਼ਵਕੋਸ਼' ਵਿਚ ਇਸ ਪ੍ਰਕਾਰ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਕਰਦੇ ਹਨ 'ਕਿ ਇਸ ਸ਼ਬਦ ਦੇ ਦੋ ਅਰਥ ਵਿਵਹਾਰ ਵਿਚ ਆਉਂਦੇ ਹਨ। ਪਹਿਲਾ ਅਰਥ ਗੁਰੂ ਦੀ ਮਤ, ਗੁਰੂ ਦੀ ਰਾਇ, ਗੁਰੂ ਦੀ ਨਸੀਹਤ, ਗੁਰੂ ਦੀ ਸੰਮਤੀ, ਦੂਜਾ ਅਰਥ ਹੈ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਕੀਤਾ ਸਿਧਾਂਤ। ਇਸੇ ਤੋਂ ਵਿਸਤਰਿਤ ਹੋਇਆ ਅਰਥ ਗੁਰੂਆਂ ਦੁਆਰਾ ਸਥਾਪਿਤ ਸਿਧਾਂਤਾਂ ਨੂੰ ਆਧਾਰ ਬਣਾ ਕੇ ਚਲਣ ਵਾਲਾ ਧਰਮ।'[8] ਜੋ ਕਿ ਵਿਅਕਤੀਗਤ ਅਤੇ ਸਮਾਜਿਕ ਨੈਤਿਕ ਅਤੇ ਸਦਾਚਾਰਕ ਮੁੱਲਾਂ ਤੇ ਆਧਾਰਿਤ ਹੈ। ਜਿਸ ਨੇ ਮਨੁੱਖੀ ਸਮਾਜ ਵਿਚ ਸੰਗਠਨਤਾ ਪੈਦਾ ਕਰਨ ਦੇ ਯਤਨ ਕੀਤੇ ਹਨ।

ਡਾ. ਅੰਮ੍ਰਿਤਪਾਲ ਕੌਰ ਦੇ ਅਨੁਸਾਰ 'ਗੁਰਮਤਿ ਤੋਂ ਭਾਵ ਹੈ ਗੁਰੂ ਰਾਇ, ਗੁਰੂ ਦੁਆਰਾ, ਗੁਰੂ ਦਾ ਥਾਪਿਆ ਨਿਯਮ ਆਦਿ।'[9] ਜਿਸ ਤੇ ਚੱਲ ਕੇ ਸਿੱਖ-ਸੰਗਤ ਆਪਣਾ ਜੀਵਨ ਸੁਚੱਜੇ

ਢੰਗ ਨਾਲ ਬਤੀਤ ਕਰਦੀ ਹੈ। ਆਪਣੀ ਸੁਰਤ ਨੂੰ ਪ੍ਰਭੂ ਦੇ ਚਰਨਾਂ ਨਾਲ ਜੋੜਦੀ ਹੈ।

ਗੁਰੂ ਗਿਰਾਰਥ ਕੋਸ਼ ਵਿਚ ਗੁਰਮਤਿ ਦੇ ਅਰਥਾਂ ਨੂੰ ਇਸ ਤਰ੍ਹਾਂ ਪ੍ਰਗਟਾਇਆ ਗਿਆ ਹੈ ਕਿ 'ਗੁਰੋਂ ਕੇ ਉਪਦੇਸ਼ ਸੇ।'[10] ਇਸ ਤਰ੍ਹਾਂ ਗੁਰੂ ਦੀ ਸਿੱਖਿਆ ਨਾਲ ਇਕ ਨਵੀਨ ਕ੍ਰਾਂਤੀਕਾਰੀ ਵਿਚਾਰਧਾਰਾ ਉਭਰ ਕੇ ਸਾਹਮਣੇ ਆਈ। ਜਿਸ ਨੇ ਮੱਧਕਾਲੀ ਮਨੁੱਖੀ ਜੀਵਨ ਨੂੰ ਇਕ ਨਵੀਂ ਰੂਹ ਵੀ ਪ੍ਰਦਾਨ ਕੀਤੀ।

ਗੁਰਮਤਿ ਦੇ ਪ੍ਰਸਿੱਧ ਵਿਦਵਾਨ ਸਰਮੁਖ ਸਿੰਘ ਅਮੋਲ ਲਿਖਦੇ ਹਨ ਕਿ "ਗੁਰਮਤਿ ਦਾ ਮੂਲ ਕੇਂਦਰ ਤੇ ਵਿਆਖਿਆ 'ਗੁਰਬਾਣੀ' ਹੈ। ਗੁਰਬਾਣੀ ਦੀ ਕਸਵੱਟੀ ਉੱਤੇ ਹੀ ਹਰ ਸਿਧਾਂਤ ਨੂੰ ਪਰਖਣ ਦੀ ਆਵੱਸ਼ਕਤਾ ਹੁੰਦੀ ਹੈ। ਗੁਰਬਾਣੀ ਜਿਸ ਵਿਚਾਰ ਦੀ ਪ੍ਰੋੜਤਾ ਕਰੇ, ਉਸ ਨੂੰ ਪ੍ਰਮਾਣਿਕ (ਪ੍ਰਵਾਨ ਹੋਇਆ) ਗੁਰਮਤਿ ਵਿਚਾਰ ਤਥਾ ਗੁਰਮਤਿ ਸਿਧਾਂਤ (ਸਿੱਧ ਕੀਤਾ, ਅੰਤਿਮ ਸਿੱਟਾ) ਮੰਨਿਆ ਜਾਂਦਾ ਹੈ।"[11]

ਗੁਰਮਤਿ ਦਾ ਮੂਲ ਸਰੋਤ 'ਸ੍ਰੀ ਗੁਰੂ ਗ੍ਰੰਥ ਸਾਹਿਬ' ਨੂੰ ਮੰਨਿਆ ਗਿਆ ਹੈ। ਸਮੁੱਚੀ ਗੁਰਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ (6 ਗੁਰੂ ਸਾਹਿਬਾਨ, 15 ਭਗਤਾਂ, 11 ਭੱਟਾਂ ਅਤੇ 4 ਗੁਰੂਘਰ ਨਿਕਟਵਰਤੀ ਸਿੱਖਾਂ ਦੀ ਬਾਣੀ) ਸੁਸ਼ੋਭਿਤ ਹੈ।

ਡਾ. ਦੀਵਾਨ ਸਿੰਘ ਅਨੁਸਾਰ, "ਗੁਰਮਤਿ ਦਾ ਸਾਹਿੱਤਕ ਪ੍ਰਕਾਸ਼ ਨਿਰੀ ਕਥਨੀ ਨਹੀਂ, ਮਾਨਸਕ ਦਿਲ-ਪ੍ਰਚਾਵਾ ਨਹੀਂ, ਸਗੋਂ ਮਹਾਨ ਆਤਮਾ ਦੀਆਂ ਗੌਰਵਤਾ-ਭਰਿਆ ਡੂੰਘਾਈਆਂ ਵਿਚੋਂ ਨਿਕਲੇ ਮਨੋਹਰ ਬਚਨ ਹਨ, ਜਿਵੇਂ ਅਥਾਹ ਸਾਗਰ ਵਿਚੋਂ ਅਮੁੱਲੇ ਮੋਤੀ ਨਿਕਲੇ ਹੋਣ। ਇਹ 'ਸਾਧ ਬਚਨ', ਅਟੱਲ ਬਚਨ ਹਨ, ਇਨ੍ਹਾਂ ਦੀ ਸਚਾਈ ਸਦੀਵੀ ਸਚਾਈ ਹੈ।"[12] ਜੋ ਕਿ ਸਮੁੱਚੀ ਮਾਨਵਤਾ ਦਾ ਮਾਰਗ ਦਰਸ਼ਨ ਕਰਦੀ ਹੈ।

'ਡਾ. ਜਗਬੀਰ ਸਿੰਘ ਗੁਰਮਤਿ ਬਾਰੇ ਸਪਸ਼ਟ ਲਿਖਦੇ ਹਨ ਕਿ ਸਿਧਾਂਤਕ ਦ੍ਰਿਸ਼ਟੀ ਤੋਂ ਗੁਰਮਤਿ ਸਿੱਖ ਧਰਮ ਦੇ ਜੀਵਨ-ਦਰਸ਼ਨ ਦਾ ਲਖਾਇਕ ਸੰਕਲਪੀ ਸ਼ਬਦ ਹੈ। ਸਿੱਖ ਧਰਮ ਦੇ ਪ੍ਰਵਰਤਕ ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਰਾਹੀਂ ਜਿਸ ਜੀਵਨ ਦਰਸ਼ਨ ਜਾਂ ਵਿਚਾਰਧਾਰਾ

ਦਾ ਮੁੱਢ ਬੰਨ੍ਹਿਆਂ ਉਸੇ ਵਿੱਚ ਹੀ ਗੁਰਮਤਿ ਦੇ ਬੀਜ ਛੁਪੇ ਹੋਏ ਹਨ।'[13] ਜਿੰਨ੍ਹਾਂ ਦੀ ਪਛਾਣ ਕਰਕੇ ਸਾਕਾਰਾਤਮਕ ਦ੍ਰਿਸ਼ਟੀਕੋਣ ਅਪਣਾ ਕੇ ਮਨੁੱਖ ਆਪਣਾ ਜੀਵਨ ਸਫ਼ਲ ਬਣਾ ਸਕਦਾ ਹੈ।

ਗੁਰਮਤਿ ਦੇ ਉਪਰੋਕਤ ਅਰਥਾਂ ਨੂੰ ਸਮਝਣ ਪਿੱਛੋਂ ਹੁਣ ਅਸੀਂ ਵਿਚਾਰਧਾਰਾ ਦੇ ਅਰਥਾਂ ਨੂੰ ਜਾਨਣ ਦਾ ਯਤਨ ਕਰਦੇ ਹਾਂ।

**(ਅ) ਵਿਚਾਰਧਾਰਾ**

ਡਾ. ਜਗਬੀਰ ਸਿੰਘ ਦੇ ਅਨੁਸਾਰ 'ਵਿਚਾਰਧਾਰਾ ਅਰਥਾਂ, ਮੁੱਲਾਂ, ਕਦਰਾਂ-ਕੀਮਤਾਂ, ਵਿਚਾਰਾਂ ਅਤੇ ਵਿਸ਼ਵਾਸਾਂ ਦਾ ਅਜਿਹਾ ਸੰਗਠਨ ਹੁੰਦਾ ਹੈ ਜੋ ਮਨੁੱਖ ਨੂੰ ਆਪਣੇ ਵੇਲੇ ਦੇ ਸਮਾਜਿਕ ਅਤੇ ਸਭਿਆਚਾਰਕ ਯਥਾਰਥ ਨਾਲ ਨਜਿਠਣ ਵਾਲੀ ਜੀਵਨ-ਵਿਧੀ ਪ੍ਰਦਾਨ ਕਰਦਾ ਹੈ।[14]

ਗੁਰ ਗਿਰਾਰਥ ਕੋਸ਼ ਵਿਚ 'ਵਿਚਾਰ' ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਗਿਆ ਹੈ- ਵਿਚਾਰ. ਤਤ੍ਵ ਕਾ ਨਿਰਨਯ; ਤਤ੍ਵ ਨਿਰਨਯ ਕਾ ਸਾਧਨ ਵਾਕਯ ਸਮੁਦਾਯਾ।[15]

ਇਤਿਹਾਸਕ ਪੱਖ ਤੋਂ ਅਸੀਂ ਵੇਖਦੇ ਹਾਂ ਕਿ ਜਦੋਂ ਵੀ ਕਿਸੇ ਪਤਨਸ਼ੀਲ ਸਮਾਜ ਦਾ ਯਥਾਰਥਬੋਧ ਸਾਡੇ ਸਾਹਮਣੇ ਆਉਂਦਾ ਹੈ ਤਾਂ ਲੋਕਾਂ ਨੂੰ ਜਾਗ੍ਰਿਤ ਕਰਨ ਅਤੇ ਤਬਦੀਲੀ ਲਈ ਪ੍ਰੇਰਨ ਹਿਤ ਹਮੇਸ਼ਾ ਸਮਾਜ ਚਿੰਤਕਾਂ ਨੇ ਕਾਵਿ-ਸਾਹਿਤ ਦਾ ਸਹਾਰਾ ਲਿਆ ਹੈ। ਇਸੇ ਤਰ੍ਹਾਂ ਵਿਚਾਰਧਾਰਾ ਅਕਸਰ ਤਤਕਾਲੀਨ ਇਤਿਹਾਸਕ ਸੰਕਟ ਦੇ ਸਮਾਧਾਨ ਲਈ ਕਵਿਤਾ ਨੂੰ ਆਪਣਾ ਰਚਨਾਤਮਕ ਮਾਧਿਅਮ ਬਣਾਉਂਦੀ ਹੈ। ਇਸ ਲਈ ਕਵਿਤਾ ਦੀ ਕੋਈ ਧਾਰਾ ਜਦੋਂ ਕਿਸੇ ਵਿਚਾਰਧਰਾਈ ਪ੍ਰੇਰਣਾ ਅਧੀਨ ਇਤਿਹਾਸਕ ਸਥਿਤੀ ਦੇ ਸੰਕਟ ਨਾਲ ਟਕਰਾਉਂਦੀ ਹੈ ਤਾਂ ਮੂਲ ਰੂਪ ਵਿਚ ਇਹ ਇਤਿਹਾਸਕ ਮਨੁੱਖ ਦੀ ਸੁਤੰਤਰਤਾ ਦੀ ਭਾਵਨਾ ਨੂੰ ਪ੍ਰਚੰਡ ਕਰ ਕੇ ਹਰ ਤਰ੍ਹਾਂ ਦੀ ਪਰਾਧੀਨਤਾ ਤੇ ਗ਼ੁਲਾਮੀ ਵਿਰੁਧ ਨਿਰੰਤਰ ਸੰਘਰਸ਼ ਦੀ ਭਾਵਨਾ ਨੂੰ ਹੀ ਉਤੇਜਿਤ ਕਰਦੀ ਹੈ।[16] ਸਮਾਜ ਵਿਚ ਇਕ ਨਵੀਂ ਚੇਤਨਾ ਪੈਦਾ ਕਰਕੇ ਇਹ ਵੱਡੀ ਕ੍ਰਾਂਤੀ ਦਾ ਕਾਰਨ ਬਣਦੀ ਹੈ ਇਸ ਪ੍ਰਕਾਰ ਗੁਰਮਤਿ ਵਿਚਾਰਧਾਰਾ ਦਾ ਮੁਹਾਵਰਾ ਭਾਰਤੀ ਧਰਮਾਂ ਵਾਲਾ ਹੋਣ ਦੇ ਬਾਵਜੂਦ ਵੀ,

ਅਰਥਾਂ ਵਿਚ ਵਿਲੱਖਣ ਹੈ। ਇਹ ਵਿਚਾਰਧਾਰਾ ਮਨੁੱਖ ਨੂੰ ਚੰਗੇ ਕਰਮ ਕਰਨ ਦੀ ਸਿੱਖਿਆ ਦੇ ਕੇ ਪਰਲੋਕ ਤੋਂ ਵੱਧ ਕਿਤੇ ਇਸ ਲੋਕ ਨੂੰ ਵਧੇਰੇ ਮਹੱਤਵ ਦਿੰਦੀ ਹੈ।

ਡਾ. ਜਸਬੀਰ ਕੇਸਰ ਦੇ ਅਨੁਸਾਰ,"ਗੁਰਮਤਿ ਉਹ ਫ਼ਿਲਾਸਫ਼ੀ ਹੈ ਜੋ ਕਿਸੇ ਵੀ ਇਕ ਗ੍ਰੰਥ ਉੱਪਰ ਆਧਾਰਿਤ ਨਹੀਂ। ਗੁਰੂਆਂ ਨੇ ਮੌਲਿਕ ਪੱਖ ਤੋਂ ਹਰ ਧਰਮ ਦੇ ਗੁਣਾਂ ਨਾਲ ਸਾਂਝ ਪਾਈ ਹੈ ਤੇ ਸਾਰੇ ਪੁਰਾਤਨ ਭਾਰਤੀ ਧਰਮਾਂ ਦੇ ਗੁਣਾਂ ਨੂੰ ਕਬੂਲਿਆ।"[17] ਗੁਰਮਤਿ ਵਿਚਾਰਧਾਰਾ ਅਨਮੋਲ ਮਨੁੱਖੀ ਗੁਣਾਂ ਦਾ ਖ਼ਜ਼ਾਨਾ ਹੈ। ਜਿਨ੍ਹਾਂ ਨੂੰ ਗੁਰੂ ਸਹਿਬਾਨ ਨੇ ਆਪਣੇ ਵਿਅਕਤੀਗਤ ਅਨੁਭਵਾਂ ਵਿਚੋਂ ਗ੍ਰਹਿਣ ਕਰਕੇ ਸਮੁੱਚੀ ਲੋਕਾਈ ਦੇ ਸਨਮੁਖ ਰੱਖਿਆ। ਇਹ ਇਕ ਨਵੀਨ ਵਿਚਾਰਧਾਰਾ ਹੈ ਜੋ ਸ਼ੋਸ਼ਤ ਧਿਰ ਦੇ ਹਿੱਤਾਂ ਦੀ ਰੱਖਿਆ ਕਰਦੀ ਹੈ। ਗੁਰਮਤਿ ਵਿਚਾਰਧਾਰਾ ਦਾ ਗਹਿਰ ਅਤੇ ਗੰਭੀਰ ਅਧਿਐਨ ਕਰਦਿਆਂ ਸਾਨੂੰ ਪਤਾ ਲਗਦਾ ਹੈ ਕਿ ਇਸ ਦੀ ਮੂਲ ਪ੍ਰਕਿਰਤੀ ਅਤੇ ਉਦੇਸ਼ ਸੰਪੂਰਨ ਮਨੁੱਖ ਦੀ ਸਿਰਜਨਾ ਕਰਨੀ ਰਿਹਾ ਹੈ। ਸੰਪੂਰਨ ਮਨੁੱਖ ਕੇਹੋ ਜਿਹਾ ਹੁੰਦਾ ਹੈ ? ਉਸ ਵਿਚ ਖ਼ਾਸ ਗੁਣ ਕੀ-ਕੀ ਵਿਦਮਾਨ ਹੁੰਦੇ ਹਨ ਤੇ ਉਹ ਕੀ ਕੀ ਨਹੀਂ ਕਰਦਾ ? ਅਜਿਹੇ ਸਭਯ ਮਨੁੱਖ ਬਣਨ ਦੀ ਵਿਧੀ ਕੀ ਹੈ ? ਉਹ ਸੰਸਾਰ ਦੇ ਵਿਸ਼ੇ-ਵਿਕਾਰੀ ਚੱਕਰਾਂ ਵਿਚੋਂ ਨਿਕਲ ਕੇ ਕਿਵੇਂ ਆਪਣੀ ਸ਼ਾਂਤ, ਸੰਤੁਲਿਤ, ਨਿਰਮਲ, ਨਿਰਲੇਪ ਸ਼ਖ਼ਸੀਅਤ ਦੀ ਉਸਾਰੀ ਕਰਦਾ ਹੈ ? ਅਜਿਹੇ ਪ੍ਰਸ਼ਨਾਂ ਦੇ ਉੱਤਰ ਗੁਰਮਤਿ ਵਿਚਾਰਧਾਰਾ ਸੰਤੋਖਜਨਕ ਦਿੰਦੀ ਹੋਈ ਮਨੁੱਖੀ ਮਨ ਨੂੰ ਧਰਵਾਸ, ਉਮੀਦ ਬਖ਼ਸ਼ਦੀ ਅਤੇ ਉਸ ਦੀ ਆਤਮਾ ਨੂੰ ਉਚੇਰੀ ਮੰਜ਼ਲ ਵੱਲ ਜਾਣ ਲਈ ਹਲੂਣਾ ਦਿੰਦੀ ਹੈ, ਨਾਲ ਹੀ ਇਸ ਨੇ ਮਨੁੱਖ ਅਤੇ ਮਨੁੱਖੀ ਸਮਾਜ ਦੀ ਕਾਇਆ ਕਲਪ ਕਰਕੇ ਇਕ ਨਵੀਂ ਜ਼ਿੰਦਗੀ ਪ੍ਰਦਾਨ ਕੀਤੀ ਹੈ। ਲਿਤਾੜੀ ਗਈ ਭਾਰਤੀ ਕੌਮ ਨੂੰ ਇਕ ਨਵਾਂ ਜੀਵਨ ਬਖ਼ਸ਼ਿਆ। ਇਸ ਵਿਚ ਵਹਿਮ-ਭਰਮ, ਕੂੜ, ਬੇਇਨਸਾਫ਼ੀ, ਬੁਰਾਈ ਆਦਿ ਨੂੰ ਕੋਈ ਸਥਾਨ ਨਹੀਂ ਅਤੇ ਇਹ ਮਨੁੱਖ ਨੂੰ ਕਾਦਰ ਦਾ ਭਾਣਾ ਮੰਨ ਕੇ ਸਹਿਜਮਈ ਜੀਵਨ ਜਿਉਣ ਲਈ ਅਤੇ ਸੁਤੰਤਰ ਹੋ ਕੇ ਗੁਰਪ੍ਰਸਾਦਿ ਸਦਕਾ ਪਰਮ-ਪਦ ਦੀ ਪ੍ਰਾਪਤੀ ਲਈ ਪ੍ਰੇਰਿਤ ਕਰਦੀ ਹੈ।

ਡਾ. ਤਰਲੋਚਨ ਸਿੰਘ ਬੇਦੀ ਅਨੁਸਾਰ,"ਗੁਰਮਤਿ ਇਕ ਉਹ ਅਧਿਆਤਮਿਕ ਮਾਰਗ ਹੈ,

ਜਿਸ ਵਿਚ ਆਤਮਾ ਆਪਣੇ ਮੂਲ ਸੋਮੇਂ ਨਾਲ ਮਿਲਣ ਲਈ, ਸੰਸਾਰੀ ਕਾਰ-ਵਿਹਾਰ ਵਿਚ ਵਿਚਰਦਿਆਂ ਹੋਇਆਂ, ਗੁਰੂ ਦੀ ਓਟ ਲੈ ਕੇ, ਨਾਮ ਜਪ ਕੇ, ਮਨ ਤੇ ਕਾਬੂ ਪਾ ਕੇ, ਸੰਜਮ ਵਿਚ ਰਹਿ ਕੇ, ਸੰਤੋਖ ਤੇ ਰਜ਼ਾ ਨੂੰ ਮੰਨ ਕੇ, ਦਸਾਂ ਨੌਹਾਂ ਦੀ ਕਿਰਤ-ਕਮਾਈ ਕਰਦੀ ਹੋਈ ਰੱਬ ਨਾਲ ਅਭੇਦ ਹੋ ਜਾਂਦੀ ਹੈ।"[18] ਅਜਿਹੀ ਸਰਬਕਲਿਆਣੀ ਵਿਚਾਰਧਾਰਾ ਵਿਸ਼ਵ ਵਿਚ ਕਿਧਰੇ ਦਿਖਾਈ ਨਹੀਂ ਦਿੰਦੀ ਕਿਉਂਕਿ ਇਹ ਕਿਸੇ ਵਾਦ ਨਾਲ ਨਹੀਂ ਬੱਝੀ ਹੋਈ।

ਡਾ. ਦੀਵਾਨ ਸਿੰਘ ਅਨੁਸਾਰ "ਗੁਰਮਤਿ ਇਕ ਮੌਲਿਕ ਵਿਚਾਰਧਾਰਾ ਹੈ, ਸੁਤੰਤਰ ਅਤੇ ਵਿਹਾਰਕ। ਇਸ ਦਾ ਨਿੱਗਰ ਸਮਾਜਕ ਸੰਦਰਭ ਇਸ ਨੂੰ ਦਰਸ਼ਨ ਫ਼ਿਲਾਸਫ਼ੀ ਦੇ ਖਲਜਗਨ ਤੋਂ ਦੂਰ ਰੱਖਦਾ ਹੈ। ਅਸੀਂ ਇਸ ਨੂੰ ਗੁਰਮਤਿ ਸਿਧਾਂਤ ਦਾ ਨਾਂ ਦਿੱਤਾ ਹੈ ਕਿਉਂਕਿ ਇਸ ਵਿਚ ਰਹੱਸਵਾਦ ਦੇ ਨਾਲ ਵਿਚਾਰਸ਼ੀਲਤਾ ਨੂੰ ਵੀ ਮੁੱਖ ਰੱਖਿਆ ਹੈ।"[19] ਜੋ ਕਿ ਮਨੁੱਖੀ ਚਿੰਤਨ ਨੂੰ ਗਤੀਸ਼ੀਲਤਾ ਪ੍ਰਦਾਨ ਕਰਦੀ ਹੈ ਜਿਸ ਰਾਹੀਂ ਉਹ ਆਤਮ ਤੇ ਪਰਮਾਤਮ ਦੀ ਪਛਾਣ ਕਰਕੇ ਸੰਸਾਰੀ ਕਾਰ-ਵਿਹਾਰ ਕਰਦਿਆਂ *'ਮੁਕਤ ਪਦ'* ਪ੍ਰਾਪਤ ਕਰਦਾ ਹੈ।

ਡਾ. ਮਹਿੰਦਰ ਕੌਰ ਗਿਲ ਅਨੁਸਾਰ "ਗੁਰਮਤਿ ਸਕੂਲ ਦੀ ਵਿਲੱਖਣਤਾ ਉਸ ਦੇ ਨਿਖੜਵੇਂ ਵਸਤੂ (matter) ਵਿਧੀ (mode) ਤੇ ਅੰਦਾਜ਼ (manner) ਰਾਹੀਂ ਸਾਕਾਰ ਹੁੰਦੀ ਹੈ। ਇਨ੍ਹਾਂ ਤਿੰਨਾਂ ਦੀ ਸੰਯੁਕਤ ਇਕਾਈ ਰਾਹੀਂ ਹੀ ਗੁਰੂ ਨਾਨਕ ਦੇਵ ਨੇ ਗੁਰਮਤਿ ਸਾਹਿਤ ਦੇ ਪ੍ਰਮਾਣਿਕ ਪ੍ਰਤਿਮਾਨ (norms) ਸਥਾਪਿਤ ਕੀਤੇ।"[20] ਇਹ ਪ੍ਰਤਿਮਾਨ ਹੀ ਪੁਰਾਤਨ ਭਾਰਤੀ ਰੂੜੀਆਂ ਨੂੰ ਤੋੜਦੇ ਹੋਏ ਨਵੀਨ ਮਾਨਵੀ ਮੁੱਲਾਂ ਦੀ ਪੁਨਰ-ਸਥਾਪਨਾ ਕਰਦੇ ਹਨ।

"ਗੁਰਮਤਿ ਇਕ ਅਦਵੈਤਵਾਦੀ ਮਤ ਹੈ ਤੇ ਇਕ ਅਕਾਲ ਪੁਰਖ ਦੀ ਹੋਂਦ ਵਿਚ ਵਿਸ਼ਵਾਸ ਰਖਦਾ ਹੈ। ਉਹ ਅਕਾਲ ਪੁਰਖ ਕੋਈ ਐਵੇਂ ਮਨ ਦੀ ਕਲਪਨਾ ਨਹੀਂ, ਇਕ ਅਟੱਲ ਸੱਚਾਈ ਹੈ ਜੋ ਮੁੱਢ ਤੋਂ ਹੈ ਤੇ ਇਕੋ ਰੂਪ ਵਿਚ ਜਾਰੀ ਰਹੇਗਾ। ਉਹ ਇਸ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ, ਇਸ ਦੇ ਰਚਣ ਵਿਚ ਉਸ ਤੋਂ ਬਿਨਾਂ ਹੋਰ ਕਿਸੇ ਦਾ ਹੱਥ ਨਹੀਂ। ਉਹ ਸਰਬ-ਵਿਆਪਕ ਹੈ; ਮਨੁੱਖੀ ਭਾਵਾਂ ਡਰ ਤੇ ਵੈਰ ਤੋਂ ਉੱਤੇ ਹੈ, ਜਨਮ ਮਰਨ ਤੋਂ ਵੀ ਰਹਿਤ ਹੈ।"[21] ਇਹ ਇਕ ਅਜਿਹੀ

ਜੀਵਨ ਦ੍ਰਿਸ਼ਟੀ ਹੈ ਜੋ ਇਸੇ ਮਨੁੱਖੀ ਜੀਵਨ ਵਿਚੋਂ ਹੀ ਉਸਰੀ ਹੈ ਤੇ ਮੁੜ ਇਸੇ ਜੀਵਨ ਲਈ ਇਕ ਚਾਨਣ-ਮੁਨਾਰੇ ਦਾ ਕੰਮ ਕਰ ਰਹੀ ਹੈ।

ਹੋਰਨਾਂ ਧਰਮਾਂ ਦਾ ਅਧਿਐਨ ਕਰਦਿਆਂ ਵਿਦਤ ਹੁੰਦਾ ਹੈ ਕਿ ਉਨ੍ਹਾਂ ਵਿਚ ਅਨੇਕਾਂ ਪੀਰ-ਪੈਗੰਬਰਾਂ, ਦੇਵੀ-ਦੇਵਤਿਆਂ, ਧਾਰਮਿਕ ਰਸਮਾਂ-ਰੀਤਾਂ ਅਤੇ ਵਿਸ਼ਵਾਸਾਂ ਦੇ ਅਨੁਸਾਰ ਪੂਜਾ ਅਰਚਨਾ ਅਤੇ ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਹਨ ਪਰ ਅਸੀਂ ਵਿਲੱਖਣਤਾ ਦੇਖਦੇ ਹਾਂ ਕਿ "ਗੁਰਮਤਿ ਦਾ ਕੇਂਦਰੀ ਅਸੂਲ 'ਨਾਮ' ਹੈ। ਗੁਰਮਤਿ ਵਿਚ ਇਸ ਦੀ ਬਹੁਤ ਮਹੱਤਤਾ ਹੈ ਕਿਉਂ ਜੋ ਗੁਰਮਤਿ ਅਨੁਸਾਰ ਮਨੁੱਖ ਦੇ ਅਸਲੀ ਮਨੋਰਥ-ਕੂੜ ਦੀ ਪਾਲ ਨੂੰ ਤੋੜਨ ਤੇ ਸਚਿਆਰ ਦੀ ਪ੍ਰਾਪਤੀ ਇਸ 'ਨਾਮ' ਦੁਆਰਾ ਹੀ ਹੁੰਦੀ ਹੈ। ਨਾਮ ਦੀ ਪ੍ਰਾਪਤੀ ਗੁਰਸਿੱਖ ਨੇ ਕੰਦਰਾਂ ਵਿਚ ਬੈਠ ਕੇ ਆਪਣੇ ਆਪ ਨੂੰ ਇਸ ਮਾਇਕ ਸੰਸਾਰ ਤੋਂ ਅਲੱਗ ਕਰਕੇ ਨਹੀਂ ਕਰਨੀ ਹੁੰਦੀ ਸਗੋਂ ਗ੍ਰਹਿਸਤ ਵਿਚ ਵਿਚਰਦਿਆਂ ਹੋਇਆਂ ਨਿਰਬਾਣ ਪਦ ਦੀ ਪ੍ਰਾਪਤੀ ਕਰਨੀ ਹੁੰਦੀ ਹੈ।"[22] ਜਿਸ ਤਰ੍ਹਾਂ ਗੁਰਬਾਣੀ ਦਾ ਫ਼ਰਮਾਨ ਹੈ :

**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥**

**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥**[23]

ਡਾ. ਸ਼ੇਰ ਸਿੰਘ ਲਿਖਦੇ ਹਨ ਕਿ 'ਗੁਰਮਤਿ ਵਿਚ ਅਦ੍ਵੈਤ ਮੱਤ ਵਾਲਾ ਬੋਲ ਅਹੰਬ੍ਰਹਮਾਸਮੀ ਜਾਂ ਤਤਵੰਸਮੀ (ਉਹ ਬ੍ਰਹਮ ਮੈਂ ਹਾਂ ਜਾਂ ਉਹ ਤੂੰ ਹੈਂ) ਸਿੱਖਾਂ ਦੀ ਜ਼ੁਬਾਨ ਤੇ ਕਦੇ ਨਹੀਂ ਚੜ੍ਹੇ ।'[24] ਇਸ ਦੇ ਅਨੁਸਾਰ ਜੀਵ ਬ੍ਰਹਮ ਦੀ ਅਭੇਦਤਾ ਅਥਵਾ ਪ੍ਰਭੂ ਪ੍ਰੇਮ ਤੇ ਉਸ ਦੇ ਚਰਨਾਂ ਵਿਚ ਨਿਵਾਸ, ਇਕ ਅਜਿਹਾ ਆਦਰਸ਼ ਹੈ, ਜਿਹੜਾ ਮਨੁੱਖ ਨੂੰ ਸੰਸਾਰ ਵਿਚ ਉੱਚੀਆਂ ਤੇ ਸੁੱਚੀਆਂ ਕਦਰਾਂ-ਕੀਮਤਾਂ ਬਣਾ ਕੇ ਜੀਵਨ ਬਤੀਤ ਕਰਨ ਲਈ ਪ੍ਰੇਰਦਾ ਹੈ ਅਤੇ ਆਪਣੇ ਮਾਰਗ ਉੱਤੇ ਕਾਇਮ ਰਹਿਣ ਲਈ ਦ੍ਰਿੜਤਾ ਵੀ ਪ੍ਰਦਾਨ ਕਰਦਾ ਹੈ।

'ਗੁਰਮਤਿ ਗਾਡੀ ਰਾਹ ਅਸਲ ਵਿਚ ਇਕ ਜੀਵਨ ਜਾਚ ਹੈ। ਇੱਥੇ ਸਤਿਸੰਗ ਦਾ ਮਹੱਤਵ ਹੈ, ਪੰਗਤ-ਲੰਗਰ ਦੀ ਵਡਿਆਈ ਹੈ ਤਾਂ ਜੋ ਹਉਮੈ ਦੂਰ ਹੋਵੇ, ਦਸਵੰਧ ਕੱਢਕੇ ਲੋਕ ਸੇਵਾ ਦਾ

ਉਪਦੇਸ਼ ਹੈ, ਗ੍ਰਿਹਸਤ ਤੇ ਕਿਰਤ ਉਤੇ ਬਲ ਹੈ।'[25]

'ਗੁਰਮਤਿ ਨੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਮਾਰਣ ਦਾ ਰਾਹ ਹੀ ਨਹੀਂ ਦਰਸਾਇਆ ਸਗੋਂ ਇਹਨਾਂ ਤੋਂ ਉੱਚੇ ਉਠਣ ਦੀ ਮੱਤ ਵੀ ਦਿੱਤੀ ਹੈ। ਗੁਰੂ ਦੀ ਕ੍ਰਿਪਾ ਨਾਲ ਮਨੁੱਖ ਇਨ੍ਹਾਂ ਦਾ ਉੱਦਾਤੀਕਰਨ ਕਰਦਾ ਹੈ ਅਤੇ ਕਾਮ ਸ੍ਵੈ-ਸੰਜਮ ਵਿਚ, ਕ੍ਰੋਧ-ਵੀਰਤਾ ਵਿਚ, ਲੋਭ-ਦਸਾਂ ਨਹੁੰਆਂ ਦੀ ਕਿਰਤ ਵਿਚ, ਮੋਹ-ਵਿਸ਼ਵ ਪ੍ਰੇਮ ਵਿਚ ਅਤੇ ਹੰਕਾਰ-ਸ੍ਵੈ-ਮਾਨ ਵਿਚ ਪਰਿਵਰਤਿਤ ਹੋ ਜਾਂਦਾ ਹੈ।'[26]

ਗੁਰਮਤਿ ਦਾ ਮਾਰਗ ਅਧਿਆਤਮਿਕ ਮਾਰਗ ਹੁੰਦੇ ਹੋਏ ਵੀ ਇਕ ਵਿਵਹਾਰਿਕ ਮਾਰਗ ਹੈ। ਇਹ ਕੇਵਲ ਸਿਧਾਂਤਾਂ 'ਤੇ ਹੀ ਕਾਇਮ ਨਹੀਂ ਹੈ ਸਗੋਂ ਇਹ ਤਾਂ ਅਸਲੀ ਜੀਵਨ-ਜਾਚ ਹੈ। ਇਹ ਉਹ ਧਰਮ ਵਿਧੀ ਹੈ ਜਿਸ ਵਿਚ ਸਭ ਮਨੁੱਖ ਇੱਕ ਹਨ ਅਤੇ ਆਪਣੇ ਪਰਾਏ ਦਾ ਕੋਈ ਭੇਦ-ਭਾਵ ਨਹੀਂ। ਮਨੁੱਖ ਨਿਮਰਤਾ, ਸੇਵਾ, ਪਰਉਪਕਾਰ, ਪ੍ਰੇਮ, ਅਤੇ ਭਗਤੀ ਦੇ ਸਹਾਰੇ ਬ੍ਰਹਮ ਨੂੰ ਪ੍ਰਾਪਤ ਹੋ ਜਾਂਦਾ ਹੈ। ਇਸ ਤਰ੍ਹਾਂ 'ਗੁਰਮਤਿ ਚਿੰਤਨ ਬੜਾ ਸਾਰਥਕ ਚਿੰਤਨ ਹੈ ਜਿਸਨੇ ਧਰਮ ਨੂੰ ਮਾਨਵ-ਜੀਵਨ ਦੇ ਵਿਹਾਰਕ ਪਹਿਲੂਆਂ ਨਾਲ ਜੋੜ ਕੇ ਇਕ ਉਸਾਰੂ ਭੂਮਿਕਾ ਪ੍ਰਦਾਨ ਕੀਤੀ ਅਤੇ ਇਸ ਤਰ੍ਹਾਂ ਪੁਰਾਤਨ ਤੇ ਸਮਕਾਲੀਨ ਧਾਰਮਿਕ ਦ੍ਰਿਸ਼ ਨੂੰ ਹੀ ਬਦਲ ਕੇ ਰੱਖ ਦਿੱਤਾ।'[27] ਧਰਮ ਨੂੰ ਮਨੁੱਖ ਦੇ ਸਮਾਜਿਕ ਪ੍ਰਸੰਗ ਨਾਲ ਜੋੜ ਕੇ ਵਿਚਾਰਿਆ ਅਤੇ ਉਸ ਦੇ ਜੀਵਨ ਵਿਚ ਇਕ ਵੱਡਾ ਪਰਿਵਰਤਨ ਲਿਆਂਦਾ। ਇਹ ਵਿਚਾਰਧਾਰਾ ਜਿੱਥੇ ਮਨੁੱਖ ਨੂੰ ਪਰਮਾਤਮਾ ਨਾਲ ਜੋੜਦੀ ਹੈ ਉੱਥੇ ਮਨੁੱਖ ਨੂੰ ਇਸ ਸੰਸਾਰ ਵਿਚ ਵਿਚਰਦਿਆਂ ਜੀਵਨ ਮੁਕਤ ਅਵਸਥਾ ਨੂੰ ਪ੍ਰਾਪਤ ਹੋਣ ਲਈ ਪ੍ਰੇਰਦੀ ਹੈ। ਇਸ ਪ੍ਰਕਾਰ 'ਗੁਰਮਤਿ ਚਿੰਤਨ ਦਾ ਮੂਲ ਉਦੇਸ਼ ਦੁਹਰੀ ਅਮਲੀ ਕਿਰਿਆ ਵਾਲਾ ਜਾਪਦਾ ਹੈ : ਪਹਿਲੀ, ਜੀਵ ਆਤਮਾ ਨੂੰ ਪਰਮ-ਆਤਮਾ ਨਾਲ ਮੇਲਣਾ ਜਿਸ ਦਾ ਸਾਧਨ ਪ੍ਰੇਮਾ ਭਗਤੀ (Loving devotion) ਦਸਿਆ ਗਿਆ ਹੈ। ਦੂਜੀ, ਮਨੁੱਖ ਨੂੰ ਮਨੁੱਖ ਨਾਲ ਜੋੜਨਾ, ਜਿਸ ਦਾ ਸਾਧਨ ਸਦਾਚਾਰ (Good conduct) ਦਰਸਾਇਆ ਗਿਆ ਹੈ।'[28]

ਗੁਰੂ ਨਾਨਕ ਦਾ ਮੱਤ 'ਭਉ' ਅਤੇ 'ਭਾਉ' ਦਾ ਮਤਿ ਹੈ। ਵਾਹਿਗੁਰੂ ਸਰਬ ਸ਼ਕਤੀਮਾਨ ਹੈ।

ਉਹ ਨੀਚ ਤੋਂ ਉਚ ਕਰ ਸਕਦਾ ਹੈ ਅਤੇ ਊਚ ਤੋਂ ਨੀਚ। .... ਗੁਰਮਤਿ ਵਿਚਾਰਧਾਰਾ ਸਾਨੂੰ ਪ੍ਰਭੂ ਭੈ ਦੀ ਸਿੱਖਿਆ ਦਿੰਦੀ ਹੈ। ਅਸਲ ਵਿਚ ਪ੍ਰਭੂ ਭੈ ਹੀ ਨੇਕ ਜੀਵਨ ਤੇ ਤੋਰਦਾ ਹੈ ਅਤੇ ਮਨੁੱਖੀ ਸੁਹਿਰਦਤਾ ਦਾ ਲਖਾਇਕ ਹੁੰਦਾ ਹੈ। ਇਸ ਤਰ੍ਹਾਂ ਪ੍ਰਭੂ ਪ੍ਰੇਮ ਹੀ ਉਸ ਅਕਾਲ ਪੁਰਖ ਨਾਲ ਸਾਨੂੰ ਜੋੜਦਾ ਹੈ। ਇਹ ਮਨੁੱਖ ਜੀਵਨ ਦੁਰਲੱਭ ਹੈ। ਇਸ ਵਿਚ ਵਿਚਰਦਿਆਂ ਪ੍ਰਭੂ ਦੀ ਪ੍ਰੀਤੀ ਹੀ ਜੀਵਨ ਲਕਸ਼ ਹੋਣਾ ਚਾਹੀਦਾ ਹੈ।[29] ਹੋਰ ਕਿਸੇ ਬਾਹਰੀ ਕਰਮ-ਕਾਂਡ ਦੀ ਮਾਨਤਾ ਨਹੀਂ ਕਰਨੀ ਚਾਹੀਦੀ। ਕੇਵਲ 'ਸ਼ਬਦ ਗੁਰੂ' ਦੇ ਲੜ ਲੱਗ ਕੇ ਜੀਵਨ ਸਫ਼ਲ ਕਰਨਾ ਚਾਹੀਦਾ ਹੈ।

ਗੁਰਮਤਿ ਵਿਚਾਰਧਾਰਾ ਦੇ ਵਿਕਾਸ ਵਿਚ ਵਿਵੇਕ ਚਿੰਤਨ ਦਾ ਠੋਸ ਯੋਗਦਾਨ ਹੈ। ਬਾਣੀਕਾਰਾਂ ਨੇ ਆਪਣੇ ਨਿੱਜੀ ਇਲਹਾਮੀ ਅਨੁਭਵ ਨੂੰ ਗਾਇਆ ਅਤੇ ਪਰਚਾਰਿਆ ਵੀ। ਉਨ੍ਹਾਂ ਦੀ ਇਹ ਬਾਣੀ ਅਦਵੈਤ ਦਾ ਇਕ ਭਾਗ ਹੋ ਨਿਬੜੀ ਕਿਉਂਕਿ ਇਸ ਵਿਚ ਸੰਸਾਰ ਅਤੇ ਤਾਤਵਿਕ ਤੱਤ ਨੂੰ ਇਕ ਨਿਰੰਤਰ ਅਤੇ ਗਤੀਸ਼ੀਲ ਸੱਚਾਈ ਵਿਚ ਪਰੋ ਕੇ ਇਕ ਇਕਾਈ ਮੰਨਿਆ ਗਿਆ ਹੈ। ਉਨ੍ਹਾਂ ਨੇ ਆਪਣੀ ਬਾਣੀ ਵਿਚ ਇਹ ਵੀ ਦੱਸਿਆ ਹੈ ਕਿ ਲੋਕ ਅਤੇ ਪਰਲੋਕ ਦੋਵੇਂ ਹੀ ਕਾਲ ਦੀ ਗਤੀਸ਼ੀਲਤਾ ਵਿਚਕਾਰ ਨਿਰੰਤਰ ਪਸਰਣ ਅਤੇ ਸਮੇਟਣ ਦੀ ਪ੍ਰੀਕਿਰਿਆ ਰਾਹੀਂ ਚਲ ਰਹੇ ਹਨ। ਅਜਿਹੇ ਸਿਧਾਂਤ ਰਾਹੀਂ ਉਨ੍ਹਾਂ ਆਪਣੀ ਬਾਣੀ ਵਿਚ ਇਤਿਹਾਸਕ ਸੱਚਾਈ ਨੂੰ ਮਨੁੱਖੀ ਕਰਮ ਨਾਲ ਜੋੜ ਕੇ ਇਤਿਹਾਸਕਤਾ ਨੂੰ ਸੱਚ ਵਜੋਂ ਪ੍ਰਵਾਨ ਕੀਤਾ। ਜਿਸ ਨਾਲ ਸੰਸਾਰ ਵਲੋਂ ਉਪਰਾਮਤਾ, ਪਲਾਇਨਵਾਦੀ ਅਤੇ ਨਫ਼ਰਤ ਵਾਲੀ ਜੀਵਨ ਦ੍ਰਿਸ਼ਟੀ ਹੌਲੀ-ਹੌਲੀ ਦੂਰ ਹੋ ਗਈ ਅਤੇ ਤਿਆਗਵਾਦੀ ਰੁੱਚੀਆਂ ਦੀ ਜਕੜ ਸਮਾਜ ਉੱਤੋਂ ਢਿੱਲੀ ਪੈ ਗਈ।

ਇਸ ਵਿਚਾਰਧਾਰਾ ਦਾ ਮੰਤਵ ਮਨੁੱਖੀ ਸ਼ਖ਼ਸੀਅਤ ਨੂੰ ਘੜਨਾ, ਪਰਮਾਤਮਾ ਦੇ ਸੰਕਲਪ ਰਾਹੀਂ ਉਸ ਦੀ ਸ਼ਖ਼ਸੀਅਤ ਦਾ ਵਿਕਾਸ ਕਰਨਾ, ਮਨੁੱਖੀ ਹੋਂਦ ਨੂੰ ਦੈਵੀ ਸੰਭਾਵਨਾ ਵਿਚ ਬਦਲਣਾ, ਮਨੁੱਖਤਾ ਪ੍ਰਤੀ ਦਿਆ ਭਰਿਆ ਦ੍ਰਿਸ਼ਟੀਕੋਣ ਰੱਖਣਾ, ਰਾਜਸੀ ਅਤੇ ਪੁਜਾਰੀ ਵਰਗ ਦੇ ਡਰ ਤੋਂ ਹਮੇਸ਼ਾ ਸੁਤੰਤਰ ਰੱਖਣਾ, ਨਿੱਤ ਚੜ੍ਹਦੀ ਕਲਾ ਅਤੇ ਆਸ਼ਾਵਾਦੀ ਉਮਾਹ ਅਤੇ ਹੁਲਾਸ ਨਾਲ ਭਰਪੂਰ ਜੀਵਨ ਸੰਘਰਸ਼ ਦੇ ਲਈ ਪ੍ਰੇਰਨਾ, ਸਮਾਜਿਕ ਵੰਗਾਰਾਂ ਨੂੰ ਕਬੂਲਣ ਲਈ

ਉਤਸ਼ਾਹਤ ਕਰਨਾ, ਫੋਕਟ ਰਸਮ-ਰਿਵਾਜਾਂ ਅਤੇ ਕਰਮ-ਕਾਂਡਾਂ ਤੋਂ ਉੱਪਰ ਚੁੱਕਣਾ, ਸ਼ਬਦ ਗੁਰੂ ਦੇ ਲੜ ਲਾਉਣਾ, ਜੀਵਨ ਦੀ ਖ਼ੁਸ਼ਹਾਲੀ ਲਈ ਉਤਸ਼ਾਹ ਵਾਲੀ ਜੀਵਨ ਸ਼ੈਲੀ ਨੂੰ ਧਾਰਨ ਕਰਨਾ, ਬਹਾਦਰੀ ਵਾਲੀ ਸਾਂਸਕ੍ਰਿਤਕ ਮਾਨਸਿਕਤਾ ਦਾ ਪਾਲਨ ਕਰਾਉਣਾ, ਆਤਮਿਕ ਸ਼ਕਤੀ ਅਤੇ ਦ੍ਰਿੜ ਇਰਾਦੇ ਦੀ ਪਾਲਣਾ ਕਰਨ ਲਈ ਉਪਦੇਸ਼ ਦੇਣਾ ਹੈ।

ਗੁਰਮਤਿ ਵਿਚਾਧਾਰਾ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਵੀ ਹੈ ਕਿ ਇਸ ਦੀ ਨੀਂਹ ਕਿਸੇ ਵਿਸ਼ੇਸ਼ ਦਾਰਸ਼ਨਿਕ ਮੱਤਵਾਦ ’ਤੇ ਸਥਾਪਿਤ ਨਹੀਂ ਹੈ। ਇਹ ਪ੍ਰਮੁੱਖ ਤੌਰ ’ਤੇ ‘ਸਤਿ’ ਉੱਪਰ ਆਧਾਰਿਤ ਹੈ। ਇਸ ਦੇ ਸਿਧਾਂਤ ਮੂਲ ਤੌਰ ’ਤੇ ਸਰਵਵਿਆਪੀ, ਸਰਵਜਨਕ ਅਤੇ ਸਰਵਉਪਯੋਗੀ ਹਨ। ਇਸ ਵਿਚ ਬਾਹਰੀ ਕਰਮ-ਕਾਂਡਾਂ ਅਤੇ ਰੂੜ੍ਹੀਗਤ ਧਾਰਨਾਵਾਂ ਨੂੰ ਕੋਈ ਮਾਨਤਾ ਪ੍ਰਾਪਤ ਨਹੀਂ ਹੈ। ਇਹ ਮਨੁੱਖ ਦੇ ਲਈ ਸ਼ੁੱਧ ਸਤਿ ਆਧਾਰਿਤ ਜੀਵਨ ਮਾਰਗ ਦਾ ਪ੍ਰਦਰਸ਼ਨ ਕਰਦਾ ਹੈ। ਇਸ ਵਿਚ ਚਰਿੱਤਰ ਅਤੇ ਆਤਮ ਵਿਸ਼ਵਾਸ ’ਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ। ਹੱਥੀਂ ਕਿਰਤ ਕਰਦਿਆਂ ਵੰਡ ਕੇ ਛੱਕਣਾ ਅਤੇ ਸੱਚੇ ਮਨ ਨਾਲ ਨਾਮ-ਸਿਮਰਨ ਕਰਨ ਦੀ ਸਿੱਖਿਆ ਦਿੱਤੀ ਗਈ ਹੈ। ਇਸ ਦੇ ਆਧਾਰ ’ਤੇ ਹੀ ਇਹ ਵਿਸ਼ਵ ਪ੍ਰੇਮ, ਕਲਿਆਣ ਅਤੇ ਸ਼ਾਂਤੀ ਦੀ ਮਹਾਨ ਕਲਪਨਾ ਕਰਦੀ ਹੈ। ਇਸ ਦਾ ਵਿਲੱਖਣ ਗੁਣ ਇਹ ਵੀ ਹੈ ਕਿ ਇਸ ਵਿਚ ਮਜ਼੍ਹਬੀ ਹਿੱਤਾਂ ਤੋਂ ਉੱਪਰ ਮਾਨਵੀ ਕਦਰਾਂ-ਕੀਮਤਾਂ ਨੂੰ ਤਰਜੀਹ ਦਿੱਤੀ ਗਈ ਹੈ।

**ਗੁਰਮਤਿ ਬੈਰਾਗ- ਜਾਣ ਪਛਾਣ :**

ਗੁਰਮਤਿ ਵਿਚਾਰਧਾਰਾ ਵਿਚ ਬੈਰਾਗ ਦਾ ਕ੍ਰਾਂਤੀਕਾਰੀ ਸੰਕਲਪ ਜੋ ਸਮਾਜਿਕ ਇਨਕਲਾਬ ਦੇ ਰੂਪ ਵਿਚ ਪੈਦਾ ਹੋਇਆ, ਉਹ ਪ੍ਰਾਪਤ ਯਥਾਰਥ ਤੋਂ ਉਪਰਾਮ ਅਤੇ ਸੰਘਰਸ਼ਸ਼ੀਲ ਹੋ ਕੇ ਇਕ ਨਵੇਂ ਸਮਾਜਿਕ ਪ੍ਰਬੰਧ ਨੂੰ ਸਥਾਪਤ ਕਰਨ ਦਾ ਨਾਂ ਹੈ। ਬੈਰਾਗ ਦੀ ਸਿਰਜਨਾਤਮਕ ਅਭਿਵਿਅਕਤੀ ਲਈ ਬੈਰਾਗ ਚੇਤਨਾ ਨੂੰ ਭਾਵਨਾ ਦੇ ਖੇਤਰ ਤੋਂ ਪਰ੍ਹੇ ਰੱਖ ਕੇ ਵਿਚਾਰ ਦੇ ਖੇਤਰ ਵਿਚ ਲਿਆਉਣਾ ਜ਼ਰੂਰੀ ਹੈ। ਇਸ ਦੇ ਨਾਲ ਹੀ ਬੈਰਾਗ ਨੂੰ ਚੇਤਨਾ ਦੀਆਂ ਗਹਿਰਾਈਆਂ ਵਿਚ ਉਭਾਰ ਕੇ, ਮਨੁੱਖੀ ਦਰਦ ਵਿਚ ਸਮੋ ਕੇ ਇਸ ਦੀ ਤੀਬਰ ਤਾਂਘ ਨੂੰ ਰਚਨਾਤਮਕ ਗੌਰਵ ਪ੍ਰਦਾਨ

ਕਰਨ ਦੇ ਨਾਲ-ਨਾਲ ਇਸ ਨੂੰ ਯਥਾਰਥ ਦਾ ਤਾਰਕਿਕ ਬੋਧ ਪ੍ਰਾਪਤ ਕਰਨ ਦੇ ਸਮਰਥ ਬਣਾਉਣਾ ਹੈ ਕਿਉਂਕਿ ਸਕਾਰਾਤਮਕ ਬੈਰਾਗ ਭਾਵਨਾ ਹੀ ਪ੍ਰਾਪਤ ਯਥਾਰਥ ਦੇ ਮਾਰਗ ਦਰਸ਼ਨ ਦਾ ਕੋਈ ਤਰਕ-ਆਧਾਰ ਰਾਹ ਤਲਾਸ਼ ਕਰ ਸਕਦੀ ਹੈ। ਸਿਰਜਨਾਤਮਕ ਬੈਰਾਗ ਦੀ ਅਭਿਵਿਅਕਤੀ ਉਦੋਂ ਸੰਭਵ ਹੁੰਦੀ ਹੈ ਜਦੋਂ ਸਾਧਕ ਜਾਂ ਜਗਿਆਸੂ ਪ੍ਰਭੂ ਮਿਲਾਪ ਦੀ ਤੀਬਰ ਤਾਂਘ ਦੀ ਉਤਪਤੀ ਤੋਂ ਪਿੱਛੋਂ ਆਪਣੀਆਂ ਭਾਵਨਾਵਾਂ ਨੂੰ ਕਾਬੂ ਵਿਚ ਰੱਖ ਕੇ ਬੈਰਾਗ ਨੂੰ ਪਰਪੱਕ ਵਿਚਾਰਧਾਰਕ ਆਧਾਰ ਬਣਾਏ ਜੋ ਕਿ ਸਮੁੱਚੇ ਸਮਾਜ ਨੂੰ ਸਾਰਥਕ ਦਿਸ਼ਾ-ਨਿਰਦੇਸ਼ ਪ੍ਰਦਾਨ ਕਰ ਸਕੇ। ਗੁਰਮਤਿ ਦਾ ਵੈਰਾਗ ਸਮਾਜਿਕ ਜੀਵਨ ਨਾਲੋਂ ਟੁਟਿਆ ਹੋਇਆ ਨੀਰਸ ਇਕਾਂਤ ਦਾ ਧਾਰਨੀ ਨਹੀਂ ਸਗੋਂ ਜਿਉਂਦਾ ਜਾਗਦਾ ਸ਼ਬਦ-ਮੂਲਕ ਵੈਰਾਗ ਹੈ। ਇਸ ਨੇ ਉਚਾਟ ਬਿਰਤੀ ਵਾਲੇ ਵੈਰਾਗ ਨੂੰ ਪੂਰਨ ਤੌਰ ’ਤੇ ਨਕਾਰਿਆ ਹੈ।

ਗੁਰਮਤਿ ਵਿਚਾਰਧਾਰਾ ਦੇ ਅਨੁਸਾਰ ਬੈਰਾਗ ਸੰਸਾਰਿਕਤਾ ਜਾਂ ਮਾਇਆ ਦੇ ਪਰਿਵਾਰ ਨਾਲੋਂ ਨਾਤਾ ਤੋੜਨਾ ਹੈ, ਸੰਸਾਰ ਨਾਲੋਂ ਨਹੀਂ। ਇਸ ਦੇ ਅਨੁਸਾਰ ਮਨੁੱਖੀ ਮਨੋਬਿਰਤੀਆਂ ਨੂੰ ਵਿਸ਼ੇ-ਵਿਕਾਰਾਂ ਤੇ ਨੀਵੀਆਂ ਕਾਮਨਾਵਾਂ ਵਲੋਂ ਰੋਕ ਕੇ ਕਿਸੇ ਉੱਚੇ ਆਦਰਸ਼ ਵਲ ਲਾਉਣਾ, ਪਰਉਪਕਾਰ ਅਤੇ ਸੇਵਾ ਲਈ ਆਪਣੇ ਆਪ ਨੂੰ ਮਿਟਾ ਦੇਣਾ ਹੀ ਸੱਚਾ ਵੈਰਾਗ ਦੱਸਿਆ ਹੈ। ਅਸਲ ਵਿਚ ਜਦੋਂ ਤਕ ਮਨ ਦੀਆਂ ਬਿਰਤੀਆਂ ਨੂੰ ਰੋਕ ਕੇ ਪੂਰੇ ਜ਼ੋਰ ਨਾਲ ਇਕ ਪਾਸੇ ਨਹੀਂ ਲਾਇਆ ਜਾਂਦਾ ਉਦੋਂ ਤੱਕ ਕਿਸੇ ਵੱਡੇ ਕੰਮ ਵਿਚ ਸਫ਼ਲਤਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਉਸ ਦੇ ਸਾਧਨ ਸੋਚਣ ਲਈ ਜਿੱਥੇ ਮਨੋਬ੍ਰਿਤੀਆਂ ਨੂੰ ਇਕ ਪਾਸੇ ਲਾਉਣਾ ਜ਼ਰੂਰੀ ਹੈ, ਉੱਥੇ ਨਾਲ ਹੀ ਸੰਜਮੀ, ਏਕਾਂਤੀ, ਸੇਵਭਾਵੀ ਅਤੇ ਵੈਰਾਗੀ ਜੀਵਨ ਵੀ ਧਾਰਨ ਕਰਨਾ ਬਹੁਤ ਜ਼ਰੂਰੀ ਹੈ। ਕਿਹਾ ਜਾਂਦਾ ਹੈ ਕਿ ਜਿਸ ਤਰ੍ਹਾਂ ਕਿਸੇ ਨਦੀ ਵਿਚ ਹੜ੍ਹ ਆਉਣ ਦੇ ਨਾਲ ਉਸ ਦੇ ਕੰਢਿਆਂ ਦੀ ਮੈਲ ਅਤੇ ਗੰਦਗੀ ਸਾਫ਼ ਹੋ ਜਾਂਦੀ ਹੈ, ਉਸੇ ਤਰ੍ਹਾਂ ਹੀ ਵੈਰਾਗ ਦੀ ਨਿਰਮਲ-ਧਾਰਾ ਚੱਲਣ ਨਾਲ ਮਨੁੱਖੀ ਮਨ ਵੀ ਪਵਿੱਤਰ ਹੋ ਜਾਂਦਾ ਹੈ।

ਗੁਰਮਤਿ ਵਿਚਾਰਧਾਰਾ ਅਨੁਸਾਰ ਪਰਮਸੱਤਾ ਦੀ ਹੋਂਦ ਪ੍ਰਗਟਾਉਣ ਲਈ ਬੈਰਾਗ ਦਾ

ਮਾਰਗ ਧਾਰਨ ਕਰਨਾ ਜ਼ਰੂਰੀ ਹੈ। ਇਸ ਮਾਰਗ ’ਤੇ ਤੁਰਨ ਲਈ ਸਦਾ ਪ੍ਰੇਮ, ਅਡਿਗ ਸ਼ਰਧਾ, ਨਾਮ ਸਿਮਰਨ, ਸੇਵਾ, ਕੀਰਤਨ ਅਤੇ ਸਤਿ ਵਿਵਹਾਰ ਸਹਾਈ ਹੁੰਦੇ ਹਨ। ਗੁਰਮਤਿ ਦਰਸ਼ਨ ਵਿਚਾਰ ਤੇ ਵਿਹਾਰ ਦੇ ਅੰਤਰ ਸੰਬੰਧਾਂ ’ਤੇ ਅਧਾਰਿਤ ਹੈ। ਇਸ ਨੇ ਮਨੁੱਖ ਦੇ ਨਵੇਂ ਸਰੂਪ ਨੂੰ ਜਨਮ ਦੇ ਕੇ ਸਭਿਆਚਾਰਕ, ਸਮਾਜਿਕ ਅਤੇ ਰਾਜਨੀਤਕ ਪੱਧਰ ’ਤੇ ਕ੍ਰਾਂਤੀ ਲਿਆਂਦੀ। ਇਸ ਦੇ ਅਨੁਸਾਰ ਬੈਰਾਗੀ ਮਨੁੱਖ ਆਪਣੇ ਮਨ ਅੰਦਰ ਹੀ ਅਸਲ ਮਨ ਨੂੰ ਲੱਭ ਲੈਂਦੇ ਹਨ, ਭਾਵ ਆਪਣੇ ਅਸਲੇ ਦੀ ਪਛਾਣ ਆਪਣੇ ਅੰਦਰੋਂ ਹੀ ਕਰ ਲੈਂਦੇ ਹਨ। ਮਨ ਨੂੰ ਕਿਸੇ ਹੋਰ ਅਗਲੀ ਖੋਜ ਦੀ ਇੱਛਾ ਨਹੀਂ ਰਹਿੰਦੀ, ਆਪਣੇ ਆਪ ਵਿਚ ਮਗਨ ਤੇ ਸੰਪੂਰਨ ਹੋ ਜਾਂਦਾ ਹੈ।

ਗੁਰਮਤਿ ਬੈਰਾਗ ਤਨ, ਧਨ, ਪ੍ਰਭਤਾ ਅਤੇ ਸਾਕ-ਸੰਬੰਧੀਆਂ ਦੇ ਤਿਆਗ ਦੀ ਇੱਛਾ ਨਹੀਂ ਕਰਦਾ ਬਲਕਿ ਇਨ੍ਹਾਂ ਦੇ ਰਸਾਂ ਦੀ ਮਸਤੀ ਨੂੰ ਤਿਆਗਣ, ਇਨ੍ਹਾਂ ਦੀ ਪ੍ਰਾਪਤੀ ਦੇ ਲਈ ਗ਼ਲਤ ਰਸਤੇ ਛੱਡ ਦਿੱਤੇ ਜਾਣ ਅਤੇ ਇਨ੍ਹਾਂ ਦੇ ਭੋਗ ਨੂੰ ਨਾ ਕੇਵਲ ਜੀਵਨ ਦਾ ਉਦੇਸ਼ ਮੰਨ ਲਿਆ ਜਾਵੇ,  ਦੀ ਗੱਲ ਕਰਦਾ ਹੈ ਪਰੰਤੂ ਨਾਲ ਹੀ ਇਹ ਅਸਲੀਅਤ ਮਨ ਵਿਚ ਧਾਰ ਲਈ ਜਾਵੇ ਕਿ ਇਸ ਜੀਵਨ ਦਾ ਕੋਈ ਭਰੋਸਾ ਨਹੀਂ, ਕਦੋਂ ਮੁੱਕ ਜਾਵੇ, ਦਾ ਅਨੁਭਵੀ ਗਿਆਨ ਪ੍ਰਾਪਤ ਕਰਨਾ ਵੀ ਗੁਰਮਤਿ ਬੈਰਾਗ ਹੈ। ਗੁਰੂ ਸਾਹਿਬਾਨ ਨੇ ਮਨ, ਬਚਨ ਅਤੇ ਕਰਮ ਤਿੰਨਾਂ ਦੇ ਸੁਮੇਲ ਨੂੰ ਮਨੁੱਖੀ ਜੀਵਨ ਦੀ ਸਫ਼ਲਤਾ ਦਾ ਮੂਲ ਤਸੱਵਰ ਕੀਤਾ ਹੈ। ਇਸ ਲਈ ਉਨ੍ਹਾਂ ਨੇ ਸੰਸਾਰ ਤੋਂ ਭੱਜਣ ਦੀ ਥਾਂ ਗ੍ਰਿਹਸਥ ਦੀ ਪਾਲਣਾ ਕਰਦੇ ਹੋਏ ਅਮਲੀ ਜੀਵਨ ਨੂੰ ਬਤੀਤ ਕਰਨ ਦੀਆਂ ਜੁਗਤਾਂ ਦੱਸੀਆਂ ਹਨ।

ਸੋ ਗੁਰਮਤਿ ਬੈਰਾਗ ਕੇਵਲ ਸਿਧਾਂਤਕ ਬੈਰਾਗ ਹੀ ਨਹੀਂ ਸਗੋਂ ਇਹ ਕਰਨੀ, ਅਨੁਭਵ, ਤਜ਼ਰਬੇ ਅਤੇ ਵਿਵੇਕ ’ਤੇ ਆਧਾਰਿਤ ਹੈ। ਇਸ ਬੈਰਾਗ ਦੇ ਵਿਸ਼ੇਸ਼ ਚਿੰਨ੍ਹ ਪ੍ਰਭੂ ਪ੍ਰੇਮ-ਭਗਤੀ, ਆਤਮ-ਸਮਰਪਣ, ਸਹਿਜ, ਭਾਣਾ, ਕੀਰਤਨ ਅਤੇ ਨਾਮ-ਸਿਮਰਨ ਆਦਿ ਹਨ। ਗੁਰੂ ਬਾਣੀਕਾਰਾਂ ਦੀ ਬੈਰਾਗ ਅਨੁਭੂਤੀ, ਸੂਫ਼ੀ ਦਰਸ਼ਨ ਦੇ ਬਿਰਹਾ ਤੜਪਨ ਅਤੇ ਜੋਗ ਮਾਰਗ ਦੇ ਸ਼ੂਨਵਾਦ ਤੋਂ ਬਿਲਕੁਲ ਭਿੰਨ ਹੈ। ਗੁਰੂਆਂ ਦੀ ਬੈਰਾਗਮਈ ਅਨੁਭੂਤੀ ਜੀਵ, ਜਗਤ, ਬ੍ਰਹਮ,

ਨਾਮ, ਗੁਰੂ, ਮਨ ਅਤੇ ਧਰਮ, ਸਮਾਜ, ਸਦਾਚਾਰ ਆਦਿ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਇਨ੍ਹਾਂ ਨੇ ਬੈਰਾਗਮਈ ਭਾਵਾਂ ਨੂੰ ਸੁਗਮ ਅਤੇ ਸਪਸ਼ਟ ਬੋਲੀ ਵਿਚ ਅਭਿਵਿਅਕਤ ਕੀਤਾ ਹੈ। ਇਸ ਅਨੁਸਾਰ ਬੈਰਾਗ ਇਕ ਜੀਵਨ ਦ੍ਰਿਸ਼ਟੀ ਅਤੇ ਮਾਨਸਿਕ ਅਵਸਥਾ ਹੈ। ਇਸ ਅਵਸਥਾ ਵਿਚ ਪਹੁੰਚ ਕੇ ਮਨੁੱਖ ਦੁੱਖ-ਸੁੱਖ ਨੂੰ ਸਮਾਨ ਮੰਨਦਾ ਹੈ। ਸਿਧਾਂਤਕ ਪੱਖ ਤੋਂ ਗੁਰਮਤਿ ਵੈਰਾਗ  ਇਕ ਸਮਝਿਆ-ਬੁੱਝਿਆ ਹੋਇਆ ਜ਼ਿੰਦਗੀ ਦਾ ਵਿਵਹਾਰ ਹੈ। ਇਹ ਕੋਈ ਛਿੰਨ-ਭੰਗਰੀ ਉਲਾਰ ਨਹੀਂ। ਇਹ ਜੀਵਨ ਦੇ ਉਚੇਰੇ  ਮੰਤਵ (ਜੀਵਨ ਮੁਕਤ) ਦੀ ਪ੍ਰਾਪਤੀ ਦਾ ਸਾਧਨ ਹੈ। ਇਸ ਦੇ ਪ੍ਰਮੁੱਖ ਬੁਨਿਆਦੀ ਤੱਤ ਸੰਸਾਰ ਤੋਂ ਨਿਰਲੇਪਤਾ, ਪ੍ਰੇਮ ਭਗਤੀ, ਆਸਾ ਵਿਚ ਨਿਰਾਸਾ, ਗ੍ਰਹਿਸਥ ਵਿਚ ਉਦਾਸ ਰਹਿਣਾ, ਇਕ ਸਰਬਵਿਆਪੀ ਤੇ ਹਰ ਜੀਵ ਵਿਚ ਸਮਾਏ ਪ੍ਰਭੂ ਦਾ ਪ੍ਰੇਮ ਅਤੇ ਮਨੁੱਖਤਾ ਦੀ ਕਲਿਆਣ ਲਈ ਤਨ, ਮਨ, ਧਨ ਦੀ ਕੁਰਬਾਨੀ ਅਤੇ *'ਗੁਰਮੁਖ'* ਪਦ ਦੀ ਪ੍ਰਾਪਤੀ ਕਰਨਾ ਆਦਿ ਹਨ।

ਗੁਰਮਤਿ ਵਿਚਾਰਧਾਰਾ ਵਿਚ ਬੈਰਾਗ ਦੀ ਗ਼ੌਰਵਤਾ ਅਤੇ ਵਿਲੱਖਣਤਾ ਸੰਸਾਰ ਦੇ ਸਾਰੇ ਧਰਮਾਂ ਨਾਲੋਂ ਉੱਤਮ ਹੈ। ਜਿਸ ਦੀ ਸੋਝੀ ਜਗਿਆਸੂ ਨੂੰ ਆਪਣੇ ਆਪ ਨਹੀਂ ਆਉਂਦੀ ਸਗੋਂ ਗੁਰੂ ਦਾ ਸ਼ਬਦ ਕਰਾਉਂਦਾ ਹੈ। ਗੁਰਮਤਿ ਬੈਰਾਗ ਦੇ ਉਦਭਵ ਨਾਲ ਜਗਿਆਸੂ ਜਾਂ ਸਾਧਕ ਦੇ ਹਿਰਦੇ ਵਿਚ ਪ੍ਰਭ ਦਰਸ਼ਨਾਂ ਦੀ ਤੀਬਰ ਤਾਂਘ ਪੈਦਾ ਹੁੰਦੀ ਹੈ ਅਤੇ ਮਨ ਵਿਚ ਖੇੜਾ ਤੇ ਵਿਸਮਾਦ ਉਗਮਦਾ ਹੈ ਅਤੇ ਉਸਨੂੰ ਆਪਣੀ ਅਦੁੱਤੀ ਹੋਂਦ ਦਾ ਅਨੁਭਵ ਹੁੰਦਾ ਹੈ। ਉਸ ਅੰਦਰ ਸਤਿ-ਅਸਤਿ ਦੀ ਸੂਝ ਪੈਦਾ ਹੋ ਜਾਂਦੀ ਹੈ। ਇਸ ਬੁੱਧ ਵਿਵੇਕ ਨਾਲ ਉਹ ਪਰਮਾਤਮਾ ਦੀ ਭਗਤੀ ਕਰਦਾ ਹੈ ਅਤੇ ਜੀਵਨ ਵਰਤਾਰੇ ਵਿਚ ਆਪਣਾ ਬੈਰਾਗੀ ਸੁਭਾਅ ਕਾਇਮ ਰੱਖਦਾ ਹੈ।

ਗੁਰਮਤਿ ਵਿਚ ਬੈਰਾਗ ਦੀ ਵਿਲੱਖਣਤਾ ਇਕ ਸਾਖੀ ਤੋਂ ਸਪਸ਼ਟ ਹੋ ਜਾਂਦੀ ਹੈ। ਜਿਸ ਵਿਚ ਗੁਰੂ ਤੋਂ ਵਿਛੋੜਾ ਅਤੇ ਮਿਲਾਪ ਦੀ ਅਵਸਥਾ ਦੋਨਾਂ ਵਿਚ ਬੈਰਾਗ ਦੀ ਉਪਸਥਿਤੀ ਹੈ। ਜਦੋਂ ਰਾਇ ਬੁਲਾਰ ਖਾਨ ਜੀ ਗੁਰੂ ਨਾਨਕ ਸਾਹਿਬ ਨੂੰ ਯਾਦ ਕਰਦੇ ਹਨ ਤਾਂ ਵੀ ਬੈਰਾਗੀ ਹੁੰਦੇ ਹਨ ਅਤੇ ਜਦੋਂ ਮਿਲਾਪ ਹੁੰਦਾ ਹੈ ਤਾਂ ਵੀ ਹੰਝੂਆਂ ਰਾਹੀਂ ਉਨ੍ਹਾਂ ਦਾ ਪ੍ਰੇਮ ਰੂਪੀ ਬੈਰਾਗ ਛਲਕ ਪੈਂਦਾ ਹੈ।

ਅਸਲ ਵਿਚ ਉਨ੍ਹਾਂ ਦਾ ਪ੍ਰੇਮ ਹੀ ਬੈਰਾਗ ਹੈ ਅਤੇ ਇਸ ਵਿਚ ਖੇੜਾ, ਵਿਗਾਸ ਸ਼ਾਮਲ ਹੈ, ਉਦਾਸੀਨਤਾ ਜਾਂ ਢਹਿੰਦੀ ਕਲਾ ਨਹੀਂ। ਸਾਖੀ ਦੇ ਸ਼ਬਦ ਇੰਞ ਹਨ :

'ਤਾਂ ਫਿਰ ਲਾਲੂ ਕਹਿਆ ਭਾਈ ਕਾਲੂ ਏਹੁ ਨਾਨਕ ਅਸਾਥੋ ਰਹਿਆ। ਪਰ ਇਕ ਵਾਰੀ ਇਸ ਤਾਂਈ ਰਾਇ ਥੇ ਲੈ ਚਲੁ। ਤੇਰਾ ਭੀ ਅਰਮਾਨ ਨ ਰਹੇ। ਭਲਾ ਪੁਤ ਨਾਨਕ ਤੂੰ ਰਾਇ ਪਾਸ ਚਲ। ਲੈ ਚਲੇ। ਰਾਇ ਪਾਸ ਆਇ। ਅਗੇ ਰਾਇ ਮੰਜੇ ਉਤੇ ਬੈਠਾ ਆਹਾ। ਪਰ ਦੇਹੀ ਵਡੀ ਆਹੀ। ਜਿਉ ਰਾਇ ਨਾਨਕ ਨੂ ਡਿਠਾ ਤਾਂ ਉਠਣ ਲਗਾ ਤਾਂ ਨਾਨਕ ਜਾਂਦੇ ਹੀ ਮੰਜੇ ਉਤੇ ਥੰਮਿਆ। ਅਤੇ ਰਾਇ ਦੇ ਪੈਰਾਂ ਉਤੇ ਹੱਥ ਰਖੇ। ਤਾਂ ਰਾਇ ਆਖਿਆ ਤਪਾ ਵਡਾ ਜੁਲਮ ਕੀਤੋ ਮੈ ਤੇਰੇ ਪੈਰ ਪੂਜਣ ਦੇ ਵਾਸਦੇ ਸਦਾਇਆ ਸੀ। ਤੈ ਮੈਨੂ ਮਾਰਿਆ। ਤਾਂ ਗੁਰੂ ਨਾਨਕ ਕਹਿਆ ਰਾਇ ਜੀ ਤੁਸੀ ਵਡੇ ਹੋ। ਅਤੇ ਅਸੀ ਤੁਹਾਡੇ ਨਫਰ ਹਾਂ। ਫੇਰ ਰਾਇ ਕਹਿਆ ਤਪਾ ਤੂੰ ਮੈਨੂ ਬਖਸ। ਅਤੇ ਕਰਤਾਰ ਪਾਸੋਂ ਭੀ ਬਖਸਾਇ। ਤਾਂ ਗੁਰੂ ਨਾਨਕ ਕਹਿਆ ਰਾਇ ਜੀ ਤੁਸੀ ਧੁਰ ਦੇ ਬਖਸੇ ਹੋ। ਤਾਂ ਰਾਇ ਬੋਲਿਆ ਤਪਾ ਤੂੰ ਮੈਨੂੰ ਆਪਣੇ ਵਲੋਂ ਵੀ ਮਿਹਰਬਾਨਗੀ ਕਰੁ। ਤਾਂ ਗੁਰੂ ਨਾਨਕ ਕਹਿਆ ਰਾਇ ਜੀ ਤੁਸੀ ਧੁਰ ਦੇ ਬਖਸੇ ਹੋ। ਤਾਂ ਫੇਰਿ ਰਾਇ ਬੋਲਿਆ ਤਪਾ ਤੂੰ ਮਿਹਰ ਕਰੁ। ਤਾਂ ਗੁਰੂ ਨਾਨਕ ਕਹਿਆ ਰਾਇ ਜੀ ਜਿਥੇ ਤੁਸੀ ਉਥੇ ਅਸੀ। ਰਾਇ ਕਹਿਆ ਤਪਾ ਮੇਰੀ ਪੂਰੀ ਤਾਂ ਪਵੇ ਜੇ ਤੂੰ ਮੇਰੇ ਸਿਰ ਤੇ ਆਪਣੇ ਪੈਰ ਰਖੇ। ਤਾ ਗੁਰੂ ਨਾਨਕ ਜੀ ਉਤੇ ਚੜ੍ਹ ਬੈਠਾ। ਤਾਂ ਰਾਇ ਪੈਰਾਂ ਉਤੇ ਸਿਰ ਰਖਿਆ। ਅਤੇ ਬਹੁਤ ਖੁਸੀ ਹੋਇਆ।[30]

ਗੁਰਬਾਣੀ ਵਿਚ ਫੁਰਮਾਨ ਹੈ :

**ਹਰਖ ਅਨੰਤ ਸੋਗ ਨਹੀ ਬੀਆ॥**

**ਸੋ ਘਰੁ ਗੁਰਿ ਨਾਨਕ ਕਉ ਦੀਆ॥**[31]

**ਨਾਨਕ ਭਗਤਾ ਸਦਾ ਵਿਗਾਸੁ॥**[32]

ਇਸ ਪ੍ਰਕਾਰ ਗੁਰਮਤਿ ਵਿਚਾਰਧਾਰਾ ਵਿਚ ਪ੍ਰੇਮਮਈ ਵਿਸਮਾਦੀ ਬੈਰਾਗਭਾਵ ਸਮਾਏ ਹੋਏ ਹਨ ਜੋ ਮਨੁੱਖੀ ਮਨ ਨੂੰ ਅਗੰਮੀ ਖੇੜਾ ਬਖ਼ਸ਼ਦੇ ਹਨ।

ਗੁਰਮਤਿ ਬੈਰਾਗ ਅੰਤਰ ਦੀ ਸਾਧਨਾ ਹੈ। ਇਸ ਨੂੰ ਅਨੁਭੂਤੀ ਦੁਆਰਾ ਜਾਣਿਆ ਜਾ ਸਕਦਾ ਹੈ ਕਿਉਂਕਿ ਇਹ ਅਭਿਵਿਅਕਤੀ ਦਾ ਵਿਸ਼ਾ ਨਹੀਂ। ਇਸ ਦਾ ਕਰਮ, ਮਨ ਅਤੇ ਬੁੱਧੀ ਨੂੰ ਵਾਸ਼ਨਾਤਮਕ ਸੰਸਕਾਰਾਂ ਦੀ ਮੈਲ ਤੋਂ ਮੁਕਤ ਕਰਨਾ ਹੈ। ਅਜਿਹੀ ਸਥਿਤੀ ਵਿਚ ਜਦ ਮਨੁੱਖ ਦੇ ਅੰਦਰ ਪ੍ਰਭੂ ਦਾ ਡਰ ਪੈਦਾ ਹੁੰਦਾ ਹੈ, ਤਦ ਉਸ ਅੰਦਰ ਵੈਰਾਗ ਪੈਦਾ ਹੁੰਦਾ ਹੈ ਅਤੇ ਫਿਰ ਉਹ ਪ੍ਰਭੂ ਦੀ ਭਗਤੀ ਵਿਚ ਲੱਗਦਾ ਹੈ।[33] ਫ਼ਿਰ ਉਹ ਪਰਮਾਤਮਾ ਨਾਲ ਅਭੇਦ ਹੋ ਜਾਂਦਾ ਹੈ। ਉਸ ਵਿਚ ਮੈਂ, ਤੂੰ ਵਾਲੀ ਚਿੰਤਾ ਖ਼ਤਮ ਹੋ ਜਾਂਦੀ ਹੈ। ਉਹ ਕਣ-ਕਣ ਵਿਚ ਸੱਚੇ ਪ੍ਰਭੂ ਦੇ ਦਰਸ਼ਨ ਕਰਦਾ ਹੈ।

ਗੁਰਮਤਿ ਬੈਰਾਗ ਬਾਰੇ ਵਿਚਾਰ ਪ੍ਰਗਟਾਉਂਦਿਆਂ ਡਾ. ਗੁਲਜ਼ਾਰ ਸਿੰਘ ਕੰਗ ਭਾਈ ਨੰਦ ਲਾਲ ਦੇ ਹਵਾਲੇ ਨਾਲ ਲਿਖਦੇ ਹਨ ਕਿ, 'ਵਸਲ ਦਾ ਬੀਜ ਅਤੇ ਸੁਆਦ ਅਸਲ ਵਿਚ ਬਿਰਹਾ ਦੀ ਪ੍ਰੇਮ-ਪੀੜਾ ਵਿਚ ਲੁਕਿਆ ਹੁੰਦਾ ਹੈ। ਜਿਵੇਂ ਮੀਂਹ ਦੀ ਹਸਤੀ ਗਰਮੀ ਹੁੱਮਸ ਤੇ ਕਾਲੀ-ਬੋਲੀ ਹਨ੍ਹੇਰੀ ਵਿਚ ਪਲਦੀ ਹੈ, ਇਸੇ ਤਰ੍ਹਾਂ ਮਿਲਾਪ ਦਾ ਬੀਜ ਜੁਦਾਈ ਵਿਚ ਨਿੰਮਦਾ, ਜੰਮਦਾ ਅਤੇ ਪਲ਼ਦਾ ਹੈ। ਜੁਦਾਈ ਵਿੱਚੋਂ ਬੈਰਾਗ ਉਤਪੰਨ ਹੁੰਦਾ ਹੈ ਅਤੇ ਬੈਰਾਗ ਵਿੱਚੋਂ ਮਿਲਾਪ।'[34] ਇਸ ਤਰ੍ਹਾਂ ਗੁਰਮਤਿ ਵਿਚ ਤਿੰਨ ਸੰਕਲਪਾਂ-ਸਤਿਨਾਮੁ, ਸਤਿਗੁਰੂ ਅਤੇ ਸਤਿਸੰਗ ਨੂੰ ਵਿਸ਼ੇਸ਼ ਮਹੱਤਵ ਦਿਤਾ ਗਿਆ ਹੈ। ਨਿਸ਼ਕਾਮ ਭਾਵ ਨਾਲ ਕਰਮ ਕਰਨਾ ਇਸ ਦੀ ਵਿਸ਼ੇਸ਼ਤਾ ਮੰਨੀ ਗਈ ਹੈ। ਗੁਰੂ-ਪ੍ਰਾਪਤੀ ਦੁਆਰਾ ਲੋਕ ਅਤੇ ਪਰਲੋਕ ਦੋਨਾਂ ਦੇ ਸੁਧਾਰਨ ਦੀ ਗੱਲ ਕਹੀ ਗਈ ਹੈ। ਇਸ ਤੋਂ ਇਲਾਵਾ ਗੁਰੂਆਂ ਨੇ ਜਿੱਥੇ ਬਾਹਰੀ ਚਿੰਨ੍ਹਾਂ ਅਤੇ ਕਰਮ-ਕਾਂਡਾਂ ਨੂੰ ਰੋਕਿਆ ਹੈ, ਉੱਥੇ ਉਨ੍ਹਾਂ ਦੇ ਮੂਲ ਰੂਪ ਦੇ ਦਿਗਦਰਸ਼ਨ ਕਰਾਉਂਦੇ ਹੋਏ ਉਨ੍ਹਾਂ ਦੀ ਥਾਂ ਗੁਣਾਂ ਦੀ ਸਥਾਪਨਾ ਵੀ ਗੁਰਬਾਣੀ ਵਿਚ ਪਾਈ ਜਾਂਦੀ ਹੈ।'[35] ਗੁਰਮਤਿ ਵਿਚਾਰਧਾਰਾ ਨੇ ਸੰਸਾਰਿਕ ਜੀਵਨ ਅਤੇ ਅਧਿਆਤਮਿਕ ਸਾਧਨਾ ਸਹਿਹੋਂਦ ਦੀ ਸੋਝੀ ਕਰਾਉਣ ਵਿਚ ਪਹਿਲ ਕੀਤੀ। ਵਿਅਕਤੀਗਤ ਅਤੇ ਸਮਾਜਿਕ ਜੀਵਨ ਅਤੇ ਵਿਵਹਾਰ ਸੰਬੰਧੀ ਹੋਰ ਅਨੇਕ ਤੱਤ ਹਨ ਜਿਨ੍ਹਾਂ ਬਾਰੇ ਇਨਕਲਾਬੀ ਅਹਿਸਾਸ ਪੈਦਾ ਕੀਤਾ।

**ਭਗਤ ਬਾਣੀਕਾਰਾਂ ਦਾ ਬੈਰਾਗ :**

ਗੁਰਮਤਿ ਵਿਚਾਰਧਾਰਾ ਦਾ ਮੂਲ ਸਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਸ ਲਈ ਗੁਰਮਤਿ

ਵਿਚਾਰਧਾਰਾ ਵਿਚੋਂ ਉਤਪੰਨ ਹੋਏ ਬੈਰਾਗ ਦੇ ਸੰਕਲਪ ਨੂੰ ਸਮਝਣ ਲਈ ਅਸੀਂ ਪੂਰਬ ਨਾਨਕ ਕਾਲ ਦੇ ਪ੍ਰਮੁੱਖ ਭਗਤ ਬਾਣੀਕਾਰਾਂ ਦੇ ਬੈਰਾਗ ਅਤੇ ਗੁਰੂ ਸਾਹਿਬਾਨ ਦੇ ਬੈਰਾਗ ਆਧਾਰਿਤ ਵਿਸ਼ਲੇਸ਼ਣਾਤਮਿਕ ਅਧਿਐਨ ਕਰਨ ਦਾ ਯਤਨ ਕਰਦੇ ਹਾਂ। ਪੂਰਵ ਨਾਨਕ ਕਾਲ ਦੇ ਭਗਤਾਂ ਵਿਚੋਂ ਕੇਵਲ ਚਾਰ ਮਹਾਂਪੁਰਸ਼ਾਂ (ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ ਅਤੇ ਸੇਖ ਫਰੀਦ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ) ਦੀ ਬਾਣੀ ਨੂੰ ਖੋਜ-ਕਾਰਜ ਸੰਬੰਧੀ ਵਿਚਾਰ ਅਧੀਨ ਲਿਆਂਦਾ ਗਿਆ ਹੈ।

**(ੳ) ਭਗਤ ਕਬੀਰ ਜੀ ਦਾ ਬੈਰਾਗ :**

ਪੂਰਵ ਗੁਰੂ ਨਾਨਕ ਕਾਲ ਦੇ ਪ੍ਰਮੁੱਖ ਭਗਤ ਬਾਣੀਕਾਰਾਂ ਵਿਚੋਂ ਭਗਤ ਕਬੀਰ ਜੀ ਦਾ ਮਹੱਤਵਪੂਰਨ ਸਥਾਨ ਹੈ। ਭਗਤ ਬਾਣੀਕਾਰਾਂ ਵਿਚੋਂ ਇਨ੍ਹਾਂ ਦੀ ਸਭ ਤੋਂ ਵੱਧ ਬਾਣੀ (541 ਸ਼ਬਦ ਅਤੇ ਸਲੋਕ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਜਿਨ੍ਹਾਂ ਰਾਹੀਂ ਜਿੱਥੇ ਇਨ੍ਹਾਂ ਨੇ ਜਾਤ-ਪਾਤ ਦਾ ਭਰਮ, ਸਵਰਗ ਨਰਕ ਦੇ ਝਗੜੇ, ਫੋਕਟ ਬ੍ਰਾਹਮਣੀ ਕਰਮ-ਕਾਂਡ ਅਤੇ ਹੋਰ ਪਖੰਡਾਂ ਦਾ ਡਟ ਕੇ ਮੁਕਾਬਲਾ ਕੀਤਾ ਉੱਥੇ ਭਗਤੀ, ਗਿਆਨ, ਨਾਮ-ਸਿਮਰਨ, ਸੱਚੀ ਕਿਰਤ ਅਤੇ ਉੱਤਮਭਾਵੀ ਬੈਰਾਗ ਦੇ ਸੰਕਲਪ ਨੂੰ ਵੀ ਉਜਾਗਰ ਕੀਤਾ। ਜਿਸ ਦੀ ਪ੍ਰਾਪਤੀ ਨਾਲ ਮੁਕਤੀ ਦੇ ਚਾਹਵਾਨ ਜਗਿਆਸੂ ਗਿਆਨ ਪ੍ਰਾਪਤ ਕਰਕੇ ਬੈਰਾਗੀ ਬਣ ਸਕਦੇ ਹਨ। ਬੈਰਾਗ ਕਿਸੇ ਬਾਹਰੀ ਭੇਖ ਦਾ ਨਾਂ ਨਹੀਂ। ਇਹ ਭਗਤੀ ਦਾ ਵਿਸ਼ੇਸ਼ ਅੰਗ ਹੈ। ਆਤਮਕ ਮੰਡਲ ਦਾ ਬੈਰਾਗ ਸਿਰਫ਼ ਬੁੱਧੀ ਦੇ ਘੇਰੇ ਤਕ ਹੀ ਸੀਮਤ ਨਹੀਂ ਰਹਿੰਦਾ ਕਿਉਂਕਿ ਸੁਰਤਿ ਉਡਾਰੀ ਜਦੋਂ ਵਲਵਲਿਆਂ ਦੇ ਦੇਸ਼ ਵਿਚ ਜਾਂਦੀ ਹੈ ਤਾਂ ਉੱਥੇ ਸ਼ੁੱਧ ਰੂਪ ਵਿਚ ਸੁਤੰਤਰ ਹੁੰਦੀ ਹੈ। ਸ਼ਬਦ ਸੁਰਤਿ ਦੇ ਸੰਜੋਗ ਨਾਲ ਨਾਮ ਸਿਮਰਨ ਅਤੇ ਸੱਚੇ ਗੁਰੂ ਦੀ ਅਦੁੱਤੀ ਸ਼ਰਧਾ ਹੀ ਜਗਿਆਸੂ ਜਾਂ ਸਾਧਕ ਪ੍ਰੀਤਮ ਦੇ ਦੇਸ਼ ਵਿਚ ਲੈ ਕੇ ਜਾਣ ਲਈ ਸਹਾਇਕ ਸਿੱਧ ਹੁੰਦੀ ਹੈ। ਭਗਤ ਕਬੀਰ ਜੀ ਦਾ ਨਿਸ਼ਚਾ ਹੈ ਕਿ ਜਦੋਂ ਜੀਵ ਅੰਦਰ ਪਰਮਾਤਮਾ ਦੇ ਸੁਮੇਲ ਦੀ ਇੱਛਾ ਜਾਗਦੀ ਹੈ ਤਾਂ ਉਹ ਹੌਲੀ-ਹੌਲੀ ਪ੍ਰੇਮ ਦਾ ਰੂਪ ਧਾਰਨ ਕਰਦੀ ਹੈ। ਜਦੋਂ ਪ੍ਰੇਮ ਬਾਣ ਦੇ ਤਿੱਖੇ ਤੀਰਾਂ ਨਾਲ ਉਸਦਾ ਤਨ, ਮਨ ਵਿੰਨ੍ਹਿਆਂ ਜਾਂਦਾ ਹੈ ਤਾਂ ਜੀਵ ਦੇ ਨੈਣਾਂ ਵਿਚੋਂ

ਆਪ ਮੁਹਾਰੇ ਅੱਥਰੂ ਵਹਿ ਤੁਰਦੇ ਹਨ। ਕਬੀਰ ਜੀ ਨੇ ਮਾਰੂ ਰਾਗ ਵਿਚ ਬੈਰਾਗ ਦੀ ਸਥਿਤੀ ਇੰਝ ਬਿਆਨ ਕੀਤੀ ਹੈ :

**ਅਨਭਉ ਕਿਨੈ ਨ ਦੇਖਿਆ ਬੈਰਾਗੀਅੜੇ ॥**

**ਬਿਨੁ ਭੈ ਅਨਭਉ ਹੋਇ ਵਣਾਹੰਬੈ ॥ ੧ ॥**[36]

ਉਸ ਪਰਮ ਹਸਤੀ (ਪਰਮਾਤਮਾ) ਨੂੰ ਕਿਸੇ ਨੇ ਆਪਣੀਆਂ ਅੱਖਾਂ ਨਾਲ ਨਹੀਂ ਦੇਖਿਆ। ਉਸ ਪਰਮ ਹਸਤੀ ਦੇ ਦਰਸ਼ਨ ਅਨੁਭਵ ਨਾਲ ਸੰਸਾਰ ਦੇ ਡਰ ਤੋਂ ਰਹਿਤ ਹੋਣ ਨਾਲ ਹੀ ਹੁੰਦੇ ਹਨ। ਇਸ ਤਰ੍ਹਾਂ ਬੈਰਾਗ ਮਨੁੱਖੀ ਮਨ ਵਿਚ ਬੀਰਤਾ ਦੀ ਭਾਵਨਾ ਪੈਦਾ ਕਰਦਾ ਹੈ ਜੋ ਕਿ ਮਨੁੱਖ ਨੂੰ ਸਰੀਰਕ, ਮਾਨਸਿਕ ਅਤੇ ਆਤਮਕ ਤੌਰ ਤੇ ਬਲਸ਼ਾਲੀ ਬਣਾਉਂਦੀ ਹੈ। ਇਸ ਦੇ ਨਾਲ ਹੀ ਭਗਤ ਕਬੀਰ ਨੇ ਬੈਰਾਗ ਭਾਵਨਾ ਨੂੰ ਉਘਾੜਨ ਲਈ ਮੁਕਤੀ ਦੇ ਫ਼ਰੇਬੀ ਜਗਿਆਸੂਆਂ ਦੇ ਧਰਮ-ਕਰਮ ਦਾ ਵੀ ਡਟ ਕੇ ਵਿਰੋਧ ਕੀਤਾ ਹੈ :

**ਨਗਨ ਫਿਰਤ ਜੌ ਪਾਈਐ ਜੋਗੁ ।।**

**ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥ ੧ ॥**

**ਕਿਆ ਨਾਗੇ ਕਿਆ ਬਾਧੇ ਚਾਮ ॥**

**ਜਬ ਨਹੀ ਚੀਨਸਿ ਆਤਮਰਾਮ ॥ ੧ ॥ ਰਹਾਉ ॥**[37]

ਇਹ ਦ੍ਰਿਸ਼ਟ ਸੰਸਾਰ ਵੀ ਇਕ ਜੰਗਲ ਦੀ ਤਰ੍ਹਾਂ ਹੈ। ਜੇਕਰ ਮਨੁੱਖ ਆਪਣੀ ਸੁਰਤ ਨੂੰ ਹਿਰਦੇ ਰੂਪੀ ਘਰ ਵਿਚ ਬੈਠ ਕੇ ਪਰਮਾਤਮਾ ਨਾਲ ਜੋੜ ਲਵੇ ਤਾਂ ਇਹ ਸਭ ਤੋਂ ਉੱਤਮ ਅਤੇ ਸੁਖਦਾਇਕ ਮਾਰਗ ਹੈ :

**ਬਨਹਿ ਬਸੇ ਕਿਉ ਪਾਈਐ ਜਉ ਲਉ ਮਨਹੁ ਨ ਤਜਹਿ ਬਿਕਾਰ ॥**

**ਜਿਹ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰ ॥ ੧ ॥**

**ਸਾਰ ਸੁਖੁ ਪਾਈਐ ਰਾਮਾ ॥**

**ਰੰਗਿ ਰਵਹੁ ਆਤਮੈ ਰਾਮ ॥ ੧ ॥ ਰਹਾਉ ॥**[38]

ਕਬੀਰ ਜੀ ਨੇ ਮਨੁੱਖ ਨੂੰ ਸੰਸਾਰਕ ਵਿਸ਼ੇ-ਵਿਕਾਰਾਂ ਨੂੰ ਤਿਆਗਣ ਤੇ ਜ਼ੋਰ ਦਿਤਾ ਹੈ। ਜਦੋਂ ਤਕ ਉਹ ਆਸ਼ਾ ਰੂਪੀ ਸੰਸਾਰ ਵਿਚ ਰਹਿੰਦੇ ਹੋਏ ਨਿਰਾਸ਼ ਨਹੀਂ ਹੁੰਦਾ ਉਦੋਂ ਤਕ ਉਹ *'ਆਤਮ ਉਦਾਸੀ'* ਨਹੀਂ ਬਣ ਸਕਦਾ। ਉਨ੍ਹਾਂ ਦੇ ਅਨੁਸਾਰ ਮਨੁੱਖ ਦੇ ਮਨ ਵਿਚ ਡਰ ਜਾਂ ਭੈਅ ਬਣੇ ਰਹਿਣ ਦਾ ਨਾਮ ਬੈਰਾਗ ਨਹੀਂ। ਜਿਸ ਬੈਰਾਗ ਵਿੱਚ ਚਿੰਤਾ ਤੇ ਸੋਗ ਹੈ ਉਹ ਬੈਰਾਗ ਰੋਗ ਹੈ। ਬੈਰਾਗੀ ਇਕ ਜੀਵਨ-ਜੋਗੀ ਹੈ ਜੋ ਕਿ ਸੰਸਾਰ ਦੇ ਪਦਾਰਥਕ ਮੋਹ ਤੋਂ ਨਿਰਲੇਪ ਹੋ ਕੇ ਪਰਮਾਤਮਾ ਦੇ ਸੱਚੇ ਨਾਮ ਨਾਲ ਜੁੜਦਾ ਹੈ :

**ਮੇਰੇ ਰਾਜਨ ਮੈ ਬੈਰਾਗੀ ਜੋਗੀ ॥**

**ਮਰਤ ਨ ਸੋਗ ਬਿਓਗੀ ॥ ੧ ॥ ਰਹਾਉ ॥**[39]

ਬੈਰਾਗ ਇਕ ਤਰ੍ਹਾਂ ਨਾਮ ਦੀ ਕਸਵੱਟੀ ਹੈ ਜਿਸ ਉੱਤੇ ਝੂਠਾ ਅਤੇ ਫਰੇਬੀ, ਆਦਮੀ ਕਦੇ ਨਹੀਂ ਟਿਕ ਸਕਦਾ। ਇਸ ਕਸਵੱਟੀ ਤੇ ਉਹੀ ਪੂਰਾ ਉਤਰਦਾ ਹੈ ਜਿਹੜਾ ਮਰਜੀਵੜਾ ਨਾ ਸਵਰਗ ਦੀ ਇੱਛਾ ਰੱਖਦਾ ਹੈ ਅਤੇ ਨਾ ਹੀ ਨਰਕਾਂ ਤੋਂ ਡਰਦਾ ਹੈ। ਉਹ ਤਾਂ ਅਜਿਹੀਆਂ ਆਸਾਂ ਨੂੰ ਆਪਣੇ ਤੋਂ ਦੂਰ ਰੱਖਦਾ ਹੈ। ਪ੍ਰਭੂ ਦੇ ਭਾਣੇ ਵਿਚ ਰਹਿ ਕੇ ਸਭਨਾਂ ਵਿਚ ਇੱਕ ਪਰਮ ਜੋਤਿ ਦਾ ਨੂਰ ਵੇਖਦਾ ਹੈ, ਉਹ ਹਿੰਦੂ ਮੁਸਲਮਾਨ ਆਦਿ ਧਰਮ ਅਤੇ ਜਾਤ-ਪਾਤ ਦੇ ਝਗੜਿਆਂ ਤੋਂ ਦੂਰ ਰਹਿੰਦਾ ਹੈ। ਹਰ ਪਾਸੇ ਆਪਣੇ ਪ੍ਰੀਤਮ ਪਿਆਰੇ ਦੇ ਦਰਸ਼ਨ ਕਰਦਾ ਹੈ ਅਤੇ ਆਪਣੇ ਆਪ ਨੂੰ ਇਕਾਗਰਚਿਤ ਕਰਕੇ ਉਸਦੇ ਹਰ ਰੰਗ ਵਿਚ ਰੰਗਿਆ ਰਹਿੰਦਾ ਹੈ। ਅਜਿਹਾ ਬੈਰਾਗ ਭਗਤ ਕਬੀਰ ਜੀ ਦੇ ਹਿਰਦੇ ਵਿਚ ਸੀ ਜਿਸ ਨੂੰ ਆਪ ਜੀ ਨੇ ਇੰਞ ਪ੍ਰਗਟ ਕੀਤਾ ਹੈ :

**ਆਠ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ ॥**

**ਨੀਚੇ ਲੋਇਨ ਕਿਉ ਕਰਉ ਸਭ ਘਟ ਦੇਖਉ ਪੀਉ ॥**[40]

ਇਹ ਸਮਦ੍ਰਿਸ਼ਟੀ, ਦੁਨਿਆਵੀ ਬੁੱਧੀ ਬਦਲਣ ਦੇ ਪਿੱਛੋਂ ਹੀ ਪ੍ਰਾਪਤ ਹੁੰਦੀ ਹੈ ਅਤੇ ਬੈਰਾਗ ਦ੍ਰਿਸ਼ਟੀ ਵਿਚ ਸਾਰੇ ਸੰਸਾਰੀ ਰਸ ਨੀਰਸ ਜਾਪਦੇ ਹਨ ਅਤੇ ਕਿਸੇ ਪਦਾਰਥ ਦੀ ਕਾਮਨਾ ਨਹੀਂ ਰਹਿੰਦੀ। ਇਹ ਮਨ ਦੀ ਅਜਿਹੀ ਦ੍ਰਿੜ ਅਵਸਥਾ ਹੁੰਦੀ ਹੈ ਜਿਸ ਦਾ ਅਕਹਿ ਅਨੁਭਵ ਕੇਵਲ

ਸ਼ਬਦਾਂ ਰਾਹੀਂ ਨਹੀਂ ਦੱਸਿਆ ਜਾ ਸਕਦਾ, ਸਗੋਂ ਮਾਣਿਆ ਜਾਂਦਾ ਹੈ :

**ਤਜਿ ਬਾਵੇ ਦਾਹਨੇ ਬਿਕਾਰਾ ਹਰਿ ਪਦੁ ਦ੍ਰਿੜੁ ਕਰਿ ਰਹੀਐ ॥**

**ਕਹੁ ਕਬੀਰ ਗੂੰਗੇ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥**[41]

ਕਬੀਰ ਜੀ ਅਜਿਹੇ ਜਗਿਆਸੂਆਂ ਨੂੰ, ਜਿਹੜੇ ਸਿਰ ਮੁਨਾ ਕੇ ਆਪਣੇ ਆਪ ਨੂੰ ਰੁੰਡਤ-ਮੰਡਤ ਬੈਰਾਗੀ ਦੱਸਣ ਲੱਗ ਜਾਂਦੇ ਹਨ, ਨਿਮਨ ਸਲੋਕ ਦੁਆਰਾ ਸਮਝਾਉਂਦੇ ਹਨ ਕਿ ਮਨ ਨੂੰ ਮੁੰਨਣ ਦੀ ਜ਼ਰੂਰਤ ਹੈ, ਕਿਉਂਕਿ ਵਿਗਾੜ ਕਰਨ ਵਾਲਾ ਕੇਵਲ ਮਨ ਹੀ ਹੈ। ਜੇਕਰ ਮਨ ਭਾਂਤ-ਭਾਂਤ ਦੇ ਵਿਸ਼ੇ -ਵਿਕਾਰਾਂ ਪਿੱਛੇ ਦੌੜਦਾ ਰਿਹਾ ਤਾਂ ਆਪਣੇ ਆਪ ਨੂੰ ਐਵੇਂ ਹੀ ਕਰੂਪ ਬਨਾਉਣ ਦਾ ਕੋਈ ਲਾਭ ਨਹੀਂ। ਜ਼ਰੂਰਤ ਕੇਵਲ ਮਨ ਨੂੰ ਸਾਧਣ ਦੀ ਹੈ। ਜਦੋਂ ਮਨੁੱਖੀ ਮਨ ਵਿਚ ਸਹਿਜ ਪ੍ਰਵਿਰਤੀ ਪੈਦਾ ਹੋ ਜਾਂਦੀ ਹੈ ਉਦੋਂ ਹੀ ਉਹ ਆਤਮ ਅਤੇ ਪਰਮਾਤਮ ਦੀ ਪਛਾਣ ਕਰ ਲੈਂਦਾ ਹੈ :

**ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ ॥**

**ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ ॥**[42]

ਰਾਮ-ਬਿਓਗੀ ਜਗਿਆਸੂ ਦੀ ਮਨੋ ਅਵਸਥਾ ਦਾ ਵਰਨਣ ਕਰਦੇ ਹੋਏ ਕਬੀਰ ਫ਼ਰਮਾਉਂਦੇ ਹਨ ਕਿ ਹਰੀ ਦਾ ਵਿਛੋੜਾ ਸੱਪ ਦੀ ਤਰ੍ਹਾਂ ਹੈ ਜੋ ਮਨ ਵਿਚ ਵਸਦਾ ਹੈ, ਡੰਗ ਮਾਰਕੇ ਡਸਦਾ ਅਤੇ ਤੜਫਾਉਂਦਾ ਹੈ। ਇਸ ਤੜਪ ਨੂੰ ਮੇਟਨ ਲਈ ਕੋਈ ਮੰਤਰ ਕਾਰਗਰ ਨਹੀਂ ਹੁੰਦਾ। ਇਸ ਲਈ ਬੈਰਾਗੀ ਮਨੁੱਖ ਦਾ ਜੀਵਨ ਦੁਨਿਆਵੀ ਲੋਕਾਂ ਨਾਲੋਂ ਵਿਲੱਖਣ ਹੁੰਦਾ ਹੈ। ਉਹ ਲੋਕਾਂ ਦੀ ਨਿਗਾਹ ਵਿਚ ਬਉਰਾ ਹੁੰਦਾ ਹੈ ਪਰੰਤੂ ਪ੍ਰਭੂ ਨਾਲ ਉਸਦੀ ਪ੍ਰੀਤ ਸਦਾ ਜੁੜੀ ਰਹਿੰਦੀ ਹੈ :

**ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥**

**ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥**[43]

ਕਬੀਰ ਜੀ ਨੇ ਨਾਮ ਰੂਪੀ ਬੈਰਾਗ ਫਲ਼ ਦੀ ਉਪਮਾ ਇਸ ਪ੍ਰਕਾਰ ਕੀਤੀ ਹੈ :

**ਕਬੀਰ ਤਰਵਰ ਰੂਪੀ ਰਾਮੁ ਹੈ ਫਲ ਰੂਪੀ ਬੈਰਾਗੁ ॥**

**ਛਾਇਆ ਰੂਪੀ ਸਾਧੁ ਹੈ ਜਿਨਿ ਤਜਿਆ ਬਾਦੁ ਬਿਬਾਦੁ ॥**[44]

ਆਪ ਸੱਚੇ ਪ੍ਰਭੂ ਦੇ ਦਰ 'ਤੇ ਅਰਜੋਈ ਕਰਦੇ ਹਨ ਕਿ ਹੇ ਪ੍ਰਭੂ! ਮੈਂ ਤੇਰੇ ਦਰ 'ਤੇ ਮੰਗਤਾ ਬਣ ਕੇ ਖੜ੍ਹਾ ਹਾਂ। ਤੇਰੇ ਤੋਂ ਬਿਨਾ ਮੇਰੀ ਕੋਈ ਸਾਰ ਲੈਣ ਵਾਲਾ ਨਹੀਂ ਹੈ। ਹੁਣ ਤੂੰ ਹੀ ਮੈਨੂੰ ਬੂਹਾ ਖੋਲ੍ਹ ਕੇ ਦਰਸ਼ਨ ਦੇ। ਤੂੰ ਹੀ ਸਾਰੇ ਸੰਸਾਰ ਦੇ ਧਨ, ਪਦਾਰਥ ਦਾ ਮਾਲਕ ਅਤੇ ਖੁੱਲ੍ਹੇ ਦਿਲ ਵਾਲਾ ਦਾਨੀ ਹੈਂ। ਤੇਰੇ ਦਾਨੀ ਹੋਣ ਦੀ ਸਾਰੇ ਸੰਸਾਰ ਵਿਚ ਸੋਭਾ ਸੁਣੀ ਜਾ ਰਹੀ ਹੈ। ਮੈਂ ਕਿਸੇ ਹੋਰ ਕੋਲੋਂ ਕੀ ਮੰਗਾਂ। ਮੈਨੂੰ ਤਾਂ ਸਾਰੇ ਹੀ ਕੰਗਾਲ ਨਜ਼ਰ ਆਉਂਦੇ ਹਨ। ਮੇਰਾ ਬੇੜਾ ਤੇਰੇ ਰਾਹੀਂ ਹੀ ਪਾਰ ਹੋ ਸਕਦਾ ਹੈ :

**ਦਰਮਾਦੇ ਠਾਢੇ ਦਰਬਾਰਿ ॥**

**ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲ੍ਹਿ ਕਿਵਾਰ ॥੧॥ ਰਹਾਉ ॥**

**ਤੁਮ ਧਨ ਧਨੀ ਉਦਾਰ ਤਿਆਗੀ ਸ੍ਰਵਨਨ੍ਹ ਸੁਨੀਅਤੁ ਸੁਜਸੁ ਤੁਮ੍ਹਾਰ ॥**

**ਮਾਗਉ ਕਾਹਿ ਰੰਕ ਸਭ ਦੇਖਉ ਤੁਮ੍ਹ ਹੀ ਤੇ ਮੇਰੋ ਨਿਸਤਾਰੁ ॥੨॥**[45]

ਆਪ ਜੀ ਨੇ ਬੈਰਾਗ ਕਮਾਉਣ ਬਾਰੇ ਅੰਤਮ ਸਿਧਾਂਤ ਨੂੰ ਇੰਝ ਅੰਕਿਤ ਕੀਤਾ ਹੈ ਕਿ ਹੇ ਜਗਿਆਸੂ! ਜੇ ਤੂੰ ਗ੍ਰਿਹਸਥੀ ਜੀਵਨ ਮਾਰਗ ਨੂੰ ਧਾਰਨ ਕਰਨਾ ਹੈ ਤਾਂ ਧਰਮ ਦੀ ਕਮਾਈ ਕਰ ਭਾਵ ਆਪਣੇ ਫ਼ਰਜ਼ ਨੂੰ ਪਛਾਣ ਅਤੇ ਜੇ ਤੈਨੂੰ ਧਰਮ ਦੀ ਕਿਰਤ ਕਰਨੀ ਔਖੀ ਲਗਦੀ ਹੈ ਤਾਂ ਬੈਰਾਗ ਨੂੰ ਧਾਰਨ ਕਰ, ਪਰ ਜਿਹੜਾ ਬੈਰਾਗੀ ਬਣ ਕੇ ਵੀ ਬੰਧਨਾਂ ਵਿੱਚ ਫਸਦਾ ਹੈ ਉਸ ਜਿਹਾ ਅਭਾਗਾ ਜੀਵ ਇਸ ਸੰਸਾਰ ਵਿੱਚ ਹੋਰ ਕੋਈ ਨਹੀਂ ਹੋ ਸਕਦਾ :

**ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ ॥**

**ਬੈਰਾਗੀ ਬੰਧਨੁ ਕਰੈ ਤ ਕੋ ਬਡੋ ਅਭਾਗੁ ॥**[46]

ਇਸ ਤਰ੍ਹਾਂ ਕਬੀਰ ਨੇ ਮਨੁੱਖ ਨੂੰ ਬਾਹਰੀ ਅਤੇ ਅਖੌਤੀ ਕਰਮ-ਕਾਂਡਾਂ ਅਤੇ ਗ਼ਲਤ ਰੀਤੀ-ਰਿਵਾਜਾਂ ਨੂੰ ਛੱਡ ਕੇ ਮਨ ਨੂੰ ਸਾਧਣ ਤੇ ਜ਼ੋਰ ਦੇ ਕੇ ਸੱਚਾ ਬੈਰਾਗੀ ਬਣਨ ਦਾ ਉਪਦੇਸ਼ ਦਿੱਤਾ।

**(ਅ) ਭਗਤ ਨਾਮਦੇਵ ਜੀ ਦੀ ਬਾਣੀ ਵਿਚ ਬੈਰਾਗ :**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮਦੇਵ ਜੀ ਰਚਿਤ ਬਾਣੀ (61 ਸ਼ਬਦ, 18 ਰਾਗ)

ਦਰਜ ਹੈ। ਭਗਤ ਨਾਮਦੇਵ ਜੀ ਨੇ ਬ੍ਰਾਹਮਣੀ ਰੀਤੀ-ਰਿਵਾਜਾਂ ਦੀ ਵਿਰੋਧਤਾ ਕਰਕੇ ਸਮਾਜ ਵਿਚ ਇਕ ਵੱਡੀ ਕ੍ਰਾਂਤੀ ਇਹ ਲਿਆਂਦੀ ਕਿ ਉਨ੍ਹਾਂ ਲੋਕਾਂ ਨੂੰ ਨਿਰਾਸ਼ਵਾਦੀ ਵੈਰਾਗ ਵਾਲੇ ਮਾਰਗ ਤੋਂ ਦੂਰ ਰਹਿਣ ਦਾ ਉਪਦੇਸ਼ ਦਿੱਤਾ। ਜਿਹੜਾ ਮਾਰਗ ਬਹੁਤ ਔਖਾ ਦੱਸਿਆ ਜਾਂਦਾ ਸੀ ਉਸ ਦੇ ਦਾਰਸ਼ਨਿਕ ਪੱਖਾਂ ਦੀ ਵਿਆਖਿਆ ਅਜਿਹੇ ਉੱਤਮ ਢੰਗਾਂ ਨਾਲ ਕੀਤੀ ਕਿ ਲੋਕਾਂ ਅੰਦਰ ਭਗਤੀ ਦੀ ਭਾਵਨਾ ਸੁਤੇ-ਸਿਧ ਹੀ ਉਤਪੰਨ ਹੋਣੀ ਸ਼ੁਰੂ ਹੋ ਗਈ। ਆਪ ਨੇ ਅਸ੍ਵਮੇਧ ਯੱਗ ਕਰਨੇ, ਜੋਗ-ਸਾਧਨਾ ਤੇ ਗਊਆਂ, ਘੋੜੇ, ਹਾਥੀ, ਇਸਤਰੀ, ਭੂਮੀ ਆਦਿ ਦਾਨ ਕਰਨਾ ਤੁਛ ਦੱਸਿਆ ਅਤੇ ਨਾਮ ਨੂੰ ਸਭ ਨਾਲੋ ਸ੍ਰੇਸ਼ਠ ਦੱਸਦੇ ਹੋਏ ਇਸ ਦੇ ਨਿਤਾਪ੍ਰਤੀ ਜਾਪ ਕਰਨ ਦੀ ਸਿੱਖਿਆ ਦਿਤੀ :

**ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ ॥**

**ਹਰਿ ਕਾ ਨਾਮੁ ਨਿਤ ਨਿਤਹਿ ਲੀਜੈ ॥ ੧ ॥ ਰਹਾਉ ॥**[47]

ਭਗਤ ਨਾਮਦੇਵ ਜੀ ਦੇ ਵੈਰਾਗ ਚਿੰਤਨ ਵਿਚ ਬੀਰਤਾ ਦੇ ਅੰਸ਼ ਵੀ ਸਮੋਏ ਹੋਏ ਹਨ। ਆਪ ਜੀ ਦੀ ਮਾਤਾ ਤੁਰਕ ਰਾਜ ਦੇ ਡਰ ਤੋਂ ਰੋਂਦੀ ਤੇ ਕੁਰਲਾਉਂਦੀ ਹੋਈ ਆਖਦੀ ਹੈ :

**ਛੋਡਿ ਰਾਮੁ ਕੀ ਨ ਭਜਹਿ ਖੁਦਾਇ ॥**[48]

ਤਾਂ ਆਪ ਬੀਰ ਰਸ ਵਿਚ ਆ ਕੇ ਸਪਸ਼ਟ ਕਹਿੰਦੇ ਹਨ ਕਿ ਮਾਤਾ ਤੁਸੀਂ ਮੇਰੇ ਉੱਤੇ ਰਾਮ ਨੂੰ ਛੱਡ ਕੇ ਅਲਾਹ ਕਹਿਣ ਉੱਤੇ ਜ਼ੋਰ ਨਾ ਪਾਓ, ਮੈਂ ਤੁਹਾਡੇ ਪੁੱਤਰ ਪ੍ਰੇਮ ਤੋਂ ਚੰਗੀ ਤਰ੍ਹਾਂ ਜਾਣੂ ਹਾਂ। ਜਿਸ ਦੇ ਤਾਬੇ ਤੁਸੀਂ ਮੈਨੂੰ ਆਪਣੀ ਜਾਨ ਬਚਾਉਣ ਲਈ ਮਜ਼ਬੂਰ ਕਰ ਰਹੇ ਹੋ। ਕਿਰਪਾ ਕਰਕੇ ਮੇਰੇ ਕਾਰਜ ਵਿਚ ਦਖ਼ਲ ਨਾ ਦਿਓ ਅਤੇ ਇਹੀ ਸਮਝੋ ਕਿ ਮੈਂ ਤੁਹਾਡਾ ਪੁੱਤਰ ਨਹੀਂ ਹਾਂ ਅਤੇ ਤੁਸੀਂ ਮੇਰੇ ਮਾਤਾ ਨਹੀਂ ਹੋ :

**ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ ॥**

**ਪਿੰਡੁ ਪੜੈ ਤਉ ਹਰਿ ਗੁਨ ਗਾਇ ॥**[49]

ਇਸ ਦੇ ਨਾਲ ਹੀ ਆਪ ਜੀ ਦਾ ਬੈਰਾਗ ਸਦਾ ਹੀ ਸਾਈਂ (ਬੀਠਲ) ਦੀ ਯਾਦ ਵਿੱਚ ਜੁੜਨਾ ਹੈ। ਇਸ ਲਈ ਨਿਮਰਤਾ ਸਹਿਤ ਬੇਨਤੀ ਕਰਦੇ ਹਨ :

**ਮੋ ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ ॥**

**ਤੂ ਨ ਬਿਸਾਰੇ ਰਾਮਈਆ ॥ ੧ ॥ ਰਹਾਉ ॥**[50]

ਜਦੋਂ ਜਾਤ-ਹੰਕਾਰੀ ਬ੍ਰਾਹਮਣਾਂ ਨੇ ਆਪ ਜੀ ਨੂੰ ਸ਼ੂਦਰ ਕਹਿ ਕੇ ਭਗਤੀ ਕਰਦਿਆਂ ਨੂੰ ਮੰਦਰ ਵਿਚੋਂ ਕੁੱਟ-ਮਾਰ ਕੇ ਬਾਹਰ ਕੱਢ ਦਿੱਤਾ ਤਾਂ ਆਪ ਨਿਰਾਸ਼ ਨਹੀਂ ਹੋਏ ਸਗੋਂ ਬੈਰਾਗਮਈ ਅਵਸਥਾ ਵਿਚ ਭਰੇ ਹੋਏ ਮੰਦਰ ਦੇ ਪਿਛਲੇ ਪਾਸੇ ਚਲੇ ਗਏ ਅਤੇ ਸਮਾਧੀ ਵਿਚ ਲੀਨ ਹੋ ਕੇ ਪ੍ਰਭੂ ਭਗਤੀ ਕੀਤੀ ਅਤੇ ਉਚਾਰਿਆ :

**ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥**

**ਭਗਤ ਜਨਾਂ ਕਉ ਦੇਹੁਰਾ ਫਿਰੈ ॥**[51]

ਇਸ ਤਰ੍ਹਾਂ ਭਗਤ ਨਾਮਦੇਵ ਦੀ ਅਨਿੰਨ ਭਗਤੀ ਨੇ ਦੇਹੁਰੇ ਦਾ ਮੂੰਹ ਫੇਰ ਦਿੱਤਾ। ਆਪ ਦਾ ਸਰਬ ਵਿਆਪੀ ਠਾਕਰ ਨੂੰ ਦੁੱਧ ਪਿਆਉਣਾ ਅਤੇ ਉਸ ਦੇ ਦਰਸ਼ਨ ਹੋਣੇ, ਭਗਤੀ ਦੁਆਰਾ ਪ੍ਰਾਪਤ ਹੋਏ ਤੱਤ-ਬੈਰਾਗ ਦੀ ਇਕ ਸਰਵੋਤਮ ਮਿਸਾਲ ਹੈ :

**ਸੁਇਨ ਕਟੋਰੀ ਅੰਮ੍ਰਿਤ ਭਰੀ ॥**

**ਲੈ ਨਾਮੈ ਹਰਿ ਆਗੈ ਧਰੀ ॥**

**ਏਕੁ ਭਗਤੁ ਮੇਰੇ ਹਿਰਦੇ ਬਸੈ ॥**

**ਨਾਮੇ ਦੇਖਿ ਨਾਰਾਇਨੁ ਹਸੈ ॥**

**ਦੂਧੁ ਪੀਆਇ ਭਗਤੁ ਘਰਿ ਗਇਆ ॥**

**ਨਾਮੇ ਹਰਿ ਕਾ ਦਰਸਨੁ ਭਇਆ ॥**[52]

ਆਪ ਜੀ ਨੇ ਲੋਕਾਂ ਨੂੰ ਉਪਦੇਸ਼ ਦਿਤਾ ਕਿ ਜਦੋਂ ਤਕ ਮਨੁੱਖ ਨਾਸ਼ਵਾਨ ਪਦਾਰਥਾਂ ਅਤੇ ਝੂਠੀਆਂ ਆਸਾਂ ਵਿਚ ਮਗਨ ਹੈ, ਉਦੋਂ ਤਕ ਉਹ 'ਸਤਿ ਪਦਾਰਥ' ਨੂੰ ਨਹੀਂ ਸਮਝ ਸਕਦਾ। ਇਹ ਹੀ ਉਸ ਦੀ ਅਗਿਆਨਤਾ ਦੀ ਗੂੜ੍ਹੀ ਨੀਂਦ ਹੈ ਅਤੇ ਇਸ ਵਿਚੋਂ ਜਾਗਣ ਦੀ ਇਕੋ-ਇਕ ਜੁਗਤ ਹੈ ਸਤਿਗੁਰੂ ਦੇ ਦੱਸੇ ਹੋਏ ਪਰਮਾਰਥੀ ਰਾਹ 'ਤੇ ਚਲਦੇ ਹੋਏ ਸੱਚੇ ਬੈਰਾਗ ਦੀ ਪਛਾਣ ਕਰਨੀ।

ਆਪ ਜੀ ਫ਼ਰਮਾਉਂਦੇ ਹਨ :

**ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥**

**ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥**[53]

ਜਿਸ ਸਮੇਂ ਆਪ ਜੀ ਨੂੰ ਗੁਰੂ-ਗਿਆਨ ਰਾਹੀਂ ਬੈਰਾਗ ਦੀ ਪ੍ਰਾਪਤੀ ਹੋਈ ਉਦੋਂ ਆਪ ਜੀ ਨੇ ਆਪਣੇ ਮਨ ਨਾਲ ਇੰਝ ਗੱਲਾਂ ਕੀਤੀਆਂ, ਜਦੋਂ ਤਕ ਮੋਹ ਮਾਇਆ ਦੇ ਝੂਠੇ ਜਾਲ ਵਿਚ ਫਸਿਆ ਹੋਇਆ ਹੈ ਉਦੋਂ ਤਕ ਉਸਦੇ ਮਨ ਅੰਦਰ ਹਨੇਰਾ ਹੀ ਹਨੇਰਾ ਹੈ। ਉਸਦੇ ਹਉਮੈ ਵਾਲੀ ਬਿਰਤੀ ਹੀ ਆਤਮਾ ਅਤੇ ਪ੍ਰਭੂ ਦੇ ਮਿਲਣ ਵਿਚ ਵਿਥ ਬਣੀ ਹੋਈ ਹੈ। ਇਸ ਵਿਥ ਨੂੰ ਮੇਟ ਕੇ ਹੀ ਮਨੁੱਖ ਪ੍ਰਭੂ ਨਾਲ ਅਭੇਦ ਹੋ ਸਕਦਾ ਹੈ। ਫਿਰ ਦਾਸ ਅਤੇ ਠਾਕਰ ਵਿਚ ਕੋਈ ਅੰਤਰ ਨਹੀਂ ਰਹਿੰਦਾ, ਇਕੋ ਹੀ ਰੂਪ ਹੋ ਜਾਂਦਾ ਹੈ :

**ਕੈਸੇ ਮਨ ਤਰਹਿਗਾ ਰੇ ਸੰਸਾਰੁ ਸਾਗਰੁ ਬਿਖੈ ਕੋ ਬਨਾ ॥**

**ਝੂਠੀ ਮਾਇਆ ਦੇਖਿ ਕੈ ਭੂਲਾ ਰੇ ਮਨਾ ॥ ੧ ॥ ਰਹਾਉ ॥**[54]

**ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ ॥**

**ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ ॥**[55]

ਆਪ ਜੀ ਦੀ ਬਾਣੀ ਦਾ ਤਤਭਾਵ ਇਹ ਹੈ ਕਿ ਮਨੁੱਖ ਬੈਰਾਗੀ ਉਦੋਂ ਬਣਦਾ ਹੈ ਜਦੋਂ ਸਤਿਗੁਰੂ ਦੀ ਉਸ 'ਤੇ ਮਿਹਰ ਹੁੰਦੀ ਹੈ। ਅਸਲੀ ਬੈਰਾਗ ਹਠ-ਕਰਮਾਂ ਨਾਲ ਨਹੀਂ ਸਗੋਂ ਰਾਮ ਦੇ ਗੁਣ ਗਾਉਣ ਨਾਲ ਪ੍ਰਾਪਤ ਹੁੰਦਾ ਹੈ। ਆਪ ਜੀ ਪ੍ਰਭੂ ਪ੍ਰੇਮ ਭਗਤੀ ਵਿਚ ਬੈਰਾਗੀ ਹੋਏ ਫ਼ਰਮਾਉਂਦੇ ਹਨ :

**ਨਾਮੇ ਪ੍ਰੀਤਿ ਨਾਰਾਇਣ ਲਾਗੀ ॥**

**ਸਹਜ ਸੁਭਾਇ ਭਇਓ ਬੈਰਾਗੀ ॥ ੧ ॥ ਰਹਾਉ ॥**[56]

ਇਸ ਪ੍ਰਕਾਰ ਭਗਤ ਨਾਮਦੇਵ ਜੀ ਨੇ ਸੱਚੇ ਬੈਰਾਗ ਦੀ ਪ੍ਰਾਪਤੀ ਲਈ ਪ੍ਰਭੂ ਭਗਤੀ ਅਤੇ

ਨਾਮ ਸਿਮਰਨ ਤੇ ਜ਼ੋਰ ਦਿੱਤਾ। ਸੰਸਾਰਕ ਵਿਸ਼ੇ-ਵਿਕਾਰਾਂ, ਮੋਹ-ਮਾਇਆ ਅਤੇ ਜਾਤ-ਪਾਤ ਦੇ ਝੂਠੇ ਹੰਕਾਰ ਤੋਂ ਦੂਰ ਰਹਿਣ ਦਾ ਉਪਦੇਸ਼ ਦਿੱਤਾ। ਸੱਚੇ ਬੈਰਾਗ ਦੀ ਪ੍ਰਾਪਤੀ ਨਾਲ ਹੀ ਮਨੁੱਖੀ ਮਨ ਵਿਚ ਬੀਰਤਾ ਉਤਪੰਨ ਹੁੰਦੀ ਹੈ।

**(ਏ) ਭਗਤ ਰਵਿਦਾਸ ਜੀ ਦੀ ਬਾਣੀ ਵਿਚ ਬੈਰਾਗ :**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਰਵਿਦਾਸ ਜੀ ਦੁਆਰਾ ਰਚਿਤ ਬਾਣੀ (40 ਸ਼ਬਦ, 16 ਰਾਗ) ਦਰਜ ਹੈ। ਆਪ ਜੀ ਦੇ ਬੈਰਾਗ ਵਿਚ ਪ੍ਰਭੂ ਦਰਸ਼ਨ ਦੀ ਭਾਰੀ ਸਿਕ ਹੈ। ਜਿਸ ਵਿਚੋਂ ਤੀਬਰ ਪ੍ਰੇਮ ਦੇ ਝਲਕਾਰੇ ਦੀ ਆਸ ਫੁਟ-ਫੁਟ ਕੇ ਬਾਹਰ ਆਉਂਦੀ ਹੈ :

**ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ ॥ ੧ ॥ ਰਹਾਉ ॥**[57]

ਆਪ ਜੀ ਪ੍ਰਭੁ ਪ੍ਰੀਤਮ ਪਿਆਰੇ ਨੂੰ ਆਖਦੇ ਹਨ :

**ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥**

**ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥ ੧ ॥**

**ਮਾਧਵੇ ਜਾਨਤ ਹਹੁ ਜੈਸੀ ਤੈਸੀ ॥**

**ਅਬ ਕਹਾ ਕਰਹੁਗੇ ਐਸੀ ॥ ੧ ॥ ਰਹਾਉ ॥**[58]

ਇਹ ਸੱਚੀ ਪ੍ਰੀਤ ਦੀ ਨਿਸ਼ਾਨੀ ਹੈ। ਇਸ ਨੂੰ ਵਿਸਮਾਦੀ ਬੈਰਾਗ ਕਿਹਾ ਜਾਂਦਾ ਹੈ। ਬੈਰਾਗੀ ਦਾ ਘਰ ਪਰਮਾਤਮਾ ਦਾ ਨਿਰਮਲ ਭੈ ਹੈ ਅਤੇ ਉਹ ਇਸੇ ਘਰ ਵਿਚ ਸਦਾ ਰਹਿੰਦਾ ਹੈ। ਆਪ ਪਰਮ ਬੈਰਾਗ ਦੀ ਜੁਗਤੀ ਦਾ ਪ੍ਰਕਾਸ਼ ਇਸ ਪ੍ਰਕਾਰ ਫ਼ਰਮਾਉਂਦੇ ਹਨ :

**ਘ੍ਰਿਤ ਕਾਰਨ ਦਧਿ ਮਥੈ ਸਇਆਨ ॥**

**ਜੀਵਤ ਮੁਕਤ ਸਦਾ ਨਿਰਬਾਨ ॥**

**ਕਹਿ ਰਵਿਦਾਸ ਪਰਮ ਬੈਰਾਗ ॥**

**ਰਿਦੈ ਰਾਮੁ ਕੀ ਨ ਜਪਸਿ ਅਭਾਗ ॥**[59]

ਵਾਸਤਵ ਵਿਚ ਮਨੁੱਖ ਦਾ ਸਰਵ ਉਪਕਾਰੀ ਅਤੇ ਪਰਮਾਰਥੀ ਵਿਰਸਾ ਗਿਆਨਮਈ

ਬੈਰਾਗ ਹੈ ਪਰੰਤੂ ਮਨੁੱਖ ਇਸ ਵਲੋਂ ਅਵੇਸਲਾ ਹੈ। ਮਨੁੱਖ ਦੀ ਬੇਸਮਝੀ ਦਸਦੇ ਹੋਏ ਉਹ ਪ੍ਰਭੂ ਅੱਗੇ ਅਰਦਾਸ ਕਰਦੇ ਹਨ :

**ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ ॥**

**ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ ॥**

**ਕਹੀਅਤ ਆਨ ਅਚਰੀਅਤ ਅਨ ਕਛੁ ਸਮਝ ਨ ਪਰੈ ਅਪਰ ਮਾਇਆ ॥**

**ਕਹਿ ਰਵਿਦਾਸ ਉਦਾਸ ਦਾਸ ਮਤਿ ਪਰਹਰਿ ਕੋਪੁ ਕਰਹੁ ਜੀਅ ਦਇਆ ॥**[60]

ਆਪ ਜੀ ਕਈ ਵਾਰੀ ਪ੍ਰਭੂ ਪ੍ਰੇਮ ਭਗਤੀ ਵਿਚ ਇੰਨੇ ਵਿਸਮਾਦੀ ਹੋ ਜਾਂਦੇ ਹਨ ਕਿ ਆਪ ਅਨੰਤ ਪ੍ਰਭੂ ਨੂੰ ਇੰਝ ਕਹਿਣ ਲਗ ਜਾਂਦੇ ਹਨ :

**ਜਲ ਕੀ ਭੀਤਿ ਪਵਨ ਦਾ ਥੰਭਾ ਰਕਤ ਬੁੰਦ ਕਾ ਗਾਰਾ ॥**

**ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥**

**ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥**

**ਜੈਸੇ ਤਰਵਰ ਪੰਖਿ ਬਸੇਰਾ ॥ ੧ ॥ ਰਹਾਉ ॥**[61]

ਆਪ ਜੀ ਦੇ ਬੈਰਾਗ ਵਿਚ ਨਿਰਾਸ਼ਤਾ ਨੂੰ ਕੋਈ ਥਾਂ ਨਹੀਂ। ਆਪ ਜਗਿਆਸੂ ਅੰਦਰ ਪ੍ਰਭੂ ਵਿਸ਼ਵਾਸ ਨੂੰ ਦ੍ਰਿੜਾਉਣ ਲਈ ਕਹਿੰਦੇ ਹਨ :

**ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ ॥**

**ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ ॥**[62]

ਆਪ ਜੀ ਨੇ ਜਾਤ-ਪਾਤ ਤੋਂ ਉੱਪਰ ਉਠ ਕੇ ਬੈਰਾਗ ਕੀਤਾ ਅਤੇ ਪ੍ਰਗਟ ਕਰ ਦਿਤਾ ਕਿ :

**ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ ॥**

**ਜੈਸੇ ਪੁਰੈਨ ਪਾਤ ਰਹੈ ਜਲ ਸਮੀਪ**

**ਭਨਿ ਰਵਿਦਾਸ ਜਨਮੇ ਜਗਿ ਓਇ ॥**[63]

ਭਗਤ ਰਵਿਦਾਸ ਜੀ ਨੇ ਉੱਚ ਜਾਤ-ਪਾਤ ਦੇ ਹੰਕਾਰੀ ਪੰਡਤਾਂ ਦੀ ਵਿਰੋਧਤਾ ਕਰਦੇ ਹੋਏ

ਬੈਰਾਗਮਈ ਹੋ ਕੇ ਸੱਚੇ ਪ੍ਰਭੂ ਨਾਲ ਪ੍ਰੀਤ ਬਣਾਈ ਅਤੇ 'ਬੇਗਮਪੁਰਾ' ਦਾ ਸੰਕਲਪ ਸਮੁੱਚੀ ਲੋਕਾਈ ਦੇ ਸਨਮੁਖ ਰੱਖਿਆ। ਜਿੱਥੇ ਦਾ ਹਰ ਵਾਸੀ ਸੁਖੀ ਜੀਵਨ ਗੁਜ਼ਾਰਦਾ ਹੈ। ਇਹ ਮਾਨਸਿਕ ਅਵਸਥਾ ਦਾ ਬੈਰਾਗ ਹੈ।

**(ਸ) ਸੇਖ ਫਰੀਦ ਜੀ ਦੀ ਬਾਣੀ ਵਿਚ ਬੈਰਾਗ :**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਸੇਖ ਫਰੀਦ ਜੀ ਦੇ ਰਚੇ ਰਾਗ ਆਸਾ ਵਿਚ ਦੋ ਸ਼ਬਦ, ਰਾਗ ਸੂਹੀ ਵਿਚ ਦੋ ਸ਼ਬਦ ਅਤੇ 112 ਸਲੋਕ ਦਰਜ ਹਨ। ਆਪ ਉੱਚਕੋਟੀ ਦੇ ਅੱਲਾਹ ਦੇ ਰੰਗ ਵਿਚ ਰੰਗੇ ਹੋਏ ਸੂਫ਼ੀ ਫ਼ਕੀਰ, ਮਹਾਨ ਵਿਦਵਾਨ, ਬੇਮਿਸਾਲ ਸਿਦਕਵਾਨ, ਮਹਾਂ ਤਪੱਸਵੀ ਅਤੇ ਤਿਆਗੀ ਸਨ। ਆਪ ਦੀ ਬਾਣੀ ਵਿਚੋਂ ਪ੍ਰਭੂ ਪਿਆਰ ਦੀ ਇੱਛਾ ਅਤੇ ਬੈਰਾਗ ਦੀ ਭਾਵਨਾ ਉਤੇਜਿਤ ਰੂਪ ਵਿਚ ਮਿਲਦੀ ਹੈ। ਆਪਣੇ ਸ਼ਹੁ ਪ੍ਰੀਤਮ ਨੂੰ ਮਿਲਣ ਦੀ ਇੱਛਾ ਅਤੇ ਬੈਰਾਗਮਈ ਵੇਦਨਾ ਸਲੋਕਾਂ ਵਿਚ ਇਸ ਪ੍ਰਕਾਰ ਪ੍ਰਗਟ ਹੁੰਦੀ ਹੈ :

**ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥**

**ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥**[64]

ਆਪ ਜੀ ਰੱਬ ਦੀ ਬੰਦਗੀ ਵਿਚ ਭਰੋਸਾ ਰੱਖਣ ਵਾਲੇ ਫ਼ਕੀਰ ਸਨ। ਬਿਰਹੋਂ ਹੀ ਆਪ ਦੇ ਜੀਵਨ ਦਾ ਵੱਡਾ ਅੰਗ ਸੀ, ਇਸ ਲਈ ਆਪ ਫ਼ਰਮਾਉਂਦੇ ਹਨ :

**ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥**

**ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥**[65]

ਆਪ ਜੀ ਨੇ ਆਪਣੇ ਹਿਰਦੇ ਦੀ ਬੈਰਾਗਮਈ ਵੇਦਨਾ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਹੈ :

**ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ ॥**

**ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ ॥**[66]

**ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ ॥**

**ਧਿਗੁ ਤਿਨ੍ਾ ਦਾ ਜੀਵਿਆ ਜਿਨਾ ਵਿਡਾਣੀ ਆਸ ॥**[67]

**ਫਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ ॥**

**ਪਵਨਿ ਨ ਇਤਿ ਮਾਮਲੇ ਸਹਾਂ ਨ ਇਤਿ ਦੁਖ ॥**[68]

ਭਾਵ ਕਿ ਮੇਰੇ ਜਨਮ ਵੇਲੇ ਹੀ ਮੇਰੀ 'ਨਾੜੂਆ' ਕੱਟਣ ਦੇ ਨਾਲ-ਨਾਲ ਮੇਰਾ ਗਲ਼ਾ ਵੀ ਕੱਟ ਦਿੱਤਾ ਜਾਂਦਾ। ਫਰੀਦ ਜੀ ਨੇ ਇਸਤਰੀ ਰੂਪ ਵਿਚ ਵੀ ਬੈਰਾਗ ਭਰੀ ਬਾਣੀ ਦਾ ਉਚਾਰਨ ਕੀਤਾ ਹੈ। ਆਪ ਹਠ ਮਾਰਗ ਦੇ ਧਾਰਨੀ ਨਹੀਂ ਸਗੋਂ ਪ੍ਰੀਤ-ਮਾਰਗ ਦੇ ਪਾਂਧੀ ਸਨ। ਆਪ ਸੱਜਣ ਦੇ ਮਿਲਾਪ ਲਈ ਕਿਸੇ ਵੀ ਤਕਲੀਫ਼ ਦੀ ਪਰਵਾਹ ਨਹੀਂ ਸਨ ਕਰਦੇ ਸਗੋਂ ਇੱਥੋਂ ਤਕ ਪ੍ਰੀਤ ਦੀ ਸਿਖਰ ਨੂੰ ਛੂੰਹਦੇ ਹੋਏ ਕਹਿੰਦੇ ਸਨ :

**ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥**

**ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥**[69]

ਇਕ ਦਿਨ ਦਾ ਪ੍ਰੀਤਮ ਵਿਛੋੜਾ ਵੀ ਆਪ ਸਹਾਰ ਨਹੀਂ ਸਕਦੇ। ਬੈਰਾਗ ਦੇ ਘਰ ਵਿਚ ਆ ਕੇ ਕਹਿੰਦੇ ਹਨ :

**ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥**

**ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥**[70]

ਆਪ ਜੀ ਦੇ ਸਲੋਕਾਂ ਦਾ ਗੰਭੀਰਤਾ ਨਾਲ ਵਿਚਾਰ ਕਰਦਿਆਂ ਜਗਿਆਸੂ ਦਾ ਮਨ ਇਸ ਦੁਨੀਆ ਵਲੋਂ ਉਪਰਾਮ ਹੋ ਜਾਂਦਾ ਹੈ ਕਿਉਂਕਿ ਆਪ ਜੀ ਦੀ ਬਾਣੀ ਵਿਚ ਮੌਤ ਦਾ ਡਰ ਅਤੇ ਅਣਡਿਠੀ ਦੁਨੀਆ ਦਾ ਵਰਨਣ ਹੈ। ਆਪ ਜੀ ਨੇ ਜੰਗਲਾਂ ਵਿਚ ਜਾਣ ਦੀ ਥਾਂ ਹਿਰਦੇ ਵਿਚ ਹੀ ਪਿਆਰੇ ਦੇ ਦਰਸ਼ਨ ਕਰਨ ਦਾ ਸਿਧਾਂਤ ਪੇਸ਼ ਕੀਤਾ ਹੈ ਅਤੇ ਸਭ ਵਿਚ ਇਕ ਅੱਲਾਹ ਦੇ ਦੀਦਾਰ ਕੀਤੇ :

**ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥**

**ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥**[71]

**ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥**

**ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥**[72]

ਬੈਰਾਗ ਮਾਰਗ ਬਿਖ਼ਮ ਮਾਰਗ ਹੈ ਇਸ ਤੇ ਚੱਲਣ ਵਾਲਾ ਕੋਈ ਵਿਰਲਾ ਹੀ ਨਾਮ ਰਸੀਆ ਹੁੰਦਾ ਹੈ। ਆਪ ਜੀ ਦੇ ਸਲੋਕਾਂ ਤੋ ਪਤਾ ਲਗਦਾ ਹੈ ਕਿ ਆਪ ਜੀ ਨੇ ਆਪਣੇ ਪਿਆਰੇ ਸਹੁ ਨੂੰ ਮਿਲਣ ਵਾਸਤੇ ਭਾਰੀ ਬੈਰਾਗ ਕੀਤਾ ਹੈ ਜਿਸ ਵਿਚ ਆਪ ਸਰੀਰਕ ਕਸ਼ਟ ਝੱਲਦੇ ਨਜ਼ਰ ਆਉਂਦੇ ਹਨ :

**ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥**

**ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥**[73]

**ਗੁਰੂ ਸਾਹਿਬਾਨ ਦੀ ਬਾਣੀ ਵਿਚ ਬੈਰਾਗ :**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 6 ਗੁਰੂ ਸਾਹਿਬਾਨ ਦੀ ਬਾਣੀ ਸੁਸ਼ੋਭਿਤ ਹੈ (ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰ ਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ਼ ਬਹਾਦਰ ਜੀ)। ਇਸ ਅਧਿਆਇ ਵਿਚ ਅਸੀਂ ਕੇਵਲ ਪਹਿਲੇ ਪੰਜ ਗੁਰੂ ਸਾਹਿਬਾਨ ਅਤੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਜੋ 'ਦਸਮ ਗ੍ਰੰਥ' ਵਿਚ ਦਰਜ ਹੈ, ਨੂੰ ਖੋਜ-ਕਾਰਜ ਸੰਬੰਧੀ ਵਿਚਾਰ ਅਧੀਨ ਲਿਆਂਦਾ ਹੈ।

**(ੳ) ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਬੈਰਾਗ :**

ਗੁਰੂ ਨਾਨਕ ਦੇਵ ਜੀ ਨੇ ਗੁਰਮਤਿ ਬੈਰਾਗ ਨੂੰ ਆਪਣੀ ਬਾਣੀ 'ਸਿਧ ਗੋਸਟਿ' ਵਿਚ ਦੋ ਦ੍ਰਿਸ਼ਟਾਂਤਾਂ ਦੁਆਰਾ ਪ੍ਰਗਟਾਇਆ ਹੈ। ਇਸ ਨੂੰ ਗੁਰਮਤਿ ਬੈਰਾਗ ਦੀ ਮੂਲ ਚੂਲ ਵੀ ਕਿਹਾ ਜਾਂਦਾ ਹੈ। ਇਕ ਕੰਵਲ ਦੇ ਫੁੱਲ ਅਤੇ ਦੂਜਾ ਮੁਰਗਾਈ ਰਾਹੀਂ। ਭਾਰਤੀ ਅਧਿਆਤਮਿਕ ਚਿੰਤਨਧਾਰਾ ਵਿਚ ਕੰਵਲ ਦੇ ਫੁੱਲ ਨੂੰ ਇਸ ਦੀ ਸ਼ਾਂਤ, ਤੇਜੱਸਵੀ, ਸੁੰਦਰਤਾ ਕਾਰਨ ਬਹੁਤ ਮਹੱਤਤਾ ਦਿਤੀ ਗਈ ਹੈ ਕਿਉਂਕਿ ਇਹ ਫੁੱਲ ਚਿੱਕੜ ਵਿਚ ਹੀ ਵਧਦਾ-ਫੁਲਦਾ ਹੈ ਪਰ ਪੱਤਿਆਂ ਦੇ ਥਿੰਦੇ, ਚੀਕਣੇ ਹੋਣ ਕਰਕੇ ਸੇਜਲ ਤੋਂ ਰਹਿਤ, ਅਲੇਪ ਰਹਿੰਦਾ ਹੈ। ਮੁਰਗਾਈ ਇਕ ਨਿੱਕਾ ਜਿਹਾ ਸੁੰਦਰ

ਪੰਛੀ ਹੈ ਜੋ ਪਾਣੀ ਵਿਚ ਡਾਢਾ ਚੰਚਲ, ਚੁਸਤ, ਅਟਿਕ, ਇੱਧਰ-ਉੱਧਰ ਪਾਣੀ ਵਿਚ ਤਾਰੀਆਂ ਲਾਉਂਦਾ ਦਿਖਾਈ ਦਿੰਦਾ ਹੈ ਪਰ ਫਿਰ ਵੀ ਉਸ ਦੇ ਥਿੰਦੇ ਖੰਭਾਂ ਕਰਕੇ ਇਸ ਦਾ ਸਰੀਰ ਸਦਾ ਸੁੱਕਾ ਰਹਿੰਦਾ ਹੈ। ਇਸ ਦੇ ਸਰੀਰ ਤੇ ਪਾਣੀ ਦਾ ਕੋਈ ਅਸਰ ਨਹੀਂ ਹੁੰਦਾ। ਕੰਵਲ ਫੁੱਲ ਅਤੇ ਮੁਰਗਾਬੀ ਉਸ ਮਨੁੱਖ ਲਈ ਪ੍ਰੇਰਣਾ ਦਾ ਸਰੋਤ ਹੈ ਜੋ ਗ੍ਰਿਹਸਥੀ ਜੀਵਨ ਵਿਚ ਰਹਿੰਦਿਆਂ ਸਾਰੇ ਸੰਸਾਰਕ ਕਾਰ-ਵਿਹਾਰ ਕਰਦਿਆਂ ਮੋਹ-ਮਾਇਆ, ਵਿਸ਼ੇ-ਵਿਕਾਰਾਂ ਦੇ ਜੰਜਾਲ ਵਿਚ ਨਹੀਂ ਫਸਦਾ ਅਤੇ ਇਨ੍ਹਾਂ ਤੋਂ ਸਦਾ ਨਿਰਲੇਪ ਰਹਿੰਦਾ ਹੈ। ਗੁਰੂ ਜੀ ਨੇ ਨਿਰਲੇਪ ਜੀਵਨ-ਜੁਗਤ ਦਾ ਬਿੰਬ ਇਸ ਪ੍ਰਕਾਰ ਮੂਰਤੀਮਾਨ ਕੀਤਾ ਹੈ :

**ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥**

**ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥**

**ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥**

**ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥**[74]

ਸੁਰਤਿ ਦਾ ਮਾਰਗ ਵੈਰਾਗ ਨਾਲੋਂ ਬਿਲਕੁਲ ਵੱਖਰਾ ਹੈ। ਵੈਰਾਗ ਵਿਚ ਤਾਂਘ ਅਤੇ ਤੜਪ ਹੈ। ਸੁਰਤਿ ਵਿਚ ਪਿਆਰ ਹੈ। ਫਿਰ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਅਕੱਥ ਪ੍ਰਭੂ ਦੇ ਗੁਣ ਗਾ-ਗਾ ਕੇ ਮਾਇਆ ਤੋਂ ਨਿਰਲੇਪ ਰਹਿਣਾ ਹੈ। ਇਸ ਤਰ੍ਹਾਂ ਇਹ ਸੋਝੀ ਆ ਜਾਂਦੀ ਹੈ ਕਿ ਉਹ ਗੁਰ-ਗੋਪਾਲ ਹਰ ਜੁਗਿ ਵਿਚ, ਹਰ ਥਾਂਵੇਂ ਮੌਜੂਦ ਹੈ ਤੇ ਉਸ ਦੇ ਗੁਣ ਕੇਵਲ ਗੁਰ ਸ਼ਬਦ ਰਾਹੀਂ ਗਾਏ ਤੇ ਵਿਚਾਰੇ ਜਾ ਸਕਦੇ ਹਨ ।

ਗੁਰੂ ਸਾਹਿਬ ਨਿਵਿਰਤੀ ਜੀਵਨ ਮਾਰਗ ਨੂੰ ਸਮਾਜ ਲਈ ਹਾਨੀਕਾਰਕ ਦੱਸ ਕੇ ਨਕਾਰਦੇ ਹਨ। ਸਿੱਧ ਜੋਗੀ ਸੰਸਾਰ ਨੂੰ ਤਿਆਗ ਕੇ ਪਹਾੜਾਂ ਅਤੇ ਜੰਗਲਾਂ ਵਿਚ ਜਾ ਕੇ ਤਪ ਕਰਨ ਲਈ ਇਕਾਂਤੀ ਬਣਨਾ ਚਾਹੁੰਦੇ ਸਨ ਪਰੰਤੂ ਗੁਰੂ ਨਾਨਕ ਦੇਵ ਜੀ ਉਨ੍ਹਾਂ ਦੀ ਨਕਲੀ ਇਕਾਂਤੀ ਭਾਵਨਾ ਦੀ ਨਿਖੇਧੀ ਕਰਦੇ ਹਨ ਅਤੇ ਅਸਲੀ ਇਕਾਂਤੀ ਬਣਨ ਦਾ ਉਪਦੇਸ਼ ਦਿੰਦੇ ਹਨ :

**ਜੋਗੀ ਜੰਗਮ ਸੰਨਿਆਸੀ ਭੁਲੇ ਓਨ੍ਾ ਅਹੰਕਾਰੁ ਬਹੁ ਗਰਬੁ ਵਧਾਇਆ ॥**

**ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ ਮਨਹਠਿ ਜਨਮੁ ਗਵਾਇਆ ॥**[75]

ਅਨਹਦ ਸ਼ਬਦ ਦੀ ਧੁਨੀ ਵਿਚ ਸੁਰਤਿ ਜਾਗ ਉਠਦੀ ਹੈ। ਇਸ ਲਈ ਯੋਗਿਕ ਕ੍ਰਿਆ ਦੀ ਲੋੜ ਨਹੀਂ, ਕੇਵਲ ਗੁਰੂ ਦੇ ਬਚਨਾਂ ਰਾਹੀਂ ਨਾਮ ਵਿਚ ਮਨ ਨੂੰ ਲੀਨ ਕਰਨਾ ਹੀ ਕਾਫ਼ੀ ਹੈ। ਗੁਰਵਾਕ ਹੈ :

**ਖਟੁ ਮਟੁ ਦੇਹੀ ਮਨੁ ਬੈਰਾਗੀ ॥ ਸੁਰਤਿ ਸਬਦੁ ਧੁਨਿ ਅੰਤਰਿ ਜਾਗੀ ॥**

**ਵਾਜੈ ਅਨਹਦੁ ਮੇਰਾ ਮਨੁ ਲੀਣਾ ॥ ਗੁਰ ਬਚਨੀ ਸਚਿ ਨਾਮਿ ਪਤੀਣਾ ॥**[76]

ਭਾਵ ਸਾਡਾ ਸਰੀਰ ਛੇ ਚੱਕਰਾਂ ਵਾਲਾ ਮਠ ਹੈ, ਉਸ ਵਿਚ ਰਹਿਣ ਵਾਲਾ ਬੈਰਾਗੀ ਮਨ ਹੈ। ਉਸ ਮਨ ਵਿਚ ਸੁਰਤ-ਸ਼ਬਦ ਦਾ ਪ੍ਰਵਾਹ ਚਲ ਪੈਂਦਾ ਹੈ। ਸੁਰਤਿ ਵਿਚ ਸ਼ਬਦ ਹੈ ਜਿਸ ਦੇ ਆਨੰਦ ਵਿਚ ਮੇਰਾ ਮਨ ਲੀਨ ਹੁੰਦਾ ਹੈ ਕਿਉਂ ਜੋ ਇਸ ਤੋਂ ਪ੍ਰਭੂ ਹੋਂਦ ਝਰਦੀ ਹੈ ਜੋ ਸੀਤਲ ਸੁਭਾ ਵਾਲੀ ਹੈ। ਜਿਸ ਵੇਲੇ ਮਨ ਗੁਰਸ਼ਬਦ ਵਿਚ ਟਿਕਦਾ ਹੈ ਤਾਂ ਮਾਨੋ ਪ੍ਰਭੂ-ਹੋਂਦ ਦਾ ਇਕ ਪ੍ਰਵਾਹ ਹੀ ਚਲ ਪੈਂਦਾ ਹੈ ਜੋ ਅੰਤ ਨੂੰ ਸਮੁੱਚੇ ਪ੍ਰਭੂ-ਰੂਪ ਵਿਚ ਪ੍ਰਗਟ ਹੋ ਜਾਂਦਾ ਹੈ। ਪ੍ਰਵਾਹ-ਰੂਪ ਬਣਿਆ ਅਨਹਦ ਸ਼ਬਦ ਕਦੇ ਸੁਣਨੋ ਬੰਦ ਨਹੀਂ ਹੁੰਦਾ। ਗੁਰੂ ਦੇ ਬਚਨਾਂ ਨੂੰ ਪੂਰਨ ਮੰਨ ਕੇ ਹੀ ਇਸ ਸੱਚੇ ਨਾਮ ਵਿਚ ਮਨ ਪੂਰੀ ਤਰ੍ਹਾਂ ਸੰਤੁਸ਼ਟ ਹੁੰਦਾ ਹੈ ਅਤੇ ਸਦਾ ਲਈ ਟਿਕਦਾ ਹੈ। ਸੁਰਤ ਪੂਰੀ ਤਰ੍ਹਾਂ ਗੁਰਸ਼ਬਦ-ਰੂਪੀ ਹੁੰਦੀ ਹੈ :

**ਸਹਜ ਸਮਾਧਿ ਸਦਾ ਲਿਵ ਹਰਿ ਸਿਉ ਜੀਵਾਂ ਹਰਿ ਗੁਨ ਗਾਈ ॥**

**ਗੁਰ ਕੈ ਸਬਦਿ ਰਤਾ ਬੈਰਾਗੀ ਨਿਜ ਘਰਿ ਤਾੜੀ ਲਾਈ ॥**[77]

ਗੁਰੂ ਨਾਨਕ ਦੇਵ ਜੀ ਮੰਨਦੇ ਹਨ ਕਿ ਦੇਹ ਵਿਚ ਆਉਣ ਤੋਂ ਪਹਿਲਾਂ ਜਦੋਂ ਆਤਮਾ ਦਾ ਵਾਸਾ ਨਿਰੰਕਾਰ ਵਿਚ ਸੀ ਤਾਂ ਇਸ ਦਾ ਬੁਨਿਆਦੀ ਸੁਭਾਅ ਬੈਰਾਗੀ ਸੀ। 'ਸਿਧ ਗੋਸਟਿ' ਦੇ ਇਕ ਪ੍ਰਸ਼ਨ ਦੇ ਉੱਤਰ ਵਿਚ ਗੁਰੂ ਸਾਹਿਬ ਫ਼ਰਮਾਉਂਦੇ ਹਨ :

**ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ ॥**[78]

ਦੇਹ ਵਿਚ ਵਾਸ ਲੈਣ ਤੋਂ ਪਿੱਛੋਂ ਇਹ ਵੈਰਾਗੀ ਮਨ ਹਉਮੈ ਅਧੀਨ ਦੁਬਿਧਾ ਵਿਚ ਪੈ ਗਿਆ। ਇਹ ਹਉਮੈ ਦੇ ਬੰਧਨ ਹੀ ਦੁੱਖ-ਸੁੱਖ ਉਪਜਾਂਦੇ ਹਨ। ਅਜਿਹੀ ਸਥਿਤੀ ਵਿਚ ਮਨੁੱਖ ਆਸਾਨੀ ਨਾਲ ਛੁਟਕਾਰਾ ਨਹੀਂ ਪਾ ਸਕਦਾ। ਮਨੁੱਖ ਦਾ ਸੱਚਾ ਸੁਖ ਬਾਹਰੀ ਵਸਤੂਆਂ ਤੇ ਅਧਿਕਾਰ ਪ੍ਰਾਪਤ ਕਰਨ ਵਿਚ ਨਹੀਂ, ਸਗੋਂ ਮਨ ਦੀ ਸਥਿਰਤਾ ਅਤੇ ਆਤਮਾ ਦੀ ਪੂਰਨਤਾ ਵਿਚ ਹੈ। ਧੁਰ ਅੰਦਰ ਵਸਦੀ ਵਸਤੂ ਦੇ ਵਿਕਾਸ ਵਿਚ ਹੈ। ਸਦੀਵੀ ਸੁੱਖ ਉਸ ਸਾਧਨਾ ਵਿਚ ਹੈ, ਜਿਸ ਦਾ ਕੇਂਦਰ ਆਦਿ ਸੱਚ ਹੈ।

ਗੁਰੂ ਜੀ ਨੇ ਬੈਰਾਗ ਸਬੰਧੀ ਵਿਸ਼ੇਸ਼ ਸੋਝੀ ਇਸਤਰੀ ਅਤੇ ਭਰਤਾ ਰੂਪ ਵਿੱਚ ਵੀ ਕਰਾਈ ਹੈ। ਬਾਰਹਮਾਹ ਤੁਖਾਰੀ, ਸਾਰੰਗ ਤੇ ਮਲਾਰ ਆਦਿ ਰਾਗਾਂ ਵਿੱਚ ਕਈ ਅਜਿਹੇ ਅਲੰਕਾਰ ਵਰਤੇ ਹਨ ਜਿਨ੍ਹਾਂ ਵਿਚੋਂ ਬਿਰਹੋਂ ਦਾ ਵਸਲ ਰੂਪ ਬੜੀ ਖਿੱਚ ਪਾਉਂਦਾ ਹੈ। ਜੀਵ ਰੂਪ ਇਸਤਰੀ ਜਿਵੇਂ ਬੈਰਾਗਨ ਬਣਦੀ ਹੈ ਉਹ ਜੁਗਤੀ ਇਸ ਪ੍ਰਕਾਰ ਹੈ :

**ਹਉਮੈ ਛੋਡਿ ਭਈ ਬੈਰਾਗਨਿ ਤਬ ਸਾਚੀ ਸੁਰਤਿ ਸਮਾਨੀ।।**

**ਅਕੁਲ ਨਿਰੰਜਨ ਸਿਉ ਮਨੁ ਮਾਨਿਆ ਬਿਸਰੀ ਲਾਜ ਲੋਕਾਨੀ।।**[79]

ਗੁਰੂ ਨਾਨਕ ਦੇਵ ਜੀ ਪ੍ਰੀਤਮ ਵਿਛੋੜੇ ਵਾਲੀ ਇਸਤਰੀ ਦੀ ਬੈਰਾਗਮਈ ਮਨੋਦਿਸ਼ਾ ਨੂੰ ਬਿਆਨਦੇ ਆਖਦੇ ਹਨ ਕਿ ਬਾਹਰੋਂ ਸਜੀ ਸੰਵਰੀ ਇਸਤਰੀ ਕਿਸ ਪ੍ਰਕਾਰ ਪ੍ਰੀਤਮ ਮਿਲਾਪ ਲਈ ਤਾਂਘਦੀ ਹੈ। ਉਹ ਆਪਣੀ ਸਹੇਲੀ ਨੂੰ ਸੰਬੋਧਤ ਹੁੰਦੀ ਹੈ ਕਿ ਹੇ ਸਖੀ! ਮੈਂ ਸਜੀ ਸੰਵਰੀ ਕਿਸੇ ਕੰਮ ਦੀ ਨਹੀਂ ਹਾਂ ਕਿਉਂਕ ਮੇਰਾ ਪ੍ਰੀਤਮ ਪਿਆਰਾ ਮੇਰੇ ਤੋਂ ਬਹੁਤ ਦੂਰ ਹੈ। ਉਸ ਦਾ ਵਿਛੋੜਾ ਮੈਨੂੰ ਆਤਮਕ ਤੌਰ 'ਤੇ ਬਹੁਤ ਸਤਾਉਂਦਾ ਹੈ। ਮੈਂ ਨਿਮਾਣੀ ਨੀਂਦ ਨੂੰ ਵੀ ਤਰਲੇ ਕਰਦੀ ਹੈ ਕਿ ਉਹ ਮੇਰੇ ਨੈਣੀ ਆਵੇ ਅਤੇ ਮੈਂ ਆਪਣੇ ਵਿਛੜੇ ਖਸਮ ਦੇ ਦੀਦਾਰ ਕਰ ਸਕਾਂ ਭਾਵ ਜੀਵ ਰੂਪੀ ਇਸਤਰੀ ਬਾਹਰੋਂ ਸਜੀ ਹੋਈ ਆਪਣੇ ਪ੍ਰਭੂ ਪ੍ਰੀਤਮ ਦੇ ਸੱਚੇ ਦਰਸ਼ਨਾਂ ਨੂੰ ਬੈਰਾਗਵਾਨ ਹੋ ਲੋਚਦੀ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ :

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥

ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥

ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ ॥

ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥

ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ॥

ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥

ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥

ਜੋ ਸਹ ਕੰਠਿ ਨ ਲਗੀਆ ਜਲਹੁ ਸਿ ਬਾਹੜੀਆਹਾ ॥

ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ ॥

ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ ॥

ਮਾਠਿ ਗੁੰਦਾਈ ਪਟੀਆ ਭਰੀਐ ਮਾਗ ਸੰਧੂਰੇ ॥

ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ॥

ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥

ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥

ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥

ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥

ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥

ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥

ਕਿਉਂ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥[80]

ਗੁਰੂ ਨਾਨਕ ਦੇਵ ਜੀ ਮਨਮੁਖ ਵਿਅਕਤੀ ਨੂੰ ਉਪਦੇਸ਼ ਦਿੰਦੇ ਹਨ ਕਿ ਅੰਤਮ ਸਮੇਂ ਵਿਚ

ਕਿਸੇ ਮਿੱਤਰ ਪਿਆਰੇ ਨੇ ਤੇਰਾ ਸਾਥ ਨਹੀਂ ਦੇਣਾ ਪਰੰਤੂ ਜਿਹੜੇ ਮਨੁੱਖ ਗੁਰੂ ਦੀ ਸ਼ਰਨ ਵਿਚ ਆ ਜਾਂਦੇ ਹਨ। ਉਹੀ ਤੇਰੀ ਸਿਫ਼ਤ-ਸਲਾਹ ਕਰਦੇ ਹਨ ਤੇ ਨਾਨਕ! ਉਹ ਮਨੁੱਖ ਪ੍ਰਭੂ ਦੇ ਨਾਮ-ਰੰਗ ਵਿਚ ਰੰਗੇ ਰਹਿੰਦੇ ਹਨ। ਉਹ ਮਾਇਆ ਦੇ ਮੋਹ ਵੱਲੋਂ ਸਦਾ ਬੈਰਾਗੀ ਰਹਿੰਦੇ ਹਨ। ਉਹ ਆਪਣੇ ਹਿਰਦੇ ਰੂਪੀ ਘਰ ਵਿਚ ਟਿਕ ਕੇ ਪ੍ਰਭੂ-ਚਰਨਾਂ ਦੇ ਸੰਗ ਜੁੜੇ ਰਹਿੰਦੇ ਹਨ :

**ਅੰਤ ਕਾਲਿ ਕੋ ਬੇਲੀ ਨਾਹੀ ॥**

**ਗੁਰਮੁਖਿ ਜਾਤਾ ਤੁਧੁ ਸਾਲਾਹੀ ॥**

**ਨਾਨਕ ਨਾਮਿ ਰਤੇ ਬੈਰਾਗੀ ਨਿਜ ਘਰਿ ਤਾੜੀ ਲਾਈ ਹੇ ॥**[81]

ਆਪ ਜੀ ਬੈਰਾਗਨ ਇਸਤਰੀ ਰੂਪ ਵਿਚ ਆਖਦੇ ਹਨ ਕਿ ਹੇ ਮੇਰੇ ਮਨ! ਸਾਵਣ ਦੇ ਮਹੀਨੇ ਵਿਚ ਬੱਦਲ ਵਰ੍ਹ ਰਹੇ ਹਨ। ਕਾਲੀਆਂ ਘਟਾਵਾਂ ਨੂੰ ਵੇਖ ਕੇ ਮੇਰੇ ਅੰਦਰ ਤੜਪ ਪੈਦਾ ਹੁੰਦੀ ਹੈ। ਮੈਨੂੰ ਮੇਰਾ ਪਤੀ ਬਹੁਤ ਯਾਦ ਆਉਂਦਾ ਹੈ ਪਰੰਤੂ ਇਹ ਪਰਦੇਸ ਗਿਆ ਹੋਇਆ ਹੈ। ਬਿਜਲੀ ਚਮਕ ਕੇ ਮੈਨੂੰ ਡਰਾ ਰਹੀ ਹੈ। ਪ੍ਰੀਤਮ ਵਿਛੋੜੇ ਵਿਚ ਮੇਰੀ ਸੇਜ ਸੱਖਣੀ ਬਹੁਤ ਦੁੱਖ ਦਿੰਦੀ ਹੈ। ਇਹ ਦੁੱਖ ਮੈਨੂੰ ਮੌਤ ਦੇ ਬਰਾਬਰ ਹੈ। ਹਰੀ ਰੂਪੀ ਪਤੀ ਤੋਂ ਬਿਨਾ ਮੈਨੂੰ ਨਾ ਹੀ ਨੀਂਦ ਆਉਂਦੀ ਹੈ ਅਤੇ ਨਾ ਹੀ ਭੁੱਖ ਲਗਦੀ ਹੈ। ਉਸ ਦੇ ਸਰੀਰ ਨੂੰ ਤਾਂ ਕੱਪੜਾ ਵੀ ਚੰਗਾ ਨਹੀਂ ਲਗਦਾ। ਹੇ ਨਾਨਕ! ਉਹੀ ਭਾਗਾਂ ਵਾਲੀ ਜੀਵ ਇਸਤਰੀ ਪ੍ਰਭੂ-ਪਤੀ ਦੇ ਪਿਆਰ ਦੀ ਹੱਕਦਾਰ ਹੋ ਜਾਂਦੀ ਹੈ ਜਿਹੜੀ ਸਦਾ ਹੀ ਪ੍ਰਭੂ ਦੀ ਯਾਦ ਵਿਚ ਲੀਨ ਰਹਿੰਦੀ ਹੈ :

**ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥**

**ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ॥**

**ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ ॥**

**ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ॥**

**ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ ॥**

**ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ ॥**[82]

ਆਪ ਜੀ ਇਸਤਰੀ ਰੂਪ ਵਿਚ 'ਬਾਹਰਮਾਹਾ' (ਤੁਖਾਰੀ) ਵਿਚ ਬੈਰਾਗਵਾਨ ਹੋ ਪ੍ਰਭੂ ਨੂੰ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ! ਹਰੇਕ ਮਨੁੱਖ ਆਪਣੇ ਪੂਰਬਲੇ ਕੀਤੇ ਹੋਏ ਕਰਮਾਂ ਦੇ ਅਨੁਸਾਰ ਸੁੱਖ-ਦੁੱਖ ਭੋਗਦਾ ਹੈ। ਹੇ ਹਰੀ! ਮੈਂ ਤੇਰੀ ਰਚੀ ਮਾਇਆਧਾਰੀ ਰਚਨਾ ਵਿਚ ਰੁੱਝੀ ਹੋਈ ਹਾਂ। ਮੇਰਾ ਕੀ ਹਾਲ ਹੋਵੇਗਾ? ਤੇਰੇ ਤੋਂ ਬਿਨਾ ਮੇਰਾ ਇੱਕ ਘੜੀ ਵੀ ਜਿਉਣਾ ਦੁੱਭਰ ਹੈ। ਕੋਈ ਮਦਦਗਾਰ ਨਹੀਂ ਹੈ। ਗੁਰੂ ਦੀ ਸ਼ਰਨ ਪੈ ਕੇ ਮੈਂ ਤੇਰਾ ਨਾਮ-ਅੰਮ੍ਰਿਤ ਰਸ ਪੀਂਦੀ ਰਹਾਂ। ਤੇਰੀ ਰਚੀ ਹੋਈ ਰਚਨਾ ਵਿਚ ਰਹਿ ਕੇ ਉੱਤਮ ਕਰਮ ਕਰਦੀ ਹਾਂ। ਹੇ ਪ੍ਰਭੂ! ਤੂੰ ਇਸ ਜੀਵ ਇਸਤਰੀ ਦੀ ਬੇਨਤੀ ਸੁਣ। ਮੈਂ ਬੜੀ ਤੀਬਰਤਾ ਨਾਲ ਤੇਰਾ ਰਾਹ ਤੱਕ ਰਹੀ ਹਾਂ :

**ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ॥**

**ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ॥**

**ਹਰਿ ਰਚਨਾ ਤੇਰੀ ਕਿਆ ਗਤਿ ਮੇਰੀ ਹਰਿ ਬਿਨੁ ਘੜੀ ਨ ਜੀਵਾ॥**

**ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ ਗੁਰਮੁਖਿ ਅੰਮ੍ਰਿਤੁ ਪੀਵਾਂ॥**

**ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨਿ ਕਰਮ ਸੁਕਰਮਾ॥**

**ਨਾਨਕ ਪੰਥੁ ਨਿਹਾਲੇ ਸਾਧਨ ਤੂੰ ਸੁਣਿ ਆਤਮਰਾਮਾ॥**[83]

ਬੈਰਾਗਵਾਨ ਮਨੁੱਖ ਦੇ ਹਿਰਦੇ ਵਿਚ ਸਹਿਜ ਭਾਵ ਆਪਣੇ-ਆਪ ਉਤਪੰਨ ਹੋ ਜਾਂਦਾ ਹੈ। ਉਸ ਨੂੰ ਪ੍ਰਭੂ ਦੇ ਦਰਸ਼ਨ ਆਪਣੇ ਹਿਰਦੇ ਵਿਚੋਂ ਹੀ ਹੋ ਜਾਂਦੇ ਹਨ। ਗੁਰੂ ਸਾਹਿਬ ਜੀ ਫ਼ਰਮਾਉਂਦੇ ਹਨ ਕਿ ਹੇ ਪ੍ਰੀਤਮ! ਤੁਸੀਂ ਮੇਰੇ ਤਨ ਮਨ ਵਿਚ ਰਮੇ ਹੋਏ ਹੋ। ਮੇਰੀ ਬੇਨਤੀ ਸੁਣੋ, ਮੈਂ ਤੁਹਾਨੂੰ ਇੱਕ ਘੜੀ ਦੇ ਲਈ ਵੀ ਨਹੀਂ ਭੁਲਾ ਸਕਦਾ। ਮੈਂ ਤੁਹਾਡੇ ਤੋਂ ਸਦਕੇ ਜਾਂਦਾ ਹਾਂ। ਮੈਂ ਤੁਹਾਡੀ ਸਿਫ਼ਤ-ਸਲਾਹ ਕਰਕੇ ਆਤਮਕ ਅਨੰਦ ਪ੍ਰਾਪਤ ਕਰਦਾ ਹਾਂ। ਪਰਮਾਤਮਾ ਤੋਂ ਬਿਨਾ ਨਾ ਹੀ ਕੋਈ ਮੇਰਾ ਸਾਥੀ ਹੈ ਅਤੇ ਨਾ ਹੀ ਮੈਂ ਕਿਸੇ ਦਾ ਸਾਥੀ ਹਾਂ। ਪਰਮਾਤਮਾ ਦੀ ਯਾਦ ਤੋਂ ਬਿਨਾ ਮੇਰਾ ਮਨ ਧੀਰਜ ਨਹੀਂ ਫੜਦਾ। ਜਿਸ ਮਨੁੱਖ ਨੇ ਵੀ ਪਰਮਾਤਮਾ ਦਾ ਸਹਾਰਾ ਲਿਆ ਹੈ। ਉਸ ਦਾ ਸਰੀਰ ਪਵਿੱਤਰ ਹੋ ਜਾਂਦਾ ਹੈ। ਇਸ ਪ੍ਰਕਾਰ ਗੁਰੂ ਦੇ ਸ਼ਬਦਾਂ ਰਾਹੀਂ ਬੈਰਾਗੀ ਮਨੁੱਖ ਦੀ ਧੀਰਜਵਾਨ ਅਤੇ ਆਤਮਕ

ਅਨੰਦ ਪ੍ਰਾਪਤ ਕਰਦਾ ਹੈ। ਗੁਰਵਾਕ ਹੈ :

**ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ ॥**

**ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ ॥**

**ਕਿਉ ਘੜੀ ਬਿਸਾਰੀ ਹਉ ਬਲਿਹਾਰੀ ਹਉ ਜੀਵਾ ਗੁਣ ਗਾਏ ॥**

**ਨਾ ਕੋਈ ਮੇਰਾ ਹਉ ਕਿਸੁ ਕੇਰਾ ਹਰਿ ਬਿਨੁ ਰਹਣੁ ਨ ਜਾਏ ॥**

**ਓਟ ਗਹੀ ਹਰਿ ਚਰਣ ਨਿਵਾਸੇ ਭਏ ਪਵਿਤ੍ਰ ਸਰੀਰਾ ॥**

**ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ ਗੁਰ ਸਬਦੀ ਮਨੁ ਧੀਰਾ ॥**[84]

ਆਪ ਜੀ ਰਚਿਤ ਬਾਣੀ ਵਿਚ ਸਮਾਜਿਕ, ਧਾਰਮਿਕ, ਸੰਸਕ੍ਰਿਤਕ, ਰੰਗ-ਭੇਦ, ਨਸਲ-ਭੇਦ, ਆਰਥਿਕ ਅਤੇ ਰਾਸ਼ਟਰੀਅਤਾ ਆਧਾਰਿਤ ਦਰਜੇਬੰਦੀਆਂ ਲਈ ਕੋਈ ਸਥਾਨ ਨਹੀਂ ਹੈ। ਆਪ ਨੇ ਜਿਸ ਗੁਰਮੁਖੀ ਸਮਾਜ ਦੀ ਪਰਿਕਲਪਨਾ ਕੀਤੀ ਹੈ ਉਸ ਵਿਚ ਸਾਰੇ ਆਪਣੇ ਆਪ ਨੂੰ ਸ਼ਰਨਾਗਤ ਅਤੇ ਪਰਮੇਸ਼ਰ ਦੇ ਸੇਵਕ ਜਾਣ ਕੇ ਛੋਟਾ ਸਦਵਾਉਣ ਵਿਚ ਮਾਨ ਮਹਿਸੂਸ ਕਰਦੇ ਹਨ। ਕੋਈ ਵੀ ਵੱਡਾ ਬਣਨ ਦਾ ਯਤਨ ਨਹੀਂ ਕਰਦਾ ਅਤੇ ਅਜਿਹੇ ਸਮਾਜ ਵਿਚ ਦੁੱਖ ਵਿਛੋੜੇ ਅਤੇ ਰੋਗਾਂ ਦਾ ਪੂਰਨ ਅਭਾਵ ਹੋ ਜਾਂਦਾ ਹੈ :

**ਐ ਜੀ ਨਾ ਹਮ ਉਤਮ ਨੀਚ ਨ ਮਧਿਮ ਹਰਿ ਸਰਣਾਗਤਿ ਹਰਿ ਕੇ ਲੋਗ ॥**

**ਨਾਮ ਰਤੇ ਕੇਵਲ ਬੈਰਾਗੀ ਸੋਗ ਬਿਜੋਗ ਬਿਸਰਜਿਤ ਰੋਗ ॥**[85]

ਗੁਰੂ ਨਾਨਕ ਦੇਵ ਜੀ ਦੇ ਦੱਸੇ ਬੈਰਾਗ-ਸਿਧਾਂਤ ਦੇ ਤਿੰਨ ਪੱਖ ਸਪਸ਼ਟ ਹਨ : ਪਹਿਲਾ ਬੈਰਾਗ ਗ੍ਰਿਹਸਥ ਜੀਵਨ ਵਿਚ ਹੀ ਆਸਾ ਮਹਿ ਨਿਰਾਸ ਰਹਿਣ ਦਾ ਨਾਂ ਹੈ ਜਿਥੇ ਰਹਿੰਦਿਆਂ ਆਪਣੇ ਆਪ ਨੂੰ ਕਮਲ ਵਾਂਗ ਮੈਲ ਤੋਂ ਉਚੇਰੇ ਰਖਣਾ ਹੈ ਅਤੇ ਮੁਰਗਾਈ ਵਾਂਗ ਮਾਇਆ-ਪ੍ਰਭਾਵ ਤੋਂ ਅਭਿਜ ਰਹਿਣਾ ਹੈ। ਦੂਜਾ ਬੈਰਾਗ ਦੁਨੀਆ ਦੇ ਸਾਰੇ ਕਾਰ-ਵਿਹਾਰ ਕਰਦਿਆਂ ਗ੍ਰਿਹਸਥ ਵਿਚੋਂ ਉਦਾਸ ਰਹਿੰਦਿਆਂ, ਸੁਰਤਿ ਸਦਾ ਸ਼ਬਦ ਜਾਂ ਨਾਮ ਵਿਚ ਰਖਣੀ ਹੈ ਅਤੇ ਹੁਕਮ-ਰਜਾ ਦੀ ਪਾਲਣਾ ਕਰਨੀ ਹੈ। ਤੀਜਾ ਬੈਰਾਗ ਇਸ ਤਰ੍ਹਾਂ ਗੁਰਮੁਖ ਪਦਵੀ ਨੂੰ ਪ੍ਰਾਪਤ ਹੋ ਕੇ, ਮਨੁੱਖਤਾ ਦੀ

ਕਲਿਆਣ ਤੇ ਭਲੇ ਲਈ ਆਪਣਾ ਆਪ, ਤਨ, ਮਨ, ਧਨ ਕੁਰਬਾਨ ਕਰਨਾ ਹੈ।

ਗੁਰੂ ਨਾਨਕ ਸਾਹਿਬ ਦਾ ਬੈਰਾਗ ਸਾਡੇ ਲਈ ਚਾਨਣ ਮੁਨਾਰਾ ਹੈ। ਆਪ ਜੀ ਦੇ ਬੈਰਾਗ ਦੀ ਆਰੰਭਕ ਤੇ ਅੰਤਮ ਛੁਹ ਇਕੋ ਇਕ ਨਿਰੰਕਾਰੀ ਦਰਸ਼ਨ ਦੀ ਸਿਕ, ਪ੍ਰੇਮਾ-ਝਲਕ ੧ੴ ਦੀ ਧੁਨੀ ਦੇ ਉਸ ਅਨੂਠੇ ਰਸ ਵਿੱਚ ਲੈ ਜਾਂਦੀ ਹੈ ਜਿਥੇ ਸਦੀਵੀ ਅਨਹਤ ਨਾਦ ਸਦਾ ਵਿਸਮਾਦ, ਥਿਰ ਸੁਹਾਗ ਤੇ ਪਰਮ ਬੈਰਾਗ ਦਾ ਨਿਹਚਲ ਅਸਥਾਨ ਹੈ।

**(ਅ) ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿਚ ਬੈਰਾਗ :**

ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਪਿੱਛੋਂ ਉਨ੍ਹਾਂ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਨੇ ਗੁਰਗੱਦੀ ਪ੍ਰਾਪਤ ਨਾ ਹੋਣ ਕਰਕੇ ਇਕ ਵੱਖਰਾ 'ਉਦਾਸੀ ਮੱਤ' ਸਥਾਪਤ ਕਰ ਲਿਆ। ਇਸ ਮੱਤ ਵਿਚ ਉਨ੍ਹਾਂ ਨੇ ਗੁਰਮਤਿ ਸਿਧਾਂਤਾਂ ਦੇ ਉਲਟ ਬ੍ਰਹਮਚਾਰੀਆ ਅਤੇ ਸੰਸਾਰ ਤਿਆਗ ਕੇ ਵਿਰੱਕਤੀ ਜੀਵਨ 'ਤੇ ਜ਼ੋਰ ਦਿੱਤਾ। ਲੋਕ ਗੁਰੂ ਨਾਨਕ ਦੇਵ ਜੀ ਦਾ ਸਪੁੱਤਰ ਹੋਣ ਕਰਕੇ ਸ਼ਰਧਾਭਾਵੀ ਹੋ ਕੇ ਆਕਰਸ਼ਿਤ ਹੋਣ ਲੱਗੇ। ਇਸ ਸਮੇਂ ਗੁਰੂ ਅੰਗਦ ਦੇਵ ਜੀ ਨੇ ਬੜੀ ਦ੍ਰਿੜਤਾ ਅਤੇ ਹੌਸਲੇ ਤੋਂ ਕੰਮ ਲਿਆ। 'ਉਨ੍ਹਾਂ ਨੇ ਲੋਕਾਂ ਨੂੰ ਸਪਸ਼ਟ ਸ਼ਬਦਾਂ ਵਿਚ ਦੱਸ ਦਿੱਤਾ ਕਿ ਉਦਾਸੀ ਮੱਤ ਗੁਰੂ ਨਾਨਕ ਦੇਵ ਦੇ ਉਪਦੇਸ਼ਾਂ ਤੇ ਅਸੂਲਾਂ ਦੇ ਪ੍ਰਤੀਕੂਲ ਹੈ। ਜੇ ਗੁਰੂ ਸਾਹਿਬ ਇਸ ਸਮੇਂ ਉਚਿਤ ਕਾਰਵਾਈ ਨਾ ਕਰਦੇ ਤਾਂ ਹੋ ਸਕਦਾ ਕਿ ਸਿੱਖ ਧਰਮ ਬਾਲ ਅਵਸਥਾ ਵਿਚ ਹੀ ਉਦਾਸੀ ਮੱਤ ਵਿਚ ਘੁਲ-ਮਿਲ ਜਾਂਦਾ ਤੇ ਹਿੰਦੂ ਧਰਮ ਦੀ ਇਕ ਸੰਪਰਦਾ ਬਣ ਕੇ ਰਹਿ ਜਾਂਦਾ।'[86] ਪਰੰਤੂ ਗੁਰੂ ਅੰਗਦ ਦੇਵ ਜੀ ਨੇ ਸੰਗਤ ਨੂੰ ਗੁਰਮਤਿ ਬੈਰਾਗ ਦੀ ਸੋਝੀ ਕਰਵਾਈ। ਆਪ ਜੀ ਨੇ ਇਸਤਰੀ ਰੂਪ ਵਿਚ ਉਚਾਰਿਆ ਕਿ ਹੇ ਪ੍ਰਭੂ! ਕਿਸੇ ਦਾ ਕੋਈ ਸਹਾਰਾ ਹੈ, ਕਿਸੇ ਦਾ ਕੋਈ। ਪਰੰਤੂ ਮੇਰਾ ਇੱਕ ਤੂੰ ਹੀ ਸਹਾਰਾ ਹੈਂ। ਜਦੋਂ ਤੱਕ ਤੂੰ ਮੇਰੇ ਹਿਰਦੈ ਵਿਚ ਨਿਵਾਸ ਨਾ ਕਰੇਂ ਉਦੋਂ ਮੈਂ ਕਿਉਂ ਨਾ ਰੋ-ਰੋ ਕੇ ਪ੍ਰਾਣ ਤਿਆਗ ਦੇਵਾਂ :

**ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥**

**ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥**[87]

ਅਜਿਹੀ ਅੰਤਰੀਵੀ ਬੈਰਾਗਮਈ ਵੇਦਨਾ ਇਸਤਰੀ ਰੂਪੀ ਮਨੁੱਖੀ ਆਤਮਾ ਪ੍ਰਭੂ ਪਤੀ ਦੇ ਮੇਲ ਲਈ ਤੀਬਰ ਰੂਪ ਵਿਚ ਤਾਂਘਦੀ ਹੈ। ਉਹ ਵਿਆਕੁਲ ਹੋ ਕੇ ਪੁਕਾਰ ਉੱਠਦੀ ਹੈ ਕਿ ਜਿਨ੍ਹਾਂ ਦੇ ਘਰ ਵਿਚ ਪਤੀ ਉਨ੍ਹਾਂ ਦੇ ਸੰਗ ਹਨ। ਉਹ ਸਦਾ ਹੀ ਖ਼ੁਸ਼ੀਆਂ ਖੇੜੇ ਮਾਣਦੀਆਂ ਹਨ। ਪਰੰਤੂ ਜਿਨ੍ਹਾਂ ਇਸਤਰੀਆਂ ਦੇ ਪਤੀ ਦੂਰ ਹਨ। ਉਹ ਪ੍ਰੀਤਮ ਵਿਛੋੜੇ ਵਿਚ ਦਿਨ ਰਾਤ ਤੜਫਦੀਆਂ ਹਨ ਭਾਵ ਕਿ ਜਿਸ ਮਨੁੱਖ ਨੂੰ ਬੈਰਾਗ ਦੀ ਸੋਝੀ ਹੋ ਗਈ ਹੈ। ਉਸ ਦੇ ਮਨ ਦੀ ਭਟਕਣਾ ਦੂਰ ਹੋ ਜਾਂਦੀ ਹੈ ਅਤੇ ਉਸ ਦੇ ਮਨ ਵਿਚ ਹਰੀ ਦਾ ਵਾਸ ਹੋ ਜਾਂਦਾ ਹੈ ਪਰੰਤੂ ਜਿਹੜੇ ਮਨੁੱਖ ਨੂੰ ਬੈਰਾਗ ਦੀ ਸੋਝੀ ਨਹੀਂ ਹੁੰਦੀ ਉਹ ਹਮੇਸ਼ਾ ਦੁੱਖਾਂ ਵਿਚ ਤੜਫਦੇ ਰਹਿੰਦੇ ਹਨ :

**ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ ॥**

**ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ ॥**[88]

ਬੈਰਾਗ ਭਾਵ ਦੀ ਉਤਪਤੀ ਤੋਂ ਪਿੱਛੋਂ ਹੀ ਜਗਿਆਸੂ ਦੇ ਹਿਰਦੇ ਵਿਚ ਸਹਿਜਤਾ ਆਉਂਦਾ ਹੈ। ਉਸ ਦਾ ਵਿਆਕੁਲ ਚਿੱਤ ਸ਼ਾਂਤ ਹੋ ਜਾਂਦਾ ਹੈ। ਉਹ ਪ੍ਰਭੂ ਦਾ ਨਾਮ ਸਿਮਰਨ ਕਰਦਾ ਹੋਇਆ ਸਮ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ ਪਰ ਜਿਹੜੇ ਮਨਮੁਖ ਵਿਅਕਤੀ ਦੁਨੀਆਵੀ ਕਾਰ-ਵਿਹਾਰਾਂ ਵਿਚ ਖਚਿਤ ਰਹਿੰਦੇ ਹਨ। ਉਹ ਕਦੇ ਵੀ ਪਰਮਾਤਮਾ ਨੂੰ ਨਹੀਂ ਪਾ ਸਕੇ। ਉਹ ਸਦਾ ਭਟਕਣਾ ਵਿਚ ਘਿਰੇ ਰਹਿੰਦੇ ਹਨ :

**ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ ॥**

**ਨਾਨਕ ਝੂਰਿ ਮਰਹਿ ਦੋਹਾਗਣੀ ਜਿਨ੍ ਅਵਰੀ ਲਾਗਾ ਨੇਹੁ ॥**[89]

ਗੁਰਮੁਖ ਬੈਰਾਗੀ ਨੂੰ ਗਿਆਨ ਹੋ ਜਾਂਦਾ ਹੈ ਕਿ ਦ੍ਰਿਸ਼ਟ ਸੰਸਾਰ ਨਾਸ਼ਵਾਨ ਹੈ। ਇੱਥੇ ਕੋਈ ਵੀ ਸਥਿਰ ਹੋ ਕੇ ਨਹੀਂ ਵਸ ਸਕਦਾ। ਜੋ ਇਸ ਸੰਸਾਰ ਵਿਚ ਆਇਆ ਹੈ। ਉਸ ਨੇ ਇੱਕ ਦਿਨ ਇੱਥੋਂ ਤੁਰ ਜਾਣਾ ਹੈ। ਉਹ ਸੰਸਾਰੀ ਕਾਰ-ਵਿਹਾਰ ਕਰਦਿਆਂ ਨਿਰਲੇਪ ਰਹਿੰਦਾ ਹੈ ਪਰ ਅਗਿਆਨੀ ਮਨੁੱਖ ਨੂੰ ਕਦੇ ਵੀ ਅਜਿਹਾ ਖ਼ਿਆਲ ਨਹੀਂ ਆਉਂਦਾ। ਉਹ ਸੰਸਾਰੀ ਕਾਰਜਾਂ ਵਿਚ ਹੀ ਰੁੱਝਿਆ ਰਹਿੰਦਾ ਹੈ :

**ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ ॥**

**ਚਲਣ ਸਾਰ ਨ ਜਾਣਨੀ ਕਾਜ ਸਵਾਰਣਹਾਰ ॥**[90]

ਗੁਰੂ ਜੀ ਫ਼ਰਮਾਉਂਦੇ ਹਨ ਕਿ ਉਸ ਪ੍ਰਭੂ ਨੂੰ ਇਨ੍ਹਾਂ ਅੱਖਾਂ ਤੋਂ ਬਿਨਾ ਹਰ ਪਾਸੇ ਰਮਿਆਂ ਹੋਇਆ ਵੇਖਿਆ ਜਾਵੇ ਅਤੇ ਬਾਹਰਮੁਖੀ ਕੰਨਾਂ ਤੋਂ ਬਿਨਾ ਅੰਤਰ ਆਤਮਾ ਦੇ ਕੰਨਾਂ ਨਾਲ ਉਸਦਾ ਹੁਕਮ ਸੁਣਿਆ ਜਾਵੇ। ਪੈਰਾਂ ਤੋਂ ਬਿਨਾ ਭਾਵ ਸ਼ਰਧਾ ਭਾਵਨਾ ਨਾਲ ਪ੍ਰਭੂ ਦੇ ਸੱਚੇ ਦਰਬਾਰ ਵਿੱਚ ਚੱਲ ਕੇ ਜਾਇਆ ਜਾਵੇ। ਹੱਥਾਂ ਤੋਂ ਬਿਨਾ ਹੀ ਭਾਵ ਪ੍ਰੇਮ ਰੂਪੀ ਹੱਥਾਂ ਨਾਲ ਉਸਦੀ ਸੇਵਾ ਕੀਤੀ ਜਾਵੇ। ਉਸਦੀ ਸਿਫ਼ਤ ਜੀਭ ਤੋਂ ਬਿਨਾ ਹੀ ਭਾਵ ਹਿਰਦੇ ਨਾਲ ਕੀਤੀ ਜਾਵੇ। ਇਸ ਤਰ੍ਹਾਂ ਮਨੁੱਖ ਜੀਵਤ ਮਰ ਕੇ, ਪ੍ਰਭੂ ਦੇ ਸੱਚੇ ਹੁਕਮ ਦੀ ਪਛਾਣ ਕਰਕੇ ਉਸਨੂੰ ਮਿਲ ਸਕਦਾ ਹੈ :

**ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ ॥**

**ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ ॥**

**ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ ॥**

**ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ ॥**[91]

ਇਸ ਤਰ੍ਹਾਂ ਗੁਰੂ ਜੀ ਮਨੁੱਖ ਨੂੰ ਤੱਤ ਗਿਆਨ ਦੀ ਦਾਤ ਬਖ਼ਸ਼ਦੇ ਹੋਏ ਗੁਰਮਤਿ ਬੈਰਾਗ ਦੀ ਸੋਝੀ ਕਰਵਾਉਂਦੇ ਹਨ ।

**(ੲ) ਗੁਰੂ ਅਮਰਦਾਸ ਜੀ ਦੀ ਬਾਣੀ ਵਿੱਚ ਬੈਰਾਗ :**

ਗੁਰੂ ਅਮਰ ਦਾਸ ਜੀ ਨੂੰ ਬਿਰਧ ਅਵਸਥਾ ਵਿਚ ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਦਿਆਂ ਗੁਰਗੱਦੀ ਪ੍ਰਾਪਤ ਹੋਈ ਸੀ। 'ਆਸ਼ਰਮ ਵਿਵਸਥਾ ਅਨੁਸਾਰ ਪਿਛਲੀ ਉਮਰ ਵਿਚ ਵਿਅਕਤੀ ਜੰਗਲਾਂ ਵਿਚ ਇਕਾਂਤਵਾਸ ਹੋ ਕੇ ਤਪੱਸਿਆ ਕਰਦੇ ਹੋਏ ਮੁਕਤੀ ਹਾਸਲ ਕਰਨ ਦਾ ਮਾਰਗ ਧਾਰਨ ਕਰਦਾ ਸੀ ਤਾਂ ਇਸ ਦੇ ਉਲਟ ਸਿੱਖ ਧਰਮ ਵਿਚ ਇਹ ਪੈੜਾਂ ਪਾਉਣ ਦਾ ਯਤਨ ਤੇਜ਼ੀ ਨਾਲ ਕੀਤਾ ਗਿਆ ਕਿ ਦੁਨਿਆਵੀ ਜਗਤ ਵਿਚ ਰਹਿੰਦੇ ਹੋਏ ਵੀ ਮਨ ਨੂੰ ਕਾਬੂ ਕਰਕੇ ਮੁਕਤੀ ਹਾਸਲ ਕੀਤੀ ਜਾ ਸਕਦੀ ਹੈ।'[92] ਇਸ ਲਈ ਆਪ ਜੀ ਨੇ ਗੁਰਮਤਿ ਸਿਧਾਂਤ ਨੂੰ ਪਰਪੱਕ

ਕਰਦਿਆਂ ਗ੍ਰਿਹਸਥ ਜੀਵਨ ਤੇ ਜ਼ੋਰ ਦਿਤਾ ਜਿਸ ਵਿਚ ਰਹਿ ਕੇ ਮਨੁੱਖ ਆਪਣੀ ਸੁਰਤਿ ਪ੍ਰਭੂ ਚਰਨਾਂ ਵਿਚ ਲਗਾ ਕੇ ਦੁਨੀਆਵੀ ਬੈਰਾਗ ਪ੍ਰਾਪਤ ਕਰ ਸਕਦਾ ਹੈ।

ਗੁਰੂ ਅਮਰ ਦਾਸ ਜੀ ਅਨੁਸਾਰ ਸਹਿਜ ਯੋਗ ਦੀ ਪ੍ਰਾਪਤੀ ਲਈ ਮਨੁੱਖੀ ਅੰਤਰ-ਆਤਮਾ ਦਾ ਬੈਰਾਗ ਧਾਰਨ ਕਰਨਾ ਜ਼ਰੂਰੀ ਹੈ। ਮਨੁੱਖ ਲਈ ਹਉਮੈ ਤੋਂ ਨਿਰਲੇਪ ਰਹਿਣ ਲਈ ਪ੍ਰਭੂ ਨਾਲ ਪ੍ਰੀਤ ਜੋੜਨੀ ਆਵੱਸ਼ਕ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਮਨੁੱਖ ਇਸ ਸੰਸਾਰ ਵਿਚ ਤਿਆਗ ਅਤੇ ਬੈਰਾਗ ਦੇ ਅਗੰਮੀ ਰੰਗ ਵਿਚ ਰੰਗਿਆਂ ਹੋਇਆ ਜੀਵਨ ਬਤੀਤ ਕਰਦਾ ਹੈ। ਉਸ ਨੂੰ ਆਪਣੀ ਜ਼ਿੰਦਗੀ ਵਿਚ ਅਨੇਕਾਂ ਤਰ੍ਹਾਂ ਦੇ ਕਾਰ-ਵਿਹਾਰ ਹਰ ਅਵਸਥਾ ਵਿਚ ਨਿਭਾਉਣੇ ਪੈਂਦੇ ਹਨ। ਜਦੋਂ ਉਹ ਆਪਣਾ ਚਿੱਤ ਉਸ ਪ੍ਰਭੂ ਦੇ ਚਰਨਾਂ ਵਿਚ ਟਿਕਾਅ ਲੈਂਦਾ ਹੈ ਅਤੇ ਉਹ ਪ੍ਰਕਿਰਤੀ ਦੇ ਤਿੰਨਾਂ ਗੁਣਾਂ ਤੋਂ ਉੱਚਾ ਉਠ ਕੇ ਦੇਸ਼-ਕਾਲ ਦੀਆਂ ਹੱਦਾਂ ਟੱਪ ਕੇ ਪ੍ਰਭੂ ਨਾਲ ਅਭੇਦ ਹੋ ਜਾਂਦਾ ਹੈ ਤਾਂ ਉਹ ਜੀਵ ਆਤਮਾ ਅਮਰ, ਅਨੰਤ ਤੇ ਸਰਵ-ਵਿਆਪਕ ਹੋ ਜਾਂਦੀ ਹੈ। ਅਜਿਹੀ ਜੀਵ ਆਤਮਾ ਹੀ ਗੁਣਾਂ ਅਤੇ ਵਿਚਾਰਾਂ ਤੋਂ ਉਚੇਰੀ ਹੋ ਜਾਂਦੀ ਹੈ। ਅਧਿਆਤਮਿਕ ਪਰੀਪੇਖ ਵਿਚ ਕੇਵਲ ਇਸ ਤਰ੍ਹਾਂ ਹੀ ਬੈਰਾਗ ਦੀ ਪ੍ਰਾਪਤੀ ਹੋ ਸਕਦੀ ਹੈ ਅਤੇ ਮਨੁੱਖ ਅਸਲ ਵਿਚ ਮੁਕਤੀ ਪ੍ਰਾਪਤ ਕਰਦਾ ਹੈ। ਗੁਰਵਾਕ ਹੈ :

**ਇੰਦ੍ਰੀ ਪੰਚ ਪੰਚੇ ਵਸਿ ਆਣੈ ਖਿਮਾ ਸੰਤੋਖੁ ਗੁਰਮਤਿ ਪਾਵੈ ॥**

**ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥**[93]

ਗੁਰੂ ਜੀ ਬਚਨ ਕਰਦੇ ਹਨ ਕਿ ਹੇ ਮੇਰੇ ਮਨ! ਤੂੰ ਕਿਸ ਨੂੰ ਦਿਖਾਵੇ ਕਰਕੇ ਦਿਖਾਉਂਦਾ ਹੈ। ਅਸਲ ਵਿਚ ਤਾਂ ਜਿਹੜੇ ਹਰੀ ਦਾ ਜਸ ਗਾਉਂਦੇ ਹਨ। ਉਨ੍ਹਾਂ ਨੂੰ ਹੀ ਹਰੀ ਦਾ ਖੇੜੇ ਭਰਿਆ ਗੀਤ ਪ੍ਰਾਪਤ ਹੁੰਦਾ ਹੈ। ਤੂੰ ਸਭ ਦੁਨਿਆਵੀ ਪਾਖੰਡਾਂ ਨੂੰ ਛੱਡ ਕੇ ਬੈਰਾਗ ਧਾਰਨ ਕਰ। ਉਹ ਅਕਾਲ ਪੁਰਖ ਸਭ ਕੁਝ ਜਾਣਨਹਾਰ ਹੈ, ਉਹ ਸਰਵਵਿਆਪਕ ਹੈ। ਉਸ ਤੋਂ ਕੁਝ ਵੀ ਛੁਪਿਆ ਹੋਇਆ ਨਹੀਂ। ਇਸ ਲਈ ਗੁਰੂ ਦੇ ਰਾਹੀਂ ਉਸ ਦੇ ਹੁਕਮ ਭਾਵ ਰਜਾ ਵਿਚ ਰਹਿ। ਜੋ ਗੁਰਮੁਖ ਹਰੀ ਦੇ ਹੁਕਮ ਨੂੰ ਪਛਾਣ ਲੈਂਦਾ ਹੈ। ਉਸ ਨੂੰ ਸਾਰੇ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਸਹੀ ਰੂਪ ਵਿਚ ਉਹ ਹੀ

ਮਨੁੱਖ ਬੈਰਾਗੀ ਹੈ ਜਿਸ ਦਾ ਚਿੱਤ ਹਮੇਸ਼ਾ ਪ੍ਰਭੂ ਚਰਨਾਂ ਵਿਚ ਜੁੜਿਆ ਰਹਿੰਦਾ ਹੈ :

**ਮੇਰੇ ਮਨ ਬੈਰਾਗੀਆ ਤੂੰ ਬੈਰਾਗੁ ਕਰਿ ਕਿਸੁ ਦਿਖਾਵਹਿ ॥**

**ਹਰਿ ਸੋਹਿਲਾ ਤਿਨ੍ ਸਦ ਸਦਾ ਜੋ ਹਰਿ ਗੁਣ ਗਾਵਹਿ ॥**

**ਕਰਿ ਬੈਰਾਗੁ ਤੂੰ ਛੋਡਿ ਪਾਖੰਡੁ ਸੋ ਸਹੁ ਸਭੁ ਕਿਛੁ ਜਾਣਏ ॥**

**ਜਲਿ ਥਲਿ ਮਹੀਅਲਿ ਏਕੋ ਸੋਈ ਗੁਰਮੁਖਿ ਹੁਕਮੁ ਪਛਾਣਏ ॥**

**ਜਿਨਿ ਹੁਕਮੁ ਪਛਾਤਾ ਹਰੀ ਕੇਰਾ ਸੋਈ ਸਰਬ ਸੁਖ ਪਾਵਏ ॥**

**ਇਵ ਕਹੈ ਨਾਨਕੁ ਸੋ ਬੈਰਾਗੀ ਅਨਦਿਨੁ ਹਰਿ ਲਿਵ ਲਾਵਏ ॥**[94]

ਗੁਰੂ ਅਮਰਦਾਸ ਜੀ ਫ਼ਰਮਾਉਂਦੇ ਹਨ ਕਿ ਨਾਮ-ਰੂਪੀ ਅੰਮ੍ਰਿਤ ਪੀਣ ਨਾਲ ਮਨ ਦੇ ਸਾਰੇ ਸਸ਼ੰਕੇ ਤੇ ਭਰਮ ਮਿਟ ਜਾਂਦੇ ਹਨ। ਗੁਰੂ ਦੀ ਮਿਹਰ ਕਰਕੇ ਹੀ ਮਨੁੱਖ ਮੁਕਤੀ ਪਦ ਨੂੰ ਪ੍ਰਾਪਤ ਹੁੰਦਾ ਹੈ। ਅਸਲ ਵਿਚ ਬੈਰਾਗੀ ਉਹ ਹੀ ਹੈ ਜੋ ਹਮੇਸ਼ਾ ਪ੍ਰਭੂ ਪ੍ਰੇਮ ਭਗਤੀ ਵਿਚ ਰੰਗਿਆ ਰਹਿੰਦਾ ਹੈ। ਉਹ ਆਪਣੀ ਹਉਮੈਂ ਨੂੰ ਮਾਰ ਕੇ ਸੱਚੇ ਪ੍ਰਭੂ ਨੂੰ ਮਿਲ ਜਾਂਦਾ ਹੈ :

**ਅਪਿਉ ਪੀਐ ਸੋ ਭਰਮੁ ਗਵਾਏ ॥**

**ਗੁਰ ਪਰਸਾਦਿ ਮੁਕਤਿ ਗਤਿ ਪਾਏ ॥**

**ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥**[95]

ਆਮ ਜੀ ਫ਼ਰਮਾਉਂਦੇ ਹਨ ਕਿ ਜਿਹੜਾ ਮਨੁੱਖ ਨਾਮ ਰੂਪੀ ਗੁਰ-ਸ਼ਬਦ ਨੂੰ ਆਪਣੇ ਹਿਰਦੇ ਵਿਚ ਵਸਾ ਲੈਂਦਾ ਹੈ। ਉਸ ਦੇ ਸਾਰੇ ਪਾਪ ਕਰਮ ਨਸ਼ਟ ਹੋ ਜਾਂਦੇ ਹਨ। ਉਹੀ ਆਪਣੇ ਝੂਠੇ ਹੰਕਾਰ ਨੂੰ ਮਾਰ ਕੇ ਪ੍ਰਭੂ ਦੀ ਪ੍ਰਾਪਤੀ ਕਰ ਲੈਂਦਾ ਹੈ :

**ਕਿਲਵਿਖ ਕਾਟੈ ਕ੍ਰੋਧੁ ਨਿਵਾਰੈ ॥**

**ਗੁਰ ਕਾ ਸਬਦੁ ਰਖੈ ਉਰ ਧਾਰੈ ॥**

**ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥**[96]

ਗੁਰੂ ਅਮਰ ਦਾਸ ਜੀ ਫ਼ਰਮਾਉਂਦੇ ਹਨ ਕਿ ਮਨੁੱਖ ਦੇ ਮਨ ਵਿਚ ਸੱਚੇ ਬੈਰਾਗ ਦੀ ਭਾਵਨਾ ਉਦੋਂ ਉਤਪੰਨ ਹੁੰਦੀ ਹੈ ਜਦੋਂ ਉਹ ਸ਼ਬਦ ਰੂਪੀ ਗੁਰੂ ਦੇ ਭੈਅ ਵਿਚ ਵਿਚਰਦਾ ਹੈ। ਪਰਮਾਤਮਾ ਤਾਂ ਨਿਰਮਲ ਹੈ ਜੋ ਕਿ ਸਾਰਿਆਂ ਵਿਚ ਰਮ ਰਿਹਾ ਹੈ :

**ਮਨੁ ਬੈਰਾਗੀ ਜਾ ਸਬਦਿ ਭਉ ਖਾਇ ॥**

**ਮੇਰਾ ਪ੍ਰਭੁ ਨਿਰਮਲਾ ਸਭ ਤੈ ਰਹਿਆ ਸਮਾਇ ॥**[97]

ਗੁਰੂ ਅਮਰਦਾਸ ਜੀ ਰਾਗ ਗਉੜੀ ਵਿਚ ਫ਼ਰਮਾਨ ਕਰਦੇ ਹਨ ਕਿ ਬੈਰਾਗੀ ਪੁਰਖ ਉਹੀ ਹੈ ਜਿਹੜਾ ਕਿ ਸਦਾ ਪ੍ਰਭੂ ਦੇ ਨਾਮ ਰੰਗ ਵਿਚ ਰੰਗਿਆ ਰਹਿੰਦਾ ਹੈ। ਉਹ ਗ੍ਰਿਹਸਥ ਜੀਵਨ ਵਿਚ ਰਹਿੰਦਿਆਂ ਆਪਣੀ ਲਿਵ ਪਰਮਾਤਮਾ ਦੇ ਨਾਲ ਲਾਈ ਰੱਖਦਾ ਹੈ। ਗੁਰੂ ਦੀ ਕ੍ਰਿਪਾ ਨਾਲ ਹੀ ਅਜਿਹਾ ਬੈਰਾਗੀ ਵੱਡੇ ਭਾਗਾਂ ਵਾਲਾ ਹੈ :

**ਨਾਮਿ ਰਤੇ ਸਦਾ ਬੈਰਾਗੀ ॥**

**ਗ੍ਰਿਹੀ ਅੰਤਰਿ ਸਾਚਿ ਲਿਵ ਲਾਗੀ ॥**

**ਨਾਨਕ ਸਤਿਗੁਰੁ ਸੇਵਹਿ ਸੇ ਵਡਭਾਗੀ ॥**[98]

ਬੈਰਾਗ ਸਿਖਾਇਆ ਨਹੀਂ ਆਉਂਦਾ ਅਤੇ ਇਸ ਦੀ ਸੋਝੀ ਅਨੁਭਵ ਦੁਆਰਾ ਹੀ ਹੁੰਦੀ ਹੈ। ਬੈਰਾਗ ਕੋਈ ਵਿਖਾਉਣ ਵਾਲੀ ਵਸਤੂ ਨਹੀਂ ਜਿਵੇਂ ਕਿ ਕਈ ਸਾਧੂ ਭਗਵੇ ਜਾਂ ਫਟੇ-ਪੁਰਾਣੇ ਕੱਪੜੇ ਪਾ ਕੇ ਨੇਤਰਾਂ ਚੋਂ ਜਲ ਵਗਾ ਕੇ ਲੋਕਾਂ ਦੇ ਸਾਹਮਣੇ ਆਪਣੇ ਆਪ ਨੂੰ ਵੱਡਾ ਬੈਰਾਗੀ ਪ੍ਰਗਟ ਕਰਦੇ ਹਨ। ਮਨੁੱਖ ਸਰੀਰਕ ਵਿਖਾਵੇ ਤੋ ਉੱਚਾ ਉਠ ਕੇ ਲੋਕ-ਲਾਜ ਨੂੰ ਮਾਰ ਕੇ ਬੈਰਾਗ ਦੇ ਮਾਰਗ ਦਾ ਧਾਰਨੀ ਬਣ ਸਕਦਾ ਹੈ। ਸਤਿਗੁਰੂ ਅਮਰਦਾਸ ਜੀ ਨੇ ਗੁਰੂ ਸੇਵਾ ਦੁਆਰਾ ਆਪਣੀ ਕਾਇਆ ਨੂੰ ਕੰਚਨ ਬਣਾਇਆ ਭਾਵ ਨਿਰਮਲ ਕੀਤਾ ਤੇ ਫਿਰ ਨਿਰਮਲ ਨਾਮ ਦਾ ਅਖੰਡ ਜਾਪ ਕਰਕੇ ਬੈਰਾਗ ਦੇ ਗੁਣਾਂ ਦਾ ਸੰਗ੍ਰਹਿ ਕੀਤਾ। ਆਪ ਜੀ ਦੀ ਪਵਿੱਤਰ ਬਾਣੀ ਵਿਚੋਂ ਬੈਰਾਗ ਅਤੇ ਬੈਰਾਗੀ ਦਾ ਭਾਵ ਇਸ ਪ੍ਰਕਾਰ ਪ੍ਰਗਟ ਹੁੰਦਾ ਹੈ ਕਿ :

**ਜੋ ਮਨੁ ਮਾਰਹਿ ਆਪਣਾ ਸੇ ਪੁਰਖ ਬੈਰਾਗੀ ਰਾਮ ॥**

**ਸੇ ਜਨ ਬੈਰਾਗੀ ਸਚਿ ਲਿਵ ਲਾਗੀ ਆਪਣਾ ਆਪੁ ਪਛਾਣਿਆ ॥**

**ਮਤਿ ਨਿਹਚਲ ਅਤਿ ਗੂੜੀ ਗੁਰਮੁਖਿ ਸਹਜੇ ਨਾਮੁ ਵਖਾਣਿਆ ॥**[99]

ਵੈਰਾਗ ਹੀ ਭਟਕਦੇ ਮਨ ਨੂੰ ਦੁਨੀਆ ਵੱਲੋਂ ਹਟਾ ਕੇ ਸ਼ਾਂਤੀ ਦੇ ਸਰੋਤ ਪਰਮਾਤਮਾ ਨਾਲ ਜੋੜਦਾ ਹੈ। ਗੁਰਸਿੱਖ ਬੈਰਾਗੀ ਨੂੰ ਗ੍ਰਿਹਸਥ ਜੀਵਨ ਤਿਆਗਣ ਦੀ ਕੋਈ ਜ਼ਰੂਰਤ ਨਹੀਂ। ਸੋ ਗੁਰੂ ਦਾ ਸਿੱਖ ਘਰ ਵਿਚ ਰਹਿ ਕੇ ਨਾਮ ਰੂਪੀ ਬੈਰਾਗ ਨੂੰ ਕਮਾਉਂਦਾ ਹੋਇਆ ਸਦਾ ਹੀ ਬੈਰਾਗੀ ਹੈ। ਅਜਿਹਾ ਬੈਰਾਗ ਧਾਰਨ ਕਰਨ ਦੀ ਹਰ ਇਕ ਮਨੁੱਖ ਨੂੰ ਲੋੜ ਹੈ :

**ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ ॥**

**ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ ॥**[100]

**(ਸ) ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਬੈਰਾਗ :**

ਗੁਰੂ ਰਾਮਦਾਸ ਜੀ ਅਨੁਸਾਰ ਬੈਰਾਗ 'ਸ਼ਬਦ ਸਾਧਨਾ' ਦੇ ਮਾਰਗ ਵਿਚ ਬਿਰਹਾ ਵਿਛੋੜੇ ਵਾਲਾ ਬਿਰਹਾ ਨਹੀਂ, ਸਗੋਂ ਤਦਰੂਪਤਾ ਵਾਲਾ ਪ੍ਰੇਮ ਹੈ, ਇਹ ਮਿਲਾਪ ਦੀ ਤਾਂਘ ਦੀ ਆਸ਼ਾਵਾਦੀ ਸੁਰ ਹੈ। ਇਹ ਕੇਵਲ ਅਰਜੋਈ ਹੈ ਜਿਸ ਵਿਚ ਆਪਾ ਸਮਰਪਣ ਦੀ ਭਾਵਨਾ ਸਮਾਈ ਹੋਈ ਹੈ :

**ਮੈ ਹਰਿ ਬਿਰਹੀ ਹਰਿ ਨਾਮੁ ਹੈ ਕੋਈ ਆਣਿ ਮਿਲਾਵੈ ਮਾਇ ॥**

**ਤਿਸੁ ਅਗੈ ਮੈ ਜੋਦੜੀ ਮੇਰਾ ਪ੍ਰੀਤਮੁ ਦੇਇ ਮਿਲਾਇ ॥**[101]

ਪਰਮਾਰਥ ਸਿੱਧੀ ਪ੍ਰਾਪਤ ਕਰਨ ਲਈ ਸੱਚੀ ਸੰਗਤ ਦੀ ਲੋੜ ਪੈਂਦੀ ਹੈ। ਜਿੱਥੋਂ ਕਿ ਸੱਚਾ ਰਾਹ ਤੇ ਸੱਚਾ ਵੈਰਾਗ ਲੱਭਦਾ ਹੈ। ਇਸ ਲਈ ਗੁਰੂ ਰਾਮਦਾਸ ਜੀ ਫ਼ਰਮਾਉਂਦੇ ਹਨ ਕਿ ਜਿਸ ਮਨੁੱਖ ਨੂੰ ਵੱਡੇ ਭਾਗਾਂ ਨਾਲ ਸਾਧ-ਸੰਗਤ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਸਨੂੰ ਪ੍ਰਭੂ ਦੇ ਨਾਮ ਦਾ ਰਸ ਆਉਣ ਲੱਗ ਜਾਂਦਾ ਹੈ। ਉਹ ਹਰ ਸਮੇਂ ਆਪਣੀ ਸੁਰਤ ਨੂੰ ਪ੍ਰਭੂ ਦੇ ਨਾਲ ਜੋੜੀ ਰੱਖਦਾ ਹੈ। ਉਹ ਆਤਮਕ ਤੌਰ 'ਤੇ ਅਡੋਲ ਰਹਿੰਦਾ ਹੈ। ਜਦੋਂ ਮਨੁੱਖ ਆਤਮਕ ਤੌਰ 'ਤੇ ਅਡੋਲਤਾ ਵਿਚ ਲੀਨ ਹੋ ਜਾਂਦਾ ਹੈ, ਉਦੋਂ ਹੀ ਉਹ ਪ੍ਰਭੂ ਨੂੰ ਪਿਆਰਾ ਲੱਗਣ ਲੱਗ ਪੈਂਦਾ ਹੈ। ਫਿਰ ਉਹ ਮੋਹ ਮਾਇਆ ਨੂੰ ਤਿਆਗ ਕੇ ਨਿਰਲੇਪ ਹੋ ਜਾਂਦਾ ਹੈ। ਉਸ ਦੀ ਵਡਿਆਈ ਲੋਕ-ਪਰਲੋਕ ਵਿਚ ਹੋਣ

ਲੱਗ ਪੈਂਦੀ ਹੈ। ਪ੍ਰਭੂ ਦੇ ਸੱਚੇ ਨਾਮ ਵਿਚ ਉਸਦੀ ਲਗਨ ਲੱਗੀ ਰਹਿੰਦੀ ਹੈ। ਉਹ ਮਨੁੱਖ ਖ਼ੁਸ਼ੀ ਗ਼ਮੀ ਤੋਂ ਸੁਤੰਤਰ ਹੋ ਜਾਂਦਾ ਹੈ। ਉਹ ਪ੍ਰਭੂ ਦੇ ਹੁਕਮ ਵਿਚ ਰਹਿੰਦਾ ਹੈ। ਹੇ ਭਾਈ! ਜਦੋਂ ਵੱਡੇ ਭਾਗਾਂ ਨਾਲ ਕਿਸੇ ਮਨੁੱਖ ਨੂੰ ਸਾਧ-ਸੰਗਤ ਮਿਲਦੀ ਹੈ, ਉਦੋਂ ਉਸਨੂੰ ਪਰਮਾਤਮਾ ਦੇ ਨਾਮ ਦਾ ਰਸ ਆਉਣ ਲੱਗ ਜਾਂਦਾ ਹੈ :

**ਸਤਸੰਗਤਿ ਮਿਲੈ ਵਡਭਾਗਿ ਤਾ ਹਰਿ ਰਸੁ ਆਵਏ ਜੀਉ ॥**

**ਅਨਦਿਨੁ ਰਹੈ ਲਿਵ ਲਾਇ ਤ ਸਹਜਿ ਸਮਾਵਏ ਜੀਉ ॥**

**ਸਹਜਿ ਸਮਾਵੈ ਤਾ ਹਰਿ ਮਨਿ ਭਾਵੈ ਸਦਾ ਅਤੀਤੁ ਬੈਰਾਗੀ ॥**

**ਹਲਤਿ ਪਲਤਿ ਸੋਭਾ ਜਗ ਅੰਤਰਿ ਰਾਮ ਨਾਮਿ ਲਿਵ ਲਾਗੀ ।।**

**ਹਰਖ ਸੋਗ ਦੁਹਾ ਤੇ ਮੁਕਤਾ ਜੋ ਪ੍ਰਭੁ ਕਰੇ ਸੁ ਭਾਵਏ ।।**

**ਸਤਸੰਗਤਿ ਮਿਲੈ ਵਡਭਾਗਿ ਤਾ ਹਰਿ ਰਸੁ ਆਵਏ ਜੀਉ ।।**[102]

ਬੈਰਾਗ ਇਕ ਪ੍ਰਕਾਰ ਦੀ ਸੱਚੀ ਲਿਵ ਹੈ। ਜੇ ਇਹ ਲਿਵ ਲਗ ਜਾਏ ਤਾਂ ਚੰਚਲ ਮਨ ਇਧਰ-ਉਧਰ ਨਹੀਂ ਡੋਲਦਾ। ਜੇ ਇਹ ਲਿਵ ਟੁਟ ਜਾਏ ਤਾਂ ਦੇਹ ਨਿਮਾਣੀ ਜਿਹੀ ਹੋ ਜਾਂਦੀ ਹੈ ਅਤੇ ਮਾਇਆ ਦੇ ਮੰਡਲ ਵਿਚ ਜਾ ਡਿਗਦੀ ਹੈ। ਆਪ ਜੀ ਦੀ ਬਾਣੀ ਵਿਚੋਂ ਬੈਰਾਗ ਦੀ ਭਾਵਨਾ ਇਸ ਤਰ੍ਹਾਂ ਉਦਭਵ ਹੁੰਦੀ ਹੈ ਕਿ ਜਦੋਂ ਮਨੁੱਖ ਪਰਮਾਤਮਾ ਦੇ ਵਿਛੋੜੇ ਵਿਚ ਬਿਹਬਲ ਹੋ ਕੇ ਇਹ ਪੁਕਾਰ ਉਠਦਾ ਹੈ ਕਿ ਪਰਮਾਤਮਾ ਮੇਰੇ ਘਰ ਵਿਚ ਕਿਸ ਤਰ੍ਹਾਂ ਆਵੇ ਭਾਵ ਕਿ ਮੇਰਾ ਮੇਲ ਉਸ ਨਾਲ ਕਿਸ ਤਰ੍ਹਾਂ ਹੋਵੇ। ਉਸਦੇ ਦਰਸ਼ਨਾਂ ਨਾਲ ਮੇਰੇ ਸਾਰੇ ਦੁੱਖਾਂ-ਕਸ਼ਟਾਂ ਦਾ ਨਿਵਾਰਣ ਹੋਵੇ। ਮੈਂ ਗੁਰਮੁਖਾਂ ਨੂੰ ਬੇਨਤੀ ਕਰਦਾ ਹਾਂ ਕਿ ਕਿਹੜੇ ਢੰਗ ਨਾਲ ਉਸ ਪ੍ਰੀਤਮ ਪਿਆਰੇ ਨਾਲ ਮਿਲਾਪ ਹੋ ਸਕੇ :

**ਮੈ ਮਨਿ ਤਨਿ ਬਿਰਹੁ ਅਤਿ ਅਗਲਾ ਕਿਉ ਪ੍ਰੀਤਮੁ ਮਿਲੈ ਘਰਿ ਆਇ ॥**

**ਜਾ ਦੇਖਾ ਪ੍ਰਭੁ ਆਪਣਾ ਪ੍ਰਭਿ ਦੇਖਿਐ ਦੁਖੁ ਜਾਇ ॥**

**ਜਾਇ ਪੁਛਾ ਤਿਨ ਸਜਣਾ ਪ੍ਰਭੁ ਕਿਤੁ ਬਿਧਿ ਮਿਲੈ ਮਿਲਾਇ ॥ ੧ ॥**[103]

ਆਪ ਜੀ ਨੇ ਸਤਿਗੁਰੂ ਦਾ ਪਿਆਰ ਜਿਸ ਵਿਸਮਾਦੀ ਸ਼ਬਦਾਂ ਵਿਚ ਵਰਨਣ ਕੀਤਾ ਹੈ ਉਹ ਸੱਚੇ ਬੈਰਾਗ ਦੀ ਬਚਿੱਤ੍ਰ ਮੂਰਤ ਹੈ ਨਾਮ ਵਿਚ ਰਤੇ ਬੈਰਾਗੀ ਦੇ ਮਨ ਵਿਚ ਸਦਾ ਇਹ ਤਾਂਘ ਬਣੀ ਰਹਿੰਦੀ ਹੈ ਕਿ ਕਿਸ ਤਰ੍ਹਾਂ ਹਰੀ ਦੇ ਦਰਸ਼ਨ ਹੋਣ। ਪਰੰਤੂ ਇਹ ਤਾਂ ਉਹੀ ਜਾਣਦਾ ਹੈ ਕਿ ਜਿਸਨੇ ਆਪਣੀ ਸੱਚੀ ਪ੍ਰੀਤ ਹਰੀ ਨਾਲ ਲਾਈ ਹੋਵੇ। ਮੈਂ ਆਪਣੇ ਗੁਰੂ ਤੋਂ ਕੁਰਬਾਨ ਜਾਂਦਾ ਹਾਂ ਜਿਸ ਨੇ ਮੈਨੂੰ ਸਿਰਜਣਹਾਰ ਨਾਲ ਮੇਲ ਦਿੱਤਾ ਹੈ :

**ਹਮਰੈ ਮਨਿ ਚਿਤਿ ਹਰਿ ਆਸ ਨਿਤ ਕਿਉ ਦੇਖਾ ਹਰਿ ਦਰਸੁ ਤੁਮਾਰਾ ॥**

**ਜਿਨਿ ਪ੍ਰੀਤਿ ਲਾਈ ਸੋ ਜਾਣਤਾ ਹਮਰੈ ਮਨਿ ਚਿਤਿ ਹਰਿ ਬਹੁਤੁ ਪਿਆਰਾ ॥**

**ਹਉ ਕੁਰਬਾਨੀ ਗੁਰ ਆਪਣੇ ਜਿਨਿ ਵਿਛੁੜਿਆ ਮੇਲਿਆ ਮੇਰਾ ਸਿਰਜਨਹਾਰਾ ॥**

**ਮੇਰੇ ਰਾਮ ਹਮ ਪਾਪੀ ਸਰਣਿ ਪਰੇ ਹਰਿ ਦੁਆਰਿ ॥**

**ਮਤੁ ਨਿਰਗੁਣ ਹਮ ਮੇਲੈ ਕਬਹੂੰ ਅਪੁਨੀ ਕਿਰਪਾ ਧਾਰਿ ॥ ੧ ॥ ਰਹਾਉ ॥**[104]

ਜੋ ਦਰਸ਼ਨ ਲੋਚਾ ਆਪ ਜੀ ਦੇ ਹਿਰਦੇ ਵਿੱਚੋਂ ਉਠਦੀ ਹੈ ਉਹ ਵੀ ਕਮਾਲ ਦਰਜੇ ਦੀ ਹੈ ਕਿ ਆਪ ਜਗਿਆਸੂ ਇਸਤਰੀ ਦੇ ਰੂਪ ਵਿਚ ਪੁਕਾਰ ਉਠਦੇ ਹਨ ਕਿ ਹੇ ਹਰੀ! ਗੋਬਿੰਦ, ਹੇ ਮੇਰੇ ਪਿਆਰੇ! ਕਿਸੇ ਨੇ ਹਰੀ ਪ੍ਰਭੂ ਨੈਣਾਂ ਨਾਲ, ਨੈਣਾਂ ਵਾਲੇ ਗੁਰੂ ਦੁਆਰਾ ਅੰਤਰੀਵੀ ਦ੍ਰਿਸ਼ਟੀ ਨਾਲ ਤੇਰੇ ਦਰਸ਼ਨ ਕੀਤੇ ਹਨ। ਮੇਰਾ ਮਨ ਤਨ ਬਹੁਤ ਬੈਰਾਗੀ ਹੈ। ਹੇ ਮੇਰੇ ਗੁਰਦੇਵ! ਹਰੀ ਕੰਤ ਤੋਂ ਬਿਨਾ ਮੈਂ ਬਹੁਤ ਉਦਾਸ ਹਾਂ :

**ਨੈਣੀ ਮੇਰੇ ਪਿਆਰਿਆ ਨੈਣੀ ਮੇਰੇ ਗੋਵਿਦਾ ਕਿਨੈ ਹਰਿ ਪ੍ਰਭੁ ਡਿਠੜਾ ਨੈਣੀ ਜੀਉ ॥**

**ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਮੇਰੇ ਗੋਵਿੰਦਾ ਹਰਿ ਬਾਝਹੁ ਧਨ ਕੁਮਲੈਣੀ ਜੀਉ ॥**[105]

'ਆਸਾ ਕੀ ਵਾਰ' ਵਿਚ ਬੈਰਾਗ ਭਾਵਨਾ ਪ੍ਰਬਲ ਤਾਂਘ ਦੇ ਰੂਪ ਵਿਚ ਉਪਜਦੀ ਹੈ ਜਦੋਂ ਆਪ ਜੀ ਪ੍ਰਭੂ ਵਿਛੋੜੇ ਵਿਚ ਆਖਦੇ ਹਨ ਕਿ ਹੇ ਰਾਮ ਰਾਜੇ! ਮੈਨੂੰ ਆ ਕੇ ਮਿਲ। ਗੁਰੂ ਦੇ ਦੁਆਰਾ ਆ ਕੇ ਮਿਲ। ਮੇਰਾ ਮਨ ਤਨ ਬਹੁਤ ਬੈਰਾਗਵਾਨ ਹੋ ਗਿਆ ਹੈ। ਮੇਰੇ ਨੈਣ ਹਰਿ ਰਸ

ਨਾਲ ਭਰਪੂਰ ਹਨ :

**ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ ॥**

**ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ ਰਸਿ ਭਿੰਨੇ ॥**[106]

ਗੁਰੂ ਰਾਮਦਾਸ ਜੀ ਅਸਲ ਬੈਰਾਗੀ ਉਸ ਨੂੰ ਆਖਦੇ ਹਨ ਜਿਹੜਾ ਕਿ ਸੱਚੇ ਗੁਰੂ ਦੇ ਮਿਲਪ ਲਈ ਤਾਂਘਦਾ ਹੋਇਆ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹੋ ਜਾਂਦਾ ਹੈ ਅਤੇ ਪ੍ਰਭੂ ਨੂੰ ਅਰਜੋਈ ਕਰਦਾ ਹੈ ਕਿ ਮੇਰੇ ਉੱਤੇ ਜੇ ਤੂੰ ਮਿਹਰ ਕਰੇਂ ਅਤੇ ਮੈਨੂੰ ਗੁਰੂ ਮਿਲਾ ਦੇਵੇਂ ਤਾਂ ਤੇਰੇ ਦਰਸ਼ਨ ਕਰਨ ਲਈ ਮੈਂ ਹਮੇਸ਼ਾ ਤੇਰਾ ਨਾਮ ਸਿਮਰਦਾ ਰਹਾਂਗਾ। ਇਸ ਤਰ੍ਹਾਂ ਨਾਮ -ਸਿਮਰਨ ਹੀ ਬੈਰਾਗੀ ਪੁਰਸ਼ ਲਈ ਸੁਖਦਾਈ ਹੈ ਜੋ ਉਸ ਵਿਚ ਸਹਿਜਤਾ ਵਾਲਾ ਭਾਵ ਪੈਦਾ ਕਰਦਾ ਹੈ। ਉਸਦਾ ਹਿਰਦਾ ਨਿਰਮਲ ਹੋ ਹਰੀ ਜਸ ਵਿਚ ਲੀਨ ਹੋ ਕੇ ਪ੍ਰਭੂ ਪ੍ਰਾਪਤੀ ਲਈ ਸਹਿਜ ਮੇਲ ਦੀ ਤਾਂਘ ਬਣਾਈ ਰੱਖਦਾ ਹੈ :

**ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ**

**ਹਉ ਤਿਸੁ ਪਹਿ ਆਪੁ ਵੇਚਾਈ ॥੧ ॥**

**ਦਰਸਨੁ ਹਰਿ ਦੇਖਣ ਕੈ ਤਾਈ ॥**

**ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ ॥੧ ॥ ਰਹਾਉ ॥** [107]

ਆਪ ਜੀ ਦੇ ਹਿਰਦੇ ਵਿੱਚ ਪਰਮ ਬੈਰਾਗ ਸੀ ਜਿਹੜਾ ਆਪ ਜੀ ਦੀ ਪਵਿੱਤਰ ਬਾਣੀ ਤੋਂ ਪ੍ਰਗਟ ਹੁੰਦਾ ਹੈ। ਆਪ ਅਪਣੇ ਮਨ ਨੂੰ ਸੰਬੋਧਨ ਕਰਦਿਆਂ ਫ਼ਰਮਾਉਂਦੇ ਹਨ ਕਿ ਹੇ ਮਿੱਤਰ! ਹਮੇਸ਼ਾ ਪਰਾਤਮਾ ਦੇ ਨਾਮ ਦਾ ਰਸ ਚੱਖਿਆ ਕਰ। ਹਰੀ ਦਾ ਜਸ ਗਾਉਣ ਨਾਲ ਹੀ ਮੇਰਾ ਮਨ ਤਨ ਨਿਹਾਲ ਹੋ ਗਿਆ ਹੈ :

**ਹਰਿ ਭਾਉ ਲਗਾ ਬੈਰਾਗੀਆ ਵਡਭਾਗੀ ਹਰਿ ਮਨਿ ਰਾਖੁ ॥**

**ਮਿਲਿ ਸੰਗਤਿ ਸਰਧਾ ਊਪਜੈ ਗੁਰ ਸਬਦੀ ਹਰਿ ਰਸੁ ਚਾਖੁ ॥**

**ਸਭੁ ਮਨੁ ਤਨੁ ਹਰਿਆ ਹੋਇਆ ਗੁਰਬਾਣੀ ਹਰਿ ਗੁਣ ਭਾਖੁ ॥ ੧ ॥**[108]

ਗੁਰੂ ਰਾਮਦਾਸ ਜੀ ਨੇ ਗੁਰਮਤਿ ਮਰਯਾਦਾ ਵਿਚ ਰਹਿੰਦਿਆਂ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਮਾਰਗ, ਗ੍ਰਿਹਸਥ ਜੀਵਨ ਵਿਚ ਰਹਿ ਕੇ ਹੀ ਬੈਰਾਗਮਈ ਜੀਵਨ ਜਿਉਣ ਦੀ ਪ੍ਰੇਰਣਾ ਦਿੰਦਿਆਂ ਫ਼ਰਮਾਉਂਦੇ ਹਨ ਕਿ ਬੈਰਾਗੀ ਮਨੁੱਖ ਪਰਮਾਤਮਾ ਦੀ ਸੱਚੀ ਭਗਤੀ ਵਿਚ ਲੀਨ ਰਹਿੰਦਾ ਹੈ। ਸੰਸਾਰੀ ਜੀਵ ਹੋਣ ਕਰਕੇ ਭਾਵੇਂ ਉਹ ਇਸ ਦ੍ਰਿਸ਼ਟ ਸੰਸਾਰ ਵਿਚ ਵਿਚਰਦਾ ਹੈ ਪਰ ਗੁਰੂ ਦੀ ਕਿਰਪਾ ਕਰਕੇ ਉਸ ਦੇ ਮਨ ਦੀ ਭਟਕਣਾ ਖ਼ਤਮ ਹੋ ਚੁੱਕਦੀ ਹੈ। ਉਹ ਗ੍ਰਿਹਸਥੀ ਜੀਵਨ ਬਤੀਤ ਕਰਦਾ ਹੋਇਆ ਮਾਇਆ ਤੋਂ ਸਦਾ ਨਿਰਲੇਪ ਰਹਿੰਦਾ ਹੈ। ਜਿਸ ਤਰ੍ਹਾਂ ਕਿ ਕੰਵਲ ਦਾ ਫੁੱਲ ਚਿੱਕੜ ਵਿਚ ਰਹਿੰਦਿਆਂ ਨਿਰਲੇਪ ਰਹਿੰਦਾ ਹੈ :

**ਜਿਸੁ ਹਰਿ ਸੇਵਾ ਲਾਏ ਸੋਈ ਜਨੁ ਲਾਗੈ ॥**

**ਗੁਰ ਕੈ ਸਬਦਿ ਭਰਮ ਭਉ ਭਾਗੈ ॥**

**ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥**[109]

(ਹ) **ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਬੈਰਾਗ :**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਸਭ ਤੋਂ ਵੱਡਾ ਹਿੱਸਾ ਹੈ। ਆਪ ਜੀ ਦਾ ਜੀਵਨ ਅਨੇਕਾਂ ਹੀ ਔਖੀਆਂ ਘੜੀਆਂ ਵਿਚੋਂ ਲੰਘਿਆ ਪਰ ਆਪ ਜੀ ਸਦਾ ਅਡੋਲ ਅਤੇ ਨਾਮ ਰੰਗ ਦੇ ਬੈਰਾਗ ਵਿਚ ਸਥਿਰ ਰਹੇ। ਆਪ ਜੀ ਦਾ ਬੈਰਾਗ ਵਿਲੱਖਣ ਅਤੇ ਰਸਿਕ ਹੈ। ਬੈਰਾਗ ਵਿਚ ਆ ਕੇ ਆਪ ਜੀ ਨੇ ਬਾਣੀ ਉਚਾਰਨ ਕੀਤੀ। ਆਪ ਜੀ ਦੁਆਰਾ ਰਚਿਤ ਬਾਣੀਆਂ ਵਿਚੋਂ ਬਾਰਹਮਾਹ ਮਾਝ, ਗਉੜੀ ਬਾਵਨ ਅਖਰੀ, ਸੁਖਮਨੀ ਸਾਹਿਬ, ਡਖਣੇ, ਸਲੋਕ ਸਹਸਕ੍ਰਿਤੀ ਆਦਿ ਅੰਦਰ ਬੈਰਾਗ ਦੀ ਤੀਬਰ ਭਾਵਨਾ ਦਾ ਉਦਭਵ ਹੁੰਦਾ ਹੈ। ਆਪ ਜੀ ਨੇ ਸ੍ਰੀ ਰਾਗ ਵਿਚ ਆਪਣੇ ਰਚੇ ਹੋਏ ਪਹਿਲੇ ਸ਼ਬਦ ਦਾ ਅਰੰਭ ਹੀ ਬੈਰਾਗਮਈ ਦਸ਼ਾ ਨਾਲ ਕੀਤਾ ਹੈ :

**ਕਿਆ ਤੂ ਰਤਾ ਦੇਖਿ ਕੈ ਪੁਤ੍ਰ ਕਲਤ੍ਰ ਸੀਗਾਰ ॥**

**ਰਸ ਭੋਗਹਿ ਖੁਸੀਆ ਕਰਹਿ ਮਾਣਹਿ ਰੰਗ ਅਪਾਰ ॥**

**ਬਹੁਤੁ ਕਰਹਿ ਫੁਰਮਾਇਸੀ ਵਰਤਹਿ ਹੋਇ ਅਫਾਰ ॥**

**ਕਰਤਾ ਚਿਤਿ ਨ ਆਵਈ ਮਨਮੁਖ ਅੰਧ ਗਵਾਰ ॥ ੧ ॥**

**ਮੇਰੇ ਮਨ ਸੁਖਦਾਤਾ ਹਰਿ ਸੋਇ ॥**

**ਗੁਰ ਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥ ੧ ॥ ਰਹਾਉ ॥**[110]

ਗੁਰੂ ਜੀ ਮਨੁੱਖ ਨੂੰ ਇਸ ਦ੍ਰਿਸ਼ਟ ਸੰਸਾਰ ਅਤੇ ਉਸਦੇ ਨਾਸ਼ਵੰਤ ਸਰੀਰ ਪ੍ਰਤੀ ਬੈਰਾਗ ਭਾਵ ਪੈਦਾ ਕਰਨ ਲਈ ਇਸ ਜਗਤ ਅਤੇ ਦੇਹੀ ਵਿਚ ਲਾਹਾ ਖੱਟਣ ਆਇਆ ਸੀ ਪਰ ਹੁਣ ਤੂੰ ਵਿਅਰਥ ਕਾਰਜਾਂ ਵਿਚ ਕਿਉਂ ਲਿਖਤ ਹੈ। ਤੇਰੀ ਉਮਰ ਬੀਤਦੀ ਜਾਂਦੀ ਹੈ। ਦੇਖ, ਤੂੰ ਰੋਜ਼ ਸਵੇਰੇ ਉਠਕੇ ਆਪਣੀ ਦੇਹ ਸੰਵਾਰਦਾ ਹੈ। ਤੂੰ ਮੂਰਖ ਤੇ ਅਜਾਣ ਹੈਂ। ਤੈਨੂੰ ਕਦੇ ਵੀ ਸਿਰਜਨਹਾਰ ਪਰਮਾਤਮਾ ਕਦੇ ਯਾਦ ਨਹੀਂ ਆਇਆ। ਤੇਰੀ ਇਹ ਦੇਹ ਸ਼ਮਸ਼ਾਨ ਵਿਚ ਛੱਡੀ ਜਾਏਗੀ। ਪਰੰਤੂ ਜੇਕਰ ਤੂੰ ਚਾਹੁੰਦਾ ਹੈ ਕਿ ਸਦਾ ਅਨੰਦ ਵਿਚ ਰਹੇਂ ਤਾਂ ਸੱਚੇ ਸਤਿਗੁਰ ਨਾਲ ਪ੍ਰੀਤ ਲਗਾ ਅਤੇ ਉਸਦਾ ਨਾਮ-ਸਿਮਰਨ ਕਰ :

**ਭਲਕੇ ਉਠਿ ਪਪੋਲੀਐ ਵਿਣੁ ਬੁਝੇ ਮੁਗਧ ਅਜਾਣਿ ॥**

**ਸੋ ਪ੍ਰਭੁ ਚਿਤਿ ਨ ਆਇਓ ਛੁਟੈਗੀ ਬੇਬਾਣਿ ॥**

**ਸਤਿਗੁਰ ਸੇਤੀ ਚਿਤੁ ਲਾਇ ਸਦਾ ਸਦਾ ਰੰਗੁ ਮਾਣਿ ॥ ੧ ॥**

**ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥**

**ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥ ੧ ॥ ਰਹਾਉ ॥**[111]

ਆਪ ਜੀ ਦੇ ਬੈਰਾਗੀ ਮਨ ਵਿਚ ਪ੍ਰਭੂ ਦਰਸ਼ਨ ਦੀ ਤੀਬਰ ਵੇਦਨਾ ਇਸ ਪ੍ਰਕਾਰ ਪ੍ਰਗਟ ਹੁੰਦੀ ਹੈ ਕਿ ਹੇ ਪ੍ਰਭੂ ਤੇਰੇ ਦਰਸ਼ਨਾਂ ਦੀ ਚਾਹਤ ਲਈ ਮੈਂ ਬਹੁਤ ਭਾਲ ਕੀਤੀ ਹੈ ਅਤੇ ਅਨੇਕਾਂ ਜੰਗਲ ਗਾਹੇ ਹਨ ਪਰ ਮੈਂ ਅਸਫ਼ਲ ਰਿਹਾ। ਹੁਣ ਮੇਰੀ ਗੁਰਮੁਖਾਂ ਦੇ ਅੱਗੇ ਬੇਨਤੀ ਹੈ ਕਿ ਕੋਈ ਨਿਰਗੁਣ ਜਾਂ ਸਰਗੁਣ ਸਰੂਪ ਪਰਮਾਤਮਾ ਨਾਲ ਮੇਰਾ ਮੇਲ ਕਰਾ ਦੇਵੇ :

**ਖੋਜਤ ਖੋਜਤ ਦਰਸਨ ਚਾਹੇ ॥**

**ਭਾਤਿ ਭਾਤਿ ਬਨ ਬਨ ਅਵਗਾਹੇ ॥**

**ਨਿਰਗੁਣੁ ਸਰਗੁਣੁ ਹਰਿ ਹਰਿ ਮੇਰਾ ਕੋਈ ਹੈ ਜੀਉ ਆਣਿ ਮਿਲਾਵੈ ਜੀਉ ॥**[112]

ਗੁਰੂ ਅਰਜਨ ਦੇਵ ਜੀ ਪ੍ਰੀਤਮ ਵਿਜੋਗ ਦੀ ਵਿਆਕੁਲਤਾ ਨੂੰ ਪਪੀਹੇ ਦੇ ਬਿੰਬ ਰਾਹੀਂ ਬੈਰਾਗੀ ਮਨ ਦੀ ਅਵਸਥਾ ਨੂੰ ਚਿਤਰਦੇ ਹਨ ਕਿ ਮੇਰਾ ਇਹ ਮਨ ਗੁਰੂ ਦਰਸ਼ਨਾਂ ਲਈ ਉਚੇਰਾ ਤਾਂਘੀ ਹ। ਇਹ ਪਪੀਹੇ ਦੀ ਤਰ੍ਹਾਂ ਪੀਹੂ-ਪੀਹੂ ਕਰਦਾ ਹੈ ਭਾਵ ਵਿਛੋੜੇ ਦੀ ਸਥਿਤੀ ਵਿਚ ਤੜਪ ਰਿਹਾ ਹੈ। ਇਸ ਦੀ ਪਿਆਸ (ਪ੍ਰਭੂ-ਦੀਦਾਰ) ਕਿਤੇ ਵੀ ਨਹੀਂ ਬੁਝਦੀ, ਤੁਹਾਡੇ ਦਰਸ਼ਨਾਂ ਤੋਂ ਬਿਨਾਂ ਹੋਰ ਕਿਤੋਂ ਵੀ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਮੈਂ ਤੁਹਾਡੇ ਦਰਸ਼ਨ ਦਿਦਾਰੇ ਕਰਕੇ ਬਲਿਹਾਰੇ ਜਾਂਦਾ ਹੈ। ਤੁਹਾਡੇ ਮੁਖੋਂ ਉਚਰੀ ਹੋਈ ਬਾਣੀ ਅਸਲੀ ਗਿਆਨ ਦੀ ਪ੍ਰਾਪਤੀ ਕਰਾਉਂਦੀ ਹੈ। ਮੇਰਾ ਮਨ ਬਹੁਤ ਬਿਹਬਲ ਹੈ ਕਿਉਂਕਿ ਹੇ ਪ੍ਰਭੂ ! ਤੁਹਾਡੇ ਦਰਸ਼ਨ ਕੀਤਿਆਂ ਮੈਨੂੰ ਇੰਝ ਮਹਿਸੂਸ ਹੁੰਦਾ ਹੈ ਕਿ ਜਿਵੇਂ ਜੁਗ ਹੀ ਬੀਤ ਗਏ ਹੋਣ। ਧੰਨ ਉਹ ਸਥਾਨ ਹੈ, ਜਿੱਥੇ ਆਪ ਜੀ ਦਾ ਵਾਸਾ ਹੈ। ਪਹਿਲਾਂ ਜੇਕਰ ਕਦੇ ਇਕ ਪਲ ਵੀ ਦਰਸ਼ਨ ਨਾ ਹੁੰਦੇ ਤਾਂ ਮਨ ਵਿਹਾਕੁਲ ਹੋ ਜਾਂਦਾ ਸੀ। ਹੇ ਮੇਰੇ ਪ੍ਰੀਤਮ ਪਿਆਰੇ ! ਹੁਣ ਕਦੋਂ ਤੁਹਾਡੇ ਨਾਲ ਮੇਲ ਹੋਵੇਗਾ। ਉਹ ਸੁਲੱਖਣੀ ਘੜੀ ਕਦੋਂ ਆਵੇਗੀ, ਮੇਰੇ ਮਨ ਦੀ ਦਸ਼ਾ ਤਾਂ ਹੁਣ ਇਹ ਹੋ ਗਈ ਕਿ ਮੇਰੇ ਨੈਣਾਂ ਵਿਚ ਰਾਤ ਨੂੰ ਨੀਂਦ ਨਹੀਂ ਆਉਂਦੀ। ਪ੍ਰਭੂ ਦੀ ਕਿਰਪਾ ਨਾਲ ਮੇਰੇ ਭਾਗ ਜਾਗ ਪਏ ਹਨ ਕਿਉਂਕਿ ਸੱਚੇ ਗੁਰੂ ਨੇ ਮੈਨੂੰ ਆਪ ਜੀ ਨਾਲ ਮੇਲ ਦਿੱਤਾ ਹੈ। ਸਰਬਵਿਆਪੀ ਪ੍ਰਭੂ ਨੂੰ ਮੈਂ ਤਾਂ ਆਪਣੇ ਹਿਰਦੇ ਵਿਚੋਂ ਹੀ ਪ੍ਰਾਪਤ ਕਰ ਲਿਆ ਹੈ। ਮੇਰੇ ਬੈਰਾਗੀ ਮਨ ਦੀ ਹੁਣ ਤੀਬਰ ਲੋਚਾ ਹੈ ਕਿ ਮੈਂ ਆਪ ਜੀ ਦਾ ਦਾਸ ਬਣ ਕੇ ਸੇਵਾ ਕਰਾਂ ਅਤੇ ਪਲ ਭਰ ਲਈ ਵੀ ਨਾ ਵਿਛੜਾਂ :

**ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥**

**ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥**

**ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥**

**ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਓ ॥੧॥ ਰਹਾਉ ॥**

**ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥**

**ਚਿਰੁ ਹੋਆ ਦੇਖੇ ਸਾਰਿੰਗਪਾਣੀ ॥**

**ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥**[113]

ਗੁਰੂ ਅਰਜਨ ਦੇਵ ਜੀ ਸਵੈ-ਸੰਬੋਧਨੀ ਜੁਗਤ ਰਾਹੀਂ ਮਨੁੱਖ ਨੂੰ ਸੁਚੇਤ ਕਰਦਿਆਂ ਆਖਦੇ ਹਨ ਕਿ ਤੂੰ ਝੂਠੇ ਮੋਹ ਮਾਇਆ ਦੇ ਜਾਲ ਵਿਚ ਫ਼ਸਿਆ ਹੋਇਆ ਹੈਂ। ਤੂੰ ਇਸ ਨਾਸ਼ਵਾਨ ਸੰਸਾਰ ਅਤੇ ਸਰੀਰ ਵੱਲੋਂ ਉਪਰਾਮ ਹੋ ਕੇ ਪਰਮਾਤਮਾ ਦਾ ਨਾਮ ਸਿਮਰਨ ਕਿਉਂ ਨਹੀਂ ਕਰਦਾ। ਤੇਰਾ ਇਹ ਸਰੀਰ ਕਿਸੇ ਕੱਚੇ ਕੋਠੇ ਦੀ ਤਰ੍ਹਾਂ ਹੈ। ਜਿਸ ਨੂੰ ਤੂੰ ਸਥਾਈ ਸਮਝ ਬੈਠਿਆ ਹੈਂ। ਤੇਰੇ ਨਾਲ ਸਾਰੇ ਵਿਸ਼ੇ-ਵਿਕਾਰਾਂ ਦੇ ਰੋਗ ਚਿੰਬੜੇ ਪਏ ਹਨ ਜੋ ਤੇਰਾ ਪ੍ਰਭੂ ਨਾਲ ਮੇਲ ਨਹੀਂ ਹੋਣ ਦਿੰਦੇ। ਤੂੰ ਬੈਰਾਗੀ ਹੋ ਕੇ ਉਸ ਦਾ ਨਾਮ-ਸਿਮਰਨ ਕਿਉਂ ਨਹੀਂ ਕਰਦਾ :

**ਮਨ ਬੈਰਾਗੀ ਕਿਉ ਨ ਅਰਾਧੇ ॥**

**ਕਾਚ ਕੋਠਰੀ ਮਾਹਿ ਤੂੰ ਬਸਤਾ ਸੰਗਿ ਸਗਲ ਬਿਖੈ ਕੀ ਬਿਆਧੇ ॥੧॥ ਰਹਾਉ ॥**[114]

ਆਪ ਬੈਰਾਗਨ ਇਸਤਰੀ ਦੇ ਰੂਪ ਵਿਚ ਫ਼ਰਮਾਉਂਦੇ ਹਨ ਕਿ ਹੇ ਸਖੀ! ਮੈਂ ਸਦਾ ਉਪਰਾਮ ਹੋ ਤਾਂਘਦੀ ਹਾਂ ਅਤੇ ਸੁੱਖਾਂ ਮਨਾਉਂਦੀ ਹਾਂ ਕਿ ਕਿਵੇਂ ਪ੍ਰਭੂ ਆਪ ਹੀ ਮੇਰੀ ਆਸ ਪੂਰੀ ਕਰ ਦੇਵੇ। ਮੈਂ ਉਸਦੇ ਚਰਨਾਂ ਦੀ ਪਿਆਰੀ ਹੋ ਕੇ ਉਸਦੇ ਦਰਸ਼ਨਾਂ ਲਈ ਬੈਰਾਗੀ ਹੋ ਥਾਂ-ਥਾਂ ’ਤੇ ਭਾਲਦੀ ਫ਼ਿਰਦੀ ਹਾਂ ਕਿ ਕਿਵੇਂ ਕਿਤੋਂ ਮੈਨੂੰ ਸੰਤ ਜਨਾਂ ਦਾ ਸੰਗ ਪ੍ਰਾਪਤ ਹੋ ਜਾਵੇ ਜੋ ਮੇਰੇ ਸਮਰੱਥ ਪਤੀ ਨੂੰ ਮਿਲਾ ਦੇਵੇ। ਹੇ ਮਾਏ! ਉਹ ਚੰਗੇ ਭਾਗਾਂ ਵਾਲੇ ਹਨ ਜਿਨ੍ਹਾਂ ਨੂੰ ਸੰਤਾਂ ਦੇ ਸੰਗ ਨਾਲ ਪ੍ਰਭੂ ਪਿਆਰੇ ਨਾਲ ਮੇਲ ਹੋ ਗਿਆ :

**ਸਖੀ ਇਛ ਕਰੀ ਨਿਤ ਸੁਖ ਮਨਾਈ ਪ੍ਰਭ ਮੇਰੀ ਆਸ ਪੁਜਾਏ ॥**

**ਚਰਨ ਪਿਆਸੀ ਦਰਸ ਬੈਰਾਗਨਿ ਪੇਖਉ ਥਾਨ ਸਬਾਏ ॥**

**ਖੋਜਿ ਲਹਉ ਹਰਿ ਸੰਤ ਜਨਾ ਸੰਗੁ ਸੰਮ੍ਰਿਥ ਪੁਰਖ ਮਿਲਾਏ ॥**

**ਨਾਨਕ ਤਿਨ ਮਿਲਿਆ ਸੁਰਿਜਨੁ ਸੁਖਦਾਤਾ ਸੇ ਵਡਭਾਗੀ ਮਾਏ ॥**[115]

ਆਪ ਜੀ ਇਸਤਰੀ ਰੂਪ ਵਿਚ ਫ਼ਰਮਾਉਂਦੇ ਹਨ ਕਿ ਇਹ ਹੇ ਮੇਰੀ ਮਾਂ! ਮੈਂ ਕਿਹੜੇ ਗੁਣਾਂ ਦੀ ਮਿਹਰ ਸਦਕਾ ਆਪਣੀ ਜਿੰਦ ਦੇ ਮਾਲਕ ਪ੍ਰਭੂ ਨੂੰ ਮੇਲ ਸਕਾਂ? ਮੇਰੇ ਵਿਚ ਕੋਈ ਵੀ ਗੁਣ ਨਹੀਂ ਹੈ। ਮੈਂ ਆਤਮਕ ਰੂਪ ਤੋਂ ਸੱਖਣੀ, ਅਕਲਹੀਣ, ਬਲਹੀਣ ਅਤੇ ਪਰਦੇਸਣ ਹਾਂ। ਹੇ ਮੇਰੇ ਪ੍ਰਾਨਪਤੀ ਪ੍ਰਭੂ ਮੇਰੇ ਕੋਲ ਨਾ ਤਾਂ ਨਾਮ-ਰੂਮੀ ਧਨ ਹੈ ਅਤੇ ਨਾ ਹੀ ਆਤਮਕ ਗੁਣਾਂ ਦਾ ਜੋਬਨ ਹੈਜਿ  ਦਾ ਮੈਨੂੰ ਹੁਲਾਰਾ ਆ ਸਕੇ। ਮੈਨੂੰ ਅਨਾਥ ਨੂੰ ਆਪਣੇ ਚਰਨਾਂ ਵਿਚ ਜੋੜ ਲੈ। ਹੇ ਮੇ ਮਾਂ! ਮੈਂ ਪ੍ਰਭੂ ਦੇ ਦਰਸ਼ਨਾਂ ਲਈ ਤਿਹਾਈ ਫਿਰ ਰਹੀ ਹਾਂ। ਉਸਨੂੰ ਭਾਲਦੀ-ਭਾਲਦੀ ਮੈਂ ਬੈਰਾਗਨ ਹੋਈ ਪਈ ਹਾਂ। ਹੇ ਨਾਨਕ! ਦੀਨਾਂ ਤੇ ਦਿਆ ਅਤੇ ਕਿਰਪਾ ਕਰਨ ਵਾਲੇ ਪ੍ਰਭੂ, ਤੇਰੀ ਮਿਹਰ ਦੇ ਨਾਲ ਹੀ ਮੇਰੀ ਇਹ ਵਿਛੋੜੇ ਦੀ ਸੜਨ ਬੁਝਾ ਦਿੱਤੀ ਹੈ:

**ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ ॥੧॥ ਰਹਾਉ ॥**

**ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ ॥**

**ਨਾਹਨਿ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ ॥**

**ਖੋਜਤ ਖੋਜਤ ਭਈ ਬੈਰਾਗਨਿ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ ॥**[116]

**ਤਿਚਰੁ ਵਸਹਿ ਸੁਹੇਲੜੀ ਜਿਚਰੁ ਸਾਥੀ ਨਾਲਿ ॥**

**ਜਾ ਸਾਥੀ ਉਠੀ ਚਲਿਆ ਤਾ ਧਨ ਖਾਕੂ ਰਾਲਿ ॥੧॥**

**ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ ॥**

**ਧੰਨੁ ਸੁ ਤੇਰਾ ਥਾਨੁ ॥੧॥ ਰਹਾਉ ॥**

**ਜਿਚਰੁ ਵਸਿਆ ਕੰਤੁ ਘਰਿ ਜੀਉ ਜੀਉ ਸਭਿ ਕਹਾਤਿ ॥**

**ਜਾ ਉਠੀ ਚਲਸੀ ਕੰਤੜਾ ਤਾ ਕੋਈ ਨ ਪੁਛੈ ਬਾਤ ॥**

**ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿ ਵਸੁ ॥**

**ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ ॥**

**ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ ॥**

**ਨਾਨਕ ਧੰਨੁ ਸੋਹਾਗਣੀ ਜਿਨ ਸਹ ਨਾਲਿ ਪਿਆਰੁ ॥**[117]

ਗੁਰੂ ਅਰਜਨ ਦੇਵ ਜੀ ਪ੍ਰਭੂ ਵਿਛੋੜੇ ਤੋਂ ਵਿਆਕੁਲ ਹੋ ਤਾਂਘਦੇ ਹਨ ਕਿ ਹੇ ਭਾਈ! ਜੇ ਕੋਈ ਮਨੁੱਖ ਮੈਨੂੰ ਸੱਚੇ ਪ੍ਰਭੂ ਦੇ ਚਰਨਾਂ ਨਾਲ ਜੋੜ ਦੇਵੇ ਤਾਂ ਮੈਂ ਉਸ ਦੇ ਚਰਨ ਫੜ ਲਵਾਂ ਅਤੇ ਰਸਨਾ ਨਾਲ ਮਿੱਠੇ ਬੋਲ, ਬੋਲ ਕੇ ਉਸਦਾ ਧੰਨਵਾਦ ਕਰਾਂ। ਮੇਰੇ ਇਹ ਪ੍ਰਾਣ ਉਸਦੇ ਅੱਗੇ ਭੇਟਾ ਦੇ ਤੌਰ ’ਤੇ ਅਰਪਣ ਕਰ ਦਿੱਤੇ ਜਾਣ। ਇਸ ਤਰ੍ਹਾਂ ਗੁਰਮਤਿ ਬੈਰਾਗ ਵਿਚ ਸਵੈ-ਸਮਰਣ ਦੀ ਭਾਵਨਾ ਉਤਪੰਨ ਹੁੰਦੀ ਹੈ। ਕਿਸੇ ਸੱਚੇ ਗੁਰੂ ਦੇ ਅੱਗੇ ਜੋ ਉਸਨੂੰ ਨਾਮ-ਸਿਮਰਨੀ ਜੁਗਤ ਰਾਹੀਂ ਪ੍ਰਭੂ ਦੇ ਨਾਲ ਜੋੜਦਾ ਹੈ। ਜਿੱਥੇ ਉਸਨੂੰ ਪਰਮ ਅਨੰਦ ਦੀ ਪ੍ਰਾਪਤੀ ਹੁੰਦੀ ਹੈ :

**ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥**

**ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ ॥੧॥ ਰਹਾਉ ॥**[118]

ਬੈਰਾਗੀ ਲਈ ਆਪਣੇ ਪ੍ਰੀਤਮ ਦੀ ਯਾਦ ਵਿਚ ਲੀਨ ਰਹਿਣਾ ਹੀ ਜੀਵਨ ਹੈ। ਜਦੋਂ ਓਉਸਦਾ ਪ੍ਰੀਤਮ ਪਿਆਰਾ ਵਿਸਰ ਜਾਂਦਾ ਹੈ ਤਾਂ ਉਸਨੂੰ ਅਨੇਕਾਂ ਦੁੱਖਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸਦਾ ਅਤ੍ਰਿਪਤ ਮਨ ਇਧਰ-ਉਧਰ ਭਟਕਦਾ ਰਹਿੰਦਾ ਹੈ। ਪਰੰਤੂ ਜਿਸ ਮਨੁੱਖ ਤੇ ਪਰਮਾਤਮਾ ਦੀ ਕ੍ਰਿਪਾ ਹੋ ਜਾਂਦੀ ਹੈ। ਉਹ ਆਪਣੇ ਮਨ ਵਿਚ ਹਰੀ ਨਾਮ ਵਧਾ ਕੇ ਆਪਣੇ ਜੀਵਨ ਨੂੰ ਸੁਖਮਈ ਬਣਾ ਲੈਂਦਾ ਹੈ :

**ਦੁਖੁ ਤਦੇ ਜਾ ਵਿਸਰਿ ਜਾਵੈ ॥**

**ਭੁਖ ਵਿਆਪੈ ਬਹੁ ਬਿਧਿ ਧਾਵੈ ॥**

**ਸਿਮਰਤ ਨਾਮੁ ਸਦਾ ਸੁਹੇਲਾ ਜਿਸੁ ਦੇਵੈ ਦੀਨ ਦਇਆਲਾ ਜੀਉ ॥**[119]

ਅਜਿਹਾ ਬੈਰਾਗੀ ਆਪਣੇ ਅੰਦਰ ਹੀ ਵਾਹਿਗੁਰੂ ਦੀ ਯਾਦ ਵਿਚ ਜੁੜਿਆ ਰਹਿੰਦਾ ਹੈ। ਉਹ ਸਦਾ ਵਾਹਿਗੁਰੂ ਵਿਚ ਲਿਵ ਲਾਈ ਰੱਖਦਾ ਹੈ ਅਤੇ ਸਹਿਜ ਸਮਾਧੀ ਵਿਚ ਟਿਕਿਆ ਰਹਿੰਦਾ ਹੈ। ਜਿਉਂ-ਜਿਉਂ ਉਹ ਹਰੀ ਦੇ ਗੁਣ ਗਾਉਂਦਾ ਹੈ ਤਿਉਂ-ਤਿਉਂ ਉਹ ਅਨੰਦਮਈ ਅਵਸਥਾ ਪ੍ਰਾਪਤ ਕਰਦਾ ਹੈ :

**ਸਹਜਿ ਬੈਰਾਗੁ ਸਹਜੇ ਹੀ ਹਸਨਾ ॥**

**ਸਹਜੇ ਚੂਪ ਸਹਜੇ ਹੀ ਜਪਨਾ ॥**[120]

ਬੈਰਾਗ ਦੀ ਅਵਸਥਾ ਵਿਚ ਜਗਿਆਸੂ ਦਾ ਮਨ ਸੱਚੇ ਪਰਮਾਤਮਾ ਦੀ ਯਾਦ ਵਿਚ ਜੁੜਿਆ ਰਹਿੰਦਾ ਹੈ। ਸੰਸਾਰੀ ਪੱਖ ਤੋਂ ਉਸਦਾ ਵਿਵਹਾਰ ਬਹੁਤ ਚੰਗਾ ਹੁੰਦਾ ਹੈ। ਪਰੰਤੂ ਅੰਤਰੀਵ ਰੂਪ ਵਿਚ ਉਸਦੀ ਸੁਰਤ ਪ੍ਰਭੂ ਪ੍ਰੀਤ ਨਾਲ ਲੱਗੀ ਰਹਿੰਦੀ ਹੈ। ਜਿਸ ਤਰ੍ਹਾਂ ਕੰਵਲ ਚਿੱਕ ਵਿਚ ਨਿਰਲੇਪ ਰਹਿੰਦਾ ਹੈ। ਇਸੇ ਪ੍ਰਕਾਰ ਬੈਰਾਗੀ ਪੁਰਸ਼ ਵੀ ਸੰਸਾਰੀ ਹੁੰਦਾ ਹੋਇਆ ਨਿਰਲੇਪ ਰਹਿੰਦਾ ਹੈ :

**ਸਾਚਿ ਨਾਮਿ ਮੇਰਾ ਮਨੁ ਲਾਗਾ ॥**

**ਲੋਗਨ ਸਿਉ ਮੇਰਾ ਠਾਠਾ ਬਾਗਾ ॥ ੧ ॥**

**ਬਾਹਰਿ ਸੂਤੁ ਸਗਲ ਸਿਉ ਮਉਲਾ ॥**

**ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ ॥ ੧ ॥ ਰਹਾਉ ॥**[121]

ਗੁਰਮਤਿ ਵਿਚਾਰਧਾਰਾ ਵਿਚ ਅਜਿਹੇ ਜੀਵਨ ਨੂੰ ਗਿਆਨ-ਮੂਲਕ ਪ੍ਰਵਿਰਤੀ ਕਿਹਾ ਗਿਆ ਹੈ ਭਾਵ ਸੂਝ-ਬੂਝ ਵਾਲਾ ਜੀਵਨ। ਉਸ ਨੂੰ ਸਤਿ ਦਾ ਗਿਆਨ ਹੋ ਜਾਂਦਾ ਹੈ। ਉਹ ਸਤਿ-ਸਰੂਪ ਨਾਲ ਪ੍ਰੀਤ ਜੋੜਦਾ ਹੈ। ਇਸ ਸੰਸਾਰ ਨੂੰ ਅਸਤਿ ਸਮਝਦਾ ਹੈ। ਉਹ ਆਪਣੀ ਜ਼ਿੰਦਗੀ ਪ੍ਰਭੂ ਚਰਨਾਂ ਵਿਚ ਅਰਪਣ ਕਰਕੇ ਅਤੇ ਨਿਸ਼ਕਾਮ ਸੇਵਾ ਕਰਕੇ ਮੁਕਤੀ ਪ੍ਰਾਪਤ ਕਰਦਾ ਹੈ ਉਹ ਆਪਣੇ ਕਰਮਾਂ, ਆਪਣੀ ਸੇਵਾ ਦਾ ਫਲ਼ ਪ੍ਰਭੂ ਦੀ ਰਜਾ ਅਤੇ ਨਦਰਿ ਉੱਪਰ ਛੱਡ ਦਿੰਦਾ ਹੈ। ਅਜਿਹੇ ਮਨੁੱਖ ਨੂੰ ਨਿਹਕਾਮੀ (ਤ੍ਰਿਸ਼ਨਾ ਰਹਿਤ) ਜਾਂ ਨਿਹਕਰਮੀ (ਕਰਮ ਰਹਿਤ) ਕਿਹਾ ਗਿਆ ਹੈ। ਉਹ ਆਪਣੇ ਫ਼ਰਜ਼ਾਂ ਨੂੰ ਪਛਾਣਦਾ ਹੋਇਆ ਬਿਨਾਂ ਕਿਸੇ ਸਵਾਰਥ ਦੇ ਕਰਮ ਕਰਦਾ ਹੈ ਅਤੇ ਪ੍ਰਭੂ ਦੀ

ਭਗਤੀ ਨਾਲ ਪੂਰਤ ਹੋ ਕੇ ਫਲ਼ ਦੀ ਇੱਛਾ ਨਾ ਰੱਖਦਾ ਹੋਇਆ ਕਰਮ ਵੀ ਕਰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਨਿਹਕਾਮੀ ਅਤੇ ਨਿਹਕਰਮੀ ਨੂੰ ਇਸ ਤਰ੍ਹਾਂ ਵਰਣਨ ਕੀਤਾ ਹੈ :

**ਸੇਵਾ ਕਰਤ ਹੋਇ ਨਿਹਕਾਮੀ ॥**

**ਤਿਸ ਕਉ ਹੋਤ ਪਰਾਪਤਿ ਸੁਆਮੀ ॥**[122]

ਸਾਧਕ ਜਾਂ ਜਗਿਆਸੂ ਦੇ ਮਨ ਵਿਚ ਬੈਰਾਗਮਈ ਭਾਵਨਾ ਉਦੋਂ ਉਤਪੰਨ ਹੁੰਦੀ ਹੈ ਜਦੋਂ ਉਸ ਨੂੰ ਸੰਸਾਰਕ ਨਾਸ਼ਮਾਨਤਾ ਦਾ ਬੋਧ ਹੋ ਜਾਂਦਾ ਹੈ ਜਾਂ ਉਦੋਂ ਜਦੋਂ ਉਸ ਨੂੰ ਇਹ ਪਤਾ ਲਗ ਜਾਂਦਾ ਹੈ ਕਿ ਮੌਤ ਮੇਰੇ ਅੱਗੇ ਹੈ ਅਤੇ ਪਿੱਛੋਂ ਦੁੱਖ ਮਿਲੇਗਾ। ਉਸ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਮੈਂ ਇਕ ਦਿਨ ਮਰ ਜਾਣਾ ਹੈ ਅਤੇ ਮੈਨੂੰ ਕੀਤੇ ਕਰਮਾਂ ਤੇ ਪਛਤਾਉਣਾ ਪਵੇਗਾ :

**ਬੂਝਿ ਬੈਰਾਗੁ ਕਰੇ ਜੇ ਕੋਇ ॥**

**ਜਨਮ ਮਰਣ ਫਿਰਿ ਸੋਗੁ ਨ ਹੋਇ ॥**[123]

**ਗੁਰ ਸਬਦਿ ਰਤੇ ਸਦਾ ਬੈਰਾਗੀ ਹਰਿ ਦਰਗਹ ਸਾਚੀ ਪਾਵਹਿ ਮਾਨੁ ॥**[124]

ਗੁਰਮਤਿ ਵੈਰਾਗ ਪ੍ਰਭੂ ਦੀ ਯਾਦ ਨੂੰ ਪਰਪੱਕ ਕਰਦਾ ਹੈ। ਪ੍ਰੀਤਮ ਦੀ ਯਾਦ ਪ੍ਰਬਲ ਰੂਪ ਵਿਚ ਤਾਂ ਹੀ ਆਵੇਗੀ ਜੇ ਪ੍ਰੇਮ ਤੇ ਬੈਰਾਗ ਦੇ ਮੰਡਲ ਵਿਚ ਵਿਚਰਿਆ ਜਾਵੇਗਾ। ਪ੍ਰੇਮ ਅਤੇ ਬੈਰਾਗਮਈ ਭਾਵਨਾ ਪਹਿਲਾਂ ਸਾਨੂੰ ਸਵੈ ਨਾਲ, ਫਿਰ ਸਤਿਗੁਰੂ ਨਾਲ, ਫਿਰ ਸਮੁੱਚੀ ਕਰਤਾਰਤਾ ਤੇ ਕਰਤਾਰ ਨਾਲ ਜੋੜਦੀ ਹੈ। ਇਹ ਇਕ ਜੀਵਨ-ਜਾਚ ਹੈ ਜੋ ਲੋਕ ਵਿਚ ਵੀ ਅਤੇ ਪਰਲੋਕ ਵਿਚ ਵੀ ਹੈ। *"ਬ੍ਰਹਮ ਗਿਆਨੀ ਆਪਿ ਪਰਮੇਸੁਰ"* ਦੀ ਮਿਲਾਪ ਭਰੀ ਅਵਸਥਾ ਦਾ ਧੁਰਾ ਪ੍ਰੇਮ ਅਤੇ ਬੈਰਾਗ ਹੈ।

**(ਕ) ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਬੈਰਾਗ** :

ਗੁਰੂ ਗੋਬਿੰਦ ਸਿੰਘ ਜੀ ਦੀ ਰਚਿਤ ਬਾਣੀ 'ਦਸਮ ਗ੍ਰੰਥ' ਦੇ ਰੂਪ ਵਿਚ ਪ੍ਰਾਪਤ ਹੁੰਦੀ ਹੈ। ਗੁਰੂ ਸਾਹਿਬ ਨੇ ਆਤਮ ਸੰਬੋਧਨੀ ਸੁਰ ਵਿਚ ਜਗਿਆਸੂ ਨੂੰ ਬੈਰਾਗ ਧਾਰਨ ਕਰਨ ਲਈ ਕਿਹਾ ਹੈ।

ਆਪ ਫ਼ਰਮਾਉਂਦੇ ਹਨ ਕਿ ਹੇ ਮੇਰੇ ਮਨ! ਸੰਨਿਆਸ ਇਸ ਤਰ੍ਹਾਂ ਧਾਰਨ ਕਰੋ ਕਿ ਆਪਣੇ ਸਾਰੇ ਮਹਿਲਾਂ ਨੂੰ ਹੀ ਜੰਗਲ ਕਰਕੇ ਸਮਝੋ ਅਤੇ ਆਪਣੇ ਮਨ ਵਿਚ ਹੀ ਜਗਤ ਵੱਲੋਂ ਨਿਰਮੋਹੇ ਰਹੋ। ਜਟਾਂ ਰੱਖਣ ਦੀ ਥਾਂ ਜਤ ਨੂੰ ਧਾਰਨ ਕਰੋ। ਗਿਆਨ ਇੰਦਰੀਆਂ ਨੂੰ ਵਿਸ਼ੇ-ਵਿਕਾਰਾਂ ਵੱਲੋਂ ਰੋਕਣਾ ਹੀ ਜਤ ਹੈ। ਹੱਥਾਂ ਦੇ ਨਹੁੰ ਵਧਾਉਣ ਦੀ ਥਾਂ ਨੇਮਾਂ ਦੀ ਪਾਲਣਾ ਕਰੋ। ਬ੍ਰਹਮ ਗਿਆਨ ਨੂੰ ਸਮਝੋ ਅਤੇ ਆਪਣੇ ਆਪ ਨੂੰ ਗਿਆਨ ਦਾ ਉਪਦੇਸ਼ ਦੇਵੋ। ਸਰੀਰ ਤੇ ਸੁਆਹ ਮਲਣ ਦੀ ਥਾਂ ਪ੍ਰਭੂ ਦਾ ਨਾਮ ਜਪੋ। ਇਸ ਪ੍ਰਕਾਰ ਜਦੋਂ ਜਗਿਆਸੂ ਦੇ ਮਨ ਅੰਦਰ ਪ੍ਰਭੂ ਦਾ ਡਰ ਪੈਦਾ ਹੋ ਜਾਂਦਾ ਹੈ ਤਦ ਉਸ ਮਨ ਅੰਦਰ ਬੈਰਾਗ ਪੈਦਾ ਹੁੰਦਾ ਹੈ ਅਤੇ ਉਹ ਪ੍ਰਭੂ ਦੀ ਭਗਤੀ ਕਰਨ ਲਗਦਾ ਹੈ। ਭਗਤੀ ਕਰਨ ਦੇ ਨਾਲ ਹੀ ਉਸ ਵਿਚ ਸਰਬ ਕਲਿਆਣਕਾਰੀ ਕਰਮ ਕਰਨ ਦਾ ਜਜ਼ਬਾ ਪੈਦਾ ਹੁੰਦਾ ਹੈ :

**ਰੇ ਮਨ ਐਸੋ ਕਰ ਸੰਨਿਆਸਾ ॥**

**ਬਨ ਸੇ ਸਦਨ ਸਬੈ ਕਰ ਸਮਝਹੁ ਮਨਹੀ ਮਾਹਿ ਉਦਾਸਾ ॥ ੧ ॥ ਰਹਾਉ ॥**

**ਜਤ ਕੀ ਜਟਾ ਜੋਗ ਕੋ ਮੱਜਨੁ ਨੇਮ ਕੇ ਨਖੁਨ ਬਢਾਓ ॥**

**ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ ॥ ੧ ॥**

**ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥**

**ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ ॥ ੨ ॥**

**ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਯਾਵੈ ॥**

**ਤਬ ਹੀ ਆਤਮ ਤਤ ਕੋ ਦਰਸੈ ਪਰਮ ਪੁਰੁਖ ਕਹ ਪਾਵੈ ॥ ੩ ॥ ੧ ॥**[125]

**ਗੁਰਮਤਿ ਵਿਚਾਰਧਾਰਾ ਅਨੁਸਾਰ ਬੈਰਾਗ ਕੀ ਨਹੀਂ :**

ਗੁਰਮਤਿ ਵਿਚਾਰਧਾਰਾ ਦੇ ਅਨੁਸਾਰ ਬੈਰਾਗ ਦੇ ਸੰਕਲਪ ਦੀ ਗੰਭੀਰ ਅਤ ਵਿਸਤਰਿਤ ਜਾਣਕਾਰੀ ਪ੍ਰਾਪਤ ਕਰਨ ਪਿੱਛੋਂ ਇਹ ਵੀ ਜਾਣਨਾ ਜ਼ਰੂਰੀ ਹੈ ਕਿ ਬੈਰਾਗ ਕੀ ਨਹੀਂ ਹੈ। ਗੁਰੂ ਅਮਰਦਾਸ ਜੀ ਦੇ ਅਨੁਸਾਰ ਬੈਰਾਗ ਦੀ ਅਵਸਥਾ ਉਸ ਮਨੁੱਖ ਦੇ ਹਿਰਦੇ ਵਿਚ ਪੈਦਾ ਨਹੀਂ ਹੁੰਦੀ ਜਿਹੜਾ ਕਿ ਮੋਹ ਦੇ ਜੰਜਾਲ ਵਿਚ ਫਸਿਆ ਰਹਿੰਦਾ ਹੈ। ਉਹ ਸੰਸਾਰੀ ਵਿਸ਼ੇ-ਵਿਕਾਰਾਂ ਤੋਂ

ਉਪਰਾਮ ਹੋ ਕੇ ਪ੍ਰਭੂ ਦਾ ਨਾਮ-ਸਿਮਰਨ ਨਹੀਂ ਕਰਦਾ। ਉਹ ਇਸ ਲੋਕ ਵਿਚ ਵੀ ਦੁਖੀ ਰਹਿੰਦਾ ਹੈ ਅਤੇ ਮੌਤ ਪਿੱਛੋਂ ਹਰੀ ਦੇ ਦਰਬਾਰ ਵਿਚ ਵੀ ਆਪਣੀ ਇੱਜ਼ਤ ਗੁਆ ਬੈਠਦਾ ਹੈ। ਇਸ ਤਰ੍ਹਾਂ ਵਿਸ਼ੇ-ਵਿਕਾਰਾਂ ਵਿਚ ਘਿਰਿਆ ਮਨੁੱਖ ਕਦੇ ਵੀ ਬੈਰਾਗ ਨੂੰ ਪ੍ਰਾਪਤ ਨਹੀਂ ਕਰ ਸਕਦਾ। ਉਸਦੇ ਮਨ ਦੀ ਭਟਕਣਾ ਕਦੇ ਵੀ ਖ਼ਤਮ ਨਹੀਂ ਹੋ ਸਕਦੀ। ਉਸਨੂੰ ਕਦੇ ਵੀ ਸੱਚੇ ਪ੍ਰਭੂ ਮਿਲਾਪ ਦੇ ਗਿਆਨ ਦੀ ਸੋਝੀ ਨਹੀਂ ਆ ਸਕਦੀ ਪਰੰਤੂ ਗੁਰੂ ਦੀ ਕਿਰਪਾ ਕਰਕੇ ਹੀ ਮਨੁੱਖ ਦੇ ਹਿਰਦੇ ਵਿਚ ਹਉਮੈ ਵਰਗੇ ਦੀਰਘ ਰੋਗ ਦਾ ਨਾਸ਼ ਹੋ ਸਕਦਾ ਹੈ ਅਤੇ ਸਦਾ ਪ੍ਰਭੂ ਦੇ ਨਾਮ ਰਤਿਆਂ ਨੂੰ ਹੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ :

**ਮਨਮੁਖੁ ਮੋਹਿ ਵਿਆਪਿਆ ਬੈਰਾਗੁ ਉਦਾਸੀ ਨ ਹੋਇ॥**

**ਸਬਦੁ ਨ ਚੀਨੈ ਸਦਾ ਦੁਖੁ ਹਰਿ ਦਰਗਹਿ ਪਤਿ ਖੋਇ॥**

**ਹਉਮੈ ਗੁਰਮੁਖਿ ਖੋਈਐ ਨਾਮਿ ਰਤੇ ਸੁਖੁ ਹੋਇ॥**[126]

ਮਨੁੱਖ ਦਾ ਦੁਨੀਆਂ ਤੋਂ ਉਪਰਾਮ ਹੋ ਕੇ ਪ੍ਰਭੂ ਦੀ ਪ੍ਰਾਪਤੀ ਲਈ ਜੰਗਲਾਂ ਵਿਚ ਜਾ ਕੇ ਜਪ-ਤਪ ਕਰਨਾ, ਨੰਗੇ ਹੋ ਫਿਰਨਾ, ਬੈਰਾਗ ਨਹੀਂ ਹੈ। ਪਰੰਤੂ ਅਸਲ ਵਿਚ ਨਾਮ-ਸਿਮਰਨ ਦੀ ਜੁਗਤ ਰਾਹੀਂ ਹੀ ਕਿਸੇ ਸੱਚੇ ਬੈਰਾਗੀ ਦੀ ਲਿਵ ਪਰਮਾਤਮਾ ਦੇ ਨਾਲ ਜੁੜਦੀ ਹੈ ਜੋ ਇਸ ਸੰਸਾਰ ਵਿਚ ਵਿਚਰਦਾ ਹੋਇਆ ਵੀ ਇਸ ਵਿਚ ਖਚਿਤ ਨਹੀਂ ਹੁੰਦਾ :

**ਬਨੁ ਬਨੁ ਖੋਜਤ ਫਿਰਤ ਬੈਰਾਗੀ॥**

**ਬਿਰਲੇ ਕਾਹੂ ਏਕ ਲਿਵ ਲਾਗੀ॥**[127]

ਗੁਰਮਤਿ ਦੇ ਅਨੁਸਾਰ ਧਾਰਮਕ ਗ੍ਰੰਥਾਂ, ਵੇਦ ਪੁਰਾਣਾਂ ਨੂੰ ਪੜ੍ਹ-ਪੜ੍ਹ ਕੇ ਅਤੇ ਤੀਰਥ ਸਥਾਨਾਂ 'ਤੇ ਜਾ ਕੇ ਇਸ਼ਨਾਨ ਕਰਨ ਦੇ ਨਾਲ ਬੈਰਾਗ ਦੀ ਪ੍ਰਾਪਤੀ ਨਹੀਂ ਹੋ ਸਕਦੀ ਭਾਵ ਕੋਈ ਗੀਤ ਗਾਉਂਦਾ ਹੈ ਅਤੇ ਨਾਦ ਵਜਾਉਂਦਾ ਹੈ। ਇਹ ਸਾਰੇ ਸੰਸਾਰੀ ਕਰਮ ਹੀ ਹਨ। ਇਹ ਪ੍ਰਭੂ ਪ੍ਰਾਪਤੀ ਦੇ ਸਾਧਨ ਨਹੀਂ ਹਨ। ਪਰੰਤੂ ਅਸਲ ਬੈਰਾਗ ਦੀ ਪ੍ਰਾਪਤੀ ਤਾਂ ਮਨੁੱਖ ਨੂੰ ਨਿਰਭੈ ਹੋ ਕੇ

ਹਰੀ ਜਸ ਗਾਉਣ ਨਾਲ ਹੁੰਦੀ ਹੈ। ਇਸ ਦੇ ਨਾਲ ਹੀ ਮਨੁੱਖੀ ਮਨ ਵਿਚ ਸਹਿਜ ਬਿਰਤੀ ਉਤਪੰਨ ਹੁੰਦੀ ਹੈ ਜੋ ਉਸਨੂੰ ਆਤਮਕ ਅਨੰਦ ਦਿੰਦੀ ਹੈ। ਬਾਹਰੀ ਦਿਖਾਵੇ ਕਰਦੇ ਪੰਡਤ ਜਾਂ ਬੈਰਾਗੀ ਬਾਰੇ ਇਸ ਤਰ੍ਹਾਂ ਕਿਹਾ ਗਿਆ ਹੈ ਕਿ :

**ਪੋਥੀ ਪੰਡਿਤ ਬੇਦ ਖੋਜੰਤਾ ਜੀਉ ॥**

**ਹੋਇ ਬੈਰਾਗੀ ਤੀਰਥਿ ਨਾਵੰਤਾ ਜੀਉ ॥**

**ਗੀਤ ਨਾਦ ਕੀਰਤਨੁ ਗਾਵੰਤਾ ਜੀਉ ॥**[128]

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰਮਤਿ ਵਿਚਾਰਧਾਰਾ ਵਿਚੋਂ ਉਤਪੰਨ ਹੋਏ ਬੈਰਾਗ ਚਿੰਤਨ ਨੇ ਭਾਰਤੀ ਪਰੰਪਰਿਕ ਅਤੇ ਰੂੜ ਹੋਏ ਬੈਰਾਗ ਦੇ ਸੰਕਲਪ ਨੂੰ ਤੋੜਿਆ। ਇਸ ਵਿਚ ਸਕਾਰਾਤਮਕ ਪਰਿਵਰਤਨ ਲਿਆ ਕੇ ਇਸ ਨੂੰ ਮਨੁੱਖੀ ਜ਼ਿੰਦਗੀ ਦੇ ਰੱਬੀ ਯਥਾਰਥ ਨਾਲ ਜੋੜ ਕੇ ਪੇਸ਼ ਕੀਤਾ। ਮਨੁੱਖ ਦੇ ਸਮਾਜਕ ਜੀਵਨ ਨੂੰ ਗਤੀਸ਼ੀਲਤਾ ਪ੍ਰਦਾਨ ਕਰਕੇ ਉਸ ਨੂੰ ਨਿਜ ਰੂਪ ਵਿਚ ਇਕ ਅਕਾਲ ਪੁਰਖ ਦੇ ਚਰਨਾਂ ਨਾਲ ਜੋੜਿਆ।

## ਹਵਾਲੇ ਅਤੇ ਟਿੱਪਣੀਆਂ

1. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਤੀਜੀ, ਅੰਗ 903.
2. ਜੀਤ ਸਿੰਘ ਸੀਤਲ (ਸੰਪਾ.), *ਗੁਰਮਤਿ ਸਾਹਿਤ*, ਪੰਨਾ 227.
3. *ਉਹੀ*, ਪੰਨਾ 232.
4. ਤ੍ਰਿਪਤ ਕੌਰ ਡਾ., *ਭਗਤ ਵਾਣੀ* (ਭਾਗ ਪਹਿਲਾ), ਪੰਨਾ XX.
5. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਚੌਥੀ, ਅੰਗ 1195.
6. 'Guru Nanak had been non-attachment to maya or the world, it had at the same time maintained a keen social consciousness in respect of the issues of deeper and wider morality in human events and the forces that manifest themselves in history.' Gurbachan Singh Talib (Ed.), *Guru Teg Bahadur, Background and the supreme sacrifice*, P. X, (introductory)
7. ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 418.
8. ਰਤਨ ਸਿੰਘ ਜੱਗੀ ਡਾ., *ਗੁਰੂ ਗ੍ਰੰਥ ਵਿਸ਼ਵਕੋਸ਼* (ਭਾਗ ਪਹਿਲਾ), ਪੰਨਾ 402-403.
9. ਅੰਮ੍ਰਿਤਪਾਲ ਕੌਰ ਡਾ., *ਸ਼ਬਦ ਅਨੁਕ੍ਰਮਣਿਕਾ ਤੇ ਕੋਸ਼ : ਕਬਿੱਤ ਸਵੈਯੇ ਭਾਈ ਗੁਰਦਾਸ*, ਪੰਨਾ 159.
10. ਸ਼੍ਰੀਮਤ ਪੰਡਿਤ ਤਾਰਾ ਸਿੰਘ ਨਰੋਤਮ ਕ੍ਰਿਤ, *ਗੁਰੂ ਗਿਰਾਰਥ ਕੋਸ਼*, (ਪਹਿਲੀ ਜਿਲਦ), ਹਰਭਜਨ ਸਿੰਘ ਡਾ. (ਮੁੱਖ ਸੰਪਾ.), ਪੰਨਾ 187.
11. ਬਲਕਾਰ ਸਿੰਘ ਡਾ. (ਸੰਪਾ.), *ਨਾਨਕ ਪ੍ਰਕਾਸ਼ ਪਤ੍ਰਿਕਾ* (ਲੇਖਕ ਗੁਰਮਤਿ ਵਿਚ ਨਾਮ ਦਾ ਸੰਕਲਪ, ਸਰਮੁੱਖ ਸਿੰਘ ਅਮੋਲ), ਪੰਨਾ 150.
12. ਦੀਵਾਨ ਸਿੰਘ ਡਾ., *ਸਿੱਖ ਧਰਮ ਬਾਰੇ*, ਪੰਨਾ 112.
13. ਜਗਬੀਰ ਸਿੰਘ ਡਾ., *ਗੁਰਮਤਿ ਕਾਵਿ-ਸਿੱਧਾਂਤ ਤੇ ਵਿਹਾਰ*, ਪੰਨਾ 12.

14. *ਉਹੀ*, ਪੰਨਾ 194.

15. ਸ਼੍ਰੀਮਤ ਪੰਡਿਤ ਤਾਰਾ ਸਿੰਘ ਨਰੋਤਮ ਕ੍ਰਿਤ, *ਗੁਰੂ ਗਿਰਾਰਥ ਕੋਸ਼*, (ਦੂਜੀ ਜਿਲਦ), ਹਰਭਜਨ ਸਿੰਘ ਡਾ. (ਮੁੱਖ ਸੰਪਾ.), ਪੰਨਾ 273.

16. ਕਰਮਜੀਤ ਸਿੰਘ ਡਾ., *ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਆਧਾਰ*, ਪੰਨਾ 304.

17. ਜਸਬੀਰ 'ਕੇਸਰ' ਡਾ., *ਪੰਜਾਬੀ ਸਾਹਿਤ ਦੀ ਭੂਮਿਕਾ*, ਪੰਨਾ 64.

18. ਤਰਲੋਚਨ ਸਿੰਘ ਬੇਦੀ ਡਾ., *ਕਾਵਿ-ਸੁਧਾਖਰ*, ਪੰਨਾ 69.

19. ਦੀਵਾਨ ਸਿੰਘ ਡਾ., *ਗੁਰਮਤਿ ਵਿਚਾਰ*, ਪੰਨਾ 7.

20. ਮਹਿੰਦਰ ਕੌਰ ਗਿਲ ਡਾ., *ਆਦਿ ਗ੍ਰੰਥ ਛੰਤ-ਵਿਵੇਚਨ*, ਪੰਨਾ 12.

21. ਤਰਲੋਚਨ ਸਿੰਘ ਬੇਦੀ, ਡਾ. *ਕਾਵਿ-ਸੁਧਾਖਰ*, ਪੰਨਾ X (ਵਿਸ਼ੈ-ਪ੍ਰਵੇਸ਼)

22. *ਉਹੀ*, ਪੰਨਾ ਲ (ਵਿਸ਼ੈ-ਪ੍ਰਵੇਸ਼)

23. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਦੂਜੀ, ਅੰਗ 522.

24. ਸ਼ੇਰ ਸਿੰਘ ਡਾ., *ਗੁਰਮਤਿ ਦਰਸ਼ਨ*, ਪੰਨਾ 155.

25. ਇੰਦਰਪਾਲ ਸਿੰਘ, *ਗੁਰਮਤਿ ਚਿੰਤਨ*, ਪੰਨਾ 73.

26. ਗੁਰਨਾਮ ਕੌਰ ਬੇਦੀ ਡਾ., *ਗੁਰਮਤਿ ਦ੍ਰਿਸ਼ਟੀ*, ਪੰਨਾ 22.

27. ਬਲਜੀਤ ਕੌਰ ਡਾ., *ਗੁਰਬਾਣੀ : ਧਰਮ ਅਤੇ ਸਾਹਿਤ*, ਪੰਨਾ 39.

28. ਐਚ. ਐਸ. ਪੰਨੂ ਡਾ., ਸ੍ਰ. ਵਰਿਆਮ ਸਿੰਘ, ਦਿਲਵਰ ਸਿੰਘ ਡਾ. (ਸੰਪਾ.), *ਗਿਆਨੁ ਚਿਰਾਗੁ*, ਪੰਨਾ 8.

29. ਇੰਦਰਪਾਲ ਸਿੰਘ, *ਗੁਰਮਤਿ ਚਿੰਤਨ*, ਪੰਨਾ 57.

30. ਸੁਰਿੰਦਰ ਸਿੰਘ ਕੋਹਲੀ (ਸੰਪਾ.), ਜਨਮਸਾਖੀ ਭਾਈ ਬਾਲਾ, ਪੰਨਾ 110-111.

31. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਪਹਿਲੀ, ਅੰਗ 286.

32. *ਉਹੀ*, ਸੈਂਚੀ ਪਹਿਲੀ, ਅੰਗ 2.

33. ਸ੍ਰ. ਚਰਨ ਸਿੰਘ, *ਬ੍ਰਹਮ ਗਿਆਨ*, ਪੰਨਾ 390.

34. ਗੁਲਜ਼ਾਰ ਸਿੰਘ ਕੰਗ, ਡਾ. *ਸ਼ਬਦ ਦਾ ਸੰਕਲਪ*, ਪੰਨਾ 181.

35. ऊषा वोहरा डॉ., *गुरु वाणी में सामाजिक चेतना,* पुष्ट ७८.

36. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਤੀਜੀ, ਅੰਗ 1104.

37. *ਉਹੀ*, ਸੈਂਚੀ ਪਹਿਲੀ, ਅੰਗ 324.

38. *ਉਹੀ*, ਸੈਂਚੀ ਤੀਜੀ, ਅੰਗ 1103.

39. *ਉਹੀ*, ਸੈਂਚੀ ਪਹਿਲੀ, ਅੰਗ 334.

40. *ਉਹੀ*, ਸੈਂਚੀ ਚੌਥੀ, ਅੰਗ 1377.

41. *ਉਹੀ*, ਸੈਂਚੀ ਪਹਿਲੀ, ਅੰਗ 334.

42. *ਉਹੀ*, ਸੈਂਚੀ ਚੌਥੀ, ਅੰਗ 1369.

43. *ਉਹੀ*, ਸੈਂਚੀ ਚੌਥੀ, ਅੰਗ 1368.

44. *ਉਹੀ*, ਸੈਂਚੀ ਚੌਥੀ, ਅੰਗ 1376.

45. *ਉਹੀ*, ਸੈਂਚੀ ਤੀਜੀ, ਅੰਗ 856.

46. *ਉਹੀ*, ਸੈਂਚੀ ਚੌਥੀ, ਅੰਗ 1377.

47. *ਉਹੀ*, ਸੈਂਚੀ ਤੀਜੀ, ਅੰਗ 973.

48. *ਉਹੀ*, ਸੈਂਚੀ ਚੌਥੀ, ਅੰਗ 1165.

49. *ਉਹੀ*, ਸੈਂਚੀ ਚੌਥੀ, ਅੰਗ 1165.

50. *ਉਹੀ*, ਸੈਂਚੀ ਚੌਥੀ, ਅੰਗ 1292.

51. *ਉਹੀ*, ਸੈਂਚੀ ਚੌਥੀ, ਅੰਗ 1164.

52. *ਉਹੀ*, ਸੈਂਚੀ ਚੌਥੀ, ਅੰਗ 1163.

53. *ਉਹੀ*, ਸੈਂਚੀ ਦੂਜੀ, ਅੰਗ 485.

54. *ਉਹੀ*, ਸੈਂਚੀ ਦੂਜੀ, ਅੰਗ 486.

55. *ਉਹੀ*, ਸੈਂਚੀ ਤੀਜੀ, ਅੰਗ 988.

56. *ਉਹੀ*, ਸੈਂਚੀ ਚੌਥੀ, ਅੰਗ 1164.

57. *ਉਹੀ*, ਸੈਂਚੀ ਪਹਿਲੀ, ਅੰਗ 346.

58. *ਉਹੀ*, ਸੈਂਚੀ ਦੂਜੀ, ਅੰਗ 658.

59. *ਉਹੀ*, ਸੈਂਚੀ ਚੌਥੀ, ਅੰਗ 1167.

60. *ਉਹੀ*, ਸੈਂਚੀ ਦੂਜੀ, ਅੰਗ 658.

61. *ਉਹੀ*, ਸੈਂਚੀ ਦੂਜੀ, ਅੰਗ 659.

62. *ਉਹੀ*, ਸੈਂਚੀ ਚੌਥੀ, ਅੰਗ 1124.

63. *ਉਹੀ*, ਸੈਂਚੀ ਤੀਜੀ, ਅੰਗ 858.

64. *ਉਹੀ*, ਸੈਂਚੀ ਚੌਥੀ, ਅੰਗ 1383.

65. *ਉਹੀ*, ਸੈਂਚੀ ਚੌਥੀ, ਅੰਗ 1379.

66. *ਉਹੀ*, ਸੈਂਚੀ ਚੌਥੀ, ਅੰਗ 1378.

67. *ਉਹੀ*, ਸੈਂਚੀ ਚੌਥੀ, ਅੰਗ 1378.

68. *ਉਹੀ*, ਸੈਂਚੀ ਚੌਥੀ, ਅੰਗ 1381.

69. *ਉਹੀ*, ਸੈਂਚੀ ਚੌਥੀ, ਅੰਗ 1379.

70. *ਉਹੀ*, ਸੈਂਚੀ ਚੌਥੀ, ਅੰਗ 1379.

71. *ਉਹੀ*, ਸੈਂਚੀ ਚੌਥੀ, ਅੰਗ 1378.

72. *ਉਹੀ*, ਸੈਂਚੀ ਚੌਥੀ, ਅੰਗ 1381.

73. *ਉਹੀ*, ਸੈਂਚੀ ਚੌਥੀ, ਅੰਗ 1382.

74. *ਉਹੀ*, ਸੈਂਚੀ ਤੀਜੀ, ਅੰਗ 938.

75. *ਉਹੀ*, ਸੈਂਚੀ ਦੂਜੀ, ਅੰਗ 513.

76. *ਉਹੀ*, ਸੈਂਚੀ ਤੀਜੀ, ਅੰਗ 903.

77. *ਉਹੀ*, ਸੈਂਚੀ ਚੌਥੀ, ਅੰਗ 1232.

78. *ਉਹੀ*, ਸੈਂਚੀ ਤੀਜੀ, ਅੰਗ 945

79. *ਉਹੀ*, ਸੈਂਚੀ ਚੌਥੀ, ਅੰਗ 1197.

80. *ਉਹੀ*, ਸੈਂਚੀ ਦੂਜੀ, ਅੰਗ 557.

81. *ਉਹੀ*, ਸੈਂਚੀ ਤੀਜੀ, ਅੰਗ 1023.

82. *ਉਹੀ*, ਸੈਂਚੀ ਚੌਥੀ, ਅੰਗ 1108.

83. *ਉਹੀ*, ਸੈਂਚੀ ਚੌਥੀ, ਅੰਗ 1107.

84. *ਉਹੀ*, ਸੈਂਚੀ ਚੌਥੀ, ਅੰਗ 1107.

85. *ਉਹੀ*, ਸੈਂਚੀ ਦੂਜੀ, ਅੰਗ 504.

86. ਸਰਬਜਿੰਦਰ ਸਿੰਘ ਡਾ. (ਸੰਪਾ.), *ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ* (ਭਾਗ ਪਹਿਲਾ), ਪੰਨਾ 204.

87. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਤੀਜੀ, ਅੰਗ 791.

88. *ਉਹੀ*, ਸੈਂਚੀ ਤੀਜੀ, ਅੰਗ 791.

89. *ਉਹੀ*, ਸੈਂਚੀ ਚੌਥੀ, ਅੰਗ 1280.

90. *ਉਹੀ*, ਸੈਂਚੀ ਤੀਜੀ, ਅੰਗ 787.

91. *ਉਹੀ*, ਸੈਂਚੀ ਪਹਿਲੀ, ਅੰਗ 139.

92. ਸਰਬਜਿੰਦਰ ਸਿੰਘ ਡਾ. (ਸੰਪਾ.), *ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ* (ਭਾਗ ਪਹਿਲਾ), ਪੰਨਾ 206.

93. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਚੌਥੀ, ਅੰਗ 1334.

94. *ਉਹੀ*, ਸੈਂਚੀ ਦੂਜੀ, ਅੰਗ 440.

95. *ਉਹੀ,* ਸੈਂਚੀ ਪਹਿਲੀ, ਅੰਗ 112.

96. *ਉਹੀ,* ਸੈਂਚੀ ਪਹਿਲੀ, ਅੰਗ 117.

97. *ਉਹੀ,* ਸੈਂਚੀ ਪਹਿਲੀ, ਅੰਗ 233.

98. *ਉਹੀ*, ਸੈਂਚੀ ਪਹਿਲੀ, ਅੰਗ 230.

99. *ਉਹੀ*, ਸੈਂਚੀ ਦੂਜੀ, ਅੰਗ 569.

100. *ਉਹੀ*, ਸੈਂਚੀ ਪਹਿਲੀ, ਅੰਗ 29.

101. *ਉਹੀ*, ਸੈਂਚੀ ਤੀਜੀ, ਅੰਗ 996.

102. *ਉਹੀ*, ਸੈਂਚੀ ਦੂਜੀ, ਅੰਗ 690.

103. *ਉਹੀ*, ਸੈਂਚੀ ਪਹਿਲੀ, ਅੰਗ 39.

104. *ਉਹੀ*, ਸੈਂਚੀ ਪਹਿਲੀ, ਅੰਗ 167.

105. *ਉਹੀ*, ਸੈਂਚੀ ਪਹਿਲੀ, ਅੰਗ 173.

106. *ਉਹੀ*, ਸੈਂਚੀ ਦੂਜੀ, ਅੰਗ 449.

107. *ਉਹੀ*, ਸੈਂਚੀ ਤੀਜੀ, ਅੰਗ 757.

108. *ਉਹੀ*, ਸੈਂਚੀ ਤੀਜੀ, ਅੰਗ 997.

109. *ਉਹੀ*, ਸੈਂਚੀ ਤੀਜੀ, ਅੰਗ 1070.

110. *ਉਹੀ*, ਸੈਂਚੀ ਪਹਿਲੀ, ਅੰਗ 42.

111. *ਉਹੀ*, ਸੈਂਚੀ ਪਹਿਲੀ, ਅੰਗ 43.

112. *ਉਹੀ*, ਸੈਂਚੀ ਪਹਿਲੀ, ਅੰਗ 98.

113. *ਉਹੀ*, ਸੈਂਚੀ ਪਹਿਲੀ, ਅੰਗ 96.

114. *ਉਹੀ*, ਸੈਂਚੀ ਦੂਜੀ, ਅੰਗ 402.

115. *ਉਹੀ*, ਸੈਂਚੀ ਪਹਿਲੀ, ਅੰਗ 249.

116. *ਉਹੀ*, ਸੈਂਚੀ ਪਹਿਲੀ, ਅੰਗ 204.

117. *ਉਹੀ*, ਸੈਂਚੀ ਪਹਿਲੀ, ਅੰਗ 50.

118. *ਉਹੀ*, ਸੈਂਚੀ ਦੂਜੀ, ਅੰਗ 701.

119. *ਉਹੀ*, ਸੈਂਚੀ ਪਹਿਲੀ, ਅੰਗ 98.

120. *ਉਹੀ*, ਸੈਂਚੀ ਪਹਿਲੀ, ਅੰਗ 236.

121. *ਉਹੀ*, ਸੈਂਚੀ ਦੂਜੀ, ਅੰਗ 384.

122. *ਉਹੀ*, ਸੈਂਚੀ ਪਹਿਲੀ, ਅੰਗ 286.

123. *ਉਹੀ*, ਸੈਂਚੀ ਚੌਥੀ, ਅੰਗ 1145.

124. *ਉਹੀ*, ਸੈਂਚੀ ਚੌਥੀ, ਅੰਗ 1260.

125. ਭਾਈ ਰਣਧੀਰ ਸਿੰਘ (ਸੰਪਾ.), *ਸ਼ਬਦਾਰਥ ਦਸਮ ਗ੍ਰੰਥ ਸਾਹਿਬ* (ਪੋਥੀ ਤੀਜੀ), ਪੰਨਾ 1215.

126. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਸੈਂਚੀ ਪਹਿਲੀ, ਅੰਗ 29.

127. *ਉਹੀ*, ਸੈਂਚੀ ਪਹਿਲੀ, ਅੰਗ 203.

128. *ਉਹੀ*, ਸੈਂਚੀ ਪਹਿਲੀ, ਅੰਗ 216.

### ਅਧਿਆਇ ਤੀਜਾ

## ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਧਰਮ ਦਾ ਸਰੂਪ

**ਭੂਮਿਕਾ :**

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਧਰਮ ਦੇ ਸਰੂਪ ਦਾ ਕੇਵਲ ਉਲੇਖ ਹੀ ਨਹੀਂ ਕੀਤਾ ਗਿਆ ਬਲਕਿ ਉਸ ਨੂੰ ਉਨ੍ਹਾਂ ਨੇ ਆਪਣੇ ਜੀਵਨ ਚਰਿੱਤਰ ਵਿਚ ਵੀ ਧਾਰਨ ਕੀਤਾ ਹੈ। ਸੱਚੇ-ਸੁੱਚੇ ਧਰਮ ਦੀ ਪਛਾਣ ਕਰਕੇ ਆਪ ਜੀ ਨੇ ਸਮੁੱਚੀ ਮਨੱਖਤਾ ਉੱਪਰ ਹੁੰਦੇ ਜ਼ੁਲਮਾਂ ਦੇ ਵਿਰੁੱਧ ਪੂਰੀ ਲੋਕਾਈ ਤਕ ਆਪਣੀ ਆਵਾਜ਼ ਨੂੰ ਬੁਲੰਦ ਕੀਤਾ ਹੈ ਅਤੇ ਨਾਲ ਹੀ ਆਪਣਾ ਬਲੀਦਾਨ ਦੇ ਕੇ ਜ਼ੁਲਮ ਕਰਨ ਵਾਲਿਆਂ ਦੇ ਹਿਰਦਿਆਂ ਨੂੰ ਵਲੂੰਧਰਿਆ ਹੈ। ਇਸ ਅਧਿਆਇ ਵਿਚ ਜਿੱਥੇ ਆਪ ਜੀ ਦੀ ਬਾਣੀ ਬਾਰੇ ਵਿਸਤਰਿਤ ਚਰਚਾ ਹੈ ਉੱਥੇ ਆਪ ਜੀ ਦੇ ਇਤਿਹਾਸਕ ਪਿਛੋਕੜ ਦੀਆਂ ਪ੍ਰਸਥਿਤੀਆਂ ਅਤੇ ਜੀਵਨ ਚਰਿੱਤਰ ਬਾਰੇ ਵੀ ਸੰਖੇਪ ਰੂਪ ਵਿਚ ਭਾਵਪੂਰਤ ਜਾਣਕਾਰੀ ਪ੍ਰਦਾਨ ਕਰਨ ਦਾ ਯਤਨ ਕੀਤਾ ਗਿਆ ਹੈ।

**ਇਤਿਹਾਸਕ ਪਿਛੋਕੜ :**

ਮੱਧਕਾਲੀ ਭਾਰਤੀ ਇਤਿਹਾਸ ਦਾ ਅਧਿਐਨ ਕਰਦਿਆਂ ਪਤਾ ਚਲਦਾ ਹੈ ਕਿ 'ਅਕਬਰ ਦੇ ਵੇਲੇ ਹੀ ਭਾਰਤ ਵਿਚ ਮੁਗ਼ਲ ਰਾਜ ਦੀਆਂ ਜੜ੍ਹਾਂ ਪੱਕੀਆਂ ਹੋਈਆਂ ਸਨ। ਅਕਬਰ 'ਜੀਉ ਤੇ ਜਿਉਣ ਦਿਓ' ਦੇ ਸਿਧਾਂਤ ਉੱਤੇ ਕੰਮ ਕਰਦਾ ਸੀ। ਧਾਰਮਿਕ ਗੀਤਾਂ ਵਿਚ ਸਰਕਾਰ ਵਲੋਂ ਕੋਈ ਦਖ਼ਲ ਨਹੀਂ ਸੀ ਦਿੱਤਾ ਜਾਂਦਾ।'[1] ਬਾਦਸ਼ਾਹ ਜਹਾਂਗੀਰ ਦੇ ਕੁਝ ਸਮੇਂ ਬਾਅਦ ਵੀ ਭਾਰਤ ਦੀਆਂ ਪ੍ਰਸਥਿਤੀਆਂ ਠੀਕ ਰਹੀਆਂ ਪਰੰਤੂ ਉਸ ਦੀ ਮੌਤ ਤੋਂ ਪਿੱਛੋਂ ਸ਼ਾਹ ਜਹਾਨ ਦੇ ਸਮੇਂ ਵਿਚ ਹਾਲਾਤ ਵਿਗੜਨੇ ਸ਼ੁਰੂ ਹੋ ਗਏ। ਹਿੰਦੂਆਂ ਉੱਤੇ ਅਨੇਕਾਂ ਕਿਸਮ ਦੇ ਜ਼ੁਲਮ ਹੋਣੇ ਸ਼ੁਰੂ ਹੋ ਗਏ। 'ਔਰੰਗਜੇਬ ਜਦੋਂ ਗੁਜਰਾਤ ਦਾ ਗਵਰਨਰ ਬਣਿਆ ਤਾਂ ਉਸਨੇ ਆਪਣੇ ਇਲਾਕੇ ਵਿਚ ਹਿੰਦੂਆਂ ਉੱਤੇ ਬਹੁਤ ਜ਼ੁਲਮ ਕੀਤੇ। 1644 ਈ. ਵਿਚ ਉਸ ਨੇ ਚਿੰਤਾਮਣੀ ਦਾ ਵੱਡਾ ਮੰਦਰ ਢਾਹ ਦਿਤਾ ਸੀ ਅਤੇ ਉਸ

ਇਲਾਕੇ ਵਿਚ ਹੋਰ ਕਈ ਨਿੱਕੇ-ਮੋਟੇ ਮੰਦਰ ਵੀ ਢਹਿ-ਢੇਰੀ ਕਰਵਾ ਦਿਤੇ ਗਏ ਸਨ।'[2] ਇਸ ਤੋਂ ਇਲਾਵਾ ਹਿੰਦੂਆਂ ਉੱਪਰ ਹੋਰ ਵੀ ਅਨੇਕਾਂ ਤਸ਼ੱਦਦ ਕੀਤੇ ਜਾਣ ਲੱਗੇ। ਦੂਜੇ ਪਾਸੇ ਬ੍ਰਾਹਮਣਾਂ ਨੇ ਆਮ ਲੋਕਾਂ ਨੂੰ ਆਪਣੇ ਕਰਮ-ਕਾਂਡਾਂ ਵਿਚ ਫਸਾ ਕੇ ਲੁੱਟਣਾ ਸ਼ੁਰੂ ਕਰ ਦਿਤਾ ਸੀ। ਇਸ ਦੇ ਨਾਲ ਹਿੰਦੂ ਕੌਮ ਦਾ ਪਤਨ ਵੀ ਹੋ ਚੁੱਕਿਆ ਸੀ। ਹਰ ਪਾਸੇ ਡਰ ਦਾ ਮਾਹੌਲ ਬਣਿਆ ਹੋਇਆ ਸੀ ਅਤੇ ਮਨੁੱਖਤਾ ਦਿਨ-ਬ-ਦਿਨ ਖ਼ਤਮ ਹੁੰਦੀ ਜਾ ਰਹੀ ਸੀ।

**ਸੰਖੇਪ ਜੀਵਨ** :

ਗੁਰੂ ਤੇਗ ਬਹਾਦਰ ਜੀ ਦਾ ਜਨਮ ਸਿੱਖਾਂ ਦੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ 'ਗੁਰੂ ਕੇ ਮਹਿਲ' ਅੰਮ੍ਰਿਤਸਰ ਵਿਖੇ 'ਵਿਸਾਖ ਵਦੀ 5, ਸੰਮਤ 1678 ਬਿਕ੍ਰਮੀ (1 ਅਪ੍ਰੈਲ, 1621) ਨੂੰ ਹੋਇਆ ਸੀ।'[3] ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ, ਬਾਬਾ ਅਣੀ ਰਾਇ, ਅਤੇ ਬਾਬਾ ਅਟੱਲ ਰਾਇ ਆਪ ਜੀ ਦੇ ਵੱਡੇ ਭਰਾ ਸਨ। ਆਪ ਜੀ ਦੀ ਇਕਲੌਤੀ ਭੈਣ ਬੀਬੀ ਵੀਰੋ ਸੀ। ਬਚਪਨ ਤੋਂ ਹੀ ਆਪ ਗੰਭੀਰ ਸੁਭਾਅ ਦੇ ਮਾਲਕ ਸਨ। 'ਮਾਤਾ ਨਾਨਕੀ ਜੀ ਤੋਂ ਉਨ੍ਹਾਂ ਨੇ ਦਇਆ, ਕੋਮਲਤਾ ਤੇ ਏਕਾਂਤ-ਪਸੰਦੀ ਦੇ ਗੁਣ ਗ੍ਰਹਿਣ ਕੀਤੇ। ਆਪਣੇ ਸੂਰਵੀਰ ਪਿਤਾ ਤੋਂ ਉਨ੍ਹਾਂ ਨੇ ਨਿਰਭੈਤਾ, ਜਵਾਂਮਰਦੀ, ਜ਼ੁਲਮ ਨਾਲ ਟੱਕਰ ਲੈਣ ਦੀ ਦ੍ਰਿੜ੍ਹਤਾ, ਸਫ਼ਰ ਦਾ ਸ਼ੌਕ, ਸ਼ਸਤਰਾਂ ਦੀ ਵਰਤੋਂ ਵਿਚ ਕਮਾਲ, ਘੋੜਸਵਾਰੀ ਦਾ ਸ਼ੌਕ ਤੇ ਸਭ ਤੋਂ ਉੱਤਮ ਧਰਮ-ਰੱਖਿਆ ਦੀ ਖਿੱਚ ਵਰਗੇ ਬਹੁਮੁੱਲੇ ਗੁਣ ਸਿੱਖੇ। ਬਾਬਾ ਬੁੱਢਾ ਜੀ ਨੇ ਉਨ੍ਹਾਂ ਦੇ ਕੋਮਲ ਮਨ ਵਿਚ ਪ੍ਰਭੂ ਦੇ ਰਹੱਸ ਦੇ ਵਿਚਾਰ ਭਰੇ ਜੋ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੀ ਜੋਤਿ ਵਿਚ ਜਗਦੇ ਉਨ੍ਹਾਂ ਦੇ ਉਤਰਾਧਿਕਾਰੀਆਂ ਪਾਸੋਂ ਹਾਸਿਲ ਕੀਤੇ ਸਨ। ਭਾਈ ਗੁਰਦਾਸ ਜੀ ਨੇ ਉਨ੍ਹਾਂ ਦੇ ਮਨ ਨੂੰ ਦਰਸ਼ਨ ਤੇ ਕਵਿਤਾ ਦੀ ਜਾਗ ਲਾਈ।'[4] ਆਪ ਨੇ ਕਈ ਭਾਸ਼ਵਾਂ, ਇਤਿਹਾਸ, ਗਣਿਤ ਤੋਂ ਇਲਾਵਾ ਤਰਕ ਸ਼ਾਸਤਰ, ਤੱਤ ਗਿਆਨ, ਦਰਸ਼ਨ-ਸ਼ਾਸਤਰ, ਭਗਵਦਗੀਤਾ, ਰਾਮਾਇਣ, ਮਹਾਂਭਾਰਤ, ਕੁਰਾਨ ਤੇ ਸੂਫ਼ੀ ਮਤ ਦੀਆਂ ਪੁਸਤਕਾਂ ਦਾ ਅਧਿਐਨ ਕੀਤਾ।'[5] ਇਸ ਤੋਂ ਇਲਾਵਾ ਆਪ ਹਮੇਸ਼ਾ ਨਾਮ-ਸਿਮਰਨ ਕਰਦਿਆਂ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ ਸਨ। ਵਧੇਰੇ ਸਮਾਂ ਆਪ

ਨੇ ਅੰਮ੍ਰਿਤਸਰ, ਕਰਤਾਰਪੁਰ ਅਤੇ ਬਾਬਾ ਬਕਾਲਾ ਵਿਚ ਬਤੀਤ ਕੀਤਾ। ਗਿਆਰਾਂ ਸਾਲ ਦੀ ਉਮਰ ਵਿਚ ਆਪ ਜੀ ਦੀ ਸ਼ਾਦੀ ਕਰਤਾਰਪੁਰ ਦੇ ਨਿਵਾਸੀ ਭਾਈ ਲਾਲ ਚੰਦ ਜੀ ਖੱਤਰੀ ਦੀ ਸਪੁੱਤਰੀ (ਮਾਤਾ) ਗੁਜਰੀ ਜੀ ਨਾਲ ਹੋਈ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੁਗਲਾਂ ਨਾਲ ਚਾਰ ਯੁੱਧ (ਪਹਿਲਾ ਅੰਮ੍ਰਿਤਸਰ, ਦੂਜਾ ਸ੍ਰੀ ਗੋਬਿੰਦਪੁਰ ਤੀਜਾ ਗੁਰੂ ਸਰ ਮਹਿਰਾਜ, ਚੌਥਾ ਕਰਤਾਰਪੁਰ) ਲੜੇ। ਕਰਤਾਰਪੁਰ ਦੇ ਯੁੱਧ ਸਮੇਂ (ਗੁਰੂ) ਤੇਗ ਬਹਾਦਰ ਜੀ ਦੀ ਉਮਰ 14 ਸਾਲ ਦੀ ਸੀ। ਆਪ ਨੇ ਇਸ ਯੁੱਧ ਵਿਚ ਬੀਰਤਾ ਦੇ ਐਸੇ ਜੌਹਰ ਦਿਖਾਏ ਕਿ ਜਿਸ ਨੂੰ ਦੇਖ ਕੇ ਸਭ ਦੰਗ ਰਹਿ ਗਏ। ਪਿਤਾ ਗੁਰੂ ਹਰਿਗੋਬਿੰਦ ਸਾਹਿਬ ਉਨ੍ਹਾਂ ਦੀ ਬਹਾਦਰੀ ਤੋਂ ਬਹੁਤ ਪ੍ਰਭਾਵਿਤ ਹੋਏ। 'ਇਕ ਰਿਵਾਇਤ ਦੇ ਅਨੁਸਾਰ, ਉਨ੍ਹਾਂ ਨੇ ਇਸ ਖ਼ੁਸ਼ੀ ਵਿਚ ਉਨ੍ਹਾਂ ਦਾ ਨਾਂ ਤਿਆਗ ਮਲ ਤੋਂ ਤੇਗ਼ ਬਹਾਦਰ ਰੱਖ ਦਿਤਾ।'[6] 3 ਮਾਰਚ 1644 ਈਸਵੀ ਨੂੰ ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਵਿਖੇ ਜੋਤੀ-ਜੋਤਿ ਸਮਾ ਗਏ। ਉਨ੍ਹਾਂ ਨੇ ਗੁਰਿਆਈ ਦੀ ਗੱਦੀ ਆਪਣੇ ਪੋਤਰੇ ਅਤੇ ਬਾਬਾ ਗੁਰਦਿੱਤਾ ਜੀ ਦੇ ਪੁੱਤਰ (ਗੁਰੂ) ਹਰਿ ਰਾਏ ਜੀ ਨੂੰ ਸੌਂਪ ਦਿਤੀ। ਮਾਤਾ ਨਾਨਕੀ ਜੀ, ਗੁਰੂ ਹਰਿਗੋਬਿੰਦ ਜੀ ਦਾ ਹੁਕਮ ਮੰਨ ਕੇ ਆਪ ਨੂੰ ਨਾਲ ਲੈ ਕੇ 'ਬਾਬਾ ਬਕਾਲਾ' ਵਿਖੇ ਆ ਗਏ। ਇੱਥੇ ਉਹ ਬੈਰਾਗਵਾਨ ਹੋ ਇੱਕ ਭੋਰੇ ਵਿਚ ਬੈਠ ਕੇ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ। 'ਉਹ ਅਕਾਲ ਪੁਰਖ ਦੇ ਪਰਮ ਭਗਤ ਸਨ। ਉਨ੍ਹਾਂ ਦੀ ਭਗਤੀ ਹਿਰਦੇ ਦੀ ਪ੍ਰੇਰਣਾ ਅਤੇ ਆਂਤਰਿਕ ਅਨੁਭੂਤੀ ਸੀ। ਉਨ੍ਹਾਂ ਆਪਣੇ ਸਮੇਂ ਦੀਆਂ ਪ੍ਰਚਲਤ ਸਭ ਧਰਮ ਸਾਧਨਾਵਾਂ ਨੂੰ ਆਤਮਸਾਤ ਕਰਕੇ ਆਪਣੇ ਆਪ ਨੂੰ ਇਕ ਬਿਲਕੁਲ ਨਿਵੇਕਲੀ ਤਰ੍ਹਾਂ ਦਾ ਧਰਮ-ਸਾਧਕ ਸਿੱਧ ਕੀਤਾ ਸੀ।'[7] ਪਰਦੁੱਖਹਰਤਾ, ਖਿਮਾਸ਼ੀਲਤਾ, ਅਹਿੰਸਾ ਆਦਿ ਉਨ੍ਹਾਂ ਦੇ ਸਹਿਜ ਸੁਭਾਵਕ ਗੁਣ ਸਨ।

30 ਮਾਰਚ 1664 ਈਸਵੀ ਨੂੰ ਅੱਠਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਵਿਖੇ ਜੋਤੀ-ਜੋਤਿ ਸਮਾ ਗਏ। ਸੰਗਤ ਦੇ ਪੁੱਛਣ ਤੇ ਕਿ ਹੁਣ ਤੁਸੀਂ ਸਾਨੂੰ ਕਿਸ ਦੇ ਲੜ ਲਾ ਚੱਲੇ ਹੋ ਆਪ ਜੀ ਨੇ ਦੋ-ਹਰਫ਼ੀ ਉੱਤਰ ਦਿਤਾ "ਬਾਬਾ ਬਕਾਲਾ"। ਫਿਰ ਮੱਖਣ ਸ਼ਾਹ ਲੁਬਾਣਾ ਨੇ ਬਾਬਾ

ਬਕਾਲਾ ਵਿਖੇ ਆ ਕੇ ਕੋਠੇ ਚੜ੍ਹ ਕੇ ਪੱਲਾ ਫੇਰਿਆ ਤੇ ਪੁਕਾਰ ਕੇ ਕਿਹਾ, 'ਗੁਰੂ ਲਾਧੋ ਰੇ'। ਆਪ ਨੂੰ ਇੱਥੇ ਮਸੰਦਾਂ ਅਤੇ ਧੀਰਮਲ ਦੀ ਵਿਰੋਧਤਾ ਦਾ ਸਾਹਮਣਾ ਵੀ ਕਰਨਾ ਪਿਆ ਪਰੰਤੂ 'ਆਪ ਜੀ ਦੀ ਖੁੱਲ੍ਹ-ਦਿਲੀ ਦਾ ਪ੍ਰਮਾਣ ਗੁਰੂ ਘਰ ਦੇ ਵਿਰੋਧੀਆਂ ਦਾ ਖਿੜੇ ਮੱਥੇ ਟਾਕਰਾ ਕਰਨਾ ਹੈ। ਉਨ੍ਹਾਂ ਦੇ ਵਿਰੋਧੀ ਪ੍ਰਤੀ ਉਨ੍ਹਾਂ ਰੋਸ ਤਕ ਨਹੀਂ ਕੀਤਾ। ਉਨ੍ਹਾਂ ਨੂੰ ਉਨ੍ਹਾਂ ਦੇ ਮਾਰਗ 'ਤੇ ਤੁਰਨ ਦਿੱਤਾ ਹੈ ਅਤੇ ਆਪ ਆਪਣੇ ਮਾਰਗ 'ਤੇ ਅਟਲ ਵਿਸ਼ਵਾਸੀ ਰੂਪ ਵਿਚ ਤੁਰਦੇ ਰਹੇ ਹਨ।'[8] ਕੁਝ ਸਮੇਂ ਪਿੱਛੋਂ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਗਏ। ਇੱਥੇ ਮਸੰਦਾਂ ਨੇ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਲਏ। ਫਿਰ ਆਪ ਕੀਰਤਪੁਰ ਸਾਹਿਬ ਚਲੇ ਗਏ। ਸਿੱਖੀ ਦਾ ਪ੍ਰਚਾਰ ਕਰਦੇ ਬਿਲਾਸਪੁਰ ਦੇ ਰਾਜੇ ਤੋਂ ਮਾਖੋਵਾਲ ਨਾਂ ਦਾ ਇਲਾਕਾ ਖ਼ਰੀਦ ਲਿਆ। ਇੱਥੇ ਆਪ ਨੇ ਆਪਣੀ ਮਾਤਾ ਨਾਨਕੀ ਜੀ ਦੇ ਨਾਂ ਤੇ 'ਚੱਕ ਨਾਨਕੀ' ਨਾਂ ਦੇ ਪਿੰਡ ਦੀ ਨੀਂਹ ਰੱਖੀ। ਇਸ ਪਿੱਛੋਂ ਧਰਮ ਪ੍ਰਚਾਰ ਲਈ ਪੂਰਬੀ ਭਾਰਤ ਦੇ ਖੇਤਰ ਦੀ ਲੰਮੀ ਯਾਤਰਾ ਕੀਤੀ। ਬੰਗਾਲ ਦੇ ਦੌਰੇ ਸਮੇਂ ਆਪ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ (22 ਦਸੰਬਰ 1666 ਈਸਵੀ) ਦਾ ਸ਼ੁਭ ਸਮਾਚਾਰ ਪ੍ਰਾਪਤ ਹੋਇਆ।

ਫਿਰ ਆਪ 1671 ਈਸਵੀ ਦੇ ਆਰੰਭ ਵਿਚ ਪੰਜਾਬ ਆ ਗਏ ਅਤੇ ਸਿੱਖੀ ਦੇ ਪ੍ਰਚਾਰ ਲਈ ਮਾਲਵਾ ਖੇਤਰ ਵਿਚ ਯਾਤਰਾ ਕੀਤੀ। ਦੂਜੇ ਪਾਸੇ ਬਾਦਸ਼ਾਹ ਔਰੰਗਜ਼ੇਬ ਦਿਨ-ਬ-ਦਿਨ ਹਿੰਦੂਆਂ ਤੇ ਅਨੇਕਾਂ ਕਿਸਮਾਂ ਦੇ ਜ਼ੁਲਮ ਢਾਹ ਰਿਹਾ ਸੀ। ਕਸ਼ਮੀਰ ਦੇ ਪੰਡਤਾਂ ਨੇ ਅਨੰਦਪੁਰ (ਚੱਕ ਨਾਨਕੀ) ਸਾਹਿਬ ਆ ਕੇ ਆਪਣੇ ਧਰਮ ਦੀ ਰੱਖਿਆ ਲਈ ਫ਼ਰਿਆਦ ਕੀਤੀ। ਨੌਂ ਸਾਲ ਦੇ ਬਾਲਕ ਗੋਬਿੰਦ ਰਾਏ (ਗੁਰੂ ਗੋਬਿੰਦ ਸਿੰਘ ਜੀ) ਨੇ ਆ ਕੇ ਧਰਮ ਦੀ ਰੱਖਿਆ ਲਈ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਔਰੰਗਜ਼ੇਬ ਨੂੰ ਲਲਕਾਰ ਦੇਣ ਲਈ ਪ੍ਰੇਰਿਆ। ਧਰਮ ਦੀ ਰੱਖਿਆ ਕਰਦੇ ਗੁਰੂ ਸਾਹਿਬ 11 ਨਵੰਬਰ 1675 ਈਸਵੀ ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਦੀਵਾਨ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲ ਦਾਸ ਸਮੇਤ ਸ਼ਹੀਦ ਕਰ ਦਿਤੇ ਗਏ।

ਆਪ ਜੀ ਦੀ ਸ਼ਹੀਦੀ ਮਨੁੱਖੀ ਇਤਿਹਾਸ ਵਿਚ ਇਕ ਅਲੋਕਾਰੀ ਇਤਿਹਾਸਕ ਘਟਨਾ ਹੈ। ਜਿਸ ਨੇ ਭਾਰਤੀ ਚਿੰਤਨ ਅਤੇ ਚੇਤਨਾ ਨੂੰ ਇਕ ਕ੍ਰਾਂਤੀਕਾਰੀ ਭਵਿੱਖਮੁੱਖੀ ਧਾਰਨਾ ਦੇ ਨਾਲ

ਜੋੜਿਆ। ਇਹ ਸ਼ਹੀਦੀ ਉਸ ਸ਼ਕਤੀ ਦੀ ਵੀ ਪ੍ਰਤੀਕ ਹੈ ਜਿਹੜੀ ਮਨੁੱਖੀ ਹੋਂਦ ਨੂੰ ਨਵੀਨ ਅਰਥ ਪ੍ਰਦਾਨ ਕਰਦੀ ਹੈ। ਆਪ ਨੇ ਸਿਰਫ਼ ਹਿੰਦੂ ਕੌਮ ਦੀ ਰੱਖਿਆ ਦੇ ਲਈ ਨਹੀਂ ਬਲਕਿ ਭਾਰਤੀ ਸੰਸਕ੍ਰਿਤੀ ਦੀ ਮਹਾਨ ਅਤੇ ਅਮੀਰ ਪਰੰਪਰਾ ਨੂੰ ਜੀਵਤ ਰੱਖਣ ਲਈ ਆਪਣੀ ਸ਼ਹਾਦਤ ਦਿਤੀ। ਜਿਸ ਬਾਰੇ ਗੁਰੂ ਗੋਬਿੰਦ ਸਿੰਘ ਜੀ 'ਬਚਿਤ੍ਰ ਨਾਟਕ' ਵਿਚ ਫ਼ਰਮਾਉਂਦੇ ਹਨ :

**ਤਿਲਕ ਜੰਞੂ ਰਾਖਾ ਪ੍ਰਭ ਤਾਕਾ॥**

**ਕੀਨੋ ਬਡੋ ਕਲੂ ਮਹਿ ਸਾਕਾ॥**

**ਸਾਧਨ ਹੇਤਿ ਇਤੀ ਜਿਨਿ ਕਰੀ॥**

**ਸੀਸੁ ਦੀਯਾ ਪਰ ਸੀ ਨ ਉਚਰੀ॥**[9]

**ਗੁਰੂ ਤੇਗ ਬਹਾਦਰ ਜੀ ਰਚਿਤ ਬਾਣੀ ਦਾ ਬਾਣੀ-ਪ੍ਰਬੰਧ :**

ਗੁਰੂ ਤੇਗ ਬਹਾਦਰ ਜੀ ਦੀ ਸਮੁੱਚੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਆਪਣੇ ਪ੍ਰਮਾਣਿਕ ਰੂਪ ਵਿਚ ਸੰਕਲਿਤ ਹੈ। ਇਹ ਬਾਣੀ ਸੰਪੂਰਨ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ, ਗੁਰੂ ਕੀ ਕਾਸ਼ੀ) ਦੇ ਅਸਥਾਨ ਤੇ ਸੰਨ 1707 ਈ. ਵਿਚ ਭਾਈ ਮਨੀ ਸਿੰਘ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਵਾਈ। ਇਸ ਵਿਚ ਆਪ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਸ਼ਾਮਲ ਕਰਵਾਇਆ। ਇਹ ਬਾਣੀ 'ਮਹਲਾ ੯' ਦੇ ਅੰਤਰਗਤ ਦੋ ਭਾਗਾਂ ਵਿਚ ਸੁਸ਼ੋਭਿਤ ਹੈ। ਪਹਿਲਾ ਭਾਗ ਉਨ੍ਹਾਂ ਸ਼ਬਦਾਂ ਦਾ ਹੈ ਜੋ ਕੁੱਲ 15 ਰਾਗਾਂ ਵਿਚ ਰਚੇ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕੱਤੀਵਾਂ ਰਾਗ 'ਜੈਜਾਵੰਤੀ' ਵਿਚ ਆਪ ਜੀ ਦੇ ਰਚਿਤ ਚਾਰ ਸ਼ਬਦ ਅੰਕਿਤ ਹਨ। ਹੋਰ ਕਿਸੇ ਬਾਣੀਕਾਰ ਦੀ ਇਸ ਰਾਗ ਵਿਚ ਬਾਣੀ ਸ਼ਾਮਲ ਨਹੀਂ।

ਦੂਜੇ ਭਾਗ ਵਿਚ ਮੁੰਦਾਵਣੀ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 1426 ਤੋਂ 1429 ਤੱਕ, 'ਸਲੋਕ ਮਹਲਾ ੯' ਦੇ ਸਿਰਲੇਖ ਹੇਠ ਅੰਕਿਤ ਹਨ। ਇੰਨ੍ਹਾਂ ਸਲੋਕਾਂ ਦੀ ਗਿਣਤੀ 57 ਹੈ।

**ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਧਰਮ ਦਾ ਸਰੂਪ :**

ਸਮਕਾਲੀ ਸਮਾਜ ਵਿਚ ਧਰਮ ਕੇਵਲ ਮੁਗ਼ਲ ਸਾਮੰਤਸ਼ਾਹੀ ਅਤੇ ਬ੍ਰਾਹਮਣੀ ਜਮਾਤ ਦੇ ਹੱਥਾਂ ਵਿਚ ਜਾ ਕੇ ਨਿਮਨ ਵਰਗ ਦੇ ਸ਼ੋਸ਼ਣ ਕਰਨ ਦਾ ਇਕ ਸਾਧਨ ਬਣ ਕੇ ਰਹਿ ਗਿਆ ਸੀ। ਇਸ ਦੇ ਅਰਥ ਬਿਲਕੁਲ ਬਦਲ ਚੁੱਕੇ ਸਨ। ਪਰ ਅਸਲ ਵਿਚ 'ਧਰਮ ਕੁਝ ਲੋਕਾਂ ਦੀ ਵਸਤੂ ਨਹੀਂ, ਇਸ ਵਿਚ ਤਾਂ ਸਰਵਲੌਕਿਕ ਅਤੇ ਸਰਵਕਾਲਿਕ ਵਿਸ਼ੇਸ਼ਤਾਵਾਂ ਸ਼ਾਮਿਲ ਹਨ। ਭਾਰਤੀ ਲੌਕਿਕ ਧਾਰਨਾਵਾਂ ਵਿਚ ਬੇਰੋਕ ਗਤੀ ਵਿਚ ਵਹਿਣ ਵਾਲੀ ਕਰਤੱਵ ਦੀ ਧਾਰਾ ਧਰਮ ਹੈ।'[10] ਇਹ ਸਹਿਜ ਸੁਭਾਵਿਕ ਹੀ ਸਦੀਆਂ ਤੋਂ ਤੁਰੀ ਆ ਰਹੀ ਹੈ ਜੋ ਸਮੁੱਚੀ ਮਨੁੱਖਤਾ ਨੂੰ ਏਕਤਾ ਵਿਚ ਪਰੋਣ ਦਾ ਕਾਰਜ ਕਰਦੀ ਹੈ। 'ਭਾਰਤੀ ਸੰਸਕ੍ਰਿਤੀ ਦੇ ਵਿਕਾਸ ਦੇ ਨਾਲ-ਨਾਲ ਧਰਮ ਇੱਥੋਂ ਦੀ ਜਨਤਾ ਦਾ ਜੀਵਨ ਸਾਰ ਰਿਹਾ ਹੈ। ਵਿਅਕਤੀ ਦੀਆਂ ਨਸਾਂ ਵਿਚ ਲਹੂ ਦੇ ਵਹਿਣ ਦੇ ਨਾਲ-ਨਾਲ ਉਸਦੀ ਰਗ-ਰਗ ਵਿਚ ਧਰਮ ਵੀ ਪ੍ਰਵਾਹਤ ਹੁੰਦਾ ਰਿਹਾ ਹੈ।[11] 'ਧਰਮ ਵਿਚ ਤਾਂ ਸਮਾਜ ਦੀ ਵਿਵਸਥਾ ਨੂੰ ਸੁਚਾਰੂ ਰੂਪ ਵਿਚ ਚਲਾਉਣ ਅਤੇ ਆਤਮ ਸ਼ਾਂਤੀ ਪ੍ਰਾਪਤ ਕਰਨ ਦੇ ਲਈ ਕੁਝ ਨਿਯਮ ਬਣਾਏ ਗਏ ਹਨ ਜਾਂ ਉਪਾਅ ਦੱਸੇ ਗਏ ਹਨ।[12] ਇਨ੍ਹਾਂ ਨਿਯਮਾਂ ਨੂੰ ਮਨੁੱਖ ਆਪਣੀ ਜ਼ਿੰਦਗੀ ਵਿਚ ਧਾਰਣ ਕਰਕੇ ਆਪ ਹੀ ਨਹੀਂ ਸਗੋਂ ਹੋਰਨਾਂ ਨੂੰ ਵੀ ਸੁੱਖ-ਸ਼ਾਂਤੀ ਪ੍ਰਦਾਨ ਕਰਦਾ ਹੈ। ਸਮਾਜ ਵਿਚ ਸਾਕਾਰਾਤਮਕ ਨਿਰੰਤਰ ਗਤੀਸ਼ੀਲਤਾ ਬਣੀ ਰਹਿੰਦੀ ਹੈ। ਸਮੁੱਚਾ ਮਨੁੱਖੀ ਸਮਾਜ ਪ੍ਰਗਤੀ ਦੇ ਰਸਤੇ 'ਤੇ ਚਲਦਾ ਹੈ। ਧਰਮ ਦੀ ਰੌਸ਼ਨੀ ਵਿਚ ਮਨੁੱਖ ਸਭ ਦੀ ਸੁੱਖ ਸਮ੍ਰਿਧੀ ਦੀ ਇੱਛਾ ਰੱਖਦਾ ਹੈ। ਉਹ ਦੁੱਖਾਂ ਕਸ਼ਟਾਂ ਤੋਂ ਨਿਜਾਤ ਪਾਉਣ ਦੇ ਯਤਨ ਕਰਦਾ ਰਹਿੰਦਾ ਹੈ। ਉਹ ਪਰਮਾਰਥ ਦੇ ਰਾਹ 'ਤੇ ਤੁਰਦਾ ਹੈ। ਉਹ ਆਪਣਾ ਹੀ ਨਹੀਂ ਸਮੁੱਚੇ ਜਨ-ਸਮੂਹ ਦਾ ਕਲਿਆਣ ਕਰਨਾ ਆਪਣਾ ਜੀਵਨ ਮੰਤਵ ਬਣਾ ਲੈਂਦਾ ਹੈ।

ਧਰਮ ਮਨੁੱਖੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਹਾਰਾ ਹੈ। ਇਸ ਦੇ ਨਾਲ ਮਨੁੱਖ ਅਤੇ ਉਸ ਦੇ ਸਮਾਜ ਦੇ ਕਲਿਆਣਕਾਰੀ ਸਰੂਪ ਦਾ ਨਿਰਮਾਣ ਹੁੰਦਾ ਹੈ। ਇਹ ਮਨੁੱਖ ਨੂੰ ਉਸ ਦੇ ਵਾਸਤਵਿਕ ਕਰਤੱਵਾਂ ਵਲ ਪ੍ਰੇਰਦਾ ਅਤੇ ਸਤਿ ਤੇ ਅਸਤਿ ਦੀ ਪਛਾਣ ਕਰਾਉਂਦਾ ਹੈ। ਇਹ ਮਨੁੱਖ ਵਲੋਂ ਪਰਾਸਰੀਰਕ ਅਦ੍ਰਿਸ਼ਟ ਸ਼ਕਤੀ ਉੱਪਰ ਅਥਾਹ ਸ਼ਰਧਾ ਅਤੇ ਵਿਸ਼ਵਾਸ ਹੈ, ਜਿਹੜੀ

ਇਸ ਵਲ ਵਿਸ਼ੇਸ਼ ਭਾਵੁਕ ਕਿਸਮ ਦਾ ਅਨੁਭਵ ਪੈਦਾ ਕਰਦੀ ਹੈ । ਇਸ ਭਾਵੁਕਤਾ ਭਰੇ ਸੰਬੰਧ 'ਚੋਂ ਹੀ ਉਸਦੇ ਮਨ ਅੰਦਰ ਉਸਨੂੰ ਜਾਣਨ ਅਤੇ ਸਮਝਣ ਦੀ ਅਥਾਹ ਸ਼ਕਤੀ ਪੈਦਾ ਹੁੰਦੀ ਹੈ। ਫਿਰ ਉਸ ਅੰਦਰ ਅਗੰਮੀ ਵਿਸਮਾਦ ਪੈਦਾ ਹੁੰਦਾ ਹੈ ਅਤੇ ਉਹ ਅਦਿੱਖ ਸ਼ਕਤੀ ਨਾਲ ਭਾਵੁਕਤਾ ਵਾਲਾ ਪ੍ਰੇਮ ਜਾਂ ਪਿਆਰ ਕਰਨਾ ਸ਼ੁਰੂ ਕਰ ਦਿੰਦਾ ਹੈ। ਫਿਰ ਕਿਰਿਆਤਮਿਕ ਤੌਰ 'ਤੇ ਧਿਆਨ ਕਰਨਾ, ਲਿਵ ਲਾਉਣੀ, ਪ੍ਰਾਰਥਨਾ ਕਰਨੀ ਜਾਂ ਸ਼ਰਧਾਭਾਵੀ ਹੋ ਕੇ ਹੋਰ ਕਈ ਪ੍ਰਕਾਰ ਦੀਆਂ ਰਹੁ-ਰੀਤਾਂ ਦੀ ਪਾਲਣਾ ਕਰਨੀ ਅਤੇ ਸੱਚੀ-ਸੁੱਚੀ ਸ਼ਰਧਾ ਨਾਲ ਨਿਯਮਬਧ ਹੋ ਕੇ ਸਾਕਾਰਾਤਮਕ ਕਾਰਜ ਕਰਨੇ ਜਿਸ ਨਾਲ ਉਸ ਦਾ ਸਮਾਜ ਇਕ ਚੰਗੇ ਆਚਾਰ ਵਾਲਾ ਤੇ ਸੰਗਠਨਾਤਮਕ ਰੂਪ ਵਿਚ ਮਜ਼ਬੂਤ ਬਣੇ ਆਦਿ ਇਹ ਧਰਮ ਹੈ। ਇਨ੍ਹਾਂ ਲੌਕਿਕ ਉਸਾਰੂ ਕਾਰਜਾਂ ਨੂੰ ਜਿਹੜੀ ਅਦਿੱਖ ਸ਼ਕਤੀ ਕਾਰਜਸ਼ੀਲ ਬਣਾਉਂਦੀ ਹੈ। ਉਸਨੂੰ ਹੀ ਧਰਮ ਦਾ ਮੂਲ ਆਧਾਰ ਮੰਨਿਆ ਜਾਂਦਾ ਹੈ। 'ਧਰਮ ਇਕ ਅਲੌਕਿਕ ਸ਼ਕਤੀ ਵਿਚ ਵਿਸ਼ਵਾਸ ਹੈ। ਇਸ ਅਲੌਕਿਕ ਸ਼ਕਤੀ ਨੂੰ ਈਸ਼ਵਰ ਜਾਂ ਪਰਮਾਤਮਾ ਕਿਹਾ ਜਾਂਦਾ ਹੈ। ਮਨੁੱਖ ਇਸ ਅਲੌਕਿਕਤਾ ਨਾਲ ਸੰਬੰਧ ਜੋੜ ਕੇ ਆਪਣੇ ਜੀਵਨ ਨੂੰ ਸਫਲ ਬਣਾਉਣਾ ਚਾਹੁੰਦਾ ਹੈ।[13] ਉਹ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦਾ ਹੈ। ਉਸ ਦਾ ਪੂਰਨ ਵਿਸ਼ਵਾਸ ਅਲੌਕਿਕ ਸ਼ਕਤੀ ਪ੍ਰਤੀ ਭਾਵੁਕਤਾ ਭਰਿਆ ਬਣਿਆ ਰਹਿੰਦਾ ਹੈ। ਸੋ ਸਪਸ਼ਟ ਹੈ ਕਿ ਧਰਮ ਮਨੁੱਖ ਅਤੇ ਪਰਮਾਤਮਾ ਵਿਚਕਾਰ ਸੰਬੰਧਾਂ ਦੀ ਚਰਚਾ ਕਰਦਾ ਹੈ। ਇਸਦਾ ਮੁੱਖ ਉਦੇਸ਼ ਇਹ ਦੱਸਣਾ ਹੈ ਕਿ ਮਨੁੱਖ ਈਸ਼ਵਰ ਨਾਲ ਅਜਿਹੇ ਸੰਬੰਧ ਕਿਵੇਂ ਜੋੜ ਸਕਦਾ ਹੈ।

ਧਰਮ ਮਨੁੱਖੀ ਸਮਾਜ ਦਾ ਬੁਨਿਆਦੀ ਪਹਿਲੂ ਹੈ। ਸਭ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਨੇ ਮਨੁੱਖ ਨੂੰ ਇਸ ਸੰਸਾਰ ਵਿਚ ਉਸਦੇ ਅਸਤਿਤਵ ਤੋਂ ਜਾਣੂ ਕਰਵਾਉਂਦਿਆਂ ਇਹ ਦੱਸਿਆ ਕਿ ਸ੍ਰਿਸ਼ਟੀ ਦੇ ਵਿਸ਼ਾਲ ਮੰਡਲ ਵਿਚ ਉਸਦੇ ਅਸਤਿਤਵ ਦਾ ਕੀ ਅਰਥ ਹੈ ?, ਸੰਸਾਰ ਕੀ ਹੈ ?, ਉਸਦਾ ਜੀਵਨ ਕੀ ਹੈ ?, ਮਾਇਆ ਕੀ ਹੈ ?, ਮੁਕਤੀ ਕੀ ਹੈ ? ਇਸ ਦੇ ਨਾਲ ਹੀ ਮਨੁੱਖ ਦੇ ਸੱਚੇ ਤੇ ਅਸਲ ਧਰਮ ਬਾਰੇ ਵੀ ਦਾਰਸ਼ਨਿਕ ਅਤੇ ਸੰਕਲਪਗਤ ਨਵੀਨ ਅਰਥ ਉਜਾਗਰ ਕੀਤੇ।

ਇਸ ਪ੍ਰਕਾਰ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਕੇਂਦਰੀ ਸਮੱਸਿਆ ਅਨੇਕਾਂ ਬੰਧਨਾਂ

ਵਿਚ ਘਿਰੇ ਮਨੁੱਖ ਨੂੰ ਨਿਰਭੈ-ਨਿਰਬਾਣ ਪਦ 'ਤੇ ਪਹੁੰਚਾਉਣਾ ਹੈ। ਨਿਰਭੈ ਅਤੇ ਨਿਰਬਾਣ ਦੀ ਪ੍ਰਾਪਤੀ ਦੇ ਲਈ ਪਹਿਲਾਂ ਉਸਨੂੰ ਧਰਮ ਦੀ ਪਛਾਣ ਕਰਾਉਣੀ ਜ਼ਰੂਰੀ ਹੈ। ਧਰਮ ਦੀ ਪਛਾਣ ਕੀਤੇ ਬਿਨਾਂ ਉਸ ਵਿਚ ਨਿਰਭੈਤਾ ਦੀ ਭਾਵਨਾ ਪੈਦਾ ਨਹੀਂ ਹੋ ਸਕਦੀ। ਧਰਮ ਦੀ ਭਾਵਨਾ ਮਨੁੱਖੀ ਮਨ ਨੂੰ ਪਵਿੱਤਰ ਕਰਦੀ ਹੈ। ਉਸਦਾ ਮਨੋਬਲ ਉੱਚਾ ਕਰਦੀ ਹੈ। ਉਸਨੂੰ ਗ਼ਲਤ-ਠੀਕ ਵਿਚ ਅੰਤਰ ਕਰਨ ਦੀ ਪਹਿਚਾਣ ਕਰਨੀ ਸਿਖਾਉਂਦੀ ਹੈ। ਉਸਨੂੰ ਜਬਰ-ਜ਼ੁਲਮ ਦੇ ਖਿਲਾਫ਼ ਲੜਨ ਦੇ ਲਈ ਨਵਾਂ ਜਜ਼ਬਾ ਉਤਪੰਨ ਕਰਦੀ ਹੈ। ਸੱਚੇ ਧਰਮ ਦੀ ਸਥਾਪਨਾ ਹਿੱਤ ਕੁਰਬਾਨ ਹੋਣ ਦੇ ਲਈ ਤਿਆਰ ਕਰਦੀ ਹੈ। ਜਿੱਥੇ ਕਿ ਮਨੁੱਖ ਨਾਸ਼ਵਾਨ ਸਰੀਰ ਨੂੰ ਕੱਚਾ ਬਰਤਨ ਸਮਝਦਾ ਹੈ। ਜਿਸ ਨੇ ਇਕ ਨਾ ਇਕ ਦਿਨ ਜ਼ਰੂਰ ਹੀ ਖ਼ਤਮ ਹੋ ਜਾਣਾ ਹੈ। ਸਵੈ ਦੀ ਪਛਾਣ ਕਰਕੇ ਹੀ ਧਰਮ ਦੇ ਮਾਰਗ 'ਤੇ ਚੱਲਿਆ ਜਾ ਸਕਦਾ ਹੈ। ਜਿੱਥੇ ਮਨੁੱਖੀ ਸਰੀਰ ਨਿਗੂਣਾ ਜਿਹਾ ਦਿਖਾਈ ਦਿੰਦਾ ਹੈ। ਗੁਰੂ ਜੀ ਬਚਨ ਕਰਦੇ ਹਨ :

**ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥**

**ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ ॥**[14]

ਅਸਲ ਵਿਚ ਸੱਚਾ ਧਰਮ ਮਨੁੱਖ ਨੂੰ ਪਸ਼ੂ ਬਿਰਤੀਆਂ ਤੋਂ ਨਿਜਾਤ ਦਿਵਾ ਕੇ ਜ਼ਿੰਦਗੀ ਦੇ ਉੱਤਮ ਮਾਰਗ 'ਤੇ ਤੋਰਦਾ ਹੈ। ਜਿੱਥੇ ਉਹ ਆਤਮਿਕ ਗਿਆਨ ਪ੍ਰਾਪਤ ਕਰਕੇ ਪ੍ਰਭੂ ਦੀ ਸੱਚੀ ਭਗਤੀ ਵਿਚ ਲੀਨ ਹੋ ਜਾਂਦਾ ਹੈ। ਸਧਾਰਨ ਪਸ਼ੂ ਬਿਰਤੀਆਂ ਦਾ ਪੂਰਨ ਤੌਰ 'ਤੇ ਵਿਨਾਸ਼ ਹੋ ਜਾਂਦਾ ਹੈ। ਜਦੋਂ ਤਕ ਮਨੁੱਖ ਨੂੰ ਧਰਮ ਦੀ ਸੋਝੀ ਨਹੀਂ ਹੁੰਦੀ ਉਹ ਹੋਰਨਾਂ ਮਨੁੱਖਾਂ ਨਾਲ ਪਸ਼ੂ ਦੀ ਤਰ੍ਹਾਂ ਹੀ ਵਿਵਹਾਰ ਕਰਦਾ ਹੈ। ਗੁਰੂ ਤੇਗ ਬਹਾਦਰ ਜੀ ਮਨੁੱਖ ਦੀਆਂ ਪਸ਼ੂ ਬਿਰਤੀਆਂ ਵਲ ਇਸ਼ਾਰਾ ਕਰਦਿਆਂ ਫ਼ਰਮਾਉਂਦੇ ਹਨ ਕਿ ਗੁਰੂ ਦੇ ਉਪਦੇਸ਼ ਸੁਣ ਕੇ ਮੇਰੇ ਅੰਦਰ ਆਤਮਿਕ ਗਿਆਨ ਨਹੀਂ ਹੋਇਆ। ਮੈਂ ਪਸ਼ੂਆਂ ਦੀ ਤਰ੍ਹਾਂ ਢਿੱਡ ਭਰਦਾਂ ਹਾਂ :

**ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ ॥**

**ਕਹੁ ਨਾਨਕ ਪ੍ਰਭ ਬਿਰਦੁ ਪਛਾਨਉ ਤਬ ਹਉ ਪਤਿਤ ਤਰਉ ॥**[15]

ਧਰਮ ਦੇ ਗਿਆਨ ਦੀ ਪ੍ਰਾਪਤੀ ਅਤੇ ਹਿਰਦੇ ਵਿਚ ਧਰਮ ਧਾਰਨ ਕੀਤੇ ਤੋਂ ਬਿਨਾਂ ਮਨੁੱਖ ਪਸ਼ੂ ਬਿਰਤੀ ਵਾਲਾ ਹੈ। ਗੁਰੂ ਸਾਹਿਬ ਅਜਿਹੇ ਮਨੁੱਖ ਨੂੰ ਸੂਰ ਅਤੇ ਕੁੱਤੇ ਦੇ ਸਮਾਨ ਕਹਿੰਦੇ ਹਨ :

**ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥**

**ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥**[16]

ਜਿਸ ਮਨੁੱਖ ਨੇ ਆਪਣੇ ਮਨ ਅੰਦਰ ਧਰਮ ਨੂੰ ਪਾਲ਼ਿਆ ਹੋਇਆ ਹੈ। ਸੱਚੇ ਅਸੂਲਾਂ ’ਤੇ ਪਹਿਰਾ ਦਿੰਦਾ ਹੈ। ਜਿਸਨੇ ਬ੍ਰਹਮ ਅਤੇ ਜੀਵ ਵਿਚਲੀ ਇਕਰੂਪਤਾ ਅਤੇ ਅਭੇਦਤਾ ਨੂੰ ਜਾਣ ਲਿਆ ਹੈ। ਉਹ ਮਨੁੱਖ ਹਮੇਸ਼ਾ ਦੁੱਖ-ਸੁੱਖ, ਲੋਭ-ਲਾਲਚ, ਮੋਹ-ਮਾਇਆ ਅਤੇ ਹੰਕਾਰ ਜਿਹੇ ਵਿਸ਼ੇ-ਵਿਕਾਰਾਂ ਤੋਂ ਵਿਮੁਕਤ ਹੈ। ਉਹ ਪ੍ਰਭੂ ਦੇ ਨਾਮ-ਸਿਮਰਨ ਵਿਚ ਲੱਗਾ ਰਹਿੰਦਾ ਹੈ। ਗੁਰੂ ਤੇਗ ਬਹਾਦਰ ਜੀ ਅਜਿਹੇ ਮਨੁੱਖ ਦੇ ਸੰਬੰਧ ਵਿਚ ਫ਼ਰਮਾਉਂਦੇ ਹਨ :

**ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ॥**

**ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥**[17]

ਸੱਚੇ ਧਰਮ ਦਾ ਅਟੁੱਟ ਅੰਗ ਸਦਾਚਾਰ ਵੀ ਹੈ। ਗੁਰੂ ਤੇਗ ਬਹਾਦਰ ਜੀ ਨੇ ਆਪਣੀ ਰਚਨਾ ਵਿਚ ਸਦਾਚਾਰ ਨੂੰ ਇਕ ਵਿਸ਼ੇਸ਼ ਸਥਾਨ ਦਿੱਤਾ ਹੈ। ਆਪ ਜੀ ਨੇ ਮਨੁੱਖ ਦੀ ਲੋਭ-ਲਾਲਚ, ਮੋਹ, ਹੰਕਾਰ, ਮਾਇਆ, ਪਰਾਈ ਇਸਤਰੀ, ਪਰਾਈ ਨਿੰਦਿਆ ਅਤੇ ਦੁਨੀਆਵੀ ਪਦਾਰਥਾਂ ਨੂੰ ਇਕੱਤਰ ਕਰਨ ਦੀ ਬਿਰਤੀ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਆਪ ਜੀ ਦਾ ਵਿਚਾਰ ਹੈ ਕਿ ਦੁਨੀਆਂ ਵਿਚ ਰਹਿੰਦਿਆਂ ਮਨੁੱਖ ਦੁਨੀਆਵੀ ਪਦਾਰਥਾਂ ਵਿਚ ਇੰਨਾਂ ਲੀਨ ਹੋ ਜਾਂਦਾ ਹੈ ਕਿ ਉਸ ਦਾ ਜੀਵਨ ਨਰਕ ਦੇ ਸਮਾਨ ਹੋ ਜਾਂਦਾ ਹੈ। ਉਹ ਇਸ ਨਾਸ਼ਵਾਨ ਅਤੇ ਝੂਠੇ ਜਗਤ ਨੂੰ ਸੱਚਾ ਮੰਨਣ ਲੱਗ ਪੈਂਦਾ ਹੈ। ਉਹ ਹੋਰ ਸਭ ਕੁਝ ਭੁਲ ਜਾਂਦਾ ਹੈ। ਉਸ ਨੂੰ ਇਕ ਵੱਡਾ ਭਰਮ ਇਹ ਲੱਗਣ ਲੱਗ ਪੈਂਦਾ ਹੈ ਕਿ ਇਹ ਪਦਾਰਥਕ ਜਗਤ ਹੀ ਸੱਚਾ ਅਤੇ ਸਥਿਰ ਹੈ। ਪਰ ਅਸਲ ਵਿਚ ਇਹ ਦ੍ਰਿਸ਼ਟ ਜਗਤ ਤਾਂ ਇਕ ਮ੍ਰਿਗ ਤ੍ਰਿਸ਼ਨਾ ਦੇ ਸਮਾਨ ਹੈ। ਗੁਰੂ ਜੀ ਆਪਣੀ ਬਾਣੀ ਵਿਚ ਫ਼ਰਮਾਉਂਦੇ ਹਨ :

**ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ ॥ ੧ ॥**

**ਭੁਗਤਿ ਮੁਕਤਿ ਕਾ ਕਾਰਨੁ ਸੁਆਮੀ ਮੂੜ ਤਾਹਿ ਬਿਸਰਾਵੈ ॥**[18]

ਧਰਮ ਸਿਧਾਂਤ ਜਾਂ ਵਿਸ਼ਵਾਸ ਤੋਂ ਜ਼ਿਆਦਾ ਆਚਰਣ ਵਿਚ ਵਸਦਾ ਹੈ। ਧਰਮ ਦਾ ਸੱਚਾ ਸਰੂਪ ਮਨੁੱਖੀ ਆਚਰਣ ਅਤੇ ਕਰਤੱਵ ਦਾ ਖੇਤਰ ਹੈ। ਵਾਸ਼ਨਾ ਦਾ ਤਿਆਗ ਹੀ ਸੱਚਾ ਤਿਆਗ ਹੈ। ਸਾਰੀਆਂ ਇੱਛਾਵਾਂ ਨੂੰ ਤਿਆਗ ਕੇ ਨਿਰਲਿਪਤ ਰਹਿਣਾ ਹੀ ਸੱਚਾ ਤਿਆਗ ਹੈ ਅਤੇ ਸਮੁੱਚਾ ਜੀਵਨ ਹੀ ਧਰਮ ਖੇਤਰ ਹੈ। ਇਸ ਪ੍ਰਕਾਰ ਕਰਤੱਵ ਅਤੇ ਆਚਰਣ ਦੋਨਾਂ ਦਾ ਹੀ ਧਰਮ ਵਿਚ ਸੁਮੇਲ ਹੋ ਜਾਂਦਾ ਹੈ। ਧਰਮ ਮਨੁੱਖ ਨੂੰ ਅਨਿਆਇ ਤੋਂ ਬਚਾਉਂਦਾ ਹੈ ਅਤੇ ਸ਼ੁੱਧ ਆਚਰਣ ਹੀ ਫਿਰ ਉਸਨੂੰ ਉੱਨਤੀ ਦੇ ਸਿਖਰਾਂ ’ਤੇ ਲੈ ਜਾਂਦਾ ਹੈ।

‘ਧਰਮ ਕੇਵਲ ਨਿੱਜਤਵ ਵਿਚ ਮਾਣੀ ਜਾਣ ਵਾਲੀ ਕਿਰਿਆ ਹੀ ਨਹੀਂ ਸਗੋਂ ਮਨੁੱਖੀ ਅਨੁਭਵ, ਗਿਆਨ ਅਤੇ ਵਿਹਾਰ ਨਾਲ ਜੁੜੀ ਚੇਤਨਾ ਹੈ।’[19] ਇਹ ਮਨੁੱਖ ਨੂੰ ਸ਼ੁਭ ਕਰਮ ਕਰਨ ਲਈ ਬੰਧਨਕਾਰੀ ਬਣਾਉਂਦੀ ਹੈ ਅਤੇ ਉਸਦੀ ਕਰਮਸ਼ੀਲਤਾ ਦਾ ਪਤਾ ਵੀ ਦਿੰਦੀ ਹੈ ਕਿ ਕਿਵੇਂ ਉਸਨੇ ਉੱਚੇ-ਸੁੱਚੇ ਅਮਲਾਂ ਤੇ ਵਿਚਾਰਾਂ ਨੂੰ ਆਪਣੀ ਜ਼ਿੰਦਗੀ ਵਿਚ ਢਾਲ ਲਿਆ ਹੈ। ਉਸਨੇ ਆਪਣੇ ਆਤਮ ਵਿਸ਼ਵਾਸ ਨੂੰ ਕਿੰਨਾਂ ਕੁ ਬਲਵਾਨ ਬਣਾ ਲਿਆ ਹੈ ਅਤੇ ਜੀਵਨ ਪ੍ਰਤੀ ਕਿੰਨੀ ਸਪਸ਼ਟ ਪਹੁੰਚ ਬਣਾ ਲਈ ਹੈ। ਇਸਦੇ ਨਾਲ ਉਹ ਹਰ ਸੰਕਟ ਅਤੇ ਸਮੱਸਿਆ ਦਾ ਮੁਕਾਬਲਾ ਕਰਨ ਲਈ ਤਿਆਰ ਹੋ ਜਾਂਦਾ ਹੈ।

ਮਨੁੱਖ ਦਾ ਧਰਮ ਹੈ ਕਿ ਉਹ ਦੁਨਿਆਵੀ ਪਦਾਰਥਾਂ ਵਿਚ ਖਚਿਤ ਨਾ ਹੋਵੇ। ਉਹ ਮਾਇਆਵੀ ਜਗਤ ਵਿਚ ਲਿਪਤ ਨਾ ਹੋਵੇ ਅਤੇ ਦੁਨਿਆਵੀ ਕਾਰ-ਵਿਹਾਰ ਕਰਦਿਆਂ ਪ੍ਰਭੂ ਦਾ ਸਿਮਰਨ ਕਰਦਾ ਰਹੇ। ਗੁਰੂ ਜੀ ਫ਼ਰਮਾਉਂਦੇ ਹਨ ਕਿ ਬਾਹਰੋਂ ਦਿਖਾਈ ਦਿੰਦੇ ਮਿੱਠੜੇ ਪਦਾਰਥ ਅੰਦਰੋਂ ਵਿਸ਼ੈਲੇ ਹਨ। ਇਹ ਮਾਇਆ ਇੰਨੀ ਸ਼ਕਤੀਸ਼ਾਲੀ ਹੈ ਕਿ ਹਰ ਮਨੁੱਖ ਇਸਦੇ ਭਰਮ ਜਾਲ ਵਿਚ ਆ ਕੇ ਇਸਦਾ ਗ਼ੁਲਾਮ ਬਣ ਜਾਂਦਾ ਹੈ। ਉਹ ਇਸਦੇ ਵਸ ਵਿਚ ਪੈ ਕੇ ਪ੍ਰਭੂ ਵਲੋਂ ਆਪਣਾ ਮੁਖ ਮੋੜ ਲੈਂਦਾ ਹੈ। ਉਸਦਾ ਚਰਿੱਤਰ ਦਿਨ-ਬ-ਦਿਨ ਡਿੱਗਣ ਲੱਗ ਜਾਂਦਾ ਹੈ। ਉਹ ਵਿਸ਼ੇ-

ਵਿਕਾਰਾਂ ਦਾ ਗ਼ੁਲਾਮ ਹੋ ਕੇ ਹਮੇਸ਼ਾ ਬੁਰਾਈ ਕਰਨ ਦੇ ਯਤਨ ਕਰਦਾ ਰਹਿੰਦਾ ਹੈ। ਗੁਰੂ ਸਾਹਿਬ ਬਚਨ ਕਰਦੇ ਹਨ ਕਿ ਇਸ ਮਾਇਆ ਨੇ ਵੱਡੇ-ਵੱਡੇ ਜੋਗੀਆਂ ਨੂੰ ਵੀ ਛਲ ਲਿਆ ਹੈ :

**ਜੋਗੀ ਜੰਗਮ ਅਰੁ ਸੰਨਿਆਸ**

**ਸਭ ਹੀ ਪਰਿ ਡਾਰੀ ਇਹ ਫਾਸ ॥**[20]

ਮਨੁੱਖ ਧਰਮ ਕਮਾਉਣ ਦੀ ਥਾਂ ਮਾਇਆ ਦੇ ਨਸ਼ੇ ਵਿਚ ਅੰਨ੍ਹਾ ਹੋ ਜਾਂਦਾ ਹੈ। ਉਹ ਆਪਣੀ ਸਾਰੀ ਸੁੱਧ-ਬੁੱਧ ਭੁਲ ਜਾਂਦਾ ਹੈ। ਉਹ ਪ੍ਰਭੂ ਦਾ ਜਸ ਕੀਰਤਨ ਗਾਉਣ ਦੀ ਥਾਂ ਮਾਇਆ ਦੇ ਅਟੁੱਟ ਜੰਜਾਲ ਵਿਚ ਫਸ ਜਾਂਦਾ ਹੈ। ਉਹ ਮਾਇਆ ਤੋਂ ਬਿਨਾਂ ਕੁਝ ਵੀ ਨਹੀਂ ਸੋਚਦਾ। ਇਹੀ ਕਾਰਜ ਉਸਨੂੰ ਧਰਮ ਤੋਂ ਵਿਮੁੱਖ ਕਰਦੇ ਹਨ। ਪਰ ਗੁਰੂ ਤੇਗ਼ ਬਹਾਦਰ ਜੀ ਧਰਮ ਕਮਾਉਣ ਦੇ ਲਈ ਮਨੁੱਖ ਨੂੰ ਸੁਚੇਤ ਕਰਦਿਆਂ ਬਚਨ ਕਰਦੇ ਹਨ ਕਿ ਉਸ ਨੂੰ ਇਹ ਵੀ ਗਿਆਨ ਨਹੀਂ ਕਿ ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾਂ, ਜਮਾਂ ਦੀਆਂ ਫਾਹੀਆਂ ਹੀ ਪੈਣੀਆਂ ਹਨ :

**ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ ॥**

**ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ ॥**[21]

ਗੁਰੂ ਸਾਹਿਬ ਕਹਿੰਦੇ ਹਨ ਕਿ ਮਨੁੱਖ ਮੋਹ-ਮਾਇਆ ਦੇ ਵਿਚ ਘਿਰਿਆ ਸੱਚੇ ਪ੍ਰਭੂ ਨੂੰ ਭੁੱਲ ਗਿਆ ਹੈ । ਧੋਖਾ ਕਰਕੇ ਸੰਸਾਰੀ ਲੋਕਾਂ ਨੂੰ ਠੱਗਦਾ ਹੈ ਅਤੇ ਆਪਣਾ ਪੇਟ ਭਰਣ ਤਕ ਹੀ ਲੱਗਿਆ ਹੋਇਆ ਹੈ। ਉਸ ਨੂੰ ਧਰਮ ਦੀ ਕੋਈ ਸੋਝੀ ਨਹੀਂ ਹੈ। ਉਹ ਮਾਇਆ ਦੇ ਵਸ ਪੈ ਕੇ ਅਸਲੀ ਧਰਮ ਤੋਂ ਦੂਰ ਹੋ ਜਾਂਦਾ ਹੈ। ਉਹ ਇਹ ਸਮਝਣ ਲੱਗ ਪੈਂਦਾ ਹੈ ਕਿ ਇਹ ਪਦਾਰਥ ਉਸਦੇ ਵਸ ਵਿਚ ਹਨ ਪਰੰਤੂ ਹੁੰਦਾ ਇਸਦੇ ਵਿਪਰੀਤ ਹੈ। ਮਨੁੱਖ ਪਦਾਰਥਾਂ ਦੇ ਵਸ ਪੈ ਕੇ ਹੀ ਰਹਿ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਦਾ ਵਿਚਾਰ ਹੈ ਕਿ ਮਨੁੱਖ ਆਪਣੇ ਯਤਨਾਂ ਨਾਲ ਹੀ ਇਨ੍ਹਾਂ ਮਾਇਆਵੀ ਪਦਾਰਥਾਂ ਨੂੰ ਪ੍ਰਾਪਤ ਨਹੀਂ ਕਰ ਸਕਦਾ। ਉਹ ਸੋਚਦਾ ਕੁਝ ਹੋਰ ਹੈ ਪਰ ਹੁੰਦਾ ਅਸਲ ਵਿਚ ਹੋਰ ਹੈ :

**ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ ॥**

**ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ ॥**[22]

ਇਸ ਪ੍ਰਕਾਰ ਮਨੁੱਖ ਕਈ ਤਰ੍ਹਾਂ ਦੇ ਭਰਮ ਭੁਲੇਖਿਆਂ ਅਤੇ ਸ਼ੰਕਿਆਂ ਦਾ ਸ਼ਿਕਾਰ ਹੋ ਜਾਂਦਾ ਹੈ। ਇਹ ਗ਼ਲਤ ਪ੍ਰਵਿਰਤੀਆਂ ਉਸਦੇ ਧਰਮ ਦੇ ਮਾਰਗ ਵਿਚ ਰੁਕਾਵਟਾਂ ਪੈਦਾ ਕਰਦੀਆਂ ਹਨ। ਉਹ ਸਦਾਚਾਰੀ ਧਰਮ ਕਰਮ ਦੀ ਥਾਂ ਦੁਰਾਚਾਰੀ, ਅਧਰਮੀ ਕਾਰਜ ਕਰਦਾ ਹੈ। ਉਹ ਦੁਨਿਆਵੀ ਪਦਾਰਥਾਂ ਦੀ ਵਲਗਣ ਵਿਚ ਘਿਰ ਕੇ ਰਹਿ ਜਾਂਦਾ ਹੈ। ਉਹ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਪ੍ਰਵਿਰਤੀ ਤੋਂ ਵਰਜਣ ਲਈ ਗੁਰੂ ਤੇਗ਼ ਬਹਾਦਰ ਜੀ ਸਪਸ਼ਟ ਸ਼ਬਦਾਂ ਵਿਚ ਕਹਿੰਦੇ ਹਨ :

**ਸਾਧੋ ਮਨ ਕਾ ਮਾਨੁ ਤਿਆਗਉ ॥**

**ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥ ੧ ॥ ਰਹਾਉ ॥**[23]

ਕਾਮ, ਕ੍ਰੋਧ ਅਤੇ ਮੋਹ ਦਾ ਝਲਕਾਰਾ ਇੰਨਾ ਤੇਜ਼ ਹੁੰਦਾ ਹੈ ਕਿ ਮਨੁੱਖ ਨੂੰ ਕੁਝ ਵੀ ਸਪਸ਼ਟ ਦਿਖਾਈ ਨਹੀਂ ਦਿੰਦਾ। ਉਹ ਮਾਇਆ ਦੇ ਪ੍ਰਭਾਵ ਹੇਠ ਆ ਜਾਂਦਾ ਹੈ। ਉਹ ਅਧਰਮੀ ਕਾਰਜਾਂ ਨੂੰ ਹੀ ਚੰਗਾ ਸਮਝਣ ਲੱਗ ਪੈਂਦਾ ਹੈ। ਜਿਸਦੇ ਫਲਸਰੂਪ ਉਹ ਪ੍ਰਭੂ ਨੂੰ ਵੀ ਵਿਸਾਰ ਦਿੰਦਾ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ :

**ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥**

**ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥**[24]

ਝੂਠ ਤੇ ਸੱਚ ਦਾ ਨਿਰਣਾ ਮਨ ਦੀ ਖੋਜ ਦਾ ਅਸਲ ਨਿਸ਼ਾਨਾ ਹੈ। ਝੂਠੇ ਸੰਸਾਰ ਦਾ ਖ਼ਿਆਲ ਛੱਡ ਕੇ ਰਾਮ ਨਾਮ ਦੀ ਸੱਚਾਈ ਗ੍ਰਹਿਣ ਕਰਨਾ ਅਸਲੀ ਧਰਮ ਹੈ। ਇਹ ਗੱਲ ਮਨੁੱਖ ਲਈ ਹਰ ਸਮੇਂ ਆਪਣੇ ਮਨ ਨੂੰ ਦ੍ਰਿੜ ਕਰਾਉਣ ਦੀ ਲੋੜ ਹੈ।

ਗੁਰੂ ਤੇਗ ਬਹਾਦਰ ਜੀ ਨੇ ਮਨੁੱਖ ਦਾ ਸੱਚਾ ਧਰਮ ਤਾਂ ਪ੍ਰਭੂ ਦਾ ਨਾਮ ਸਿਮਰਨ ਕਰਨਾ ਹੀ ਦੱਸਿਆ ਹੈ। ਜਿਸਦੇ ਨਾਲ ਉਸਦੀ ਆਤਮਾ ਪਵਿੱਤਰ ਹੋ ਜਾਂਦੀ ਹੈ। ਉਹ ਮਨੁੱਖਤਾ ਲਈ

ਪਰਉਪਕਾਰ ਵਾਲੇ ਕਰਮ ਕਰਦਾ ਹੈ। ਗੁਰੂ ਜੀ ਨੇ ਧਰਮ ਬਾਰੇ ਇਸ ਪ੍ਰਕਾਰ ਵਿਚਾਰ ਪ੍ਰਗਟਾਏ ਹਨ :

**ਪ੍ਰਾਨੀ ਕਉਨੁ ਉਪਾਉ ਕਰੈ ॥**

**ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸ ਹਰੈ ॥੧॥ ਰਹਾਉ ॥**

**ਕਉਨ ਕਰਮ ਬਿਦਿਆ ਕਹੁ ਕੈਸੀ ਧਰਮੁ ਕਉਨੁ ਫੁਨਿ ਕਰਈ ॥**

**ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵਸਾਗਰ ਕਉ ਤਰਈ ॥੧॥**

**ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥**

**ਅਉਰ ਧਰਮ ਤਾ ਕੈ ਸਮਿ ਨਾਹਨਿ ਇਹ ਬਿਧਿ ਬੇਦੁ ਬਤਾਵੈ ॥**[25]

ਗੁਰੂ ਜੀ ਫ਼ਰਮਾਉਂਦੇ ਹਨ ਕਿ ਇਸ ਸੰਸਾਰ ਵਿਚ ਕੇਵਲ ਪ੍ਰਮਾਤਮਾ ਦਾ ਹੀ ਨਾਮ ਅਜਿਹਾ ਹੈ ਜਿਸ ਦੇ ਜਪਣ ਨਾਲ ਮਨੁੱਖ ਦੀ ਗਤੀ ਹੋ ਸਕਦੀ ਹੈ। ਇਸ ਦੇ ਬਰਾਬਰ ਕੋਈ ਹੋਰ ਧਰਮ ਨਹੀਂ। ਇੱਥੇ ਧਰਮ ਤੋਂ ਭਾਵ ਵਿਦਿਆ, ਕਰਮ ਤੇ ਵਸੀਲਾ ਜਾਂ ਉਪਾਅ ਵੀ ਹੈ। ਅਰਥਾਤ ਪਰਮਾਤਮਾ ਦਾ ਨਾਮ ਜਪਣਾ ਹੀ ਸਭ ਤੋਂ ਵੱਡੀ ਵਿਦਿਆ, ਉੱਤਮ ਕਰਮ ਤੇ ਸਹੀ ਧਰਮ ਹੈ। ਧਰਮ ਤੋਂ ਭਾਵ ਸਾਧਨ ਵੀ ਹੈ। ਗੁਰੂ ਤੇਗ ਬਹਾਦਰ ਜੀ ਸੱਚੇ ਧਰਮ ਦੇ ਸਰੂਪ ਨੂੰ ਪ੍ਰਗਟਾਉਂਦਿਆਂ ਆਖਦੇ ਹਨ ਕਿ ਮਨੁੱਖ ਅਜਿਹਾ ਕਿਹੜਾ ਜਤਨ ਕਰੇ ਜਿਸ ਦੇ ਨਾਲ ਰਾਮ ਦੀ ਭਗਤੀ ਪ੍ਰਾਪਤ ਹੋਵੇ ਅਤੇ ਜਮ ਤੋਂ ਛੁਟਕਾਰਾ ਮਿਲ ਸਕੇ। ਫਿਰ ਅਜਿਹਾ ਕਿਹੜਾ ਕਰਮ, ਗਿਆਨ ਅਤੇ ਧਰਮ ਧਾਰਨ ਕਰੇ ਅਤੇ ਕਿਹੜੀ ਨਾਮ ਸਿਮਰਨ ਦੀ ਜੁਗਤ ਵਰਤੇ ਜਿਸ ਨਾਲ ਸੰਸਾਰ ਸਾਗਰ ਤੋਂ ਪਾਰ ਉਤਾਰਾ ਹੋ ਸਕੇ।

**ਨਾਹਿਨ ਗੁਨੁ ਨਾਹਿਨ ਕਛੁ ਬਿਦਿਆ ਧਰਮੁ ਕਉਨੁ ਗਜਿ ਕੀਨਾ ॥**

**ਨਾਨਕ ਬਿਰਦੁ ਰਾਮ ਕਾ ਦੇਖਹੁ ਅਭੈ ਦਾਨੁ ਤਿਹ ਦੀਨਾ ॥**[26]

ਅਸਲ ਵਿਚ ਮਨਮੁਖ ਮਨੁੱਖ ਲੋਭ ਲਾਲਚ ਵਿਚ ਫਸ ਕੇ ਅਨੇਕਾਂ ਪ੍ਰਕਾਰ ਦੇ ਗ਼ਲਤ ਢੰਗਾਂ ਨਾਲ ਧਨ ਦੌਲਤ ਇਕੱਤਰ ਕਰਨ ਵਿਚ ਲੱਗਿਆ ਰਹਿੰਦਾ ਹੈ। ਉਹ ਬਾਹਰੋਂ ਧਰਮੀ ਦਿਖਾਈ ਦਿੰਦਾ ਹੈ ਪਰੰਤੂ ਕਰਮ ਉਸਦੇ ਅਧਰਮੀ ਵਾਲੇ ਹੁੰਦੇ ਹਨ। ਮਨੁੱਖ ਦੀ ਅਜਿਹੀ ਬਿਰਤੀ ਬਾਰੇ ਗੁਰੂ

ਤੇਗ ਬਹਾਦਰ ਜੀ ਫ਼ਰਮਾਉਂਦੇ ਹਨ ਕਿ :

**ਸਾਚ ਛਾਡਿ ਕੈ ਝੂਠਹ ਲਾਗਿਓ ਜਨਮੁ ਅਕਾਰਥੁ ਖੋਇਓ ॥**

**ਕਰਿ ਪਰਪੰਚ ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ ॥**[27]

ਇਸ ਤੋਂ ਪਤਾ ਚਲਦਾ ਹੈ ਕਿ ਕਈ ਵਾਰ ਮਨੁੱਖ ਧਰਮ ਨੂੰ ਭੁਲ ਕੇ ਗ਼ਲਤ ਢੰਗਾਂ ਦੇ ਨਾਲ ਧਨ ਦੌਲਤ ਇਕੱਠੀ ਕਰਦਾ ਹੈ। ਇਸ ਪ੍ਰਵਿਰਤੀ ਅਧੀਨ ਹੋ ਉਹ ਆਪਣੇ ਸਵੈਮਾਨ ਨੂੰ ਵੀ ਗੁਆ ਬੈਠਦਾ ਹੈ। ਉਸ ਵਿਚ ਧਰਮ ਦੀ ਪ੍ਰਕ੍ਰਿਤੀ ਵਾਲਾ ਕੋਈ ਗੁਣ ਨਹੀਂ ਬਚਦਾ। ਉਹ ਸੁੱਖ ਦੀ ਭਾਲ ਵਿਚ ਜਣੇ-ਖਣੇ ਦੀ ਚਾਕਰੀ ਕਰਦਾ ਹੈ ਫਿਰਦਾ ਹੈ ਪਰ ਦੁੱਖ ਪਾਉਂਦਾ ਹੈ। ਅਜਿਹੇ ਮਨੁੱਖ ਦੀ ਤੁਲਨਾ ਗੁਰੂ ਜੀ ਨੇ ਕੁੱਤੇ ਦੇ ਨਾਲ ਕੀਤੀ ਹੈ ਜੋ ਕਿ ਇਕ ਬੁਰਕੀ ਦੀ ਤਲਾਸ਼ ਵਿਚ ਦਰ-ਦਰ ਭਟਕਦਾ ਫਿਰਦਾ ਰਹਿੰਦਾ ਹੈ :

**ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ ॥**

**ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥ ੧ ॥**[28]

ਡਾ. ਜਗਬੀਰ ਸਿੰਘ ਲਿਖਦੇ ਹਨ ਕਿ 'ਧਰਮ ਦਾ ਸੂਰੂਪ ਬੁਨਿਆਦੀ ਤੌਰ 'ਤੇ ਯਥਾਰਥ ਨਾਲ ਭਾਵਾਤਮਕ ਰਿਸ਼ਤਾ ਪਾਉਣ ਵਾਲਾ ਹੈ ਜੋ ਮਨੁੱਖੀ ਆਚਾਰ ਦੇ ਕਾਰਜ-ਖੇਤਰ ਨੂੰ ਤੀਬਰਤਾ ਨਾਲ ਪ੍ਰਭਾਵਿਤ ਕਰਦਾ ਹੈ।'[29] ਇਹ ਲੋਕ ਆਚਾਰ ਪੱਧਰ 'ਤੇ ਮਨੁੱਖ ਨੂੰ ਅਥਾਹ ਸ਼ਕਤੀ ਦਿੰਦਾ ਹੈ। ਇਹ ਮਨੁੱਖ ਨੂੰ ਇਕ ਚੰਗੀ ਜੀਵਨ ਸੇਧ ਦਿੰਦਾ ਹੈ। ਜਿਸ ਦੇ ਨਾਲ ਉਸਦੀ ਸਖ਼ਸ਼ੀਅਤ ਦਾ ਉਚੇਰਾ ਨਿਰਮਾਣ ਹੁੰਦਾ ਹੈ। ਉਹ ਆਪਣੀ ਜ਼ਿੰਦਗੀ ਦੇ ਯਥਾਰਥ ਨਾਲ ਜੁੜ ਕੇ ਹਰ ਪੱਖੋਂ ਵਿਕਾਸ ਕਰਦਾ ਹੈ ਅਤੇ ਧਰਮ ਪ੍ਰਤੀ ਫੈਲੇ ਸਮਾਜ ਵਿਚ ਅੰਧਵਿਸ਼ਵਾਸਾਂ, ਪਖੰਡਾਂ ਤੇ ਵਹਿਮਾਂ ਤੋਂ ਆਪਣੀ ਬੁੱਧੀ ਤੇ ਸੂਝ ਨਾਲ ਨਿਜਾਤ ਪਾਉਂਦਾ ਹੈ। ਉਹ ਆਤਮਕ ਪੱਧਰ 'ਤੇ ਵਧੇਰੇ ਸ਼ਕਤੀਸ਼ਾਲੀ ਹੁੰਦਾ ਹੈ।

ਲੋਕਾਂ ਦੀ ਸੇਵਾ ਕਰਨਾ ਹੀ ਧਰਮ ਹੈ। ਸੇਵਾ ਕਰਨ ਦੇ ਨਾਲ ਹੀ ਮਨੁੱਖੀ ਮਨ ਪਵਿੱਤਰ ਹੁੰਦਾ ਹੈ। ਉਸਦੇ ਅੰਦਰ ਬੈਰਾਗਤਾ ਆਉਂਦੀ ਹੈ। ਉਸਦੀ ਸੁਰਤ ਪ੍ਰਭੂ ਦੇ ਨਾਲ ਜੁੜਦੀ ਹੈ। ਜਿੱਥੇ

ਉਸਨੂੰ ਵਿਸਮਾਦੀ ਅਨੰਦ ਪ੍ਰਾਪਤ ਹੁੰਦਾ ਹੈ। ਪਰੰਤੂ ਇਸਦੇ ਉਲਟ ਮਨਮੁਖ ਮਨੁੱਖ ਦੀ ਮਨੋਸਥਿਤੀ ਭਟਕਣਾ ਵਾਲੀ ਹੁੰਦੀ ਹੈ। ਉਸਨੂੰ ਇਕ ਪਲ ਦੇ ਲਈ ਵੀ ਚੈਨ ਪ੍ਰਾਪਤ ਨਹੀਂ ਹੁੰਦਾ।

ਮਨੁੱਖ ਦੇ ਧਰਮ ਦੇ ਪੰਧ ਵਿਚ ਇਕ ਹੋਰ ਵੱਡੀ ਰੁਕਾਵਟ ਪਰਾਈ ਨਿੰਦਿਆ ਦੀ ਮਨੋਸਥਿਤੀ ਹੈ। ਉਹ ਆਪਣੇ ਧਰਮੀ ਕਰਮਾਂ ਨੂੰ ਛੱਡ ਕੇ ਹੋਰਨਾਂ ਲੋਕਾਂ ਦੀ ਨਿੰਦਿਆ ਕਰਨ ਵਿਚ ਲੱਗਿਆ ਰਹਿੰਦਾ ਹੈ। ਦੂਜਿਆਂ ਨੂੰ ਬੁਰਾ ਅਤੇ ਆਪਣੇ ਆਪ ਨੂੰ ਚੰਗਾ ਸਿੱਧ ਕਰਨਾ ਹੀ ਉਸਦਾ ਜੀਵਨ ਕਰਮ ਬਣ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਦਾ ਬਚਨ ਹੈ ਕਿ ਇਹੋ ਜਿਹੇ ਮਨੁੱਖ ਦੇ ਵਿਚਾਰ ਕਿੰਨੇ ਹਾਸੋਹੀਣੇ ਹਨ :

**ਗੁਰ ਉਪਦੇਸੁ ਸੁਨਿਓ ਨਹਿ ਕਾਨਨਿ ਪਰ ਦਾਰਾ ਲਪਟਾਇਓ ॥**

**ਪਰ ਨਿੰਦਾ ਕਾਰਨਿ ਬਹੁ ਧਾਵਤ ਸਮਝਿਓ ਨਹ ਸਮਝਾਇਓ ॥**[30]

**ਮਨ ਰੇ ਕਉਨੁ ਕੁਮਤਿ ਤੈ ਲੀਨੀ ॥**

**ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ ॥ ੧ ॥ ਰਹਾਉ ॥**[31]

ਗੁਰੂ ਜੀ ਨੇ ਆਪਣੀ ਬਾਣੀ ਵਿਚ ਬਾਰ-ਬਾਰ ਮਨੁੱਖ ਨੂੰ ਸੁਚੇਤ ਕਰਦਿਆਂ ਧਰਮ ਦੀ ਪਾਲਣਾ ਕਰਦਿਆਂ ਪਰ ਨਿੰਦਿਆ, ਪਰ ਇਸਤਰੀਗਮਨ, ਬੁਰੀ ਸੰਗਤ ਤੋਂ ਬਚਣ ਅਤੇ ਲੋਭ ਲਾਲਚ ਤੋਂ ਛੁਟਕਾਰਾ ਪਾਉਣ ਦਾ ਉਪਦੇਸ਼ ਦਿੱਤਾ ਹੈ। ਆਪ ਜੀ ਦਾ ਵਿਚਾਰ ਹੈ ਕਿ ਮਨੁੱਖ ਮਾਇਆ, ਮੋਹ, ਮਮਤਾ ਦੇ ਜੰਜਾਲ ਤੋਂ ਮੁਕਤ ਹੋ ਕੇ ਸਹਿਜ ਰੂਪ ਵਿਚ ਆਪਣੇ ਸੱਚੇ ਧਰਮ ਦੀ ਪਹਿਚਾਣ ਕਰ ਸਕਦਾ ਹੈ :

**ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥**

**ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥**[32]

ਸੱਚਾ ਧਰਮੀ ਮਨੁੱਖ ਵਿਸ਼ੇ-ਵਿਕਾਰਾਂ ਤੋਂ ਦੂਰ ਹੋ ਜਾਂਦਾ ਹੈ। ਉਸ ਦੇ ਮਨ ਦੀ ਭਟਕਣਾ ਹਮੇਸ਼ਾ ਦੇ ਲਈ ਮਿਟ ਜਾਂਦੀ ਹੈ। ਉਹ ਸਹਿਜਮਈ ਜੀਵਨ ਬਤੀਤ ਕਰਦਾ ਹੈ। ਉਹ ਆਪਣੀ ਸਾਂਝ

ਪ੍ਰਭੂ ਨਾਲ ਪਾ ਲੈਂਦਾ ਹੈ। ਗੁਰਵਾਕ ਹੈ :

**ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥**

**ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ ॥**[33]

ਗੁਰਮਤਿ ਦੇ ਪ੍ਰਸਿੱਧ ਵਿਦਵਾਨ ਭਾਈ ਜੋਧ ਸਿੰਘ ਲਿਖਦੇ ਹਨ ਕਿ ਸਾਡੇ ਦੇਸ਼ ਵਿਚ ਅਹਿੰਸਾ ਅਤੇ ਤਿਆਗ ਧਰਮ ਦੇ ਮੁਖ ਅੰਗ ਮੰਨੇ ਗਏ ਹਨ। ਸਗੋਂ ਬਾਜੇ ਤਾਂ ਇਹ ਕਹਿੰਦੇ ਹਨ ਕਿ ਧਰਮ ਦਾ ਆਰੰਭ ਹੀ ਤਿਆਗ ਤੋਂ ਹੁੰਦਾ ਹੈ। ਇਸ ਲਈ ਸ੍ਵੈਰਖਿਆ ਤੇ ਦੀਨ ਰਖਿਆ ਲਈ ਵੀ ਜ਼ੋਰ ਵਰਤਣਾ ਉੱਚੇ ਨੁਕਤਾ ਨਿਗਾਹ ਤੋਂ ਵਿਹਤਰ ਨਹੀਂ ਮੰਨਿਆ ਜਾਂਦਾ।'[34] ਤਿਆਗ ਦੀ ਭਾਵਨਾ ਮਨੁੱਖ ਦੇ ਮਨ ਵਿਚ ਸੰਜਮਤਾ ਦਾ ਭਾਵ ਪੈਦਾ ਕਰਦੀ ਹੈ। ਆਤਮਿਕ ਸੰਤੁਸ਼ਟੀ ਨਾਲ ਮਨੁੱਖ ਦੇ ਜੀਵਨ ਵਿਚ ਸਹਿਜਤਾ ਪ੍ਰਵੇਸ਼ ਕਰਦੀ ਹੈ। ਅਹਿੰਸਾ ਦੀ ਭਾਵਨਾ ਨਾਲ ਹੋਰਨਾਂ ਜੀਵਾਂ ਦੀ ਸੁਰੱਖਿਆ ਬਣੀ ਰਹਿੰਦੀ ਹੈ। ਡਾ. ਸ਼ੇਰ ਸਿੰਘ ਅਨੁਸਾਰ 'ਧਰਮ ਇਕ ਆਦਰਸ਼ ਹੈ, ਜਿਸ ਦੀ ਨੀਂਹ ਸਾਡੇ ਜੀਵਨ ਦੇ ਉਹਨਾਂ ਉਚੇਰੇ ਤੇ ਸੂਖਮ ਭਾਵਾਂ ਉੱਤੇ ਹੈ, ਜੋ ਅਸੀਂ ਵਰਤਮਾਨ ਤੇ ਭਵਿੱਖ, ਇਸ ਦੁਨੀਆਂ ਤੇ ਅਗਲੀ ਦੁਨੀਆਂ ਵਿਚ ਸੁੱਖ ਅਤੇ ਸ਼ਾਂਤੀ ਪ੍ਰਾਪਤ ਕਰਨ ਲਈ ਰੱਖਦੇ ਹਾਂ।[35] ਇਸ ਦਾ ਆਧਾਰ ਸੱਚੇ ਪ੍ਰਭੂ ਦਾ ਨਾਮ ਸਿਮਰਨ ਹੈ। ਨਾਮ ਅਭਿਆਸੀ ਸਾਧ ਸੰਗਤ ਵਿਚ ਆ ਕੇ ਸੱਚੇ ਧਰਮ ਦੀ ਸ਼ਰਨ ਵਿਚ ਆ ਜਾਂਦਾ ਹੈ। ਉੱਥੇ ਧਰਮੀ ਸੰਤ ਜਨ ਪੁਕਾਰ ਕੇ ਕਹਿ ਰਹੇ ਹਨ ਕਿ ਪ੍ਰਭੂ ਦਾ ਵਾਸਾ ਹਰ ਇਨਸਾਨ ਵਿਚ ਹੈ। ਇਸ ਲਈ ਹੇ ਮਨੁੱਖ ਤੂੰ ਉਸ ਪ੍ਰਭੂ ਦਾ ਸਿਮਰਨ ਕਰ ਤਾਂ ਜੋ ਸੰਸਾਰ-ਸਾਗਰ ਤੋਂ ਪਾਰ ਹੋ ਸਕੇਂ। ਇਸ ਤਰ੍ਹਾਂ ਸੱਚੇ ਧਰਮ ਦੇ ਗਿਆਨ ਦੀ ਪ੍ਰਾਪਤੀ ਨਾਲ ਉਸਦੀ ਭੈੜੀ ਮਾਨਸਿਕਤਾ ਦਾ ਨਾਸ਼ ਹੋ ਜਾਂਦਾ ਹੈ ਅਤੇ ਪ੍ਰਭੂ ਭਗਤੀ ਕਰਕੇ ਪਰਮਾਤਮਾ ਨਾਲ ਅਭੇਦ ਹੋ ਜਾਂਦਾ ਹੈ :

**ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥**

**ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥**[36]

ਇਸ ਪ੍ਰਕਾਰ ਧਰਮ ਇਕ ਉਸ ਮਨੁੱਖੀ ਅਨੁਭਵ ਦਾ ਨਾਂ ਵੀ ਹੈ ਜਿਹੜਾ ਮਨੁੱਖ ਸਾਧ ਸੰਗਤ ਵਿਚ ਬੈਠ ਕੇ ਪ੍ਰਾਪਤ ਕਰਦਾ ਹੈ। ਇਸ ਪ੍ਰਕਰਣ ਵਿਚ ਧਰਮ ਇਕ ਸ਼ੁੱਧ ਮਾਨਸਿਕਤਾ ਦਾ ਨਾਂ ਹੈ। ਜਦੋਂ ਮਨੁੱਖ ਦਾ ਮਨ ਪਵਿੱਤਰ ਹੋ ਜਾਂਦਾ ਹੈ। ਉਸ ਦੀਆਂ ਬਾਹਰੀ ਸਰੀਰਕ ਕ੍ਰਿਆਵਾਂ ਵੀ ਪਵਿੱਤਰ ਹੋ ਜਾਂਦੀਆਂ ਹਨ। ਉਸ ਵਿਚ ਸਹਿਜ ਅਵਸਥਾ ਆ ਜਾਂਦੀ ਹੈ। ਉਹ ਸਮਦ੍ਰਿਸ਼ਟੀ ਦਾ ਧਾਰਨੀ ਹੋ ਕੇ ਲੋਕ ਕਲਿਆਣ ਹਿਤ ਕਰਮ ਕਰਦਾ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ :

**ਹਰਿ ਕੋ ਨਾਮੁ ਸਦਾ ਸੁਖਦਾਈ ॥**

**ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ ॥੧॥ ਰਹਾਉ ॥**

**ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ ॥**

**ਤਾ ਕੋ ਦੂਖੁ ਹਰਿਓ ਕਰੁਣਾਮੈ ਆਪਨੀ ਪੈਜ ਬਢਾਈ ॥**

**ਜਿਹ ਨਰ ਜਸੁ ਕਿਰਪਾ ਨਿਧਿ ਗਾਇਓ ਤਾ ਕਉ ਭਇਓ ਸਹਾਈ ॥**

**ਕਹੁ ਨਾਨਕ ਮੈ ਇਹੀ ਭਰੋਸੈ ਗਹੀ ਆਨਿ ਸਰਨਾਈ ॥**[37]

ਮਨੁੱਖ ਆਤਮ ਚਿੰਤਨ ਕਰਕੇ ਸਵੈ ਦੀ ਪਛਾਣ ਕਰ ਸੱਚੇ ਧਰਮ ਦੀ ਮੂਲ ਪ੍ਰਕ੍ਰਿਤੀ ਨੂੰ ਸਮਝ ਲੈਂਦਾ ਹੈ। ਫਿਰ ਉਹ ਆਪਣੇ ਮਨੋ ਵਿਕਾਰਾਂ ਤੋਂ ਪੂਰਨ ਤੌਰ ’ਤੇ ਨਿਜਾਤ ਪਾ ਲੈਂਦਾ ਹੈ। ਸਾਧ ਸੰਗਤ ਵਿਚ ਉਸਦਾ ਸਮਾਜੀ ਅਕਸ ਸੁਧਰਦਾ ਹੈ। ਉਸਦੇ ਚੰਗੇ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ‘ਸਾਧੂ ਦੀ ਸੰਗਤ ਨੂੰ ਉੱਤਮ ਪਦਵੀ ਦੀ ਪ੍ਰਾਪਤੀ ਬਰਾਬਰ ਮੰਨਿਆ ਹੈ।’[38] ਗੁਰੂ ਸਾਹਿਬ ਬਚਨ ਕਰਦੇ ਹਨ ਕਿ ਜਦੋਂ ਕੋਈ ਮਨੁੱਖ ਸਾਧੂ ਦੀ ਸੰਗਤ ਵਿਚ ਆਉਂਦਾ ਹੈ ਤਾਂ ਉਸਦੇ ਸਾਰੇ ਦੁੱਖ, ਕਸ਼ਟ ਮਿਟ ਜਾਂਦੇ ਹਨ :

**ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ॥**

**ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ ॥**[39]

**ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥**

**ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥**[40]

ਪਰ ਅਸਲ ਅਤੇ ਭਲਾ ਸਾਧ ਕਿਹੜਾ ਹੈ ? ਇਸ ਸੰਦਰਭ ਵਿਚ ਗੁਰੂ ਜੀ ਦਾ ਕਹਿਣਾ ਹੈ ਕਿ ਅਸਲ ਸਾਧ ਜਾਂ ਸੰਤ ਤਾਂ ਉਹ ਹੈ ਜਿਸ ਨੇ ਆਪਣੇ ਮਨ ਨੂੰ ਸਾਧਿਆ ਹੋਵੇ, ਜੋ ਦੁਨੀਆ ਦੇ ਪਦਾਰਥਾਂ ਅਤੇ ਮਨੋਵਿਕਾਰਾਂ ਤੋਂ ਮੁਕਤ ਹੋ ਗਿਆ ਹੋਵੇ। ਜਿਸ ਨੂੰ ਆਤਮਾ ਪਰਮਾਤਮਾ ਦੀ ਸੋਝੀ ਪ੍ਰਾਪਤ ਹੋ ਗਈ ਹੋਵੇ। ਇਸ ਤਰ੍ਹਾਂ ਸੱਚਾ ਸਾਧੂ ਜਾਂ ਸੰਤ ਧਰਮ ਦੀ ਪਾਲਣਾ ਕਰਦਿਆਂ ਆਪਣੇ ਵਿਅਕਤੀਗਤ ਸੁੱਖ ਵਿਚ ਲਿਪਤ ਨਹੀਂ ਰਹਿੰਦਾ ਸਗੋਂ ਉਹ ਹੋਰਨਾਂ ਮਨੁੱਖਾਂ ਨੂੰ ਵੀ ਪ੍ਰਭੂ ਸਿਮਰਨ ਨਾਲ ਜੋੜਦਾ ਹੈ ਅਤੇ ਉਨ੍ਹਾਂ ਨੂੰ ਸੱਚੇ ਧਰਮ ਦੇ ਰਾਹ ’ਤੇ ਤੋਰਦਾ ਹੈ।

ਇਹ ਵੀ ਕਿਹਾ ਜਾਂਦਾ ਹੈ ਕਿ ਜਿੰਨੀ ਦੇਰ ਤਕ ਮਨੁੱਖ ਆਪਣੇ ਆਚਰਣ ਪੱਖੋਂ ਉੱਚਾ ਨਹੀਂ ਹੁੰਦਾ ਉਸਦਾ ਜੀਵਨ ਅਤੇ ਸਮਾਜ ਕਦੇ ਵੀ ਉੱਨਤੀ ਨਹੀਂ ਕਰ ਸਕਦਾ। ਧਰਮ ਮਨੁੱਖੀ ਆਚਰਣ ਨੂੰ ਬਲਸ਼ਾਲੀ ਬਣਾਉਂਦਾ ਹੈ। ਉਸਨੂੰ ਸਮਾਜ ਵਿਚ ਸੁੱਖਮਈ ਜੀਵਨ ਜੀਉਣ ਦੀ ਪ੍ਰੇਰਨਾ ਦਿੰਦਾ ਹੈ। ਉਸ ਲਈ ਪ੍ਰਕਾਸ਼ਮਈ ਜੀਵਨ ਮਾਰਗ ਤਿਆਰ ਕਰਦਾ ਹੈ। ਮਨੁੱਖ ਧਰਮ ਅਤੇ ਧਾਰਮਿਕਤਾ ਦਾ ਅਨੁਭਵ ਕਰਕੇ ਆਪਣੇ ਫ਼ਰਜ਼ਾਂ ਨੂੰ ਨਿਭਾਉਣ ਪ੍ਰਤੀ ਸੁਚੇਤ ਹੁੰਦਾ ਹੈ। ਉਹ ਆਪਣੇ ਪ੍ਰਕ੍ਰਿਤਕ ਅਤੇ ਸਮਾਜਿਕ ਹੱਕਾਂ ਦੀ ਰੱਖਿਆ ਲਈ ਸੰਘਰਸ਼ਸ਼ੀਲ ਹੋ ਕੇ ਜਿਉਣ ਦੀ ਲਾਲਸਾ ਮਨ ਵਿਚ ਪ੍ਰਚੰਡ ਕਰਦਾ ਹੈ। ਅਜਿਹੀ ਮਨੋਸਥਿਤੀ ਉਸਨੂੰ ਧਰਮ ਦੇ ਮਾਰਗ ‘ਤੇ ਚਲਦਿਆਂ ਪ੍ਰਭੂ ਦੇ ਸੱਚੇ ਨਾਮ ਦਾ ਸਹਾਰਾ ਲੈ ਕੇ ਹੀ ਪ੍ਰਾਪਤ ਹੁੰਦੀ ਹੈ। ਮਨੁੱਖ ਜੀਵਨ ਮੁਕਤ ਪਦ ਨੂੰ ਪ੍ਰਾਪਤ ਹੋ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਮਨੁੱਖੀ ਮਨ ਨੂੰ ਸੰਬੋਧਿਤ ਹੁੰਦਿਆਂ ਫ਼ਰਮਾਉਂਦੇ ਹਨ :

**ਰੇ ਮਨ ਓਟ ਲੇਹੁ ਹਰਿ ਨਾਮਾ ॥**

**ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ ॥ ੧ ॥ ਰਹਾਉ ॥**

**ਬਡਭਾਗੀ ਤਿਹ ਜਨ ਕਉ ਜਾਨਹੁ ਜੋ ਹਰਿ ਕੇ ਗੁਨ ਗਾਵੈ ॥**

**ਜਨਮ ਜਨਮ ਕੇ ਪਾਪ ਖੋਇ ਕੈ ਫੁਨਿ ਬੈਕੁੰਠਿ ਸਿਧਾਵੈ ॥**[41]

ਅਜਿਹੇ ਮੁਕਤ ਮਨੁੱਖ ਦੇ ਮਨ ਦੀ ਸਥਿਤੀ ਹਰਿ ਰਸ ਭਰਪੂਰ ਹੋ ਜਾਂਦੀ ਹੈ। ਉਸਦੇ ਮਨ ਦੀ ਮੈਲ ਉਤਰ ਜਾਂਦੀ ਹੈ। ਅਜਿਹੇ ਮਨੁੱਖ ਵਡਭਾਗੀ ਹਨ ਜਿਨ੍ਹਾਂ ਨੇ ਅਸਲੀ ਧਰਮ ਦੀ ਪਛਾਣ ਕਰਕੇ ਆਪਣੇ ਮਨੁੱਖੀ ਜੀਵਨ ਨੂੰ ਸੰਵਾਰ ਲਿਆ ਹੈ ਅਤੇ ਉਸਦੇ ਮਨ ਵਿਚੋਂ ਜਨਮ-ਜਨਮ ਦੀ ਭਟਕਣ ਪੂਰਨ ਤੌਰ 'ਤੇ ਮਿਟ ਗਈ ਹੈ। ਉਸਦੇ ਮਨ ਦੀ ਚਿੰਤਾ ਖ਼ਤਮ ਹੋ ਗਈ ਹੈ ਜਿਹੜੀ ਉਸਨੂੰ ਨਿਰੰਤਰ ਖਾਈ ਜਾਂਦੀ ਸੀ। ਉਹ ਸਿਮਰਨ ਕਰਦਾ ਹੋਇਆ ਧਰਮ ਦੀ ਪਾਲਣਾ ਕਰਦਾ ਹੈ। ਸੱਚੇ ਪ੍ਰਭੂ ਨੂੰ ਆਪਣੇ ਹਿਰਦੇ ਅੰਦਰ ਵਸਾਉਂਦਾ ਹੈ। ਉਹ ਆਪਣੇ ਮਨ ਵਿਚੋਂ ਦਵੰਦ, ਸ਼ੰਕੇ ਅਤੇ ਹੋਰ ਅਨੇਕਾਂ ਕਿਸਮਾਂ ਦੇ ਮਨੋ-ਵਿਕਾਰਾਂ ਨੂੰ ਦੂਰ ਕਰਦਾ ਰਹਿੰਦਾ ਹੈ। ਉਹ ਪਰ ਨਿੰਦਿਆ, ਪਰ ਇਸਤਰੀਗਮਨ ਤੋਂ ਦੂਰ ਰਹਿੰਦਾ ਹੈ। ਮੋਹ-ਮਾਇਆ ਤੋਂ ਨਿਰਲੇਪ ਰਹਿ ਕੇ 'ਸਾਧੋ ਪਦ' ਗ੍ਰਹਿਣ ਕਰਦਾ ਹੈ। ਉਹ ਉੱਚ ਆਚਰਣ ਨੂੰ ਧਾਰਨ ਕਰਦਾ ਹੋਇਆ ਪਰਉਪਕਾਰੀ ਕਰਮ ਕਰਦਾ ਹੈ। ਇਸ ਤਰ੍ਹਾਂ ਗੁਰੂ ਜੀ ਨੇ ਮਨੁੱਖ ਨੂੰ ਧਰਮ ਦਾ ਮਾਰਗ ਦੱਸਿਆ। ਉਸਨੂੰ ਉੱਚਾ-ਸੁੱਚਾ ਜੀਵਨ ਇਖ਼ਲਾਕ ਧਾਰਨ ਕਰਨ ਲਈ ਵਿਸ਼ੇਸ਼ ਤੌਰ 'ਤੇ ਪ੍ਰੇਰਿਆ ਹੈ। ਜਿਸ ਨਾਲ ਸਮਾਜ ਵਿਚ ਮੁੜ ਧਰਮ ਦੀ ਸਥਾਪਨਾ ਹੋ ਸਕੇ। ਇਸ ਵਿਚਾਰ ਦੀ ਪੁਸ਼ਟੀ ਪ੍ਰਸਿੱਧ ਵਿਦਵਾਨ ਡਾ. ਦੀਵਾਨ ਸਿੰਘ ਇਸ ਪ੍ਰਕਾਰ ਕਰਦੇ ਹਨ ਕਿ 'ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਨੂੰ ਗਹੁ ਨਾਲ ਵਿਚਾਰਿਆਂ ਇਹ ਤੱਥ ਵਧੇਰੇ ਉਜਾਗਰ ਹੁੰਦਾ ਹੈ ਕਿ ਮਨੁੱਖ ਦਾ ਵਿਅਕਤੀਤਵ ਅਤੇ ਸਮਾਜਕ ਸੁਧਾਰ ਤਥਾ ਕਲਿਆਣ ਉਨ੍ਹਾਂ ਦੇ ਜੀਵਨ ਦਾ ਮੁਖ ਉਦੇਸ਼ (Mission) ਸੀ।'[42] ਇਸ ਲਈ ਗੁਰੂ ਸਾਹਿਬ ਨੇ ਮਨੁੱਖ ਦੇ ਵਿਅਕਤੀਤਵ ਦੇ ਉਸਾਰ ਲਈ ਉਸਨੂੰ ਆਪਣੇ ਚੰਚਲ ਮਨ ਨੂੰ ਕਾਬੂ ਵਿਚ ਕਰਨ ਲਈ ਉਪਦੇਸ਼ ਦਿੱਤੇ ਤਾਂ ਜੋ ਉਹ ਭਰਮ ਜਾਲ ਵਿਚ ਨਾ ਫਸੇ ਕਿਉਂਕਿ ਸਭ ਤੋਂ ਪਹਿਲਾਂ ਧਰਮ ਦੀ ਦ੍ਰਿਸ਼ਟੀ ਤੋਂ ਉਸਦੀ ਗਿਰਾਵਟ ਦਾ ਕਾਰਨ ਉਸਦਾ ਮਨ ਹੀ ਹੈ। ਇਸ ਲਈ ਗੁਰੂ ਤੇਗ ਬਹਾਦਰ ਜੀ ਮਨੁੱਖ ਨੂੰ ਉਪਦੇਸ਼ ਦਿੰਦੇ ਹਨ ਕਿ :

**ਸਾਧੋ ਮਨ ਕਾ ਮਾਨੁ ਤਿਆਗਉ ॥**

**ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥ ੧ ॥ ਰਹਾਉ ।।**[43]

ਉਨ੍ਹਾਂ ਦੀ ਸੰਬੋਧਨੀ ਸੁਰ ਮੁਖ ਤੌਰ 'ਤੇ ਮਨੁੱਖੀ ਮਨ ਨੂੰ ਹੈ। ਜਦੋਂ ਤੱਕ ਇਹ ਸਥਿਰ ਨਹੀਂ ਹੁੰਦਾ ਉਦੋਂ ਤੱਕ ਮਨੁੱਖ ਬਾਹਰੀ ਭਰਮ-ਭੁਲੇਖਿਆਂ ਵਿਚ ਭਟਕਦਾ ਰਹਿੰਦਾ ਹੈ। ਉਨ੍ਹਾਂ ਦੇ ਧਰਮ ਦਾ ਉਦੇਸ਼ ਮਨੁੱਖੀ ਮਨ ਨੂੰ ਨੀਵੀਂ ਮਾਨਸਿਕ ਅਤੇ ਆਤਮਿਕ ਦਸ਼ਾ ਵਿਚੋਂ ਕੱਢਣ ਲਈ ਅਤੇ ਉਸਨੂੰ ਬਲਸ਼ਾਲੀ ਬਣਾਉਣ ਲਈ ਧਰਮ ਦੀ ਸਹੀ ਪਛਾਣ ਪਹਿਲਾਂ ਕਰਾਉਣਾ ਸੀ। ਸਭ ਤੋਂ ਪਹਿਲਾ ਧਰਮ ਦਾ ਕਾਰਜ ਆਪਣੇ ਮਨ ਨੂੰ ਸਥਿਰ ਕਰਕੇ ਸਮਦ੍ਰਿਸ਼ਟੀ ਨੂੰ ਧਾਰਨ ਕਰਨਾ ਹੈ। ਇਸਦੇ ਨਾਲ ਹੀ ਉਸਦਾ ਸਮੁੱਚਾ ਜੀਵਨ ਬਦਲ ਸਕਦਾ ਹੈ। ਉਸਦਾ ਬੌਧਿਕ ਪੱਧਰ ਉੱਚਾ ਹੋ ਜਾਂਦਾ ਹੈ। ਉਸਦਾ ਮਨ ਤ੍ਰਿਸ਼ਨਾ ਵਿਚੋਂ ਨਿਕਲ ਕੇ ਸਥਿਰਤਾ ਦੀ ਸਥਿਤੀ ਵਿਚ ਆ ਜਾਂਦਾ ਹੈ। ਉਸਦੀ ਸੁਰਤ ਪ੍ਰਭੂ ਦੇ ਚਰਨਾਂ ਵਿਚ ਜਾ ਜੁੜਦੀ ਹੈ। ਉਸਦੇ ਮਨ ਅੰਦਰ ਪਵਿੱਤਰਤਾ ਦਾ ਵਾਸ ਹੁੰਦਾ ਹੈ। ਉਹ ਆਤਮਾ ਅਤੇ ਪਰਮਾਤਮਾ ਨੂੰ ਪਛਾਣਦਾ ਹੋਇਆ ਅਸਲੀ ਅਤੇ ਸਤਿ ਧਰਮ ਨੂੰ ਅਪਣਾ ਲੈਂਦਾ ਹੈ। ਉਹ ਸਮਾਜ ਵਿਚ ਦਿਆ ਭਾਵਨਾ ਦੇ ਨਾਲ ਵਿਚਰਦਾ ਹੈ। ਹੋਰਨਾਂ ਦੇ ਦੁੱਖਾਂ ਨੂੰ ਆਪਣੇ ਦੁੱਖ ਸਮਝਦਾ ਹੈ ਭਾਵੇਂ ਉਹ ਆਪ ਦੁੱਖ-ਸੁੱਖ ਦੀਆਂ ਅਵਸਥਾ ਤੋਂ ਨਿਰਲੇਪ ਰਹਿੰਦਾ ਹੈ। ਫਿਰ ਵੀ ਉਸਦੇ ਮਨ ਵਿਚ ਲੋਕ ਕਲਿਆਣ ਦਾ ਜਜ਼ਬਾ ਸਮੋਇਆ ਹੁੰਦਾ ਹੈ। ਪਰੰਤੂ ਇਸਦੇ ਵਿਪਰੀਤ ਮਨਮੁਖ ਵਿਅਕਤੀ ਆਪਣੇ ਚੰਚਲ ਅਤੇ ਵਿਚਲਿਤ ਮਨ ਦੇ ਆਖੇ ਲੱਗ ਦੁਨੀਆ ਦੇ ਵਿਸ਼ੇ-ਵਿਕਾਰਾਂ ਵਿਚ ਘਿਰਿਆ ਰਹਿੰਦਾ ਹੈ। ਉਸਨੂੰ ਦੁਨੀਆ ਦਾ ਦ੍ਰਿਸ਼ਟ ਯਥਾਰਥ ਹੀ ਸੱਚ ਪ੍ਰਤੀਤ ਹੁੰਦਾ ਹੈ। ਉਹ ਅਧਰਮ ਦੇ ਕਾਰਜਾਂ ਵਿਚ ਲੱਗਿਆ ਰਹਿੰਦਾ ਹੈ। ਜਿਸ ਕਰਕੇ ਉਹ ਆਪ ਅਤੇ ਉਸਦਾ ਸਮਾਜ ਵੀ ਦੁਖੀ ਹੁੰਦਾ ਹੈ। ਪਰ ਗੁਰਮੁਖ ਮਨੁੱਖ ਨੂੰ ਪ੍ਰਭੂ ਦੀ ਅਪਾਰ ਮਿਹਰ ਸਦਕਾ ਆਪੇ ਦੀ ਸੋਝੀ ਪ੍ਰਾਪਤ ਹੋ ਜਾਂਦੀ ਹੈ। ਉਹ ਆਪਣੇ ਮਨ ਨੂੰ ਕਾਬੂ ਵਿਚ ਰੱਖ ਕੇ ਸੱਚੇ ਪ੍ਰਭੂ ਦਾ ਦੀਦਾਰ ਕਰ ਲੈਂਦਾ ਹੈ। ਇਸੇ ਕਰਕੇ ਇਹ 'ਮਨ ਧਰਮ ਦੇ ਖੇਤਰ ਵਿਚ ਕੇਂਦਰੀ ਮਹੱਤਵ ਦਾ ਧਾਰਨੀ ਹੋਣ ਕਰਕੇ ਇਕ ਪੂਰਨ ਵਿਚਾਰਧਾਰਾਈ ਸੰਕਲਪ ਹੈ।'[44] ਮਨੁੱਖੀ ਮਨ ਹੀ ਉਸਦੀ ਜੀਵਨ ਸ਼ੈਲੀ ਦਾ ਕੇਂਦਰੀ ਧੁਰਾ ਹੈ। ਯਥਾਰਥ ਰੂਪ ਵਿਚ ਵੇਖਿਆ ਜਾਵੇ ਤਾਂ ਮਨ ਹੀ ਮਨੁੱਖ ਨੂੰ ਸਦਾ ਭਟਕਣਾ ਦੀ ਸਥਿਤੀ ਵਿਚ ਪਾਈ ਰੱਖਦਾ ਹੈ। ਜਿਸ ਦੇ ਫਲਸਰੂਪ ਉਹ ਗ਼ਲਤ ਠੀਕ, ਸੱਚ ਝੂਠ, ਧਰਮ ਅਧਰਮ

ਦੀ ਪਛਾਣ ਨਹੀਂ ਕਰ ਸਕਦਾ। ਇਸੇ ਕਰਕੇ 'ਆਪਣੀ ਮਾਨਵਤਾ ਤੋਂ ਵੰਚਿਤ ਹੋ ਚੁੱਕੇ ਮਨੁੱਖ ਨੂੰ ਉਸਦੀ ਮਾਨਵਤਾ ਮੁੜ ਪ੍ਰਦਾਨ ਕਰਨ, ਖੰਡ-ਖੰਡ ਵਿਚ ਟੁੱਟ ਕੇ ਵਿਕਾਗਰ ਹੋ ਚੁੱਕੇ ਮਾਨਵ ਵਿਅਕਤੀ ਨੂੰ ਮੁੜ ਕੇ ਮਾਨਵੀ ਇਕਾਗਰਤਾ ਦੇ ਯੋਗ ਬਣਾਉਣ ਦਾ ਕਾਰਜ ਅਸਲ ਵਿਚ ਇਕ ਨਵੇਂ ਮਨੁੱਖ ਦੀ ਸਿਰਜਣਾ ਦਾ ਕਾਰਜ ਹੈ।'[45] ਜਿਸ ਵਿਚ ਉਸਦਾ ਸਮੁੱਚਾ ਜੀਵਨ ਗਤੀਸ਼ੀਲ ਅਤੇ ਸਾਕਾਰਾਤਮਕ ਪ੍ਰਵਿਰਤੀ ਵਾਲਾ ਕਲਪਿਆ ਗਿਆ ਹੈ। ਉਹ ਧਰਮ ਦੇ ਮਾਰਗ 'ਤੇ ਚਲਦਾ ਹੋਇਆ ਵਿਸ਼ਵ ਨੂੰ ਸਮਦ੍ਰਿਸ਼ਟੀ ਨਾਲ ਦੇਖਦਾ ਹੈ। ਉਸਨੂੰ ਆਪਣਾ ਹੀ ਪਰਿਵਾਰ ਸਮਝਦਾ ਹੈ। ਲੋਕ ਕਲਿਆਣ ਉਸਦਾ ਪਰਮ ਧਰਮ ਹੈ। ਦੀਨ ਦੁੱਖੀਆਂ ਦੀ ਸਹਾਇਤਾ ਕਰਨੀ ਉਸਦਾ ਮੁੱਢਲਾ ਫ਼ਰਜ਼ ਹੈ। ਹਲੀਮੀ ਅਤੇ ਨਿਮਰਤਾ ਉਸਦੀ ਜੀਵਨ ਸ਼ੈਲੀ ਦਾ ਪ੍ਰਮੁੱਖ ਅੰਗ ਹੁੰਦਾ ਹੈ।

ਧਰਮ ਦੇ ਨਵੀਨ ਪੰਧ ਦੀ ਸਿਰਜਨਾ ਕਰਦਿਆਂ ਗੁਰੂ ਤੇਗ ਬਹਾਦਰ ਜੀ ਨੇ ਮਨੁੱਖ ਨੂੰ ਪ੍ਰਕ੍ਰਿਤਕ ਗੁਣਾਂ ਭਰਪੂਰ ਬਣਾਉਣ ਦੇ ਯਤਨ ਕੀਤੇ। ਮਨੁੱਖ ਨੂੰ ਸੁਤੰਤਰ ਵਿਚਾਰਾਂ ਦਾ ਧਾਰਨੀ ਹੋਣ ਦਾ ਪਰਮ ਉਪਦੇਸ਼ ਦਿੱਤਾ ਜੋ ਕਿ ਮਨੁੱਖੀ ਧਰਮ ਦੀ ਸਥਾਪਨਾ ਦਾ ਵਿਸ਼ੇਸ਼ ਗੁਣ ਹੈ। ਗ਼ੁਲਾਮ ਮਾਨਸਿਕਤਾ ਕਦੇ ਵੀ ਨਵਾਂ ਇਤਿਹਾਸ ਨਹੀਂ ਸਿਰਜ ਸਕਦੀ। ਮਨੁੱਖੀ ਦਵੰਦ ਨੂੰ ਮਿਟਾਉਣਾ ਆਪ ਜੀ ਦੀ ਧਰਮ ਚੇਤਨਾ ਦਾ ਅੰਗ ਹੈ। ਇਸ ਲਈ ਆਪ ਜੀ ਨੇ ਮਨੁੱਖ ਨੂੰ ਸੁਤੰਤਰ ਵਿਚਾਰਾਂ ਦਾ ਧਾਰਨੀ ਹੋ ਕੇ ਬ੍ਰਹਿਮੰਡੀ ਚੇਤਨਾ ਨਾਲ ਇਕਸੁਰ ਹੋਣ ਲਈ ਪ੍ਰੇਰਿਆ :

**ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥**

**ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥**[46]

ਗੁਰੂ ਤੇਗ ਬਹਾਦਰ ਜੀ ਨੇ ਇਸ ਧਰਤੀ ਤੋਂ ਅਧਰਮ ਦਾ ਹਨੇਰਾ ਦੂਰ ਕਰਨ ਲਈ ਮਨੁੱਖ ਨੂੰ ਆਤਮਿਕ, ਭਾਵਨਾਮਾਤਮਕ ਅਤੇ ਸਰੀਰਕ ਤੌਰ 'ਤੇ ਤੰਦਰੁਸਤ ਅਤੇ ਸ਼ਕਤੀਸ਼ਾਲੀ ਬਣਾਉਣ ਲਈ ਪਰਮ ਲਕਸ਼ ਧਰਮ ਦੀ ਸਥਾਪਨਾ ਨੂੰ ਆਪਣੇ ਸਾਹਮਣੇ ਰੱਖਿਆ ਹੋਇਆ ਸੀ। ਉਨ੍ਹਾਂ ਨੇ ਮਨੁੱਖ ਦੇ ਮਨ ਵਿਚੋਂ ਸਦੀਆਂ ਤੋਂ ਪੈਦਾ ਹੋਇਆ ਡਰ-ਭੈਅ ਮਿਟਾਉਣ ਲਈ ਅਤੇ ਦੂਸਰੇ ਪਾਸੇ ਮਜ਼ਲੂਮਾਂ ਅਤੇ ਦੀਨ ਦੁਖੀਆਂ ਨੂੰ ਭੈਅ ਦੇਣ ਅਤੇ ਭੈਅ ਮੰਨਣ ਦੀ ਸਖ਼ਤ ਸ਼ਬਦਾਂ ਵਿਚ ਵਿਰੋਧਤਾ

ਕੀਤੀ ਹੈ :

**ਭੈ ਕਾਹੂ  ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**

**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥**[47]

ਇਸ ਲਈ ਇਸ ਆਦਰਸ਼ਮਈ ਸੋਚ ਨੇ ਮਨੁੱਖੀ ਸਮਾਜ ਨੂੰ ਇਕ ਸੂਤਰ ਵਿਚ ਪਰੋ ਕੇ ਰੱਖਣ ਦਾ ਕਾਰਜ ਕੀਤਾ  ਹੈ। ਇਸ ਨੇ  ਨਾਕਰਾਤਮਕ ਮਨੋਬਿਰਤੀਆਂ ਨੂੰ ਉਜਾਗਰ ਹੋਣ ਤੋਂ ਰੋਕਿਆ । ਇਸ ਪ੍ਰਕਾਰ ਆਪ ਜੀ ਦੁਆਰਾ ਨਿਸ਼ਚਿਤ ਕੀਤਾ ਗਿਆ ਧਰਮ ਮਨੁੱਖ ਨੂੰ ਸੁਚੱਜਾ ਅਤੇ ਵਧੀਆ ਜੀਵਨ ਗੁਜ਼ਾਰਨ ਦੀ ਪ੍ਰੇਰਨਾ ਦਿੰਦਾ ਹੈ। ਇਸ ਤਰ੍ਹਾਂ 'ਧਰਮ ਮੂਲ ਰੂਪ ਵਿਚ ਭਾਵ-ਭਰਪੂਰ ਬ੍ਰਿਤੀ ਹੈ। ਸ਼੍ਰਿਸ਼ਟੀ-ਅਕਾਰ ਦੀ ਕਾਰ, ਸੰਜੋਗ-ਵਿਯੋਗ ਦੀ ਕਾਰ, ਕਿਸ ਵਿਧਾਨ ਅਧੀਨ ਚਲ ਰਹੀ ਹੈ ਉਸ ਵਿਧਾਨ ਅਨੁਸਾਰ ਆਪਣੇ ਜੀਵਨ ਨੂੰ ਢਾਲ ਲੈਣਾ, ਇਹ ਧਰਮ ਕਰਤੱਵ ਹੈ।'[48] ਨਿਯਮਬਧ ਜੀਵਨ-ਜਾਚ ਦੀ ਪ੍ਰੇਰਣਾ ਅਤੇ ਸ਼ਕਤੀ ਉਸਨੂੰ ਭਾਵਨਾਤਮਕ ਅਤੇ ਬੌਧਿਕ ਪੱਧਰ 'ਤੇ ਉਸਨੂੰ ਧਰਮ ਦੀ ਸਮਝ ਨਾਲ ਹੀ ਪ੍ਰਾਪਤ ਹੁੰਦੀ ਹੈ।

'ਧਰਮ ਦੀ ਵਾਸਤਵਿਕਤਾ ਇਸ ਤੱਥ ਵਿਚ ਹੈ ਕਿ ਧਰਮ ਉਹ ਸ਼ਕਤੀ ਹੈ ਜਿਹੜੀ ਜੀਵਨ ਨੂੰ ਸਹਿਜਤਾ ਅਤੇ ਸੰਪੂਰਨਤਾ ਪ੍ਰਦਾਨ ਕਰਦੀ ਹੈ।'[49] 'ਧਰਮ ਆਚਰਣ ਦੇ ਨਿਯਮ ਨਿਰਦੇਸ਼ਿਤ ਕਰਦਾ ਹੈ ਅਤੇ ਇਸ ਪ੍ਰਕਾਰ ਕਾਰਜ ਕਰਨ ਵਿਚ ਇੰਨ੍ਹਾਂ ਨੂੰ ਨੈਤਿਕ ਆਚਰਣ ਨਾਲ ਏਕੀਕਾਰ ਵੀ ਕਰ ਸਕਦਾ ਹੈ।'[50] ਇਸ ਪ੍ਰਕਾਰ ਧਰਮ ਤੋਂ ਮਨੁੱਖ ਕੁਝ ਚੰਗਾ ਕਰਨ ਦੀ ਪ੍ਰੇਰਣਾ ਪ੍ਰਾਪਤ ਕਰਦਾ ਹੈ। ਉੱਥੇ ਨਾਲ ਹੀ ਆਪਣੇ ਸਮਾਜ ਵਿਚ ਭਾਈਚਾਰਕ ਸਾਂਝ ਸਥਾਪਤ ਕਰਦਾ ਹੈ। ਉਸਦੇ ਸਮਾਜਕ ਮੁੱਲਾਂ ਵਿਚ ਵਾਧਾ ਹੁੰਦਾ ਹੈ। ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਨੂੰ ਧਾਰਨ ਕਰਨ ਦੀ ਪ੍ਰੇਰਣਾ ਉਸਨੂੰ ਉਸਦੇ ਅੰਤਰੀਵੀ ਅਗੰਮੀ ਚਾਨਣ ਦੇ ਪ੍ਰਜਵਲਿਤ ਹੋਣ ਦੇ ਕਾਰਨ ਹੀ ਮਿਲਦੀ ਹੈ। ਇਸ ਨਾਲ ਉਸਦੀ ਬ੍ਰਹਿਮੰਡੀ ਚੇਤਨਾ ਦਾ ਵਿਕਾਸ ਹੁੰਦਾ ਹੈ। ਉਸਦਾ ਬਾਹਰਲਾ ਧਾਰਮਕ ਵਤੀਰਾ ਉਸਨੂੰ ਆਤਮਕ ਸ਼ਾਂਤੀ ਪ੍ਰਦਾਨ ਕਰਦਾ ਹੈ। ਉਸਦੇ ਮਨ ਵਿਚ ਸਹਿਜਤਾ ਆਉਂਦੀ ਹੈ। ਉਹ ਆਤਮਕ ਉੱਚਾਈਆਂ ਦੇ ਮੰਡਲਾਂ ਵਿੱਚ ਵਿਚਰਦਾ ਹੋਇਆ ਆਪਣੇ ਸੰਬੰਧੀਆਂ ਨੂੰ ਸੁਖਦ

ਵਾਤਾਵਰਣ ਦੇਣ ਵਿਚ ਸਹਾਈ ਹੁੰਦਾ ਹੈ। 'ਸੱਚੀ ਧਰਮ ਭਾਵਨਾ ਹੀ ਵਿਅਕਤੀ ਨੂੰ ਉਸਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾ ਸਕਦੀ ਹੈ। ਸਰੀਰਕ ਇੰਦ੍ਰੀਆਂ ਦੇ ਸੁਭਾਅ ਨੂੰ ਨਿਯੰਤਰਣ ਵਿਚ ਰੱਖਣ ਅਤੇ ਉਨ੍ਹਾਂ ਕਾਰਜਾਂ ਵਿਚ ਇਕ ਸਮਰਸਤਾ ਪੈਦਾ ਕਰਨ ਦੀ ਭਾਵਨਾ ਹੀ ਧਰਮ ਹੈ।'[51] ਸੱਚੇ ਧਰਮ ਨੂੰ ਸਪਸ਼ਟ ਕਰਦਿਆਂ ਪ੍ਰੋ. ਪ੍ਰੀਤਮ ਸਿੰਘ ਲਿਖਦੇ ਹਨ ਕਿ 'ਉਹ ਧਰਮ ਹੀ ਸੀ ਜਿਸ ਨੇ ਇਨਸਾਨ ਨੂੰ ਲੋਭ ਦੇ ਵਿਰੁੱਧ ਤਕੜਾ ਕੀਤਾ ਅਤੇ ਉਸ ਨੂੰ ਕਿਸੇ ਠੀਕ ਪੱਖ ਲਈ ਹਰ ਕਿਸਮ ਦੀ ਕੁਰਬਾਨੀ ਕਰਨ ਲਈ ਹੌਸਲਾ ਦਿਤਾ।'[52] ਕਿਉਂਕਿ ਉਸ ਦੇ ਮਨ ਵਿਚ ਸੱਚੇ ਪ੍ਰਭੂ ਦਾ ਪ੍ਰੇਮ ਬਣਿਆ ਹੋਇਆ ਸੀ । ਉਸ ਨੇ ਆਤਮਾ-ਪਰਮਾਤਮਾ ਦੀ ਪਛਾਣ ਕਰਕੇ ਇਸ ਸਰੀਰ ਨੂੰ ਤੁੱਛ ਜਾਣਿਆਂ। ਉਹ ਹਮੇਸ਼ਾ ਹੀ ਨਾਮ-ਸਿਮਰਨ ਕਰਦਾ ਹੋਇਆ ਸੱਚੇ ਧਰਮ ਨੂੰ ਨਿਭਾਉਂਦਾ ਰਿਹਾ। ਇਸ ਲਈ ਗੁਰੂ ਸਾਹਿਬ ਉੱਤਮ ਧਰਮ ਨੂੰ ਇਸ ਪ੍ਰਕਾਰ ਅਭਿਵਿਅਕਤ ਕਰਦੇ ਹਨ :

**ਭਏ ਦਇਆਲ ਕ੍ਰਿਪਾਲ ਸੰਤ ਜਨ ਤਬ ਇਹ ਬਾਤ ਬਤਾਈ॥**

**ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ॥ ੨ ॥**[53]

ਉਪਰੋਕਤ ਵਿਚਾਰ-ਚਰਚਾ ਪਿੱਛੋਂ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਤੇਗ਼ ਬਹਾਦਰ ਜੀ ਆਪਣੀ ਧਰਮ ਸਾਧਨਾ ਦੁਆਰਾ ਆਪਣੀ ਅਦਭੁਤ ਸ਼ਖ਼ਸੀਅਤ ਦੀ ਅਮਿੱਟ ਛਾਪ ਵਕਤ ਦੀ ਹਿੱਕ 'ਤੇ ਸਦਾ ਲਈ ਛੱਡ ਗਏ ਹਨ। ਉਨ੍ਹਾਂ ਦੇ ਜਸ ਦੀ ਸੁਗੰਧੀ ਨਿਰੰਤਰ ਵਿਸ਼ਵ ਵਿਚ ਫੈਲ ਰਹੀ ਹੈ। ਆਪ ਜੀ ਦੀ ਇਹ ਪਵਿੱਤਰ ਬਾਣੀ ਹਰ ਵਰਗ ਦੇ ਲੋਕਾਂ ਦੇ ਵਿਸ਼ਵਾਸ ਨੂੰ ਦ੍ਰਿੜ ਕਰਵਾਉਂਦੀ, ਚੰਗਾ, ਉਸਾਰੂ ਅਤੇ ਉਪਯੋਗੀ ਜੀਵਨ ਬਤੀਤ ਕਰਨ ਲਈ ਪ੍ਰੇਰਦੀ, ਮੋਹ-ਮਾਇਆ ਅਤੇ ਵਿਸ਼ੇ-ਵਿਕਾਰਾਂ ਤੋਂ ਉੱਪਰ ਉਠ ਕੇ ਮਨੁੱਖਤਾ ਦੀ ਭਲਾਈ ਲਈ ਚਾਨਣ-ਮੁਨਾਰੇ ਵਾਂਗ ਧਰਮ ਦਾ ਮਾਰਗ ਰੁਸ਼ਨਾਉਂਦੀ ਰਹੇਗੀ। ਸੋ ਇਹੀ ਧਰਮੀ ਅਤੇ ਪੂਰਨ ਪੁਰਸ਼ ਦਾ ਬ੍ਰਹਮ ਗਿਆਨ ਹੈ ਜੋ ਬੁਝੇ ਮਨਾਂ ਵਿਚ ਇਕ ਨਵਾਂ ਪ੍ਰਕਾਸ਼ ਪੈਦਾ ਕਰਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਬਿਕਰਮ ਸਿੰਘ ਘੁੰਮਣ, *ਗੁਰੂ ਤੇਗ ਬਹਾਦਰ ਜੀ ਜੀਵਨ, ਚਿੰਤਨ ਤੇ ਬਾਣੀ*, ਪੰਨਾ 48.
2. *ਉਹੀ*, ਪੰਨਾ 48.
3. Trilochan Singh Dr., *Guru Tegh Bahadur, Prophet and Martyr*, P. 9.
4. ਫ਼ੌਜਾ ਸਿੰਘ, ਤਾਰਨ ਸਿੰਘ, *ਸ੍ਰੀ ਗੁਰੂ ਤੇਗ ਬਹਾਦਰ, ਜੀਵਨ ਤੇ ਰਚਨਾ*, ਪੰਨਾ 12.
5. Trilochan Singh Dr., *Guru Tegh Bahadur, Prophet and Martyr*, P. 19.
6. ਫ਼ੌਜਾ ਸਿੰਘ, ਤਾਰਨ ਸਿੰਘ, *ਸ੍ਰੀ ਗੁਰੂ ਤੇਗ ਬਹਾਦਰ, ਜੀਵਨ ਤੇ ਰਚਨਾ*, ਪੰਨਾ 15, ਉਧਰਿਤ.
7. ਰਜਨੀਸ਼ ਕੁਮਾਰ (ਮੁਖ ਸੰਪਾ.), *ਪੰਜਾਬੀ ਦੁਨੀਆ* (ਲੇਖ - ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਭਗਤੀ-ਸਾਧਨਾ, ਡਾ. ਆਸ਼ਾਨੰਦ ਵੋਹਰਾ), ਪੰਨਾ 59.
8. *ਉਹੀ,* ਪੰਨਾ 33.
9. ਭਾਈ ਰਣਧੀਰ ਸਿੰਘ (ਸੰਪਾ.), *ਸ਼ਬਦਾਰਥ ਸ੍ਰੀ ਦਸਮ ਗ੍ਰੰਥ ਸਾਹਿਬ* (ਪੋਥੀ ਪਹਿਲੀ), ਪੰਨਾ 70.
10. मनमोहन सहगल डॉ., *गुरू ग्रंथ साहिब एक सांस्कृतिक सर्वेक्षण,* पुष्ट ३७७.
11. ਜੀਤ ਸਿੰਘ ਸੀਤਲ, *ਗੁਰਮਤਿ ਸਾਹਿਤ* (ਲੇਖ-ਆਦਿ ਗ੍ਰੰਥ ਤੇ ਪੁਰਾਤਨ ਭਾਰਤੀ ਅਧਿਆਤਮਿਕ, ਧਰਮਪਾਲ ਮੈਨੀ ਡਾ.), ਪੰਨਾ 1.
12. धन प्रकाश गुप्त डॉ., *धर्म, कर्तव्य और वर्ण-व्यवस्था,* पुष्ट १६.
13. ਮਨਜੀਤ ਸਿੰਘ, *ਧਰਮ-ਦਰਸ਼ਨ*, ਪੰਨਾ 29.
14. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਚੌਥੀ, ਅੰਗ 1426.

15. *ਉਹੀ*, ਸੈਂਚੀ ਦੂਜੀ, ਅੰਗ 685.

16. *ਉਹੀ*, ਸੈਂਚੀ ਚੌਥੀ, ਅੰਗ 1428.

17. *ਉਹੀ*, ਸੈਂਚੀ ਚੌਥੀ, ਅੰਗ 1428.

18. *ਉਹੀ*, ਸੈਂਚੀ ਪਹਿਲੀ, ਅੰਗ 219.

19. ਬੇਅੰਤ ਕੌਰ, ਡਾ. *ਸਿੱਖ ਧਰਮ-ਸ਼ਾਸ਼ਤਰ ਦਾ ਤੱਤ ਸਾਰ (ਉੱਤਰ ਆਧੁਨਿਕ ਪਰਿਪੇਖ)*, ਪੰਨਾ 8.

20. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਚੌਥੀ ਅੰਗ 1186.

21. *ਉਹੀ*, ਸੈਂਚੀ ਚੌਥੀ, ਅੰਗ 1427.

22. *ਉਹੀ*, ਸੈਂਚੀ ਚੌਥੀ, ਅੰਗ 1428.

23. *ਉਹੀ*, ਸੈਂਚੀ ਪਹਿਲੀ, ਅੰਗ 219.

24. *ਉਹੀ*, ਸੈਂਚੀ ਪਹਿਲੀ, ਅੰਗ 219.

25. *ਉਹੀ*, ਸੈਂਚੀ ਦੂਜੀ, ਅੰਗ 632.

26. *ਉਹੀ*, ਸੈਂਚੀ ਤੀਜੀ, ਅੰਗ 902.

27. *ਉਹੀ*, ਸੈਂਚੀ ਦੂਜੀ, ਅੰਗ 633.

28. *ਉਹੀ*, ਸੈਂਚੀ ਦੂਜੀ, ਅੰਗ 411.

29. ਜਗਬੀਰ ਸਿੰਘ ਡਾ., *ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ*, ਪੰਨਾ 30.

30. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਚੌਥੀ, ਅੰਗ 1232.

31. *ਉਹੀ*, ਸੈਂਚੀ ਦੂਜੀ, ਅੰਗ 632.

32. *ਉਹੀ*, ਸੈਂਚੀ ਚੌਥੀ, ਅੰਗ 1427.

33. *ਉਹੀ*, ਸੈਂਚੀ ਚੌਥੀ, ਅੰਗ 1427.

34. ਭਾਈ ਜੋਧ ਸਿੰਘ, *ਗੁਰਮਤਿ ਨਿਰਣਯ*, ਪੰਨਾ 283.

35. ਸ਼ੇਰ ਸਿੰਘ ਡਾ., *ਗੁਰਮਤਿ ਦਰਸ਼ਨ*, ਪੰਨਾ 2.

36. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਚੌਥੀ, ਅੰਗ 1426.

37. *ਉਹੀ*, ਸੈਂਚੀ ਤੀਜੀ, ਅੰਗ 1008.

38. ਬਿਕਰਮ ਸਿੰਘ ਘੁੰਮਣ, *ਗੁਰੂ ਤੇਗ ਬਹਾਦਰ ਜੀ ਜੀਵਨ, ਚਿੰਤਨ ਤੇ ਬਾਣੀ*, ਪੰਨਾ 68.

39. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਦੂਜੀ, ਅੰਗ 633.

40. *ਉਹੀ*, ਸੈਂਚੀ ਦੂਜੀ, ਅੰਗ 631.

41. *ਉਹੀ*, ਸੈਂਚੀ ਤੀਜੀ, ਅੰਗ 901.

42. ਦੀਵਾਨ ਸਿੰਘ, ਡਾ. *ਸਿੱਖ ਧਰਮ ਬਾਰੇ*, ਪੰਨਾ 104.

43. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਪਹਿਲੀ, ਅੰਗ 219.

44. ਰਾਜਬੀਰ ਕੌਰ, *ਗੁਰੂ ਤੇਗ ਬਹਾਦਰ : ਚਿੰਤਨ ਤੇ ਚੇਤਨਾ*, ਪੰਨਾ 28.

45. ਸੁਰਿੰਦਰ ਸਿੰਘ ਕੋਹਲੀ (ਸੰਪਾ.), *ਗੁਰੂ ਤੇਗ ਬਹਾਦਰ : ਜੀਵਨ ਸਮਾਂ ਤੇ ਰਚਨਾ*, ਪੰਨਾ 201.

46. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਦੂਜੀ, ਅੰਗ 684.

47. *ਉਹੀ*, ਸੈਂਚੀ ਚੌਥੀ, ਅੰਗ 1427.

48. ਜੋਗਿੰਦਰ ਸਿੰਘ ਪ੍ਰੋ., *ਸ੍ਰੀ ਗੁਰੂ ਗ੍ਰੰਥ-ਦਰਪਣ*, ਪੰਨਾ 16.

49. ਜੋਧ ਸਿੰਘ, ਦਰਸ਼ਨ ਸਿੰਘ (ਸੰਪਾ.), *ਧਰਮ ਅਧਿਐਨ: ਅਕਾਦਮਿਕ ਪਰਿਪੇਖ*, ਪੰਨਾ 2.

50. ਆਰ. ਐਮ. ਮੈਕਾਈਵਰ ਤੇ ਚਾਰਲਸ ਐਚ. ਪੇਜ *ਸਮਾਜ : ਇਕ ਪ੍ਰਾਰੰਭਿਕ ਵਿਸ਼ਲੇਸ਼ਣ*, ਸਾਵਿੰਦਰਜੀਤ ਕੌਰ (ਅਨੁ.), ਪੰਨਾ 272.

51. ਜੋਧ ਸਿੰਘ, ਦਰਸ਼ਨ ਸਿੰਘ (ਸੰਪਾ.), *ਧਰਮ ਅਧਿਐਨ : ਅਕਾਦਮਿਕ ਪਰਿਪੇਖ*, ਪੰਨਾ 3.

52. ਪ੍ਰੀਤਮ ਸਿੰਘ ਪ੍ਰੋ., *ਸਿੱਖ ਵਿਚਾਰਧਾਰਾ*, ਪੰਨਾ 3.

53. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਤੀਜੀ, ਅੰਗ 902.

**ਅਧਿਆਇ ਚੌਥਾ**

# ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਬੈਰਾਗ ਦਾ ਸਰੂਪ

**ਭੂਮਿਕਾ :**

ਗੁਰੂ ਤੇਗ ਬਹਾਦਰ ਜੀ ਨੇ ਸੂਖ਼ਮਭਾਵੀ ਸੰਸਕਾਰ ਗੁਰੂਵਿਰਾਸਤ 'ਚੋਂ ਪ੍ਰਾਪਤ ਕੀਤੇ ਸਨ। ਇਸ ਲਈ ਬੈਰਾਗ ਦੀ ਭਾਵਨਾ ਆਪ ਜੀ ਦੇ ਮਨ ਵਿਚ ਪਹਿਲਾਂ ਤੋਂ ਹੀ ਮੌਜੂਦ ਸੀ। ਬੈਰਾਗ ਆਪ ਜੀ ਦੀ ਬਾਣੀ ਦਾ ਕੇਂਦਰੀ ਵਿਸ਼ਾ ਹੈ। ਗੁਰਮਤਿ ਬੈਰਾਗ ਦਾ ਆਪ ਜੀ ਦੇ ਕੋਮਲ ਮਨ ਤੇ ਡੂੰਘਾ ਪ੍ਰਭਾਵ ਪਿਆ ਜਿਸ ਦੇ ਅਨੁਸਾਰ 'ਵੈਰਾਗ' ਐਸੀ ਮਨੋਅਵਸਥਾ ਹੈ, ਜਿਸ ਸਦਕੇ ਮਨ ਵਿਚ ਉਪਰਾਮਤਾ ਛਾਈ ਰਹਿੰਦੀ ਹੈ। ਦੁਨਿਆਵੀ ਰੰਗ ਫਲਦੇ-ਫੁਲਦੇ ਨਹੀਂ, ਸਗਲ ਤਮਾਸ਼ੇ ਹੇਚ ਲਗਦੇ ਹਨ। ਕਿਸੇ ਨਾਲ ਗੱਲ ਕਰਨ ਨੂੰ ਜੀਅ ਨਹੀਂ ਕਰਦਾ। ਬਹੁਤਾ ਬੋਲਣ ਝਖਣ ਜਾਪਦਾ ਹੈ। ਜਿਹਬਾ ਦੇ ਰਸ-ਕਸ ਸਿਮਟ ਜਾਂਦੇ ਹਨ।[1] ਇਸ ਲਈ ਬੈਰਾਗੀ ਮਾਨਸਿਕਤਾ ਵਾਲੇ ਮਨੁੱਖ ਦਾ ਮਨ ਨੀਵਾਂ ਅਤੇ ਮਤ ਉੱਚੀ ਹੁੰਦੀ ਹੈ ਅਤੇ ਉਸ ਦਾ ਰੱਖਿਅਕ ਪਰਮਾਤਮਾ ਆਪ ਹੁੰਦਾ ਹੈ। ਉਸ ਦੀ ਜੀਵਨ ਸ਼ੈਲੀ ਵਿਚ ਸੰਜਮ ਤੇ ਸਹਿਜਤਾ ਦੇ ਦੋ ਵੱਡੇ ਗੁਣ ਸਮਾਏ ਹੁੰਦੇ ਹਨ। ਉਹ ਵਿਸਮਾਦ ਅਵਸਥਾ ਵਿਚ ਵਿਚਰਦਾ ਹੈ। ਇਸ ਪ੍ਰਕਾਰ 'ਸੱਚਾ ਬੈਰਾਗ ਪ੍ਰਭੂ ਨਾਲ ਲਿਵ ਲੱਗਣ ਨਾਲ ਹੁੰਦਾ ਹੈ। ਮਾਇਆ ਤੋਂ ਵਿਮੁਖ ਹੋ, ਵਿਸ਼ਿਆਂ ਵਕਾਰਾਂ ਤੋਂ ਦੂਰ ਪ੍ਰਭੂ ਨਾਲ ਮਨ ਲਗਾ ਕੇ ਹੀ ਪ੍ਰਭੂ ਮਿਲਦਾ ਹੈ ਤਾਂ ਹੀ ਪ੍ਰਾਣੀ ਯੋਗੀ ਬਣਦਾ ਹੈ, ਉਸਦੇ ਹਿਰਦੇ ਵਿਚ ਈਸ਼ਵਰ ਦਾ ਨਿਵਾਸ ਹੁੰਦਾ ਹੈ।'[2] ਇਸ ਪ੍ਰਕਾਰ ਵੈਰਾਗੀ ਉਹ ਹੈ ਜੋ ਸੰਸਾਰਿਕ ਪਦਾਰਥਾਂ ਦੀ ਇੱਛਾ ਤੋਂ ਨਿਰਲੇਪ ਹੋ ਕੇ ਕੇਵਲ ਇਕ ਪਰਮਾਤਮਾ ਦੇ ਦਰਸ਼ਨ ਦੀ ਇੱਛਾ ਲਈ ਤੜਫਦਾ ਰਹਿੰਦਾ ਹੈ। ਇਸ ਅਵਸਥਾ ਵਿਚ ਸੰਸਾਰਿਕ ਵਿਸ਼ੇ-ਵਿਕਾਰਾਂ, ਰਸ-ਕਸ ਅਤੇ ਇਛਾਵਾਂ ਆਦਿ ਦੀ ਸਮਾਪਤੀ ਹੋ ਜਾਂਦੀ ਹੈ। ਇਸਦੇ ਸਥਾਨ ਤੇ ਉਸ ਸਿਰਜਨਹਾਰ ਜਾਂ ਸਤਿਗੁਰ ਦੇ ਮਿਲਣ ਦੀ ਤੜਪ ਅਤੇ ਪ੍ਰੇਮ ਦੀ ਇੱਛਾ ਤੀਬਰ ਅਤੇ ਪ੍ਰਬਲ ਹੋ ਜਾਂਦੀ ਹੈ।[3] ਤੱਤਵ ਗਿਆਨ ਆਧਾਰਿਤ ਅਧਿਐਨ ਕਰਦਿਆਂ ਪਤਾ ਚੱਲਦਾ ਹੈ ਕਿ 'ਬੈਰਾਗ ਅਜਿਹਾ ਸੂਖ਼ਮ ਸੰਕਲਪ ਹੈ ਜੋ ਵਿਜੋਗ ਤੇ ਸੰਜੋਗ ਦੇ ਵਿਚਕਾਰ ਟਿਕਿਆ ਹੈ। ਜਿੰਨੀ

ਦੇਰ ਵਿਜੋਗ ਦੀ ਕਸਕ ਨਹੀਂ ਜਾਗਦੀ ਉੱਨੀ ਦੇਰ ਬੈਰਾਗ ਉਪਜਦਾ ਨਹੀਂ।[4] ਇਸ ਤਰ੍ਹਾਂ ਬੈਰਾਗ ਇਕ ਵਿਛੋੜੇ ਅਤੇ ਮਿਲਾਪ ਦੇ ਸਮੇਂ ਦੀ ਮਾਨਸਿਕ ਸਥਿਤੀ ਹੈ ਜਿਸ ਵਿਚ ਮਨੁੱਖ ਸਭ ਕੁੱਝ ਮਾਨਸਿਕ ਤੌਰ 'ਤੇ ਪਦਾਰਥ ਵਸਤੂ ਅਤੇ ਦੁਨਿਆਵੀ ਰਿਸ਼ਤਿਆਂ ਨੂੰ ਤਿਆਗ ਕੇ ਸੱਚੇ ਪ੍ਰਭੂ ਨਾਲ ਆਪਣੀ ਪ੍ਰੀਤ ਜੋੜਦਾ ਹੈ। ਇਸ ਤਰ੍ਹਾਂ ਬੈਰਾਗਮਈ ਭਾਵਨਾ ਮਨੁੱਖੀ ਮਨ 'ਚੋਂ ਪੈਦਾ ਹੋਈਆਂ ਤ੍ਰਿਸ਼ਨਾਵਾਂ ਦਾ ਨਾਸ਼ ਕਰਦੀ ਹੈ। ਮਨੁੱਖ ਦਾ ਸੱਚਾ ਸੁੱਖ ਬਾਹਰੀ ਵਸਤੂਆਂ ਦੇ ਅਧਿਕਾਰ ਪ੍ਰਾਪਤ ਕਰਨ ਵਿਚ ਨਹੀਂ ਸਗੋਂ ਉੱਚਤਮ ਮਨ ਅਤੇ ਆਤਮਾ ਦੀ ਪੂਰਨਤਾ ਵਿਚ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ 'ਚੋਂ ਉਤਪੰਨ ਹੋਏ ਬੈਰਾਗ ਦਾ ਵਿਸ਼ਲੇਸ਼ਣਾਤਮਿਕ ਅਧਿਐਨ ਕਰਨ ਤੋਂ ਪਹਿਲਾਂ ਅਸੀਂ ਭਾਰਤੀ ਪ੍ਰੰਪਰਾਗਤ ਬੈਰਾਗ ਦੇ ਸਰੂਪ ਬਾਰੇ ਸੰਖੇਪ ਜਾਣਕਾਰੀ ਪ੍ਰਾਪਤ ਕਰਦਿਆਂ ਦੇਖਦੇ ਹਾਂ ਕਿ 'ਆਚਾਰੀਆਂ ਨੇ ਵੈਰਾਗ ਦੀਆਂ ਤਿੰਨ ਅਵਸਥਾਵਾਂ ਮੰਨੀਆਂ ਹਨ :

1. **ਵੈਰਾਗ** : ਲੌਕਿਕ ਪਦਾਰਥਾਂ ਦੇ ਭੋਗ ਦੇ ਅਭਾਵ ਦਾ ਨਾਮ ਵੈਰਾਗ ਹੈ।

2. **ਤਰ ਵੈਰਾਗ** : ਪਰਾਲੌਕਿਕ ਪਦਾਰਥਾਂ (ਸਵਰਗ ਆਦਿ) ਦੀ ਵੀ ਇੱਛਾ ਦਾ ਅਭਾਵ ਹੋਣ ਨੂੰ ਤਰ ਵੈਰਾਗ ਕਹਿੰਦੇ ਹਨ।

3. **ਤਰ ਤੀਬਰ ਵੈਰਾਗ** : ਸੰਪੂਰਣ ਇੱਛਾ ਅਥਵਾ ਮੁਕਤੀ ਆਦਿ ਦੀ ਵੀ ਇੱਛਾ ਦੇ ਅਭਾਵ ਦਾ ਹੋਣਾ ਤਰ ਤੀਬਰ ਵੈਰਾਗ ਅਵਸਥਾ ਦਾ ਸੂਚਕ ਹੈ। ਤਰ ਤੀਬਰ ਵੈਰਾਗ ਵਿਚ ਵੈਰਾਗ ਵੀ ਤਿਆਗਣਾ ਪੈਂਦਾ ਹੈ। ਦੂਸਰੇ ਸ਼ਬਦਾਂ ਵਿਚ ਵੈਰਾਗ ਦੀ ਅਹੰ ਤੋਂ ਵੀ ਵਿਰਕਤ ਹੋਣ ਦਾ ਨਾਮ ਤੀਬਰ ਵੈਰਾਗ ਹੈ। ਤਰ ਤੀਬਰ ਵੈਰਾਗ ਵਿਚ ਤਿਆਗ ਦਾ ਵੀ ਤਿਆਗ ਕਰਨਾ ਹੁੰਦਾ ਹੈ ਜਾਂ ਇਉਂ ਕਹੋ ਤਿਆਗ-ਭਾਵਨਾ ਦੇ ਅਹੰ ਤੋਂ ਉਪਰਾਮ ਹੋਣ ਦਾ ਨਾਮ ਹੀ ਤਰ ਤੀਬਰ ਵੈਰਾਗ ਹੈ। ਸੋ ਨਿਰਵੇਦ ਦਾ ਦੂਸਰਾ ਨਾਮ ਤਰਤੀਬਰ ਵੈਰਾਗ ਹੈ।'[5] ਇਸ ਤੋਂ ਇਲਾਵਾ ਬੈਰਾਗ ਦੇ ਕਈ ਅਰਥ ਕੀਤੇ ਹਨ। ਜਿਨ੍ਹਾਂ ਵਿਚ ਉਦਾਸੀਨਤਾ, ਨਿਰਲੇਪਤਾ, ਉਪਰਾਮਤਾ, ਨਿਰਮੋਹਤਾ, ਨਿਰਛੱਲਤਾ ਆਦਿ ਸ਼ਾਮਿਲ ਹਨ। ਇਨ੍ਹਾਂ ਸ਼ਬਦਾਂ ਦੇ ਅਰਥਾਂ ਵਿਚ ਸਮਾਨਤਾ ਨਹੀਂ ਹੈ ਪਰੰਤੂ ਇਨ੍ਹਾਂ ਦੀ ਵਰਤੋਂ

ਦੁਆਰਾ ਅਧਿਆਤਮਿਕਤਾ ਦੀਆਂ ਦੋ ਮੁੱਖ ਭਾਵਨਾਵਾਂ ਵਲ ਸੰਕੇਤ ਕੀਤਾ ਗਿਆ ਹੈ ਜਿਨ੍ਹਾਂ ਵਿਚੋਂ ਇਕ ਤਾਂ ਸੰਸਾਰਿਕ ਜੀਵਨ ਦਾ ਬੈਰਾਗਮਈ ਤਿਆਗ ਹੈ ਅਤੇ ਦੂਜੀ ਇਸ ਵੈਰਾਗ ਨੂੰ ਉਚੇਰੇ ਪਦ ਦੀ ਪ੍ਰਾਪਤੀ ਲਈ ਧਾਰਨ ਕਰਨਾ ਹੈ।

ਸੋ ਸਪਸ਼ਟ ਹੈ ਕਿ ਪਹਿਲੀ ਕਿਸਮ ਦਾ ਬੈਰਾਗ ਸੰਨਿਆਸ ਮਾਤਰ ਹੈ ਅਤੇ ਗ੍ਰਿਹਸਥ ਮਾਰਗ ਵਿਚ ਇਹ ਰੁਕਾਵਟ ਹੋਣ ਕਰਕੇ ਗੁਰੂ ਜੀ ਨੇ ਅਜਿਹੇ ਤਿਆਗ ਨੂੰ ਮਹੱਤਵ ਨਹੀਂ ਦਿੱਤਾ ਸਗੋਂ ਇਸ ਤੋਂ ਉਲਟ ਇਕ ਅਜਿਹੇ ਸਾਰਥਕ ਪਰਿਤਿਆਗ ਦੀ ਲੋੜ ਉੱਤੇ ਜ਼ੋਰ ਦਿੱਤਾ ਹੈ ਜਿਹੜੀ ਪ੍ਰਾਣੀ ਮਾਤਰ ਨੂੰ ਪਦਾਰਥਕ ਜਗਤ ਵਿਚ ਵਿਚਰਦੇ ਹੋਏ ਨਿਰਲੇਪ ਰਹਿਣ ਦਾ ਸੰਕਲਪ ਦੱਸਦੀ ਹੈ। ਉਨ੍ਹਾਂ ਦੀ ਬੈਰਾਗ ਭਾਵਨਾ ਯੋਗ ਸ਼ਾਸਤਰ ਦੇ ਸੰਨਿਆਸ, ਸਮਾਧੀ ਅਤੇ ਕਠਨ ਤਪੱਸਿਆ ਆਦਿ ਤੋਂ ਪ੍ਰਾਪਤ ਹੋਏ ਬੈਰਾਗ ਤੋਂ ਬਿਲਕੁਲ ਵੱਖਰੀ ਕਿਸਮ ਦੀ ਹੈ।

ਗੁਰੂ ਪਰੰਪਰਾ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਹੀ ਇਕੋ-ਇਕ ਅਜੇਹੀ ਰਚਨਾ ਹੈ ਜੋ ਨਾਨਤੂ ਭਾਵ ਨਾਲੋਂ ਇਕੱਤੂ ਭਾਵ ਦਾ ਸਿਰਜਨ ਕਰਦੀ ਹੈ। ਤੱਤ ਗਿਆਨ ਮੂਲਕ ਤਰ ਤੀਬਰ ਵੈਰਾਗ ਜਾਂ ਨਿਰਵੇਦ ਹੀ ਇੰਨ੍ਹਾਂ ਦੀ ਬਾਣੀ ਦਾ ਸਗਲ ਸੰਪੂਰਣ ਦਿਦਾਰ ਹੈ।[6] ਜਿਸ ਨੂੰ ਵਿਚਾਰ ਕੇ ਮਨੁੱਖੀ ਮਨ ਦਾ ਦਵੰਦ ਖ਼ਤਮ ਹੋ ਜਾਂਦਾ ਹੈ। ਉਸ ਵਿਚ ਸਮਦ੍ਰਿਸ਼ਟੀ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਦਾ ਇਹ ਬੈਰਾਗ ਆਸ਼ਾਵਾਦੀ ਪ੍ਰਸੰਗ ਦਾ ਲਖਾਇਕ ਹੈ। ਇਹ ਬੈਰਾਗਮਈ ਭਾਵਨਾ ਜੀਵਨ ਤੋਂ ਉਪਰਾਮਤਾ ਜਾਂ ਭਾਂਜਵਾਦੀ ਦ੍ਰਿਸ਼ਟੀ ਦੀ ਸੂਚਕ ਨਹੀਂ ਸਗੋਂ ਮੁਕਤ ਮਾਨਵ ਦੇ ਸੰਦਰਭ ਨੂੰ ਪੇਸ਼ ਕਰਦੀ ਹੈ। ਜਿਸ ਦੇ ਅਧੀਨ ਮਨੁੱਖ ਗੁਰਮੁੱਖ, ਸੰਤ, ਸਾਧ ਜਾਂ ਗਿਆਨੀ ਪਦ ਪ੍ਰਾਪਤ ਕਰਕੇ ਆਪਣੇ ਆਪ ਨੂੰ ਪ੍ਰਭੂ ਭਗਤੀ ਵਿਚ ਲੀਨ ਕਰ ਲੈਂਦਾ ਹੈ, ਹਰ ਵੇਲੇ ਪ੍ਰਭੂ ਦਾ ਸਿਮਰਨ ਕਰਦਾ ਹੈ। ਆਪਣੇ ਮਨ ਨੂੰ ਇਕਾਗਰ ਕਰਕੇ ਜਪ, ਤਪ ਅਤੇ ਸੰਜਮੀ ਜੀਵਨ ਬਤੀਤ ਕਰਦਾ ਹੈ।

ਇਕ ਮਹਾਨ ਯੋਧਾ ਹੋਣ ਦੇ ਨਾਲ-ਨਾਲ 'ਗੁਰੂ ਤੇਗ ਬਹਾਦਰ ਜੀ ਇਕ ਮੁਖ ਇਕਾਗਰ ਬਿਰਤੀ ਦੇ ਧਾਰਣੀ ਹਨ। ਤੱਤ ਗਿਆਨ ਮੂਲਕ ਵੈਰਾਗ ਇੰਨਾਂ ਦੇ ਸਿਰਜਨ-ਸੰਸਾਰ ਵਿਚ ਇਕ

ਰਸ ਪ੍ਰਵਾਹਿਤ ਹੈ । ਸਾਰੀ ਬਾਣੀ ਸ਼ਾਂਤ, ਅਡੋਲ ਅਤੇ ਤਰ ਤੀਬਰ ਵੈਰਾਗ ਰੂਪ ਹੋਈ ਆਪਣੀ ਨਿਵੇਕਲੀ ਨੁਹਾਰ ਨੂੰ ਨਿਸ਼ਚਿਤ ਕਰਦੀ ਹੈ।'[7] ਇਸ ਤਰ੍ਹਾਂ ਆਪ ਦੀ ਬਾਣੀ ਵਿਚ ਸਦਾਚਾਰੀ, ਸਰਲ, ਸਹਿਜ, ਚਰਿੱਤਰਵਾਨ, ਨਿਰਭੈ, ਸ਼ੁੱਧ ਅਤੇ ਸਾਤਵਿਕ ਜੀਵਨ ਜਿਉਣ ਦੀ ਪ੍ਰੇਰਣਾ ਤੋਂ ਇਲਾਵਾ ਧਰਮ ਦੇ ਬੀਜ ਦੀ ਰੱਖਿਆ ਕਰਨ ਅਤੇ ਪ੍ਰਾਣੀਆਂ ਨੂੰ ਸੁਮਾਰਗ ਉੱਤੇ ਪਾਉਣ ਵਾਲੇ ਤੱਤ ਵੀ ਵਿਦਮਾਨ ਹਨ। ਜਿਸ ਨਾਲ ਇਕ ਨਵਨਿਰਮਤ ਸਮਾਜ ਦੀ ਸੰਕਲਪਨਾ ਪ੍ਰਸਤੁਤ ਕੀਤੀ ਗਈ ਹੈ।

**ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਬੈਰਾਗ ਚਿੰਤਨ :**

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਕੇਂਦਰੀ ਵਿਸ਼ਾ ਗੁਰਮਤਿ ਆਦਰਸ਼ਵਾਦ ਹੈ। ਇਹ ਸੰਸਾਰਿਕਤਾ ਵਿਚ ਅਪਵਿੱਤਰਤਾ ਦੇ ਦੌਰਾਨ ਪਵਿੱਤਰ ਬਣੇ ਰਹਿਣ ਦਾ ਵੈਰਾਗ ਹੈ। ਇਹ ਪਾਰਦਰਸ਼ਤਾ ਦਾ ਵੈਰਾਗ ਹੈ, ਇਹ ਵੈਰਾਗ ਸਵੈ-ਪਰਿਤਿਆਗ਼ ਅਤੇ ਸਭ ਦੇ ਭਲੇ ਹਿਤ ਸਵੈ-ਕੁਰਬਾਨੀ ਵਾਲਾ ਵੈਰਾਗ ਹੈ।[8] ਜਿਸ ਨੇ ਭਾਰਤੀ ਸਮਾਜ ਵਿਚ ਇਕ ਵੱਡਾ ਪਰਿਵਰਤਨ ਲਿਆਂਦਾ।

ਆਪ ਜੀ ਦੀ ਬੈਰਾਗਮਈ ਬਾਣੀ ਰਚਨਾ ਦਾ ਮੰਤਵ ਮਨੁੱਖੀ ਸ਼ਖ਼ਸੀਅਤ ਨੂੰ ਘੜਨਾ, ਪ੍ਰਮਾਤਮਾ ਦੇ ਸੰਕਲਪ ਰਾਹੀਂ ਆਪਣੀ ਸ਼ਖ਼ਸੀਅਤ ਨੂੰ ਅਸੀਮ ਕਰਨਾ, ਆਪਣੀ ਮਨੁੱਖੀ ਹੋਂਦ ਨੂੰ ਦੈਵੀ ਸੰਭਾਵਨਾ ਵਿਚ ਬਦਲਣਾ, ਵਿਸ਼ਾਲ ਮਨੁੱਖਤਾ ਪੱਖੀ ਦ੍ਰਿਸ਼ਟੀਕੋਣ ਦਾ ਅਨੁਯਾਈ ਰਹਿਣਾ, ਰਾਜਸੀ ਖ਼ੌਫ ਤੇ ਪੁਜਾਰੀ ਵਰਗ ਦੇ ਡਰ ਤੋਂ ਹਮੇਸ਼ਾ ਸੁਤੰਤਰ ਰਹਿਣਾ, ਹਮੇਸ਼ਾ ਨਿਤ ਨਵੇਂ ਜਜ਼ਬਿਆਂ, ਚੜ੍ਹਦੀ ਕਲਾ ਅਤੇ ਆਸ਼ਾਵਾਦ ਨਾਲ ਭਰਪੂਰ ਜੀਵਨ ਦੇ ਸੰਘਰਸ਼ ਲਈ ਆਪਣੇ ਆਪ ਨੂੰ ਤਿਆਰ ਕਰਨਾ, ਸਮਾਜਿਕ ਵੰਗਾਰਾਂ ਨੂੰ ਕਬੂਲ ਕਰਨਾ, ਫੋਕੀਆਂ ਰਸਮਾਂ, ਕਰਮ-ਕਾਂਡਾਂ ਅਤੇ ਪਖੰਡ ਤੋਂ ਉੱਪਰ ਉੱਠਣਾ, ਸ਼ਬਦ ਗੁਰੂ ਦੇ ਲੜ ਲੱਗਣਾ, ਜੀਵਨ ਦੀ ਖ਼ੁਸ਼ਹਾਲੀ ਨੂੰ ਕਾਇਮ ਰੱਖਣ ਲਈ ਉਤਸ਼ਾਹ ਵਾਲੀ ਜੀਵਨ-ਸ਼ੈਲੀ ਅਪਣਾਉਣਾ, ਸੂਰਮਗਤ ਸਾਂਸਕ੍ਰਿਤਕ ਮਾਨਸਿਕਤਾ ਦਾ ਪਾਲਣ ਕਰਨਾ, ਕਰਤਾਰੀ ਰਚਨਾਤਮਿਕ ਸ਼ਕਤੀ ਦਾ ਭੇਦ ਇਸ ਦੀ ਨਿਰਭਉ ਤੇ ਨਿਡਰ

ਆਜ਼ਾਦ ਬਿਰਤੀ ਅਪਣਾਉਣਾ ਹੈ। ਆਤਮਿਕ ਸ਼ਕਤੀ, ਦ੍ਰਿੜ ਇਰਾਦੇ ਦੀ ਲੋੜ, ਨਿਸ਼ਕ੍ਰਿਅਤਾ, ਜੜਤਾ ਤੇ ਗਫ਼ਲਤ ਦਾ ਕਦੇ ਸ਼ਿਕਾਰ ਨਾ ਹੋਣਾ ਸੀ। ਲੋਕ ਜੀਵਨ ਨੂੰ ਸਚਾਰੂ ਬਣਾਉਣਾ, ਸਾਰਥਕ ਸੇਧ ਪ੍ਰਦਾਨ ਕਰਨੀ ਅਤੇ ਲੋਕ ਭਰਮਾਂ ਦਾ ਨਿਵਾਰਣ ਅਤੇ ਮੰਦਬਿਰਤੀਆਂ ਦਾ ਖੰਡਨ ਕਰਨਾ ਸੀ।

ਆਪ ਜੀ ਦੇ ਬੈਰਾਗਮਈ ਚਿੰਤਨ 'ਚੋਂ ਅਣਖੀਲਾ ਸ੍ਵੈਮਾਨ ਕਾਇਮ ਰੱਖਣ, ਇਸ ਦੀ ਪ੍ਰਾਪਤੀ ਲਈ ਦੂਜਿਆਂ ਨੂੰ ਭੈ-ਭੀਤ ਕਰਨ ਦਾ ਯਤਨ ਨਾ ਕਰਨਾ, ਲੋਕ ਭਲਾਈ ਦੇ ਕੰਮ ਕਰਨੇ, ਮਨੁੱਖਤਾ ਪ੍ਰਤੀ ਅਤੇ ਆਪਣੇ ਕਰਤੱਵ ਪ੍ਰਤੀ ਈਮਾਨਦਾਰੀ ਨੂੰ ਮੁੱਖ ਰੱਖਣ ਵਰਗੇ ਉੱਚ ਪਾਏ ਦੇ ਮਾਨਵੀ ਸਰੋਕਾਰ ਸਿਰਜਤ ਹੁੰਦੇ ਹਨ। ਸੰਸਾਰਕ ਉੱਨਤੀ ਅਤੇ ਆਤਮਿਕ ਜਾਗ੍ਰਤੀ ਲਈ ਯਤਨ ਨਿਰੰਤਰਤਾ ਅਤੇ ਸਥਿਰਤਾ ਸਹਿਤ ਕੀਤੇ ਜਾਣ 'ਤੇ ਜ਼ੋਰ ਦਿੱਤਾ। ਇਸੇ ਵਿਚ *'ਲੋਕ ਸੁਖੀਏ ਪਰਲੋਕ ਸੁਹੇਲੇ'* ਦਾ ਰਾਜ਼ ਹੈ। ਇਸ ਦੇ ਨਾਲ ਮਨੁੱਖੀ ਵਿਅਕਤੀਤਵ ਦੀ ਨਵੀਨ ਆਦਤ ਦੀ ਸ਼ੁਰੂਆਤ ਹੋਈ। ਆਪ ਜੀ ਅਨੁਸਾਰ ਸਚਿਆਰਾ ਅਤੇ ਧਰਮਸ਼ੀਲ ਮਨੁੱਖ ਉਹੀ ਹੋ ਸਕਦਾ ਹੈ ਜਿਹੜਾ ਸਾਰੇ ਸੰਸਾਰ ਨੂੰ ਇਕ ਪਰਿਵਾਰ ਦੇ ਬਰਾਬਰ ਸਮਝਦਾ ਹੈ। ਏਕਤਾ, ਸਮਾਨਤਾ ਅਤੇ ਸਾਂਝੀਵਾਲਤਾ ਨੂੰ ਸਮਾਜਕ ਜੀਵਨ ਦਾ ਆਧਾਰ ਬਣਾਉਂਦਾ ਹੈ ਅਤੇ ਜਿਸ ਦੇ ਕਲਿਆਣ ਲਈ ਉਹ ਹਮੇਸ਼ਾ ਤਿਆਰ ਰਹਿੰਦਾ ਹੈ।

ਆਪ ਜੀ ਅਨੁਸਾਰ ਮਨੁੱਖੀ ਜੀਵਨ ਦਾ ਪ੍ਰਮੁੱਖ ਪ੍ਰਯੋਜਨ ਪ੍ਰਭੂ ਦੀ ਪ੍ਰਾਪਤੀ ਹੈ। ਇਸ ਪ੍ਰਾਪਤੀ ਨੂੰ ਪਰਮ ਪਦ ਆਖਿਆ ਜਾਂਦਾ ਹੈ। ਪ੍ਰਭੂ ਦੀ ਪ੍ਰੀਤ ਇਨਸਾਨੀ ਮਨ ਦੀ ਕੁਦਰਤੀ, ਸੱਚੀ ਅਤੇ ਵਾਸਤਵਿਕ ਅਕਾਂਖਿਆ ਹੈ ਪਰੰਤੂ ਇਸ ਅਕਾਂਖਿਆ ਦੀ ਤ੍ਰਿਪਤੀ ਲਈ ਅਤੇ ਅੰਤਿਮ ਪ੍ਰਯੋਜਨ ਦੀ ਪ੍ਰਾਪਤੀ ਲਈ ਜਿਹੜੇ ਸਾਧਨਾ-ਮਾਰਗ ਗ੍ਰਹਿਣ ਕੀਤੇ ਜਾਂਦੇ ਹਨ, ਉਹ ਭਿੰਨ-ਭਿੰਨ ਹਨ। ਇਨ੍ਹਾਂ ਵਿਭਿੰਨ ਸਾਧਨਾ ਮਾਰਗਾਂ ਵਿਚੋਂ ਜੋਗ ਮਾਰਗ ਦਾ ਇਕ ਖਾਸ ਮਹੱਤਵ ਹੈ ਪਰੰਤੂ ਜਿਹੜਾ ਜੋਗੀ ਬਾਹਰੀ ਭੇਖ ਧਾਰਨ ਕਰਦਾ ਹੈ, ਦੂਜਿਆਂ ਦੀ ਨਿੰਦਾ ਉਸਤਤਿ ਵਿਚ ਮਸਤ ਰਹਿੰਦਾ ਹੈ, ਜਿਸ ਦਾ ਮਨ ਭਟਕਦਾ ਰਹਿੰਦਾ ਹੈ, ਅਜਿਹਾ ਜੋਗੀ ਪ੍ਰਭੂ ਪ੍ਰਾਪਤੀ ਦੀ ਜੁਗਤ ਨਹੀਂ

ਜਾਣਦਾ। ਅਧਿਆਤਮਿਕ ਜੀਵਨ ਵਿਚ ਸਫ਼ਲਤਾ ਪ੍ਰਾਪਤ ਕਰਨ ਲਈ ਘਰ ਅਤੇ ਗ੍ਰਿਹਸਥ ਨੂੰ ਤਿਆਗ ਕੇ ਜੰਗਲ ਬੀਆਬਾਨ ਵਿਚ ਜਾਣ ਦੀ ਲੋੜ ਨਹੀਂ। ਗੁਰੂ ਜੀ ਫ਼ਰਮਾਉਂਦੇ ਹਨ ਕਿ ਬੀਆਬਾਨ ਜੰਗਲਾਂ ਵਿਚ ਜਿਸ ਦੀ ਤਲਾਸ਼ ਵਾਸਤੇ ਲੋਕੀਂ ਜਾਂਦੇ ਹਨ, ਉਹ ਸਦਾ ਨਿਰਲੇਪ, ਸਰਬਵਿਆਪੀ ਅਤੇ ਘਟ-ਘਟ ਨਿਵਾਸੀ ਹੈ। ਪਰਮ ਸਤਿ ਅਤੇ ਦ੍ਰਿਸ਼ਮਾਨ ਦੇ ਪਰਸਪਰ ਸੰਬੰਧ ਨੂੰ ਸਪਸ਼ਟ ਕਰਨ ਲਈ ਗੁਰੂ ਸਾਹਿਬ ਨੇ ਉਸ ਸਰਬ-ਵਿਆਪਕਤਾ ਦੇ ਰਹੱਸਯ ਨੂੰ ਮੂਰਤੀਮਾਨ ਕਰਨ ਲਈ ਸਪਸ਼ਟ ਅਤੇ ਸਰਲ ਸ਼ੈਲੀ ਦੁਆਰਾ ਇਹ ਫ਼ਰਮਾਇਆ ਹੈ ਕਿ ਜਿਵੇਂ ਫੁੱਲ ਵਿਚ ਖ਼ੁਸ਼ਬੋ ਅਤੇ ਦਰਪਣ ਵਿਚ ਪ੍ਰਤਿਬਿੰਬ ਵਸਦਾ ਹੈ, ਉਸੇ ਪ੍ਰਕਾਰ ਪਰਮਸਤਿ ਪਰਮਾਤਮਾ ਹਰ ਥਾਂ ਤੇ ਕਣ-ਕਣ ਵਿਚ ਵਿਦਮਾਨ ਹੈ। ਉਸ ਦੀ ਖੋਜ ਲਈ ਅੰਤਰ-ਆਤਮਾ ਵਲ ਦ੍ਰਿਸ਼ਟੀ ਕੇਂਦ੍ਰਿਤ ਕਰਨ ਦੀ ਲੋੜ ਹੈ। ਜਿਹੜਾ ਵਿਅਕਤੀ ਮਨ, ਬਚਨ, ਕਰਮ ਸਹਿਤ ਆਪਣੇ ਆਪ ਨੂੰ ਪ੍ਰਭੂ ਦੀ ਸ਼ਰਨ ਵਿਚ ਸਮਰਪਿਤ ਕਰ ਦਿੰਦਾ ਹੈ, ਉਹ ਉੱਤਮ ਪਦਵੀ ਦਾ ਧਾਰਨੀ ਹੋ ਜਾਂਦਾ ਹੈ। ਇਨਸਾਨ ਸਦਾ ਸੁੱਖ ਦਾ ਚਾਹਵਾਨ ਹੈ। ਉਸ ਦੀ ਸਾਰੀ ਕਾਰਜ ਸ਼ਕਤੀ ਇਸ ਗੱਲ ਵਿਚ ਲੀਨ ਰਹਿੰਦੀ ਹੈ ਕਿ ਦੁੱਖ ਤੋਂ ਛੁਟਕਾਰਾ ਕਿਵੇਂ ਪ੍ਰਾਪਤ ਕੀਤਾ ਜਾਵੇ। ਇਸ ਲਈ ਗੁਰੂ ਤੇਗ਼ ਬਹਾਦਰ ਜੀ ਮਨੁੱਖ ਨੂੰ ਸੰਬੋਧਨ ਹੁੰਦਿਆਂ ਸਪਸ਼ਟ ਕਹਿੰਦੇ ਹਨ ਕਿ ਇਸ ਸੰਸਾਰ ਵਿਚ ਨਾਮ-ਸਿਮਰਨ ਦੁਆਰਾ ਹੀ ਸੁੱਖ ਦੀ ਪ੍ਰਾਪਤੀ ਸੰਭਵ ਹੈ :

**ਹਰਿ ਕੋ ਨਾਮੁ ਸਦਾ ਸੁਖਦਾਈ ॥**

**ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ ॥ ੧ ॥**[9]

ਨਾਮ ਦੀ ਪ੍ਰਾਪਤੀ ਕਰਕੇ ਮਨੁੱਖ ਵਾਸ਼ਨਾ ਭਰੀਆਂ ਅੰਧਕਾਰਮਈ ਦਿਸ਼ਾਵਾਂ ਵਿਚ ਨਹੀਂ ਭਟਕਦਾ। ਉਸ ਨੂੰ ਜੀਵਨ ਦੀ ਇਕ ਨਵੀਂ ਪ੍ਰਕਾਸ਼ਮਈ ਦਿਸ਼ਾ ਪ੍ਰਾਪਤੀ ਹੋ ਜਾਂਦੀ ਹੈ। ਇਸ ਪ੍ਰਕਾਰ ਗੁਰੂ ਸਾਹਿਬ ਜੀ ਦੇ ਬੈਰਾਗਮਈ ਚਿੰਤਨ ਤੋਂ ਭਾਵ ਹੰਕਾਰਮਈ ਮਾਨਸਿਕ ਪ੍ਰਵਿਰਤੀਆਂ ਦਾ ਨਾਸ਼ ਕਰਨਾ, ਵਿਅਕਤੀਗਤ ਇੱਛਾਵਾਂ ਤੋਂ ਛੁਟਕਾਰਾ ਪਾਉਣਾ ਅਤੇ ਪ੍ਰਭੂ ਦਾ ਨਾਮ-ਸਿਮਰਨ ਕਰਦਿਆਂ ਸੰਪੂਰਨ ਸਮਰਪਣ ਦੀ ਭਾਵਨਾ ਹੈ।

ਹੁਣ ਅਸੀਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ 'ਚੋਂ ਉਤਪੰਨ ਹੋਏ ਬੈਰਾਗ ਨੂੰ ਨਿਮਨ ਪੱਖਾਂ ਤੋਂ ਵਿਚਾਰਨ ਦਾ ਯਤਨ ਕਰਦੇ ਹਾਂ :

**1. ਦ੍ਰਿਸ਼ਟਮਾਨ ਸੰਸਾਰ ਤੋਂ ਬੈਰਾਗ :**

ਇਸ ਦ੍ਰਿਸ਼ਟ ਨਾਸ਼ਮਾਨ ਸੰਸਾਰ ਨਾਲ ਮੋਹ ਕਰਨਾ ਹੀ ਅਗਿਆਨਤਾ ਹੈ। ਇਸ ਵਿਰੱਕਤੀ ਭਾਵ ਵਿੱਚੋਂ ਹੀ ਵੈਰਾਗ ਦਾ ਜਨਮ ਹੁੰਦਾ ਹੈ। ਸੰਸਾਰਕ ਪਦਾਰਥਾਂ ਦੇ ਭੋਗ ਦੀ ਮਨ ਵਿੱਚੋਂ ਤ੍ਰਿਸ਼ਨਾ ਨੂੰ ਖ਼ਤਮ ਕਰਨਾ ਹੀ ਬੈਰਾਗ ਹੈ। ਇਹ ਬੈਰਾਗ ਭਾਵਨਾ ਕੁੱਝ ਵਸਤੂਆਂ ਦੇ ਤਿਆਗ ਅਤੇ ਕੁੱਝ ਵਸਤੂਆਂ ਦੇ ਗ੍ਰਹਿਣ ਦੁਆਰਾ ਪੈਦਾ ਹੋ ਸਕਦੀ ਹੈ। ਸੰਸਾਰ ਦੀ ਨਾਸ਼ਵਾਨਤਾ ਦੀ ਅਨੁਭੂਤੀ ਮਨੁੱਖੀ ਮਨ ਵਿਚ ਇਕ ਬੈਰਾਗਮਈ ਭਾਵਨਾ ਦ੍ਰਿੜ ਕਰਵਾਉਂਦੀ ਹੈ। ਸੰਸਾਰਿਕ ਪਦਾਰਥ ਦੇ ਸਭ ਸੁੱਖ ਝੂਠੇ ਹਨ। ਧਨ ਦੌਲਤ ਦੇ ਸੁੱਖ, ਰਾਤ ਦੇ ਸੁਹਾਵਣੇ ਸੁਪਨੇ ਰੇਤ ਦੀ ਕੰਧ ਵਰਗੇ ਹਨ ਜੋ ਹਮੇਸ਼ਾ ਲਈ ਰਹਿਣ ਵਾਲੇ ਨਹੀਂ ਹੁੰਦੇ। ਮਨੁੱਖ ਦੇ ਸਾਹਾਂ ਦੀ ਪੂੰਜੀ ਪਲ-ਪਲ ਕਰਕੇ ਖ਼ਤਮ ਹੋ ਜਾਣੀ ਹੈ। 'ਵੈਰਾਗ ਸੰਸਾਰ ਦੀ ਤੁੱਛਤਾ ਦੇਖ ਕੇ ਉਪਜਦਾ ਹੈ। ਤੁੱਛਤਾ ਦੇਖ ਕੇ, ਕਿਸੇ ਮਹਾਨ ਅਭਿਲਾਸ਼ੀ ਗੌਰਵਤਾ ਵਾਲੀ ਵਸਤੂ ਦੀ ਤਲਾਸ਼ ਕੀਤੀ ਜਾਂਦੀ ਹੈ। ਇਹ ਵਸਤੂ ਨਾਮ ਹੈ। ਨਾਮ ਮਨੁੱਖ ਨੂੰ ਗੁਰਮੁਖ ਬਣਾ ਦਿੰਦਾ ਹੈ।'[10] ਉਹ ਇਸ ਸੰਸਾਰ ਦੀ ਅਸਲੀਅਤ ਨੂੰ ਜਾਣ ਲੈਂਦਾ ਹੈ। ਨਾਸ਼ਵਾਨਤਾ ਤੋਂ ਉਪਜੇ ਬੈਰਾਗ ਦੇ ਦੋ ਪੱਖ ਦ੍ਰਿਸ਼ਟੀਗੋਚਰ ਹੁੰਦੇ ਹਨ ਨਿਰਾਰਥਕ ਅਤੇ ਸਾਰਥਕ। ਨਿਰਾਰਥਕਤਾ ਗ੍ਰਹਿਣ ਕਰਨ ਵਾਲੇ ਲੋਕ ਨਿਰਾਸ਼ਾਵਾਦੀ ਹੋ ਜਾਂਦੇ ਹਨ ਅਤੇ ਸਾਰਥਕਤਾ ਗ੍ਰਹਿਣ ਕਰਨ ਵਾਲੇ ਲੋਕ ਜੀਵਨ ਵਿਚ ਉਸਾਰੂ ਸੇਧ ਪ੍ਰਾਪਤ ਕਰਦੇ ਹਨ। ਇੱਥੇ ਪ੍ਰੋਫੈਸਰ ਰਾਮ ਸਿੰਘ ਦਾ ਵਿਚਾਰ ਜ਼ਿਕਰਯੋਗ ਹੈ ਕਿ 'ਸਿਸ਼੍ਰਟੀ ਦੀ ਨਾਸ਼ਵਾਨਤਾ ਅਤੇ ਜੀਵਨ ਬਾਰੇ ਨਿਰਾਸ਼ਾਵਾਦ ਦੇ ਵੱਖ-ਵੱਖ ਸੰਕਲਪ ਹਨ। ਜਿਨ੍ਹਾਂ ਨੂੰ ਇਕ ਦੂਜੇ ਤੋਂ ਨਿਖੇੜ ਨਾ ਸਕਣ ਕਰਕੇ ਕਈ ਵਿਦਵਾਨ ਉਕਾਈਆਂ ਖਾਂਦੇ ਹਨ। ਨਾਸ਼ਵਾਨਤਾ ਤਾਂ ਸੰਸਾਰ ਦੀ ਐਸੀ ਹਕੀਕਤ ਹੈ, ਜਿਸ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ। ਜਿਸ ਹਕੀਕਤ ਨੂੰ ਵਿਗਿਆਨੀ ਤੇ ਦਾਰਸ਼ਨਿਕ ਸ੍ਰਿਸ਼ਟੀ ਦੇ ਪਰਿਵਰਤਨ ਦਾ ਨਿਯਮ ਕਹਿੰਦੇ ਹਨ, ਉਸੇ ਨੂੰ ਧਾਰਮਿਕ ਸ਼ਬਦਾਵਲੀ ਵਿਚ ਜੀਵਨ ਦੀ ਛਿਨ-

ਭੰਗਰਤਾ ਕਿਹਾ ਜਾਂਦਾ ਹੈ। ਵਿਗਿਆਨੀ ਭੀ ਦਾਰਸ਼ਨਿਕ ਦੀ ਤਰ੍ਹਾਂ ਪਰਿਵਰਤਨ ਦੇ ਨਿਯਮ ਦਾ ਅਧਿਐਨ ਤਾਂ ਕਰਦਾ ਹੈ, ਪਰ ਇਸ ਦਾ ਨੈਤਿਕ ਅਤੇ ਆਤਮਿਕ ਲਾਭ ਨਹੀਂ ਉਠਾਉਂਦਾ। ਅਧਿਆਤਮਿਕ ਰੁਚੀਆਂ ਵਾਲਾ ਮਨੁੱਖ ਇਸ ਨੂੰ ਆਪਣੇ ਉਪਯੋਗੀ ਸੰਚੇ ਵਿਚ ਢਾਲ ਲੈਂਦਾ ਹੈ। ਦੂਸਰੇ ਪਾਸੇ ਇਹ ਭੀ ਜ਼ਰੂਰੀ ਨਹੀਂ ਕਿ ਹਰ ਨਿਰਾਸ਼ਾਵਾਦੀ ਮਨੁੱਖ ਨਾਸ਼ਵਾਨਤਾ ਉੱਤੇ ਜ਼ੋਰ ਦੇਵੇ। ਜਿਹੜੇ ਲੋਕ ਜੀਵਨ ਵਿਚ ਬਾਰ-ਬਾਰ ਨਾਕਾਮਯਾਬ ਹੁੰਦੇ ਹਨ, ਉਹ ਵਿਸ਼ਾਦ ਭਾਵਾਂ ਨਾਲ ਭਰਪੂਰ ਹੋ ਜਾਂਦੇ ਹਨ ਤੇ ਹੋਰ ਅੱਗੇ ਵਧਕੇ ਸਨਕੀ ਬਣ ਜਾਂਦੇ ਹਨ। ਉਨ੍ਹਾਂ ਨੂੰ ਅਸੀਂ 'ਭਾਵੁਕ ਪਰਕਾਰ' ਦੇ ਨਿਰਾਸ਼ਾਵਾਦੀ ਕਹਿ ਸਕਦੇ ਹਾਂ। ਉਹ ਨਿਰਾਸ਼ਾਵਾਦਤਾ ਦਾ ਜ਼ਿਕਰ ਘੱਟ ਹੀ ਕਰਦੇ ਹਨ, ਉਂਜ ਦੁਨੀਆਂ ਨੂੰ ਬੇਈਮਾਨ ਕਹਿ ਕੇ ਕੋਸਦੇ ਭਾਵੇਂ ਰਹਿਣ। ਸੋ ਨਿਰਾਸ਼ਾਵਾਦ ਤੋਂ ਨਾਸ਼ਵਾਨਤਾ ਤੱਕ ਪੁੱਜਣਾ ਜ਼ਰੂਰੀ ਹੈ ਨਾ ਕਿ ਨਾਸ਼ਵਾਨਤਾ ਤੋਂ ਨਿਰਾਸ਼ਾਵਾਦ ਤੱਕ। ਇਸ ਤਰ੍ਹਾਂ 'ਸਾਰਥਕ ਬੈਰਾਗ ਮਨੁੱਖ ਨੂੰ ਨਿਰਾਸ਼ਤਾ ਤੋਂ ਆਸ਼ਾਮਈ ਜੀਵਨ ਪੰਧ ਵਲ ਅਗਰਸਰ ਕਰਦਾ ਹੈ।'[11] ਇਹ ਬੈਰਾਗ ਸੰਸਾਰਕਤਾ ਦਾ ਤਿਆਗ ਅਤੇ ਪਰਮਾਤਮਾ ਨਾਲ ਸੱਚੀ ਪ੍ਰੀਤ ਪਾਉਣ ਦੀ ਤੀਬਰ ਤਾਂਘ ਵਿਚੋਂ ਉਤਪੰਨ ਹੁੰਦਾ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਨਾਸ਼ਵਾਨਤਾ ਦਾ ਅਨੁਭਵ ਅਤੇ ਬੈਰਾਗਮਈ ਭਾਵਨਾ ਬਹੁਤ ਨੇੜਲੇ ਰੂਪ ਵਿਚ ਵਿਚਰਦੇ ਹਨ।

ਜਗਤ ਅਤੇ ਮਨੁੱਖੀ ਜੀਵਨ ਦੋਹਾਂ ਦੀ ਮੂਲ ਸਚਾਈ ਨਾਸ਼ਮਾਨਤਾ ਤੇ ਪਰਿਵਰਤਨ ਹੈ ਇਸ ਲਈ ਸਥਿਰਤਾ ਦਾ ਮੂਲੋਂ ਹੀ ਅਭਾਵ ਹੈ। 'ਸੰਸਾਰ ਦੀ ਨਾਸ਼ਵਾਨਤਾ ਦੀ ਅਨੁਭੂਤੀ ਮਨੁੱਖੀ ਮਨ ਵਿਚ ਇਕ ਵੈਰਾਗਮਈ ਭਾਵਨਾ ਦ੍ਰਿੜ ਕਰਵਾਉਂਦੀ ਹੈ। ਇਹ ਵੈਰਾਗਮਈ ਭਾਵਨਾ ਮਾਇਆ ਦੇ ਸਾਰਥਕ ਪਰਿਤਿਆਗ ਅਤੇ ਬ੍ਰਹਮ ਨਾਲ ਵਿਲੀਨਤਾ ਦੀ ਉਤੇਜਨਾ ਉਤਪੰਨ ਕਰਦੀ ਹੈ।'[12] ਸਥਿਰਤਾ ਕੇਵਲ ਪ੍ਰਭੂ ਦੇ ਨਾਮ ਵਿਚ ਹੈ। ਬੈਰਾਗ ਦੀ ਭਾਵਨਾ ਮਨੁੱਖੀ ਆਤਮਾ ਨੂੰ ਸਹਿਜ ਅਵਸਥਾ ਵਿਚ ਪਹੁੰਚਾਉਂਦੀ ਹੈ ਜਿਸ ਦੇ ਫਲਸਰੂਪ ਮਨੁੱਖੀ ਆਤਮਾ ਦਵੰਦਮਈ ਭਾਵਨਾ ਦਾ ਤਿਆਗ ਕਰਕੇ ਅਸਲ ਸਰੂਪ ਨੂੰ ਪਛਾਣਦੀ ਹੋਈ ਆਪਣੇ ਸਿਰਜਣਹਾਰ ਦੀ ਪਛਾਣ ਕਰਦੀ ਹੈ ਅਤੇ ਪ੍ਰੇਮ ਦੁਆਰਾ ਲਿਵਲੀਨ ਹੋ ਕੇ ਪਰਮ ਸੁੱਖ ਦੀ ਅਵਸਥਾ ਨੂੰ ਪ੍ਰਾਪਤ ਕਰਦੀ ਹੈ। 'ਜਗਤ ਦੀ

ਨਾਸ਼ਵਾਨਤਾ ਉੱਤੇ ਵਿਚਾਰ ਕਰਨ ਵਾਲਾ ਵੈਰਾਗਵਾਨ ਵਿਅਕਤੀ ਜਦੋਂ ਦ੍ਰਿਸ਼ਟ ਵਲੋਂ ਉਪਰਾਮ ਹੋ ਕੇ ਅਦ੍ਰਿਸ਼ਟ ਵਲ ਝੁਕਦਾ ਹੈ ਤਾਂ ਅੰਦਰਲੀ ਪਵਿੱਤਰਤਾ ਵਧਾਉਣ ਦੇ ਕਾਰਜ ਵਿਚ ਰੁੱਝਦਾ ਹੈ। ਉਸ ਦੀ ਜਮਾਂਦਰੂ ਰੁੱਚੀ ਉਸ ਨੂੰ ਦ੍ਰਿਸ਼ਟਮਾਨ ਦੇ ਰੂਪਾਂ ਰੰਗਾਂ ਨਾਲ ਉਸ ਤਰ੍ਹਾਂ ਸੰਤੁਸ਼ਟ ਨਹੀਂ ਹੋਣ ਦੇਂਦੀ ਜਿਸ ਤਰ੍ਹਾਂ ਦੁਨੀਆ ਦੀ ਬਹੁਗਿਣਤੀ ਹੋਣੀ ਚਾਹੀਦੀ ਹੈ।'[13] ਸੰਸਾਰ ਤੋਂ ਉਪਰਾਮ ਹੋਣ, ਨਿਰਾਸ਼ ਹੋਣ ਜਾਂ ਇਸ ਤੋਂ ਕੋਈ ਮੁੱਲ ਨਾ ਪਾਉਣ ਦੀ ਰੁੱਚੀ ਦਾ ਨਾਂ ਪਲਾਇਨਵਾਦ ਹੈ। ਗੁਰੂ ਤੇਗ ਬਹਾਦਰ ਦੀ ਬਾਣੀ ਦਾ ਪ੍ਰਭਾਵ ਪਲਾਇਨਵਾਦੀ ਰੁੱਚੀਆਂ ਨੂੰ ਜਗਾਉਣਾ ਨਹੀਂ ਸਗੋਂ ਮਨੁੱਖ ਨੂੰ ਆਤਮਕ ਅਤੇ ਮਾਨਸਿਕ ਤੌਰ 'ਤੇ ਬਲਵਾਨ ਬਣਾਉਣਾ ਹੈ। ਜਿਸ ਦੇ ਨਾਲ ਉਹ ਆਪੇ ਦੀ ਪਛਾਣ ਕਰਕੇ ਸਰਵਵਿਆਪੀ ਪ੍ਰਭੂ ਨੂੰ ਸਮੁੱਚੇ ਬ੍ਰਹਿਮੰਡ ਵਿਚ ਵਿਆਪਕ ਰੂਪ ਵਿਚ ਦੇਖਦਾ ਹੈ। ਗੁਰੂ ਜੀ ਇਸ ਰਮਜ਼ ਨੂੰ ਇਸ ਤਰ੍ਹਾਂ ਪ੍ਰਸਤੁਤ ਕਰਦੇ ਹਨ :

**ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥**

**ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥**[14]

ਦ੍ਰਿਸ਼ਟ ਸੰਸਾਰ ਦੀ ਨਾਸ਼ਮਾਨਤਾ ਤੋਂ ਹੀ ਬੈਰਾਗ ਦੀ ਭਾਵਨਾ ਉਤਪੰਨ ਹੁੰਦੀ ਹੈ ਜੋ ਮਨੁੱਖ ਦੇ ਮਨ ਨੂੰ ਸਥਿਰਤਾ ਪ੍ਰਦਾਨ ਕਰਦੀ ਹੋਈ ਸਹਿਜ ਬਿਰਤੀ ਵਾਲਾ ਬਣਾਉਂਦੀ ਹੈ। ਇਸ ਤਰ੍ਹਾਂ ਗੁਰੂ ਤੇਗ਼ ਬਹਾਦਰ ਜੀ ਜਦ ਸਰੀਰ ਨੂੰ ਬੇਮੇਚਾ ਧਿਆਨ ਦੇਣ ਦਾ ਵਿਰੋਧ ਕਰਦੇ ਹਨ ਤਾਂ ਨਾਲ ਹੀ ਭੌਤਿਕ ਜਗਤ ਵਲੋਂ ਵੀ ਬਿਰਤੀ ਨੂੰ ਉਪਰਾਮ ਕਰਦੇ ਹਨ।[15] ਆਪ ਜੀ ਫ਼ਰਮਾਉਂਦੇ ਹਨ ਕਿ ਇਸ ਜਗਤ ਦੀ ਰਚਨਾ ਪਰਮਾਤਮਾ ਨੇ ਇਸ ਪ੍ਰਕਾਰ ਕੀਤੀ ਹੈ ਜਿਸ ਤਰ੍ਹਾਂ ਪਾਣੀ ਤੋਂ ਬੁਲਬੁਲਾ ਉਪਜਦਾ ਅਤੇ ਬਿਨਸਦਾ ਰਹਿੰਦਾ ਹੈ ਭਾਵ ਕਿ ਇਹ ਦ੍ਰਿਸ਼ਟਮਾਨ ਸੰਸਾਰ ਨਿਰੰਤਰ ਗਤੀਸ਼ੀਲ ਰਹਿੰਦਾ ਹੈ। ਇੱਥੇ ਕੋਈ ਸਥਾਈ ਨਹੀਂ ਰਹਿ ਸਕਦਾ :

**ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥**

**ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥**[16]

ਆਪ ਜੀ ਅਗਿਆਨੀ ਮਨੁੱਖ ਨੂੰ ਸੁਚੇਤ ਕਰਕੇ ਕਹਿੰਦੇ ਹਨ ਕਿ ਤੂੰ ਇਸ ਨਾਸ਼ਵਾਨ ਜਗਤ ਨੂੰ ਕਿਉਂ ਸੱਚਾ ਮੰਨੀ ਬੈਠਾ ਹੈਂ। ਇਹ ਸਾਰਾ ਸੰਸਾਰ ਇਕ ਧੂੰਏਂ ਦੇ ਪਹਾੜ ਦੀ ਤਰ੍ਹਾਂ ਹੈ ਜੋ ਕਿ ਇਕ ਹਵਾ ਦੇ ਬੁਲੇ ਨਾਲ ਹੀ ਉੱਡ ਜਾਣਾ ਹੈ। ਤੂੰ ਇਸ ਨੂੰ ਕੀ ਸਮਝ ਕੇ ਸਥਿਰ ਮੰਨੀ ਬੈਠਾ ਹੈਂ :

**ਇਹੁ ਜਗੁ ਧੂਏ ਕਾ ਪਹਾਰ ॥**

**ਤੈ ਸਾਚਾ ਮਾਨਿਆ ਕਿਹ ਬਿਚਾਰਿ ॥**[17]

ਗੁਰੂ ਜੀ ਮਨੁੱਖ ਨੂੰ ਆਖਦੇ ਹਨ ਕਿ ਤੂੰ ਇਸ ਸੰਸਾਰ ਨੂੰ ਸੁਪਨੇ ਵਿਚ ਲੱਭੇ ਧਨ ਦੇ ਸਮਾਨ ਹੀ ਸਮਝ, ਜੋ ਅੱਖ ਖੁੱਲ੍ਹਦਿਆਂ ਹੀ ਖ਼ਤਮ ਹੋ ਜਾਂਦਾ ਹੈ। ਅਜਿਹਾ ਸੁਪਨਾ ਤਾਂ ਕੁਝ ਛਿਣਾਂ-ਪਲਾਂ ਦਾ ਹੀ ਹੁੰਦਾ ਹੈ। ਫਿਰ ਇਸ ਦ੍ਰਿਸ਼ਟ ਚੀਜ਼ਾਂ ਦਾ ਕਿਉਂ ਹੰਕਾਰ ਕਰਦਾ ਹੈਂ। ਇੱਥੋਂ ਤੇਰੇ ਨਾਲ ਕੋਈ ਵੀ ਚੀਜ਼ ਤੇਰੇ ਨਾਲ ਜਾਣ ਵਾਲੀ ਨਹੀਂ। ਤੂੰ ਇਨ੍ਹਾਂ ਚੀਜ਼ਾਂ ਦੇ ਨਾਲ ਇੰਨਾ ਮੋਹ ਕਿਉਂ ਪਾਲਿਆ ਹੋਇਆ ਹੈ :

**ਇਹੁ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਡਾਨੋ ॥**

**ਸੰਗਿ ਤਿਹਾਰੈ ਕਛੂ ਨ ਚਾਲੈ ਤਾਹਿ ਕਹਾ ਲਪਟਾਨੋ ॥**[18]

ਹੇ ਮਨੁੱਖ! ਤੂੰ ਇਸ ਸੰਸਾਰ ਨੂੰ ਇਕ ਸੁਪਨੇ ਦੇ ਸਮਾਨ ਹੀ ਸਮਝ ਕਿਉਂਕਿ ਸੁਪਨੇ ਕਦੇ ਵੀ ਹਕੀਕਤ ਨਹੀਂ ਹੁੰਦੇ। ਇਹ ਕੁਝ ਪਲਾਂ ਦੇ ਲਈ ਮਨੁੱਖੀ ਮਨ ਨੂੰ ਸਕੂਨ ਦੇ ਸਕਦੇ ਹਨ। ਅਸਲ ਵਿਚ ਅਟੱਲ ਸੱਚਾਈ ਤਾਂ ਇਹ ਹੈ ਕਿ ਇਨ੍ਹਾਂ ਨੇ ਕੁਝ ਛਿਣਾਂ ਵਿਚ ਹੀ ਮਿਟ ਜਾਣਾ ਹੁੰਦਾ ਹੈ :

**ਸਮ ਸੁਪਨੈ ਕੈ ਇਹੁ ਜਗੁ ਜਾਨੁ ॥**

**ਬਿਨਸੈ ਛਿਨ ਮੈ ਸਾਚੀ ਮਾਨੁ ॥**[19]

ਸੰਸਾਰਿਕ ਨਾਸ਼ਮਾਨਤਾ ਦੇ ਅਨੇਕਾਂ ਸਚਿੱਤਰ ਪੇਸ਼ ਕਰਕੇ ਗੁਰੂ ਜੀ ਮਨੁੱਖ ਨੂੰ ਬੈਰਾਗ ਉਪਦੇਸ਼ ਦਿੰਦੇ ਹਨ। ਇਸੇ ਸੰਦਰਭ ਵਿਚ ਡਾ. ਰਾਮ ਸਿੰਘ ਲਿਖਦੇ ਹਨ ਕਿ 'ਗੁਰੂ ਸਾਹਿਬ ਜਾਣ-ਬੁਝ ਕੇ ਐਸੇ ਅਲੰਕਾਰ ਵਰਤਦੇ ਹਨ ਜਿਨ੍ਹਾਂ ਨਾਲ ਤੁੱਛਤਾ ਜਾਂ ਨਿਰਗੁਣਤਾ ਦੇ ਸੰਸਕਾਰ ਜੁੜੇ

ਹੋਏ ਹਨ। ਕਿਉਂਕਿ ਉਨ੍ਹਾਂ ਦਾ ਅਸਲ ਪ੍ਰਯੋਜਨ ਵੈਰਾਗ ਭਾਵ ਉਕਸਾਉਣਾ ਹੈ।[20] ਬੈਰਾਗਭਾਵੀ ਹੋ ਕੇ ਮਨੁੱਖ ਨੂੰ ਗਿਆਨ ਹੋ ਜਾਂਦਾ ਹੈ ਕਿ ਸਤਿ ਕੀ ਹੈ ? ਜਗਤ ਕੀ ਹੈ ? ਜੀਵਨ ਅਤੇ ਮੌਤ ਕੀ ਹੈ ? ਮੋਹ, ਮਾਇਆ ਅਤੇ ਬ੍ਰਹਮ ਕੀ ਹੈ ਆਦਿ। ਗੁਰੂ ਜੀ ਕਹਿੰਦੇ ਹਨ :

**ਮਨ ਰੇ ਸਾਚਾ ਗਹੋ ਬਿਚਾਰਾ॥**

**ਰਾਮ ਨਾਮ ਬਿਨੁ ਮਿਥਿਆ ਮਾਨੋ ਸਗਰੋ ਇਹੁ ਸੰਸਾਰਾ ॥ ੧ ॥ ਰਹਾਉ ॥**[21]

**ਨਾਨਕ ਕਹਤ ਜਗਤ ਸਭ ਮਿਥਿਆ ਜਿਉ ਸੁਪਨਾ ਰੈਨਾਈ ॥ ੨ ॥ ੧ ॥**[22]

ਗੁਰਮਤਿ ਦੇ ਚਿੰਤਕ ਹਰਦੀਪ ਸਿੰਘ ਅਨੁਸਾਰ, 'ਇਨ੍ਹਾਂ ਦੀ ਬਾਣੀ ਮਨੁੱਖ ਦੀ ਦੁੱਖੀ ਆਤਮਾ ਦੇ ਭਿਆਨਕ ਚਿੱਤਰ ਨੂੰ ਉਘੇੜ ਕੇ ਕਰੁਣਾ ਰਸ ਪੈਦਾ ਕਰਦੀ ਹੋਈ, ਉਸ ਨੂੰ ਝੰਜੋੜ ਕੇ ਜਗਾਉਂਦੀ ਉਸਦੀ ਅਚੇਤ ਅਵਸਥਾ ਵਿਚੋਂ ਉਸਨੂੰ ਕੱਢਦੀ ਹੈ ਤੇ ਸੰਸਾਰ ਤੇ ਸੁੱਖਾਂ ਦੀ ਨਿਸਫ਼ਲਤਾ ਤੇ ਨਾਸ਼ਮਾਨਤਾ ਦਾ ਅਹਿਸਾਸ ਕਰਵਾ ਕੇ ਵੈਰਾਗ ਪੈਦਾ ਕਰਦੀ ਹੈ।'[23] ਇਸ ਤਰ੍ਹਾਂ ਇਹ ਬੈਰਾਗ ਸਾਕਾਰਾਤਮਕ ਰੂਪ ਦਾ ਬੈਰਾਗ ਹੈ ਜੋ ਮਨੁੱਖੀ ਜੀਵਨ ਨੂੰ ਨਵੀਂ ਚੇਤਨਾ ਪ੍ਰਦਾਨ ਕਰਦਾ ਹੈ ਜੋ ਉਸਨੂੰ ਜੀਵਨ ਵਿਚ ਸੰਘਰਸ਼ ਕਰਨ ਲਈ ਪ੍ਰੇਰਦੀ ਹੈ। 'ਇਹ ਵੈਰਾਗਮਈ ਬਾਣੀ ਨਾ ਨਿਰਾਸ਼ਾਵਾਦ (Passimism) ਤੇ ਨਾ ਹੀ ਪਲਾਇਨਵਾਦ (Escapism) ਪੈਦਾ ਕਰਦੀ ਹੈ, ਸਗੋਂ ਸੰਸਾਰ ਤੇ ਸਰੀਰ ਚਲਾਇਮਾਨ ਤੇ ਅਨਿਸਚਿਤ ਗਤੀ ਦੀ ਸਾਰ ਨੂੰ ਦ੍ਰਿੜ ਕਰਾ ਕੇ ਸਮਰੱਥ ਗੁਰੂ ਜੀ ਦੇ ਚਰਨਾਂ ਦੇ ਪ੍ਰੇਮ ਵਿਚ ਲੀਨ ਕਰਕੇ ਧਰੂ ਵਾਲੀ ਅਦਭੁੱਤ, ਅਚਲ, ਅਮਰ ਤੇ ਨਿਰਭੈ ਪਦਵੀ ਤੱਕ ਲੈ ਜਾਂਦੀ ਹੈ। ਇਹ ਵੈਰਾਗ ਇਸ ਤਰ੍ਹਾਂ ਉਸਾਰੂ ਤੇ ਨਰੋਆ ਵੈਰਾਗ ਹੈ, ਜੋ ਪ੍ਰਭੂ ਦੇ ਚਰਨਾਂ ਦਾ ਅਨੁਰਾਗ ਪੈਦਾ ਕਰਦਾ ਹੈ।'[24]

ਅਜਿਹੀ ਬੈਰਾਗਮਈ ਸਥਿਤੀ ਵਿਚ ਮਨੁੱਖ ਵਿਸਮਾਦੀ ਅਨੰਦ ਮਹਿਸੂਸ ਕਰਦਾ ਹੈ। ਉਸਦਾ ਮਨ ਖੇੜੇ ਨਾਲ ਭਰ ਜਾਂਦਾ ਹੈ। ਉਸਦਾ ਅੰਦਰਲਾ ਅਸ਼-ਅਸ਼ ਕਰ ਉੱਠਦਾ ਹੈ। ਉਹ ਆਤਮਕ ਤੌਰ 'ਤੇ ਬਲਵਾਨ ਬਣ ਜਾਂਦਾ ਹੈ ਅਤੇ ਹਰ ਸੰਕਟ ਦਾ ਮੁਕਾਬਲਾ ਕਰਨ ਲਈ

ਤਿਆਰ-ਬਰ-ਤਿਆਰ ਰਹਿੰਦਾ ਹੈ। ਇਸ ਤਰ੍ਹਾਂ ਬੈਰਾਗ ਭਾਵ ਉਤਪੰਨ ਦਾ ਆਧਾਰ ਸ੍ਰਿਸ਼ਟੀ ਦੀ ਨਾਸ਼ਮਾਨਤਾ ਦਾ ਵਰਣਨ ਕਰਨਾ ਹੁੰਦਾ ਹੈ। ਮਨੁੱਖ ਨੂੰ ਸੁਚੇਤ ਕਰਦਿਆਂ ਗੁਰੂ ਜੀ ਸੰਸਾਰਿਕ ਸੁੱਖ ਅਤੇ ਮੋਹ ਦਾ ਤਿਆਗ ਕਰਕੇ ਆਪਣੀ ਸੁਰਤ ਨੂੰ ਪ੍ਰਭੂ ਚਰਨਾਂ ਵਿਚ ਜੋੜਨ ਲਈ ਬਚਨ ਕਰਦੇ ਹਨ :

**ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ ॥**

**ਅਉਰ ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀ ਪਾਵੈ ॥**[25]

**ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ ਦੇਖਹੁ ਰਿਦੈ ਬਿਚਾਰਿ ॥**

**ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਹੋਤ ਉਧਾਰ ॥ ੨ ॥ ੨ ॥**[26]

ਡਾ. ਰਤਨ ਸਿੰਘ ਜੱਗੀ ਦੇ ਕਥਨ ਅਨੁਸਾਰ 'ਨਾਮ' ਗੁਰਬਾਣੀ ਵਿਚ ਕਿਸੇ ਵਿਸ਼ੇਸ਼ ਸ਼ਬਦ ਦਾ ਸੂਚਕ ਨਹੀਂ, ਇਹ ਪਰਮਾਤਮਾ ਦਾ ਸਮੁੱਚਾ ਅਭਿਵਿਅੰਜਨ ਹੈ। ਸੰਸਾਰ ਵਿਚ ਜੋ ਕੁੱਝ ਬਣਿਆ ਹੈ ਅਰਥਾਤ ਜੋ ਕੁੱਝ ਦ੍ਰਿਸ਼ਟੀਗਤ ਹੁੰਦਾ ਹੈ। ਉਹ ਸਭ ਨਾਮ ਹੈ।'[27] 'ਗੁਰੂ ਜੀ ਨੇ 'ਨਾਮ' ਦੇ ਸਾਧਨ ਰਾਹੀਂ ਭਗਤੀ ਨੂੰ ਵਿਕਸਤ ਕਰਨ ਦਾ ਉਪਰਾਲਾ ਕੀਤਾ । 'ਨਾਮ' ਤੋਂ ਉਨ੍ਹਾਂ ਦਾ ਭਾਵ ਪਰਮਾਤਮਾ ਦੇ ਕਿਸੇ ਵੀ ਗੁਣ, ਰੂਪ ਆਦਿ ਦਾ ਕਥਨ ਤੋਂ ਹੈ। ਰਾਮ ਨਾਮ ਦੀ ਗੌਰਵਤਾ, ਸੰਸਾਰਿਕ ਨਾਸ਼ਮਾਨਤਾ ਅਤੇ ਮੋਹ ਮਾਇਆ ਤੋਂ ਉੱਪਰ ਉਠ ਕੇ ਬੈਰਾਗੀ ਭਾਵ ਚਿੱਤ ਹੋ ਕੇ ਸੱਚ ਨੂੰ ਪਛਾਨਣ ਦਾ ਸੰਦੇਸ਼ ਦਿੰਦੀ ਹੈ। ਆਪ ਦੀ ਬਾਣੀ ਮਨੁੱਖ ਲਈ ਮਾਰਗ-ਦਰਸ਼ਕ ਬਣਦੀ ਹੈ। ਇਹ ਬਾਣੀ ਮਨੁੱਖ ਨੂੰ ਅਮਾਨਵੀ ਵਰਤਾਰੇ ਵਿਰੁੱਧ ਆਵਾਜ਼ ਉਠਾਉਣ ਦੀ ਪ੍ਰੇਰਣਾ ਦਿੰਦੀ ਹੋਈ ਕੁੱਝ ਨਵੇਂ ਸੰਕਲਪ ਸਿਰਜਦੀ ਹੈ :

**ਪ੍ਰਾਨੀ ਨਾਰਾਇਨ ਸੁਧਿ ਲੇਹਿ ॥**

**ਛਿਨੁ ਛਿਨੁ ਅਉਧ ਘਟੈ ਨਿਸਿ ਬਾਸੁਰ ਬ੍ਰਿਥਾ ਜਾਤੁ ਹੈ ਦੇਹ ॥ ੧ ॥ ਰਹਾਉ ॥**[28]

ਬੈਰਾਗ ਦੀ ਅਵਸਥਾ ਵਿਚ ਮਨੁੱਖੀ ਮਨ ਸੁਚੇਤ ਪਾਪ ਤਾਂ ਇਕ ਪਾਸੇ ਰਿਹਾ ਅਚੇਤ ਪਾਪ

ਤੋਂ ਵੀ ਸੰਕੋਚ ਕਰਦਾ ਹੈ :

**ਨਰ ਅਚੇਤ ਪਾਪ ਤੇ ਡਰੁ ਰੇ ।**

**ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ ॥ ੧ ॥ ਰਹਾਉ ॥**[29]

ਗੁਰੂ ਤੇਗ ਬਹਾਦਰ ਜੀ ਨੇ ਆਪਣੇ ਯੁੱਗ ਦੀਆਂ ਪ੍ਰਸਥਿਤੀਆਂ ਨੂੰ ਆਤਮਸਾਤ ਕਰਕੇ ਅਤੇ ਸਦਾ ਦੁੱਖ-ਸੁੱਖ ਤੋਂ ਨਿਰਲੇਪ ਰਹਿ ਕੇ ਆਪਣੀ ਬਾਣੀ ਵਿਚ ਬੈਰਾਗ ਭਾਵਨਾ ਪੈਦਾ ਕੀਤੀ ਹੈ। ਗੁਰੂ ਜੀ ਦੀ ਬਾਣੀ ਵਿਚ ਨਿਰਾਸ਼ਤਾ ਸ਼ਬਦ ਨਹੀਂ, ਸਿਰਫ਼ ਚੇਤਾਵਨੀਆਂ ਦਿੱਤੀਆਂ ਗਈਆਂ ਹਨ। ਅਸਲ ਵਿਚ ਪੁੱਤ, ਮੀਤ ਮਾਇਆ ਮਮਤਾ ਤੋਂ ਉੱਚੇ ਉੱਠ ਕੇ ਸੇਵਾ ਵਿਚ ਲਗਣਾ ਅਤੇ ਹਰੀ ਜਸ ਗਾਉਣਾ ਹੀ ਧਰਮ ਹੈ। ਆਪ ਜੀ ਫ਼ਰਮਾਉਂਦੇ ਹਨ :

**ਰੇ ਨਰ ਇਹ ਸਾਚੀ ਜੀਅ ਧਾਰਿ ॥**

**ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ ॥ ੧ ॥ ਰਹਾਉ ॥**

**ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ ॥**

**ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ ॥ ੧ ॥**

**ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ ਭਜਿ ਲੇ ਨਾਮੁ ਮੁਰਾਰਿ ॥**

**ਕਹੁ ਨਾਨਕ ਨਿਜ ਮਤੁ ਸਾਧਨ ਕਉ ਭਾਖਿਓ ਤੋਹਿ ਪੁਕਾਰਿ ॥**[30]

ਗੁਰੂ ਤੇਗ ਬਹਾਦਰ ਜੀ ਅਨੁਸਾਰ ਬੈਰਾਗ ਦੀ ਭਾਵਨਾ ਮਨੁੱਖੀ ਆਤਮਾ ਨੂੰ ਸਹਿਜ ਅਵਸਥਾ ਵਿਚ ਪਹੁੰਚਾਉਂਦੀ ਹੈ, ਜਿਸ ਕਰਕੇ ਉਹ ਦਵੈਸ਼ ਭਾਵਨਾ ਵਿਚੋਂ ਨਿਕਲ ਕੇ ਆਪਣੇ ਅਸਲ ਸਰੂਪ ਨੂੰ ਪਛਾਣਦੀ ਹੈ, ਫਿਰ ਆਪਣੇ ਸਿਰਜਨਹਾਰ ਨੂੰ ਪਛਾਣਦੀ ਹੋਈ ਅਤੇ ਪ੍ਰੇਮ ਦੁਆਰਾ ਲਿਵਲੀਨ ਹੋ ਕੇ ਪਰਮਾਨੰਦ ਦੀ ਅਵਸਥਾ ਮਾਣਦੀ ਹੈ।

ਇਸ ਪ੍ਰਕਾਰ ਗੁਰੂ ਤੇਗ ਬਹਾਦਰ ਜੀ ਦਾ ਬਾਣੀ ਵਿਚੋਂ ਉਤਪੰਨ ਹੋਇਆ ਬੈਰਾਗ ਮਨੁੱਖ ਅਤੇ ਉਸ ਦੇ ਸਮਾਜ ਪ੍ਰਤੀ ਕਰਤੱਵ ਬਾਰੇ ਸਾਰਥਕਤਾ ਅਤੇ ਉੱਤਮਤਾ ਪ੍ਰਦਾਨ ਕਰਕੇ ਆਪਣੇ ਸਮਕਾਲੀ ਸਮਾਜ ਨੂੰ ਨਿਰਾਸ਼ਾ ਦੀ ਡੂੰਘੀ ਖਾਈ ਵਿਚੋਂ ਕੱਢਣ ਲਈ ਯਤਨ ਕਰਦਾ ਹੈ। ਗੁਨਾਹ,

ਗ਼ੁਲਾਮੀ ਅਤੇ ਅਗਿਆਨਤਾ ਦੇ ਹਨੇਰੇ ਵਿਚ ਭਟਕਦੇ ਮਨੁੱਖ ਨੂੰ ਉਸਦੇ ਸਰੀਰ ਵਿਚ ਪ੍ਰਮਾਤਮਾ ਦੇ ਵਾਸੇ ਨੂੰ ਯਾਦ ਕਰਵਾਉਂਦਾ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਆਪ ਇਕ ਸੱਚੇ ਬੈਰਾਗੀ ਸਾਧਕ ਸਨ ਅਤੇ ਉਨ੍ਹਾਂ ਬੈਰਾਗ ਦੇ ਸਰੂਪ ਦੀ ਅਭਿਵਿਅਕਤੀ ਆਪਣੇ ਆਤਮਿਕ ਅਨੁਭਵ ਦੇ ਨਾਲ ਹੀ ਕੀਤੀ ਹੈ। ਆਪ ਜੀ ਨੇ ਕਦੇ ਵੀ ਤਰਕ ਅਤੇ ਬੌਧਿਕ ਵਿਸ਼ਲੇਸ਼ਣ ਦੇ ਆਧਾਰ 'ਤੇ ਤੱਤ-ਨਿਰਣਯ ਦੀ ਇੱਛਾ ਨਹੀਂ ਕੀਤੀ ।

**2. ਸਕੇ-ਸੰਬੰਧੀਆਂ ਤੋਂ ਬੈਰਾਗ :**

ਮੋਹ-ਮਾਇਆ ਦੇ ਅਧੀਨ ਜਿਨ੍ਹਾਂ ਪੁੱਤ-ਧੀਆਂ, ਸਾਕ-ਸਬੰਧੀਆਂ ਲਈ ਮਨੁੱਖ ਧਨ ਅਤੇ ਹੋਰ ਅਖੌਤੀ ਸੁੱਖ-ਸ਼ਾਂਤੀ ਦੇ ਸਾਧਨ ਇਕੱਠੇ ਕਰਦਾ ਹੈ ਅਖ਼ੀਰ ਉਹ ਉਸ ਲਈ ਅਨੇਕਾਂ ਦੁੱਖਾਂ ਦੇ ਕਾਰਨ ਬਣ ਜਾਂਦੇ ਹਨ। ਆਪ ਜੀ ਫ਼ਰਮਾਉਂਦੇ ਹਨ ਕਿ ਹੇ ਮਨੁੱਖ ਜਿੰਨੀ ਦੇਰ ਤੱਕ ਤੇਰੇ ਸਰੀਰ ਅੰਦਰ ਸਾਹ ਚਲਦੇ ਹਨ ਉਦੋਂ ਤੱਕ ਹੀ ਤੇਰੇ ਨਾਲ ਮਾਤਾ-ਪਿਤਾ, ਭਾਈ, ਪੁੱਤਰ, ਮਿੱਤਰ ਅਤੇ ਪਤਨੀ ਦਾ ਸੰਬੰਧ ਕਾਇਮ ਹੈ ਜੋ ਕਿ ਸੁਆਰਥ ਦੀ ਨੀਂਹ ਤੇ ਟਿਕਿਆ ਹੋਇਆ ਹੈ ਪਰੰਤੂ ਜਦੋਂ ਤੇਰੇ ਸਰੀਰ ਵਿਚੋਂ ਪ੍ਰਾਣ ਖ਼ਤਮ ਹੋ ਜਾਣਗੇ ਤਾਂ ਫਿਰ ਅੱਧੀ ਘੜੀ ਵੀ ਕਿਸੇ ਨੇ ਘਰ ਵਿਚ ਨਹੀਂ ਰੱਖਣਾ। ਤੇਰੀ ਪਤਨੀ ਨੇ ਵੀ ਤੈਨੂੰ ਪ੍ਰੇਤ-ਪ੍ਰੇਤ ਕਹਿ ਕੇ ਦੂਰ ਹੋ ਜਾਣਾ ਹੈ। ਇਹੀ ਸਾਕ ਸੰਬੰਧੀ ਤੈਨੂੰ ਸ਼ਮਸ਼ਾਨ ਵੱਲ ਲੈ ਜਾਣਗੇ :

**ਸਭ ਕਿਛੁ ਜੀਵਤ ਕੋ ਬਿਵਹਾਰ ॥**

**ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ ॥ ੧ ॥ ਰਹਾਉ ॥**

**ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ ॥**

**ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਹ ਨਿਕਾਰਿ ॥**[31]

ਇਹ ਅਟੱਲ ਸੱਚਾਈ ਹੈ ਕਿ ਦੁਨੀਆਂ ਦੇ ਸਾਰੇ ਰਿਸ਼ਤੇ-ਨਾਤੇ ਸਵਾਰਥ ਦੀ ਨੀਂਹ 'ਤੇ ਉਸਰੇ ਹੋਏ ਹਨ। ਜਦੋਂ ਤੱਕ ਕਿਸੇ ਨਾ ਕਿਸੇ ਤੱਕ ਨਿੱਜੀ ਮਤਲਬ ਹੈ। ਉਦੋਂ ਤੱਕ ਹੀ ਇਹ ਰਿਸ਼ਤੇ ਬਣੇ ਰਹਿੰਦੇ ਹਨ। ਇੱਥੋਂ ਤੱਕ ਕਿ ਮਨੁੱਖ ਦੀ ਪਤਨੀ ਅਤੇ ਨੇੜਲੇ ਦੋਸਤ ਮਿੱਤਰ ਵੀ ਸੁੱਖਾਂ ਦੇ

ਸਮੇਂ ਹੀ ਨੇੜੇ ਆਉਂਦੇ ਹਨ। ਜਦੋਂ ਉਸ ’ਤੇ ਬੁਰਾ ਵਕਤ ਭਾਵ ਸੰਕਟ ਆਉਂਦਾ ਹੈ, ਉਸਦੇ ਨੇੜਲੇ ਸਾਰੇ ਰਿਸ਼ਤੇਦਾਰ ਅਤੇ ਸਾਕ ਸੰਬੰਧੀ ਸਾਥ ਛੱਡ ਜਾਂਦੇ ਹਨ। ਉਸ ਦੇਅੰਤਲੇ ਸਮੇਂ ਵਿਚ ਵੀ ਕੋਈ ਸਹਾਈ ਸਿੱਧ ਨਹੀਂ ਹੁੰਦਾ। ਇਹ ਝੂਠੇ ਸੰਸਾਰ ਦੀ ਕਿਤਨੀ ਵੱਡੀ ਹੈਰਾਨੀਜਨਕ ਰੀਤ ਹੈ :

**ਜਗਤ ਮੈ ਝੂਠੀ ਦੇਖੀ ਪ੍ਰੀਤਿ ॥**

**ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ ॥ ੧ ॥ ਰਹਾਉ ॥**

**ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ ॥**

**ਅੰਤਿ ਕਾਲਿ ਸੰਗੀ ਨਹ ਕੋਊ ਇਹ ਅਸਚਰਜ ਹੈ ਰੀਤਿ ॥**[32]

ਗੁਰੂ ਜੀ ਆਖਦੇ ਹਨ ਕਿ ਚੱਲਣਹਾਰ ਸੰਸਾਰ ਵਿਚ ਕੋਈ ਵੀ ਤੇਰਾ ਸੱਚਾ ਮਿੱਤਰ ਨਹੀਂ ਹੈ। ਸਾਰੇ ਸੰਸਾਰ ਵਿਚ ਸਾਕ ਸੰਬੰਧੀ ਸੁੱਖ ਦੇ ਸਮੇਂ ਸਾਥ ਦਿੰਦੇ ਹਨ ਪਰ ਦੁੱਖ ਦੀ ਘੜੀ ਵਿਚ ਕੋਈ ਨਹੀਂ ਖੜ੍ਹਦਾ ਇੱਥੋਂ ਤੱਕ ਕਿ ਪਤਨੀ, ਮਿੱਤਰ ਪੁੱਤਰ ਅਤੇ ਸੰਬੰਧੀਆਂ ਦਾ ਸੰਬੰਧ ਕੇਵਲ ਤੇਰੇ ਧਨ ਨਾਲ ਹੀ ਹੈ। ਜਦੋਂ ਉਹ ਮਨੁੱਖ ਨੂੰ ਕੰਗਾਲ ਹੋਇਆ ਦੇਖਦੇ ਹਨ ਤਾਂ ਸਾਰੇ ਸਾਥ ਛੱਡ ਜਦੇ ਹਨ। ਹੇ ਅਣਭੋਲ ਮਨ! ਤੂੰ ਕਿਉਂ ਇਨ੍ਹਾਂ ਨਾਲ ਮੋਹ ਪਾਈ ਬੈਠਾ ਹੈਂ। ਅਸਲ ਵਿਚ ਤੇਰੇ ਮਨਦਾ ਡਰ ਦੂਰ ਕਰਨ ਵਾਲਾ ਤਾਂ ਪਰਮਾਤਮਾ ਹੈ। ਜਿਸਦੇ ਜਸ ਨੂੰ ਤਾਂ ਤੂੰ ਆਪਣੇ ਮਨ ਵਿਚੋਂ ਭੁਲਾਈ ਬੈਠਾ ਹੈਂ :

**ਇਹ ਜਗਿ ਮੀਤੁ ਨ ਦੇਖਿਓ ਕੋਈ ॥**

**ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ ॥ ੧ ॥ ਰਹਾਉ ॥**

**ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ ॥**

**ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ ॥**

**ਕਹੰਉ ਕਹਾ ਯਿਆ ਮਨ ਬਉਰੇ ਕਉ ਇਨ ਸਿਉ ਨੇਹੁ ਲਗਾਇਓ ॥**

**ਦੀਨਾ ਨਾਥ ਸਕਲ ਭੈ ਭੰਜਨ ਜਸੁ ਤਾ ਕੋ ਬਿਸਰਾਇਓ ॥**[33]

ਗੁਰੂ ਜੀ ਮੋਹ ਦੇ ਬੰਧਨਾਂ ਵਿਚ ਘਿਰੇ ਮਨੁੱਖ ਨੂੰ ਅਤੇ ਉਸਦੇ ਨਾਲ ਜੁੜੇ ਰਿਸ਼ਤਿਆਂ ਨੂੰ ਝੂਠਾ ਸਿੱਧ ਕਰਦੇ ਹੋਏ ਪਤਨੀ ਦਾ ਦ੍ਰਿਸ਼ਟਾਂਤ ਦਿੰਦੇ ਹਨ ਕਿ ਇਸਤਰੀ ਹਮੇਸ਼ਾ ਹੀ ਆਪਣੇ ਪਤੀ

ਦੇ ਸਮੁੱਚੇ ਜੀਵਨ ਵਿਚ ਅੰਗ-ਸੰਗ ਰਹਿੰਦੀ ਹੈ ਪਰੰਤੂ ਜਦੋਂ ਮਨੁੱਖ ਦੀ ਮੌਤ ਹੋ ਜਾਂਦੀ ਹੈ ਤਾਂ ਫਿਰ ਉਹ ਉਸੇ ਨੂੰ ਹੀ ਭੂਤ-ਪ੍ਰੇਤ ਕਹਿ ਕੇ ਉਸ ਤੋਂ ਦੂਰ ਹੋ ਜਾਂਦੀ ਹੈ :

**ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ ॥**

**ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ ॥**[34]

**ਧਨੁ ਦਾਰਾ ਸੰਪਤਿ ਗ੍ਰੇਹ ॥**

**ਕਛੁ ਸੰਗਿ ਨ ਚਾਲੈ ਸਮਝ ਲੇਹ ॥**[35]

ਗੁਰੂ ਤੇਗ ਬਹਾਦਰ ਜੀ ਮਨੁੱਖ ਨੂੰ ਸੁਚੇਤ ਕਰਦਿਆਂ ਫ਼ਰਮਾਉਂਦੇ ਹਨ ਕਿ ਹੇ ਮਨੁੱਖ! ਤੂੰ ਚੰਗੀ ਤਰ੍ਹਾਂ ਸਮਝ ਲੈ ਕਿ ਇਹ ਸੰਸਾਰੀ ਧਨ ਦੌਲਤ, ਇਸਤਰੀ ਅਤੇ ਜਾਇਦਾਦ ਕੋਈ ਵੀ ਵਸਤੂ ਤੇਰੇ ਅੰਤਲੇ ਸਮੇਂ ਵਿਚ ਸਹਾਈ ਨਹੀਂ ਹੋਣੀ ਅਤੇ ਨਾ ਹੀ ਇਨ੍ਹਾਂ ਨੇ ਤੇਰੇ ਨਾਲ ਜਾਣਾ ਹੈ। ਸਿਰਫ਼ ਪ੍ਰਭੂ ਦਾ ਨਾਮ ਸਿਮਰਨ ਹੀ ਤੇਰਾ ਸਹਾਈ ਹੋਣਾ ਹੈ। ਇਸ ਕਰਕੇ ਤੂੰ ਸੱਚੇ ਪ੍ਰਭੂ ਦਾ ਨਾਮ ਸਿਮਰਨ ਕਰਿਆ ਕਰ।

**3. ਧਨ-ਸੰਪਤੀ ਅਤੇ ਮਹਿਲ ਮਾੜੀਆਂ ਤੋਂ ਬੈਰਾਗ :**

ਮਨੁੱਖ ਸੰਸਾਰ ਵਿਚ ਆ ਕੇ ਪਦਾਰਥਕ, ਧਨ-ਸੰਪਤੀ ਅਤੇ ਮਾਇਆ ਦੇ ਜਾਲ ਵਿਚ ਫਸ ਕੇ ਰਹਿ ਜਾਂਦਾ ਹੈ। ਇਨ੍ਹਾਂ ਨੂੰ ਭੁਲੇਖੇ ਨਾਲ ਆਪਣੀਆਂ ਸਮਝਣ ਲੱਗ ਪੈਂਦਾ ਹੈ। ਜਿਸ ਦੇ ਲਈ ਉਹ ਅਨੇਕਾਂ ਪਾਪ ਕਰਮ ਵੀ ਕਰਦਾ ਹੈ। ਗੁਰੂ ਜੀ ਮਨੁੱਖ ਨੂੰ ਜਾਗਰਿਤ ਕਰਦਿਆਂ ਫ਼ਰਮਾਉਂਦੇ ਹਨ ਕਿ :

**ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ ॥**

**ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ ॥**[36]

ਇਸ ਦੇ ਵਿਪਰੀਤ ਜਦੋਂ ਮਨੁੱਖ ਨੂੰ ਪ੍ਰਭੂ ਦੀ ਮਿਹਰ ਸਦਕਾ ਬ੍ਰਹਮ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਉਸ ਨੂੰ ਆਪਣੇ ਜੀਵਨ ਦੇ ਅਸਲ ਮਕਸਦ ਦਾ ਪਤਾ ਲੱਗ ਜਾਂਦਾ ਹੈ। ਅਜਿਹੇ ਪਦਾਰਥਕ ਅਤੇ ਮਾਨਸਿਕ ਦਵੰਦਾਂ ਤੋਂ ਉੱਪਰ ਉਠ ਹੋਏ ਵਾਸਤਵਿਕ ਬੈਰਾਗੀ ਪੁਰਖ ਦੇ ਲੱਛਣ

ਦੱਸਦੇ ਹੋਏ ਗੁਰੂ ਜੀ ਫ਼ਰਮਾਉਂਦੇ ਹਨ :

**ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥**

**ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥**

**ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥**

**ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥**[37]

ਗੁਰੂ ਸਾਹਿਬ ਦੁਨੀਆਵੀ ਵਸਤੂਆਂ ਦੀ ਵਰਤੋਂ ਦੇ ਵਿਰੁੱਧ ਨਹੀਂ ਹਨ ਸਗੋਂ ਉਨ੍ਹਾਂ ਵਿਚ ਖਚਿੱਤ ਹੋਣ ਦਾ ਪੂਰਨ ਤੌਰ ’ਤੇ ਵਿਰੋਧ ਕਰਦੇ ਹਨ। ਜਿਨ੍ਹਾਂ ਵਿਚ ਲਿਪਤ ਹੋ ਕੇ ਮਨੁੱਖ ਅਨੇਕਾਂ ਤਰ੍ਹਾਂ ਦੇ ਵਿਸ਼ੇ-ਵਿਕਾਰਾਂ ਵਿਚ ਘਿਰ ਜਾਂਦਾ ਹੈ। ਇਸ ਕਰਕੇ ਮਨਮੁਖ ਪ੍ਰਾਣੀ ਨੂੰ ਸੁਚੇਤ ਕਰਦਿਆਂ ਆਪ ਸਿਰਫ਼ ਪਦਾਰਥਕ ਰਸਾਂ ਦੀ ਮਸਤੀ ਨੂੰ ਤਿਆਗਣ ਲਈ ਕਹਿੰਦੇ ਹਨ ਜਿਨ੍ਹਾਂ ਦੀ ਕੋਈ ਸਦੀਵੀ ਕੀਮਤ ਨਹੀਂ। ਇਨ੍ਹਾਂ ਪਦਾਰਥਾਂ ਦਾ ਜੀਵਨ ਵਿਚ ਕੋਈ ਭਰੋਸਾ ਨਹੀਂ ਹੈ। ਇਸ ਲਈ ਜਿਸ ਨੇ ਬੈਰਾਗ ਕੀਤਾ, ਉਸ ਦੇ ਮਨ ਵਿਚ ਪ੍ਰੇਮ-ਪਿਆਰ ਦੀ ਭਾਵਨਾ ਪੈਦਾ ਹੋ ਜਾਂਦੀ ਹੈ ਅਤੇ ਉਹ ਗੁਰੂ ਚਰਨਾਂ ਨਾਲ ਪ੍ਰੀਤ ਕਰਨ ਲਈ ਗੁਰੂ ਸ਼ਰਨ ਦੀ ਭਾਲ ਕਰਦਾ ਹੈ। ਗੁਰੂ ਜੀ ਇਸ ਬੈਰਾਗ ਤੋਂ ਅਨੁਰਾਗ ਕਿਵੇਂ ਪੈਦਾ ਕਰਨਾ ਹੈ, ਦਾ ਮਾਰਗ ਦੱਸਦੇ ਹਨ ਕਿ ਮਨੁੱਖ ਮਾਇਆ ਦੀ ਗੂੜ੍ਹੀ ਨੀਂਦ ਵਿਚ ਸੁੱਤਾ ਪਿਆ ਰਹਿੰਦਾ ਹੈ। ਜਦੋਂ ਜਮਦੂਤ ਦਾ ਡੰਡਾ ਇਸ ਦੇ ਸਿਰ ’ਤੇ ਵਜਦਾ ਹੈ ਉਦੋਂ ਹੀ ਸੁੱਤਾ ਪਿਆ ਜਾਗਦਾ ਹੈ ਅਰਥਾਤ ਮੋਹ-ਮਾਇਆ ਦਾ ਤਿਆਗ ਕਰਦਾ ਹੈ। ਉਸ ਵੇਲੇ ਪਛਤਾਵੇ ਨਾਲ ਕੁਝ ਨਹੀਂ ਸੰਵਰ ਸਕਦਾ ਪਰੰਤੂ ਜਦੋਂ ਮਨੁੱਖ ਆਪਣੀ ਸੱਚੀ ਪ੍ਰੀਤ ਗੁਰੂ ਚਰਨਾਂ ਵਿਚ ਜੋੜ ਲੈਂਦਾ ਹੈ ਤਾਂ ਉਸਦੀ ਜ਼ਿੰਦਗੀ ਸਫ਼ਲ ਹੋ ਜਾਂਦੀ ਹੈ :

**ਜਮ ਕੋ ਡੰਡੁ ਪਰਿਓ ਸਿਰ ਊਪਰਿ ਤਬ ਸੋਵਤ ਤੈ ਜਾਗਿਓ॥**

**ਕਹਾ ਹੋਤ ਅਬ ਕੈ ਪਛੁਤਾਏ ਛੂਟਤ ਨਾਹਿਨ ਭਾਗਿਓ॥**

**ਇਹ ਚਿੰਤਾ ਉਪਜੀ ਘਟ ਮਹਿ ਜਬ ਗੁਰ ਚਰਨਨ ਅਨੁਰਾਗਿਓ॥**

**ਸੁਫਲੁ ਜਨਮੁ ਨਾਨਕ ਤਬ ਹੂਆ ਜਉ ਪ੍ਰਭ ਜਸ ਮਹਿ ਪਾਗਿਓ॥**[38]

ਮਨੁੱਖ ਸਮਾਜਿਕ ਕਰਮ ਕਰਦਾ ਹੋਇਆ ਆਪਣੇ ਮਨ ਨੂੰ ਕਾਬੂ ਵਿਚ ਰੱਖਦਾ ਹੈ। 'ਅਸਲ ਵਿਚ ਇਹ ਬੈਰਾਗ ਗ੍ਰਿਹਸਥ ਜਾਂ ਆਪਣੇ ਕਰਤੱਵਾਂ ਤੋਂ ਬੈਰਾਗ ਨਾ ਹੋ ਕੇ ਮਨ ਦੁਆਰਾ ਮਾਇਆ ਨੂੰ ਤਿਆਗਣ ਵਾਲਾ ਬੈਰਾਗ ਹੈ।'[39] ਗੁਰੂ ਜੀ ਨੇ ਮਨੁੱਖ ਨੂੰ ਦੁਨਿਆਵੀ ਪਦਾਰਥਾਂ ਤੋਂ ਉਪਰਾਮ ਕਰਕੇ ਭਜਾਇਆ ਨਹੀਂ, ਸਗੋਂ ਗੁਰੂ ਚਰਨੀ ਚਿੱਤ ਲਾਇਆ ਹੈ। ਇਹ ਬੈਰਾਗ ਉਪਜਾਉਣ ਤੇ ਫਿਰ ਗੁਰੂ ਚਰਨੀਂ ਚਿਤ ਲਗਾਉਣ ਦਾ ਰਾਹ ਦੱਸਿਆ ਹੈ ਕਿ ਨਾਮ ਜਪਿਆ ਜਾਵੇ :

**ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ॥**

**ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥**[40]

ਸੱਚੇ ਪ੍ਰਭੂ ਦੀ ਭਗਤੀ ਅਤੇ ਨਾਮ-ਸਿਮਰਨ ਕਰਨ ਨਾਲ ਮਨੁੱਖ ਮਾਇਆਵੀ ਜੰਜਾਲ ਅਤੇ ਸੰਕਟਕਾਲੀਨ ਸਥਿਤੀਆਂ ਤੋਂ ਮੁਕਤ ਹੋ ਜਾਂਦਾ ਹੈ। ਉਸ ਦੇ ਅਨੇਕਾਂ ਪ੍ਰਕਾਰ ਦੇ ਭਰਮ-ਭੁਲੇਖੇ ਅਤੇ ਸ਼ੰਕੇ ਆਦਿ ਦੂਰ ਹੋ ਜਾਂਦੇ ਹਨ। ਉਹ ਮਾਨਸਿਕ ਤੌਰ 'ਤੇ ਸਭ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ। ਇਸ ਪ੍ਰਕਾਰ 'ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਆਜ਼ਾਦ ਮਨੁੱਖ ਦੀ ਸਿਰਜਣਾ ਕਰਦੀ ਹੈ। ਮਨੁੱਖ ਦੇ ਸਿਰੋਂ ਪੈਸੇ ਦੀ ਸਰਦਾਰੀ ਨੂੰ, ਮਨੁੱਖ ਦੇ ਦਵਾਲਿਉਂ ਮਾਇਆ ਦੇ ਬੰਧਨ ਨੂੰ ਤੋੜਦੀ ਹੈ।'[41] ਉਸ ਨੂੰ ਨਵਜੀਵਨ ਦਾ ਅਹਿਸਾਸ ਕਰਵਾਉਂਦੀ ਹੈ ਜਿੱਥੇ ਉਹ ਆਪਣੇ ਆਪ ਨੂੰ ਸ਼ਕਤੀਸ਼ਾਲੀ ਸਮਝਦਾ ਹੈ ਅਤੇ ਨਿਰਭੈਤਾ ਨਾਲ ਕਲਿਆਣਕਾਰੀ ਕਾਰਜ ਕਰਦਾ ਹੈ।

**4. ਮਨੁੱਖੀ ਸਰੀਰ ਅਤੇ ਜੀਵਨ ਤੋਂ ਬੈਰਾਗ :**

ਮਾਇਆ ਦੇ ਪ੍ਰਭਾਵ ਕਰਕੇ ਮਨੁੱਖ ਇਸ ਸੰਸਾਰ ਦੀਆਂ ਰੰਗੀਨੀਆਂ ਵਿਚ ਗੁੰਮ ਹੋਇਆ ਆਪਣੇ ਸਰੀਰ ਉੱਤੇ ਝੂਠਾ ਹੀ ਮਾਣ ਕਰਨ ਲੱਗ ਪੈਂਦਾ ਹੈ। ਇਸ ਨੂੰ ਸਜਾਉਣ ਵਿਚ ਹਮੇਸ਼ਾ ਲੱਗਿਆ ਰਹਿੰਦਾ ਹੈ। ਇਸ ਸਥਿਤੀ ਵਿਚ ਉਹ ਇਹ ਵੀ ਭੁੱਲ ਜਾਂਦਾ ਹੈ ਕਿ ਉਸਨੇ ਵੀ ਇਕ ਦਿਨ ਮਰ-ਮੁੱਕ ਜਾਣਾ ਹੈ। ਉਸਦੇ ਸਰੀਰ ਨੇ ਵੀ ਮਿੱਟੀ ਦੀ ਢੇਰੀ ਬਣ ਜਾਣਾ ਹੈ। ਗੁਰੂ ਜੀ ਇਸ ਨਾਸ਼ਵਾਨ ਸਰੀਰ ਪ੍ਰਤੀ ਮਨੁੱਖ ਨੂੰ ਸੋਝੀ ਕਰਵਾ ਕੇ ਝੂਠੇ ਸਰੀਰ ਅਤੇ ਜੀਵਨ ਦਾ ਮਾਣ ਤਿਆਗ ਕੇ ਬੈਰਾਗ ਧਾਰਨ ਦਾ ਉਪਦੇਸ਼ ਦਿੰਦੇ ਹਨ ਕਿ ਪਤਾ ਨਹੀਂ ਕਦੋਂ ਮੌਤ ਨੇ ਆ ਕੇ ਉਸਦੇ ਸਰੀਰ ਨੂੰ

ਦਬੋਚ ਲੈਣਾ ਹੈ। ਜਿਵੇਂ ਇਹ ਮਨੁੱਖੀ ਸਰੀਰ ਦੀ ਉਤਪਤੀ ਹੋਈ ਹੈ ਉਸੇ ਤਰ੍ਹਾਂ ਹੀ ਇਸਨੇ ਖ਼ਤਮ ਹੋ ਜਾਣਾ ਹੈ :

**ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥**

**ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥ ੧ ॥ ਰਹਾਉ ॥**[42]

ਜਿਸ ਸਰੀਰ ਦੀ ਪਾਲਣਾ ਲਈ ਮਨੁੱਖ ਯਤਨਸ਼ੀਲ ਰਹਿੰਦਾ ਹੈ, ਸਮੇਂ ਨਾਲ ਉਸ ਦੀ ਦੁਰਬਲਤਾ ਹੀ ਉਸ ਲਈ ਦੁੱਖਦਾਈ ਬਣ ਜਾਂਦੀ ਹੈ। ਡਾ. ਮਹਿੰਦਰ ਕੌਰ ਗਿਲ ਲਿਖਦੇ ਹਨ ਕਿ ਪੁਰਾਣਾਂ ਦੇ ਹਵਾਲੇ ਵੀ ਗੁਰੂ ਜੀ ਨੇ ਉਹ ਦਿਤੇ ਹਨ ਜਿਨ੍ਹਾਂ ਤੋਂ ਪਤਾ ਲਗੇ ਕਿ ਤਨ ਦਾ ਜ਼ੋਰ ਕੁਝ ਨਹੀਂ, ਮਨ ਦੀ ਇਕਾਗਰਤਾ ਤੇ ਦ੍ਰਿੜ੍ਹਤਾ ਹੀ ਸੰਕਟ ਨਿਵਾਰ ਸਕਦੀ ਹੈ।[43] ਮਨੁੱਖ ਬੈਰਾਗਵਾਨ ਹੋ ਕੇ ਆਪਣੇ ਆਪ ਨੂੰ ਇਕਾਗਰ ਕਰਕੇ ਆਪਣੇ ਆਤਮ ਤੇ ਪਰਮਾਤਮ ਨੂੰ ਪਛਾਣਦਾ ਹੈ :

**ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥**

**ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ ॥**[44]

ਇਸ ਲਈ ਆਪ ਜੀ ਨੇ ਬਾਣੀ ਵਿਚ ਫ਼ਰਮਾਇਆ ਹੈ ਕਿ ਹੇ ਮਨੁੱਖ! ਤੇਰਾ ਇਹ ਸਰੀਰ ਝੂਠਾ ਹੈ। ਇਸਨੇ ਇਕ ਦਿਨ ਮੁੱਕ ਜਾਣਾ ਹੈ। ਸਿਰਫ਼ ਉਸੇ ਸੱਚੇ ਪ੍ਰਭੂ ਦੀ ਪਛਾਣ ਕਰ ਜੋ ਤੇਰੇ ਹਿਰਦੇ ਵਿਚ ਵਸਦਾ ਹੈ :

**ਸਾਧੋ ਇਹੁ ਤਨੁ ਮਿਥਿਆ ਜਾਨਉ ॥**

**ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥੧ ॥ ਰਹਾਉ ॥**[45]

ਗੁਰੂ ਤੇਗ ਬਹਾਦਰ ਜੀ ਮਨੁੱਖੀ ਸਰੀਰ ਅਤੇ ਜੀਵਨ ਦੀ ਅਹਿਮੀਅਤ ਬਾਰੇ ਮਨੁੱਖ ਨੂੰ ਗਿਆਨ ਪ੍ਰਦਾਨ ਕੀਤਾ ਕਿ ਉਹ ਆਪਣੇ ਸਰੀਰ ਨੂੰ ਤਿਆਗੀ ਬੈਰਾਗੀ ਬਣ ਕੇ ਐਵੇਂ ਹੀ ਨਾ ਰੋਲੇ। ਉਸ ਨੂੰ ਕਠਨ ਜਪ ਤਪ ਕਰਨ ਦੀ ਜ਼ਰੂਰਤ ਨਹੀਂ ਹੈ। ਉਹ ਸਹਿਜਤਾ ਧਾਰਨ ਕਰਦਾ ਹੋਇਆ ਇਸ ਦ੍ਰਿਸ਼ਟਮਾਨ ਪਰੰਤੂ ਨਾਸ਼ਵਾਨ ਜਗਤ ਵਿਚ ਕੰਮ-ਕਾਜ ਕਰਦਾ ਹੋਇਆ ਪਰਮਾਤਮਾ ਨਾਲ ਜੁੜਿਆ ਰਹੇ, ਮੋਹ-ਮਾਇਆ ਨਾਲ ਮੋਹ ਨਾ ਪਾਵੇ, ਨਾਮ ਰੂਪੀ ਸਾਧਨਾ ਕਰਦਿਆਂ ਉਹ

ਜੀਵਨ-ਮੁਕਤ ਪਦ ਨੂੰ ਪ੍ਰਾਪਤ ਕਰੇ। ਗੁਰੂ ਸਾਹਿਬ ਦੇ ਸਮਕਾਲ ਵਿਚ 'ਸਮੇਂ ਦੇ ਹਾਲਾਤ ਨੂੰ ਵੇਖ ਕੇ ਕੁਰਬਾਨੀ ਦੀ ਲਗਨ ਪੈਦਾ ਕਰਨ ਲਈ ਇਹ ਜ਼ਰੂਰੀ ਸੀ ਕਿ ਸੰਸਾਰੀ ਮੋਹ ਛੱਡਿਆ ਜਾਵੇ, ਇਸ ਸਰੀਰ ਨੂੰ ਮਿੱਥਿਆ ਸਮਝ ਕੇ ਇਸ ਦੀ ਪਕੜ ਘਟ ਕੀਤੀ ਜਾਵੇ, ਅਜੇਹੇ ਉਦੇਸ਼ ਦੀ ਪੂਰਤੀ ਲਈ ਵੈਰਾਗ ਤਿਆਗ ਦਾ ਉਪਦੇਸ਼ ਦਿਤਾ ਜਾਵੇ ਤਾਂ ਕਿ ਸਿੱਖ ਉਚ ਆਦਰਸ਼ਾਂ ਖਾਤਰ ਆਪਣਾ ਸਭ ਕੁਝ ਨਿਛਾਵਰ ਕਰਨ ਲਈ ਤਤਪਰ ਹੋ ਜਾਣ।'[46] ਇਸ ਲਈ ਆਪ ਜੀ ਦੀ ਬੈਰਾਗ ਭਾਵਨਾ ਦੀ ਸੀਮਾ ਵਿਸ਼ਾਲ ਹੈ। ਧਨ-ਸੰਪਤੀ, ਸਾਕ-ਸੰਬੰਧੀਆਂ ਅਤੇ ਪਦਾਰਥਾਂ ਪ੍ਰਤੀ ਬੈਰਾਗ ਤੋਂ ਇਲਾਵਾ ਗੁਰੂ ਸਾਹਿਬ ਆਪਣੇ ਵਿਅਕਤੀਤਵ ਅਤੇ ਆਪਣੇ ਤਨ ਪ੍ਰਤੀ ਮੋਹ ਅਤੇ ਹੰਕਾਰ ਤੋਂ ਮੁਕਤ ਰਹਿਣ ਦੀ ਪ੍ਰੇਰਣਾ ਦਿੰਦੇ ਹਨ। ਮਨੁੱਖੀ ਸਰੀਰ ਦੀ ਅਸਥਿਰਤਾ ਬਾਰੇ ਆਪ ਜੀ ਦੀ ਬਾਣੀ ਵਿਚ ਕਈ ਥਾਂ ਤੇ ਵਰਣਨ ਮਿਲਦਾ ਹੈ :

**ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ॥**
**ਇਨ ਮੈਂ ਕਛੁ ਤੇਰੋ ਰੇ ਨਾਹਨਿ ਦੇਖੋ ਸੋਚ ਬਿਚਾਰੀ॥**[47]

**ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ॥**
**ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤਿ॥**[48]

**5. ਮੌਤ, ਜਮ ਅਤੇ ਬੁਢਾਪੇ ਦੇ ਡਰ ਰਾਹੀਂ ਬੈਰਾਗ :**

ਮਨੁੱਖੀ ਮਨ ਵਿਚ ਬੈਰਾਗ ਭਾਵਨਾ ਪੈਦਾ ਕਰਨ ਲਈ ਗੁਰੂ ਤੇਗ਼ ਬਹਾਦਰ ਜੀ ਨੇ ਮਨੁੱਖ ਨੂੰ ਮੌਤ, ਜਮ ਅਤੇ ਬੁਢਾਪੇ ਦੀ ਭਿਆਨਕ ਸਥਿਤੀ ਦਾ ਡਰ ਵੀ ਦਿੱਤਾ ਹੈ। ਜਿਸ ਦੇ ਨਾਲ ਉਸਦੇ ਕੂੜੇ ਮਨ ਨੂੰ ਪ੍ਰੇਰਿਆ ਜਾ ਸਕਦਾ ਹੈ। ਉਹ ਸੱਚੇ ਪ੍ਰਭੂ ਦੀ ਭਗਤੀ ਤੋਂ ਵਿਮੁੱਖ ਹੋਇਆ ਸੰਸਾਰਕ ਕਾਰ-ਵਿਹਾਰ ਦੇ ਚੱਕਰਾਂ ਵਿਚ ਫਸਿਆ ਹੋਇਆ ਹੈ। ਉਸਨੂੰ ਪ੍ਰਭੂ ਦਾ ਸਿਮਰਨ ਯਾਦ ਨਹੀਂ ਹੈ ਪਰੰਤੂ ਗੁਰੂ ਜੀ ਮਨੁੱਖੀ ਮਨ ਨੂੰ ਹਲੂਣਾ ਦੇ ਕੇ ਜਗਾਉਂਦੇ ਹੋਏ ਦਲੀਲ ਰਾਹੀਂ ਉਸਦੀ ਮੌਤ ਦਾ ਡਰ ਦੂਰ ਕਰਦੇ ਹਨ :

**ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥**

**ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥**[49]

ਇਸ ਨਾਸ਼ਵਾਨ ਸੰਸਾਰ ਵਿਚ ਸਥਿਰ ਕੁਝ ਵੀ ਨਹੀਂ ਹੈ। ਸਭ ਕੁਝ ਪਰਿਵਰਤਨਸ਼ੀਲ ਹੈ। ਜੋ ਜੰਮਦਾ ਹੈ ਉਹ ਇਕ ਦਿਨ ਜ਼ਰੂਰ ਮਰਦਾ ਹੈ ਮੌਤ ਵੀ ਅਟੱਲ ਸੱਚਾਈ ਹੈ ਅਤੇ ਪ੍ਰਭੂ ਦਾ ਨਾਮ ਹੀ ਹਮੇਸ਼ਾ ਰਹਿਣ ਵਾਲਾ ਹੈ। ਵੈਰਾਗ ਉਪਜਾਉਣ ਦਾ ਸਭ ਤੋਂ ਸੌਖਾ ਢੰਗ ਮੌਤ ਦੀ ਯਾਦ ਹੈ। ਦੂਸਰਿਆਂ ਦੀ ਮੌਤ ਦੇਖ-ਸੁਣ ਕੇ ਸਾਨੂੰ ਆਪਣੀ ਮੌਤ ਯਾਦ ਆ ਜਾਂਦੀ ਹੈ।[50] ਇਸਦੇ ਨਾਲ ਹੀ ਮਨੁੱਖ ਨੂੰ ਨਿਰਭੈ ਅਤੇ ਬਲਵਾਨ ਯੋਧਾ ਬਣਾਉਣ ਦਾ ਉਪਦੇਸ਼ ਦਿੱਤਾ ਹੈ। ਮਨੁੱਖ ਦੇ ਮਨ ਵਿਚ ਦੋ ਵਿਰੋਧੀ ਭਾਵ ਮੌਜੂਦ ਰਹਿੰਦੇ ਹਨ। ਜੇਕਰ ਮਨ ਭੈਅ ਦੀ ਅਵਸਥਾ ਵਿਚ ਹੈ ਤਾਂ ਮਨੁੱਖ ਮੌਤ ਤੋਂ ਡਰਦਾ ਰਹਿੰਦਾ ਹੈ। ਪਰੰਤੂ ਜੇਕਰ ਇਹ ਸੁੱਖ ਦੀ ਅਵਸਥਾ ਵਿਚ ਹੋਵੇ ਤਾਂ ਉਹ ਮੌਤ ਦਾ ਡਰ ਭੁਲ ਜਾਂਦਾ ਹੈ। ਮੌਤ ਤੋਂ ਡਰਨ ਵਾਲਾ ਵਿਅਕਤੀ ਸਮਾਜ ਦਾ ਸੰਕਟ ਦੂਰ ਨਹੀਂ ਕਰ ਸਕਦਾ। ਸੁਖ ਵਿਚ ਲਿਪਤ ਹੋ ਕੇ ਮੌਤ ਨੂੰ ਭੁਲਣ ਵਾਲਾ ਵਿਅਕਤੀ ਵੀ ਸਮਾਜ ਦਾ ਕੋਈ ਠੋਸ ਕਲਿਆਣ ਨਹੀਂ ਕਰ ਸਕਦਾ। ਗੁਰੂ ਸਾਹਿਬ ਦੀ ਬਾਣੀ ਇਨ੍ਹਾਂ ਦੋਨਾਂ ਭਾਵਾਂ ਦਾ ਨਾਸ਼ ਕਰਦੀ ਹੈ। ਵਿਸ਼ੇ-ਵਿਕਾਰਾਂ ਵਿਚ ਫਸੇ ਮਨੁੱਖ ਨੂੰ ਹੰਕਾਰ ਤੇ 'ਮੈਂ, ਮੇਰੀ' ਛੱਡ ਕੇ ਪ੍ਰਮਾਤਮਾ ਦੇ ਹੁਕਮ ਵਿਚ ਜੀਵਨ ਬਤੀਤ ਕਰਨਾ ਚਾਹੀਦਾ ਹੈ। ਗੁਰੂ ਜੀ ਫ਼ਰਮਾਉਂਦੇ ਹਨ :

**ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ ॥**

**ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ ॥**

**ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ ॥ ੧ ॥ ਰਹਾਉ ॥**[51]

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਆਪਣੇ ਸਮੇਂ ਦੀ ਪਰਧਾਨ ਸਮੱਸਿਆ, ਮੌਤ ਨੂੰ ਸਿੱਧਾ ਹੱਥ ਪਾ ਕੇ ਇਸ ਨੂੰ ਬੌਧਿਕ ਪੱਧਰ ਉੱਤੇ ਨਿਖਾਰਦੀ ਤੇ ਲੋਕਾਂ ਦੀ ਝੋਲੀ ਪਾਉਂਦੀ ਹੈ ਤਾਂ ਕਿ ਉਨ੍ਹਾਂ ਦਾ ਭਾਵੁਕ ਪ੍ਰਤਿਕਰਮ ਗੰਭੀਰ ਹੋਵੇ, ਉਪਭਾਵਕ ਪਰਕਾਰ ਦਾ ਨਹੀਂ।[52] ਗੁਰੂ ਸਾਹਿਬ ਕਹਿੰਦੇ ਹਨ ਕਿ ਬੁਢਾਪਾ ਮੌਤ ਦਾ ਕਾਸਦ ਹੈ। ਜਦ ਗੁਰੂ ਸਾਹਿਬ ਜਵਾਨੀ ਦੇ ਬੀਤ ਜਾਣ ਤੇ ਬੁਢਾਪੇ ਦਾ ਸਿਰ

ਉੱਤੇ ਆ ਮੰਡਰਾਉਣ ਦਾ ਵਰਣਨ ਕਰਦੇ ਹਨ ਤਾਂ ਬੀਤੇ ਸੁੱਖਾਂ ਲਈ ਹਉਕਾ ਭਰਨ ਦੀ ਪ੍ਰੇਰਨਾ ਨਹੀਂ ਦਿੰਦੇ, ਸਗੋਂ ਆਉਣ ਵਾਲੇ ਦੁੱਖਾਂ ਤੋਂ ਬਚਣ ਲਈ ਸੋਚਾਂ ਉਕਸਾਉਂਦੇ ਹਨ। ਉਨ੍ਹਾਂ ਦੀ ਨਜ਼ਰ ਪਿੱਛੇ ਵਲ ਨਹੀਂ, ਸਗੋਂ ਅੱਗੇ ਵਲ ਹੈ।[53] ਗੁਰਫ਼ਰਮਾਨ ਹੈ :

**ਤਰਨਾਪੋ ਇਉ ਹੀ ਗਇਓ ਲੀਓ  ਜਰਾ ਤਨੁ ਜੀਤਿ ॥**

**ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ ॥**[54]

**ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ ॥**

**ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ ॥**[55]

**ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ ॥**

**ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ ॥**[56]

ਇਸ ਪ੍ਰਕਾਰ 'ਗੁਰੂ ਤੇਗ ਬਹਾਦਰ ਜੀ ਦਾ ਮੌਤ, ਬੁਢਾਪਾ, ਸਮੇਂ ਦਾ ਵਹਿਣ ਆਦਿਕ ਵਿਸ਼ਿਆਂ ਨੂੰ ਵਰਣਨ ਕਰਨ ਦਾ ਇਕੋ ਮੰਤਵ ਹੈ ਕਿ ਮਨੁੱਖ ਵਿਚ ਗੁਨਾਹਾਂ ਭਰੇ ਜੀਵਨ ਤੋਂ ਉਪਰਾਮਤਾ, ਉਦਾਸੀ ਤੇ ਵੈਰਾਗ ਪੈਦਾ ਕਰਕੇ ਨਾਮ-ਸਿਮਰਨ ਦੀ ਪ੍ਰੇਰਣਾ ਦੇਣਾ ਹੈ।[57] ਇਸ ਨਾਲ ਉਸਦਾ ਮਨ ਇਕਾਗਰ ਹੁੰਦਾ ਹੈ। ਉਸਦੀ ਸੁਰਤ ਪ੍ਰਭੂ ਦੇ ਨਾਲ ਜੁੜ ਜਾਂਦੀ ਹੈ ਅਤੇ ਮਨੁੱਖ ਬੈਰਾਗੀ ਹੋ ਕੇ ਨਿਰਬਾਨ ਪਦ ਨੂੰ ਪ੍ਰਾਪਤ ਕਰ ਲੈਂਦਾ ਹੈ।

**6. ਅਖੌਤੀ ਕਰਮ-ਕਾਂਡਾਂ ਅਤੇ ਵਿਕਾਰੀ ਮਨੋਬਿਰਤੀਆਂ ਤੋਂ ਬੈਰਾਗ :**

ਗੁਰੂ ਤੇਗ ਬਹਾਦਰ ਜੀ ਨੇ ਮਨੁੱਖੀ ਮਨ ਵਿਚ ਬੈਰਾਗ ਭਾਵ ਉਤਪੰਨ ਕਰਨ ਲਈ ਮਨੁੱਖ ਨੂੰ ਅਖੌਤੀ ਕਿਸਮ ਦੇ ਕਰਮ-ਕਾਂਡਾਂ ਤੋਂ ਦੂਰ ਰਹਿਣ ਦੀ ਤਾਕੀਦ ਕੀਤੀ ਹੈ। ਉਸਦੀ ਚੇਤਨਾ ਦੇ ਵਿਕਾਸ ਲਈ ਸਤਿ, ਸਹਿਜ, ਸੰਤੋਖ ਅਤੇ ਈਮਾਨਦਾਰੀ ਜਿਹੇ ਵਿਸ਼ੇਸ਼ ਗੁਣਾਂ ਦਾ ਜ਼ਿਕਰ ਕੀਤਾ ਹੈ। ਬਾਹਰੀ ਅਡੰਬਰਾਂ ਅਤੇ ਫੋਕਟ ਕਰਮ-ਕਾਂਡਾਂ ਦੀ ਨਿਖੇਧੀ ਕਰਕੇ ਮਨੁੱਖ ਨੂੰ ਸਤਿ (ਨਾਮ ਸਿਮਰਨ) ਧਰਮ ਦੇ ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੱਤਾ :

**ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥**

**ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥**[58]

ਇਸ ਤੋਂ ਇਲਾਵਾ ਮਨੁੱਖ ਨੂੰ ਵਿਸ਼ੇ-ਵਿਕਾਰਾਂ ਤੋਂ ਛੁਟਕਾਰਾ ਪਾ ਕੇ ਮਨ ਨੂੰ ਪਵਿੱਤਰ ਬਣਾਉਣ ਲਈ ਬਚਨ ਕੀਤਾ ਜਿੱਥੇ ਪ੍ਰਭੂ ਆਪ ਵਸਦਾ ਹੈ। ਇਸ ਲਈ ਬੈਰਾਗ ਦੀ ਪ੍ਰਾਪਤੀ ਮਨੁੱਖ ਦੇ ਲਈ ਪਹਿਲਾਂ ਹਉਮੈ, ਅਭਿਮਾਨ ਦਾ ਤਿਆਗ ਕਰਨਾ ਜ਼ਰੂਰੀ ਹੈ ਫਿਰ ਉਸਨੂੰ ਆਤਮ ਅਤੇ ਪਰਮਾਤਮ ਦੀ ਪਛਾਣ ਹੁੰਦੀ ਹੈ :

**ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥**

**ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥**[59]

ਇਸਦੇ ਨਾਲ ਬੈਰਾਗ ਦੀ ਪ੍ਰਾਪਤੀ ਲਈ ਮਾਇਆ ਦਾ ਤਿਆਗ ਵੀ ਕਰਨਾ ਹੈ। ਮਾਇਆ ਮਨੁੱਖ ਨੂੰ ਅੰਨ੍ਹਾ ਕਰ ਦਿੰਦੀ ਹੈ। ਉਹ ਲਾਲਚ ਵਸ ਹੋ ਕੇ ਸਤਿ-ਝੂਠ, ਗ਼ਲਤ-ਠੀਕ ਦੀ ਪਹਿਚਾਣ ਨਹੀਂ ਕਰ ਸਕਦਾ। ਉਹ ਭੁਲੇਖਿਆਂ ਦਾ ਸ਼ਿਕਾਰ ਹੋ ਕੇ ਰਹਿ ਜਾਂਦਾ ਹੈ। ਇਹੀ ਉਸਦੇ ਮਾਨਸਿਕ ਦਵੰਦ ਦਾ ਕਾਰਨ ਬਣਦਾ ਹੈ। ਗੁਰਵਾਕ ਹੈ :

**ਭੂਲਿਓ ਮਨੁ ਮਾਇਆ ਉਰਝਾਇਓ ॥**

**ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ॥**[60]

ਅਸਲ ਬੈਰਾਗ ਝੂਠੇ ਮਾਨ-ਅਭਿਮਾਨ ਦਾ ਤਿਆਗ ਕਰਨਾ ਹੈ ਭਾਵ ਮਨੁੱਖ ਆਪਣੇ ਮਨ ਨੂੰ ਕਾਬੂ ਵਿਚ ਰੱਖ ਕੇ ਸਹਿਜ ਅਵਸਥਾ ਵਿਚ ਅਤੇ ਪ੍ਰਮਾਤਮਾ ਦੀ ਰਜਾ ਵਿਚ ਰਹਿ ਕੇ ਉਸਦੇ ਨਾਮ ਦਾ ਹੀ ਸਭ ਤੋਂ ਵੱਡਾ ਸਹਾਰਾ ਲੈਂਦਾ ਹੈ :

**ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥**

**ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥**[61]

**ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ।**

**ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥**[62]

**ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥**

**ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ ॥**[63]

ਇਸ ਤੋਂ ਇਲਾਵਾ ਗੁਰੂ ਸਾਹਿਬ ਮਨੁੱਖ ਨੂੰ ਸੱਚੇ ਬੈਰਾਗੀ ਦੀ ਪਛਾਣ ਦੱਸਦਿਆਂ ਫ਼ਰਮਾਉਂਦੇ ਹਨ ਕਿ ਹੇ ਭਾਈ! ਸਜਿਹੜਾ ਮਨੁੱਖ ਦੁੱਖਾਂ ਵਿਚ ਡੋਲਦਾ ਨਹੀਂ ਅਤੇ ਕਿਸੇ ਕਿਸਮ ਦੇ ਸੁੱਖਾਂ ਵਿਚ ਮੋਹ ਨਹੀਂ ਕਰਦਾ ਉਸਦੇ ਹਿਰਦੇ ਵਿਚ ਡਰ ਭੈ ਨਹੀਂ, ਜਿਹੜਾ ਸੋਨੇ ਨੂੰ ਮਿੱਟੀ ਦੇ ਬਾਬਰ ਸਮਝਦਾ ਹੈ। ਉਸਦੇ ਹਿਰਦੇ ਵਿਚ ਪਰਮਾਤਮਾ ਦਾ ਵਾਸਾ ਹੋ ਜਾਂਦਾ ਹੈ। ਜਿਸ ਮਨੁੱਖ ਦੇ ਅਦਰ ਕਿਸੇ ਕਿਸਮ ਦੀ ਬੁਰਾਈ ਨਹੀਂ ਕਿਸੇ ਦੀ ਖ਼ੁਸ਼ਾਮਦ ਨਹੀਂ, ਨਾ ਲੋਭ, ਮੋਹ ਅਤੇ ਹੰਕਾਰ ਹੈ, ਜੋ ਖ਼ੁਸ਼ੀ-ਗ਼ਮੀ ਤੋਂ ਨਿਰਲੇਪ ਹੈ, ਜਿਸ ਨੂੰ ਨਾ ਆਦਰ, ਨਿਰਾਦਰ ਪੋਂਹਦਾ ਹੈ। ਉਸਦੇ ਹਿਰਦੇ ਵਿਚ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ ਜਿਹੜਾ ਮਨੁੱਖ ਆਸਾਂ ਉਮੀਦਾਂ ਦਾ ਤਿਆਗ ਕਰ ਦਿੰਦਾ ਹੈ, ਸੰਸਾਰ ਤੋਂ ਨਿਰਮੋਹ ਰਹਿੰਦਾ ਹੈ, ਜਿਸਨੂੰ ਕਾਮ-ਵਾਸਨਾ ਤੇ ਕਰੋਧ ਨਹੀਂ ਛੂਹ ਸਕਦਾ, ਉਸ ਮਨੁੱਖ ਦੇ ਮਨ ਵਿਚ ਪਰਮਾਤਮਾ ਦਾ ਵਾਸਾ ਹੋ ਜਾਂਦਾ ਹੈ। ਪਰੰਤੂ ਹੇ ਨਾਨਕ! ਜਿਸ ਮਨੁੱਖ ਉੱਤੇ ਗੁਰੂ ਨੇ ਮਿਹਰ ਕੀਤੀ ਉਸੇ ਨੇ ਹੀ ਇਹ ਜਾਚ ਸਮਝੀ ਹੈ। ਉਹ ਮਨੁੱਖ ਪਰਮਾਤਮਾ ਦੇ ਨਾਲ ਇਸ ਪ੍ਰਕਾਰ ਇਕ-ਮਿਕ ਹੋ ਜਾਂਦਾ ਹੈ ਜਿਸ ਤਰ੍ਹਾਂ ਪਾਣੀ ਦੇ ਪਾਣੀ ਮਿਲ ਜਾਂਦਾ ਹੈ :

**ਜੋ ਨਰੁ ਦੁਖ ਮੈਂ ਦੁਖੁ ਨਹੀਂ ਮਾਨੈ ॥**

**ਸੁਖ ਸਨੇਹੁ ਅਰੁ ਭੈ ਨਹੀਂ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ ॥**

**ਨਹ ਨਿੰਦਿਆ ਨਹ ਉਸਤਤਿ ਜਾ ਕੈ ਲੱਭੁ ਮੋਹੁ ਅਭਿਮਾਨਾ ॥**

**ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥**

**ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥**

**ਕਾਮ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮ ਨਿਵਾਸਾ ॥**

**ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥**

**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥**[64]

ਗੁਰੂ ਤੇਗ ਬਹਾਦਰ ਜੀ ਬੈਰਾਗ ਬਾਰੇ ਇਕ ਆਦਰਸ਼ਵਾਦੀ ਦ੍ਰਿਸ਼ਟੀਕੋਣ ਪੇਸ਼ ਕਰਦੇ ਹਨ। ਉਹ ਇਹ ਹੈ ਕਿ ਮਨੁੱਖ ਨੇ ਅਪਵਿੱਤਰਤਾ ਵਿਚ ਵੀ ਪਵਿੱਤਰ ਰਹਿਣਾ ਹੈ ਇਹ ਸੰਸਾਰਕ ਜੀਵਨ ਵਿਚ ਜੋ ਕੁਝ ਵੀ ਅਪਵਿੱਤਰ ਹੈ ਉਸ ਵਿਚ ਮਲੀਨ ਨਾ ਹੋ ਕੇ ਜ਼ਿੰਦਗੀ ਗੁਜ਼ਾਰਨ ਦਾ ਤਰੀਕਾ ਬੈਰਾਗ ਹੈ। ਇਹ ਬੈਰਾਗ ਖ਼ੁਦ ਨੂੰ ਉੱਚਿਆਉਣ ਦਾ ਸਾਧਨ ਹੈ। ਸਰਬੱਤ ਦੇ ਭਲੇ ਲਈ ਆਪਣੇ ਆਪ ਨੂੰ ਕੁਰਬਾਨ ਕਰਨਾ ਹੈ। ਇਸ ਬੈਰਾਗ ਭਾਵਨਾ ਨੂੰ ਉਨ੍ਹਾਂ ਨੇ ਇਸ ਤਰ੍ਹਾਂ ਪ੍ਰਸਤੁਤ ਕੀਤਾ ਹੈ :

**ਸਾਧੋ ਮਨ ਕਾ ਮਾਨੁ ਤਿਆਗਉ ॥**

**ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥ ੧ ॥ ਰਹਾਉ ॥**

**ਸੁਖ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥**

**ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥**

**ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥**

**ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥**[65]

ਬੈਰਾਗ ਭਾਵਨਾ ਦੇ ਇਸ ਸੰਦਰਭ ਵਿਚ ਸੰਸਾਰ ਦੀ ਰਮਣੀਕਤਾ, ਇੰਦਰੀ ਭੋਗਾਂ ਦੀ ਅਮਿੱਟ ਲਾਲਸਾ ਅਤੇ ਮੋਹ-ਮਾਇਆ ਦੇ ਪਿੱਛੇ ਭਟਕਦੇ ਹੋਣਾ ਮਨੁੱਖ ਦਾ ਇਹ ਦ੍ਰਿਸ਼ ਸੱਚਾ ਹੈ :

**ਮਾਈ ਮਨੁ ਮੇਰੋ ਬਸਿ ਨਾਹਿ ॥**

**ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ ॥ ੧ ॥ ਰਹਾਉ ॥**

**ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ ਨਿਮਖ ਨ ਹੀਏ ਬਸਾਵੈ ॥**

**ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ ॥**

**ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ ॥**

**ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ ॥**

**ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ॥**

**ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ ॥**[66]

ਗੁਰੂ ਜੀ ਦੀ ਬਾਣੀ ਵਿਚ ਸੰਸਾਰੀ ਜੀਵਨ ਦੇ ਆਮ ਤਰੀਕੇ ਨੂੰ ਮਾਇਆ ਦਾ ਜੀਵਨ ਮੰਨ ਕੇ ਇਸ ਤੋਂ ਉਪਰਾਮਤਾ ਪੈਦਾ ਕਰਨ ਦਾ ਸੁਚੇਤ ਤੇ ਪ੍ਰਤੱਖ ਜਤਨ ਹੈ।[67] ਇਸ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਜੀ ਮਨੁੱਖ ਨੂੰ ਮੋਹ-ਮਾਇਆ ਦੇ ਜਾਲ ਤੋਂ ਮੁਕਤ ਕਰਵਾ ਕੇ ਇਕ ਨਵੀਨ ਤੇ ਸ਼ਕਤੀਸ਼ਾਲੀ ਮਨੁੱਖ ਦੀ ਸਿਰਜਨਾ ਕਰਨੀ ਚਾਹੁੰਦੇ ਹਨ ਪਰੰਤੂ ਨਾਲ ਹੀ ਉਹ ਮਨੁੱਖੀ ਦਵੰਦਮਈ ਸਥਿਤੀ ਨੂੰ ਇੰਝ ਬਿਆਨਦੇ ਹਨ :

**ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੇ ਭਈ ॥**

**ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ ॥**[68]

ਇਸ ਦਵੰਦਮਈ ਸਥਿਤੀ ਤੋਂ ਛੁਟਕਾਰਾ ਪਾਉਣਾ ਹੀ ਬੈਰਾਗ ਹੈ। ਬੈਰਾਗ ਦੀ ਅਵਸਥਾ ਵਿਚ ਮਨੁੱਖੀ ਮਨ ਸਹਿਜ ਪ੍ਰਕ੍ਰਿਤੀ ਵਾਲਾ ਹੋ ਜਾਂਦਾ ਹੈ। ਵਿਸ਼ੇ-ਵਿਕਾਰਾਂ ਤੋਂ ਰਹਿਤ ਹੋ ਕੇ ਉਸਦੀ ਮਾਨਸਿਕਤਾ ਸਮਦ੍ਰਿਸ਼ਟੀ ਵਾਲੀ ਹੋ ਜਾਂਦੀ ਹੈ। ਮਨ ਦੀ ਇਕਾਗਰਤਾ ਉਸਨੂੰ ਡੋਲਣ ਨਹੀਂ ਦਿੰਦੀ। ਸੋ ਕਿਹਾ ਜਾਂਦਾ ਹੈ ਕਿ 'ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਸਾਧ ਆਤਮਿਕ ਯੋਧਾ ਹੈ ਉਹ ਆਪਣੇ ਮਨ ਨੂੰ ਸੋਧਦਾ, ਸਾਧਦਾ, ਘੜਦਾ ਤੇ ਸੁਆਰਦਾ ਹੈ, ਉਹ ਆਪਣੀ ਸਖ਼ਸ਼ੀਅਤ ਦੇ ਸਭ ਅੰਗਾਂ ਨੂੰ ਕੁਠਾਲੀ ਵਿਚ ਪਾ ਕੇ ਕੁੰਦਨ ਕਰਦਾ ਹੈ। ਉਸ ਦਾ ਸਰੀਰ, ਪ੍ਰਾਣ, ਮਨ, ਮਤਿ ਤੇ ਬੁੱਧੀ ਸਭ ਕਿਸੇ ਜਬਤ ਜਾਂ ਨਿਯੰਤਰਣ ਹੇਠ ਰਹਿੰਦੇ ਹਨ।'[69]

ਡਾ. ਤਾਰਨ ਸਿੰਘ ਸਪਸ਼ਟ ਸ਼ਬਦਾਂ ਵਿਚ ਲਿਖਦੇ ਹਨ ਕਿ ਆਪ ਦੇ ਵੈਰਾਗ ਦੇ ਤਿੰਨ ਉਹ ਪੱਖ ਹਨ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਦੇ ਹਨ : ਪਹਿਲੇ, ਬਨ ਵਿਚ ਜਾਣਾ ਨਿਸਫ਼ਲ ਹੈ, ਭਾਵ, ਗ੍ਰਸਤ ਵਿਚ ਹੀ ਉਦਾਸ ਰਹਿਣਾ ਹੈ; ਦੂਜੇ ਪ੍ਰਭੂ ਜਾਂ ਸੱਚ ਨੂੰ ਪਛਾਨਣਾ ਹੈ ਤੇ ਪਛਾਨਣਾ ਅੰਦਰੋਂ ਹੈ; ਤੇ ਤੀਜੇ, ਫ਼ਿਰ ਸੱਚ ਨੂੰ ਸਾਰੀ ਮਨੁੱਖਤਾ ਨਾਲ ਅਭੇਦ ਕਰਨਾ ਹੈ ਤੇ ਮਨੁੱਖਤਾ ਲਈ, ਪ੍ਰੇਮ ਵਿਚ ਤਨ, ਮਨ, ਧਨ ਕੁਰਬਾਨ ਕਰਨਾ ਹੈ।[70] ਬੈਰਾਗ ਦੀ ਭਾਵਨਾ ਮਨੁੱਖੀ

ਮਨ ਵਿਚ ਉਂਝ ਹੀ ਪੈਦਾ ਨਹੀਂ ਹੁੰਦੀ। 'ਵੈਰਾਗ ਤਜਰਬੇ ਦੇ ਨਾਲ ਉਪਜਦਾ ਹੈ। ਇੰਦ੍ਰੀ-ਗਤ ਵਸਤਾਂ, ਮੋਹ-ਜਾਲ ਵਿਚ ਫਸਣ ਵਾਲੇ ਸਾਕ-ਸਬੰਧੀ, ਹਉਮੈ ਵਧਾਉਣ ਵਾਲੇ ਧਰਮ-ਕਰਮ ਝੂਠੇ ਸਿਧ ਹੁੰਦੇ ਹਨ, ਤਦ ਜੀਵ ਜਾਗਦਾ ਹੈ। ਉਸ ਨੂੰ ਨਵੀਂ ਸੋਝੀ ਮਿਲ ਜਾਂਦੀ ਹੈ। ਸਤਿਗੁਰੂ ਤੋਂ ਪਤਾ ਲਗਦਾ ਹੈ ਕਿ ਕੇਵਲ ਰਾਮ ਨਾਮ ਸਦਾ ਦਾ ਸਬੰਧੀ ਹੈ ਅਤੇ ਇਹੋ ਪਰਮ ਧਰਮ ਹੈ। ਇਸ ਲਈ ਮਨ ਨੂੰ ਨਾਸ਼ਵਾਨ ਤੋਂ ਉਖੇੜ ਕੇ ਅਬਿਨਾਸੀ ਵਿਚ ਲਗਾਉਣਾ ਵੈਰਾਗ ਦਾ ਮੰਤਵ ਹੈ।'[71]

ਅਸਲ ਵਿਚ ਮਨੁੱਖੀ ਮਨ ਵਿਚ ਬੈਰਾਗ ਪੈਦਾ ਹੋਣ ਪਿੱਛੋਂ ਹੀ ਤੱਤ-ਗਿਆਨ ਦਾ ਬੋਧ ਹੁੰਦਾ ਹੈ। ਇਹ ਉਹ ਮਾਨਸਿਕ ਅਵਸਥਾ ਹੈ ਜਿਸ ਵਿਚ ਸੁੱਖ-ਦੁੱਖ, ਮਾਨ-ਅਪਮਾਨ, ਹਰਖ-ਸੋਗ, ਉਸਤਤ-ਨਿੰਦਾ, ਰਾਗ-ਦਵੈਸ਼, ਤ੍ਰਿਪਤੀ-ਤ੍ਰਿਸ਼ਨਾ ਆਦਿ ਕੁਝ ਵੀ ਨਹੀਂ ਰਹਿ ਜਾਂਦਾ। ਸੰਸਾਰ ਦੀ ਅਸਥਿਰਤਾ, ਛਿਨਭੰਗਰਤਾ ਅਤੇ ਨਾਸ਼ਮਾਨਤਾ ਮਨੁੱਖ ਨੂੰ ਉਪਰਾਮ ਨਹੀਂ ਕਰਦੀ ਸਗੋਂ ਉਹ ਇਸ ਵਿਚ ਕੰਮ ਕਰ ਰਹੇ ਬੁਨਿਆਦੀ ਨਿਯਮਾਂ ਦੀ ਪੇਸ਼ਕਾਰੀ ਕਰਦਾ ਹੋਇਆ ਬ੍ਰਹਮ ਮੁਖ ਹੋ ਜਾਂਦਾ ਹੈ। ਪ੍ਰਭੂ-ਪ੍ਰੀਤ ਉਨ੍ਹਾਂ ਲਈ ਸਹਿਜ ਵਸਤੂ ਹੋ ਜਾਂਦੀ ਹੈ। ਉਸ ਦਾ ਮਨ ਅਡੋਲ ਅਤੇ ਸ਼ਾਂਤ ਚਿੱਤ ਹੋ ਜਾਂਦਾ ਹੈ।

ਆਪ ਜੀ ਦੇ ਬੈਰਾਗ ਅਨੁਭਵ ਦਾ ਸੰਬੰਧ ਮਨੁੱਖੀ ਮਨ ਦੀ ਪਵਿੱਤਰਤਾ ਤੋਂ ਇਲਾਵਾ ਨੈਤਿਕ ਤੱਤਾਂ ਨਾਲ ਵੀ ਹੈ। ਇਸ ਵਿਚ ਤਰਕ ਜਾਂ ਬੁੱਧੀ ਨੂੰ ਕੋਈ ਮਹੱਤਤਾ ਨਹੀਂ, ਸਿਰਫ਼ ਦੈਵੀ ਚੇਤਨਾ ਨੂੰ ਹੈ। ਦੈਵੀ ਚੇਤਨਾ ਤੋਂ ਭਾਵ ਡਰ ਜਾਂ ਘਿਰਣਾ ਤੋਂ ਛੁਟਕਾਰਾ ਪਾਉਣਾ ਹੈ। ਬੈਰਾਗ ਅਨੁਭਵ ਵਿਚ ਸ਼ਕਤੀਸ਼ਾਲੀ ਤੇ ਦਿਲਕਸ਼ ਤੱਤ ਮੌਜੂਦ ਹੁੰਦਾ ਹੈ। ਇਸ ਅਨੁਭਵ ਨੂੰ ਤਰਕ ਰਾਹੀਂ ਨਹੀਂ ਬਲਕਿ ਚਿੰਨ੍ਹਾਂ ਤੇ ਪ੍ਰਤੀਕਾਂ ਰਾਹੀਂ ਸਮਝਿਆ ਜਾ ਸਕਦਾ ਹੈ। ਧਾਰਮਿਕ ਅਨੁਭਵ ਦੀ ਅਸਲੀ ਰੂਹ ਪਵਿੱਤਰ ਹੈ, ਜੋ ਚੇਤਨਾ ਦੇ ਰੂਪ ਵਿਚ ਉਪਜਦੀ ਹੈ। ਕਦਰਾਂ-ਕੀਮਤਾਂ ਦੀ ਇਸ ਸ਼੍ਰੇਣੀ ਨੂੰ ਦੈਵੀ ਅਨੁਭਵ ਕਹਿੰਦੇ ਹਨ।

ਬੈਰਾਗ ਰਾਗ ਦਾ ਵਿਪਰੀਤ ਹੈ। ਰਾਗ ਜੜ੍ਹ ਵਸਤੂਆਂ ਦੇ ਮੋਹ ਜਾਂ ਇੱਛਾ ਦਾ ਨਾਮ ਹੈ। ਜਦੋਂ ਜਗਿਆਸੂ ਅੰਦਰ ਗਿਆਨ ਉਤਪੰਨ ਹੁੰਦਾ ਹੈ ਤਾਂ ਉਸਦੀ ਪਦਾਰਥਕ ਇੱਛਾ ਖ਼ਤਮ ਹੋ

ਜਾਂਦੀ ਹੈ ਅਤੇ ਬੈਰਾਗ ਭਾਵ ਨਾਲ ਪ੍ਰਭੂ ਮਿਲਾਪ ਦਾ ਬਿਬੇਕ ਉਤਪੰਨ ਹੋ ਜਾਂਦਾ ਹੈ। ਇਸ ਲਈ ਗਿਆਨ ਜਦ ਬੈਰਾਗ ਨਾਲ ਜੁੜਦਾ ਹੈ ਤਾਂ ਸਾਧਨਾ ਦਾ ਤੱਤ ਹੈ, ਜਦ ਬਿਬੇਕ ਨਾਲ ਜੁੜਦਾ ਹੈ ਤਾਂ ਸਾਧਨਾ ਦੀ ਜੁਗਤਿ ਹੈ। ਸਾਧਨਾ ਦੇ ਤੱਤ ਰੂਪ ਵਿਚ ਗਿਆਨ ਤੇ ਬੈਰਾਗ ਇਕ ਦੂਜੇ ਦੇ ਪੂਰਕ ਹਨ। ਬੈਰਾਗ ਗਿਆਨ ਦਾ ਸੂਚਕ ਹੈ ਅਤੇ ਗਿਆਨ ਬੈਰਾਗ ਦਾ ਪਰਤੌ ਹੈ। ਸਾਧਨਾ ਵਿਚ ਜਗਿਆਸੂ ਦੀ ਬਿਰਤੀ ਇਸ ਨੁਕਤੇ ਉੱਪਰ ਕੇਂਦਰਿਤ ਹੁੰਦੀ ਹੈ ਕਿ ਉਹ ਕਿੱਥੋਂ ਆਇਆ ਹੈ ਅਤੇ ਉਸ ਨੇ ਕਿੱਥੇ ਜਾਣਾ ਹੈ? ਗਿਆਨ ਦੀ ਇਹ ਚੇਸ਼ਟਾ ਹੀ ਬੈਰਾਗ ਉਤਪੰਨ ਕਰਦੀ ਹੈ। ਗਿਆਨ '*ਸਾਧਨਾ*' ਵਿਚ ਪਰਮਾਰਥ ਦਾ ਰਸਤਾ ਦਿਖਾਉਂਦਾ ਹੈ। ਇਹ ਚੇਤਨਾ ਉਤਪੰਨ ਕਰਦਾ ਹੈ ਕਿ ਸੰਸਾਰ ਦੇ ਕਾਰ-ਵਿਹਾਰ ਨੂੰ ਤਿਆਗ ਕੇ ਪਰਮਾਤਮਾ ਦੇ ਮਿਲਾਪ ਦਾ ਮੌਕਾ ਤਲਾਸ਼ਿਆ ਜਾਵੇ। ਇਸ ਤਰ੍ਹਾਂ ਪਰਮਸਤਿ ਦੀ ਤਲਾਸ਼ ਗਿਆਨ ਹੈ, ਜਿਸ ਨੇ ਤਿਆਗ ਰਾਹੀਂ ਬੈਰਾਗ ਨੂੰ ਜਨਮ ਦੇਣਾ ਹੈ। ਸਿੱਖ ਚਿੰਤਨ ਵਿਚ ਤਿਆਗ ਤੋਂ ਭਾਵ ਘਰ-ਬਾਰ ਛੱਡ ਕੇ ਸੰਨਿਆਸ ਲੈਣਾ ਨਹੀਂ ਸਗੋਂ ਪਦਾਰਥਕ ਮੋਹ ਤਿਆਗਣਾ ਹੈ। ਇਹ ਨਿਰਮੋਹ ਹੀ ਬੈਰਾਗ ਹੈ।

ਗੁਰੂ ਤੇਗ ਬਹਾਦਰ ਜੀ ਦਾ ਬੈਰਾਗ ਚਿੰਤਨ ਮਨੁੱਖੀ ਜੀਵਨ ਵਿਚ ਮਹੱਤਵ ਰੱਖਣ ਵਾਲੇ ਵੱਖ-ਵੱਖ ਸਰੋਕਾਰਾਂ ਨਾਲ ਸੰਬੰਧ ਰੱਖਦਾ ਹੈ। ਇਹ ਧਰਮ ਪ੍ਰਤੀ ਨਵੀਨ ਦ੍ਰਿਸ਼ਟੀ ਹੈ ਜੋ ਇਕ ਕ੍ਰਾਂਤੀਕਾਰੀ ਵੱਖਰਤਾ ਅਤੇ ਮੌਲਿਕਤਾ ਦਾ ਪਰਿਪੇਖ ਸਿਰਜਦੀ ਹੈ। ਇਸ ਦੇ ਨਾਲ ਹੀ ਇਹ ਬਾਣੀ ਦਾਰਸ਼ਨਿਕ ਸੰਕਲਪ ਦੀ ਹੀ ਪ੍ਰਸਤੁਤੀ ਨਹੀਂ ਕਰਦੀ ਸਗੋਂ ਅਨੁਭਵ ਗਿਆਨ ਆਧਾਰਿਤ ਸੰਸਾਰਿਕ ਜੀਵਨ ਦੀ ਅਭਿਵਿਕਤੀ ਪੇਸ਼ ਕਰਦੀ ਹੈ। ਇਹ ਅਨੁਭਵ ਅੰਤਰਮੁਖੀ ਹੈ ਜਿਸ ਦਾ ਸੰਬੰਧ ਪ੍ਰਭੂ ਪ੍ਰਤੀ ਮਨੁੱਖ ਦੀ ਪ੍ਰਬਲ ਤਾਂਘ, ਉਸਦੇ ਦਰਸ਼ਨ ਤੇ ਮਿਲਾਪ ਦੀ ਤੀਬਰ ਸਿਕ ਅਤੇ ਉਸ ਦੇ ਮਿਲਾਪ ਦੇ ਵਿਸਮਾਦੀ ਅਨੰਦ ਨੂੰ ਭਾਵਨਾਤਮਿਕ ਪੱਧਰ 'ਤੇ ਮਹਿਸੂਸ ਕਰਨ ਨਾਲ ਹੈ। ਇਹ ਬੈਰਾਗਮਈ ਸਥਿਤੀ "ਅਧਿਆਤਮਕ ਵਿਯੋਗ ਦੀ ਅਜਿਹੀ ਉਦਾਤ ਵੇਦਨਾ, ਅਧਿਆਤਮਕ ਇਸ਼ਟ ਪ੍ਰਤੀ ਸਾਧਕ ਦੀ ਪ੍ਰਬਲ ਪ੍ਰੇਮ-ਭਾਵਨਾ ਦੀ ਲਖਾਇਕ ਹੈ ਅਤੇ ਇਸ ਪ੍ਰਕਾਰ ਦੀ ਵੇਦਨਾ-ਭਰਪੂਰ ਬਿਹਬਲਤਾ ਗੁਰੂ ਸਾਹਿਬ ਦੇ ਰਹੱਸਮਈ ਅਨੁਭਵ ਦਾ ਅਨਿਖੜਵਾਂ ਅੰਗ ਹੈ। ਇਸ ਵੇਦਨਾ

ਦੇ ਸੇਕ ਵਿਚ ਤਪ ਕੇ ਹੀ ਸਾਧਕ ਆਤਮਾ ਵਿਚਲਾ ਖੋਟ ਦੂਰ ਹੁੰਦਾ ਹੈ ਅਤੇ ਉਹ ਸ਼ੁੱਧ ਹੋ ਕੇ ਪ੍ਰੇਮ-ਭਗਤੀ ਦੇ ਸਮਰੱਥ ਹੁੰਦੀ ਹੈ।"[72] ਇਸ ਤਰ੍ਹਾਂ ਗੁਰੂ ਸਾਹਿਬ ਨੇ ਬੜੇ ਚੇਤੰਨ ਰੂਪ ਵਿਚ ਬਾਣੀ ਰਾਹੀਂ ਬੈਰਾਗ ਭਾਵ 'ਚੋਂ ਉਪਜੇ ਸਹਿਜ ਅਤੇ ਅਨੰਦ ਦਾ ਆਦਰਸ਼ ਸਥਾਪਤ ਕੀਤਾ ਹੈ :

**ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ**

**ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥**[73]

**ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ ॥**

**ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ ॥**[74]

**ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥**

**ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥**[75]

ਗੁਰੂ ਤੇਗ ਬਹਾਦਰ ਜੀ ਆਪਣੀ ਬਾਣੀ ਵਿਚ ਸਾਧਕ ਨੂੰ ਪਰਪੱਕ ਬਣਾਉਂਦਿਆਂ ਪ੍ਰੇਰਦੇ ਹਨ ਕਿ ਉਹ ਦੁੱਖ ਨੂੰ ਦੁੱਖ ਕਰਕੇ ਹੀ ਜਾਣੇ ਸਗੋਂ ਦੁੱਖ ਅਤੇ ਸੁੱਖ ਦੇ ਸੁਮੇਲ ਵਿਚ ਅਭੇਦਤਾ ਵੀ ਪੈਦਾ ਕਰੇ। ਇਹੋ ਹੀ ਬੈਰਾਗ ਦੀ ਅਸਲ ਅਵਸਥਾ ਹੈ :

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥**

**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥ ੧ ॥ ਰਹਾਉ ॥**[76]

ਗੁਰੂ ਜੀ ਨੇ ਨਾ ਕੇਵਲ ਗ੍ਰਿਹਸਥ ਜੀਵਨ ਦਾ ਮਹੱਤਵ ਹੀ ਸਥਾਪਤ ਕੀਤਾ ਸਗੋਂ ਆਦਰਸ਼ ਗ੍ਰਿਹਸਥ ਦੀ ਕ੍ਰਿਆਤਮਿਕ ਮਿਸਾਲ ਵੀ ਸਾਹਮਣੇ ਰੱਖੀ। ਪੂਰਬਲੇ ਸਮਾਜ ਦੇ ਲੋਕਾਂ ਨੇ ਸੰਨਿਆਸੀ ਨੂੰ ਵਿਰਕਤ ਸਮਝ ਕੇ ਜਿਹੜਾ ਉੱਚਾ ਦਰਜਾ ਦਿਤਾ ਸੀ ਉਸ ਦੀ ਥਾਂ ਇਨ੍ਹਾਂ ਨੇ ਗ੍ਰਿਹਸਥ ਦੀ ਮਹੱਤਤਾ ਦਸ ਕੇ ਗ੍ਰਿਹਸਥੀ ਬੈਰਾਗ ਨੂੰ ਉਚਿਆਇਆ। ਕਿਰਿਆਸ਼ੀਲ ਬੈਰਾਗ ਦੇ ਅਨੁਭਵ ਹੋਣ ਪਿੱਛੋਂ, ਮਨੁੱਖ ਨੂੰ ਮਨੁੱਖੀ ਸਰੀਰ ਵਿਚ ਬਹੁਤ ਕੁਝ ਕਰਨ ਅਤੇ ਜਾਣਨ ਦੀ ਸਮਰਥਾ ਹੈ। ਉਹ ਜਪ, ਤਪ, ਸੰਜਮ ਧਰਮ ਸੇਵਾ ਆਦਿ ਦੇ ਕਰਮ ਕਰਦਾ ਹੋਇਆ ਆਪਣੇ ਸਮਾਜ

ਨੂੰ ਬਲਸ਼ਾਲੀ ਬਣਾ ਸਕਦਾ ਹੈ।

ਸਮਕਾਲੀ ਸਮਾਜ ਪ੍ਰਤੀ ਗੁਰੂ ਸਾਹਿਬ ਪੂਰਨ ਤੌਰ 'ਤੇ ਸੁਚੇਤ ਸਨ। ਉਸ ਸਮੇਂ ਦਾ ਭਾਰਤੀ ਸਮਾਜ ਪਤਨਸ਼ੀਲਤਾ ਦੇ ਵਲ ਜਾ ਰਿਹਾ ਸੀ। ਉਨ੍ਹਾਂ ਨੇ ਮਨੁੱਖਤਾ ਨੂੰ ਸੰਕਟਮਈ ਪ੍ਰਸਥਿਤੀਆਂ ਵਿਚੋਂ ਕੱਢਣ ਲਈ ਬੈਰਾਗਮਈ ਬਾਣੀ ਦੀ ਸਿਰਜਨਾ ਕੀਤੀ। 'ਉਨ੍ਹਾਂ ਦੀ ਬਾਣੀ ਦਾ ਮੂਲ ਸਰੋਕਾਰ ਬਦੀ ਨਾਲੋਂ ਨੇਕੀ ਨਾਲ ਰਿਸ਼ਤਾ ਜੋੜਨ, ਅਤੀਤ ਨਾਲੋਂ ਵਰਤਮਾਨ-ਜੀਵਨ ਉਸਾਰੀ ਲਈ ਵਧੇਰੇ ਚਿੰਤਾ, ਕੇਵਲ ਭੌਤਿਕ ਸੁੱਖ ਅਤੇ ਅਧਿਆਤਮਿਕਵਾਦੀ ਉਲਾਰ ਦੀ ਥਾਂ ਮਨੁੱਖੀ ਜੀਵਨ ਦੇ ਹਰ ਖੇਤਰ ਵਿਚ ਸਹਿਜ ਅਤੇ ਸੰਤੁਲਨ ਲਿਆਉਣ ਦੀ ਪ੍ਰੇਰਨਾ-ਸੁਰ ਵਧੇਰੇ ਬਲਵਾਨ ਹੈ।[77] ਉਨ੍ਹਾਂ ਨੇ ਬਾਣੀ ਵਿਚ ਜਿਸ ਅਧਿਆਤਮਿਕ ਦਾਰਸ਼ਨਿਕ ਚਿੰਤਨ ਨੂੰ ਪ੍ਰਸਤੁਤ ਕੀਤਾ ਹੈ ਉਸ ਦਾ ਆਧਾਰ ਕੇਵਲ ਸ਼ਾਸਤ੍ਰ ਨਹੀਂ, ਸਗੋਂ ਅਨੁਭੂਤੀ ਹੈ। ਇਸ ਲਈ ਇਸ ਵਿਚ ਸ਼ੁੱਧ ਦਰਸ਼ਨ ਨਹੀਂ ਬਲਕਿ ਜੀਵਨ ਦਰਸ਼ਨ ਹੈ ਅਤੇ ਜੀਵਨ ਦਰਸ਼ਨ ਦਾ ਆਧਾਰ ਅਨੁਭੂਤੀ ਹੈ ਜੋ ਉਨ੍ਹਾਂ ਦੀ ਧਰਮ ਸਾਧਨਾ ਦਾ ਪ੍ਰਤਿਫਲ਼ ਹੈ ਕਿਉਂਕਿ ਭਾਉ ਭਗਤੀ, ਸਾਧ-ਸੰਗਤ, ਨਾਮ-ਸਾਧਨਾ, ਕ੍ਰਿਪਾ, ਸਹਿਜ ਭਗਤੀ ਅਤੇ ਹੁਕਮ ਤੇ ਭਾਣੇ ਨੂੰ ਮੰਨਣ ਦੀਆਂ ਪ੍ਰਵਿਰਤੀਆਂ ਉਨ੍ਹਾਂ ਦੀ ਬਾਣੀ ਵਿਚ ਮੌਜੂਦ ਹਨ। ਉਨ੍ਹਾਂ ਨੇ ਇੰਦਰੀ ਤੇ ਨਿਯੰਤਰਣ ਅਤੇ ਮਨ ਸਾਧਨਾ ਤੇ ਬਲ ਦਿਤਾ। ਉਹ ਮਨੁੱਖਤਾ ਦੀ ਮੁਕਤੀ ਦੇ ਲਈ ਅਧਿਆਤਮਿਕ ਸੰਘਰਸ਼ ਕਰਨ ਵਾਲੇ ਸਾਧਕ ਸਨ। ਉਨ੍ਹਾਂ ਦਾ ਸਮੁੱਚਾ ਸੰਘਰਸ਼ ਮਨੁੱਖੀ ਕਮਜ਼ੋਰੀ ਅਤੇ ਤ੍ਰਿਸ਼ਨਾ ਦੇ ਵਿਰੁੱਧ ਸੀ। ਉਨ੍ਹਾਂ ਦਾ ਉਦੇਸ਼ ਮਨੁੱਖ ਦਾ ਪ੍ਰਮਾਤਮਾ ਨਾਲ ਮੇਲ ਕਰਾਉਣਾ ਸੀ। ਇਸ ਲਈ ਉਨ੍ਹਾਂ ਦੀ ਬੈਰਾਗਮਈ ਚਿੰਤਨਧਾਰਾ ਮੋਹ-ਮਾਇਆ ਅਤੇ ਵਿਸ਼ੇ-ਵਿਕਾਰਾਂ ਦਾ ਤਿਆਗ ਕਰਕੇ ਮਨੁੱਖੀ ਜੀਵਨ ਨੂੰ ਸਹਿਜ ਸੰਵੇਦਨਾ ਤੀਬਰ ਵੇਗ ਵਿਚ ਪ੍ਰਦਾਨ ਕਰਦੀ ਹੈ।

ਗੁਰੂ ਤੇਗ ਬਹਾਦਰ ਜੀ ਨਿਰੰਕੁਸ਼ ਸ਼ਾਸ਼ਨ ਦੀ ਥਾਂ ਸੁਤੰਤਰ ਸ਼ਾਸਨ ਵਿਚ ਵਿਸ਼ਵਾਸ ਰੱਖਦੇ ਸਨ ਅਤੇ ਗ਼ੁਲਾਮੀ ਨੂੰ ਬਹੁਤ ਭੈੜੀ ਵਿਵਸਥਾ ਮੰਨਦੇ ਸਨ। ਉਹ ਅਰਥ-ਵਿਹੂਣੇ ਸੰਨਿਆਸ ਦੀ ਥਾਂ ਗ੍ਰਿਹਸਥ ਸਮਾਜ, ਸਤਿ ਕਰਮੀ ਅਤੇ ਜੀਵਨ ਮੁਕਤੀ ਨੂੰ ਹੀ ਉੱਤਮ ਆਦਰਸ਼ ਸਮਝਦੇ ਸਨ।

ਉਨ੍ਹਾਂ ਦੇ ਅਨੁਸਾਰ ਪਰਮਸਤਾ ਦੀ ਹੋਂਦ ਪ੍ਰਗਟਾਉਣ ਲਈ ਬੈਰਾਗ ਦਾ ਮਾਰਗ ਧਾਰਨ ਕਰਨਾ ਅਤਿ ਜ਼ਰੂਰੀ ਹੈ। ਇਨ੍ਹਾਂ ਦਾ ਮੰਤਵ ਆਪਣੇ ਦੈਵੀ ਅਨੁਭਵ ਰਾਹੀਂ ਲੋਕ ਮਾਨਸ ਦੀ ਚੇਤਨਾ ਨੂੰ ਦ੍ਰਿੜਉਣਾ ਅਤੇ ਜਗਾਉਣਾ ਹੈ।

ਉਨ੍ਹਾਂ ਨੇ ਮਨੁੱਖ ਨੂੰ ਸੰਬੋਧਨ ਹੁੰਦਿਆਂ ਜੋਗੀਆਂ ਤੇ ਸੰਨਿਆਸੀਆਂ ਵਾਂਗ ਘਰ-ਬਾਰ ਛੱਡ ਕੇ ਸੰਸਾਰ ਨਾਲੋਂ ਨਾਤਾ ਤੋੜ ਕੇ ਜੰਗਲਾਂ ਅਤੇ ਪਹਾੜਾਂ ਦੀਆਂ ਕੰਦਰਾਂ ਵਿਚ ਛੁਪ ਕੇ ਮਾਲਾ ਫੇਰਨ ਦੀ ਧਾਰਮਿਕ ਪਹੁੰਚ ਵਿਧੀ ਨੂੰ ਮਨੁੱਖੀ ਕਲਿਆਣ ਹਿਤ ਯੋਗ ਨਹੀਂ ਸਮਝਿਆ ਅਤੇ ਅਜਿਹੀਆਂ ਜਰਜਰੀਆਂ ਹੋ ਚੁੱਕੀਆਂ ਕਦਰਾਂ-ਕੀਮਤਾਂ ਦਾ ਪੁਰਜ਼ੋਰ ਖੰਡਨ ਵੀ ਕੀਤਾ ਜਿਹੜੀਆਂ ਕਿ ਉਸ ਸਮੇਂ ਦੇ ਸਮਾਜ ਨੂੰ ਘੁਣ ਵਾਂਗ ਖਾ ਰਹੀਆਂ ਸਨ। ਇਨ੍ਹਾਂ ਦੀ ਬਾਣੀ ਸਰਲ, ਸਪਸ਼ਟ ਤੇ ਗੰਭੀਰ ਹੁੰਦਿਆਂ ਰੂਹਾਨੀ ਖੇਤਰ ਵਿਚ ਬੈਰਾਗਮਈ ਸਹਿਜ ਜੀਵਨ ਮਾਰਗ ਨੂੰ ਮਹੱਤਵ ਦਿੰਦੀ ਹੈ। ਇਸ ਵਿਚਾਰ ਦੀ ਪ੍ਰੋੜਤਾ ਡਾ. ਜਯਰਾਮ ਮਿਸ਼ਰ ਇਸ ਪ੍ਰਕਾਰ ਕਰਦੇ ਹਨ ਕਿ ਉਨ੍ਹਾਂ ਦੀ ਬਾਣੀ ਵਿਚ ਵੈਰਾਗ ਭਾਵ ਦੀ ਜਿੰਨੀ ਅਧਿਕਤਾ ਹੈ ਸੰਸਾਰ ਦੇ ਕਿਸੇ ਵੀ ਅਧਿਆਤਮਿਕ ਸਾਹਿੱਤ ਵਿਚ ਇਸ ਕੋਟੀ ਦਾ ਵੈਰਾਗ ਨਹੀਂ ਮਿਲਦਾ।[78]

ਸੱਚਾ ਬੈਰਾਗੀ ਸਮਾਜ ਵਿਚ ਸਹੀ ਕਦਰਾਂ-ਕੀਮਤਾਂ ਦੀ ਚੋਣ ਕਰਦਾ ਹੈ। ਜਿਸ ਦੇ ਨਾਲ ਉਹ ਆਪਣੇ ਆਪ ਤੋਂ ਇਲਾਵਾ ਸਮਾਜਿਕ ਬੰਧਨਾਂ ਨੂੰ ਵਧੇਰੇ ਸੁਖਾਵਾਂ, ਉਪਯੋਗੀ ਅਤੇ ਸਹਿਜਮਈ ਬਣਾ ਲੈਂਦਾ ਹੈ। ਉਸ ਦੇ ਲਈ ਸੁੱਖ-ਦੁੱਖ, ਮਾਨ-ਅਪਮਾਨ, ਲੋਹਾ-ਸੋਨਾ, ਹਰਖ-ਸੋਗ, ਸਭ ਬਰਾਬਰ ਹੁੰਦੇ ਹਨ ਕਿਉਂਕਿ ਉਸ ਦਾ ਚੰਚਲ ਮਨ ਭਟਕਣਾ ਛੱਡ ਕੇ ਸਥਿਰ ਹੋ ਜਾਂਦਾ ਹੈ। ਅਜਿਹੇ ਮਨੁੱਖ ਨੂੰ ਗੁਰੂ ਨੇ ਭਗਵਾਨ ਦੀ ਮੂਰਤ ਕਿਹਾ ਹੈ। ਇਹੀ ਗੁਰੂ ਜੀ ਅਨੁਸਾਰ ਆਦਰਸ਼ ਮਾਨਵ ਹੈ ਸਭ ਉੱਚਤਮ ਕੀਮਤਾਂ ਉਸ ਵਿਚ ਹਨ। ਅਜਿਹਾ ਬਣਨਾ ਹੀ ਮਨੁੱਖ ਦਾ ਧਰਮ ਹੈ, ਅਜਿਹੀ ਅਵਸਥਾ ਦੀ ਪ੍ਰਾਪਤੀ ਮਾਨਵੀ-ਜੀਵਨ ਦਾ ਲਕਸ਼ ਹੈ।

ਉਨ੍ਹਾਂ ਦੀ ਬਾਣੀ ਵਿਚ ਪ੍ਰਗਟਾਏ ਗਏ ਸਿਧਾਂਤ, ਬਚਨ, ਨੈਤਿਕ ਕਦਰਾਂ-ਕੀਮਤਾਂ, ਮਨੁੱਖੀ ਕਿਰਦਾਰ ਦੀ ਬਣਾਵਟ ਦੇ ਅਸੂਲ ਅੱਜ ਵੀ ਉਨ੍ਹੇ ਹੀ ਸਾਰਥਕ ਹਨ ਜਿਨ੍ਹੇ ਕਿ ਉਨ੍ਹਾਂ ਨੇ

ਆਪਣੀ ਬਾਣੀ ਨੂੰ ਰਚਦਿਆਂ ਮਹਿਸੂਸ ਕੀਤੇ ਸਨ। ਇਸ ਕਰਕੇ ਉਨ੍ਹਾਂ ਦੀ ਬਾਣੀ ਨੂੰ ਆਪਣੇ ਸਮੇਂ ਅਤੇ ਸਦੀਵੀ ਸੱਚ ਦਾ ਸੁਮੇਲ ਮੰਨਿਆਂ ਜਾਂਦਾ ਹੈ। ਗੁਰੂ ਜੀ ਕਾਰਜਸ਼ੀਲ ਬ੍ਰਹਮ ਚਿੰਤਕ ਸਨ। ਇਹ ਬਾਣੀ ਮਨੁੱਖ ਨੂੰ ਹਮੇਸ਼ਾ ਅਧਿਆਤਮਿਕ ਅਤੇ ਰੱਬੀ ਦੀਦਾਰ ਨਾਲ ਜੋੜਦੀ ਹੈ। ਉਨ੍ਹਾਂ ਦਾ ਹਰ ਬਚਨ ਮਨੁੱਖੀ ਜੀਵਨ ਨੂੰ ਨਰੋਈ ਦਿਸ਼ਾ ਪ੍ਰਦਾਨ ਕਰਨ ਵਾਲਾ ਹੈ। ਇਨ੍ਹਾਂ ਦੀ ਬਾਣੀ ਦੇ ਪ੍ਰਵਚਨ ਵਿਚ ਸਮੇਂ, ਸਥਾਨ ਅਤੇ ਕਾਲ ਦੀਆਂ ਹੱਦਬੰਦੀਆਂ ਤੋਂ ਪਾਰ ਵਿਚਰ ਸਕਣ ਦੀ ਸਮਰੱਥਾ ਮੌਜੂਦ ਹੈ।

'ਉਨ੍ਹਾਂ ਦਾ ਬੈਰਾਗ ਗ੍ਰਹਿ-ਤਿਆਗ ਨਾ ਹੋ ਕੇ ਕਰਮ ਖੇਤਰ ਦਾ ਸਹਿਜ ਵਿਸ਼ਰਾਮ ਹੈ। ਪ੍ਰਭੂ ਭਗਤੀ ਵਿਚ ਪੂਰਨਤਾ ਅਭਿਸੰਚਿਤ ਹੋਣ ਤੇ ਵੀ ਇਸ ਸਾਧਕ ਦੀ ਬਾਣੀ ਦਾ ਕੇਂਦਰੀ ਭਾਵ ਬੈਰਾਗ ਹੀ ਹੈ।'[79] ਇਸ ਲਈ ਇਸ ਵਿਚੋਂ ਸਹਿਜ ਭਗਤੀ, ਪਰਉਪਕਾਰਤਾ, ਸਾਧ-ਸੰਗਤ, ਨਾਮ-ਸਿਮਰਨ ਅਤੇ ਪ੍ਰਭੂ ਰਜ਼ਾ ਵਿਚ ਰਹਿਣ ਵਰਗੇ ਇਲਾਹੀ ਗੁਣ ਪੈਦਾ ਹੁੰਦੇ ਹਨ। ਜਿਸ ਤਰ੍ਹਾਂ ਕਿ 'ਗੁਰੂ ਸਾਹਿਬ ਮਨੁੱਖ ਨੂੰ ਸੁਝਾਉਂਦੇ ਹਨ ਕਿ ਦੁਰਾਚਾਰ ਨੂੰ ਛੱਡ ਕੇ, ਸਦਾਚਾਰ ਨੂੰ ਧਾਰਨ ਕਰਕੇ, ਸ਼ਰਨਧਾਰੀ ਪ੍ਰਾਣੀ ਨੂੰ ਜਿਸ ਚੀਜ਼ ਦੀ ਲੋੜ ਹੈ, ਉਹ ਹੈ ਵੈਰਾਗ ਤੇ ਅਨੁਰਾਗ।'[80] ਵੈਰਾਗ ਦੁਨਿਆਵੀ ਵਸਤੂਆਂ, ਸਾਕ ਸਬੰਧੀਆਂ ਅਤੇ ਸੰਸਾਰਿਕ ਨਾਸ਼ਮਾਨਤਾ, ਬਾਹਰੀ ਕਰਮ-ਕਾਂਡਾਂ ਤੋਂ ਹੈ ਅਤੇ ਅਨੁਰਾਗ ਪ੍ਰਭੂ ਦੇ ਸੱਚੇ ਨਾਮ ਦਾ ਸਿਮਰਨ ਕਰਨਾ ਹੈ।

'ਗੁਰੂ ਤੇਗ ਬਹਾਦਰ ਜੀ ਨੇ ਆਪਣੀ ਰਚਨਾ ਰਾਹੀਂ ਭਾਰਤ ਉਪਮਹਾਂਦੀਪ ਦੇ ਲੋਕਾਂ ਨੂੰ ਇਹ ਸਮਝਾਉਣ ਦਾ ਯਤਨ ਕੀਤਾ ਕਿ ਉਹ ਸੁਤੰਤਰਤਾ, ਆਜ਼ਾਦੀ, ਇੱਜ਼ਤ ਅਤੇ ਸਵੈਮਾਣ ਬਾਰੇ ਚੇਤੰਨ ਹੋਣ। ਇਹ ਗੱਲ ਸਹੀ ਹੈ ਕਿ ਇਸ ਦੇ ਪਿੱਛੇ ਉਨ੍ਹਾਂ ਦਾ ਵੈਰਾਗ ਅਤੇ ਭਗਤੀ ਹੀ ਸੀ। ਸੰਖੇਪ ਵਿਚ, ਉਨ੍ਹਾਂ ਦਾ ਵੈਰਾਗ ਕੁਰਬਾਨੀ ਕਰਨ ਦੇ ਹੌਸਲੇ ਵਾਲਾ ਸੀ। ਉਨ੍ਹਾਂ ਨੇ ਆਪਣੇ-ਆਪ ਨੂੰ ਧਰਮ ਅਤੇ ਧਰਮ ਵਿਸ਼ਵਾਸ਼ ਪ੍ਰਤੀ ਕੁਰਬਾਨ ਕਰ ਦਿੱਤਾ।'[81]

ਉਨ੍ਹਾਂ ਨੇ ਅਜਿਹੇ ਮਨੁੱਖ ਦੇ ਲਈ ਆਜ਼ਾਦੀ ਪ੍ਰਾਪਤ ਕਰਨਾ ਸੀ ਜੋ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਪੱਖ ਤੋਂ ਅਨੇਕਾਂ ਸੰਸਾਰਿਕ ਬੰਧਨਾਂ ਵਿਚ ਜਕੜਿਆ ਹੋਇਆ ਸੀ।

ਇਸ ਲਈ ਅਜਿਹੇ ਮਨੁੱਖ ਨੂੰ ਮਾਨਸਿਕ ਤੌਰ ’ਤੇ ਬਲਸ਼ਾਲੀ ਬਣਾਉਣ ਲਈ ਉਸ ਅੰਦਰ ਬੈਰਾਗਮਈ ਭਾਵਨਾ ਪੈਦਾ ਕਰਨੀ ਬਹੁਤ ਜ਼ਰੂਰੀ ਸੀ। ਇਸ ਲਈ ਆਪ ਜੀ ਨੇ ਸਰੀਰਕ ਬੈਰਾਗ ਨੂੰ ਮਹੱਤਵ ਨਾ ਦੇ ਕੇ ਮਾਨਸਿਕ ਬੈਰਾਗ ਨੂੰ ਅਪਣਾਇਆ। ਉਨ੍ਹਾਂ ਨੇ ਮਨੁੱਖ ਨੂੰ ਡੂੰਘੀ ਸਵੈ-ਪੜਚੋਲ ਅਤੇ ਸਰਬਤ ਦੇ ਭਲੇ ਹਿਤ ਅਨੁਸ਼ਾਸਨੀ ਅਤੇ ਰੂਹਾਨੀ ਗਿਆਨ ਬਖ਼ਸ਼ਿਆ। ਉਨ੍ਹਾਂ ਨੇ ਕਿਰਿਆਹੀਣ ਅਤੇ ਕਮਜ਼ੋਰ ਮਨੁੱਖ ਨੂੰ ਕ੍ਰਿਰਿਆਸ਼ੀਲ ਤੇ ਨਿਰਭੈ ਯੋਧਾ ਬਣਾਇਆ। ਮਨੁੱਖ ਦੇ ਜੀਵਨ ਵਿਚੋਂ ਮੌਤ ਦਾ ਡਰ ਦੂਰ ਕਰਕੇ ਦੁਨਿਆਵੀ ਸੁੱਖਾਂ ਦਾ ਜਾਚਕ ਹੋਣ ਦੀ ਥਾਂ ਪਰਮਾਨੰਦ ਦਾ ਅਭਿਲਾਸ਼ੀ ਬਣਨ ਦਾ ਮਾਰਗ ਦਿਖਾਇਆ।

ਪ੍ਰੋ. ਕਿਸ਼ਨ ਸਿੰਘ ਲਿਖਦੇ ਹਨ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਤਿਆਗ ਸੰਸਾਰ ਦਾ ਨਹੀਂ, ਮਾਇਆ ਦਾ ਕਰਵਾਉਂਦੀ ਹੈ। ਇਸ ਤਿਆਗ ਦੀ ਆਵਾਜ਼ ਬਹੁਤ ਤਿੱਖੀ ਹੈ। ਇਹ ਕਿਸੇ ਕੋਲੋਂ ਗੁੱਝੀ ਨਹੀਂ ਰਹਿ ਸਕਦੀ।[82] ਤਿਆਗੀ ਅਤੇ ਬੈਰਾਗੀ ਮਨੁੱਖ ਹੀ ਵਿਸ਼ਵ ਕਲਿਆਣੀ ਸ਼ੁੱਭ ਕਰਮ ਕਰ ਸਕਦਾ ਹੈ। ਮੋਹ-ਮਾਇਆ ਵਿਚ ਲਿਪਤ ਮਨੁੱਖ ਨਹੀਂ। ਸੋ ਇਸ ਬਾਣੀ ਬਾਬਤ ਜੋ ਵੈਰਾਗ ਸਮਝਿਆ ਜਾਂਦਾ ਹੈ, ਉਹ ਮਾਇਆ ਵਾਲੀ ਤਰਜ਼ੇ-ਜ਼ਿੰਦਗੀ ਦੇ ਤਿਆਗ ਵਾਸਤੇ ਪ੍ਰੇਰਨਾ ਹੈ, ਉਸ ਦੇ ਵਿਰੁੱਧ ਇਨਕਲਾਬ ਹੈ। ਇਸ ਬਾਣੀ ਵਿਚ ਤਿਆਗੀ ਨਹੀਂ ਬੋਲ ਰਿਹਾ, ਇਨਕਲਾਬੀ ਬੋਲ ਰਿਹਾ ਹੈ।[83] ਇਸ ਤਰ੍ਹਾਂ ਇਸ ਬੈਰਾਗ ਰੂਪੀ ਧਰਤੀ ਵਿਚ ਇਕ ਵੱਡੇ ਇਨਕਲਾਬ ਦੇ ਬੀਜ ਵੀ ਛੁਪੇ ਹੋਏ ਸਨ ਜੋ ਕਿ ਆਉਣ ਵਾਲੇ ਸਮੇਂ ਵਿਚ, ਸਿੱਖ ਇਤਿਹਾਸ ਅਨੁਸਾਰ ‘ਖ਼ਾਲਸਾ ਪੰਥ’ ਦੇ ਰੂਪ ਵਿਚ ਪੈਦਾ ਹੋਇਆ। ਇਸ ਲਈ ਉਨ੍ਹਾਂ ਦੀ ਇਹ ਬੈਰਾਗਮਈ ਬਾਣੀ ਅਚੇਤ ਅਤੇ ਸਹਿਜ ਰੂਪ ਵਿਚ ਅਜਿਹੇ ਮਨੁੱਖ ਨੂੰ ਆਕਰਸ਼ਿਤ ਕਰਦੀ ਹੈ ਜੋ ਇਕ ਅਜਿਹੇ ਸਮਾਜ ਦੇ ਲਈ ਸੰਘਰਸ਼ਸ਼ੀਲ ਹੈ ਜਿੱਥੇ ਮਨੁੱਖੀ ਹੋਂਦ ਆਪਣਾ ਭਵਿੱਖ ਪ੍ਰਾਪਤ ਕਰ ਸਕੇ। ਮਨੁੱਖ ਦੀ ਸਾਰੀ ਯਾਤਰਾ ਹੀ ਇਕ ਅਜਿਹੇ ਸਮਾਜ ਦੀ ਸਿਰਜਨਾ ਕਰਨਾ ਹੈ ਜਿੱਥੇ ਉਹ ਸੁਤੰਤਰਤਾ ਨਾਲ ਵਿਚਰ ਸਕੇ, ਆਪਣੀ ਹੋਂਦ ਨੂੰ ਸੁਰੱਖਿਅਤ ਰੱਖ ਸਕੇ। “ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਇਕ ਇਲਾਹੀ ਆਵਾਜ਼ ਹੈ। ਜਿਸ ਵਿਚੋਂ ਮਨੁੱਖਤਾ, ਭਾਈਚਾਰਾ, ਗਿਆਨ ਤੇ ਵੈਰਾਗ ਦਾ ਸੁਨੇਹਾ ਮਿਲਦਾ ਹੈ।”[84] ਇਸ ਸੁਨੇਹੇ

ਨੇ ਮਨੁੱਖੀ ਸਮਾਜ ਨੂੰ ਇਕ ਨਰੋਈ ਦਿਸ਼ਾ-ਨਿਰਦੇਸ਼ਨਾ ਪ੍ਰਦਾਨ ਕੀਤੀ।

ਉਪਰੋਕਤ ਵਿਚਾਰ-ਚਰਚਾ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਉਨ੍ਹਾਂ ਦੀ ਬੈਰਾਗਮਈ ਬਾਣੀ ਦਾ ਕੇਂਦਰੀ ਬਿੰਦੂ ਇਕ ਬੈਰਾਗੀ, ਪਰਉਪਕਾਰੀ, ਗੁਣ ਭਰਪੂਰ ਮਨੁੱਖ ਬਣਾਉਣ ਦਾ ਹੈ ਜੋ ਦਵੰਦਾਤਮਕ ਅਤੇ ਸੰਕੀਰਣਤਾ ਮੁਕਤ ਹੋ ਕੇ ਪੂਰਨ ਬ੍ਰਹਿਮੰਡ ਨਾਲ ਇਕਸੁਰ ਹੋ ਜਾਂਦਾ ਹੈ। ਉਨ੍ਹਾਂ ਨੇ ਇਕ ਸੁਤੰਤਰ, ਕਰਮਸ਼ੀਲ ਤੇ ਸੰਘਰਸ਼ਸ਼ੀਲ ਮਨੁੱਖ ਤੇ ਨਵਨਿਰਮਾਣ ਦਾ ਉਦੇਸ਼ ਸਾਹਮਣੇ ਰੱਖਿਆ ਹੋਇਆ ਸੀ ਜਿਸ ਦੇ ਅਨੁਸਾਰ ਰਾਜਸੀ ਗ਼ੁਲਾਮੀ ਦਾ ਪੂਰਨ ਵਿਰੋਧ ਕਰਕੇ ਰਾਜਸੀ ਅਤੇ ਸਭਿਆਚਾਰਕ ਅਜ਼ਾਦੀ ਦੀ ਚੇਤਨਾ ਪੈਦਾ ਕੀਤੀ। ਧਰਮ ਨੂੰ ਉਨ੍ਹਾਂ ਨੇ ਮਨੁੱਖੀ ਸਰੋਕਾਰਾਂ ਅਤੇ ਸਰਗਰਮੀਆਂ ਨਾਲ ਜੋੜ ਕੇ ਵਿਅਕਤੀਗਤ ਸਰੋਕਾਰਾਂ ਤੋਂ ਛੁਟਕਾਰਾ ਦੁਆ ਕੇ ਸਮਾਜਿਕ ਤਬਦੀਲੀ ਲਈ ਸੰਘਰਸ਼ ਦਾ ਰੂਪ ਦਿਤਾ ਜਿਸ ਦੇ ਫਲਸਰੂਪ ਇਕ ਬਲਵਾਨ ਕੌਮ ਦੀ ਉਸਾਰੀ ਦਾ ਮੰਤਵ ਸਾਹਮਣੇ ਆ ਗਿਆ। ਉਨ੍ਹਾਂ ਨੇ ਧਰਮ ਅਤੇ ਬੈਰਾਗ ਦੇ ਅੰਤਰਗਤ ਮਨੁੱਖ ਨੂੰ ਇਸ ਪ੍ਰਕਾਰ ਦੀ ਬੈਰਾਗ ਦੀ ਭਾਵਨਾ ਨਾਲ ਜੋੜਿਆ ਤਾਂ ਕਿ ਉਹ ਆਪਣਾ ਜੀਵਨ ਸਫ਼ਲ ਬਣਾ ਸਕੇ। ਉਨ੍ਹਾਂ ਦੀ ਦ੍ਰਿਸ਼ਟੀ ਤੋਂ ਪ੍ਰਭੂ ਮਿਲਾਪ ਲਈ ਧਰਮ ਅਤੇ ਬੈਰਾਗ ਸਹਿਜ ਯੋਗ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ 'ਚੋਂ ਉਤਪੰਨ ਹੋਇਆ ਬੈਰਾਗ ਇਸ ਧਰਤੀ ਉੱਤੇ ਧਰਮ ਦੀ ਸਥਾਪਨਾ ਹਿੱਤ ਮਨੁੱਖੀ ਮਨ ਅੰਦਰ ਕੁਰਬਾਨੀ ਜਾਂ ਸ਼ਹਾਦਤ ਦੇਣ ਦਾ ਚਾਉ ਪੈਦਾ ਕਰਦਾ ਹੈ ਕਿਉਂਕਿ ਉਸ ਸਮੇਂ ਹਿੰਦੂ ਨਿਰਭਉ ਨਹੀਂ ਸੀ। ਮੁਸਲਮਾਨ ਨਿਰਵੈਰ ਨਹੀਂ ਸੀ। ਇਸ ਲਈ ਇਨ੍ਹਾਂ ਦੋਹਾਂ ਧਰਮਾਂ ਦੇ ਸਨਮੁਖ ਨਿਰਭਉ ਨਿਰਵੈਰ ਦਾ ਚਿਤ੍ਰ ਲਿਆਉਣਾ ਉਨ੍ਹਾਂ ਦੇ ਲਈ ਬਹੁਤ ਜ਼ਰੂਰੀ ਸੀ ਤਾਂ ਕਿ ਅੰਦਰਲੀ ਸਾਂਝ ਦੇ ਆਧਾਰ ਤੇ ਬਾਹਰਲੀ ਸਾਂਝ ਸਥਾਪਤ ਕੀਤੀ ਜਾ ਸਕੇ। ਦੂਜੇ ਸੱਚੇ ਅਤੇ ਸੁਤੰਤਰ ਮਨੁੱਖ ਲਈ ਇਹ ਜ਼ਰੂਰੀ ਹੈ ਕਿ ਭੈਅ ਤੇ ਦਵੈਸ਼ ਤੋਂ ਰਹਿਤ ਹੋਵੇ। ਜੋ ਭੈਅ ਦਿੰਦਾ ਹੈ ਉਹ ਜ਼ਾਲਮ ਹੈ ਜੋ ਭੈਅ ਖਾਂਦਾ ਹੈ ਉਹ ਮਜ਼ਲੂਮ ਹੈ, ਇਹ ਦੋਵੇਂ ਅਵਸਥਾਵਾਂ ਅਸੰਤੁਲਤ ਜੀਵਨ ਦਾ ਸਿੱਟਾ ਹਨ। ਗੁਰੂ ਜੀ ਨੇ ਇਹ ਦੋ ਵਿਸ਼ੇਸ਼ਣ ਸੰਯੁਕਤ ਰੱਖ ਕੇ ਉੱਚਤਮ ਬੈਰਾਗ ਦੀ ਸਿਰਜਨਾ

ਕੀਤੀ ਜਿਸ ਦੇ ਆਧਾਰ 'ਤੇ ਸਰਬਤ ਦੇ ਭਲੇ ਵਾਲਾ ਉੱਚਾ ਮਨੁੱਖੀ ਚਰਿੱਤਰ ਉਸਾਰਿਆ ਗਿਆ। ਇਹ ਵੀ ਪ੍ਰਮਾਣਿਕ ਸਿਧਾਂਤ ਹੈ ਕਿ ਜੋ ਲੋਕ ਭੈਅ ਤੇ ਦਵੈਸ਼ ਭਾਵਨਾ ਦੇ ਸ਼ਿਕਾਰ ਹੁੰਦੇ ਹਨ ਉਹ ਕਾਲ ਅਤੇ ਜੋਨੀਆਂ ਦੇ ਚੱਕਰ ਵਿਚ ਹੀ ਹਮੇਸ਼ਾ ਭਟਕਦੇ ਰਹਿੰਦੇ ਹਨ। ਇਸੇ ਕਰਕੇ '*ਨਿਰਭਉ ਨਿਰਵੈਰ*' ਹੋਣਾ ਅਕਾਲ ਹੋਣਾ ਹੈ, ਮੌਤ ਤੇ ਜਿੱਤ ਪ੍ਰਾਪਤ ਕਰਕੇ ਇਸੇ ਜੀਵਨ ਵਿਚ ਮੁਕਤ ਹੋਣਾ ਹੈ। ਇਹ ਮਹਾਨ ਵਿਚਾਰ ਅੱਜ ਵੀ ਮਨੁੱਖ ਨੂੰ ਸਹੀ ਦਿਸ਼ਾ ਅਤੇ ਇਕ ਅਜਿਹੀ ਜ਼ਿੰਦਗੀ ਜਿਉਣ ਦੀ ਪ੍ਰੇਰਣਾ ਦਿੰਦੇ ਹਨ ਤਾਂ ਜੋ ਆਦਰਸ਼ ਸਮਾਜ ਦੀ ਸਿਰਜਣਾ ਹੋ ਸਕੇ । ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਆਪਣੇ ਯੁੱਗ ਦੇ ਹੀ ਨਹੀਂ ਸਗੋਂ ਆਉਣ ਵਾਲੇ ਯੁੱਗ ਦੇ ਵੀ ਸਪਸ਼ਟ ਚਿੰਤਕ ਸਨ। ਉਹ ਤਾਂ ਕੇਵਲ ਸਮਾਜ ਸੁਧਾਰ ਅਤੇ ਕਲਿਆਣ ਦੇ ਲਈ ਆਪਣੇ ਵਿਚਾਰਾਂ ਦਾ ਪ੍ਰਯੋਜਨ ਕਰਦੇ ਸਨ। ਉਨ੍ਹਾਂ ਵਿਚ ਯੁੱਗ ਪਰਿਵਰਤਨ ਅਤੇ ਦ੍ਰਿੜ ਵਿਸ਼ਵਾਸ ਦੀ ਅਥਾਹ ਸ਼ਕਤੀ ਸੀ। ਇਸ ਪ੍ਰਕਾਰ ਆਪ ਜੀ ਦਾ ਇਹ ਉੱਚਤਮ ਬੈਰਾਗ ਦਾ ਅਨੁਭਵ ਅਲੌਕਿਕ ਅਤੇ ਵਿਲੱਖਣ ਕਿਸਮ ਦਾ ਹੈ।

# *ਹਵਾਲੇ ਅਤੇ ਟਿੱਪਣੀਆਂ*

1. ਹਰਜੀਤ ਕੌਰ (ਸੰਪਾ.), *ਪੰਜਾਬੀ ਦੁਨੀਆ* (ਲੇਖ- ਗੁਰਬਾਣੀ ਵਿਚ 'ਵੈਰਾਗ' ਦੀ ਅਵਸਥਾ, ਡਾ. ਜਤਿੰਦਰਪਾਲ ਸਿੰਘ ਜੌਲੀ), ਪੰਨਾ 19.

2. लक्षमण चेला राम (अनु.), *वैरागयमई वाणी : गुरु तेग बहादर साहिब जी का मूल पाठ और अर्थ,* पृष्ठ १२-१३.

3. *वही,* पृष्ठ ११७.

4. ਹਰਜੀਤ ਕੌਰ (ਸੰਪਾ.), *ਪੰਜਾਬੀ ਦੁਨੀਆ* (ਲੇਖ- ਗੁਰਬਾਣੀ ਵਿਚ 'ਵੈਰਾਗ' ਦੀ ਅਵਸਥਾ, ਡਾ. ਜਤਿੰਦਰਪਾਲ ਸਿੰਘ ਜੌਲੀ), ਪੰਨਾ 20.

5. ਮਹਿੰਦਰ ਕੌਰ ਗਿਲ, *ਗੁਰੂ ਤੇਗ ਬਹਾਦਰ ਬਾਣੀ-ਅਧਿਅਨ*, ਪੰਨਾ 129-130.

6. *ਉਹੀ*, ਪੰਨਾ 132.

7. ਮਦਨ ਲਾਲ ਹਸੀਜਾ ਡਾ. (ਸੰਪਾ.), *ਪੰਜਾਬੀ ਦੁਨੀਆ* (ਲੇਖ- ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਮਾਨਵੀ ਸੰਕਟ ਦੇ ਵਿਸਤ੍ਰਿਤ ਪਾਸਾਰ, ਡਾ. ਊਮਾ ਸੇਠੀ), ਪੰਨਾ 123.

8. 'The central theme of Guru Tegh Bahadur's bani is the Gurmat idealism. It is the *Vairag* Of living pure amidst the impurities, it is living unsoiled amidst the impurities of worldliness, it is a *vairag* of transcendent, *the vairag of Self-denial and Self-Sacrifice for the good of all.*'
*http:// groups. Google. com / d / msg / alt. Religion eckankar*

9. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਤੀਜੀ, ਅੰਗ 1008.

10. ਤਾਰਨ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪ੍ਰੱਤਿਕਾ* (ਗੁਰੂ ਤੇਗ ਬਹਾਦਰ ਸ਼ਹੀਦੀ ਅੰਕ), ਪੰਨਾ 71.

11. ਸੁਰਿੰਦਰ ਸਿੰਘ ਕੋਹਲੀ (ਸੰਪਾ.), *ਗੁਰੂ ਤੇਗ ਬਹਾਦਰ ਜੀਵਨ, ਸਮਾਂ ਤੇ ਰਚਨਾ*, ਪੰਨਾ 128.

12. ਹਰਦਿਲਜੀਤ ਸਿੰਘ ਗੋਸਲ, *ਭਾਰਤੀ ਦਰਸ਼ਨ : ਦਾਰਸ਼ਨਿਕਤਾ ਅਤੇ ਸੰਕਲਪ*, ਪੰਨਾ 259.

13. ਰਾਮ ਸਿੰਘ, *ਬਾਣੀ ਗੁਰੂ ਤੇਗ ਬਹਾਦਰ, ਵਿਸ਼ਾ ਤੇ ਕਲਾ*, ਪੰਨਾ 38.

14. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਦੂਜੀ, ਅੰਗ 537.

15. ਰਾਮ ਸਿੰਘ, *ਬਾਣੀ ਗੁਰੂ ਤੇਗ ਬਹਾਦਰ, ਵਿਸ਼ਾ ਤੇ ਕਲਾ*, ਪੰਨਾ 26-27.

16. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਚੌਥੀ, ਅੰਗ 1427.

17. *ਉਹੀ*, ਸੈਂਚੀ ਚੌਥੀ, ਅੰਗ 1187.

18. *ਉਹੀ*, ਸੈਂਚੀ ਚੌਥੀ, ਅੰਗ 1186.

19. *ਉਹੀ*, ਸੈਂਚੀ ਚੌਥੀ, ਅੰਗ 1187.

20. ਰਾਮ ਸਿੰਘ, *ਬਾਣੀ ਗੁਰੂ ਤੇਗ਼ ਬਹਾਦਰ, ਵਿਸ਼ਾ ਤੇ ਕਲਾ*, ਪੰਨਾ 28.

21. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਦੂਜੀ, ਅੰਗ 703.

22. *ਉਹੀ*, ਸੈਂਚੀ ਚੌਥੀ, ਅੰਗ 1231.

23. ਹਰਦੀਪ ਸਿੰਘ, *ਸ੍ਰੀ ਗੁਰੂ ਤੇਗ ਬਹਾਦਰ ਦਰਸ਼ਨ*, (ਭੂਮਿਕਾ)

24. *ਉਹੀ*, ਪੰਨਾ 39.

25. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਪਹਿਲੀ, ਅੰਗ 220.

26 *ਉਹੀ*, ਸੈਂਚੀ ਦੂਜੀ, ਅੰਗ 536.

27. प्रेम प्रकाश सिंह (संपा.), *गुरु तेगबहादुर, जीवन, दर्शन और विवेचन*, पृष्ठ २३.

28. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਤੀਜੀ, ਅੰਗ 902.

29. *ਉਹੀ*, ਸੈਂਚੀ ਦੂਜੀ, ਅੰਗ 220.

30. *ਉਹੀ*, ਸੈਂਚੀ ਦੂਜੀ, ਅੰਗ 633.

31. *ਉਹੀ*, ਸੈਂਚੀ ਦੂਜੀ, ਅੰਗ 536.

32. *ਉਹੀ*, ਸੈਂਚੀ ਦੂਜੀ, ਅੰਗ 536.

33. *ਉਹੀ*, ਸੈਂਚੀ ਦੂਜੀ, ਅੰਗ 633.

34. *ਉਹੀ*, ਸੈਂਚੀ ਦੂਜੀ, ਅੰਗ 634.

35. *ਉਹੀ*, ਸੈਂਚੀ ਚੌਥੀ, ਅੰਗ 1187.

36. *ਉਹੀ*, ਸੈਂਚੀ ਚੌਥੀ, ਅੰਗ 1427.

37. *ਉਹੀ,* ਸੈਂਚੀ ਪਹਿਲੀ, ਅੰਗ 219.

38. *ਉਹੀ,* ਸੈਂਚੀ ਤੀਜੀ, ਅੰਗ 1008.

39. सुखदर्शन जोशी, *हिन्दी संत-काव्य परम्परा प्रीपेक्षत में श्री गुरु तेग बहादुर जी की वाणी का समीक्षत अध्ययन* (अप्रकाशित शोध-प्रबन्ध), पृष्ठ १०३.

40. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਚੌਥੀ, ਅੰਗ 1429.

41. ਕਿਸ਼ਨ ਸਿੰਘ ਪ੍ਰੋ., *ਗੁਰਬਾਣੀ ਦਾ ਸੱਚ*, ਸੇਧ ਪ੍ਰਕਾਸ਼ਨ, ਪੰਨਾ 189.

42. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਦੂਜੀ, ਅੰਗ 726.

43. ਮਹਿੰਦਰ ਕੌਰ ਗਿਲ, *ਗੁਰੂ ਤੇਗ ਬਹਾਦਰ ਬਾਣੀ-ਅਧਿਅਨ*, ਪੰਨਾ 6.

44. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਚੌਥੀ, ਅੰਗ 1426.

45. *ਉਹੀ,* ਸੈਂਚੀ ਚੌਥੀ, ਅੰਗ 1186.

46. ਪਿਆਰਾ ਸਿੰਘ ਪਦਮ ਪ੍ਰੋ., *ਤੇਗ ਬਹਾਦਰ ਸਿਮਰੀਐ*, ਪੰਨਾ 60.

47. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਪਹਿਲੀ, ਅੰਗ 220.

48. *ਉਹੀ*, ਸੈਂਚੀ ਚੌਥੀ, ਅੰਗ 1428.

49. *ਉਹੀ*, ਸੈਂਚੀ ਚੌਥੀ, ਅੰਗ 1428.

50. ਰਾਮ ਸਿੰਘ, *ਬਾਣੀ ਗੁਰੂ ਤੇਗ ਬਹਾਦਰ ਬਾਣੀ, ਵਿਸ਼ਾ ਤੇ ਕਲਾ*, ਪੰਨਾ 11.

51. *ਸਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਚੌਥੀ, ਅੰਗ 1351.

52. ਰਾਮ ਸਿੰਘ, *ਬਾਣੀ ਗੁਰੂ ਤੇਗ ਬਹਾਦਰ, ਵਿਸ਼ਾ ਤੇ ਕਲਾ*, ਪੰਨਾ 5.

53. *ਉਹੀ*, ਪੰਨਾ 13.

54. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਚੌਥੀ, ਅੰਗ 1426.

55. *ਉਹੀ,* ਸੈਂਚੀ ਚੌਥੀ, ਅੰਗ 1426.

56. *ਉਹੀ,* ਸੈਂਚੀ ਚੌਥੀ, ਅੰਗ 1428.

57. ਰਾਮ ਸਿੰਘ, *ਬਾਣੀ ਗੁਰੂ ਤੇਗ ਬਹਾਦਰ, ਵਿਸ਼ਾ ਤੇ ਕਲਾ*, ਪੰਨਾ 17.

58. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਚੌਥੀ, ਅੰਗ 1428.

59. *ਉਹੀ*, ਸੈਂਚੀ ਪਹਿਲੀ, ਅੰਗ 219.

60. *ਉਹੀ*, ਸੈਂਚੀ ਦੂਜੀ, ਅੰਗ 702.

61. *ਉਹੀ*, ਸੈਂਚੀ ਚੌਥੀ ਅੰਗ 1427.

62. *ਉਹੀ*, ਸੈਂਚੀ ਚੌਥੀ, ਅੰਗ 1427.

63. *ਉਹੀ*, ਸੈਂਚੀ ਚੌਥੀ, ਅੰਗ 1427.

64. *ਉਹੀ*, ਸੈਂਚੀ ਦੂਜੀ, ਅੰਗ 633.

65. *ਉਹੀ*, ਸੈਂਚੀ ਪਹਿਲੀ, ਅੰਗ 219.

66. *ਉਹੀ*, ਸੈਂਚੀ ਦੂਜੀ, ਅੰਗ 632.

67. ਰਾਮ ਸਿੰਘ, *ਬਾਣੀ ਗੁਰੂ ਤੇਗ ਬਹਾਦਰ, ਵਿਸ਼ਾ ਤੇ ਕਲਾ*, ਪੰਨਾ 11.

68. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਚੌਥੀ, ਅੰਗ 1428.

69. ਰਾਮ ਸਿੰਘ, *ਬਾਣੀ ਗੁਰੂ ਤੇਗ ਬਹਾਦਰ, ਵਿਸ਼ਾ ਤੇ ਕਲਾ*, ਪੰਨਾ 34.

70. ਤਾਰਨ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ* (ਗੁਰੂ ਤੇਗ ਬਹਾਦਰ ਸ਼ਹੀਦੀ ਅੰਕ), ਪੰਨਾ 67.

71. *ਉਹੀ*, ਪੰਨਾ 70.

72. ਬਲਜੀਤ ਕੌਰ ਡਾ., *ਗੁਰਬਾਣੀ : ਧਰਮ ਅਤੇ ਸਾਹਿਤ*, ਪੰਨਾ 67.

73. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਚੌਥੀ, ਅੰਗ 1427.

74. *ਉਹੀ*, ਸੈਂਚੀ ਪਹਿਲੀ, ਅੰਗ 220.

75. *ਉਹੀ*, ਸੈਂਚੀ ਚੌਥੀ, ਅੰਗ 1427.

76. *ਉਹੀ*, ਸੈਂਚੀ ਦੂਜੀ, ਅੰਗ 633.

77. *ਗੁਰਮਤਿ ਪ੍ਰਕਾਸ਼*, ਸਤੰਬਰ 2007, ਪੰਨਾ 12.

78. ਸੁਰਿੰਦਰ ਸਿੰਘ ਕੋਹਲੀ, *ਗੁਰੂ ਤੇਗ ਬਹਾਦਰ ਜੀਵਨ, ਸਮਾਂ ਤੇ ਰਚਨਾ*, ਪੰਨਾ 115.

79. सुखदर्शन जोशी, *हिन्दी संत-काव्य परम्परा प्रीपेक्षत में श्री गुरु तेग बहादुर जी की वाणी का समीक्षत अध्ययन* (अप्रकाशित शोध-प्रबन्ध), पृष्ठ १०३.

80. *htty:// the sikh spokesman newspaper, Canada.htm*

81. 'Guru Tegh Bahadurji throughout guided the people of Indian subcontinent in the direction of liberty, freedom, dignity and self-respet. Indeed that was the motivation behind his Vairag an Bhakti. In sum his Vairag meant the courage to sacrifice. He offered himself in sacrifice for the shake of dharma and freedom of faith.'

    *htty:// groups. Google. com / d / msg / alt. Religion eckankar*

82. ਕਿਸ਼ਨ ਸਿੰਘ ਪ੍ਰੋ., *ਗੁਰਬਾਣੀ ਦਾ ਸੱਚ*, ਪੰਨਾ 190.

83. *ਉਹੀ*, ਪੰਨਾ 183.

84. ਸਰਬਜਿੰਦਰ ਸਿੰਘ ਡਾ. (ਸੰਪਾ.), *ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ* (ਭਾਗ ਪਹਿਲਾ), ਪੰਨਾ 297.

## ਅਧਿਆਇ ਪੰਜਵਾਂ

# ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਬੈਰਾਗ ਦੀ ਵਿਲੱਖਣਤਾ : ਤੁਲਨਾਤਮਿਕ ਦ੍ਰਿਸ਼ਟੀਕੋਣ

**ਭੂਮਿਕਾ :**

ਮਨੁੱਖੀ ਇਤਿਹਾਸ ਵਿਚ ਵਿਭਿੰਨ ਪ੍ਰਕਾਰ ਦੇ ਸਮਾਜਿਕ, ਧਾਰਮਿਕ ਅਤੇ ਸੱਭਿਆਚਾਰਕ ਪਿਛੋਕੜ ਦੇ ਲੋਕ ਸਮੂਹਾਂ ਦੇ ਸਮੂਹਿਕ ਤੌਰ ’ਤੇ ਰਹਿਣ-ਸਹਿਣ ਨਾਲ ਮਨੁੱਖੀ ਮਨ ਵਿਚ ਇਕ ਵਿਸ਼ੇਸ਼ ਕਿਸਮ ਦੀ ਚੇਤਨਾ ਪੈਦਾ ਹੁੰਦੀ ਹੈ। ਇਸ ਚੇਤਨਾ ਦੇ ਨਾਲ ਮਨੁੱਖ ਦੂਸਰਿਆਂ ਦੇ ਸਮਾਜਿਕ, ਧਾਰਮਿਕ ਅਤੇ ਸੱਭਿਆਚਾਰਕ ਪਿਛੋਕੜ ਦੇ ਸੰਦਰਭ ਨੂੰ ਆਪਣੇ ਸਮਾਜਿਕ, ਧਾਰਮਿਕ ਅਤੇ ਸੱਭਿਆਚਾਰਕ ਪਿਛੋਕੜ ਦੇ ਨਾਲ-ਨਾਲ ਸਮਝਣ ਦਾ ਯਤਨ ਕਰਦਾ ਹੈ। ਇਤਿਹਾਸਕ ਤੌਰ ’ਤੇ ਅਧਿਐਨ ਕਰਦਿਆਂ ਵਿਦਤ ਹੁੰਦਾ ਹੈ ਕਿ ਹਰ ਧਰਮ ਦਾ ਆਪਣਾ ਇਕ ਵਿਸ਼ੇਸ਼ ਧਾਰਮਿਕ ਸੱਭਿਆਚਾਰਕ ਆਰੰਭ ਹੁੰਦਾ ਹੈ। ਜਿਸ ਦਾ ਆਪਣਾ ਇਕ ਵਿਸ਼ੇਸ਼ ਸਮਾਂ-ਸਥਾਨ, ਧਾਰਨਾਵਾਂ, ਰੀਤੀ-ਰਿਵਾਜ ਅਤੇ ਮਰਿਯਾਦਾਵਾਂ ਹੁੰਦੀਆਂ ਹਨ। ਇਨ੍ਹਾਂ ਧਾਰਮਿਕ ਅਤੇ ਸੱਭਿਆਚਾਰਕ ਮਰਿਯਾਦਾਵਾਂ ਨੂੰ ਉਸ ਸਮੂਹ ਦੇ ਲੋਕ ਹੀ ਚੰਗੀ ਤਰ੍ਹਾਂ ਸਮਝ ਸਕਦੇ ਹਨ ਜਿਹੜੇ ਕਿ ਉਸ ਨਾਲ ਸੰਬੰਧ ਰੱਖਦੇ ਹਨ ਜਾਂ ਫਿਰ ਉਹ ਲੋਕ ਜਿਹੜੇ ਆਪਣੇ ਧਰਮ ਤੋਂ ਇਲਾਵਾ ਕਿਸੇ ਵਿਸ਼ੇਸ਼ ਧਰਮ ਦਾ ਦੀਰਘ ਅਧਿਐਨ ਕਿਸੇ ਵਿਸ਼ੇਸ਼ ਵਿਧੀਵਤ ਢੰਗ ਨਾਲ ਕਰਦੇ ਹਨ।

ਪੂਰਬੀ ਅਤੇ ਪੱਛਮੀ ਧਰਮਾਂ ਵਿਚ ‘ਬੈਰਾਗ’ ਦੇ ਸੰਕਲਪ ਪ੍ਰਤੀ ਦ੍ਰਿਸ਼ਟੀਕੋਣ ਵੱਖਰਾ-ਵੱਖਰਾ ਦ੍ਰਿਸ਼ਟੀਗੋਚਰ ਹੁੰਦਾ ਹੈ। ਕਈ ਪੂਰਬੀ ਧਰਮਾਂ ਵਿਚ ਬੈਰਾਗ ਤੋਂ ਭਾਵ ਮਨੁੱਖੀ ਜੀਵਨ ਵਿਚ ਮਨੁੱਖ ਦਾ ਦ੍ਰਿਸ਼ਟ ਸੰਸਾਰ ਤੋਂ ਉਪਰਾਮ ਹੋ ਕੇ ਜੰਗਲਾਂ ਵਿਚ ਚਲੇ ਜਾਣਾ ਜਾਂ ਪਰਬਤਾਂ ਦੀਆਂ ਕੰਦਰਾਂ ਵਿਚ ਛੁਪ ਕੇ ਮੁਕਤੀ ਦੀ ਪ੍ਰਾਪਤੀ ਲਈ ਇਕਾਂਤ ਵਿਚ ਰਹਿ ਕੇ ਜੀਵਨ ਬਤੀਤ ਕਰਨਾ ਸਵੀਕਾਰ ਕੀਤਾ ਗਿਆ ਹੈ। ਉੱਥੇ ਸਾਧਕ ਸੁੰਨ ਅਵਸਥਾ ਵਿਚ ਕਠੋਰ ਤਪ ਕਰਦੇ, ਸਰੀਰਕ ਕਸ਼ਟ ਸਹਿੰਦੇ, ਵਿਭੂਤੀਆਂ ਮਲਦੇ ਅਤੇ ਸੰਸਾਰਕ ਨਾਸ਼ਮਾਨਤਾ ਦੇ ਪ੍ਰਤੀਕਾਂ ਦਾ ਪ੍ਰਯੋਗ ਕਰਦੇ ਹਨ। ਪਰ

ਕਈ ਧਰਮਾਂ ਵਿਚ ਮਨੁੱਖ ਨੂੰ ਮਨੁੱਖੀ ਸਮਾਜ ਵਿਚ ਰੋਜ਼ਾਨਾ ਜੀਵਨ ਦੇ ਕਾਰ-ਵਿਹਾਰ ਕਰਦਿਆਂ ਮੁਕਤੀ ਦੀ ਪ੍ਰਾਪਤੀ ਲਈ ਇਸ ਦ੍ਰਿਸ਼ਟ ਸੰਸਾਰ ਵਿਚ ਵਿਚਰਦਿਆਂ ਬੈਰਾਗ ਧਾਰਨ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ।

ਇਸ ਅਧਿਆਇ ਵਿਚ ਹੋਰਨਾਂ ਧਰਮਾਂ ਦੇ ਮੁਕਾਬਲੇ ਤੁਲਨਾਤਮਕ ਅਧਿਐਨ ਕਰਕੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚੋਂ ਉਤਪੰਨ ਹੋਏ ਬੈਰਾਗ ਦੀ ਵਿਲੱਖਣਤਾ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ। ਤੁਲਨਾਤਮਿਕ ਅਧਿਐਨ ਕਰਦਿਆਂ ਪੂਰਬੀ ਅਤੇ ਪੱਛਮੀ (ਸਾਮੀ) ਧਰਮਾਂ ਨੂੰ ਆਧਾਰ ਬਣਾਇਆ ਹੈ ਪਰ ਨਿਕਟ ਦ੍ਰਿਸ਼ਟੀ ਤੋਂ ਪੂਰਬੀ ਧਰਮਾਂ ਦੇ ਬੈਰਾਗ ਸੰਕਲਪ ਨੂੰ ਵਿਸ਼ੇਸ਼ ਤੌਰ 'ਤੇ ਅਧਿਐਨ ਕਾਰਜ ਹੇਠ ਲਿਆਂਦਾ ਹੈ ਕਿਉਂਕਿ ਬੈਰਾਗ ਦਾ ਸੰਕਲਪ ਪੱਛਮੀ ਧਰਮਾਂ ਦੇ ਮੁਕਾਬਲੇ ਵਧੇਰੇ ਕਰਕੇ ਪੂਰਬੀ ਧਰਮਾਂ ਵਿਚੋਂ ਹੀ ਉਜਾਗਰ ਹੁੰਦਾ ਹੈ।

**(ੳ) ਭਾਰਤੀ ਧਰਮ :**

ਪੁਰਾਤਨ ਕਾਲ ਤੋਂ ਹੀ ਭਾਰਤੀ ਧਰਮਾਂ ਵਿਚ ਮਨੁੱਖ ਦਾ ਪਰਮ ਉਦੇਸ਼ ਮੁਕਤੀ ਦੀ ਪ੍ਰਾਪਤੀ ਲਈ ਬੈਰਾਗ ਧਾਰਨ ਕਰਨਾ ਜ਼ਰੂਰੀ ਮੰਨਿਆ ਗਿਆ ਹੈ। ਧਰਮ ਸਾਧਨਾ ਵਿਚ ਬੈਰਾਗ ਨੂੰ ਇਕ ਮਾਰਗ ਦੇ ਤੌਰ 'ਤੇ ਪ੍ਰਵਾਨ ਕੀਤਾ ਗਿਆ ਹੈ। ਜਿੰਨੀ ਦੇਰ ਤੱਕ ਮਨੁੱਖੀ ਮਨ ਵਿਚ ਬੈਰਾਗ ਦੀ ਭਾਵਨਾ ਪੈਦਾ ਨਹੀਂ ਹੁੰਦੀ ਉਦੋਂ ਤੱਕ ਮਨੁੱਖ ਆਪਣੇ ਉਦੇਸ਼ ਵਿਚ ਸਫ਼ਲ ਨਹੀਂ ਹੋ ਸਕਦਾ। ਨਿਵਰਤ ਬੈਰਾਗੀ ਪਰੰਪਰਾ ਦੇ ਅਨੁਸਾਰ ਬੈਰਾਗ ਦੇ ਸਿਧਾਂਤ ਦੇ ਪ੍ਰਮੁੱਖ ਬੁਨਿਆਦੀ ਤੱਤ : ਗ੍ਰਿਸਥ ਜੀਵਨ ਦਾ ਤਿਆਗ, ਹਠ ਜੋਗ ਤੇ ਕਰਮ-ਕਾਂਡ ਨਾਲ ਸਿੱਧੀ ਦੀ ਇੱਛਾ ਤੇ ਸਿਰਫ਼ ਆਪਣਾ ਕਲਿਆਣ ਹੀ ਹਨ। ਇਸ ਦੇ ਸਮਵਿੱਥ ਹੋਰਨਾਂ ਧਰਮਾਂ ਜਾਂ ਮੱਤਾਂ ਵਿਚ ਬੈਰਾਗ ਦਾ ਮੰਤਵ ਜਨ ਕਲਿਆਣ ਵੀ ਰਿਹਾ ਹੈ।

**1. ਹਿੰਦੂ ਧਰਮ ਵਿਚ ਬੈਰਾਗ :**

ਹਿੰਦੂ ਧਰਮ ਭਾਰਤ ਦਾ ਅਤਿਅੰਤ ਪ੍ਰਾਚੀਨ ਧਰਮ ਹੈ। ਇਸ ਦੀਆਂ ਜੜ੍ਹਾਂ ਦੁਨਿਆਵੀ ਇਤਿਹਾਸਕ ਕਾਲ ਤੋਂ ਵੀ ਪੂਰਬਕਾਲੀ ਮੰਨੀਆਂ ਗਈਆਂ ਹਨ। ਇਸੇ ਕਰਕੇ ਹੀ ਇਸ ਵਿਚੋਂ ਹੋਰ

ਅਨੇਕਾਂ ਧਰਮ ਉਤਪੰਨ ਹੋਏ ਹਨ। ਇਸ ਵਿਚ ਅਨੇਕਾਂ ਸੰਸਕ੍ਰਿਤੀਆਂ, ਵਰਗ ਸ਼੍ਰੇਣੀਆਂ ਅਤੇ ਬਹੁ-ਮਿਸ਼ਰਤ ਧਰਮਾਂ ਦਾ ਮਿਲ-ਗੋਭਾ ਹੈ। ਇਸ ਧਰਮ ਵਿਚ ਪ੍ਰਾਚੀਨ ਕਾਲ, ਮੱਧ ਕਾਲ ਅਤੇ ਵਰਤਮਾਨ ਕਾਲ ਦੇ ਅਨੇਕਾਂ ਸਾਧੂਆਂ, ਨੈਤਿਕ ਸੁਧਾਰਕਾਂ ਅਤੇ ਵਿਚਾਰਕਾਂ ਦੇ ਧਾਰਮਿਕ ਅਤੇ ਸਦਾਚਾਰਕ ਵਿਚਾਰਾਂ ਦਾ ਸੰਯੋਜਨ ਹੈ। ਇਸ ਦਾ ਦ੍ਰਿਸ਼ਟੀਕੋਣ ਉਦਾਰ ਅਤੇ ਵਿਆਪਕ ਹੈ।

ਹਿੰਦੂ ਧਰਮ ਦੀ ਠੀਕ ਤੇ ਪੂਰੀ ਸੁਨਿਸ਼ਚਤਤਾ ਨਾਲ ਪਰਿਭਾਸ਼ਾ ਕਰਨੀ ਬਹੁਤ ਮੁਸ਼ਕਲ ਹੈ । ਇਸ ਦਾ ਅੰਸ਼ ਜਾਂ ਮੂਲ ਤੱਤ, ਜੇ ਕੋਈ ਹੈ ਤਾਂ ਹਰ ਯੁੱਗ ਵਿਚ ਹਰ ਸੰਗਠਨ ਵਿਚ ਬਦਲਦਾ ਰਿਹਾ ਹੈ। ਵੈਦਿਕ ਯੁੱਗ ਵਿਚ ਇਹਦਾ ਅਰਥ ਹੋਰ ਸੀ, ਪੁਰਾਣਿਕ ਯੁੱਗ ਵਿਚ ਹੋਰ ਅਤੇ ਮਹਾਂਕਾਵਿਕ ਕਾਲ ਵਿਚ ਹੋਰ। ਇਤਿਹਾਸਕ ਦ੍ਰਿਸ਼ਟੀ ਤੋਂ 'ਹਿੰਦੂ ਧਰਮ ਪੁਰਾਣਾ ਹੈ, ਪਰੰਤੂ ਉਸ ਦਾ 'ਹਿੰਦੂ' ਨਾਮਕਰਨ ਨਵਾਂ ਹੈ। ਕੁੱਝ ਲੋਕਾਂ ਦਾ ਕਹਿਣਾ ਹੈ ਕਿ ਪਾਰਸੀਆਂ ਨੇ 'ਸਿੰਧੂ' ਸ਼ਬਦ ਦਾ ਉਚਾਰਣ 'ਹਿੰਦੂ' ਦੇ ਰੂਪ ਵਿਚ ਕੀਤਾ ਜਿਸ ਦੇ ਫਲਸਰੂਪ 'ਸਿੰਧੂ' ਸ਼ਬਦ ਤੋਂ 'ਹਿੰਦੂ' ਸ਼ਬਦ ਦਾ ਵਿਕਾਸ ਹੋਇਆ।'[1] ਭਾਈ ਕਾਨ੍ਹ ਸਿੰਘ ਨਾਭਾ ਨੇ ਵਿਸ਼ੇਸ਼ ਕਰਕੇ ਹਿੰਦੂ ਦਾ ਲੱਛਣ ਇਹ ਮੰਨਿਆ ਹੈ ਕਿ ਜੋ ਚਾਰ ਵਰਣ ਦੀ ਮਰਯਾਦਾ ਰੱਖਦਾ, ਵੇਦਾਂ ਨੂੰ ਧਰਮ ਪੁਸਤਕ ਮੰਨਦਾ ਅਤੇ ਗਊ ਦਾ ਮਾਸ ਨਹੀਂ ਖਾਂਦਾ, ਉਹ ਹਿੰਦੂ ਹੈ।[2] ਵਰਣ ਅਵਸਥਾ ਉਸ ਨੂੰ ਮਰਯਾਦਾ ਵਿਚ ਬੰਨ੍ਹ ਕੇ ਰੱਖਦੀ ਹੈ। ਵੇਦਾਂ ਤੋਂ ਉਹ ਈਸ਼ਵਰੀ ਗਿਆਨ ਪ੍ਰਾਪਤ ਕਰਦਾ ਹੈ।

ਪ੍ਰਸਿੱਧ ਵਿਦਵਾਨ ਖੁਸ਼ਵੰਤ ਸਿੰਘ ਆਪਣੀ ਪੁਸਤਕ 'ਸਿੱਖ ਇਤਿਹਾਸ' ਵਿਚ ਲਿਖਦੇ ਹਨ ਕਿ "ਹਿੰਦੂ ਧਰਮ ਕੀ ਹੈ, ਇਹ ਇਕ ਐਸਾ ਸੁਆਲ ਹੈ ਜਿਸਦਾ ਸਰਲ ਤੇ ਆਮ ਸਮਝ ਵਿਚ ਆ ਸਕਣ ਵਾਲਾ ਉੱਤਰ ਦੇਣ ਦੀ ਸਮ੍ਰੱਥਾ ਕਿਸੇ ਵਿਚ ਵੀ ਨਹੀਂ ਹੈ। ਐਸਾ ਕੋਈ ਮੱਤ ਨਹੀਂ ਜੋ ਇਸ ਦੇ ਸਿਧਾਂਤਾਂ ਤੇ ਵਿਸ਼ਵਾਸਾਂ ਦਾ ਅਧਿਕਾਰਪੂਰਨ ਸਾਰ ਦੱਸ ਸਕੇ। ਇਸ ਦੀ ਰਚਨਾ ਕਰਨ ਵਾਲੀ ਕੋਈ ਇਤਿਹਾਸਕ ਸ਼ਖ਼ਸੀਅਤ ਵੀ ਨਹੀਂ ਜਿਸਦੇ ਜੀਵਨ ਤੋਂ ਇਸ ਧਰਮ ਦੇ ਆਰੰਭ ਬਾਰੇ ਜਾਂਚ ਕੀਤੀ ਜਾ ਸਕੇ। ਇਸ ਨੂੰ ਧਰਮ ਕਹਿਣ ਦੀ ਥਾਂ ਤੇ ਧਰਮਾਂ ਦਾ ਮਹਾਨ ਕੋਸ਼ ਕਿਹਾ ਜਾ ਸਕਦਾ ਹੈ।"[3]

ਹਿੰਦੂਤਵ ਧਰਮ ਵਿਚ ਚਾਰ ਪੁਰਸ਼ਾਰਥਾਂ ਅਤੇ ਚਾਰ ਆਸ਼ਰਮਾਂ ਨੂੰ ਬਹੁਤ ਮਾਨਤਾ ਪ੍ਰਾਪਤ ਹੈ। ਇੰਨ੍ਹਾਂ ਚਾਰ ਪੁਰਸ਼ਾਰਥਾਂ ਨੂੰ ਵਿਅਕਤੀ ਚਾਰ ਆਸ਼ਰਮਾਂ ਵਿਚ ਵਿਚਰਦਿਆਂ ਹੋਇਆਂ ਹੀ ਪ੍ਰਾਪਤ ਕਰ ਸਕਦਾ ਹੈ। ਧਰਮ ਪੁਰਸ਼ਾਰਥ ਦੀ ਪ੍ਰਾਪਤੀ ਲਈ ਚਾਰੇ ਆਸ਼ਰਮ ਮੌਕੇ ਅਤੇ ਸਾਧਨ ਪ੍ਰਦਾਨ ਕਰਦੇ ਹਨ। ਅਰਥ ਅਤੇ ਕਾਮ ਪੁਰਸ਼ਾਰਥਾਂ ਲਈ ਗ੍ਰਿਹਸਥ-ਆਸ਼ਰਮ ਮੌਕੇ ਅਤੇ ਸਾਧਨ ਪ੍ਰਦਾਨ ਕਰਦਾ ਹੈ। ਮੋਖਸ਼-ਪੁਰਸ਼ਾਰਥ ਦੀ ਪ੍ਰਾਪਤੀ ਲਈ ਵਾਨਪ੍ਰਸਥ ਅਤੇ ਸੰਨਿਆਸ ਆਸ਼ਰਮ ਯੋਗ ਸਾਧਨ ਪ੍ਰਵਾਨ ਕੀਤੇ ਗਏ ਹਨ।

**(ੳ) ਚਾਰ ਪੁਰਸ਼ਾਰਥ :**

ਹਿੰਦੂ ਧਰਮ ਵਿਚ (1. ਧਰਮ 2. ਅਰਥ 3. ਕਾਮ 4. ਮੋਖਸ਼) ਇਹ ਚਾਰ ਪੁਰਸ਼ਾਰਥ ਮੰਨੇ ਗਏ ਹਨ :

**1. ਧਰਮ** : ਧਰਮ ਪਹਿਲਾ ਪੁਰਸ਼ਾਰਥ ਹੈ। ਨਿਯਮਬਧ, ਸੰਜਮਪੂਰਣ ਅਤੇ ਸਾਤਵਿਕ ਜੀਵਨ ਹੀ ਧਰਮਗਤ ਜੀਵਨ ਹੈ। ਧਰਮ ਹੀ ਮਨੁੱਖ ਦੇ ਕਰਮਾਂ ਨੂੰ ਨਿਯਮਤ ਅਤੇ ਨਿਯੰਤ੍ਰਿਤ ਕਰਦਾ ਹੈ ਅਤੇ ਇਸ ਨੂੰ ਇਕ ਅਰੋਗ ਅਤੇ ਉੱਜਲ ਜੀਵਨ ਜਿਉਣ ਦਾ ਮਾਰਗ ਦਰਸਾਉਂਦਾ ਹੈ। ਭਾਰਤੀ ਚਿੰਤਕਾਂ ਨੇ ਧਰਮ ਦੇ ਮੁਖ ਤੌਰ ਤੇ ਦੋ ਭੇਦ ਕੀਤੇ ਹਨ-ਵਿਸ਼ਿਸ਼ਟ ਅਥਵਾ ਵਿਸ਼ੇਸ਼ ਧਰਮ ਅਤੇ ਸਾਧਾਰਣ ਧਰਮ ਅਥਵਾ ਆਮ ਧਰਮ। ਵਿਸ਼ਸ਼ਟ ਧਰਮ ਨਾਲ ਸੰਬੰਧਿਤ ਦੇਸ਼-ਧਰਮ, ਜਾਤੀ-ਧਰਮ, ਕੁਲ-ਧਰਮ ਤੋਂ ਇਲਾਵਾ ਧਾਰਮਿਕ ਚਿੰਤਕਾਂ ਨੇ ਹੋਰ ਵੀ ਕਈ ਪ੍ਰਕਾਰ ਦੇ ਸਮਾਰਤ (ਸਮ੍ਰਿਤੀਆਂ ਵਿਚ ਦਰਜ) ਧਰਮਾਂ ਦਾ ਜ਼ਿਕਰ ਕੀਤਾ ਹੈ ਜਿਵੇਂ ਵਰਣ-ਧਰਮ ਅਤੇ ਆਸ਼੍ਰਮ ਧਰਮ ਆਦਿ। ਸਾਧਾਰਣ ਧਰਮ ਮਨੁੱਖ ਦੇ ਮਾਨਵਵਾਦੀ ਨੈਤਿਕ ਧਰਮ ਨਾਲ ਸੰਬੰਧਿਤ ਹੈ। ਇਸ ਦੇ ਅੰਤਰਗਤ ਅਨੇਕ ਮਨੁੱਖੀ ਕਦਰਾਂ-ਕੀਮਤਾਂ ਨੂੰ ਰੱਖਿਆ ਗਿਆ ਹੈ ਜਿਵੇਂ ਸਤਯ, ਬ੍ਰਹਮਚਰਯ, ਦਮ (ਇੰਦਰੀ-ਸੰਜਮ) ਖਿਮਾ, ਸ਼ਰਧਾ, ਸ਼ੀਲ, ਮਧੁਰਬਚਨ ਅਤੇ ਅਤਿਥੀ ਸੇਵਾ ਆਦਿ।

**2. ਅਰਥ** : ਅਰਥ ਨੂੰ ਪੁਰਸ਼ਾਰਥ ਵਿਚ ਦੂਜਾ ਸਥਾਨ ਪ੍ਰਾਪਤ ਹੈ। ਅਰਥ ਤੇ ਕੇਵਲ ਮਨੁੱਖ ਦਾ ਸੁਖ ਹੀ ਨਿਰਭਰ ਹੀ ਨਹੀਂ ਕਰਦਾ ਬਲਕਿ ਉਸਦਾ ਸਮੁੱਚਾ ਜੀਵਨ ਵੀ ਨਿਰਭਰ ਕਰਦਾ ਹੈ।

ਅਰਥ ਤੋਂ ਬਿਨਾਂ ਜੀਵਨ ਬੇਅਰਥ ਹੋ ਜਾਂਦਾ ਹੈ। ਅਰਥ ਤੋਂ ਬਿਨਾਂ ਸੁੱਖ ਦੀ ਕੋਈ ਵੀ ਕਾਮਨਾ ਨਹੀਂ ਕੀਤੀ ਜਾ ਸਕਦੀ। ਕਾਮ ਦੀ ਪ੍ਰਾਪਤੀ ਦੇ ਲਈ ਅਰਥ ਦੀ ਜ਼ਰੂਰਤ ਹੁੰਦੀ ਹੈ। 'ਭਰਥਰੀ ਹਰੀ ਨੇ ਅਰਥ ਦੀ ਮਹੱਤਤਾ ਦਸਦੇ ਹੋਏ ਕਿਹਾ ਹੈ ਕਿ ਧਨੀ ਵਿਅਕਤੀ ਹੀ ਕੁਲੀਨ, ਪੰਡਤ, ਗਿਆਨੀ, ਗੁਣੀ, ਵਕਤਾ ਅਤੇ ਸੁੰਦਰ ਮੰਨਿਆ ਜਾਂਦਾ ਹੈ। ਵਸਤੂ ਦੀ ਪ੍ਰਾਪਤੀ ਨੂੰ ਜੀਵਨ ਦਾ ਉਦੇਸ਼ ਮੰਨਿਆ ਗਿਆ ਹੈ। ਕਿਹਾ ਗਿਆ ਹੈ :

*ਧਨਾਤੁ: ਧਰਮ: ਤਤ: ਸੁਖਮ।*

ਧਨ ਤੋਂ ਧਰਮ ਅਤੇ ਧਰਮ ਤੋਂ ਸੁੱਖ ਮਿਲਦਾ ਹੈ। ਜਿਨ੍ਹਾਂ ਲੋਕਾਂ ਦਾ ਜੀਵਨ ਬੋਝਲ ਅਤੇ ਆਰਥਿਕ ਸੰਕਟ ਵਿਚ ਹੁੰਦਾ ਹੈ ਉਹ ਧਾਰਮਿਕ ਨਹੀਂ ਹੋ ਸਕਦੇ। ਆਰਥਿਕ ਅਸੁਰੱਖਿਆ ਅਤੇ ਧਾਰਮਿਕ ਜੀਵਨ ਆਪਸ ਵਿਰੋਧੀ ਹਨ। ਭਾਵੇਂ ਹਿੰਦੂ ਧਰਮ ਵਿਚ ਅਰਥ ਨੂੰ ਪੁਰਸ਼ਾਰਥ ਮੰਨਿਆ ਗਿਆ ਹੈ ਫਿਰ ਵੀ ਧਨ ਇਕੱਤਰ ਕਰਨ ਦੀ ਆਗਿਆ ਨਹੀਂ ਦਿਤੀ ਗਈ। ਅਰਥ ਨਾਲ ਉਸਦਾ ਸੰਬੰਧ ਉਨਾਂ ਕੁ ਹੀ ਹੋਵੇ ਜਿੰਨੀ ਕਿ ਜ਼ਰੂਰਤ ਹੋਵੇ। ਜੇਕਰ ਕੋਈ ਵਿਅਕਤੀ ਜ਼ਰੂਰਤ ਤੋਂ ਜ਼ਿਆਦਾ ਧਨ ਇਕੱਤਰ ਕਰਦਾ ਹੈ ਤਾਂ ਉਹ ਅਨੈਤਿਕਤਾ ਨੂੰ ਪਹਿਲ ਦਿੰਦਾ ਹੈ।'[4]

3. **ਕਾਮ** : ਹਿੰਦੂ ਧਰਮ ਵਿਚ ਕਾਮ ਨੂੰ ਤੀਸਰਾ ਪੁਰਸ਼ਾਰਥ ਕਿਹਾ ਗਿਆ ਹੈ। ਕਾਮ ਸ਼ਬਦ ਦਾ ਪ੍ਰਯੋਗ ਸਾਡੀਆਂ ਸਾਰੀਆਂ ਗਿਆਨ ਇੰਦਰੀਆਂ ਤੋਂ ਪ੍ਰਾਪਤ ਸੁੱਖ ਦੇ ਲਈ ਹੁੰਦਾ ਹੈ। ਉਦਾਹਰਣ ਦੇ ਤੌਰ ਤੇ ਮਨੋਹਰ ਦ੍ਰਿਸ਼, ਮਧੁਰ ਸੰਗੀਤ ਆਦਿ ਦੇ ਅਨੁਭਵ ਨੂੰ ਕਾਮ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਕਾਮ ਦਾ ਭਾਵ ਸਾਡੀਆਂ ਇੰਦਰੀਆਂ ਤੋਂ ਉਤਪੰਨ ਹੋਇਆ ਯੋਨ ਸੁੱਖ ਤੋਂ ਹੈ। ਇਹ ਨਰ-ਨਾਰੀ ਦੇ ਸੰਯੋਗ ਤੋਂ ਲਿਆ ਗਿਆ ਹੈ। ਹਿੰਦੂ ਧਰਮ ਵਿਚ ਯੋਨ ਸੁੱਖ ਨੂੰ ਅਨੈਤਿਕ ਨਹੀਂ ਮੰਨਿਆ ਗਿਆ ਇਹੀ ਕਾਰਣ ਹੈ ਕਿ ਹਿੰਦੂ ਧਰਮ ਵਿਚ ਦੇਵੀ-ਦੇਵਤਿਆਂ ਦੇ ਵੀ ਵਿਆਹ ਹੋਣ ਦੀ ਕਲਪਨਾ ਕੀਤੀ ਗਈ ਹੈ। ਵਿਆਹ ਨੂੰ ਇੱਥੇ ਅਧਿਆਤਮਿਕ ਉੱਨਤੀ ਦਾ ਉੱਤਮ ਸਾਧਨ ਮੰਨਿਆ ਗਿਆ ਹੈ।

4. **ਮੋਖਸ਼** : ਹਿੰਦੂ ਧਰਮ ਅਨੁਸਾਰ ਮਨੁੱਖੀ ਜੀਵਨ ਨੂੰ ਇਸ ਲੋਕ ਵਿਚ ਸੁਖੀ, ਸਮ੍ਰਿੱਧ ਅਤੇ ਨਿਰੋਗ ਬਣਾਕੇ ਪੂਰੇ ਸੌ ਸਾਲ ਦੀ ਉਮਰ ਪ੍ਰਾਪਤ ਕਰਨਾ ਅਤੇ ਅੰਤ ਵਿਚ ਜਨਮ-ਮਰਨ ਦੇ ਚੱਕਰ ਤੋਂ ਛੁਟਕਾਰਾ ਦਿਵਾਕੇ ਮੁਕਤ ਕਰ ਦੇਣਾ ਹੈ।

ਉਪਰੋਕਤ ਚਾਰ ਪੁਰਸ਼ਾਰਥ ਮਨੁੱਖੀ ਸੁਭਾਅ ਦੇ ਵਿਭਿੰਨ ਪਹਿਲੂਆਂ ਦੀ ਅਗਵਾਈ ਵੀ ਕਰਦੇ ਹਨ। ਇਹ ਪਹਿਲੂ ਹਨ ਮੂਲ ਪ੍ਰਵਿਰਤੀ ਆਤਮਿਕ, ਸੰਵੇਗਾਤਮਿਕ, ਆਰਥਿਕ, ਬੌਧਿਕ, ਨੈਤਿਕ ਅਤੇ ਅਧਿਆਤਮਿਕ। ਕਾਮ ਮਨੁੱਖ ਦੇ ਸੰਵੇਗਾਤਮਿਕ ਪਹਿਲੂ ਦੀ ਅਭਿਵਿਅਕਤੀ ਕਰਦਾ ਹੈ। ਅਰਥ ਮਨੁੱਖ ਦੇ ਆਰਥਿਕ ਪਹਿਲੂ ਦਾ ਪ੍ਰਕਾਸ਼ਨ ਕਰਦਾ ਹੈ, ਧਰਮ ਮਨੁੱਖ ਦੇ ਨੈਤਿਕ ਪੱਖ ਨੂੰ ਪੇਸ਼ ਕਰਦਾ ਹੈ। ਮੋਖਸ਼ ਮਨੁੱਖੀ ਸੁਭਾਵਨਾ ਦੇ ਅਧਿਆਤਮਿਕ ਪਹਿਲੂ ਦੀ ਪ੍ਰਤਿਨਿਧਤਾ ਕਰਦਾ ਹੈ।

(**ਅ**) **ਆਸ਼ਰਮ ਵਿਵਸਥਾ** : 'ਹਿੰਦੂ ਧਰਮ ਗ੍ਰੰਥਾਂ ਅਨੁਸਾਰ ਮਨੁੱਖੀ ਜ਼ਿੰਦਗੀ ਨੂੰ ਔਸਤ ਉਮਰ ਸੌ ਸਾਲ ਮੰਨ ਕੇ ਇਸ ਨੂੰ ਚਾਰ ਹਿੱਸਿਆ ਵਿਚ ਵੰਡਿਆ ਗਿਆ ਹੈ : ਬ੍ਰਹਿਮਚਰਜ, ਗ੍ਰਿਹਸਥ, ਬਾਨਪ੍ਰਸਥ ਅਤੇ ਸੰਨਿਆਸ।'[5] ਮਨੁੱਖ ਦਾ ਜੀਵਨ ਬਾਲ ਅਵਸਥਾ ਤੋਂ ਸ਼ੁਰੂ ਹੁੰਦਾ ਹੈ ਅਤੇ ਬਿਰਧ ਅਵਸਥਾ ਨੂੰ ਪ੍ਰਾਪਤ ਹੋਣ ਪਿੱਛੋਂ ਖ਼ਤਮ ਹੋ ਜਾਂਦਾ ਹੈ। ਸਾਰੇ ਮਨੁੱਖ ਵਿਰਧ ਅਵਸਥਾ ਨੂੰ ਪ੍ਰਾਪਤ ਕਰਨ ਤੋਂ ਪਿੱਛੋਂ ਨਹੀਂ ਮਰਦੇ ਬਲਕਿ ਕੁਝ ਜਨਮ ਲੈਣ ਸਾਰ ਹੀ ਮਰਦੇ ਹਨ ਅਤੇ ਕੁਝ ਜਵਾਨੀ ਦੀ ਅਵਸਥਾ ਵਿਚ ਮਰਦੇ ਹਨ ਫਿਰ ਵੀ ਸੰਪੂਰਨ ਮਨੁੱਖੀ ਜੀਵਨ ਦਾ ਪਸਾਰ ਬਾਲ ਅਵਸਥਾ ਅਤੇ ਬਿਰਧ ਦੇ ਵਿਚਕਾਰ ਹੀ ਮੰਨਿਆ ਜਾਂਦਾ ਹੈ। ਜੀਵਨ ਦੇ ਪੂਰੇ ਖੇਤਰ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ ਜਿਨ੍ਹਾਂ ਨੂੰ ਆਸ਼ਰਮ ਕਿਹਾ ਜਾਂਦਾ ਹੈ।

ਹਰ ਆਸ਼ਰਮ ਦਾ ਆਪਣਾ-ਆਪਣਾ ਕਰਤੱਵ ਹੈ। ਆਸ਼ਰਮ ਦੇ ਅਨੁਸਾਰ ਕਰਤੱਵ ਕਰਨਾ ਹੀ ਮਨੁੱਖ ਦਾ ਧਰਮ ਮੰਨਿਆ ਗਿਆ ਹੈ। ਇਹ ਚਾਰ ਆਸ਼ਰਮ ਇਸ ਪ੍ਰਕਾਰ ਹਨ :

1. **ਬ੍ਰਹਮਚਾਰੀਆ ਆਸ਼ਰਮ** : ਬ੍ਰਹਮਚਾਰੀਆ ਆਸ਼ਰਮ ਮਨੁੱਖੀ ਜੀਵਨ ਦਾ ਪਹਿਲਾ ਪੜਾਅ ਮੰਨਿਆ ਹੈ। ਬ੍ਰਹਮ ਤੋਂ ਭਾਵ ਵਿਦਿਆ ਜਾਂ ਈਸ਼ਵਰ। ਵਿਦਿਆ ਧਨ ਅਤੇ ਈਸ਼ਵਰੀ ਧਨ

ਜਿਸ ਵਸਤੂ ਨੂੰ ਧਾਰਨ ਕੀਤਾ ਜਾਂਦਾ ਹੈ ਉਸਨੂੰ 'ਬ੍ਰਹਮਚਾਰੀਆ' ਕਹਿੰਦੇ ਹਨ। ਇਸਨੂੰ ਵਿਦਿਆਰਥੀ ਜੀਵਨ ਵੀ ਕਿਹਾ ਜਾਂਦਾ ਹੈ। ਇਸ ਆਸ਼ਰਮ ਵਿਚ ਮਨੁੱਖ ਅਪਣੇ ਜੀਵਨ ਦੇ ਹੋਰ ਆਸ਼ਰਮਾਂ ਦੀ ਤਿਆਰੀ ਕਰਦਾ ਹੈ। ਬ੍ਰਹਮਚਾਰੀਆ ਦਾ ਸਮਾਂ ਬਾਰਾਂ ਸਾਲ ਤੋਂ ਲੈ ਕੇ ਪੱਚੀ ਸਾਲ ਤੱਕ ਦਾ ਮੰਨਿਆ ਗਿਆ ਹੈ। ਇਸ ਆਸ਼ਰਮ ਵਿਚ ਸਭ ਤਰ੍ਹਾਂ ਦੇ ਭੋਗ-ਵਿਲਾਸਾਂ ਨੂੰ ਛੱਡਣਾ ਪੈਂਦਾ ਹੈ। ਬ੍ਰਹਮਚਾਰੀਆ ਦੇ ਲਈ ਇੰਦਰੀ-ਸੁਖ ਨੂੰ ਵਰਜਿਤ ਮੰਨਿਆ ਗਿਆ ਹੈ। ਇਸ ਅਵਸਥਾ ਵਿਚ ਮਨੁੱਖ ਨੂੰ ਅਨੇਕ ਤਰ੍ਹਾਂ ਦੀ ਸਿੱਖਿਆ ਪ੍ਰਾਪਤ ਕਰਨੀ ਪੈਂਦੀ ਹੈ ਅਤੇ ਉਸਨੂੰ ਸ਼ੁੱਧਤਾ, ਸਾਦਗੀ, ਸੰਜਮਤਾ, ਈਸ਼ਵਰ ਪ੍ਰਤੀ ਭਗਤੀ, ਗੁਰੂਆਂ ਪ੍ਰਤੀ ਸੇਵਾਭਾਵ ਆਦਿ ਗੁਣਾਂ ਦੀ ਪਾਲਣਾ ਕਰਨੀ ਪੈਂਦੀ ਹੈ।

2. **ਗ੍ਰਿਹਸਥ ਆਸ਼ਰਮ:** ਬ੍ਰਹਮਚਾਰੀਆ ਆਸ਼ਰਮ ਵਿਚ ਮਨ ਅਤੇ ਸਰੀਰ ਨੂੰ ਸੰਗਠਿਤ ਕਰਨ ਪਿੱਛੋਂ ਮਨੁੱਖ ਗ੍ਰਿਹਸਥ ਆਸ਼ਰਮ ਵਿਚ ਪ੍ਰਵੇਸ਼ ਕਰਦਾ ਹੈ। ਇਸਨੂੰ ਮਨੁੱਖੀ ਜੀਵਨ ਦਾ ਦੂਸਰਾ ਪੜਾਅ ਮੰਨਿਆ ਗਿਆ ਹੈ। ਗ੍ਰਿਹਸਥ ਆਸ਼ਰਮ ਪ੍ਰੀਵਾਰਕ ਜੀਵਨ ਦਾ ਦੂਸਰਾ ਨਾਮ ਹੈ। ਇਸ ਅਵਸਥਾ ਵਿਚ ਮਨੁੱਖ ਦਾ ਕਰਤੱਵ ਹੈ ਕਿ ਉਹ ਵਿਆਹ ਕਰਕੇ ਘਰ ਵਸਾਵੇ। ਦੰਪਤੀ ਜੀਵਨ ਬਿਤਾਉਣ ਦਾ ਇਹੀ ਸਮਾਂ ਹੈ। ਇਸ ਨੂੰ ਚਲਾਉਣ ਲਈ ਸੰਤਾਨ ਪ੍ਰਾਪਤੀ ਵਿਆਹ ਦਾ ਮੁਖ ਮੰਤਵ ਮੰਨਿਆ ਗਿਆ ਹੈ। ਪਤੀ ਪਤਨੀ ਨੂੰ ਇਕ ਦੂਜੇ ਦੀਆਂ ਸੁੱਖ ਸਹੂਲਤਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਮਾਤਾ, ਪਿਤਾ, ਭਾਈ, ਭੈਣ, ਸੱਸ, ਸਹੁਰਾ, ਨਣਦ ਦਿਉਰ ਆਦਿ ਦੇ ਪ੍ਰਤੀ ਉਨ੍ਹਾਂ ਦਾ ਕੀ ਕਰਤੱਵ ਹੈ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ । ਗ੍ਰਿਹਸਥੀ ਆਸ਼ਰਮ ਵਿਚ ਇਸਤਰੀਆਂ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਕਿਉਂਕਿ ਇਹ ਕਿਹਾ ਗਿਆ ਹੈ ਕਿ ਜਿਸ ਘਰ ਵਿਚ ਇਸਤਰੀਆਂ ਖ਼ੁਸ਼ ਹਨ ਉੱਥੇ ਦੇਵਤਿਆਂ ਦਾ ਨਿਵਾਸ ਹੁੰਦਾ ਹੈ। ਇਸ ਆਸ਼ਰਮ ਦਾ ਸਮਾਂ ਪੱਚੀ ਤੋਂ ਪੰਜਾਹ ਸਾਲ ਤੱਕ ਦਾ ਮੰਨਿਆ ਗਿਆ ਹੈ।

3. **ਵਾਣਪ੍ਰਸਥ ਆਸ਼ਰਮ** : ਵਾਣਪ੍ਰਸਥ ਆਸ਼ਰਮ ਨੂੰ ਮਨੁੱਖੀ ਜੀਵਨ ਦਾ ਤੀਸਰਾ ਪੜਾਅ ਕਿਹਾ ਗਿਆ ਹੈ। ਇਸ ਅਵਸਥਾ ਵਿਚ ਬੁਢਾਪੇ ਦੇ ਸਾਰੇ ਗੁਣ ਦਿਖਾਈ ਦਿੰਦੇ ਹਨ। ਇਸ

ਆਸ਼ਰਮ ਵਿਚ ਆ ਕੇ ਮਨੁੱਖ ਦਾ ਪ੍ਰਮੁੱਖ ਕਰਤੱਵ ਈਸ਼ਵਰ ਦਾ ਚਿੰਤਨ, ਵਰਤ, ਜਪ, ਤਪ ਆਦਿ ਕਰਨਾ ਹੈ। ਜੇਕਰ ਪਤਨੀ ਦੀ ਇੱਛਾ ਹੋਵੇ ਤਾਂ ਉਸਨੂੰ ਨਾਲ ਲੈ ਕੇ ਜਾਣ ਦੀ ਆਗਿਆ ਹੈ। ਵਣ ਵਿਚ ਜਾ ਕੇ ਪਤੀ-ਪਤਨੀ ਨੂੰ ਸਾਦਾ ਜੀਵਨ ਬਤੀਤ ਕਰਨਾ ਚਾਹੀਦਾ ਹੈ। ਇਸ ਅਵਸਥਾ ਵਿਚ ਮਨੁੱਖ ਨੂੰ ਸਾਰੇ ਪ੍ਰਾਣੀਆਂ ਪ੍ਰਤੀ ਕਰੁਣਾਮਈ ਭਾਵ ਰੱਖਣਾ ਚਾਹੀਦਾ ਹੈ। ਹਰੇਕ ਪ੍ਰਾਣੀ 'ਤੇ ਦਿਆ ਕਰਨੀ, ਧਾਰਮਿਕ ਪੁਸਤਕਾਂ ਦਾ ਅਧਿਐਨ ਕਰਨਾ ਆਦਿ ਇਸ ਆਸ਼ਰਮ ਦੇ ਪ੍ਰਮੁੱਖ ਕਰਤੱਵ ਹਨ। ਇਸ ਆਸ਼ਰਮ ਦਾ ਸਮਾਂ ਪੰਜਾਹ ਤੋਂ ਲੈ ਕੇ ਪਚੱਤਰ ਸਾਲ ਤੱਕ ਦਾ ਮੰਨਿਆ ਗਿਆ ਹੈ।

4. **ਸੰਨਿਆਸ ਆਸ਼ਰਮ** : ਇਹ ਮਨੁੱਖੀ ਜੀਵਨ ਦਾ ਚੌਥਾ ਪੜਾਅ ਹੈ। ਇਸ ਅਵਸਥਾ ਵਿਚ ਆ ਕੇ ਮਨੁੱਖ ਨੂੰ ਗ੍ਰਿਹਸਥੀ ਜ਼ਿੰਦਗੀ ਤੋਂ ਨਾਤਾ ਤੋੜਨਾ ਪੈਂਦਾ ਹੈ। ਸਾਰੇ ਸੰਸਾਰਿਕ ਕਰਮ ਅਤੇ ਬੰਧਨਾਂ ਤੋਂ ਸੰਨਿਆਸ ਲੈਣਾ ਜ਼ਰੂਰੀ ਹੈ। ਹੋ ਸਕੇ ਤਾਂ ਭਿੱਖਿਆ ਮੰਗ ਕੇ ਜੀਵਨ ਬਤੀਤ ਕਰਨ ਨੂੰ ਉੱਤਮ ਸਮਝਿਆ ਗਿਆ ਹੈ। ਸੰਨਿਆਸ ਆਸ਼ਰਮ ਵਿਚ ਮਨੁੱਖ ਦਾ ਇਕ ਹੀ ਕਰਤੱਵ ਰਹਿ ਜਾਂਦਾ ਹੈ, ਕਿ ਉਹ ਮੁਕਤੀ ਪ੍ਰਾਪਤੀ ਦੇ ਲਈ ਯਤਨਸ਼ੀਲ ਰਹੇ। ਵਾਣਪ੍ਰਸਥ ਜੀਵਨ ਵਿਚ ਮਨੁੱਖ ਨੂੰ ਪਤਨੀ ਦੇ ਨਾਲ ਰਹਿਣ ਦੀ ਆਗਿਆ ਦਿਤੀ ਗਈ ਹੈ ਪਰੰਤੂ ਸੰਨਿਆਸ ਆਸ਼ਰਮ ਵਿਚ ਪਤਨੀ ਦੇ ਨਾਲ ਰਹਿਣ ਦੀ ਮਨਾਹੀ ਦੱਸੀ ਗਈ ਹੈ। ਸੰਨਿਆਸੀ ਨੂੰ ਦਿਆਲੂ, ਖਿਮਾਸ਼ੀਲ, ਸੰਜਮਸ਼ੀਲ, ਅਤੇ ਸੰਸਾਰ ਦੀ ਹਰ ਤਰ੍ਹਾਂ ਦੀ ਭਲਾਈ ਦੇ ਲਈ ਯਤਨਸ਼ੀਲ ਰਹਿਣ ਨੂੰ ਜ਼ਰੂਰੀ ਮੰਨਿਆ ਗਿਆ ਹੈ। ਇਸ ਆਸ਼ਰਮ ਦਾ ਸਮਾਂ ਪਚੱਤਰ ਤੋਂ ਲੈ ਕੇ ਸੌ ਸਾਲ ਤੱਕ ਦਾ ਮੰਨਿਆ ਗਿਆ ਹੈ।

ਹਿੰਦੂ ਸੰਸਕ੍ਰਿਤੀ ਵਿਚ ਤਿਆਗ ਅਤੇ ਬੈਰਾਗ ਨੂੰ ਇਕ ਪ੍ਰਮੁੱਖ ਸਥਾਨ ਪ੍ਰਾਪਤ ਹੈ। ਇਸ ਦੇ ਧਰਮ ਗ੍ਰੰਥਾਂ ਵਿਚ 'ਬੈਰਾਗ' ਨੂੰ ਪ੍ਰਮੁੱਖ ਧਾਰਮਿਕ ਅਥਵਾ ਅਧਿਆਤਮਕ ਕਰਤੱਵ ਵਜੋਂ ਸਤਿਕਾਰਿਆ ਗਿਆ ਹੈ। ਇਹ ਇਕ ਅਜਿਹੀ ਮਨੋਬਿਰਤੀ ਹੈ ਜਿਸ ਦੁਆਰਾ ਮਨੁੱਖ ਦਾ ਮਨ ਮੋਹ-ਮਾਇਆ ਦੇ ਜਾਲ ਤੋਂ ਮੁਕਤ ਹੋ ਕੇ, ਪਰਮਾਰਥ ਦੀ ਖੋਜ ਵੱਲ ਲਗ ਜਾਂਦਾ ਹੈ। ਬੈਰਾਗ ਹਿੰਦੂ ਧਰਮ

ਦਾ ਇਕ ਸਿਧਾਂਤਕ ਸ਼ਬਦ ਹੈ ਜਿਹੜਾ ਸੰਸਾਰਕ ਪਦਾਰਥਾਂ ਦੇ ਤਿਆਗ ਦੇ ਨਾਲ-ਨਾਲ ਉਸਤਤਿ, ਨਿੰਦਾ, ਮਾਇਆ ਅਤੇ ਹੋਰ ਹਉਮੈ ਜਿਹੀਆਂ ਝੂਠੀਆਂ ਕਦਰਾਂ-ਕੀਮਤਾਂ ਦੇ ਤਿਆਗ 'ਤੇ ਜ਼ੋਰ ਦਿੰਦਾ ਹੈ। ਪੁਰਾਤਨ ਹਿੰਦੂ ਧਰਮ ਦੀ ਬੈਰਾਗ ਦੀ ਧਾਰਨਾ ਅਨੁਸਾਰ "ਸੰਸਾਰ ਦਾ ਤਿਆਗ ਕਰਨ ਨੂੰ ਬੈਰਾਗ ਕਿਹਾ ਜਾਂਦਾ ਹੈ। ਬੈਰਾਗ ਧਾਰਨ ਕਰਨ ਵਾਲਾ ਮਨੁੱਖ ਘਰ-ਬਾਰ, ਪਤਨੀ ਅਤੇ ਬੱਚਿਆਂ ਦੇ ਮੋਹ ਤੋਂ ਮੁਕਤ ਹੋ ਕੇ ਪ੍ਰਭੂ ਨਾਮ ਸਿਮਰਨ ਵਿਚ ਹੀ ਆਪਣਾ ਸਾਰਾ ਸਮਾਂ ਬਤੀਤ ਕਰਦਾ ਹੈ।"[6] ਇਸ ਦੇ ਫਲਸਰੂਪ ਉਸਦਾ ਦੁਨੀਆ ਨਾਲ ਕੋਈ ਸੰਬੰਧ ਨਹੀਂ ਰਹਿੰਦਾ। ਉਹ ਕਿਰਿਆਹੀਣ ਹੋ ਕੇ ਰਹਿ ਜਾਂਦਾ ਹੈ। ਇਸ ਹਿੰਦੂਤਵ ਦੇ ਬੈਰਾਗ ਵਿਚ ਭਾਂਜਵਾਦੀ ਪ੍ਰਵਿਰਤੀ ਹੈ ਜੋ ਮਨੁੱਖ ਨੂੰ ਸਮਾਜ ਨਾਲੋਂ ਬਿਲਕੁਲ ਤੋੜ ਦਿੰਦੀਹੈ। ਇਸ ਤਰ੍ਹਾਂ ਸਮਾਜ ਦੀ ਰਚਨਾ ਤੇ ਹੋਂਦ ਨੂੰ ਖ਼ਤਰਾ ਪੈਦਾ ਹੋ ਜਾਂਦਾ ਹੈ। ਇਸ ਦਾ ਇਤਿਹਾਸਕ ਪ੍ਰਮਾਣ ਇਸ ਪ੍ਰਕਾਰ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਹਿੰਦੁਸਤਾਨ ਸਦੀਆਂ ਤੋਂ ਗੁਲਾਮ ਬਣਿਆ ਰਿਹਾ। ਇਹ ਗੁਲਾਮੀ ਵਲੀ ਮਾਨਸਿਕਤਾ ਅਜੇ ਤੱਕ ਵੀ ਤੁਰੀ ਆ ਰਹੀ ਹੈ। ਮਹਿਮੂਦ ਗਜਨਵੀ, ਮੁਹੰਮਦ ਗੌਰੀ, ਤੈਮੂਰ ਲੰਗ, ਚੰਗੇਜ਼ ਖਾਨ, ਬਾਬਰ ਅਤੇ ਅਹਿਮਦਸ਼ਾਹ ਅਬਦਾਲੀ ਆਦਿ ਤਕ ਹਿੰਦੂਤਵ ਦਾ ਬੈਰਾਗ, ਹਿੰਦੁਸਤਾਨ ਨੂੰ ਲੁਟਵਾਂਦਾ ਰਿਹਾ ਅਤੇ ਹਿੰਦੂਪਤ ਨੂੰ ਰੋਲਦਾ ਰਿਹਾ। ਇਹ ਬੈਰਾਗ ਭਾਂਜਵਾਦੀ ਕਿਸਮ ਦਾ ਹੋਣ ਕਰਕੇ ਇਨ੍ਹਾਂ ਨੂੰ ਦੁਸ਼ਮਣਾਂ ਦੇ ਅੱਗੇ ਗੋਡੇ ਟੇਕਣ ਲਈ ਮਜ਼ਬੂਰ ਕਰਦਾ ਰਿਹਾ। ਪਰੰਤੂ ਗੁਰੂ ਸਾਹਿਬਾਨ ਨੇ ਗੁਰਸਿੱਖਾਂ ਨੂੰ ਇਹ ਸਿਖਾਇਆ :

**ਬੋਲਿ ਸੁਧਰਮੀੜਿਆ ਮੋਨਿ ਕਤ ਧਾਰੀ ਰਾਮ ॥**

**ਤੂ ਨੇਤ੍ਰੀ ਦੇਖਿ ਚਲਿਆ ਮਾਇਆ ਬਿਉਹਾਰੀ ਰਾਮ ॥**[7]

ਹਿੰਦੂਤਵ ਦੇ ਪਵਿੱਤਰ ਗ੍ਰੰਥਾਂ ਵਿਚ ਪ੍ਰਾਪਤ ਬੈਰਾਗ ਦੇ ਸੰਕਲਪ ਨੂੰ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ 'ਚੋਂ ਉਤਪੰਨ ਹੋਏ ਬੈਰਾਗ ਦੇ ਸੰਕਲਪ ਦੀ ਵਿਲੱਖਣਤਾ ਨੂੰ ਵਿਸਤਰਿਤ ਢੰਗ ਨਾਲ ਪ੍ਰਸਤੁਤ ਕੀਤਾ ਜਾਂਦਾ ਹੈ :

**(ੳ) ਸ਼੍ਰੀਮਦ੍ ਭਗਵਦ੍ ਗੀਤਾ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਬੈਰਾਗ ਦਾ ਸੰਕਲਪ :**

ਸ਼੍ਰੀਮਦ੍ ਭਗਵਦ੍ ਗੀਤਾ ਹਿੰਦੂਆਂ ਦਾ ਇਕ ਪਵਿੱਤਰ ਗ੍ਰੰਥ ਹੈ। ਭਾਵੇਂ ਗੀਤਾ ਨੂੰ ਆਪਣੇ ਆਪ ਵਿਚ ਇਕ ਪੂਰਾ ਗ੍ਰੰਥ ਮੰਨਿਆ ਜਾਂਦਾ ਹੈ ਪਰੰਤੂ ਅਸਲ ਵਿਚ ਇਹ ਮਹਾਂਭਾਰਤ ਦੇ ਭੀਸ਼ਮ-ਪਰਵ ਦਾ ਇਕ ਭਾਗ ਹੈ। ਇਸ ਲਈ ਇਸ ਗ੍ਰੰਥ ਦਾ ਰਚਨਾਕਾਰ ਰਿਸ਼ੀ ਵੇਦ ਵਿਆਸ ਨੂੰ ਹੀ ਮੰਨਿਆ ਗਿਆ ਹੈ। ਇਸ ਵਿਚ 'ਬੈਰਾਗ' ਨੂੰ ਵਿਆਪਕ ਅਰਥਾਂ ਵਿਚ ਲਿਆ ਗਿਆ ਹੈ। ਇਸ ਬੈਰਾਗ ਦਾ ਸਮਤਵ ਕੇਂਦਰੀ ਬਿੰਦੂ ਹੈ। ਫਲ਼ ਦੀ ਲਾਲਸਾ ਕੀਤੇ ਬਿਨਾਂ ਸਫ਼ਲਤਾ ਜਾਂ ਅਸਫ਼ਲਤਾ ਦੀ ਆਸ ਰਹਿਤ ਮੋਹ-ਮੁਕਤ ਕਾਰਜ ਅਤੇ ਮਨ ਦਾ ਸਮਤਵ ਅਜਿਹੇ ਲੱਛਣ ਹਨ ਜੋ ਬੈਰਾਗ ਉਪਜਾ ਕੇ ਮੋਖਸ਼ ਹਿੱਤ ਪਥ ਪ੍ਰਦਰਸ਼ਨ ਕਰਦੇ ਹਨ।

'ਸ਼੍ਰੀਮਦ੍ ਭਗਵਦ੍ ਗੀਤਾ' ਮਨੁੱਖ ਨੂੰ ਸਤਿ ਕਰਮ ਕਰਨ ਦਾ ਉਪਦੇਸ਼ ਦਿੰਦੀ ਹੈ, ਬੈਰਾਗ ਦਾ ਉਪਦੇਸ਼ ਨਹੀਂ ਦਿੰਦੀ। ਸਤਿ ਕਰਮ ਕਰਨ ਦਾ ਸੱਚਾ ਉਤਸ਼ਾਹ ਬੈਰਾਗਵਾਨ ਮਨੁੱਖ ਦੇ ਦਿਲ ਵਿਚ ਹੀ ਹੁੰਦਾ ਹੈ। ਸੰਸਾਰਕ ਭੋਗ-ਸੁੱਖਾਂ ਦੇ ਜੰਜਾਲ ਵਿਚ ਫਸੇ ਹੋਏ ਲੋਕ ਹੀ ਦੇਸ਼ ਦੀ ਜਾਂ ਵਿਸ਼ਵ ਦੀ ਯਥਾਰਥ ਸੇਵਾ ਨਹੀਂ ਕਰ ਸਕਦੇ । ਜਿਨ੍ਹਾਂ ਮਨੁੱਖਾਂ ਦਾ ਮਨ ਭੋਗਾਂ ਅਤੇ ਸੁੱਖਾਂ ਦੀ ਲਾਲਸਾ ਵਿਚ ਲੱਗਿਆ ਹੁੰਦਾ ਹੈ, ਜੋ ਪੈਰ-ਪੈਰ 'ਤੇ ਭੋਗਾਂ-ਸੁੱਖਾਂ ਵਿਚ ਲਿਪਤ ਰਹਿੰਦੇ ਹਨ ਉਨ੍ਹਾਂ ਵਿਚ ਸਵਾਰਥ ਭਾਰੂ ਹੋ ਜਾਂਦਾ ਹੈ। ਸਵਾਰਥੀ ਮਨੁੱਖ ਕਦੇ ਵੀ ਯਥਾਰਥ ਭਾਵ ਤੋਂ ਕਰਤੱਵ-ਪਾਲਣ ਨਹੀਂ ਕਰ ਸਕਦੇ। ਦੇਸ਼ ਦੀ ਉੱਨਤੀ ਸੱਚੇ ਤਿਆਗੀ ਅਤੇ ਸਵਾਰਥਹੀਣ ਮਨੁੱਖਾਂ ਦੁਆਰਾ ਹੀ ਹੁੰਦੀ ਹੈ, ਅਜਿਹੇ ਮਨੁੱਖ ਬੈਰਾਗਮਈ ਭਾਵਨਾ ਤੋਂ ਬਿਨਾਂ ਨਹੀਂ ਕਰ ਸਕਦੇ।

ਪ੍ਰਸਿੱਧ ਚਿੰਤਕ ਹਨੁਮਾਨ ਪ੍ਰਸਾਦ ਨੇ ਆਪਣੇ ਗ੍ਰੰਥ 'ਗੀਤਾ ਚਿੰਤਨ' ਵਿਚ ਹਿੰਦੂ ਧਰਮ ਦੇ ਬੈਰਾਗ ਨੂੰ ਨਿਸ਼ਚਿਤ ਕਰਦਿਆਂ ਲਿਖਿਆ ਹੈ 'ਸਾਧਾਰਣ ਤੌਰ 'ਤੇ ਵੈਰਾਗ ਦੇ ਸੱਤ ਲੱਛਣ ਦੱਸੇ ਗਏ ਹਨ-1. ਸ੍ਰੀ ਭਗਵਾਨ ਨੂੰ ਛੱਡ ਕੇ ਲੋਕ-ਪਰਲੋਕ ਦੇ ਸਾਰੇ ਭੋਗਾਂ ਵਿਚ ਫਿੱਕਾਪਣ ਮਹਿਸੂਸ ਹੋਣਾ, 2. ਵਿਸ਼ਿਆਂ-ਵਿਕਾਰਾਂ ਵਿਚ ਮਹਾਨ ਭੈ ਅਤੇ ਸਮਸਤ ਦੁੱਖ ਦਿਖਾਈ ਦੇਣਾ, 3. ਭਗਵਾਨ

ਨੂੰ ਛੱਡ ਕੇ ਵਿਸ਼ੇ-ਵਿਕਾਰ ਬਿਲਕੁਲ ਚੰਗੇ ਨਾ ਲੱਗਣੇ, 4. ਵਿਸ਼ਿਆਂ ਨੂੰ ਤਿਆਗਣ ਦੀ ਪ੍ਰਬਲ ਇੱਛਾ ਹੋਣੀ ਅਤੇ ਵਿਸ਼ੇ-ਵਿਕਾਰਾਂ ਦੇ ਨਾਸ਼ ਵਿਚ ਸੁੱਖ ਦੀ ਪ੍ਰਾਪਤੀ ਹੋਣੀ, 5. ਵਿਸ਼ਿਆਂ ਦਾ ਤਿਆਗ ਹੋ ਜਾਣਾ, 6. ਵਿਸ਼ਿਆਂ ਵਿਚ ਭਾਗਵਦ੍ਭਾਵ ਹੋਣਾ ਅਤੇ 7. ਇਕ ਭਗਵਾਨ ਦੀ ਸੱਤਾ ਮਹਿਸੂਸ ਹੋਣੀ।'[8] ਗੀਤਾ ਦੇ ਪ੍ਰਮੁੱਖ ਸਾਧਨ ਤਿੰਨ ਹਨ-ਕਰਮਯੋਗ, ਗਿਆਨਯੋਗ ਅਤੇ ਭਗਤੀਯੋਗ। 'ਇਨ੍ਹਾਂ ਤਿੰਨਾਂ ਵਿਚੋਂ ਹੀ ਪਹਿਲਾਂ ਵੈਰਾਗ ਦੀ ਜ਼ਰੂਰਤ ਹੈ। ਜਦੋਂ ਤਕ ਮਨ ਵਿਚ ਇਸ ਲੋਕ ਪਰਲੋਕ ਦੇ ਭੋਗਾਂ ਦੀ ਕਾਮਨਾ ਬਣੀ ਰਹਿੰਦੀ ਹੈ, ਉਦੋਂ ਤੱਕ ਨਿਸ਼ਕਾਮਤਾ ਨਹੀਂ ਆ ਸਕਦੀ, ਜੋ ਕੁੱਝ ਕੀਤਾ ਜਾਵੇ, ਉਸਦੇ ਪੂਰਨ ਹੋਣ ਜਾਂ ਨਾ ਹੋਣ ਵਿਚ ਅਥਵਾ ਉਸ ਦੇ ਅਨੁਕੂਲ ਜਾਂ ਪ੍ਰਤੀਕੂਲ ਫਲ਼ ਵਿਚ ਸਮਭਾਵ ਰਹਿਣ ਦਾ ਨਾਮ 'ਸਮਤਵ' ਹੈ। ਇਸ ਸਮਤਵ ਯੋਗ ਵਿਚ ਸਥਿਤ ਹੋ ਕੇ ਕਰਮ ਕਰਨਾ ਹੀ ਨਿਸ਼ਕਾਮ ਕਰਮਯੋਗ ਹੈ ਕਿਉਂਕਿ ਇਹ ਸਮਤਵ ਬੁੱਧੀ ਨਾਲ ਨਿਸ਼ਕਾਮ ਕਰਨ ਵਾਲੇ ਪੁਰਸ਼ ਜਨਮ ਬੰਧਨ ਤੋਂ ਛੁੱਟ ਕੇ ਅਨਾਮਯ ਪਰਮ ਪਦ ਨੂੰ ਪ੍ਰਾਪਤ ਹੁੰਦੇ ਹਨ।'[9] ਪਰੰਤੂ ਬੁੱਧੀ ਦੀ ਇਹ ਸਮਤਾ ਬੈਰਾਗ ਤੋਂ ਬਿਨਾਂ ਨਹੀਂ ਹੋ ਸਕਦੀ। ਅਰਥਾਤ ਨਿਸ਼ਕਾਮ ਕਰਮ ਦੇ ਲਈ ਸਭ ਤੋਂ ਪਹਿਲਾਂ ਬੈਰਾਗ ਦੀ ਪਹਿਲੀ ਜ਼ਰੂਰਤ ਹੈ। ਭਗਵਾਨ ਕ੍ਰਿਸ਼ਨ ਉਪਦੇਸ਼ ਦਿੰਦੇ ਹਨ :

**ਯਦਾ ਤੇ ਮੋਹ ਕਲਿਲਮ੍, ਬੁਧਿਹ ਵਿਅਤਿ ਤਰਿਸ਼੍ ਯਤਿ।**

**ਤਦਾ ਗਨ੍ਤਾਸਿ ਨਿਰ੍ ਵੇਦਮ੍, ਸ਼੍ਰੋਤ ਵ੍ਯਸ੍ਰਯ ਸ਼੍ਰੁਤਸ੍ਯ ਚ॥**[10]

ਹੇ ਅਰਜਨ! ਜਦੋਂ ਤੇਰੀ ਬੁੱਧੀ ਮੋਹ, ਭਰਮ ਦੇ ਮਿਥਿਆ ਦੇ ਸੰਘਣੇ ਜੰਗਲ ਨੂੰ ਪਾਰ ਕਰ ਲਵੇਗੀ, ਤਦ ਤੂੰ ਉਸ ਸਮੇਂ ਸੁਣਨ ਯੋਗ ਅਤੇ ਸੁਣੇ ਹੋਏ ਸਾਰਿਆਂ ਵਿਸ਼ਿਆਂ ਪ੍ਰਤੀ ਬੈਰਾਗ ਸਥਿਤੀ ਨੂੰ ਪ੍ਰਾਪਤ ਕਰ ਲਵੇਂਗਾ। ਭਾਵ ਇਹ ਵਿਸ਼ੇ ਤੇਰੇ ਲਈ ਨਿਰਾਰਥਕ ਹੋ ਜਾਣਗੇ।

**ਸ਼੍ਰੁਤਿ ਵਿਪ੍ਰਤਿਪੰਨਾ ਤੇ, ਯਦਾ ਸ੍ਥਾਸ੍ਯਤਿਨਿਹ-ਚਲਾ।**

**ਸਮ੍ਆ ਧੌ ਅਚਲਾ ਬੁਧਿਹ, ਤਦਾ ਯੋਗਮ੍ ਅਵ ਆਪ੍ਸ੍ਯਸਿ॥**[11]

ਜਦੋਂ ਤੇਰਾ ਮਨ, ਵੇਦ ਬਾਣੀ ਦੇ ਅਗੰਮੀ ਗਿਆਨ ਨੂੰ ਉਲਝਾਉਣ ਵਾਲੇ ਤੱਥਾਂ ਨੂੰ ਸੁਣ-ਸੁਣ ਕੇ ਡਾਵਾਂਡੋਲ ਹੋ ਜਾਵੇਗਾ ਤੇ ਫੇਰ ਅੰਤ ਨੂੰ ਸਵੈ ਚਿੰਤਨ (ਸਮਾਧੀ) ਦੀ ਅਵਸਥਾ 'ਤੇ ਪਰਪੱਕ ਹੋ ਜਾਵੇਗਾ, ਉਸ ਸਮੇਂ ਤੈਨੂੰ ਯੋਗ ਪ੍ਰਾਪਤ ਹੋਵੇਗਾ। ਇਸ ਦੇ ਨਾਲ ਹੀ ਗਿਆਨ ਦੇ ਸਾਧਨ ਵਿਚ ਵੀ ਬੈਰਾਗ ਦੀ ਜ਼ਰੂਰਤ ਦੱਸੀ ਗਈ ਹੈ। ਕ੍ਰਿਸ਼ਨ ਜੀ ਅਰਜਨ ਨੂੰ ਬੈਰਾਗਮਈ ਉਪਦੇਸ਼ ਇਸ ਪ੍ਰਕਾਰ ਦਿੰਦੇ ਹਨ :

**ਵਿਵਿਕ੍ਤਸੇਵੀ ਲਘੁਆਸ਼ੀ, ਯ (ਮ੍) ਤਵਾਕ੍ ਕਾਯ ਮਾਨਸਹ।**

**ਧ੍ਯਾਨ ਯੋਗ ਪਰਹ ਨਿਤ੍ਯਮ੍, ਵੈਰਾਗ੍ਯਮ੍ ਸਮ੍ ਉਪਆਸ਼੍ਰਿਤਹ॥**[12]

**ਇੰਦ੍ਰਿਯ ਅਰ੍ਥੇਸ਼ੁ ਵੈਰਾਗ੍ਯਮ੍, ਅਨੁਅਹਮ੍ਕਾਰਹ ਏਵ ਚ।**

**ਜਨ੍ਮ (ਨ੍) ਮ੍ਰਤ੍ਯ ਜਰਾ ਵਿਆਧਿ, ਦੁਖ ਦੋਸ਼ ਅਨ੍ ਦਰ੍ਸ਼ਨਮ੍॥**[13]

**ਅਸੰਸ਼ਯਮ੍ ਮਹਾ ਬਾਹੋ, ਮਨਹ ਦੁਹ ਨਿਗ੍ਹਮ੍ ਚਲਮ੍।**

**ਅਭਿ ਆਸੇਨ ਤੁ ਕੌਂਤੇਯ !, ਵੈਰਾਗ੍ਯੇਣ ਚ ਗ੍ਰਹ੍ਯੇਤ॥**[14]

ਫਿਰ ਆਖਦੇ ਹਨ ਹੇ ਮਹਾਂਬਲੀ! ਨਿਰਸੰਦੇਹ ਮਨ ਬਹੁਤ ਚੰਚਲ ਹੈ ਅਤੇ ਬੜੀ ਮੁਸ਼ਕਲ ਨਾਲ ਵਸ ਵਿਚ ਆਉਂਦਾ ਹੈ। ਪਰ ਹੇ ਕੁੰਤੀ-ਪੁੱਤਰ ਅਰਜਨ! ਇਹ ਅਭਿਆਸ ਨਿਰਲੇਪਤਾ ਅਤੇ ਬੈਰਾਗ ਧਾਰਨ ਕਰਨ ਨਾਲ ਮਨ ਨੂੰ ਕਾਬੂ ਕੀਤਾ ਜਾ ਸਕਦਾ ਹੈ। 'ਬੈਰਾਗ ਦੀ ਪ੍ਰਾਪਤੀ ਲਈ ਮਨੁੱਖ ਦੁਆਰਾ ਇਕ ਨਿਰੰਤਰ ਅਭਿਆਸ ਦੀ ਜ਼ਰੂਰਤ ਹੈ ਜਦੋਂ ਤੱਕ ਮਨੁੱਖ ਇਸ ਦਾ ਨਿਰੰਤਰ ਅਭਿਆਸ ਨਹੀਂ ਕਰਦਾ। ਉਦੋਂ ਤਕ ਇਸ ਦੀ ਪ੍ਰਾਪਤੀ ਨਹੀਂ ਹੋ ਸਕਦੀ। ਬੈਰਾਗ ਅਤੇ ਅਭਿਆਸ ਇਕ-ਦੂਜੇ 'ਤੇ ਨਿਰਭਰ ਅਤੇ ਸਹਾਇਕ ਹਨ। ਮਨ ਨੂੰ ਵਿਸ਼ੇ-ਵਿਕਾਰਾਂ ਤੋਂ ਹਟਾਉਣ ਦੀ ਇੱਛਾ ਪੈਦਾ ਹੋਣੀ, ਪਲ ਭਰ ਦੇ ਲਈ ਮਨ ਹਟਾ ਵੀ ਲਿਆ ਜਾਵੇ, ਪਰੰਤੂ ਭਗਵਾਨ ਵਿਚ ਉਸ ਨੂੰ ਨਾ ਲਗਾਇਆ ਤਾਂ ਉਹ ਤੁਰੰਤ ਮੁੜ ਕੇ ਵਿਸ਼ੇ-ਵਿਕਾਰਾਂ ਵਿਚ ਆ ਜਾਵੇਗਾ। ਇਸ ਪ੍ਰਕਾਰ ਵਿਸ਼ਿਆਂ ਤੋਂ ਹਟਾਉਣ ਦੀ ਇੱਛਾ ਨਾ ਕਰਨ ਨਾਲ ਵਿਸ਼ਿਆਂ ਵਿਚ ਲੱਗਿਆ ਹੋਇਆ ਮਨ ਉਸ ਤੋਂ ਹਟ ਕੇ ਭਗਵਾਨ ਵਿਚ ਆਪਣੇ ਆਪ ਲੱਗੇਗਾ ਹੀ ਕਿਉਂ ? ਸੋ ਦੋਨਾਂ ਦੇ ਨਾਲ-ਨਾਲ ਰਹਿਣਾ ਜ਼ਰੂਰੀ ਹੈ।

ਇਨ੍ਹਾਂ ਦੋਨਾਂ ਵਿਚ ਬੈਰਾਗ ਦੀ ਪਹਿਲਾਂ ਜ਼ਰੂਰਤ ਹੈ ; ਕਿਉਂਕਿ ਉਸ ਦੇ ਬਿਨਾਂ ਤਾਂ ਇਕ ਵਿਸ਼ੇ ਤੋਂ ਮਨ ਹਟੇ ਬਿਨਾਂ ਦੂਸਰੇ ਪਾਸੇ ਲਗ ਹੀ ਨਹੀਂ ਸਕਦਾ।'[15] ਸਪਸ਼ਟ ਹੈ ਕਿ ਬੈਰਾਗ ਦੀ ਪ੍ਰਾਪਤੀ ਲਈ ਮਨ ਦੀ ਸਥਿਰਤਾ ਪੈਦਾ ਕਰਨੀ ਜ਼ਰੂਰੀ ਹੈ। ਇਹ ਨਿਰੰਤਰ ਅਭਿਆਸ ਅਤੇ ਸਾਧਨਾ ਕਰਨ ਦੇ ਨਾਲ ਹੀ ਆਉਂਦੀ ਹੈ।

ਇਹੋ ਹੀ ਬੈਰਾਗਮਈ ਭਾਵਨਾ ਗੁਰੂ ਤੇਗ ਬਹਾਦਰ ਜੀ ਦੀ ਬਾਣੀ 'ਚੋਂ ਉਤਪੰਨ ਹੁੰਦੀ ਹੈ। ਗੁਰੂ ਸਾਹਿਬ ਪਦਾਰਥਕ ਅਤੇ ਮਾਨਸਿਕ ਦਵੰਦਾਂ ਤੋਂ ਉੱਪਰ ਉਠੇ ਹੋਏ ਵਾਸਤਵਿਕ ਬੈਰਾਗੀ ਦੇ ਲੱਛਣ ਦੱਸਦੇ ਹੋਏ ਫ਼ਰਮਾਉਂਦੇ ਹਨ :

**ਸੁਖ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥**
**ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥**
**ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥**[16]

**ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥**
**ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥**[17]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚੋਂ ਪੈਦਾ ਹੋਈ ਬੈਰਾਗ ਦੀ ਭਾਵਨਾ ਸ਼੍ਰੀਮਦ੍ ਭਗਵਦ੍ ਗੀਤਾ ਦੇ ਬੈਰਾਗ ਚਿੰਤਨ ਨਾਲ ਮੇਲ ਖਾਂਦੀ ਹੈ। ਪਦਾਰਥਕ ਲਗਾਵ ਅਤੇ ਮਾਨਸਿਕ ਦਵੰਦ ਮਨੁੱਖ ਦੇ ਅਸਲੀ ਮਨੋਰਥ 'ਮੋਖਸ਼' ਦੀ ਪ੍ਰਾਪਤੀ ਲਈ ਇਕ ਵੱਡੀ ਰੁਕਾਵਟ ਬਣਦੇ ਹਨ। ਇਸ ਤੋਂ ਛੁਟਕਾਰਾ ਉਹ ਪਦਾਰਥਕ ਲਗਾਵ ਤੋਂ ਮੁਕਤ ਹੋ ਕੇ ਅਤੇ ਮਾਨਸਿਕ ਦਵੰਦ ਤੋਂ ਉੱਪਰ ਉਠ ਕੇ ਹੀ ਪਾ ਸਕਦਾ ਹੈ ਅਤੇ ਬੈਰਾਗ ਧਾਰਨ ਕਰਕੇ ਸਮਦ੍ਰਿਸ਼ਟੀ ਦਾ ਸੁਆਮੀ ਬਣ ਸਕਦਾ ਹੈ। ਇਸ ਅਵਸਥਾ ਵਿਚ ਪਹੁੰਚ ਕੇ ਉਹ ਆਤਮਕ ਅਤੇ ਮਾਨਸਿਕ ਤੌਰ 'ਤੇ ਬਲਵਾਨ ਬਣ ਜਾਂਦਾ ਹੈ।

ਸ਼੍ਰੀਮਦ੍ ਭਗਵਦ੍ ਗੀਤਾ ਵਿਚੋਂ ਉਤਪੰਨ ਹੋਣ ਵਾਲੇ ਬੈਰਾਗ ਨਾਲੋਂ ਗੁਰੂ ਤੇਗ ਬਹਾਦਰ ਦੀ ਬਾਣੀ ਵਿਚੋਂ ਉਤਪੰਨ ਹੋਏ ਬੈਰਾਗ ਦੀ ਵਿਲੱਖਣਤਾ ਇਸ ਪ੍ਰਕਾਰ ਦ੍ਰਿਸ਼ਟੀਗੋਚਰ ਹੁੰਦੀ ਹੈ

ਕਿਗੀਤਾ ਦਾ ਬੈਰਾਗ ਯੁੱਧ ਦੀਆਂ ਪ੍ਰਸਥਿਤੀਆਂ ਵਿਚੋਂ ਉਪਜਦਾ ਹੈ ਜਦੋਂ ਕਿ ਅਰਜਨ ਮੋਹ ਦੇ ਜਲ ਵਿਚ ਫਸਿਆ ਹੋਇਆ ਹਥਿਆਰ ਤਿਆਗ ਦਿੰਦਾ ਹੈ। ਉਸਨੂੰ ਮੋਹ ਦੇ ਦਵੰਦ ਤੋਂ ਮੁਕਤ ਕਰਾਉਣ ਲਈ ਭਗਵਾਨ ਕ੍ਰਿਸ਼ਨ ਜੀ ਉਸਨੂੰ ਬੈਰਾਗੀ ਹੋ ਕੇ ਆਪਣਾ ਧਰਮ-ਕਰਮ ਨਿਭਾਉਣ ਦਾ ਉਪਦੇਸ਼ ਦਿੰਦੇ ਹਨ। ਪਰੰਤੂ ਗੁਰੂ ਤੇਗ ਬਹਾਦਰ ਦੀ ਬਾਣੀ ਵਿਚੋਂ ਪ੍ਰਗਟ ਹੋਇਆ ਬੈਰਾਗ, ਸੀਆਂ ਤੋਂ ਭਾਰਤ ਦੀ ਗੁਲਾਮ ਮਾਨਸਿਕਤਾ ਤੋਂ ਨਿਜਾਤ ਦਿਵਾਉਣ ਹਿੱਤ ਪ੍ਰਗਟ ਹੋਇਆ ਹੈ।

**(ਅ) ਸ਼੍ਰੀਰਾਮਚਰਿਤਮਾਨਸ (ਤੁਲਸੀਦਾਸ ਰਾਮਾਇਣ) ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਬੈਰਾਗ ਦਾ ਸੰਕਲਪ :**

ਸ਼੍ਰੀਰਾਮਚਰਿਤਮਾਨਸ ਅਥਵਾ ਤੁਲਸੀਦਾਸ ਦੀ ਰਾਮਾਇਣ ਨੂੰ ਹਿੰਦੂ ਸਮਾਜ ਵਿਚ ਇਕ ਉੱਤਮ ਸਥਾਨ ਪ੍ਰਾਪਤ ਹੈ। ਇਹ ਗ੍ਰੰਥ ਭਗਵਾਨ ਸ੍ਰੀ ਰਾਮ ਚੰਦਰ ਜੀ ਦੇ ਜੀਵਨ ਚਰਿੱਤਰ ’ਤੇ ਆਧਾਰਿਤ ਹੈ।

ਹਿੰਦੂ ਪਰੰਪਰਾ ਦੇ ਅਨੁਸਾਰ ਇਸ ਗ੍ਰੰਥ ਦੀ ਰਚਨਾ ਪਿੱਛੇ ਤੁਲਸੀਦਾਸ ਦੀ ਪਤਨੀ ਦੁਆਰਾ ਬੋਲੇ ਗਏ ਤਿੱਖੇ ਤੇ ਕਠੋਰ ਬਚਨ ਹਨ-‘ਮੇਰੇ ਇਸ ਹੱਡ-ਮਾਸ ਦੇ ਸਰੀਰ ਵਿਚ ਜਿੰਨੀ ਵੀ ਤੇਰੀ ਇੱਛਾ ਹੈ, ਉਸ ਤੋਂ ਅੱਧੀ ਵੀ ਜੇਕਰ ਭਗਵਾਨ ਵਿਚ ਹੁੰਦੀ ਤਾਂ ਤੇਰਾ ਬੇੜਾ ਪਾਰ ਹੋ ਗਿਆ ਹੁੰਦਾ।’[18] ਜਦੋਂ ਤੁਲਸੀਦਾਸ ਆਪਣੇ ਵਿਆਹ ਤੋਂ ਪਿੱਛੋਂ ਆਪਣੀ ਪਤਨੀ ਨੂੰ ਲੈਣ ਗਏ ਸਨ। ਇਸ ਪਿੱਛੋਂ ਉਸਨੇ ਬੈਰਾਗਵਾਨ ਹੋ ਕੇ ਆਪਣਾ ਘਰਬਾਰ ਤਿਆਗ ਦਿੱਤਾ ਅਤੇ ਭਗਵਾਨ ਰਾਮ ਦੀ ਭਗਤੀ ਵਿਚ ਲੀਨ ਹੋ ਗਏ ਅਤੇ ਇਸ ਪਵਿੱਤਰ ਗ੍ਰੰਥ ਦੀ ਰਚਨਾ ਕੀਤੀ।

ਇਸ ਗ੍ਰੰਥ ਵਿਚ ਰਾਮ ਚੰਦਰ ਜੀ ਨੂੰ ਵਿਸ਼ਨੂੰ ਭਗਵਾਨ ਦਾ ਅਵਤਾਰ ਮੰਨਿਆ ਗਿਆ ਹੈ। ਰਾਮ ਨੂੰ ਨਿਰਗੁਣ ਅਤੇ ਸਰਗੁਣ ਸਰੂਪ ਵਿਚ ਚਿੱਤਰਿਆ ਗਿਆ ਹੈ। ਨਿਰਗੁਣ ਸਰੂਪ ਵਿਚ (ਪ੍ਰਮਾਤਮ ਰੂਪ) ਉਹ ਬੈਰਾਗਵਾਨ ਹੋ ਸਮਦ੍ਰਿਸ਼ਟ ਵਿਚਰਦੇ ਹਨ ਅਤੇ ਮਾਨਵੀ ਸਰੀਰ ਵਿਚ ਦੁੱਖ-ਸੁੱਖ ਅਤੇ ਖ਼ੁਸ਼ੀ-ਗ਼ਮੀ ਦਾ ਅਨੁਭਵ ਕਰਦੇ ਹਨ ਅਤੇ ਪਤਨੀ ਸੀਤਾ ਦੇ ਵਿਯੋਗ ਵਿਚ ਵਿਆਕੁਲ ਹੋ ਕੇ ਤੜਪਦੇ ਵੀ ਹਨ। ਬੈਰਾਗ ਦੇ ਸੰਦਰਭ ਵਿਚ ਇਸ ਗ੍ਰੰਥ ਵਿਚ ਅਨੇਕਾਂ ਪ੍ਰਸੰਗ ਦ੍ਰਿਸ਼ਟੀਗੋਚਰ

ਹੁੰਦੇ ਹਨ- ਜਿਵੇਂ ਕਿ ਕੈਕਈ ਦੇ ਦਸ਼ਰਥ ਤੋਂ ਆਪਣੇ ਦੋ ਵਰ ਮੰਗਣ 'ਤੇ ਰਾਜਗੱਦੀ ਦਾ ਤਿਆਗ ਕਰਕੇ ਰਾਮ ਚੰਦਰ ਛੋਟੇ ਭਰਾ ਲਛਮਣ ਅਤੇ ਪਤਨੀ ਸੀਤਾ ਸਮੇਤ ਚੌਦਾਂ ਸਾਲਾਂ ਲਈ ਵਣਾਂ ਨੂੰ ਤੁਰ ਪੈਂਦੇ ਹਨ। ਇਸੇ ਸਮੇਂ ਸ੍ਰੀ ਰਾਮ ਦੀ ਮਾਤਾ ਕੌਸ਼ਲਿਆ ਅਤੇ ਲਛਮਣ ਦੀ ਮਾਤਾ ਸੁਮਿੱਤਰਾ ਬੈਰਾਗੀ ਹੋ ਕੇ ਬਿਨਾ ਪੁੱਤਰ ਮੋਹ ਕੀਤੇ ਤੋਰ ਦਿੰਦੀਆਂ ਹਨ। ਪਤਨੀ ਸੀਤਾ ਵੀ ਰਾਜ ਮਹਿਲਾਂ ਨੂੰ ਛੱਡਕੇ ਵੈਰਾਗਭਾਵ ਨਾਲ ਪਤਨੀ ਧਰਮ ਨਿਭਾਉਂਦੀ ਹੋਈ ਨਾਲ ਤੁਰ ਪੈਂਦੀ ਹੈ। ਅਯੋਧਿਆ ਵਾਸੀ ਰਾਮ ਦੇ ਵਿਛੋੜੇ ਵਿਚ ਵਿਆਕੁਲ ਹੋ ਤੜਪਦੇ ਹਨ ਅਤੇ ਚੌਦਾਂ ਸਾਲ ਬੈਰਾਗਵਾਨ ਹੋ ਰਾਮ ਚੰਦਰ ਜੀ ਦਾ ਇੰਤਜ਼ਾਰ ਕਰਦੇ ਹਨ। ਭਰਤ ਬੈਰਾਗੀ ਹੋ ਕੇ ਰਾਜਗੱਦੀ 'ਤੇ ਆਪਣੇ ਵੱਡੇ ਭਰਾ ਰਾਮ ਚੰਦਰ ਦੀਆਂ ਖੜਾਵਾਂ ਰੱਖ ਅਯੋਧਿਆ ਨਗਰੀ ਦਾ ਰਾਜ ਪ੍ਰਬੰਧ ਚਲਾਉਂਦਾ ਹੈ। ਸੁਗ੍ਰੀਵ ਆਪਣੇ ਵੱਡੇ ਭਰਾ ਬਾਲੀ ਤੋਂ ਡਰ ਕੇ ਗੁਫ਼ਾਵਾਂ ਵਿਚ ਆਪਣਾ ਜੀਵਨ ਗੁਜ਼ਾਰਦਾ ਹੈ। ਜਦੋਂ ਉਸਦਾ ਮੇਲ ਰਾਮ ਚੰਦਰ ਜੀ ਨਾਲ ਹੁੰਦਾ ਹੈ ਤਾਂ ਉਹ ਬ੍ਰਹਮ ਗਿਆਨ ਪ੍ਰਾਪਤ ਕਰਕੇ ਬੈਰਾਗਵਾਨ ਹੋ ਕੇ ਉਨ੍ਹਾਂ ਦੀ ਸੇਵਾ ਕਰਦਾ ਹੈ :

**ਉਪਜਾ ਗਿਆਨ ਬਚਨ ਤਬ ਬੋਲਾ। ਨਾਥ ਕ੍ਰਿਪਾਂ ਮਨ ਭਇਊ ਅਲੋਲਾ॥**

**ਸੁਖ ਸੰਪਤੀ ਪਰਿਵਾਰ ਵਡਾਈ ਸਬ ਪਰਿਹਰਿ ਕਰਿਹਉਂ ਸੇਵਕਾਈ॥**[19]

ਪੰਚਵਟੀ ਦੇ ਵਣ ਵਿਚ ਰਾਮ ਅਤੇ ਸੀਤਾ ਮਾਤਾ ਨੂੰ ਜ਼ਮੀਨ 'ਤੇ ਸੁੱਤੇ ਦੇਖ ਕੇ ਲਛਮਣ ਨੂੰ ਭਗਤੀ ਅਤੇ ਗਿਆਨ ਨਾਲ ਬੈਰਾਗ ਪ੍ਰਾਪਤ ਹੁੰਦਾ ਹੈ :

**ਜੋਗ ਬਿਯੋਗ ਭੋਗ ਭਲ ਮੰਦਾ। ਹਿਤ ਅਨਹਿਤ ਪੱਧਿਅਮ ਭਰਮ ਫੰਦਾ॥**

**ਜਨਮੁ ਮਰਨੁ ਜਾਂਹ ਲਗਿ ਜਗ ਜਾਲੂ। ਸੰਪਤਿ ਬਿਪਤਿ ਕਰਮੁ ਅਰੁ ਕਾਲੂ॥**[20]

ਭਾਵ ਕਿ ਸੰਜੋਗ-ਵਿਜੋਗ, ਭਲਾ-ਬੁਰਾ, ਸ਼ਤਰੂ-ਮਿੱਤਰ ਅਤੇ ਉਦਾਸੀਨ ਇਹ ਸਾਰੇ ਭਰਮ ਦੇ ਫੰਦੇ ਹਨ। ਜਨਮ-ਮੌਤ, ਸੰਪਤੀ-ਵਿਪੱਤੀ, ਕਰਮ ਅਤੇ ਕਾਲ ਸਾਰੇ ਇਹ ਸੰਸਾਰ ਦੇ ਜੰਜਾਲ ਹਨ। ਇਨ੍ਹਾਂ ਦੀ ਉਤਪਤੀ ਦਾ ਮੂਲ ਕਾਰਨ ਮੋਹ ਭਾਵ ਅਗਿਆਨਤਾ ਹੈ। ਕੋਈ ਕਿਸੇ ਨੂੰ ਸੁੱਖ-ਦੁੱਖ ਦੇਣ ਵਾਲਾ ਨਹੀਂ ਇਹ ਤਾਂ ਸਾਰਾ ਆਪਣੇ ਕਰਮਾਂ ਦਾ ਭੋਗ ਹੈ। ਪਰੰਤੂ ਗੁਰੂ ਤੇਗ ਬਹਾਦਰ

ਜੀ ਦੀ ਬਾਣੀ ਵਿਚ ਬੈਰਾਗ, ਨਿਰਗੁਣ ਬ੍ਰਹਮ ਦੀ ਪ੍ਰਾਪਤੀ ਲਈ, ਤੀਬਰ ਬਹਿਬਲਤਾ ਹੈ। ਜਿਸ ਦੀ ਪ੍ਰਾਪਤੀ ਰਾਮ ਨਾਮ ਦੇ ਸਿਮਰਨ ਦੁਆਰਾ ਹੀ ਸੰਭਵ ਹੈ। ਇਹ ਨਾਮ ਹੀ ਮਨੁੱਖ ਨੂੰ ਹਮੇਸ਼ਾ ਸੁਖ ਦੇਣ ਵਾਲਾ ਹੈ :

**ਹਰਿ ਕੋ ਨਾਮੁ ਸਦਾ ਸੁਖਦਾਈ॥**

**ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ॥ ੧॥ ਰਹਾਉ॥**

**ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥**

**ਤਾ ਕੋ ਦੂਖੁ ਹਰਿਓ ਕਰੁਣਾਮੈ ਅਪਨੀ ਪੈਜ ਬਢਾਈ॥**[21]

**ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ॥**

**ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ॥**

**ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ॥ ੧॥ ਰਹਾਉ॥**[22]

ਗੁਰੂ ਸਾਹਿਬ ਜੀ ਦੀ ਬਾਣੀ ਵਿਚ ਸੱਚਾਈ ਪੂਰਨ ਜੀਵਨ ਦੀ ਸੰਕਲਪਨਾ ਮੂਰਤੀਮਾਨ ਕੀਤੀ ਗਈ ਹੈ। ਉਨ੍ਹਾਂ ਦੇ ਅਨੁਸਾਰ ਪ੍ਰਭੂ ਦਾ ਗੁਣਗਾਣ ਹੀ ਉੱਤਮ ਅਤੇ ਪਵਿੱਤਰ ਸਾਧਨ ਹੈ। ਜੋ ਮਨੁੱਖ ਸੰਸਾਰ ਦੀਆਂ ਰੁੱਚਿਤ ਕਿਰਿਆਵਾਂ ਵਿਚ ਲਿਪਤ ਹੋ ਜਾਂਦੇ ਹਨ ਅਤੇ ਅਨੇਕਾਂ ਪ੍ਰਕਾਰ ਦੇ ਵਿਸ਼ੇ-ਵਿਕਾਰਾਂ ਵਿਚ ਘਿਰ ਕੇ ਆਪਣੇ ਜੀਵਨ ਦੇ ਕੀਮਤੀ ਹਿੱਸੇ ਜਵਾਨੀ ਦੇ ਸਮੇਂ ਨੂੰ ਨਸ਼ਟ ਕਰ ਲੈਂਦੇ ਹਨ। ਉਹ ਸੰਪੂਰਨ ਆਪਣੇ ਜੀਵਨ ਨੂੰ ਹੀ ਨਸ਼ਟ ਕਰ ਲੈਂਦੇ ਹਨ ਜੋ ਮਨੁੱਖ ਤੱਤ-ਗਿਆਨ ਤੋਂ ਵਾਂਝਾ ਹੈ ਉਹ ਧਨ, ਇਸਤਰੀ, ਸੰਸਾਰਿਕ ਪਦਾਰਥਾਂ ਆਦਿ ਨੂੰ ਹੀ ਆਪਣੇ ਜੀਵਨ ਦੀ ਸੱਚਾਈ ਮੰਨ ਲੈਂਦਾ ਹੈ। ਪਰੰਤੂ ਜਿਨ੍ਹਾਂ ਸਾਧਕਾਂ ਜਾਂ ਜਗਿਆਸੂਆਂ ਨੇ ਸਾਧਨਾਂ ਦੇ ਰਾਹੀਂ ਅਧਿਆਤਮਕ ਵਿਚਾਰ ਦੀ ਸਥਿਰਤਾ ਨੂੰ ਪ੍ਰਾਪਤ ਕਰ ਲਿਆ ਹੈ ਉਹ ਆਪਣੀਆਂ ਬਿਰਤੀਆਂ ਨੂੰ ਛਿੰਨਭੰਗਰ ਵਸਤੂਆਂ ਤੋਂ ਹਟਾ ਕੇ ਇਕਮਾਤਰ ਪ੍ਰਭੂ ਸਿਮਰਨ ਅਤੇ ਉਸਦੇ ਗੁਣਗਾਣ 'ਤੇ ਹੀ ਕੇਂਦਰਿਤ ਕਰ ਲੈਂਦੇ ਹਨ।

ਉਪਰੋਕਤ ਵਿਚਾਰ-ਚਰਚਾ ਤੋਂ ਪਤਾ ਚਲਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ 'ਚੋਂ ਉਤਪੰਨ ਹੋਇਆ ਬੈਰਾਗ ਸ਼੍ਰੀਰਾਮਚਰਿਤਮਾਨਸ 'ਚੋਂ ਪੈਦਾ ਹੋਏ ਬੈਰਾਗ ਤੋਂ ਵੱਖਰੀ ਕਿਸਮ ਦਾ ਹੈ। ਇਸ ਵਿਚ ਬ੍ਰਹਮ ਦਾ ਸਰਗੁਣ (ਮਨੁੱਖੀ) ਸਰੂਪ ਨਹੀਂ ਚਿੱਤਰਿਆ ਗਿਆ। ਇਸ ਵਿਚ ਮਨੁੱਖ ਨੂੰ ਕੇਵਲ ਬੈਰਾਗੀ ਹੋ ਨਿਰਗੁਣ ਬ੍ਰਹਮ ਸਰੂਪ ਰਾਮ ਦੇ ਨਾਮ ਦਾ ਹੀ ਸਿਮਰਨ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ। ਇਸੇ ਵਿਚ ਹੀ ਉਸਦੀ ਮੁਕਤੀ ਦੱਸੀ ਗਈ ਹੈ।

**2. ਬੁੱਧ ਧਰਮ ਵਿਚ ਬੈਰਾਗ :**

ਬੁੱਧ ਧਰਮ ਵਿਚ ਬੈਰਾਗ ਦਾ ਅਧਿਐਨ ਕਰਨ ਤੋਂ ਪਹਿਲਾਂ ਇਸ ਧਰਮ ਦੇ ਬਾਨੀ ਮਹਾਤਮਾ ਬੁੱਧ ਦੇ ਜੀਵਨ ਉੱਪਰ ਇਕ ਸੰਖੇਪ ਝਾਤ ਪਾਉਣੀ ਜ਼ਰੂਰੀ ਹੈ।

ਮਹਾਤਮਾ ਬੁੱਧ ਦਾ ਜਨਮ 563 ਈ. ਪੂ. ਦੇ ਲਗ-ਭਗ ਸ਼ਾਕਯ ਕਬੀਲੇ ਦੀ ਰਾਜਧਾਨੀ ਕਪਿਲਵਸਤੂ ਦੇ ਨੇੜੇ ਲੁਬਿੰਨੀ ਬਾਗ ਵਿਚ ਹੋਇਆ। 'ਬੁੱਧ ਨੂੰ ਤਥਾਗਤ ਵੀ ਕਿਹਾ ਜਾਂਦਾ ਹੈ, ਜਿਸ ਦਾ ਅਰਥ ਹੈ- ਜਿਸ ਨੇ ਆਪਣੇ ਉਦੇਸ਼ (ਨਿਰਵਾਣ) ਨੂੰ ਪ੍ਰਾਪਤ ਕਰ ਲਿਆ ਹੈ।'[23] ਮਹਾਤਮਾ ਬੁੱਧ ਨੂੰ ਬੈਰਾਗ ਦੀ ਪ੍ਰਾਪਤੀ ਭਰ ਜੁਆਨੀ ਵਿਚ ਹੋਈ ਜਦੋਂ ਇਕ ਦਿਨ ਉਸਨੂੰ ਇਕ ਬੁੱਢੇ ਆਦਮੀ ਨੂੰ ਵੇਖ ਕੇ ਰਥਵਾਨ ਕੋਲੋਂ ਪੁੱਛਣ ਤੇ ਪਤਾ ਲੱਗਾ ਕਿ ਇਕ ਦਿਨ ਉਸਦੀ ਵੀ ਕਮਰ ਝੁਕ ਜਾਵੇਗੀ, ਉਸ 'ਤੇ ਵੀ ਬੁਢਾਪਾ ਆ ਜਾਵੇਗਾ। ਫਿਰ ਸ਼ਮਸ਼ਾਨ ਭੂਮੀ ਵਲ ਇਕ ਮੁਰਦਾ ਸਰੀਰ, ਜਿਸਨੂੰ ਚਾਰ ਆਦਮੀ ਆਪਣੇ ਮੋਢਿਆਂ ਤੇ ਚੁੱਕ ਕੇ ਲਿਜਾ ਰਹੇ ਸਨ, ਉਸ ਵਲ ਵੇਖਿਆ। ਰਥਵਾਨ ਕੋਲੋਂ ਪੁੱਛਣ ਤੇ ਪਤਾ ਲੱਗਾ ਕਿ ਉਸ ਨੂੰ ਵੀ ਮੌਤ ਨੇ ਇਕ ਦਿਨ ਹੜੱਪ ਕਰ ਜਾਣਾ ਹੈ। ਹਰੇਕ ਵੱਡੀ ਤੇ ਬਲਵਾਨ ਚੀਜ਼ ਛੋਟੀ ਤੇ ਕਮਜ਼ੋਰ ਚੀਜ਼ ਨੂੰ ਖਾ ਰਹੀ ਹੈ। ਇਹ ਹਾਲਤ ਵੇਖ ਕੇ ਉਸਦੇ ਮਨ ਵਿਚ ਮੋਕਸ਼ ਪ੍ਰਾਪਤ ਕਰਨ ਲਈ ਅਗਿਆਤ ਵਾਸ ਹੋਣ ਲਈ ਭਾਵਨਾ ਪ੍ਰਬਲ ਹੋਈ। ਉਸਨੇ ਰਾਜ ਮਹਲਾਂ, ਹੀਰੇ-ਜਵਾਹਰਾਤਾਂ ਤੇ ਸੁੰਦਰ ਪਦਾਰਥਾਂ ਦਾ ਮੋਹ ਤਿਆਗ ਦਿਤਾ। ਉਸਦੇ ਪਿਤਾ ਨੇ ਆਪਣੇ ਪੁੱਤਰ ਨੂੰ ਖ਼ੁਸ਼ ਰੱਖਣ ਲਈ ਹਰ ਸੰਭਵ ਯਤਨ ਕੀਤੇ। ਪਰੰਤੂ ਮਹਾਤਮਾ ਬੁੱਧ ਕਿਸੇ ਵੀ ਹਾਲਤ ਵਿਚ ਖ਼ੁਸ਼ ਨਾ ਰਹਿ ਸਕਿਆ। ਉਹ ਕਈ ਵਾਰ ਘਰੋਂ ਤੁਰਿਆ ਅਤੇ ਪਿੱਛੇ

ਮੁੜਿਆ। ਅੰਤ ਨੂੰ ਉਸਨੇ ਆਪਣੇ ਮਨ ਨਾਲ ਫ਼ੈਸਲਾ ਕਰ ਲਿਆ, ਕਿ ਕੁੱਝ ਵੀ ਹੋ ਜਾਏ, ਉਹ ਜ਼ਰੂਰ *'ਨਿਰਬਾਣ ਪਦ'* ਨੂੰ ਪ੍ਰਾਪਤ ਕਰਨ ਲਈ ਸੰਸਾਰ ਦਾ ਤਿਆਗ ਕਰੇਗਾ। ਅੱਧੀ ਰਾਤ ਸਾਰਾ ਪਰਿਵਾਰ ਸੁੱਤਾ ਛੱਡ ਕੇ ਹਉਕਾ ਭਰਿਆ ਤੇ ਆਪਣੇ ਮਾਰਗ ਵਲ ਤੁਰ ਪਿਆ। ਇਹ ਹੌਕਿਆਂ ਅਤੇ ਸਿਸਕੀਆਂ ਭਰਿਆ ਬੈਰਾਗ ਸੀ। ਜਿਸ ਨੇ ਉਸ ਦੇ ਜੀਵਨ ਵਿਚ ਇਕ ਵੱਡੀ ਤਬਦੀਲੀ ਲਿਆਂਦੀ।

ਪ੍ਰਿੰਸੀਪਲ ਗੰਗਾ ਸਿੰਘ ਆਪਣੀ ਪੁਸਤਕ 'ਸੰਸਾਰ ਦਾ ਧਾਰਮਿਕ ਇਤਿਹਾਸ' ਵਿਚ ਬੁੱਧ ਧਰਮ ਦੀ ਸਾਰੀ ਫ਼ਿਲਾਸਫ਼ੀ ਇਕ ਸੂਤਰ ਵਿਚ ਦਰਸਾਉਂਦੇ ਲਿਖਦੇ ਹਨ ਕਿ "ਅਨਿਤਯ, ਦੁੱਖ, ਅਨਾਤਮ" ਭਾਵ ਜਗਤ ਅਨਿਤ ਜਾਂ ਮਿਥਿਆ ਹੈ। ਦੁੱਖ ਹੈ। ਅਨਾਤਮ ਹੈ, ਜਿਸ ਵਿਚ ਆਤਮਾ ਕੋਈ ਵੱਖਰੀ ਸ਼ੈ ਨਹੀਂ।[24] ਇਸ ਦੇ ਅਧਿਐਨ ਉਪਰੰਤ ਪਤਾ ਚਲਦਾ ਹੈ ਕਿ ਮਹਾਤਮਾ ਬੁੱਧ ਦੁਆਰਾ ਚਲਾਇਆ ਗਿਆ ਇਹ ਧਰਮ ਸਰਵ ਵਿਆਪੀ ਹੈ। ਇਹ ਸਮੁੱਚੀ ਮਾਨਵ ਜਾਤੀ ਲਈ ਹਰ ਕਾਲ ਵਿਚ ਉਪਯੋਗੀ ਅਤੇ ਹਿਤਕਾਰੀ ਹੈ। ਮਹਾਤਮਾ ਬੁੱਧ ਨੇ ਸਦਾਚਾਰਕ ਸਿੱਖਿਆਵਾਂ ਉੱਪਰ ਬਹੁਤ ਜ਼ੋਰ ਦਿਤਾ ਹੈ। ਇਸ ਪ੍ਰਕਾਰ ਬੁੱਧ ਧਰਮ ਦੀ ਫ਼ਿਲਾਸਫ਼ੀ ਨੇ ਭਾਰਤੀ ਧਰਮ ਦੇ ਇਤਿਹਾਸ ਵਿਚ ਮਹੱਤਵਪੂਰਣ ਪਰਿਵਰਤਨ ਲਿਆਂਦਾ ਸੀ।

**(ੳ) ਬੁੱਧ ਗ੍ਰੰਥ ਧਮਪਦ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਬੈਰਾਗ ਦਾ ਸੰਕਲਪ :**

'ਧਮਪਦ' ਬੁੱਧ ਧਰਮ ਦਾ ਇਕ ਪ੍ਰਸਿੱਧ ਗ੍ਰੰਥ ਹੈ। ਇਹ ਬੁੱਧ ਧਰਮ ਦੇ ਮਹੱਤਵਪੂਰਣ ਧਾਰਮਿਕ ਅਤੇ ਨੈਤਿਕ ਕਥਨਾਂ ਦਾ ਸਮੂਹ ਹੈ। ਇਹ ਪਾਲੀ ਭਾਸ਼ਾ ਵਿਚ ਕਵਿਤਾ ਰੂਪ ਵਿਚ ਲਿਖਿਆ ਹੋਇਆ ਗ੍ਰੰਥ ਹੈ। ਇਸ ਨੂੰ 'ਬੋਧੀ ਗੀਤਾ' ਵੀ ਕਿਹਾ ਜਾਂਦਾ ਹੈ। ਇਸ ਦਾ ਅਨੁਵਾਦ ਵਿਸ਼ਵ ਦੀਆਂ ਅਨੇਕਾਂ ਭਾਸ਼ਾਵਾਂ ਵਿਚ ਹੋ ਚੁੱਕਿਆ ਹੈ। ਇਹ ਬੁੱਧ ਧਰਮ ਦਰਸ਼ਨ ਅਤੇ ਸੰਪੂਰਨ ਤ੍ਰਿਪਿਟਕ ਦਾ ਸਭ ਤੋਂ ਮਹੱਤਵਪੂਰਨ ਅਤੇ ਲੋਕ ਪ੍ਰਿਯ ਗ੍ਰੰਥ ਮੰਨਿਆ ਗਿਆ ਹੈ। ਇਸ ਦੇ ਵਿਸ਼ਾ-ਵਸਤੂ ਨੂੰ ਵਿਸ਼ਵ ਕਲਿਆਣਕਾਰੀ ਵਿਚਾਰਾਂ ਵਾਂਗ ਮੰਨਿਆਂ ਗਿਆ ਹੈ। ਇਸ ਵਿਚ ਕੁੱਲ 26 ਵਰਗ ਅਤੇ ਉਨ੍ਹਾਂ ਵਿਚ 423 ਗਾਥਾਵਾਂ ਹਨ ਜੋ ਬੁੱਧ ਦਰਸ਼ਨ ਨੂੰ ਸਪਸ਼ਟ ਕਰਦੀਆਂ ਹਨ।

ਇਸ ਤੋਂ ਇਲਾਵਾ ਬੁੱਧ ਧਰਮ ਦੇ ਸਾਹਿਤ ਸੰਬੰਧੀ ਹੋਰ ਵੀ ਅਨੇਕਾਂ ਗ੍ਰੰਥਾਂ ਦੀ ਸਿਰਜਨਾ ਕੀਤੀ ਗਈ ਹੈ ਪਰ ਇੱਥੇ ਅਸੀਂ ਤੁਲਨਾਤਮਿਕ ਪੱਖ ਤੋਂ ਅਧਿਐਨ ਕਰਨ ਹਿੱਤ ਧਮਪਦ ਨੂੰ ਹੀ ਆਧਾਰਭੂਤ ਗ੍ਰੰਥ ਵਜੋਂ ਲੈਂਦੇ ਹਾਂ। ਇਹ ਸਰਵਵਿਦਤ ਹੈ ਕਿ ਬੁੱਧ ਧਰਮ ਵਿਚ ਪ੍ਰਤੱਖ ਸੱਚ ’ਤੇ ਜ਼ੋਰ ਦਿੱਤਾ ਗਿਆ ਹੈ ਅਤੇ ਪਰਮਾਤਮਾ ਦੀ ਕਲਪਨਾ ਲਈ ਕੋਈ ਥਾਂ ਨਹੀਂ ਹੈ। ਮਹਾਤਮਾ ਬੁੱਧ ਮਨੁੱਖ ਦੀ ਧਾਰਮਿਕ ਅਤੇ ਬੌਧਿਕ ਸੁਤੰਤਰਤਾ ਦੇ ਹਾਮੀ ਸਨ। ਇਸ ਲਈ ਉਨ੍ਹਾਂ ਨੇ ਆਪਣੇ ਉਪਦੇਸ਼ਾਂ ਨੂੰ ਕਿਸੇ ਤੇ ਥੋਪਿਆ ਨਹੀਂ ਸਗੋਂ ਸੋਚ-ਵਿਚਾਰ ਕਰਕੇ ਅਤੇ ਪੂਰਨ ਰੂਪ ਵਿਚ ਪਰਖ ਕੇ ਗ੍ਰਹਿਣ ਕਰਨ ਦਾ ਉਪਦੇਸ਼ ਦਿੱਤਾ ਹੈ :

**ਤਾਪਾਤ ਛੇਦਾਤ ਚ ਨਿਕਸ਼ਾਤ ਸੁਵਰਣਮਿਵ ਪੰਡਿਤੈਹ।**

**ਪਰੀਖਿਆ ਭਿਖਵੈ ਗ੍ਰਾਹਯੰ ਮਦ ਵਚੋ ਨ ਤੁ ਗੌਰਵਾਤ।**[25]

ਭਾਵ ਕਿ ਜਿਵੇਂ ਸੋਨੇ ਨੂੰ ਤਪਾ ਕੇ ਫ਼ਿਰ ਕਸੌਟੀ ਤੇ ਪਰਖਿਆ ਜਾਂਦਾ ਹੈ ਇਸੇ ਤਰ੍ਹਾਂ ਮੇਰੇ ਵਚਨਾਂ ਨੂੰ ਕੇਵਲ ਮੇਰੇ ਗੌਰਵ ਦੀ ਖ਼ਾਤਰ ਗ੍ਰਹਿਣ ਨਾ ਕਰੋ ਸਗੋਂ ਇਨ੍ਹਾਂ ਨੂੰ ਅਜ਼ਮਾਉ ਤੇ ਫ਼ਿਰ ਪਰਵਾਨ ਕਰੋ।

ਬੁੱਧ ਧਰਮ ਵਿਚ ਮਨੁੱਖੀ ਕਾਰਜਾਂ ਨੂੰ ਪੂਰਾ ਕਰਨ ਲਈ ਬਹੁਤ ਹੀ ਕਠੋਰ ਨਿਯਮਾਂ ਦੀ ਪਾਲਣਾ ਕਰਨ ਦੀ ਤਾਕੀਦ ਕੀਤੀ ਗਈ ਹੈ। ਉਸ ਨੂੰ ਕੋਈ ਵੀ ਕਾਰਜ ਕਰਨ ਲਈ ਅਸ਼ਟਾਂਗ ਮਾਰਗ ਦੇ ਘੇਰੇ ਵਿਚ ਰਹਿ ਕੇ ਹੀ ਕਰਨ ਲਈ ਕਿਹਾ ਗਿਆ ਹੈ। ਮਹਾਤਮਾ ਬੁੱਧ ਨੇ ਮਨੁੱਖ ਦੇ ਮੋਖਸ਼ (ਨਿਰਵਾਣ) ਦੀ ਪ੍ਰਾਪਤੀ ਲਈ ‘ਅਸ਼ਟਾਂਗ ਮਾਰਗ’ ਜੀਵਨ ਜੁਗਤਿ ਦੀ ਖੋਜ ਕੀਤੀ। ਇਸ ਨੂੰ ਮੱਧ ਮਾਰਗ ਵੀ ਕਿਹਾ ਗਿਆ ਹੈ। ਜਿਸ ਦੇ ਅਨੁਸਾਰ ਮਨੁੱਖ ਅਗਿਆਨੀਆਂ ਦੁਆਰਾ ਕਰਨਯੋਗ ਅਤੇ ਅਨਾੜੀਆਂ ਦੁਆਰਾ ਭੋਗੀਆਂ ਜਾਣ ਵਾਲੀਆਂ ਵਾਸ਼ਨਾਵਾਂ ਵਿਚ ਲਿਪਤ ਨਾ ਹੋਵੇ। ਇਹ ਤਾਂ ਸਤਿ ਅਤੇ ਆਤਮ ਸੰਜਮ ਦਾ ਮਾਰਗ ਹੈ। ਇਸ ਦੇ ਅਨੁਸਾਰ ਮਨੁੱਖ ਆਤਮ ਵਿਕਾਸ ਅਤੇ ਆਤਮ ਸ਼ੁੱਧੀ ਪ੍ਰਾਪਤ ਕਰਦਾ ਹੈ। ਇਸ ਮੱਧ ਮਾਰਗ ਤੇ ਚੱਲ ਕੇ ਮਨੁੱਖ ਦੁੱਖਾਂ ਅਤੇ ਅਸਿਥਰਤਾ ਤੋਂ ਬਚ ਸਕਦਾ ਹੈ। ਬੁੱਧ ਨੇ ਦੁੱਖਾਂ ਤੋਂ ਬਚਣ ਲਈ ਸੱਚਾਈ ਪ੍ਰਾਪਤ ਕਰਨ ਦਾ ਢੰਗ ਦੱਸਿਆ ਹੈ ਜੋ ਮਨੁੱਖ ਸੰਸਾਰ ਦੇ ਬੰਧਨਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਅਤੇ ਨਿਰਵਾਣ ਦੁਆਰਾ

ਅਨੰਤ ਖ਼ੁਸ਼ੀ ਹਾਸਲ ਕਰਨ ਦੀ ਇੱਛਾ ਰੱਖਦੇ ਹਨ ਉਨ੍ਹਾਂ ਨੂੰ ਅਸ਼ਟਾਂਗ ਮਾਰਗ ਤੇ ਚੱਲ ਕੇ ਬੋਧ ਨੂੰ ਪ੍ਰਾਪਤ ਕਰਨਾ ਚਾਹੀਦਾ ਹੈ। ਇਹ ਅਸ਼ਟਾਂਗ ਮਾਰਗ ਇਸ ਪ੍ਰਕਾਰ ਹੈ :

1. ਸਮਯਕ ਦ੍ਰਿਸ਼ਟੀ (ਸੱਚੇ ਵਿਚਾਰ)
2. ਸਮਯਕ ਸੰਕਲਪ (ਸੱਚੀ ਨਿਅਤ)
3. ਸਮਯਕ ਵਾਕ (ਸੱਚਾ ਬੋਲ)
4. ਸਮਯਕ ਕਰਮ (ਸੱਚਾ ਵਿਹਾਰ)
5. ਸਮਯਕ ਆਜੀਵਕਾ (ਸੱਚੀ ਰੋਜ਼ੀ)
6. ਸਮਯਕ ਵਿਅਯਾਮ (ਸੱਚਾ ਯਤਨ)
7. ਸਮਯਕ ਸਮ੍ਰਿਤੀ (ਸੱਚਾ ਮਨੋਯੋਗ)
8. ਸਮਯਕ ਸਮਾਧੀ (ਸੱਚਾ ਧਿਆਨ)

ਇਨ੍ਹਾਂ ਅੱਠ ਭਾਗਾਂ ਵਿਚ ਬੁੱਧ ਧਰਮ ਦੇ ਸਦਾਚਾਰਕ, ਧਾਰਮਿਕ ਅਤੇ ਦਾਰਸ਼ਨਿਕ ਪੱਖ ਸ਼ਾਮਿਲ ਹਨ।

ਉਪਰੋਕਤ ਵਿਚਾਰ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਸ ਧਰਮ ਵਿਚ ਆਸ਼ਾਵਾਦਤਾ ਅਤੇ ਨਿਰਾਸ਼ਾਵਾਦਤਾ ਨੂੰ ਕੋਈ ਸਥਾਨ ਪ੍ਰਾਪਤ ਨਹੀਂ ਹੈ ਬਲਕਿ ਮਨੁੱਖ ਦੇ ਜੀਵਨ ਵਿਚ ਸਾਰੀਆਂ ਸੱਚਾਈਆਂ ਭਾਵੇਂ ਉਹ ਸੁਖਮਈਭਾਵੀ ਹੋਣ ਜਾਂ ਦੁਖਮਈਭਾਵੀ ਇਨ੍ਹਾਂ ਦੋਹਾਂ ਤੋਂ ਸਮਭਾਵੀ ਹੋ ਮੁਕਤੀ ਦੀ ਗੱਲ ਵੱਲ ਵਧੇਰੇ ਧਿਆਨ ਦਿੱਤਾ ਗਿਆ ਹੈ। ਇਹ ਸੱਚੇ ਬੈਰਾਗ ਦੀ ਅਵਸਥਾ ਹੈ। ਜਿੱਥੇ ਮਨੁੱਖ ਸਹਿਜਭਾਵੀ ਹੋ ਕੇ ਉੱਤਮ ਕੁਦਰਤੀ ਜੀਵਨ ਬਤੀਤ ਕਰਦਾ ਹੈ। ਧਮਪਦ ਅਨੁਸਾਰ ਮਨੁੱਖ ਨੂੰ ਕਿਸੇ ਵੀ ਸਥਿਤੀ ਵਿਚ ਆਲਸੀ ਅਤੇ ਸ਼ਕਤੀਹੀਣ ਨਹੀਂ ਹੋਣਾ ਚਾਹੀਦਾ। ਸੰਜਮਮਈ ਜੀਵਨ ਜਿਉਣ ਲਈ ਮਨੁੱਖ ਨੂੰ ਆਪਣੀਆਂ ਇੰਦਰੀਆਂ ਤੇ ਕਾਬੂ ਪਾਉਣਾ ਜ਼ਰੂਰੀ ਹੈ :

**ਸੁਭਾਨੁੱਪਸਿੰ ਵਿਹਰੰਤੰ, ਇੰਦ੍ਰਿਯੇਸੁ ਅਸੰਵੁਤੰ।**

**ਭੋਜਨੰ ਹਿ ਚ ਆਮਤੱਞੁ ਕੁਸੀਤੰ ਹੀਨਵੀਰਿਯ।**

**ਤੰ ਵੀ ਪਸਹਤਿ ਮਾਰੋ ਵਾਤੋ ਰੁਕਖੰ ਵ ਦੁੱਬਲੰ ॥**[26]

ਇਸ ਦਾ ਭਾਵ ਇਹ ਹੈ ਕਿ ਇੰਦਰੀਆਂ ਤੇ ਕਾਬੂ ਨਾ ਰੱਖਣ, ਖਾਣ-ਪੀਣ ਵਿਚ ਸੰਜਮ ਨਾ ਵਰਤਣ, ਆਲਸੀ, ਸ਼ਕਤੀਹੀਣ ਅਤੇ ਸਦਾ ਸੁੱਖ ਦੀ ਲਾਲਸਾ ਵਿਚ ਭਟਕਦੇ ਮਨੁੱਖ ਨੂੰ ਮੌਤ ਅਤੇ ਕਾਮ ਇੰਞ ਪੁੱਟ ਸੁਟਦੇ ਹਨ ਜਿਵੇਂ ਕਮਜ਼ੋਰ ਰੁੱਖ ਨੂੰ ਹਨੇਰੀ। ਇਹ ਪਦਾਰਥਕ ਜਗਤ ਵਿਚ ਗ੍ਰਸੇ ਮਨੁੱਖ ਦਾ ਸਹੀ ਦ੍ਰਿਸ਼ਟਾਂਤ ਹੈ। ਪਦਾਰਥਕ ਜਗਤ ਵਿਚ ਲਿਪਤ ਮਨੁੱਖ ਨੂੰ ਜਲਦੀ ਮੌਤ ਆਉਂਦੀ ਹੈ। ਉਹ ਹਮੇਸ਼ਾ ਦੁੱਖ ਭੋਗਦਾ ਹੈ। ਉਸ ਦਾ ਜੀਵਨ ਵੀ ਮੌਤ ਵਰਗਾ ਹੋ ਜਾਂਦਾ ਹੈ। ਜਿੱਥੇ ਉਸ ਦਾ ਮਨ ਭਟਕਦਾ ਰਹਿੰਦਾ ਹੈ। ਉਸ ਨੂੰ ਕਦੇ ਵੀ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ।

ਇਸੇ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਮਨੁੱਖ ਨੂੰ ਵਿਸ਼ੇ-ਵਿਕਾਰਾਂ ਤੋਂ ਦੂਰ ਰਹਿਣ ਦਾ ਉਪਦੇਸ਼ ਦਿੱਤਾ ਗਿਆ ਹੈ :

**ਸਾਧੋ ਮਨ ਕਾ ਮਾਨੁ ਤਿਆਗਉ ॥**

**ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥ ੧ ॥ ਰਹਾਉ ॥**

**ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥**

**ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥**

**ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥**

**ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮਖਿ ਜਾਨਾ ॥**[27]

ਧਮਪਦ ਵਿਚ ਮਨੁੱਖ ਨੂੰ ਗ੍ਰਿਹਸਥ ਦੇ ਸਾਰੇ ਸੁਖ-ਆਰਾਮ ਤੋਂ ਦੂਰ ਰਹਿਣ ਦੀ ਹਦਾਇਤ ਕੀਤੀ ਗਈ ਹੈ ਅਤੇ ਘਰ-ਬਾਰ ਤਿਆਗ ਕੇ ਬੈਰਾਗੀ ਬਣਨ ਦਾ ਉਪਦੇਸ਼ ਦਿਤਾ ਗਿਆ ਹੈ :

**ਉੱਯੁੰਜੰਤਿ ਸਤੀਮੰਤੋ, ਨ ਨਿਕੇਤੇ ਰਮੰਤਿ ਤੇ।**

**ਹੰਸਾ ਵ ਪੱਲਲੰ ਹਿਤਵਾ, ਓਕੰ ਓਕੰ ਜਹੰਤਿ ਤੇ ॥**[28]

ਇਸ ਦਾ ਭਾਵ ਇਹ ਕਿ ਜਿਹੜੇ ਮਨੁੱਖ ਸੁਚੇਤ ਹਨ ਉਹ ਯਤਨ ਕਰਦੇ ਹਨ ਅਤੇ ਗ੍ਰਿਹਸਥੀ ਜੀਵਨ ਤੋਂ ਪਰ੍ਹੇ ਰਹਿੰਦੇ ਹਨ ਜਿਵੇਂ ਹੰਸ ਤਲਾਅ ਨੂੰ ਛੱਡ ਕੇ ਚਲੇ ਜਾਂਦੇ ਹਨ। ਇੰਞ ਹੀ ਨਿਰਵਾਣ ਦੇ ਇੱਛੁਕ ਮਨੁੱਖ ਵੀ ਘਰ-ਬਾਰ ਨੂੰ ਛੱਡ ਕੇ ਤੁਰ ਜਾਂਦੇ ਹਨ।

ਬੁੱਧ ਧਰਮ ਦੇ ਇਸ ਬੈਰਾਗ ਦੇ ਸੰਕਲਪ ਦੇ ਤੁਲਨਾਤਮਿਕ ਪੱਖ ਤੋਂ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿਚ ਮਨੁੱਖ ਨੂੰ ਆਪਣੇ ਹਿਰਦੇ ਦੇ ਅੰਦਰ ਹੀ ਸੱਚੇ ਪ੍ਰਭੂ ਦੀ ਪਛਾਣ ਕਰਨ ਦੀ ਜੁਗਤ ਇਸ ਪ੍ਰਕਾਰ ਦੱਸੀ ਕਿ ਹੇ ਭਾਈ! ਤੂੰ ਜੰਗਲਾਂ ਵਿਚ ਪਰਮਾਤਮਾ ਨੂੰ ਲੱਭਣ ਲਈ ਕਿਉਂ ਜਾਂਦਾ ਹੈ? ਪਰਮਾਤਮਾ ਤਾਂ ਸਭ ਵਿਚ ਵਸਦਾ ਹੈ। ਉਹ ਮਾਇਆ ਦੇ ਪ੍ਰਭਾਵ ਤੋਂ ਸਦਾ ਨਿਰਲੇਪ ਹੈ। ਉਸਦਾ ਤੇਰੇ ਨਾਲ ਹੀ ਵਾਸ ਹੈ। ਜਿਵੇਂ ਕਿ ਫੁੱਲ ਵਿਚ ਸੁਗੰਧੀ, ਸ਼ੀਸ਼ੇ ਵਿਚ ਵਿਚ ਅਕਸ। ਇਸੇ ਤਰ੍ਹਾਂ ਹੀ ਪਰਮਾਤਮਾ ਇੱਕ ਰਸ ਸਭਨਾਂ ਦੇ ਅੰਦਰ ਵਸਦਾ ਹੈ। ਇਸੇ ਲਈ ਤੂੰ ਉਸਨੂੰ ਆਪਣੇ ਹਿਰਦੇ ਅੰਦਰ ਹੀ ਲੱਭ। ਹੇ ਭਾਈ! ਗੁਰੂ ਦਾ ਉਪਦੇਸ਼ ਇਹ ਦੱਸਦਾ ਹੈ ਕਿ ਤੂੰ ਉਸਨੂੰ ਅੰਦਰ-ਬਾਹਰ ਭਾਵ ਹਰ ਥਾਂ 'ਤੇ ਵਸਦਾ ਸਮਝ। ਜਦੋਂ ਤੱਕ ਤੈਨੂੰ ਆਪੇ ਦੀ ਪਛਾਣ ਨਹੀਂਹੁੰਦੀ । ਉਦੋਂ ਤੱਕ ਸਰਵਵਿਆਪੀ ਪਰਮਾਤਮਾ ਦੀ ਵੀ ਪ੍ਰਾਪਤੀ ਨਹੀਂ ਹੋ ਸਕਦੀ।

**ਕਾਹੇ ਰੇ ਬਨ ਖੋਜਨ ਜਾਈ॥**

**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ।। ੧ ॥ ਰਹਾਉ ॥**

**ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥**

**ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਤ ਭਾਈ॥**

**ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥**

**ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥**[29]

ਧਮਪਦ ਵਿਚ ਗ੍ਰਿਹਸਥੀ ਜੀਵਨ ਨੂੰ ਦੁੱਖਮਈ ਕਿਹਾ ਗਿਆ ਹੈ ਅਤੇ ਬੈਰਾਗ ਦੇ ਰਸਤੇ ਨੂੰ ਕਠਿਨ ਤੇ ਸੁੱਖਮਈ ਕਿਹਾ ਗਿਆ ਹੈ। ਧਮਪਦ ਦੇ ਇਕੀਵੇਂ ਵੱਗ ਵਿਚ ਇਸ ਸਬੰਧੀ ਮਹਾਤਮਾ ਬੁੱਧ ਉਪਦੇਸ਼ ਦਿੰਦੇ ਹਨ :

**ਦੁੱਪੱਬੱਜੰ ਦੁਰਭਿਰਮੰ, ਦੁਰਾਵਾਸਾ ਘਰਾ ਦੁੱਖਾ।**

**ਦੁਕਖੋਸਮਾਨਸੰਵਾਸੋ, ਦੁਕਖਾਨੁਪਤਿਤਦਧਗੂ।**

**ਤਮਸਾ ਨ ਚਦਧਗੂਸਿਯਾ ਨ ਚ ਦੁਕਖਾਨੁਤਿਤੋ ਸਿਯਾ॥**[30]

ਭਾਵ ਇਹ ਕਿ ਬੈਰਾਗੀ ਹੋਣਾ ਬਹੁਤ ਮੁਸ਼ਕਿਲ ਹੈ ਅਤੇ ਬੈਰਾਗ ਵਿਚ ਲੀਨ ਹੋਣਾ ਔਖਾ ਹੈ। ਗ੍ਰਿਹਸਥੀ ਦਾ ਜੀਵਨ ਕਠਿਨ ਅਤੇ ਦੁੱਖਮਈ ਹੈ। ਜੋ ਆਪਣੇ ਵਰਗੇ ਅਨੁਕੂਲ ਨਹੀਂ ਹਨ, ਉਨ੍ਹਾਂ ਦੀ ਸੰਗਤ ਦੁੱਖਮਈ ਹੈ। ਸੰਸਾਰ ਵਿਚ ਭਟਕਣ ਵਾਲੇ ਨੂੰ ਦੁੱਖ ਹੀ ਮਿਲਦਾ ਹੈ। ਇਸ ਲਈ ਸੰਸਾਰ ਦੇ ਰਾਹਗੀਰ ਨਾ ਬਣੋ ਤੇ ਦੁੱਖਾਂ ਦਾ ਪਿੱਛਾ ਨਾ ਕਰੋ। ਇਸ ਤਰ੍ਹਾਂ ਬੁੱਧ ਧਰਮ ਵਿਚ ਗ੍ਰਿਹਸਥੀ ਜੀਵਨ ਨੂੰ ਦੁੱਖਮਈ ਕਿਹਾ ਗਿਆ ਹੈ ਅਤੇ ਸੰਸਾਰ ਤੋਂ ਦੂਰ ਰਹਿਣ ਦੀ ਚਿਤਾਵਨੀ ਦਿਤੀ ਗਈ ਹੈ।

ਬੁੱਧ ਧਰਮ ਦੇ ਇਸ ਸਿਧਾਂਤ ਦੇ ਵਿਪਰੀਤ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਕਿਸੇ ਵੀ ਤਰ੍ਹਾਂ ਦੇ ਦੁੱਖ ਨੂੰ ਮਨੁੱਖ ਲਈ ਭੈ ਨਹੀਂ ਬਣਾਇਆ ਗਿਆ। ਉਨ੍ਹਾਂ ਨੇ ਬਾਣੀ ਵਿਚ ਦੁੱਖ-ਸੁੱਖ ਨੂੰ ਇਕੋ ਜਿਹਾ ਕਰਕੇ ਜਾਨਣ ਲਈ ਕਿਹਾ ਹੈ। ਜਿਸ ਅਨੁਸਾਰ ਮਨੁੱਖ ਨੂੰ ਉਪਦੇਸ਼ ਦਿਤਾ ਗਿਆ ਹੈ ਕਿ ਉਹ ਹਰ ਤਰ੍ਹਾਂ ਦੇ ਦੁੱਖ-ਸੁੱਖ ਨੂੰ ਪ੍ਰਭੂ ਦੀ ਦਾਤ ਸਮਝ ਕੇ ਪ੍ਰਵਾਨ ਕਰੇ। ਇਸ ਸਬੰਧੀ ਉਨ੍ਹਾਂ ਦੀ ਬਾਣੀ ਦਾ ਫ਼ਰਮਾਨ ਹੈ :

**ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥**

**ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥**[31]

ਧਮਪਦ ਵਿਚ ਜਿੱਥੇ ਭਿਖਸ਼ੂ ਨੂੰ ਮੰਗਣ ਦੀ ਆਗਿਆ ਦਿਤੀ ਹੈ ਉੱਥੇ ਇਸ ਵਿਚ ਇਕਾਂਤੀ ਹੋਣ ਅਤੇ ਉਪਰਾਮ ਹੋ ਕੇ ਮਨ ਨੂੰ ਧਿਆਨ ਵਿਚ ਲਗਾਉਣ ਦੀ ਸਿੱਖਿਆ ਦਿਤੀ ਗਈ ਹੈ :

**ਅਨੂਪਵਾਦੋ ਅਨੂਪਘਾਤੋ, ਪਾਤਿਮੋਕਖੇ ਚ ਸੰਵਾਰੋ।**

**ਮੱਤੱਞੁਤਾ ਚ ਭੱਤਸਮਿੰ; ਪੰਤੰ ਚ ਸਯਨਾਸਨੰ।**

**ਅਧਿਚਿੱਤੇ ਚ ਆਯੋਗੰਬੁ, ਏਤੰ ਦਧਾਨ ਸਾਸਨੰ॥**[32]

ਇਸ ਦਾ ਭਾਵ ਇਹ ਹੈ ਕਿ ਨਿੰਦਾ ਨਾ ਕਰਨਾ, ਦੂਜੇ ਨੂੰ ਚੋਟ ਨਾ ਪਹੁੰਚਾਉਣਾ, ਸਦਾਚਾਰ ਦੀ ਸਿੱਖਿਆ ਦੇ ਅਨੁਸਾਰ ਸੰਜਮ ਰੱਖਣਾ, ਹਿਸਾਬ ਦੇ ਅਨੁਸਾਰ ਖਾਣਾ-ਪੀਣਾ, ਇਕਾਂਤ ਦੇ ਵਿਚ ਸੌਣਾ ਅਤੇ ਬੈਠਣਾ, ਚਿੱਤ ਨੂੰ ਧਿਆਨ ਵਿਚ ਲਗਾਉਣਾ, ਇਹ ਬੁੱਧ ਦੀ ਸਿੱਖਿਆ ਹੈ।

ਪਰੰਤੂ ਗੁਰੂ ਤੇਗ਼ ਬਹਾਦਰ ਜੀ ਨੇ ਮਹਾਤਮਾ ਬੁੱਧ ਦੇ ਇਕਾਂਤੀ ਹੋ ਕੇ ਗ੍ਰਿਹਸਥੀ ਜੀਵਨ ਦਾ ਤਿਆਗ ਕਰਕੇ ਉਪਰਾਮ ਅਵਸਥਾ ਵਿਚ ਰਹਿਣ ਨੂੰ ਪੂਰਨ ਤੌਰ ਤੇ ਨਿਕਾਰਿਆ ਹੈ। ਗ੍ਰਿਹਸਥੀ ਜੀਵਨ ਦਾ ਤਿਆਗ ਕਰਨ ਨਾਲ ਮਨ ਦੀ ਭਟਕਣਾ ਖ਼ਤਮ ਨਹੀਂ ਹੁੰਦੀ। ਮਨ ਦੀ ਭਟਕਣਾ ਖ਼ਤਮ ਤਾਂ ਪ੍ਰਭੂ ਦਾ ਨਾਮ ਸਿਮਰਨ ਕਰਨ ਨਾਲ ਹੁੰਦੀ ਹੈ। ਗੁਰੂ ਜੀ ਦਾ ਫ਼ਰਮਾਨ ਹੈ ਕਿ ਹੇ ਮਨੁੱਖ! ਤੂੰ ਰਾਮ-ਰਾਮ ਦਾ ਸਿਮਰਨ ਕਰ। ਤੇਰਾ ਇਹ ਅਮੋਲਕ ਜੀਵਨ ਵਿਅਰਥ ਜਾ ਰਿਹਾ ਹੈ। ਹੇ ਮੂਰਖ! ਮੈਂ ਤੈਨੂੰ ਮੁੜ-ਮੁੜ ਕੀ ਕਹਾਂ? ਤੂੰ ਕਿਉਂ ਨਹੀਂ ਸਮਝਦਾ? ਇਹ ਤੇਰਾ ਸਰੀਰ ਗੜੇ ਦੀ ਤਰ੍ਹਾਂ ਹੈ। ਹੇ ਮੂਰਖ! ਦਿਨ ਰਾਤ ਪੁਰਾਣ ਸੁਣ-ਸੁਣ ਕੇ ਵੀ ਤੂੰ ਨਹੀਂ ਸਮਝਦਾ ਕਿ ਇੱਥੇ ਸਦਾ ਬੈਠੇ ਨਹੀਂ ਰਹਿਣਾ। ਮੌਤ ਤਾਂ ਤੇਰੇ ਨੇੜੇ ਆ ਰਹੀ ਹੈ। ਹੈ ਤੂੰ ਭੱਜ-ਭੱਜ ਕਿ ਕਿੱਥੇ ਜਾਵੇਂਗਾ:

**ਰਾਮੁ ਭਜੁ ਰਾਮ ਭਜੁ ਜਨਮੁ ਸਿਰਾਤੁ ਹੈ ॥**
**ਕਹਉ ਕਹਾ ਬਾਰ ਬਾਰ ਸਮਝਤ ਨਹ ਕਿਉ ਗਵਾਰ ॥**
**ਬਿਨਸਤ ਨਹ ਲਗੈ ਬਾਰ ਓਰੇ ਸਮ ਗਾਤੁ ਹੈ ॥੧॥ ਰਹਾਉ ॥**[33]

**ਬੀਤ ਜੈਹੈ ਬੀਤ ਜੈਹੈ ਜਨਮੁ ਅਕਾਜ ਰੇ ॥**
**ਨਿਸਿ ਦਿਨੁ ਸੁਨਿ ਕੈ ਪੁਰਾਨ ਸਮਝਤ ਨਹ ਰੇ ਅਜਾਨ ॥**
**ਕਾਲੁ ਤਉ ਪਹੂਚਿਓ ਆਨਿ ਕਹਾ ਜੈਹੈ ਭਾਜਿ ਰੇ ॥੧॥ ਰਹਾਉ ॥**[34]

ਗੁਰੂ ਸਾਹਿਬ ਜੀ ਫ਼ਰਮਾਉਂਦੇ ਹਨ ਕਿ ਹੇ ਮਨੁੱਖ! ਤੇਰਾ ਇਹ ਮਨੁੱਖੀ ਜੀਵਨ ਬੜਾ ਅਮੋਲਕ ਹੈ। ਇਸ ਨੂੰ ਕਿਉਂ ਤੰਨੂੰ ਵਿਅਰਥ ਗੁਆ ਰਿਹਾ ਹੈ। ਜਦ ਕਿ ਇਹ ਸਮਾਂ ਤਾਂ ਪ੍ਰਭੂ ਦਾ ਨਾਮ-ਸਿਮਰਨ ਕਰਨ ਦਾ ਹੈ। ਰਾਮ ਨਾਮ ਹੀ ਸਾਰੇ ਸੁੱਖਾਂ ਦਾ ਅਧਾਰ ਹੈ। ਇਸ ਦੇ ਬਰਾਬਰ ਹੋਰ

ਕੋਈ ਨਹੀਂ। ਇਸ ਦਾ ਸਿਮਰਨ ਕਰਨ ਨਾਲ ਹੀ ਤੇਰੀ ਮੁਕਤੀ ਹੋਣੀ ਹੈ। ਪ੍ਰਭੂ ਦਾ ਵਾਸ ਤਾਂ ਹਰ ਸਰੀਰ ਵਿਚ ਹੀ ਹੈ। ਇਹ ਗੱਲ ਸੰਤ ਲੋਕਾਂ ਨੇ ਉੱਚੀ ਕੂਕ-ਕੂਕ ਕੇ ਦੱਸੀ ਹੈ। ਤੂੰ ਉਸ ਪ੍ਰਭੂ ਦਾ ਭਜਨ ਕਰਿਆ ਕਰ। ਪ੍ਰਭੂ ਦਾ ਨਾਮ-ਸਿਮਰਨ ਕਰਕੇ ਹੀ ਤੰਨੂੰ ਇਸ ਸੰਸਾਰ ਰੂਪੀ ਸਮੁੰਦਰ ਨੂੰ ਪਾਰ ਕਰ ਲਵੇਂਗਾ :

**ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥**

**ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ ॥**[35]

**ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥**

**ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥**[36]

**ਸਾਧੋ ਗੋਬਿੰਦ ਕੇ ਗੁਨ ਗਾਵਉ ॥**

**ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ ॥ ੧ ॥ ਰਹਾਉ ॥**[37]

ਉਪਰੋਕਤ ਵਿਵੇਚਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਕਿਤੇ ਵੀ ਬੈਰਾਗਵਾਨ ਹੋ ਕੇ ਮੁਕਤੀ ਦੀ ਪ੍ਰਾਪਤੀ ਲਈ ਗ੍ਰਿਹਸਥ ਜੀਵਨ ਦਾ ਤਿਆਗ ਕਰਕੇ ਸੰਨਿਆਸੀ ਜੀਵਨ ਧਾਰਨ ਕਰਕੇ ਜੰਗਲਾਂ ਵਿਚ ਜਾਣ, ਭਿੱਖਿਆ ਮੰਗ ਕੇ ਖਾਣ, ਇਕਾਂਤੀ ਹੋ ਕੇ ਕਠੋਰ ਜਪ-ਤਪ ਕਰਨ ਦਾ ਵਰਣਨ ਨਹੀਂ ਮਿਲਦਾ ਸਗੋਂ ਅਜਿਹੇ ਸੰਕਲਪਾਂ ਦੀ ਸਖ਼ਤ ਸ਼ਬਦਾਂ ਵਿਚ ਵਿਰੋਧਤਾ ਕੀਤੀ ਗਈ ਹੈ। ਮਨੁੱਖ ਨੂੰ ਇਸੇ ਸੰਸਾਰੀ ਸਮਾਜ ਵਿਚ ਰਹਿ ਕੇ ਸ਼ੁਭ ਕਰਮਨ ਕਰਦਿਆਂ ਬੈਰਾਗਵਾਨ ਹੋ ਕੇ *'ਜੀਵਨ ਮੁਕਤ'* ਪਦ ਨੂੰ ਪ੍ਰਾਪਤ ਕਰਨ ਲਈ ਉਪਦੇਸ਼ ਦਿਤਾ ਗਿਆ ਹੈ।

**3. ਜੈਨ ਧਰਮ ਵਿਚ ਬੈਰਾਗ :**

ਜੈਨ ਧਰਮ ਵਿਚ ਬੈਰਾਗ ਦੇ ਸੰਕਲਪ ਦਾ ਅਧਿਐਨ ਕਰਨ ਤੋਂ ਪਹਿਲਾਂ ਜੈਨ ਧਰਮ ਬਾਰੇ ਮੁੱਢਲੀ ਜਾਣਕਾਰੀ ਪ੍ਰਾਪਤ ਕਰਨੀ ਜ਼ਰੂਰੀ ਬਣਦੀ ਹੈ। ਭਾਰਤੀ ਧਰਮਾਂ ਵਿਚ ਜੈਨ ਧਰਮ ਇਕ

ਬਹੁਤ ਪ੍ਰਾਚੀਨ ਧਰਮ ਹੈ। ਇਸ ਵਿਚਾਰ ਦੀ ਪ੍ਰੋੜ੍ਹਤਾ ਸੰਬੰਧੀ ਪ੍ਰੋ. ਹਰਬੰਸ ਸਿੰਘ ਅਤੇ ਡਾ. ਐਲ. ਐਮ. ਜੋਸ਼ੀ ਲਿਖਦੇ ਹਨ "ਜੈਨ ਧਰਮ ਵਿਚ ਭਾਰਤੀ ਧਾਰਮਿਕ ਸਭਿਆਚਾਰ ਦੇ ਸਭ ਤੋਂ ਪੁਰਾਣੇ ਕੁੱਝ ਤੱਤ ਮਿਲਦੇ ਹਨ। ਇਸ ਦਾ ਸਾਧੂਆਂ ਵਾਲਾ ਮਾਰਗ ਅਤੇ ਯੋਗ ਦੀਆਂ ਰੀਤੀਆਂ ਦਾ ਮੁੱਢ ਹੜੱਪਾ-ਕਾਲ ਵਿੱਚੋਂ ਲੱਭਿਆ ਜਾ ਸਕਦਾ ਹੈ। ਇਹ ਧਰਮ ਅਸਲ ਵਜੋਂ ਗ਼ੈਰ-ਵੈਦਿਕ ਅਤੇ ਗ਼ੈਰ-ਆਰੀਆ ਸੀ, ਇਹ ਸ੍ਰਮਣਾਂ ਜਾਂ ਘਰ-ਤਿਆਗੀ ਸਾਧੂਆਂ ਦੇ ਸਭਿਆਚਾਰ ਦੀਆਂ ਮੁੱਖ ਸ਼ਾਖਾਵਾਂ ਨੂੰ ਵਰਨਣ ਕਰਦਾ ਹੈ। ਕਿਹਾ ਗਿਆ ਹੈ ਕਿ ਜੈਨ ਮਤ ਵੈਦਿਕ ਬ੍ਰਾਹਮਣੀ ਮਤ ਨਾਲੋਂ ਵਿਚਾਰਾਂ ਦੀ ਭਿੰਨਤਾ ਕਾਰਨ ਵਿਕਸਿਤ ਹੋਇਆ। . ...ਕੁਝ ਦੀ ਇਹ ਵੀ ਰਾਏ ਹੈ ਕਿ ਜੈਨ ਮਤ ਬੁੱਧ ਮਤ ਦਾ ਹੀ ਇਕ ਫ਼ਿਰਕਾ ਸੀ ਪਰ ਨਵੀਨ ਖੋਜਾਂ ਨੇ ਦੱਸ ਦਿਤਾ ਕਿ ਜੈਨ ਧਰਮ ਦੇ ਕੁਝ ਤੱਤ ਰਿਗਵੇਦ ਨਾਲੋਂ ਵੀ ਪੁਰਾਣੇ ਹਨ।[38] ਇਸ ਪ੍ਰਕਾਰ ਅਸੀਂ ਇਸ ਧਰਮ ਨੂੰ ਮੁੱਢਲੇ ਭਾਰਤੀ ਧਰਮ ਵਜੋਂ ਸਵੀਕਾਰ ਕਰਦੇ ਹਾਂ। ਇਸ ਦੀਆਂ ਪ੍ਰਾਚੀਨ ਹਿੰਦੂ ਧਰਮ ਤੋਂ ਅਨੇਕਾਂ ਭਿੰਨਤਾਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਮੂਲ ਰੂਪ ਵਿਚ ਇਸ ਧਰਮ ਦੇ ਰਿਸ਼ਭ ਦੇਵ ਪਹਿਲੇ ਤੀਰਥੰਕਰ ਮੰਨੇ ਜਾਂਦੇ ਹਨ। ਇਨ੍ਹਾਂ ਤੋਂ ਪਿੱਛੋਂ ਇਸ ਧਰਮ ਦੇ 23 ਹੋਰ (ਅਜਿਤ, ਸੰਭਵ, ਅਭਿਨੰਦਨ, ਸੁਮਤੀ, ਪਦਮਪ੍ਰਭਵ, ਸੁਪਾਰਸਵ, ਚੰਦ੍ਰਪ੍ਰਭਾ, ਪੁਸ਼ਪਦੰਤ, ਸ਼ੀਤਲ, ਸ੍ਰੇਯਾਂਅੰਸ, ਵਸ਼ੂਪੁਜਯ, ਵਿਮਲ, ਅਨੰਤ, ਧਰਮ, ਸ਼ਾਂਤੀ, ਕੁੰਥੰ, ਅਰਹ, ਮੱਲੀ, ਮੁਨੀਸੁਵਰਤ, ਨਮੀ, ਅਰਿਸ਼ਟ ਨੇਮੀ, ਪਾਰਸਵਨਾਥ ਅਤੇ ਭਗਵਾਨ ਵਰਧਮਾਨ ਜਾਂ ਮਹਾਵੀਰ) ਤੀਰਥੰਕਰ ਹੋਏ ਹਨ। ਜੈਨ ਪ੍ਰੰਪਰਾ ਦੇ ਅਨੁਸਾਰ ਅੱਖਰੀ ਤੌਰ ਤੇ ਤੀਰਥੰਕਰ ਦਾ ਭਾਵ "ਪੁਲ ਬਣਾਉਣ ਵਾਲਾ" ਹੈ ਜੋ ਲੋਕਾਂ ਨੂੰ ਦੁਨੀਆਵੀ ਵਿਸ਼ੇ-ਵਿਕਾਰਾਂ ਵਿਚੋਂ ਕੱਢ ਕੇ ਸੁੱਖੀ ਜੀਵਨ ਜਿਉਣ ਦੀ ਪ੍ਰੇਰਣਾ ਦੇ ਕੇ ਸੁਖਮਈ ਬਣਾਉਂਦਾ ਹੈ। ਭਵ ਸਾਗਰ ਨੂੰ ਪਾਰ ਕਰਨ ਲਈ ਤੀਰਥੰਕਰ ਲੋਕਾਂ ਵਾਸਤੇ ਪਵਿੱਤਰ ਪੁਲ ਹਨ।

'ਜੈਨ' ਸ਼ਬਦ ਦੀ ਮੂਲ ਉਤਪਤੀ ਬਾਰੇ ਵਿਚਾਰ ਕਰਦਿਆਂ ਪ੍ਰਸਿੱਧ ਵਿਦਵਾਨ ਡਾ. ਨਵਰਤਨ ਕਪੂਰ ਲਿਖਦੇ ਹਨ ਕਿ "ਜੈਨ" (Jain) ਸ਼ਬਦ ਦਾ ਨਿਕਾਸ ਪ੍ਰਾਕ੍ਰਿਤ ਦੇ 'ਜਿਨ' ਤੋਂ ਮੰਨਿਆ ਜਾਂਦਾ ਹੈ। 'ਜਿਨ' ਦਾ ਮੁੱਢਲਾ ਅਰਥ 'ਜੇਤੂ' (Victor) ਅਰਥਾਤ ਜਿਸ ਨੇ ਆਪਣੀਆਂ

ਇੰਦਰੀਆਂ ਉੱਤੇ ਕਾਬੂ ਪਾ ਕੇ ਪੁਰਾਣੇ ਮੰਦੇ ਕਰਮਾਂ ਦਾ ਨਾਸ਼ ਕਰ ਦਿੱਤਾ ਹੋਵੇ।"[39] ਇਸ ਪ੍ਰਕਾਰ ਮਨੁੱਖ ਆਪਣੀਆਂ ਇੰਦਰੀਆਂ ਤੇ ਕਾਬੂ ਪਾ ਕੇ ਸੰਸਾਰੀ ਮੋਹ-ਮਾਇਆ, ਵਿਸ਼ੇ-ਵਿਕਾਰਾਂ, ਲੋਭ-ਲਾਲਚਾਂ ਅਤੇ ਹੋਰ ਅਨੇਕਾਂ ਕਿਸਮਾਂ ਦੇ ਸੰਕਟਾਂ ਤੋਂ ਮੁਕਤ ਹੋ ਜਾਂਦਾ ਹੈ ਅਤੇ ਆਪਣੇ ਜੀਵਨ ਨੂੰ ਅਨੰਦਮਈ ਬਣਾਉਂਦਾ ਹੈ ਅਤੇ ਉਹ ਇਕ ਸੱਚਾ ਜੈਨੀ ਹੈ।

ਜੈਨ ਧਰਮ ਦੇ ਚੌਵੀਵੇਂ ਤੀਰਥੰਕਰ ਭਗਵਾਨ ਮਹਾਂਵੀਰ ਦਾ ਜਨਮ ਈਸਵੀ ਸੰਨ ਸ਼ੁਰੂ ਹੋਣ ਤੋਂ 599 ਵਰ੍ਹੇ ਪਹਿਲਾਂ ਹੋਇਆ ਸੀ। ਉਨ੍ਹਾਂ ਦੇ ਪਿਤਾ ਦਾ ਨਾਮ ਸਿਧਾਰਥ ਅਤੇ ਮਾਤਾ ਦਾ ਨਾਮ ਤ੍ਰਿਸ਼ਲਾ ਸੀ। ਬਚਪਨ ਤੋਂ ਹੀ ਉਨ੍ਹਾਂ ਦੀ ਦੁਨਿਆਵੀ ਕਾਰਜਾਂ ਵਿਚ ਰੁੱਚੀ ਨਹੀਂ ਸੀ। ਮਹਾਂਵੀਰ ਜੀ ਬਾਰੇ ਇਹ ਵੀ ਰਿਵਾਇਤ ਪ੍ਰਚਲਤ ਹੈ ਕਿ ਭਾਵੇਂ ਉਨ੍ਹਾਂ ਦਾ ਵਿਆਹ ਹੋਇਆ ਅਤੇ ਉਨ੍ਹਾਂ ਦੇ ਘਰ ਇਕ ਲੜਕੀ ਨੇ ਵੀ ਜਨਮ ਲਿਆ ਸੀ ਜਿਸ ਦਾ ਨਾਮ ਪ੍ਰਿਯਾਦਰਸ਼ਨਾ ਰੱਖਿਆ ਗਿਆ ਪਰ ਉਨ੍ਹਾਂ ਅੰਦਰ ਸੰਸਾਰ ਤਿਆਗ ਦੀ ਤਾਂਘ ਹਮੇਸ਼ਾ ਬਣੀ ਰਹਿੰਦੀ ਸੀ। ਉਨ੍ਹਾਂ ਆਪਣੀ ਇਸ ਤਾਂਘ ਨੂੰ ਆਪਣੇ ਮਾਤਾ ਪਿਤਾ ਜੀ ਦੀ ਮੌਤ ਤੱਕ ਦਬਾ ਕੇ ਰੱਖਿਆ ਕਿਉਂਕਿ ਉਹ ਮਾਤਾ ਪਿਤਾ ਨੂੰ ਸੰਸਾਰ ਤਿਆਗ ਦੁਆਰਾ ਦੁਖ ਨਹੀਂ ਸਨ ਪਹੁੰਚਾਉਣਾ ਚਾਹੁੰਦੇ। ਮਾਤਾ ਪਿਤਾ ਦੀ ਮੌਤ ਪਿੱਛੋਂ ਉਨ੍ਹਾਂ ਨੇ ਆਪਣੇ ਵੱਡੇ ਭਰਾ ਦੀ ਆਗਿਆ ਨਾਲ ਗ੍ਰਿਹਸਥੀ ਜੀਵਨ ਤਿਆਗ ਦਿਤਾ ਅਤੇ ਪਰਮ-ਸ਼ਾਂਤੀ ਦੀ ਤਲਾਸ਼ ਵਿਚ ਉਨ੍ਹਾਂ ਤਪੱਸਵੀ ਜੀਵਨ ਸ਼ੁਰੂ ਕੀਤਾ। ਸੰਸਾਰ ਤਿਆਗ ਦੇ ਸਮੇਂ ਉਨ੍ਹਾਂ ਘੋਰ ਤਪੱਸਿਆ ਕੀਤੀ ਅਤੇ ਕੱਪੜਿਆਂ, ਭੋਜਨ ਅਤੇ ਪਾਣੀ ਤੋਂ ਬਿਨਾਂ ਹੀ ਆਪਾ ਤਿਆਗੀ ਵਾਲਾ ਜੀਵਨ ਬਤੀਤ ਕੀਤਾ।

ਮੁੱਖ ਤੌਰ 'ਤੇ ਜੈਨੀਆਂ ਦੇ ਪਵਿੱਤਰ ਗ੍ਰੰਥ ਪ੍ਰਾਕ੍ਰਿਤਕ ਜਾਂ ਅਰਧਮਾਗਧੀ ਭਾਸ਼ਾ ਵਿਚ ਹਨ। ਇਨ੍ਹਾਂ ਗ੍ਰੰਥਾਂ ਦੇ ਪਹਿਲੇ ਭਾਗ 400 ਪੂਰਵ ਈਸਾ ਅਤੇ 200 ਈਸਵੀ ਦੇ ਵਿਚਕਾਰ ਰਚੇ ਗਏ। ਇਹ ਧਰਮ ਗ੍ਰੰਥ ਜੈਨ ਨੀਤੀ, ਵਿਦਿਆ, ਯੋਗ, ਧਰਮ, ਦਰਸ਼ਨ ਅਤੇ ਮਿਥਿਹਾਸ ਦੇ ਸੋਮੇ ਹਨ, ਇਨ੍ਹਾਂ ਗ੍ਰੰਥਾਂ ਵਿਚ ਬਹੁਤ ਸਾਰੇ ਗ੍ਰੰਥਾਂ ਦੇ ਨਾਮ ਪਿੱਛੇ ਸੂਤ੍ਰ ਲੱਗਦਾ ਹੈ। ਆਚਰਾਂਗ ਸੂਤ੍ਰ ਵਿਚ ਮੁਖ ਤੌਰ ਤੇ ਭਿਕਸ਼ੂਆਂ ਦੇ ਨੈਤਿਕ ਆਚਾਰ ਅਤੇ ਆਤਮ-ਅਨੁਸ਼ਾਸ਼ਨ ਬਾਰੇ ਵਰਨਣ ਹੈ ।

ਕਪਲ ਸੂਤ੍ਰ ਵਿਚ ਵਿਸਥਾਰਪੂਰਵਕ ਮਹਾਂਵੀਰ ਜੀ ਦੀ ਜੀਵਨ-ਗਾਥਾ ਦਿਤੀ ਗਈ ਹੈ। ਸ਼੍ਰੀ ਤਤਵਾਰਥ ਸੂਤਰ ਗ੍ਰੰਥ ਅਤੇ ਸ਼੍ਰੀ ਉਤਰਾਧਿਐਨ ਸੂਤਰ ਗ੍ਰੰਥ ਵਿਚ ਜੈਨ ਧਰਮ ਦੀਆਂ ਸਿੱਖਿਆਵਾਂ ਦਿਤੀਆਂ ਗਈਆਂ ਹਨ।

**(ਓ) ਸ਼੍ਰੀ ਤਤਵਾਰਥ ਸੂਤਰ ਗ੍ਰੰਥ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਬੈਰਾਗ ਦਾ ਸੰਕਲਪ :**

ਜੈਨ ਧਰਮ ਦੀਆਂ ਸਿੱਖਿਆਵਾਂ "ਸ਼੍ਰੀ ਤਤਵਾਰਥ ਸੂਤਰ" ਵਿਚ ਹੋਣ ਕਾਰਨ ਇੱਥੇ ਜੈਨ ਧਰਮ ਦੇ ਗ੍ਰੰਥ ਸ਼੍ਰੀ ਤਤਵਾਰਥ ਸੂਤਰ ਦੇ ਬੈਰਾਗ ਦੇ ਸੰਕਲਪ ਨੂੰ ਗੁਰੂ ਤੇਗ ਬਹਾਦਰ ਜੀ ਦੇ ਬੈਰਾਗ ਦੇ ਸੰਕਲਪ ਨਾਲ ਤੁਲਨਾਤਮਿਕ ਪੱਧਰ ਤੋਂ ਵੇਖਣ ਦਾ ਯਤਨ ਕਰਦੇ ਹਾਂ।

ਜੈਨ ਧਰਮ ਗ੍ਰੰਥ ਸ਼੍ਰੀ ਤਤਵਰਥ ਸੂਤਰ ਦੇ ਪਹਿਲੇ ਅਧਿਆਇ ਵਿਚ ਨਿਮਨ ਪੰਜ ਵਰਤ ਧਾਰਨ ਕਰਨੇ ਜ਼ਰੂਰੀ ਦੱਸੇ ਗਏ ਹਨ :

1. ਅਹਿੰਸਾ, 2. ਸਤ, 3. ਬ੍ਰਹਮਚਰਜ , 4. ਅਸਤੇਯ, 5. ਅਪਰਿਗ੍ਰਹਿ।

ਇਨ੍ਹਾਂ ਪੰਜ ਮਹਾਂ ਵਰਤਾਂ ਅਨੁਸਾਰ ਕਿਸੇ ਵੀ ਜੀਵ ਨੂੰ ਮਨ, ਬਚਨ, ਕਰਮ ਕਰਕੇ ਦੁਖ ਨਾ ਦੇਣਾ ਅਹਿੰਸਾ ਹੈ। ਸੱਚ ਵੀ ਮਿੱਠਤ ਨਾਲ ਬੋਲਣਾ ਚਾਹੀਦਾ ਹੈ। ਜਿਸ ਅਨੁਸਾਰ ਕੌੜੇ ਅਤੇ ਫਿਕੇ ਬਚਨ ਮੂਲੋਂ ਨਾ ਬੋਲ ਕੇ ਪੂਰਨ ਸੱਤ ਧਾਰਨ ਕਰਨ ਦਾ ਉਪਦੇਸ਼ ਦਿਤਾ ਗਿਆ ਹੈ।

ਸ਼੍ਰੀ ਤਤਵਾਰਥ ਸੂਤਰ ਗ੍ਰੰਥ ਵਿਚ ਬੈਰਾਗ ਉੱਪਰ ਜ਼ੋਰ ਦਿਤਾ ਗਿਆ ਹੈ। ਇਸ ਵਿਚ ਅਹਿੰਸਾ ਆਦਿ ਵਰਤ ਦੀ ਪਾਲਣਾ ਕਰਨੀ ਬੈਰਾਗ ਦੀ ਪ੍ਰਾਪਤੀ ਲਈ ਬਹੁਤ ਜ਼ਰੂਰੀ ਮੰਨੀ ਗਈ ਹੈ। ਸ਼੍ਰੀ ਤਤਵਾਰਥ ਸੂਤਰ ਵਿਚ ਬੈਰਾਗ ਦੇ ਸਬੰਧ ਵਿਚ ਇਸ ਪ੍ਰਕਾਰ ਜ਼ਿਕਰ ਆਉਂਦਾ ਹੈ "ਸੰਵੇਗ ਅਤੇ ਅਹਿੰਸਾ ਬੈਰਾਗ ਨਾ ਹੋਵੇ ਤਾਂ ਅਹਿੰਸਾ ਆਦਿ ਵਰਤ ਦਾ ਪਾਲਨ ਸੰਭਵ ਹੀ ਨਹੀਂ ਹੈ। ਇਸ ਵਰਤ ਦੇ ਅਭਿਆਸੀ ਵਿਚ ਸੰਵੇਗ ਅਤੇ ਵੈਰਾਗ ਦਾ ਹੋਣਾ ਸਭ ਤੋਂ ਜ਼ਰੂਰੀ ਹੈ। ਸੰਵੇਗ ਅਤੇ ਵੈਰਾਗ ਦਾ ਬੀਜ ਜਗਤ ਦੇ ਸੁਭਾਅ ਜਾਂ ਸਰੀਰ ਦੇ ਸੁਭਾਅ ਦੇ ਚਿੰਤਨ ਵਿਚ ਹੁੰਦਾ ਹੈ। ਇਸ ਲਈ

ਇਨ੍ਹਾਂ ਦੋਨਾਂ ਦੇ ਸੁਭਾਅ ਦੇ ਚਿੰਤਨ ਦਾ ਭਾਵਨਾ ਰੂਪ ਵਿਚ ਇੱਥੇ ਉਪਦੇਸ਼ ਕੀਤਾ ਜਾਂਦਾ ਹੈ।"[40] ਇਸ ਲਈ ਬੈਰਾਗ ਨੂੰ ਬਹੁਤ ਜ਼ਰੂਰੀ ਮੰਨਿਆ ਗਿਆ ਹੈ।

ਇਸ ਤੋਂ ਇਲਾਵਾ ਜੈਨ ਧਰਮ ਵਿਚ ਭਿੱਖਿਆ ਮੰਗਣ ਦੀ ਆਗਿਆ ਹੀ ਨਹੀਂ ਦਿਤੀ ਸਗੋਂ ਭਿਖਿਆ ਮੰਗਣ ਵਾਲੇ ਭਿਕਸ਼ੂ ਦੀ ਪ੍ਰਸੰਸਾ ਵੀ ਕੀਤੀ ਗਈ ਹੈ। ਇਸ ਗੱਲ ਦੀ ਪੁਸ਼ਟੀ ਡਾ. ਐਲ. ਐਮ ਜ਼ੋਸ਼ੀ ਇਸ ਪ੍ਰਕਾਰ ਕਰਦੇ ਹਨ 'ਉਹ ਭਿਖਸ਼ੂ ਹੈ, ਕਿਉਂਕਿ ਉਹ ਅਭਿਮਾਨੀ ਨਹੀਂ ਸਗੋਂ ਨਿਮ੍ਰਤਾ ਵਾਲਾ ਹੈ ਅਤੇ ਆਪਣੇ ਗੁਰੂ ਦਾ ਆਗਿਆਕਾਰ ਹੈ ਅਤੇ ਆਪਣੀਆਂ ਇੰਦਰੀਆਂ ਨੂੰ ਦਬਾ ਕੇ ਰੱਖਦਾ ਹੈ। ਆਪਦੇ ਕੰਮ ਦੇ ਪੂਰੀ ਤਰ੍ਹਾਂ ਯੋਗ ਹੈ ਅਤੇ ਆਪਣੇ ਸਰੀਰ ਦਾ ਤਿਆਗ ਕਰਦਾ ਹੈ। ਉਹ ਸਭ ਔਕੜਾਂ-ਮੁਸੀਬਤਾਂ ਵਿਚੋਂ ਬਚ ਨਿਕਲਦਾ ਹੈ। ਉਹ ਸ਼ੁੱਧ ਮਨ ਨਾਲ ਨਿਸ਼ਚਿਤ ਆਚਾਰ ਵਾਲਾ ਜੀਵਨ ਬਤੀਤ ਕਰਦਾ ਹੈ। ਉਹ ਆਪਣਾ ਪੂਰਾ ਯਤਨ ਕਰਦਾ ਹੈ। ਉਹ ਦ੍ਰਿੜ ਹੈ। ਸਾਂਵੀਂ ਮਿਕਦਾਰ ਵਿਚ ਭੋਜਨ ਖਾਂਦਾ ਹੈ ਜਿਹੜਾ ਉਸ ਨੂੰ ਦਿੰਦੇ ਹਨ। ਅਜਿਹਾ ਪੁਰਸ਼ ਭਿਖਸ਼ੂ ਕਹਾਉਣ ਦਾ ਹੱਕਦਾਰ ਹੈ।'[41] ਜੈਨ ਧਰਮ ਵਿਚ ਜੈਨ ਭਿਖਸ਼ੂ ਨੂੰ ਬੋਲਣ ਸਮੇਂ ਮੂੰਹ ਅੱਗੇ ਵਸਤਰ ਰੱਖਣਾ ਜ਼ਰੂਰੀ ਹੈ। ਰਜੋਹਰਨ (ਸੂਤ ਦਾ ਝਾੜੂ) ਹਰ ਇਕ ਕੋਲ ਹੋਣਾ ਜ਼ਰੂਰੀ ਹੈ ਤਾਂ ਕਿ ਉਹ ਬੈਠਣ ਸਮੇਂ ਜ਼ਮੀਨ ਨੂੰ ਚੰਗੀ ਤਰ੍ਹਾਂ ਸਾਫ਼ ਕਰ ਸਕੇ। ਜੈਨੀਆਂ ਨੂੰ ਠੰਢਾ ਭੋਜਨ ਅਤੇ ਉਬਲਿਆ ਪਾਣੀ ਪੀਣ ਲਈ ਕਿਹਾ ਗਿਆ ਹੈ ਅਤੇ ਨਿਰਮਲ ਜਲ ਨਾਲ ਇਸ਼ਨਾਨ ਕਰਨ ਦੀ ਵੀ ਮਨਾਹੀ ਹੈ।

ਜੈਨ ਧਰਮ ਵਿਚ ਪੰਜ ਮਹਾਂ ਵਰਤ ਰੱਖਣੇ, ਭੀਖ ਮੰਗ ਕੇ ਖਾਣਾ ਅਤੇ ਹੋਰ ਅਨੇਕਾਂ ਕਰਮ-ਕਾਂਡਾਂ ਦੀ ਪਾਲਣਾ ਕਰਨੀ ਜ਼ਰੂਰੀ ਮੰਨੀ ਗਈ ਹੈ। ਪਰੰਤੂ ਜਦੋਂ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਅਜਿਹੇ ਕਰਮ-ਕਾਂਡਾਂ ਦੀ ਪੂਰਨ ਰੂਪ ਵਿਚ ਨਿਖੇਧੀ ਕੀਤੀ ਗਈ ਹੈ ਅਤੇ ਮਨੁੱਖ ਨੂੰ ਗ੍ਰਿਹਸਥੀ ਜੀਵਨ ਧਾਰਨ ਕਰਦਿਆਂ ਬੈਰਾਗੀ ਹੋਣ ਦਾ ਉਪਦੇਸ਼ ਦਿੱਤਾ ਗਿਆ ਹੈ :

**ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥**

**ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥**[42]

**ਕਾਹੇ ਰੇ ਬਨ ਖੋਜਨ ਜਾਈ॥**

**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ।। ੧ ॥ ਰਹਾਉ ॥**[43]

ਭਾਵ ਇਹ ਕਿ ਹੇ ਭਾਈ, ਤੂੰ ਜੰਗਲਾਂ ਵਿਚ ਲੱਭਣ ਲਈ ਕਾਹਦੇ ਲਈ ਜਾਂਦਾ ਹੈਂ? ਪ੍ਰਭੂ ਨਿਰਲੇਪ ਹੁੰਦਾ ਹੋਇਆ ਤੇਰੇ ਵਿਚ ਵੀ ਸਮਾਇਆ ਹੋਇਆ ਹੈ। ਜਿਵੇਂ ਫੁੱਲ ਵਿਚ ਸੁਗੰਧ ਵਸਦੀ ਹੈ ਅਤੇ ਸ਼ੀਸ਼ੇ ਵਿਚ ਪਰਛਾਵਾਂ ਵਸਦਾ ਹੈ ਇਸੇ ਤਰ੍ਹਾਂ ਹੀ ਪ੍ਰਭੂ ਸਾਰਿਆਂ ਵਿਚ ਇਕ-ਰਸ ਵਸਦਾ ਹੈ। ਇਸ ਲਈ ਹੇ ਭਾਈ, ਉਸ ਦੀ ਬਾਹਰ ਤਲਾਸ਼ ਕਰਨ ਦੀ ਬਜਾਏ ਆਪਣੇ ਹਿਰਦੇ ਵਿਚ ਹੀ ਭਾਲਣ ਦਾ ਯਤਨ ਕਰ। ਸੱਚੇ ਗੁਰੂ ਦਾ ਗਿਆਨ ਇਹੀ ਦੱਸਦਾ ਹੈ ਕਿ ਉਹ ਪ੍ਰਭੂ ਸਰਬ ਵਿਆਪਕ ਹੈ, ਉਹ ਹਰ ਥਾਂ 'ਤੇ ਰਮਿਆ ਹੋਇਆ ਹੈ ਅਤੇ ਜਦੋਂ ਤੱਕ ਮਨੁੱਖ ਆਪਣਾ ਮੂਲ ਨਹੀਂ ਪਛਾਣਦਾ ਉਦੋਂ ਤਕ ਭਰਮ-ਭੁਲੇਖਿਆਂ ਦੀ ਝਿੱਲੀ ਜਿਉਂ ਦੀ ਤਿਉਂ ਬਣੀ ਰਹਿੰਦੀ ਹੈ।

ਜੈਨ ਧਰਮ ਵਿਚ ਸਰੀਰਕ ਕਸ਼ਟ ਸਹਿਣੇ ਜ਼ਰੂਰੀ ਹਨ ਪਰੰਤੂ ਗੁਰੂ ਤੇਗ ਬਹਾਦਰ ਜੀ ਇਸ ਦੀ ਨਿਖੇਧੀ ਕਰਦੇ ਹਨ ਅਤੇ ਨਾਮ-ਸਿਮਰਨ 'ਤੇ ਜ਼ੋਰ ਇਸ ਪ੍ਰਕਾਰ ਦਿੰਦੇ ਹਨ :

**ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ ॥**

**ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ॥**[44]

**ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁਨਹੁ ਹਰਿ ਨਾਮੁ ॥**

**ਕਹੁ ਨਾਨਕ ਸੁਨਿ ਰੇ ਮਨਾ ਪਰਹਿ ਨ ਜਮ ਕੈ ਧਾਮ ॥**[45]

**ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥**

**ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥**[46]

ਉਪਰੋਕਤ ਵਿਚਾਰ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਜੀ ਦੀ ਬਾਣੀ ਜੈਨ ਧਰਮ ਦੇ ਸਿਧਾਂਤ *'ਅਹਿੰਸਾ ਪਰਮੋ ਧਰਮ'* ਦੀ ਹਾਮੀ ਤਾਂ ਭਰਦੀ ਹੈ ਪਰੰਤੂ ਕੇਵਲ ਨਿਸ਼ਕਿਰਿਆ ਹੋ ਕੇ ਕਰਮ

ਨਾ ਕਰਨ, ਭੀਖ ਮੰਗ ਕੇ ਖਾਣ ਅਤੇ ਗ੍ਰਿਹਸਥ ਦਾ ਤਿਆਗ ਕਰਕੇ ਸੰਨਿਆਸ ਧਾਰਨ ਵਾਲੇ ਵਿਚਾਰਾਂ ਦੀ ਨਿਖੇਧੀ ਕਰਦੀ ਹੈ ਅਤੇ ਜ਼ੁਲਮ ਦੇ ਟਾਕਰੇ ਲਈ ਤਤਪਰ ਹੋਣ ਦਾ ਉਪਦੇਸ਼ ਦ੍ਰਿੜ ਕਰਵਾਉਂਦੀ ਹੈ।

**(ਅ) ਸ਼੍ਰੀ ਉਤਰਾਧਿਐਨ ਸੂਤਰ ਗ੍ਰੰਥ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਬੈਰਾਗ ਦਾ ਸੰਕਲਪ :**

'ਸ਼੍ਰੀ ਉਤਰਾਧਿਐਨ ਸੂਤਰ' ਨਾਂ ਦੇ ਗ੍ਰੰਥ ਨੂੰ ਜੈਨ ਧਰਮ ਵਿਚ ਭਗਵਾਨ ਮਹਾਂਵੀਰ ਦੀ ਅੰਤਮ 'ਧਰਮ-ਦੇਸ਼ਨਾ' ਦੇ ਰੂਪ ਵਿਚ ਮੰਨਿਆ ਜਾਂਦਾ ਹੈ। ਇਸ ਗ੍ਰੰਥ ਵਿਚ ਅਨੇਕਾਂ ਹੀ ਜੈਨ ਕਥਾਵਾਂ ਰਾਹੀਂ ਬੈਰਾਗ ਨੂੰ ਉਤਪੰਨ ਕਰਨ ਦੇ ਸਾਧਨ ਦੱਸੇ ਗਏ ਹਨ। ਇਸ ਦੇ ਨਾਲ ਹੀ ਇਸ ਗ੍ਰੰਥ ਦਾ ਅਧਿਐਨ ਕਰਕੇ ਜੈਨ ਧਰਮ ਨੂੰ ਸਮੱਗਰ ਤੌਰ 'ਤੇ ਜਾਣਿਆ ਅਤੇ ਸਮਝਿਆ ਜਾ ਸਕਦਾ ਹੈ।

ਇੱਥੇ ਅਸੀਂ ਜੈਨ ਧਰਮ ਦੇ ਇਸ ਮਹਾਨ ਗ੍ਰੰਥ 'ਚੋਂ ਉਤਪੰਨ ਹੋਏ ਬੈਰਾਗ ਦੇ ਸੰਕਲਪ ਨੂੰ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚਲੇ ਬੈਰਾਗ ਦੀ ਵਿਲੱਖਣਾ ਨੂੰ ਤੁਲਨਾਤਮਿਕ ਪੱਧਰ 'ਤੇ ਸਮਝਣ ਦਾ ਯਤਨ ਕਰਦੇ ਹਾਂ।

ਇਸ ਗ੍ਰੰਥ ਦੇ ਪਹਿਲੇ ਅਧਿਆਇ *'ਵਿਨਯ ਸੂਤਰ'* ਅਨੁਸਾਰ ਵਿਨਯ ਵਸਤੂਗਤ ਆਮ ਭਾਵ ਦੇ ਵਿਸਰਜਨ ਦੀ ਵਿਸ਼ਸ਼ਟ ਸਾਧਨਾ ਹੈ। ਇਸ ਦੇ ਨਾਲ ਸਾਧਕ ਜਾਂ ਜਗਿਆਸੂ ਦਾ ਗਿਆਨ ਵਿਕਸਤ ਹੁੰਦਾ ਹੈ ਅਤੇ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਦਵੰਦਰਹਿਤ ਅਲਿਹਦਾਪੂਰਨ ਜੀਵਨ ਦਾ ਇਹ ਸਰੋਤ ਹੈ। ਜਿਸ ਦੇ ਨਾਲ ਵਿਅਕਤੀਗਤ ਸਵਾਰਥ ਦੇ ਅੰਧਕਾਰ ਤੋਂ ਛੁਟਕਾਰਾ ਪ੍ਰਾਪਤ ਹੁੰਦਾ ਹੈ। ਜੈਨ ਸਾਧਨਾ ਪੱਧਤੀ ਵਿਚ 'ਵਿਨਯ' ਨੂੰ ਪ੍ਰਮੱਖ ਸਥਾਨ ਪ੍ਰਾਪਤ ਹੈ। ਮੁਕਤੀ ਦੀ ਪ੍ਰਾਪਤੀ ਦਾ ਮੁੱਖ ਸਾਧਨ ਸਾਮਯਕ ਚਰਿੱਤਰ ਦੱਸਿਆ ਗਿਆ ਹੈ। ਇਹ ਸਾਮਯਕ ਚਰਿੱਤਰ ਸਾਮਯਕ ਗਿਆਨ ਦੇ ਅਭਾਵ ਤੋਂ ਸੰਭਵ ਨਹੀਂ ਹੁੰਦਾ। ਗਿਆਨ ਦੀ ਪ੍ਰਾਪਤੀ ਵਿਨਯਪੂਰਨ ਵਿਵਹਾਰ ਨਾਲ ਹੀ ਸਾਧਕ ਜਾਂ ਜਗਿਆਸੂ ਨੂੰ ਸੰਭਵ ਹੁੰਦੀ ਹੈ।

ਇਸ ਗ੍ਰੰਥ ਦੇ ਅਠਵੇਂ ਅਧਿਆਇ *'ਕਪਲਿਯ'* ਵਿਚ ਕਿਹਾ ਗਿਆ ਹੈ ਕਿ ਇਕ ਵਾਰ ਕਪਲ ਮੁਨੀ ਨੂੰ ਵਿਹਾਰ ਕਰਦੇ ਹੋਏ ਮਾਰਗ ਵਿਚ ਪੰਜ ਸੌ ਚੋਰ ਮਿਲੇ। ਉਨ੍ਹਾਂ ਨੂੰ ਚੋਰਾਂ ਨੇ ਪੁੱਛਿਆ ਕਿ ਇਸ ਸੰਸਾਰ ਤੋਂ ਕਿਵੇਂ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ ਤਾਂ ਕਪਲ ਮੁਨੀ ਨੇ ਉਨ੍ਹਾਂ ਵਿਚ ਬੈਰਾਗ ਭਾਵਨਾ ਪੈਦਾ ਕਰਦਿਆਂ ਇਸ ਪ੍ਰਕਾਰ ਉਪਦੇਸ਼ ਦਿੰਦਿਆਂ ਕਿਹਾ :

**ਵਿਜਹਿੱਤੁ ਪੁਵਸੰਜੋਯਮ, ਨਾ ਸਿਣੇਹਮ ਕਹਿੰਚਿ ਕੁਵੇੱਜਾ।**

**ਅਸਿਵੇਣ ਸਿਣੇਹਕਰੇਹਿਮ, ਦੋਸਪਉਸੇਹਿਮ ਮੁੱਚਏ ਭਿੱਖੂ ॥**[47]

ਭਾਵ ਕਿ ਭਿਕਸ਼ੂ ਪੂਰਵ ਸੰਬੰਧਾਂ ਨੂੰ ਛੱਡ ਕੇ ਕਿਸੇ ਪਦਾਰਥ ਨਾਲ ਵੀ ਮੋਹ ਭਰਿਆ ਭਾਵ ਨਾ ਰੱਖੇ। ਇੱਥੋਂ ਤੱਕ ਕੇ ਮੋਹ ਕਰਨ ਵਾਲਿਆਂ ਦੇ ਪ੍ਰਤੀ ਮੋਹਿਤ ਹੁੰਦਾ ਹੋਇਆ 'ਭਿਕਸ਼ੂ ਦੋਸ਼' (ਇਸ ਲੋਕ ਦੇ ਦੁੱਖਾਂ) ਤੋਂ ਅਤੇ ਪ੍ਰਦੋਸ਼ (ਪਰ ਲੋਕ ਦੇ ਦੁੱਖਾਂ) ਤੋਂ ਮੁਕਤ ਹੋ ਜਾਵੇਗਾ।

ਗੁਰੂ ਤੇਗ ਬਹਾਦਰ ਜੀ ਵੀ ਮਨੁੱਖੀ ਮਨ ਵਿਚ ਬੈਰਾਗ ਭਾਵਨਾ ਪੈਦਾ ਕਰਨ ਲਈ ਦੁਨਿਆਵੀ ਮੋਹ ਭਰੇ ਰਿਸ਼ਤਿਆਂ ਅਤੇ ਪਦਾਰਥਕ ਚਾਹਤ ਤੋਂ ਮੁਕਤ ਹੋਣ ਦਾ ਉਪਦੇਸ਼ ਦਿੰਦਿਆਂ ਫ਼ਰਮਾਉਂਦੇ ਹਨ :

**ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ ॥**

**ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ ॥**[48]

ਇਸ ਦੇ ਨਾਲ ਹੀ ਜੈਨ ਧਰਮ ਵਿਚ ਨਾਰੀ ਦਾ ਤਿਆਗ ਕਰਨ ਲਈ ਕਿਹਾ ਗਿਆ ਹੈ। ਨਾਰੀ ਦੇ ਸੰਗ ਨਾਲ ਸੰਜਮਤਵ ਦੂਸ਼ਿਤ ਹੋ ਜਾਂਦਾ ਹੈ :

**ਨਾਰੀਸੁ ਨੋਵਗਿੱਝਿਜਾ, ਇੱਥੀ ਵਿੱਪਜਹੇ ਅਣਗਾਰੇ।**

**ਧਮਮ ਚ ਪੇਸਲਮ ਣੱਚਾ, ਤੱਥ ਠਵੇਜੋ ਭਿੱਖੂ ਅੱਪਾਣਮ ॥**[49]

ਆਪ ਜੀ ਨੇ ਗ੍ਰਿਹਸਥ ਮਾਰਗ 'ਤੇ ਚਲਦਿਆਂ ਪੂਰਨ ਗੁਰਮਤਿ ਬੈਰਾਗ ਦਾ ਅਨੁਕਰਣ ਕਤਾ। ਆਪ ਜੀ ਦੀ ਰਚਿਤ ਬਾਣੀ ਵਿਚ ਕਿਤੇ ਵੀ ਨਾਰੀ ਤਿਆਗ ਦਾ ਪ੍ਰਮਾਣ ਨਹੀਂ ਮਿਲਦਾ।

ਗੁਰਇਤਿਹਾਸ ਦੇ ਪ੍ਰਸਿੱਧ ਗ੍ਰੰਥ 'ਪੰਥ ਪ੍ਰਕਾਸ਼' ਦੇ ਕਰਤਾ ਗਿਆਨੀ ਗਿਆਨ ਸਿੰਘ, ਗੁਰੂ ਤੇਗ ਬਹਾਦਰ ਜੀ ਦੁਆਰਾ ਨਾਰੀ ਸਤਿਕਾਰ ਦਾ ਪ੍ਰਸੰਗ ਲਿਖਦੇ ਹਨ ਕਿ ਜਦੋਂ ਆਪ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਪੁੱਜੇ ਤਾਂ ਉੱਥੋਂ ਦੇ ਪੁਜਾਰੀਆਂ ਨੇ ਦਰਵਾਜੇ ਬੰਦ ਕਰ ਲਏ। ਉਨ੍ਹਾਂ ਦੀ ਇਹ ਕਰਤੂਤ ਦੇਖ ਕੇ ਆਪ ਜੀ ਨੇ ਬਾਹਰੋਂ ਹੀ ਸਤਿਕਾਰ ਨਾਲ ਸ੍ਰੀ ਹਰਿਮੰਦਰ ਸਾਹਿਬ ਨੂੰ ਮੱਥਾ ਟੇਕਿਆ ਅਤੇ ਫਿਰ ਪਿੰਡ 'ਬਲੇ' (ਵੱਲਾ) ਪਹੁੰਚੇ। ਜਿੱਥੇ ਮਾਈਆਂ ਨੇ ਆਪ ਜੀ ਦਾ ਭਰਪੂਰ ਸੁਆਗਤ ਕੀਤਾ। ਆਪ ਜੀ ਨੇ ਉਨ੍ਹਾਂ ਦੇ ਸੇਵਾ ਕਰਨ ਤੋਂ ਖ਼ੁਸ਼ ਹੋ ਕੇ ਵਰ ਦਿੱਤਾ ਕਿ ਤੁਹਾਡੇ ਵਿਚ ਹਮੇਸ਼ਾ ਭਗਤੀ ਬਣੀ ਰਹੇਗੀ :

**'ਇਹ ਸ੍ਰਾਪ ਦੇ 'ਬਲੇ' ਗਰਾਮ।**

**ਛਕਿਓ ਅੰਨ ਜਲ ਤਹਿੰਹੀ ਜਾਈ।**

**ਏਹ ਖਬਰ ਜਬ ਮਾਈਅਨ ਪਾਈ।**

**ਜਥਾ ਜੋਗ ਲੈ ਭੇਟਾ ਧਾਈ।**

**ਜੁਵਾ ਬ੍ਰਿਧ ਕੋ ਘਰ ਨ ਰਹਾਈ।**

**ਚਰਨ ਰਾਹੇ ਸਤਗੁਰ ਕੇ ਜਾਇ।**

**ਗੁਰ ਬੋਲੇ ਮਾਈਅਨ ਪਰਥਾਇ।**

**ਪ੍ਰੇਮ ਭਗਤਿ ਪ੍ਰਤਾਪ ਤਿਹਾਰੇ।**

**ਬਸ ਹੈ ਗੁਰ ਪੁਰ ਏਹ ਅਪਾਰੇ।**

**ਲੈ ਬਰ ਇਤ ਮਾਈਆਂ ਘਰ ਆਇਆਂ।**

**ਪੁਜਾਰੀਆਂ ਤਾਈਂ ਲਾਣਤਾਂ ਪਾਈਆਂ।'**[50]

'ਸ਼੍ਰੀ ਉਤਰਾਧਿਐਨ ਗ੍ਰੰਥ ਦੇ ਨੌਂਵੇ ਅਧਿਆਇ *'ਨਮੋ ਪ੍ਰਵਰਜਯ'* ਵਿਚ ਇਕ ਕਥਾ ਦੇ ਅਨੁਸਾਰ ਰਾਜਾ ਨਮੀ ਨੀਂਦ ਦੀ ਅਵਸਥਾ ਵਿਚ ਇਕ ਸੁਪਨਾ ਦੇਖਦਾ ਹੈ। ਜਿਸ ਨਾਲ ਉਸ ਨੂੰ ਪੂਰਵ ਜਨਮ ਦਾ ਗਿਆਨ ਹੋ ਗਿਆ। ਇਸ ਦੇ ਨਾਲ ਹੀ ਨਮੀ ਰਾਜਾ ਨੇ ਮੁਨੀ ਦੀਖਿਆ ਲੈਣ ਦਾ

ਦ੍ਰਿੜ ਸੰਕਲਪ ਕਰ ਲਿਆ ਅਤੇ ਸਵੇਰ ਹੁੰਦਿਆਂ ਹੀ ਰਾਜ-ਪਟ ਅਤੇ ਸਾਰੇ ਪਰਿਵਾਰ ਦਾ ਤਿਆਗ ਕਰਕੇ ਵਣਾਂ ਨੂੰ ਚਲਾ ਗਿਆ। ਨਮੀ ਰਾਜਾ ਦਾ ਬੈਰਾਗ ਕਿੰਨਾਂ ਦ੍ਰਿੜ ਹੈ ਕਿ ਇਸਨੂੰ ਪਰਖਣ ਲਈ ਦੇਵਰਾਜ ਇੰਦਰ ਨੂੰ ਬ੍ਰਾਹਮਣ ਦਾ ਭੇਸ ਧਾਰਨ ਕਰਕੇ ਉਸਦੇ ਸਾਹਮਣੇ ਉਪਸਥਿਤ ਹੋਣਾ ਪਿਆ ਅਤੇ ਉਸ ਤੋਂ ਦਸ ਪ੍ਰਸ਼ਨ ਪੁੱਛੇ। ਉਨ੍ਹਾਂ ਦੇ ਉੱਤਰ ਨਮੀ ਰਾਜਾ ਨੇ ਮਹਾਨ ਅਧਿਆਤਮਕ, ਦਾਰਸ਼ਨਿਕ ਦ੍ਰਿਸ਼ਟੀ ਤੋਂ ਦਿੱਤੇ। ਦੇਵ ਇੰਦਰ ਦੁਆਰਾ ਨਮੀ ਦੇ ਸਾਹਮਣੇ ਰੱਖੇ ਗਏ ਇਹ ਪ੍ਰਸ਼ਨ ਬ੍ਰਾਹਮਣੀ ਸੰਸਕ੍ਰਿਤੀ ਦੇ ਅਨੁਰੂਪ ਵਰਣ ਵਿਵਸਥਾ ਦਾ ਪਾਲਣ ਕਰਦਿਆਂ ਜੀਵਨ ਚੌਣ ਵਰਣ ਅਨੁਸਾਰ ਸੰਨਿਆਸ ਆਸ਼ਰਮ ਸਵੀਕਾਰ ਕਰਨਾ ਉੱਚਿਤ ਦੱਸਿਆ ਪਰ ਨਮੀ ਰਾਜਰਿਸ਼ੀ ਸ਼੍ਰਮਣ ਸੰਸਕ੍ਰਿਤੀ ਦੀ ਦ੍ਰਿਸ਼ਟੀ ਤੋਂ ਆਪਣੇ ਪ੍ਰਵਰਜਿਤ ਹੋਣ ਦਾ ਪੂਰਨ ਅਚੌਤਿਯ ਸਿੱਧ ਕਰਦੇ ਹਨ।'[51] ਇਸ ਸੰਵਾਦ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਵਿਅਕਤੀ ਕਿਸੇ ਵੀ ਵਰਣ ਦਾ ਹੋਵੇ, ਵਿਰਕਤ (ਬੈਰਾਗ) ਸੰਸਾਰਕ ਪ੍ਰਭੂਤਾ, ਰਾਜ ਵਿਸਥਾਰ ਅਤੇ ਵਿਸ਼ੇ-ਵਿਕਾਰਾਂ ਦੀ ਤੁਲਨਾ ਵਿਚ ਅਨਾਸ਼ਕਤੀ ਅਤੇ ਅਪਰਾ ਕਹਿਰ ਦੇ ਅਧਿਐਨ ਨਾਲ ਹੀ ਕੀਤੀ ਜਾਣ ਵਾਲੀ ਆਤਮਿਕ ਵਿਜਯ ਅਤੇ ਆਤਮਿਕ ਸ਼ੁੱਧੀ ਅਧਿਕ ਸ਼੍ਰੇਸ਼ਠ ਹੈ। ਬੈਰਾਗ ਦੀ ਪ੍ਰਾਪਤੀ ਲਈ ਇਕਾਗਰ ਚਿੱਤ ਹੋ ਇਕਾਂਤ ਵਿਚ ਚਿੰਤਨ ਕਰਨਾ ਜ਼ਰੂਰੀ ਹੈ।

ਗੁਰੂ ਤੇਗ ਬਹਾਦਰ ਜੀ ਵੀ ਬੈਰਾਗ ਭਾਵ ਨੂੰ ਉਜਾਗਰ ਕਰਦੇ ਹਨ ਨਾ ਕਿ ਵਰਣ ਆਧਾਰਿਤ ਦੁਨਿਆਵੀ ਕਿਸਮ ਦੇ ਬੈਰਾਗ ਨੂੰ। ਗੁਰੂ ਜੀ ਨੇ ਵੀ ਇਸ ਪ੍ਰਕਾਰ ਦਾ ਉਪਦੇਸ਼ ਦਿਤਾ ਹੈ। ਜਿਸ ਵਿਚ ਕਿਸੇ ਵਰਣ ਵਿਸ਼ੇਸ਼ ਨੂੰ ਕੋਈ ਸਥਾਨ ਨਹੀਂ ਦਿੱਤਾ ਗਿਆ ਸਗੋਂ ਸਮੁੱਚੀ ਮਾਨਵ ਜਾਤੀ ਨੂੰ ਵਿਸ਼ੇ-ਵਿਕਾਰਾਂ ਤੋਂ ਨਿਰਲੇਪ ਹੋ ਕੇ ਬੈਰਾਗ ਧਾਰਨ ਕਰਕੇ ਪ੍ਰਭੂ ਦਾ ਸਿਮਰਨ ਕਰਨ ਲਈ ਕਿਹਾ ਗਿਆ ਹੈ। ਮਨੁੱਖ ਨੂੰ ਸੁਚੇਤ ਕਰਦਿਆਂ ਫ਼ਰਮਾਉਂਦੇ ਹਨ :

**ਬੀਤ ਜੈਹੈ ਬੀਤ ਜੈਹੈ ਜਨਮੁ ਅਕਾਜੁ ਰੇ ॥**

**ਨਿਸਿ ਦਿਨੁ ਸੁਨਿ ਕੈ ਪੁਰਾਨ ਸਮਝਤ ਨਹ ਰੇ ਅਜਾਨ ॥**

**ਕਾਲੁ ਤਉ ਪਹੂਚਿਓ ਆਨਿ ਕਹਾ ਜੈਹੈ ਭਾਜਿ ਰੇ ॥ ੧ ॥ ਰਹਾਉ ॥**[52]

ਜੈਨ ਧਰਮ ਦੇ ਅਨੁਸਾਰ 'ਮਨੁੱਖੀ ਮਨ ਵਿਚ ਬ੍ਰਹਮਚਾਰੀ ਭਾਵਨਾ ਬੈਰਾਗਮਈ ਭਾਵਨਾ ਦੇ ਨਾਲ ਹੀ ਉਤਪੰਨ ਹੁੰਦੀ ਹੈ ਜੋ ਉਸਦੇ ਮਨ ਨੂੰ ਸਥਿਰਤਾ ਬਖ਼ਸ਼ਦੀ ਹੋਈ ਸਹਿਜ ਮਾਰਗ 'ਤੇ ਤੋਰਦੀ ਹੈ। ਸ਼੍ਰੀ ਉਤਰਾਧਿਐਨ ਸੂਤਰ ਦੇ ਸੋਲਵੇਂ ਅਧਿਆਇ *'ਬ੍ਰਹਮਚਾਰੀਆ ਸਮਾਧੀ ਸਥਾਨ'* ਵਿਚ ਬ੍ਰਹਮਚਾਰੀਆ ਦਾ ਅਰਥ ਸਾਰੀਆਂ ਇੰਦਰੀਆਂ ਅਤੇ ਮਨ ਨੂੰ ਸੰਜਮ ਜਾਂ ਨਿਯੰਤਰਨ ਵਿਚ ਰੱਖਣਾ, ਜੜ੍ਹ ਚੇਤਨ ਪਰ-ਪਦਾਰਥਾਂ ਦਾ ਰਮਨ ਛੱਡ ਕੇ ਆਤਮ-ਰਮਨ ਕਰਨਾ ਹੀ ਬ੍ਰਹਮਚਾਰੀਆ ਹੈ।'[53] ਇਹ ਪ੍ਰਾਣੀ ਮਾਤਰ ਦੀ ਭੋਗ-ਵਿਕਰਤੀ ਦੂਰ ਹੋਣ ਪਿੱਛੋਂ ਦੀ ਸੰਸਕ੍ਰਿਤੀ ਹੈ। ਪੰਜ ਇੰਦਰੀਆਂ ਅਤੇ ਮਨ ਦਾ ਅਨੰਦ ਹੀ ਸੱਚਾ ਅਨੰਦ ਹੈ। ਸੱਚਾ ਅਨੰਦ ਤਾਂ ਆਤਮਕ ਅਨੰਦ ਹੈ ਜੋ ਕਿ ਬੈਰਾਗ ਭਾਵ ਨਾਲ ਹੀ ਉਤਪੰਨ ਹੁੰਦਾ ਹੈ। ਅਸਲ ਵਿਚ ਮਨੁੱਖ ਬ੍ਰਹਮਚਾਰੀਆ ਸਮੁੱਚੀਆਂ ਇੰਦਰੀਆਂ 'ਤੇ ਜਿੱਤ ਪ੍ਰਾਪਤ ਕਰਕੇ ਇਕ ਉੱਤਮ ਧਰਮ ਨੂੰ ਗ੍ਰਹਿਣ ਕਰਦਾ ਹੈ। ਇਸ ਦੇ ਪਾਲਣ ਕਰਨ ਨਾਲ ਦੇਵ, ਦਾਨਵ, ਗੰਧਰਵ ਅਤੇ ਰਾਖਸ਼ਸ਼ ਆਦਿ ਸਾਰੇ ਸ਼ੁੱਧ ਚੇਤਨ ਸਰੂਪ ਹੋ ਜਾਂਦੇ ਹਨ। ਇਹ ਸਾਧਨਾ ਕਰਨ ਨਾਲ ਹੀ ਸਾਧਕ ਨੂੰ ਮੁਕਤ ਅਵਸਥਾ ਪ੍ਰਾਪਤ ਹੁੰਦੀ ਹੈ :

**ਏਸ ਧੱਮੇ ਧੁਵੇ ਨਿੱਚੇ, ਸਾਸਏ ਜਿਣਦੇਸਿਏ।**

**ਸਿੱਝਾ ਸਿਝੰਤੀ ਚਾਣਨੇ, ਸਿੱਝੀਸੰਤੀ ਤਹਾਵਰੇ ॥**[54]

ਮਨੁੱਖੀ ਮਨ ਵਿਚ ਬੈਰਾਗ ਭਾਵਨਾ ਪੈਦਾ ਕਰਨ ਲਈ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਫ਼ਰਮਾਇਆ ਗਿਆ ਹੈ ਕਿ :

**ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥**

**ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥**[55]

ਮਨੁੱਖੀ ਮਨ ਵਿਚ 'ਸੱਚਾ ਧਰਮ' ਭਾਵ ਬੈਰਾਗ ਦੀ ਭਾਵਨਾ ਪਿੱਛੋਂ ਹੀ ਉਜਾਗਰ ਹੁੰਦਾ ਹੈ। ਮਨੁੱਖ ਆਪਣੇ ਆਤਮ ਨੂੰ ਪਛਾਣਦਾ ਹੋਇਆ ਜਨ ਕਲਿਆਣੀ ਕਰਮ ਕਰਦਾ ਹੈ ਜੋ ਉਸਦੀ ਆਤਮਾ ਨੂੰ ਅਨੰਦ ਦਿੰਦੇ ਹਨ। 'ਜਦੋਂ ਉਸਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਸੰਸਾਰ ਕਾਗ਼ਜ਼ ਦੀ ਕਿਸ਼ਤੀ ਹੈ। ਇਹ ਬਹੁਤ ਹੀ ਸੁੰਦਰ ਹੈ। ਲੱਕੜ ਦੀ ਕਿਸ਼ਤੀ ਨਾਲੋਂ ਕਿੰਨੇ ਗੁਣਾਂ ਜ਼ਿਆਦਾ ਆਕਰਸ਼ਿਤ ਹੈ। ਧਰਮ ਲੱਕੜ ਦੀ ਕਿਸ਼ਤੀ ਹੈ। ਦੇਖਣ ਨੂੰ ਸੁੰਦਰ ਨਹੀਂ ਲੱਗਦੀ। ਮੇਹਰ ਨਹੀਂ

ਕਰਦੀ। ਕਾਗ਼ਜ਼ ਦੀ ਕਿਸ਼ਤੀ ਦੇ ਸਾਹਮਣੇ ਭੈੜੀ ਵੀ ਲਗਦੀ ਹੈ। ਪ੍ਰਸ਼ਨ ਜੇਕਰ ਸਾਗਰ ਪਾਰ ਕਰਨ ਦਾ ਹੈ ਤਾਂ ਲੱਕੜ ਦੀ ਕਿਸ਼ਤੀ ਹੀ ਕੰਮ ਆਵੇਗੀ। ਇਹ ਹੀ ਸ਼ਰਨ ਦੇਵੇਗੀ।'[56] ਇਸ ਗਿਆਨ ਦੇ ਨਾਲ ਹੀ ਸਾਧਕ ਦੇ ਮਨ ਵਿਚ ਬੈਰਾਗ ਭਾਵਨਾ ਪੈਦਾ ਹੋ ਜਾਂਦੀ ਹੈ।

ਗੁਰੂ ਤੇਗ ਬਹਾਦਰ ਜੀ ਵੀ ਆਪਣੀ ਬਾਣੀ ਵਿਚ ਸੰਸਾਰਕ ਨਾਸ਼ਮਾਨਤਾ ਤੋਂ ਸਾਧਕ ਨੂੰ ਜਾਣੂ ਕਰਵਾਉਂਦਿਆਂ ਫ਼ਰਮਾਉਂਦੇ ਹਨ :

**ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥**
**ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥**[57]

ਉਪਰੋਕਤ ਵਿਚਾਰ-ਚਰਚਾ ਦੇ ਆਧਾਰ ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਜੈਨ ਧਰਮ ਅਨੁਸਾਰ ਬੈਰਾਗ ਧਾਰਨ ਲਈ ਇਸਤਰੀ ਦਾ ਤਿਆਗ ਅਤੇ ਗ੍ਰਿਹਸਥੀ ਜੀਵਨ ਦਾ ਤਿਆਗ ਕਰਨਾ ਜ਼ਰੂਰੀ ਮੰਨਿਆ ਗਿਆ ਹੈ ਜਦੋਂ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਅਜਿਹਾ ਕੁਝ ਵੀ ਦਿਖਾਈ ਨਹੀਂ ਦਿੰਦਾ। ਉਨ੍ਹਾਂ ਦੇ ਅਨੁਸਾਰ ਤਾਂ ਇਸ ਦੁਨੀਆ ਵਿਚ ਰਹਿੰਦਿਆਂ ਸ਼ੁੱਭ ਕਰਮ ਕਰਦਿਆਂ, ਪ੍ਰਭੂ ਦਾ ਨਾਮ ਸਿਮਰਨ ਕਰਦਿਆਂ ਹੀ ਮਾਨਸਿਕ ਅਤੇ ਆਤਮਕ ਤੌਰ 'ਤੇ ਬੈਰਾਗੀ ਹੋਣਾ ਹੈ। ਇਸ ਲਈ ਕਿਸੇ ਬਾਹਰੀ ਦਿਖਾਵੇ ਦੀ ਜ਼ਰੂਰਤ ਨਹੀਂ ਹੈ। ਲੋੜ ਸਿਰਫ਼ ਮਨੁੱਖੀ ਮਨ ਨੂੰ ਕਾਬੂ ਵਿਚ ਕਰਨ ਦੀ ਹੈ। ਜਿਸ ਦੇ ਨਾਲ ਉਹ ਮਨੁੱਖੀ ਸਮਾਜ ਵਿਚ ਰਹਿੰਦਾ ਹੋਇਆ ਮੁਕਤ ਪਦ ਨੂੰ ਪ੍ਰਾਪਤ ਕਰ ਸਕਦਾ ਹੈ। ਇਸ ਪ੍ਰਕਾਰ ਜੈਨ ਧਰਮ ਗ੍ਰੰਥ ਸ਼੍ਰੀ ਤਤਵਾਰਥ ਸੂਤਰ ਅਤੇ ਸ਼੍ਰੀ ਉੱਤਰਾਧਿਐਨ ਸੂਤਰ ਦੇ ਬੈਰਾਗ ਦੇ ਸਮਵਿਥ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚਲੇ ਬੈਰਾਗ ਦੇ ਸੰਕਲਪ ਵਿਚ ਬਹੁਤ ਵਿਲੱਖਣਤਾ ਦ੍ਰਿਸ਼ਟੀਗੋਚਰ ਹੁੰਦੀ ਹੈ।

**(ਅ) ਸਾਮੀ ਧਰਮ :**

**1. ਈਸਾਈ ਧਰਮ ਵਿਚ ਬੈਰਾਗ :**

ਈਸਾਈ ਧਰਮ ਗ੍ਰੰਥ 'ਬਾਈਬਲ' ਵਿਚਲੇ ਬੈਰਾਗ ਦੇ ਸੰਕਲਪਗਤ ਅਧਿਐਨ ਕਰਨ ਤੋਂ ਪਹਿਲਾਂ ਇਸ ਧਰਮ ਬਾਰੇ ਅਤੇ ਇਸ ਦੇ ਬਾਨੀ ਦੇ ਸਬੰਧ ਵਿਚ ਮੁੱਢਲੀ ਜਾਣਕਾਰੀ ਪ੍ਰਾਪਤ ਕਰਨੀ ਜ਼ਰੂਰੀ ਹੈ।

ਈਸਾਈ ਧਰਮ ਦਾ ਬਾਨੀ ਈਸਾ ਮਸੀਹ ਫ਼ਲਸਤੀਨ ਦੇ ਯੂਸਫ਼ ਤਰਖਾਣ ਦਾ ਪੁੱਤਰ ਸੀ। ਇਸ ਦਾ ਜਨਮ ਸੰਮਤ 57 ਬਿਕਰਮੀ ਵਿਚ ਕੁਮਾਰੀ ਮਰੀਅਮ ਦੇ ਉਦਰ ਤੋਂ ਹੋਇਆ। ਬਚਪਨ ਦਾ ਇਨ੍ਹਾਂ ਦਾ ਨਾਮ ਯਾਹੋਸ਼ੀਆ ਸੀ ਇਨ੍ਹਾਂ ਦਾ ਜਨਮ ਯਹੂਦੀ ਕੌਮ ਵਿਚ ਹੋਇਆ। ਈਸਾ ਜੀ ਦਾ ਪੈਦਾਇਸ਼ੀ ਸਥਾਨ ਬੈਥਲਮ ਜੋ ਜਰੋਸ਼ਲਮ ਤੋਂ ਲਗ-ਭਗ ਪੰਜ ਮੀਲ ਦੀ ਦੂਰੀ 'ਤੇ ਦੱਖਣ ਦਿਸ਼ਾ ਵੱਲ ਹੈ। ਇਹ ਨਗਰ ਜਾਰਡਨ ਦੇਸ ਦਾ ਹਿੱਸਾ ਹੈ। ਈਸਾਈ ਧਰਮ ਦੀ ਪੁਸਤਕ 'ਅੰਜੀਲ' ਵਿਚ ਲਿਖਿਆ ਹੈ ਕਿ ਮਾਤਾ ਮਰੀਅਮ ਨੂੰ ਜਬਰਾਇਲ ਫ਼ਰਿਸ਼ਤੇ ਨੇ ਆਖਿਆ ਕਿ ਮਾਤਾ ਤੂੰ ਇਕ ਪੁੱਤਰ ਨੂੰ ਜਨਮ ਦੇਵੇਂਗੀ ਜੋ ਧਰਮ ਦਾ ਪ੍ਰਚਾਰ ਕਰੇਗਾ। ਈਸਾ ਜੀ ਦੇ ਜਨਮ ਸਮੇਂ ਫਲਸਤੀਨ ਦਾ ਹੁਕਮਰਾਨ ਬਾਦਸ਼ਾਹ ਹੀਰੋਡ ਸੀ। ਉਹ ਯਹੂਦੀਆਂ ਦਾ ਵੈਰੀ ਸੀ ਤੇ ਉਨ੍ਹਾਂ ਉੱਪਰ ਬਹੁਤ ਜ਼ੁਲਮ ਕਰਦਾ ਸੀ। ਇਸ ਲਈ ਯੂਸਫ਼ ਈਸਾ ਨੂੰ ਨਾਲ ਲੈ ਕੇ ਮਿਸਰ ਜਾ ਵਸਿਆ। ਹੀਰੋਡ ਦੇ ਮਰਨ ਮਗਰੋਂ ਉਹ ਮੁੜ ਫਲਸਤੀਨ ਆ ਗਿਆ ਤੇ ਨਜਰਥ ਸ਼ਹਿਰ ਵਿਚ ਰਹਿਣ ਲੱਗ ਪਿਆ। ਹਜ਼ਰਤ ਈਸਾ ਵੀ ਇਸ ਨਗਰ ਵਿਚ ਰਹਿ ਕੇ ਆਪਣੇ ਪਿਤਾ ਨਾਲ ਤਰਖਾਣਾ ਕੰਮ ਕਰਦੇ ਰਹੇ। ਜਦੋਂ ਈਸਾ ਜੀ ਤੀਹ ਸਾਲ ਦੇ ਹੋਏ ਤਾਂ ਆਪ ਨੇ ਇਹ ਧੰਦਾ ਤਿਆਗ ਦਿਤਾ। 'ਯਹੂੰਨਾ' ਨਾਮ ਦੇ ਸਾਧੂ ਤੋਂ ਯਰਦਨ ਦਰਿਆ ਦੇ ਪਾਣੀ ਨਾਲ ਆਪ ਨੇ ਬਪਤਿਸਮਾ ਲਿਆ। ਇਸ ਤੋਂ ਪਿੱਛੋਂ ਈਸਾ ਜੀ ਤਪ ਸਾਧਨਾ ਕਰਨ ਲਈ ਜੰਗਲ ਵਿਚ ਚਲੇ ਗਏ। ਜੰਗਲ ਵਿਚ ਪਹੁੰਚ ਕੇ ਆਪ ਜੀ ਨੇ 40 ਦਿਨ ਰੋਜ਼ਾ ਰੱਖਿਆ ਅਤੇ ਕਠਿਨ ਤਪੱਸਿਆ ਕੀਤੀ। ਆਪ ਨੇ ਆਪਣੇ ਮਨ ਨੂੰ ਪੂਰੀ ਤਰ੍ਹਾਂ ਸਾਧ ਕੇ ਲੋਕਾਂ ਨੂੰ ਉਪਦੇਸ਼ ਦੇਣੇ ਸ਼ੁਰੂ ਕੀਤੇ। ਆਪ ਦੇ ਉਪਦੇਸ਼ਾਂ ਵਿਚੋਂ ਬੈਰਾਗ ਭਾਵ ਇਸ ਤਰ੍ਹਾਂ ਉਤਪੰਨ ਹੁੰਦਾ ਹੈ। ਆਪ ਫ਼ਰਮਾਉਂਦੇ ਹਨ :

- ਧੰਨ ਹਨ ਉਹ ਜੋ ਆਪਣੇ ਦੇ ਦੀਨ ਹਨ, ਕਿਉਂਕਿ ਸਵਰਗ ਦਾ ਰਾਜ ਉਨ੍ਹਾਂ ਦਾ ਹੈ।
- ਧੰਨ ਹਨ ਉਹ ਜੋ ਸੋਕ ਕਰਦੇ ਹਨ, ਕਿਉਂਕਿ ਉਹ ਸ਼ਾਂਤੀ ਪ੍ਰਾਪਤ ਕਰਨਗੇ।
- ਧੰਨ ਹਨ ਉਹ ਜੋ ਨਿਮਰ ਹਨ, ਕਿਉਂਕਿ ਉਹ ਪ੍ਰਿਥਵੀ ਦੇ ਉਤਰਾਧਿਕਾਰੀ ਹੋਣਗੇ।
- ਧੰਨ ਹਨ ਜੋ ਧਾਰਮਿਕਤਾ ਦੇ ਭੁੱਖੇ ਅਤੇ ਪਿਆਸੇ ਹਨ, ਕਿਉਂਕਿ ਉਹ ਤ੍ਰਿਪਤ ਹੋਣਗੇ।

✪ ਧੰਨ ਹਨ ਜੋ ਦਿਆਵੰਤ ਹਨ, ਕਿਉਂਕਿ ਉਨ੍ਹਾਂ ਤੇ ਦਿਆ ਕੀਤੀ ਜਾਵੇਗੀ।

✪ ਧੰਨ ਹਨ ਉਹ ਜਿਨ੍ਹਾਂ ਦਾ ਮਨ ਸ਼ੁੱਧ ਹੈ, ਕਿਉਂਕਿ ਉਹ ਪਰਮੇਸ਼ਵਰ ਨੂੰ ਦੇਖਣਗੇ।

✪ ਧੰਨ ਹਨ ਉਹ ਜੋ ਮੇਲ ਕਰਾਉਣ ਵਾਲੇ ਹਨ, ਕਿਉਂਕਿ ਉਹ ਪਰਮੇਸ਼ਵਰ ਦੇ ਪੁੱਤਰ ਕਹਾਉਣਗੇ।

✪ ਧੰਨ ਹਨ ਜੋ ਧਾਰਮਿਕਤਾ ਦੇ ਕਾਰਨ ਸਤਾਏ ਜਾਂਦੇ ਹਨ, ਕਿਉਂਕਿ ਸਵਰਗ ਦਾ ਰਾਜ ਉਨ੍ਹਾਂ ਦਾ ਹੈ।

✪ ਧੰਨ ਹੋ ਤੁਸੀਂ, ਜਦੋਂ ਲੋਕ ਮੇਰੇ ਕਾਰਨ ਤੁਹਾਡੀ ਨਿੰਦਾ ਕਰਨ, ਤੁਹਾਨੂੰ ਤਕਲੀਫ਼ ਦੇਣ ਅਤੇ ਝੂਠ ਬੋਲ ਬੋਲਕੇ ਤੁਹਾਡੇ ਵਿਰੁੱਧ ਸਭ ਤਰ੍ਹਾਂ ਦੀਆਂ ਗੱਲਾਂ ਕਰਨ।[58]

ਹਜ਼ਰਤ ਈਸਾ ਜੀ ਨੇ ਇਹ ਬੈਰਾਗਮਈ ਉਪਦੇਸ਼ ਦਿੱਤੇ ਹੀ ਨਹੀਂ ਸਗੋਂ ਇਹ ਆਪਣੇ ਅਮਲੀ ਜੀਵਨ ਵਿਚ ਵੀ ਧਾਰਨ ਕੀਤੇ।

**(ੳ) ਬਾਈਬਲ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਬੈਰਾਗ ਦਾ ਸੰਕਲਪ :**

ਬਾਈਬਲ ਇਸਾਈ ਧਰਮ ਦਾ ਪਵਿੱਤਰ ਗ੍ਰੰਥ ਹੈ। ਦੁਨੀਆ ਦੇ ਧਾਰਮਿਕ ਸਾਹਿਤ ਵਿਚ ਸਭ ਤੋਂ ਵਧੇਰੇ ਪ੍ਰਕਾਸ਼ਨਾਂ ਇਸੇ ਗ੍ਰੰਥ ਦੀ ਹੋਈ ਹੈ। ਬਾਈਬਲ ਦੁਨੀਆ ਦਾ ਇਕੋ ਇਕ ਅਜਿਹਾ ਧਾਰਮਿਕ ਗ੍ਰੰਥ ਹੈ ਜਿਸ ਦੇ ਅਨੁਵਾਦ ਦੁਨੀਆ ਦੀਆਂ ਸਭ ਤੋਂ ਵੱਧ ਭਾਸ਼ਾਵਾਂ ਵਿਚ ਹੋਏ ਹਨ। ਬਾਈਬਲ ਦੇ ਦਸ ਭਾਗ ਹਨ। ਪਹਿਲੇ ਹਿੱਸੇ ਨੂੰ *'ਪੁਰਾਣਾ ਅਹਿਦਨਾਮਾ'* ਜਾਂ ਪੁਰਾਣਾ ਨੇਮ ਕਿਹਾ ਜਾਂਦਾ ਹੈ ਅਤੇ ਦੂਜੇ ਹਿੱਸੇ ਨੂੰ 'ਨਵਾਂ ਅਹਿਦਨਾਮਾ' ਜਾਂ ਨਵਾਂ ਨੇਮ ਕਿਹਾ ਜਾਂਦਾ ਹੈ। ਬਾਈਬਲ ਵਿਚਲੀਆਂ ਇਨ੍ਹਾਂ ਪੋਥੀਆਂ ਦੇ ਲੇਖਕਾਂ ਬਾਰੇ ਡਾ. ਗੁਲਜ਼ਾਰ ਸਿੰਘ ਕੰਗ ਇਸ ਤਰ੍ਹਾਂ ਦਸਦੇ ਹਨ 'ਬਾਈਬਲ ਦੀਆਂ ਸਾਰੀਆਂ ਪੋਥੀਆਂ ਇਕ ਲੇਖਕ ਦੀ ਰਚਨਾ ਨਹੀਂ ਸਗੋਂ ਅਨੇਕਾਂ ਲੇਖਕਾਂ ਦੁਆਰਾ ਵੱਖ-ਵੱਖ ਸਮੇਂ ਵਿਚ ਲਿਖੀਆਂ ਗਈਆਂ ਹਨ। 'ਪੁਰਾਣੇ ਨੇਮ' ਦੀਆਂ ਸਾਰੀਆਂ ਪੋਥੀਆਂ ਈਸਾ ਮਸੀਹ ਤੋਂ ਪਹਿਲਾਂ ਦੀਆਂ ਹਨ ਅਤੇ ਇਨ੍ਹਾਂ ਦੇ ਉਚਾਰੇ ਜਾਣ ਦਾ ਸਮਾਂ 1200 ਈਃ ਪੂਰਵ ਤੋਂ ਲੈ ਕੇ 100 ਈ. ਪੂਰਵ ਤੱਕ ਦਾ ਹੈ। 'ਨਵੇਂ ਨੇਮ 'ਦੀਆਂ ਸਾਰੀਆਂ ਪੋਥੀਆਂ ਦੀ ਰਚਨਾ ਦਾ

ਸਮਾਂ ਈਸਾ ਮਸੀਹ ਤੋਂ ਬਾਅਦ ਪਹਿਲੀ ਸਦੀ ਦੇ ਖ਼ਤਮ ਹੋਣ ਅਤੇ ਦੂਜੀ ਸਦੀ ਆਰੰਭ ਹੋਣ ਤੱਕ ਦਾ ਹੈ। ਇਸ ਤਰ੍ਹਾਂ 'ਪੁਰਾਣਾ ਨੇਮ' ਈਸਾ ਮਸੀਹ ਤੋਂ 100 ਸਾਲ ਪਹਿਲਾਂ ਅਤੇ 'ਨਵਾਂ ਨੇਮ' 100 ਸਾਲ ਬਾਅਦ ਆਪਣੇ ਵਰਤਮਾਨ ਰੂਪ ਵਿਚ ਆਇਆ।'[59]

ਇਸਾਈ ਧਰਮ ਗ੍ਰੰਥ ਬਾਈਬਲ ਦੇ ਉਪਦੇਸ਼ਾਂ ਵਿਚ ਮਨੁੱਖ ਨੂੰ ਬੈਰਾਗ ਧਾਰਨ ਸਬੰਧੀ ਕਈ ਸੰਕੇਤ ਮਿਲਦੇ ਹਨ। ਜਿਹੜੇ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚਲੇ ਬੈਰਾ ਨਾਲੋਂ ਬਿਲਕੁਲ ਭਿੰਨ ਹਨ ਇਹ ਭਿੰਨਤਾ ਹੀ ਗੁਰੂ ਸਾਹਿਬ ਦੇ ਬੈਰਾਗ ਦੇ ਫ਼ਲਸਫ਼ੇ ਨੂੰ ਵਿਲੱਖਣਤਾ ਪ੍ਰਦਾਨ ਕਰਦੀ ਹੈ।

ਬਾਈਬਲ ਵਿਚ ਉਪਦੇਸ਼ ਦਿੱਤਾ ਗਿਆ ਹੈ ਕਿ 'ਧੰਨ ਹਨ ਉਹ ਜੋ ਸੋਕ ਕਰਦੇ ਹਨ, ਕਿਉਂਕਿ ਉਹ ਸ਼ਾਂਤੀ ਪ੍ਰਾਪਤ ਕਰਨਗੇ।' ਸੋਕ ਕਰਨ ਤੋਂ ਭਾਵ ਵਿਰਲਾਪ ਕਰਨਾ ਹੈ ਜੋ ਕਿ ਬੈਰਾਗ ਅਵਸਥਾ ਦੇ ਹੀ ਮਨੋਭਾਵਾਂ ਨੂੰ ਉਤਪੰਨ ਕਰਦਾ ਹੈ। ਆਪਣੇ ਆਪ ਤੇ ਪਛਤਾਵਾ ਕਰਕੇ ਭਵਿੱਖਮੁੱਖੀ ਜੀਵਨ ਨੂੰ ਸੰਵਾਰਨਾ ਹੈ। ਸੋਕ (ਵਿਰਲਾਪ) ਕਰਨ ਨਾਲ ਮਨ ਵਿਚ ਸ਼ੁੱਧਤਾ ਆਉਂਦੀ ਹੈ। ਪਰੰਤੂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚੋਂ ਸੋਕ ਕਰਨ ਦੀ ਪ੍ਰਵਿਰਤੀ ਉਜਾਗਰ ਨਹੀਂ ਹੁੰਦੀ। ਗੁਰੂ ਸਾਹਿਬ ਤਾਂ ਇਕ ਸੱਚੇ ਬੈਰਾਗੀ ਲਈ ਸਮਦ੍ਰਿਸ਼ਟੀ ਦਾ ਮਾਲਕ ਬਣਨ ਦਾ ਉਪਦੇਸ਼ ਦਿੰਦੇ ਹਨ :

**ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥**

**ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥**

**ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥**

**ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥**[60]

ਬਾਈਬਲ ਵਿਚ ਉਪਦੇਸ਼ ਦਿੱਤਾ ਗਿਆ ਹੈ ਕਿ 'ਧੰਨ ਉਹ ਹਨ ਜੋ ਧਾਰਮਿਕਤਾ ਦੇ ਭੁੱਖੇ ਅਤੇ ਪਿਆਸੇ ਹਨ, ਕਿਉਂਕਿ ਉਹ ਤ੍ਰਿਪਤ ਕੀਤੇ ਜਾਣਗੇ।' ਧਾਰਮਿਕਤਾ ਲਈ ਭੁੱਖ ਅਤੇ ਪਿਆਸ ਦੀ ਭਾਵਨਾ ਮਨੁੱਖ ਨੂੰ ਸਹੀ ਅਤੇ ਗ਼ਲਤ ਵਿਚ ਫਰਕ ਪਛਾਣ ਕਰਨ ਵਿਚ ਸਹਾਇਤਾ

ਕਰਦੀ ਹੈ। 'ਆਪਣੇ ਪਰਮੇਸ਼ਵਰ ਦੇ ਲਈ ਮਨ ਦੀ ਭੁੱਖ ਅਤੇ ਪਿਆਸ ਹੋਣੀ ਯਾਨੀ ਉਸ ਨਾਲ ਜੋ ਸਾਡੇ ਨਾਲ ਪ੍ਰੇਮ ਰੱਖਦਾ ਹੈ ਅਤੇ ਸਾਡੀ ਪਰਵਾਹ ਕਰਦਾ ਹੈ, ਵਿਆਪਕ ਸੰਬੰਧ ਦੀ ਇੱਛਾ ਕਰਨੀ ਜ਼ਰੂਰੀ ਹੈ। ਦਾਊਦ ਨੇ ਲਿਖਿਆ, 'ਜਿਸ ਤਰ੍ਹਾਂ ਹਿਰਨੀ ਨਦੀ ਦੇ ਜਲ ਦੇ ਲਈ ਹਫ਼ਦੀ ਹੈ, ਉਸੇ ਤਰ੍ਹਾਂ, ਹੇ ਪਰਮੇਸ਼ਵਰ, ਮੈਂ ਤੇਰੇ ਲਈ ਹਫ਼ਦਾ ਹਾਂ। ਜੀਉਂਦੇ ਪਰਮੇਸ਼ਵਰ ਦਾ ਮੈਂ ਪਿਆਸਾ ਹਾਂ।'[61] ਧਾਰਮਿਕਤਾ ਦੀ ਭੁੱਖ ਅਤੇ ਪਿਆਸ ਮਨੁੱਖੀ ਮਨ ਵਿਚ ਪ੍ਰਭੂ ਦੇ ਦਰਸ਼ਨਾਂ ਲਈ ਤੀਬਰ-ਤਾਂਘ ਅਤੇ ਤੜਪ ਪੈਦਾ ਕਰਦੀ ਹੈ। ਹਿਰਨੀ ਮਨੁੱਖੀ ਮਨ ਦੀ ਤੜਪ ਦੀ ਪ੍ਰਤੀਕ ਹੈ ਅਤੇ ਜਲ ਪ੍ਰਭੂ ਦਾ ਪ੍ਰਤੀਕ ਹੈ। ਧਾਰਮਿਕਤਾ ਲਈ ਭੁੱਖ ਅਤੇ ਪਿਆਸ ਮਨੁੱਖ ਨੂੰ ਪ੍ਰਭੂ ਦੇ ਮਾਰਗ ਵੱਲ ਸੇਧਤ ਕਰਦੀ ਹੈ। ਉਸ ਵਿਚ ਤੀਬਰ ਬੈਰਾਗ ਦੀ ਭਾਵਨਾ ਪੈਦਾ ਕਰਦੀ ਹੈ। ਪਰੰਤੂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਸ਼ਾਂਤ ਚਿੱਤ ਬੈਰਾਗ ਦੀ ਭਾਵਨਾ ਨਾਮ ਸਿਮਰਨ ਕਰਕੇ ਉਤਪੰਨ ਹੁੰਦੀ ਹੈ। ਸ਼ਾਂਤ ਰਸ ਹਰਿ ਨਾਮ ਅਧਾਰਤ ਬੈਰਾਗ ਵਿਚੋਂ ਉਪਜਦਾ ਹੈ। ਨਾਮ ਸਾਧਕ ਦੇ ਮਨ ਵਿਚ ਭਗਤੀ ਦੇ ਸਦਕਾ ਦੈਵੀ ਗੁਣਾਂ ਦਾ ਵਿਕਾਸ ਹੁੰਦਾ ਹੈ। ਇਹ ਗੁਣ ਹੀ ਸਾਧਕ ਦੇ ਮਨ ਵਿਚ ਬੀਰ ਭਾਵਨਾ ਪੈਦਾ ਕਰਦੇ ਹਨ, ਜੋ ਕਿ ਪ੍ਰਤੀਕੂਲ ਪ੍ਰਸਥਿਤੀਆਂ ਨਾਲ ਨਜਿੱਠਣ ਲਈ ਉਸ ਨੂੰ ਬਲ ਬਖ਼ਸ਼ਦੇ ਹਨ। ਸ਼ਾਂਤ ਚਿੱਤ ਬੈਰਾਗ ਆਪ ਜੀ ਨੂੰ ਗੁਰ ਅਸਥਾਨ 'ਬਾਬਾ ਬਕਾਲਾ' ਵਿਖੇ ਇਕ ਲੰਮੇ ਅਰਸੇ ਤੱਕ ਰਹਿੰਦਿਆਂ, ਨਿਰੰਤਰ ਭਗਤੀ ਪਿੱਛੋਂ ਪ੍ਰਾਪਤ ਹੋਇਆ। ਆਪ ਜੀ ਨੇ ਸੀਹਾਂ ਮਸੰਦ ਵਰਗੇ ਹੰਕਾਰੀ ਅਤੇ ਦੁਰਮੱਤੀਆਂ ਤੋਂ ਇਲਾਵਾ ਮੁਗ਼ਲ ਸਰਕਾਰ ਦੇ ਜ਼ੁਲਮਾਂ ਦਾ ਸ਼ਾਂਤਮਈ ਢੰਗ ਨਾਲ ਸਾਹਮਣਾ ਕੀਤਾ। ਆਪ ਜੀ ਨੇ ਫ਼ਰਮਾਨ ਕੀਤਾ ਕਿ ਕਲਯੁਗ ਵਿਚ ਹਰਿ ਦਾ ਨਾਮ ਸਾਰੇ ਡਰ ਅਤੇ ਮੂੜਬੁੱਧੀ ਨੂੰ ਦੂਰ ਕਰਨ ਵਾਲਾ ਹੈ ਜੋ ਮਨੁੱਖ ਦਿਨ ਰਾਤ ਹਰਿ ਭਗਵਾਨ ਦਾ ਨਾਮ ਜਪਦਾ ਹੈ। ਉਸ ਦੇ ਸਾਰੇ ਕਾਰਜ ਸੰਪੂਰਨ ਹੋ ਜਾਂਦੇ ਹਨ :

**ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ ॥**

**ਨਿਸਿ ਦਿਨੁ ਜੋ ਨਾਨਕ ਭਜੈ ਹੋਹਿ ਤਿਹ ਕਾਮ ॥**[62]

ਗੁਰੂ ਜੀ ਦੀ ਕਿਰਪਾ ਕਰਕੇ ਸਹਿਜਭਾਵੀ ਬੈਰਾਗੀ ਸੰਸਾਰਕ ਬੰਧਨਾਂ ਤੋਂ ਮਾਨਸਿਕ ਤੌਰ ਤੇ ਉੱਚਾ ਉੱਠ ਜਾਂਦਾ ਹੈ। ਉਸ ਦੀ ਲਿਵ ਸਦਾ ਨਾਮ-ਰਸ ਵਿਚ ਲੱਗੀ ਰਹਿੰਦੀ ਹੈ। ਇਸ ਦੇ ਵਿਪਰੀਤ ਸੰਸਾਰੀ ਮਨੁੱਖ ਸਦਾ ਵਿਸ਼ੇ-ਵਿਕਾਰਾਂ ਵਿਚ ਲਿਪਤ ਰਹਿੰਦਾ ਹੈ। ਉਸ ਦੇ ਮਨ ਵਿਚ ਕਦੇ ਵੀ ਹਰਿ ਦੀ ਨਾਮ ਚੇਤੇ ਨਹੀਂ ਆਉਂਦਾ। ਇਸ ਚੱਲਣਹਾਰ ਜਗਤ ਵਿਚ ਜਿਸ ਨੇ ਵੀ ਹਰਿ ਦੇ ਨਾਮ ਨੂੰ ਯਾਦ ਕੀਤਾ ਹੈ। ਉਸ ਦਾ ਸੰਸਾਰ ਰੂਪੀ ਭਾਵਸਾਗਰ ਤੋਂ ਪਾਰ ਉਤਾਰਾ ਹੋ ਗਿਆ। ਜੋ ਮਨੁੱਖ ਹਰਿ ਦੀ ਸ਼ਰਨ ਵਿਚ ਆ ਜਾਂਦਾ ਹੈ, ਆ ਕੇ ਬੇਨਤੀ ਕਰਦਾ ਹੈ ਕਿ ਸੱਚੇ ਪ੍ਰਭੂ ! ਮੈਨੂੰ ਨਾਮ ਦੀ ਦਾਤ ਬਖ਼ਸ਼ੋ, ਤਾਂ ਕੇ ਮੈਂ ਆਪ ਜੀ ਦਾ ਗੁਣਗਾਨ ਕਰਦਾ ਰਹਾਂ। ਗੁਰ ਫ਼ਰਮਾਨ ਹੈ :

**ਜਿਹਿ ਜਿਹਿ ਹਰਿ ਕੋ ਨਾਮੁ ਸਮ੍ਾਰਿ ॥**

**ਤੇ ਭਵ ਸਾਗਰ ਉਤਰੇ ਪਾਰਿ ॥**

**ਜਨ ਨਾਨਕ ਹਰਿ ਕੀ ਸਰਨਾਈ ॥**

**ਦੀਜੈ ਨਾਮੁ ਰਹੈ ਗੁਨ ਗਾਇ ॥**[63]

ਸੱਚੇ ਬੈਰਾਗੀ ਦੇ ਹਿਰਦੇ ਵਿਚ ਰਾਮ ਦਾ ਨਾਮ ਰਮਿਆ ਰਹਿੰਦਾ ਹੈ। ਉਸ ਦੀ ਦ੍ਰਿਸ਼ਟੀ ਵਿਚ ਹੋਰ ਕੋਈ ਵੀ ਸੰਸਾਰੀ ਵਸਤੂ ਮਹੱਤਵ ਨਹੀਂ ਰੱਖਦੀ। ਉਹ ਸਦਾ ਹੀ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਉਹ ਹਰ ਪ੍ਰਸਥਿਤੀ ਵਿਚ ਸਰਵਵਿਆਪੀ ਪਰਮਾਤਮਾ ਨੂੰ ਆਪਣੇ ਅੰਗ-ਸੰਗ ਸਮਝਦਾ ਹੈ। ਉਹ ਆਪਣੀ ਮਾਨਸਿਕ ਅਡੋਲਤਾ ਦੇ ਨਾਲ ਹਰ ਸਮੱਸਿਆ ਅਤੇ ਘੋਰ ਸੰਕਟ ਨੂੰ ਸ਼ਾਂਤਮਈ ਢੰਗ ਨਾਲ ਨਜਿੱਠਣ ਵਿਚ ਸਫ਼ਲ ਹੋ ਜਾਂਦਾ ਹੈ। ਗੁਰੂ ਸਾਹਿਬ ਬਾਣੀ ਵਿਚ ਬਚਨ ਕਰਦੇ ਹਨ ਹੇ ਪ੍ਰਭੂ ! ਮੈਂ ਰਾਮ ਨਾਮ ਆਪਣੇ ਹਿਰਦੇ ਵਿਚ ਵਸਾ ਲਿਆ ਹੈ। ਜਿਸ ਦੇ ਸਮਾਨ ਹੋਰ ਕੋਈ ਨਹੀਂ ਹੈ। ਜਿਸ (ਨਾਮ) ਦੇ ਸਿਮਰਨ ਨਾਲ ਸਾਰੇ ਸੰਕਟ ਮਿਟ ਜਾਂਦੇ ਹਨ ਅਤੇ ਤੇਰੇ ਪਵਿੱਤਰ ਦਰਸ਼ਨ ਹੋ ਜਾਂਦੇ ਹਨ :

**ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ॥**

**ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥**[64]

ਇਸ ਲਈ ਗੁਰੂ ਤੇਗ ਬਹਾਦਰ ਜੀ ਦੀ ਬਾਣੀ 'ਚੋਂ ਉਤਪੰਨ ਹੋਇਆ ਬੈਰਾਗ ਈਸਾਈ ਧਰਮ 'ਚੋਂ ਉਪਜੇ ਬੈਰਾਗ ਨਾਲੋਂ ਵਿਲੱਖਣ ਨਜ਼ਰ ਆਉਂਦਾ ਹੈ। ਈਸਾਈ ਧਰਮ ਦਾ ਬੈਰਾਗ ਨੈਤਿਕਤਾ ਤੇ ਅਧਾਰਤ ਹੈ ਜਦੋਂ ਕਿ ਆਪ ਜੀ ਦਾ ਬੈਰਾਗ ਵਧੇਰੇ ਕਰਕੇ ਮਨੁੱਖ ਨੂੰ ਆਤਮਿਕ ਅਤੇ ਮਾਨਸਿਕ ਤੌਰ ਤੇ ਬਲਸ਼ਾਲੀ ਅਤੇ ਸਹਿਜਭਾਵੀ ਬਣਾਉਣ ਲਈ ਉਤਪੰਨ ਹੁੰਦਾ ਹੈ, ਜਿਸ ਨੇ ਕਰਮਯੋਗੀ ਬਣ ਕੇ ਆਪਣਾ ਹੋਰਨਾਂ ਦਾ ਜੀਵਨ ਸੰਵਰਨਾ ਹੁੰਦਾ ਹੈ।

ਦੁਰਾਚਾਰੀ ਲੋਕਾਂ ਨਾਲ ਵਿਚਰਦਿਆਂ ਕਿਸ ਤਰ੍ਹਾਂ ਰਹਿਣਾ ਹੈ ਈਸਾ ਮਸੀਹ ਕਹਿੰਦੇ ਹਨ ਕਿ 'ਜੇਕਰ ਕੋਈ ਤੁਹਾਡੀ ਸੱਜੀ ਗੱਲ੍ਹ ਤੇ ਥੱਪੜ ਮਾਰੇ, ਤਾਂ ਉਸ ਵੱਲ ਦੂਸਰੀ ਵੀ ਕਰ ਦਿਓ ਅਤੇ ਜੇਕਰ ਕੋਈ ਤੁਹਾਨੂੰ ਬੇਨਤੀ ਕਰਕੇ ਤੁਹਾਡਾ ਕੁੜਤਾ ਚਾਹੇ, ਤਾਂ ਉਸਨੂੰ ਦੋਹਰ (ਅੰਦਰਲਾ ਵਸਤਰ) ਵੀ ਲੈ ਲੈਣ ਦਿਓ ਅਤੇ ਜੇ ਕੋਈ ਤੁਹਾਨੂੰ ਕੋਹ ਦੂਰ ਬੇਗਾਰ ਵਿਚ ਲੈ ਜਾਵੇ, ਤਾਂ ਉਸ ਦੇ ਨਾਲ ਦੋ ਕੋਹ ਚਲੇ ਜਾਵੋ। ਜੋ ਕੋਈ ਤੁਹਾਡੇ ਤੋਂ ਮੰਗੇ, ਉਸ ਨੂੰ ਦੇ ਦੇਵੋ, ਅਤੇ ਜੋ ਤੁਹਾਡੇ ਤੋਂ ਉਧਾਰ ਲੈਣਾ ਚਾਹੇ, ਉਸ ਤੋਂ ਮੂੰਹ ਨਾ ਮੋੜੋ।'[65] ਪਰੰਤੂ ਗੁਰੂ ਤੇਗ ਬਹਾਦਰ ਜੀ ਨੇ ਇਸ ਵਿਚਾਰ ਦੇ ਉਲਟ ਮਨੁੱਖੀ ਮਨ ਵਿਚ ਬੈਰਾਗਮਈ ਭਾਵਨਾ ਪੈਦਾ ਕਰਦਿਆਂ ਉਸ ਨੂੰ ਪ੍ਰਭੂ ਦੇ ਚਰਨਾਂ ਵਿਚ ਜੁੜਨ ਲਈ ਉਪਦੇਸ਼ ਦਿੱਤਾ ਹੈ। ਇਸ ਦੇ ਨਾਲ ਹੀ ਉਸ ਵਿਚ ਬੀਰਤਾ ਭਾਵ ਪੈਦਾ ਕਰਦਿਆਂ ਉਸ ਨੂੰ ਸਵੈਮਾਣ ਨਾਲ ਜਿਉਣ ਦੀ ਜਗਤਿ ਸਿਖਾਈ ਭਾਵੇਂ ਉਨ੍ਹਾਂ ਨੇ ਪਰਉਪਕਾਰੀ ਕਾਰਜ ਨੂੰ ਉੱਤਮ ਦੱਸਿਆ ਹੈ। ਗੁਰੂ ਜੀ ਫ਼ਰਮਾਉਂਦੇ ਹਨ :

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**

**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥**[66]

ਡਾ. ਮਨਮੋਹਨ ਸਿੰਘ ਆਪ ਜੀ ਦੇ ਬੈਰਾਗਮਈ ਚਿੰਤਨ ਬਾਰੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਲਿਖਦੇ ਹਨ ਕਿ 'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦੇ ਮੂਲ ਫ਼ਲਸਫ਼ੇ ਸਬੰਧੀ ਤੱਤਾਂ ਵਿਚ ਨਿਰਲੇਪਤਾ ਤੇ ਨਿਡਰਤਾ ਦੋ ਅਜਿਹੇ ਤੱਤ ਹਨ ਜਿਹੜੇ ਉੱਤਮ ਜੀਵਨ ਦੇ ਸਦਗੁਣ ਹਨ।'[67] ਇਹ ਜੋ ਕਿ ਬੈਰਾਗਮਈ ਮਾਨਸਿਕ ਸਥਿਤੀ ਵਿਚੋਂ ਉਤਪੰਨ ਹੁੰਦੇ ਹਨ। ਇਸ

ਪ੍ਰਕਾਰ ਆਪ ਜੀ ਦੀ ਬਾਣੀ ਵਿਚੋਂ ਉਤਪੰਨ ਹੋਇਆ ਬੈਰਾਗ ਹੋਰਨਾਂ ਧਰਮਾਂ ਵਿਚਲੇ ਬੈਰਾਗ ਨਾਲੋਂ ਵਿਲੱਖਣ ਹੈ।

ਉਪਰੋਕਤ ਵਿਚਾਰ-ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚੋਂ ਉਤਪੰਨ ਹੋਇਆ ਬੈਰਾਗ ਬਾਈਬਲ ਵਿਚਲੇ ਬੈਰਾਗ ਨਾਲੋਂ ਭਿੰਨ ਦ੍ਰਿਸ਼ਟੀਗੋਚਰ ਹੁੰਦਾ ਹੈ। ਭਾਵੇਂ ਮਨ ਦੀ ਨਿਰਮਾਣਤਾ, ਨਿਰਮਲਤਾ, ਧਾਰਮਿਕਤਾ ਦੀ ਭੁੱਖ ਪਿਆਸ, ਦਿਆ ਭਾਵਨਾ, ਆਤਮ ਪਰਮਾਤਮ ਦੀ ਪਛਾਣ, ਬਾਹਰੀ ਕਰਮ-ਕਾਡਾਂ ਅਤੇ ਅਡੰਬਰਾਂ ਦੀ ਵਿਰੋਧਤਾ, ਧਰਮ ਦੇ ਲਈ ਦੁਖ ਸਹਿਣੇ ਆਦਿ ਵਿਚ ਸੁਮੇਲਤਾ ਦਿਖਾਈ ਦਿੰਦੀ ਹੈ। ਪਰੰਤੂ ਗੁਰੂ ਜੀ ਦੀ ਬਾਣੀ ਵਿਚੋਂ ਉਤਪੰਨ ਹੋਏ ਬੈਰਾਗ ਵਿਚਲੇ ਬੀਰਤਾ ਵਾਲੇ ਤੱਤ ਭਿੰਨਤਾ ਪ੍ਰਦਾਨ ਕਰਦੇ ਹਨ।

**2. ਇਸਲਾਮ ਧਰਮ ਵਿਚ ਬੈਰਾਗ :**

ਇਸਲਾਮ ਧਰਮ ਦੇ ਪਵਿੱਤਰ ਗ੍ਰੰਥ 'ਕੁਰਾਨ' ਵਿਚ ਬੈਰਾਗਮਈ ਭਾਵਨਾ ਨੂੰ ਜਾਣਨ ਤੋਂ ਪਹਿਲਾਂ ਇਸ ਧਰਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਬਾਰੇ ਮੁੱਢਲੀ ਜਾਣਕਾਰੀ ਪ੍ਰਾਪਤ ਕਰਨੀ ਵੀ ਜ਼ਰੂਰੀ ਹੈ।

ਇਸਲਾਮ ਧਰਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਕੁਰੈਸ਼ ਵੰਸ ਦੇ ਬਾਨੀ ਹਾਸ਼ਮ ਦੇ ਘਰਾਣੇ ਵਿਚ 571 ਈ. ਵਿਚ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਅਬਦੁੱਲਾ ਕੁਰੈਸ਼ੀ ਅਤੇ ਮਾਤਾ ਦਾ ਨਾਮ ਆਮੀਨਾ ਸੀ ਜੋ ਇਨ੍ਹਾਂ ਦਾ ਵੰਸ ਮੱਕੇ ਦਾ ਇਕ ਮਸ਼ਹੂਰ ਵੰਸ ਸੀ। ਕਾਅਬਾ ਜੋ ਉਸ ਸਮੇਂ ਮੂਰਤੀਆਂ ਨਾਲ ਭਰਪੂਰ ਸੀ ਇਨ੍ਹਾਂ ਦੇ ਦਾਦੇ ਅਬਦੁਲ ਮੁਤਲਿਬ ਦੀ ਸਪੁਰਦਗੀ ਵਿਚ ਸੀ। ਮੁਹੰਮਦ ਸਾਹਿਬ ਦੇ ਜਨਮ ਤੋਂ ਪਹਿਲਾਂ ਹੀ ਆਪ ਦੇ ਪਿਤਾ ਦਾ ਦੇਹਾਂਤ ਹੋ ਗਿਆ। ਆਪ ਜੀ ਦੀ ਉਮਰ ਲਗ ਪਗ ਅਜੇ 6 ਸਾਲ ਦੀ ਹੀ ਸੀ ਕਿ ਆਪ ਜੀ ਦੀ ਮਾਤਾ ਦੇ ਦੇਹਾਂਤ ਹੋਣ ਪਿਛੋਂ ਆਪ ਜੀ ਦਾ ਪਾਲਣ-ਪੋਸ਼ਣ ਆਪ ਜੀ ਦੇ ਚਾਚਾ ਅਬੂ ਤਾਲਿਬ ਨੇ ਕੀਤਾ। 25 ਸਾਲ ਦੀ ਉਮਰ ਵਿਚ ਆਪ ਨੇ ਮੱਕੇ ਦੀ ਇਕ ਧਨਵਾਨ ਵਿਧਵਾ ਔਰਤ ਖਦੀਜਾ ਨਾਲ

ਨਿਕਾਹ ਕਰ ਲਿਆ ਜੋ ਕਿ ਉਮਰ ਵਿਚ ਆਪ ਤੋਂ 15 ਸਾਲ ਵੱਡੀ ਸੀ। ਆਪ ਵਧੇਰੇ ਸਮਾਂ ਇਕ ਹੀਰਾ ਨਾਮੀ ਪਹਾੜ ਦੀ ਕੁੰਦਰਾਂ ਵਿਚ ਉਪਾਸ਼ਨਾ ਅਤੇ ਪ੍ਰਾਰਥਨਾ ਵਿਚ ਬਤੀਤ ਕਰਦੇ ਸਨ। ਸੱਚ-ਸਾਧਨਾ ਦੇ ਦੌਰਾਨ ਇਕ ਦਿਨ ਆਪ ਨੇ ਇਹ ਆਵਾਜ਼ ਸੁਣੀ, 'ਪੜ੍ਹ ਆਪਣੇ ਰੱਬ ਦੇ ਨਾਮ ਨਾਲ ਜਿਸਨੇ ਪੈਦਾ ਕੀਤਾ ਹੈ।' ਇਹ ਪਹਿਲੀ "ਵਹੀ" ਸੀ ਜੋ ਆਪ ਉੱਪਰ ਉਤਰੀ। ਇਸਦਾ ਅਰਥ ਇਹ ਹੈ ਕਿ ਰੱਬੀ ਦਰਬਾਰ ਵਲੋਂ ਆਪ ਨੂੰ ਪੈਗੰਬਰੀ ਪ੍ਰਦਾਨ ਹੋਈ।'[68] ਆਪ ਦੀ ਪਤਨੀ ਖਦੀਜਾ, ਆਪ ਦੇ ਚਚੇਰੇ ਭਰਾ ਅਲੀ ਅਤੇ ਇਕ ਰਿਸ਼ਤੇਦਾਰ ਅਬੂਬਕਰ ਨੇ ਆਪ ਦੀ ਪੈਗੰਬਰੀ ਨੂੰ ਸਵੀਕਾਰ ਕੀਤਾ, 624 ਈ. ਵਿਚ ਆਪ ਮੱਕਾ ਛੱਡ ਕੇ ਮਦੀਨਾ ਚਲੇ ਗਏ। 632 ਈ. ਵਿਚ ਆਪ ਜੀ ਦਾ ਦੇਹਾਂਤ ਹੋ ਗਿਆ।

ਹਜ਼ਰਤ ਮੁਹੰਮਦ ਸਾਹਿਬ ਦੁਆਰਾ ਚਲਾਏ ਗਏ ਧਰਮ ਨੂੰ ਇਸਲਾਮ ਕਿਹਾ ਜਾਂਦਾ ਹੈ ਅਤੇ ਇਸ ਧਰਮ ਨੂੰ ਧਾਰਨ ਕਰਨ ਵਾਲੇ ਨੂੰ ਮੁਸਲਿਮ ਜਾਂ ਮੁਸਲਮਾਨ ਕਿਹਾ ਜਾਂਦਾ ਹੈ। ਇਸਲਾਮ ਧਰਮ ਵਿਚ ਬੈਰਾਗ ਭਾਵਨਾ ਨੂੰ ਜਾਣਨ ਤੋਂ ਪਹਿਲਾਂ ਇਸਲਾਮ ਅਤੇ ਮੁਸਲਿਮ ਸ਼ਬਦਾਂ ਦੇ ਅਰਥਾਂ ਨੂੰ ਜਾਣਨਾ ਜ਼ਰੂਰੀ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਇਸਲਾਮ ਸ਼ਬਦ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਅਰਥ ਹਨ 'ਤਰਕ ਜਾਂ ਤਿਆਗ, ਸਿਰ ਝੁਕਾਉਣਾ, ਖ਼ੁਦਾ ਦੀ ਰਜ਼ਾ ਨੂੰ ਸਲਮ ਭਾਵ ਸਵੀਕਾਰ ਕਰਨਾ ਦੂਜੇ ਸ਼ਬਦਾਂ ਵਿਚ ਉਸ ਦਾ ਭਾਣਾ ਮੰਨਣਾ।'[69] ਇਕ ਸੱਚਾ ਮੁਸਲਮਾਨ ਜੋ ਕਿ ਅੱਲਾਹ ਤੇ ਯਕੀਨ ਰੱਖਦਾ ਹੈ ਹਜ਼ਰਤ ਮੁਹੰਮਦ ਸਾਹਿਬ ਨੂੰ ਉਸ ਦਾ ਰਸੂਲ ਮੰਨਦੇ ਹੋਏ, ਉਨ੍ਹਾਂ ਦੇ ਚਲਾਏ ਦੀਨ ਦੀ ਸ਼ਰ੍ਹਾ ਸ਼ਰੀਅਤ ਦੀ ਪਾਲਣਾ ਕਰਦਾ ਹੈ, ਉਹ ਮੋਮਿਨ ਅਖਵਾਉਂਦਾ ਹੈ। ਇਸ ਤਰ੍ਹਾਂ ਮੋਮਿਨ, ਇਮਾਨ ਲਿਆਉਣ ਵਾਲਾ, ਸ਼੍ਰੱਧਾਵਾਨ, ਇਸਲਾਮ ਦਾ ਵਿਸ਼੍ਵਾਸੀ ਹੁੰਦਾ ਹੈ। 'ਉਰਦੂ ਦਾਇਰਾ-ਏ-ਮਆਰਿਫ਼-ਏ-ਇਸਲਾਮੀਆਂ ਅਨੁਸਾਰ- ਇਸਲਾਮ ਦੇ ਕੋਸ਼ਗਤ ਅਰਥ ਰੱਬ ਦੀ ਆਗਿਆ, ਉਸਦੀ ਰਜ਼ਾ ਵਿਚ ਰਾਜ਼ੀ ਰਹਿਣਾ, ਹੁਕਮ ਮੰਨਣਾ ਅਤੇ ਅਮਨ ਸ਼ਾਂਤੀ ਹਨ।'[70]

ਪ੍ਰਸਿੱਧ ਵਿਦਵਾਨ ਰਾਮਧਾਰੀ ਸਿੰਘ ਦਿਨਕਰ ਇਸਲਾਮ ਅਤੇ ਮੁਸਲਮਾਨ ਬਾਰੇ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟਾਉਂਦੇ ਹਨ "ਇਸਲਾਮ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ 'ਸ਼ਾਂਤੀ ਵਿਚ ਪ੍ਰਵੇਸ਼ ਕਰਨਾ' ਹੁੰਦਾ ਹੈ ਅਰਥਾਤ ਮੁਸਲਿਮ ਉਹ ਵਿਅਕਤੀ ਹੈ ਜੋ ਪ੍ਰਮਾਤਮਾ ਅਤੇ ਮਨੁੱਖ ਦੇ ਨਾਲ ਪੂਰਣ ਸ਼ਾਂਤੀ ਦਾ ਸੰਬੰਧ ਰੱਖਦਾ ਹੋਵੇ। ਇਸ ਲਈ ਇਸਲਾਮ ਸ਼ਬਦ ਦਾ ਪਰਿਭਾਸ਼ਕ ਅਰਥ ਹੋਵੇਗਾ ਉਹ ਧਰਮ ਜਿਸ ਦੇ ਦੁਆਰਾ ਮਨੁੱਖ ਪ੍ਰਮਾਤਮਾ ਦੀ ਸ਼ਰਨ ਲੈਂਦਾ ਹੈ ਅਤੇ ਮਨੁੱਖ ਦੇ ਪ੍ਰਤੀ ਅਹਿੰਸਾ ਅਤੇ ਪ੍ਰੇਮ ਦਾ ਵਰਤਾਵ ਕਰਦਾ ਹੈ।"[71]

**(ੳ) ਕੁਰਾਨ ਸਰੀਫ਼ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਬੈਰਾਗ :**

ਕੁਰਾਨ ਵਿਚ ਹਜ਼ਰਤ ਮੁਹੰਮਦ ਸਾਹਿਬ ਵੱਲੋਂ ਦਿਤੇ ਗਏ ਉਪਦੇਸ਼ ਸ਼ਾਮਿਲ ਹਨ। ਇਹ ਅੱਲਾਹ ਦੀ ਪਵਿੱਤਰ ਕਿਤਾਬ ਹੈ। ਮੂਲ ਰੂਪ ਵਿਚ ਇਹ ਅਰਬੀ ਭਾਸ਼ਾ ਵਿਚ ਲਿਖੀ ਗਈ ਹੈ। 'ਕੁਰਾਨ ਦਾ ਅਰਥ ਹੈ ਪੜ੍ਹਨਾ।....ਇਹ ਕਿਤਾਬ ਇਸ ਲਈ ਉਤਰੀ ਕਿ ਵੱਧ ਤੋਂ ਵੱਧ ਪੜ੍ਹੀ ਜਾਵੇ ਅਤੇ ਸੰਸਾਰ ਦੇ ਸਾਰੇ ਲੋਕ ਇਸਨੂੰ ਪੜ੍ਹ ਕੇ ਆਪਣੇ ਜੀਵਨ-ਮਾਰਗ ਦਾ ਨਿਰਣਾ ਕਰਨ।'[72] ਕੁਰਆਨ ਇਕ ਸੰਕਲਪ ਦੇ ਰੂਪ ਵਿਚ ਨਹੀਂ ਉਤਰਿਆ ਬਲਕਿ ਇਹ 23 ਸਾਲ ਦੀ ਅਵਧੀ ਵਿਚ ਭਿੰਨ-ਭਿੰਨ ਅੰਸ਼ਾਂ ਦੇ ਰੂਪ ਵਿਚ ਉਤਾਰਿਆ ਗਿਆ। ਇਸਲਾਮ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਉਦੋਂ ਮੱਕਾ ਵਿਚ ਸਨ, ਜਦੋਂ ਕਿ 610 ਈ. ਵਿਚ ਕੁਰਆਨ ਦਾ ਪਹਿਲਾ ਭਾਗ ਉਤਰਿਆ। ਉਸਦੇ ਪਿੱਛੋਂ ਨਿਰੰਤਰ ਉਸਦੇ ਵਿਭਿੰਨ ਭਾਗ ਆਪ ਤੇ ਉਤਰਦੇ ਰਹੇ। ਕੁਰਆਨ ਦਾ ਅੰਤਮ ਭਾਗ ਆਪ ਤੇ 632 ਈ. ਵਿਚ ਉਤਰਿਆ ਜਦੋਂ ਕਿ ਆਪ ਮਦੀਨੇ ਵਿਚ ਸਨ। ਕੁਰਆਨ ਦਾ ਇਹ ਅਵਤਰਣ ਫ਼ਰਿਸ਼ਤਾ ਜਿਬਰਾਈਲ ਦੇ ਰਾਹੀਂ ਹੁੰਦਾ ਸੀ। ਅੰਤ ਵਿਚ ਖ਼ੁਦ ਫਰਿਸਤਾ ਜਿਬਰਾਈਲ ਦੇ ਨਿਰਦੇਸ਼ ਅਨੁਸਾਰ ਕੁਰਆਨ ਦੇ ਵਿਭਿੰਨ ਅੰਸ਼ਾਂ ਨੂੰ ਇਕ ਗ੍ਰੰਥ ਦੇ ਰੂਪ ਵਿਚ ਸੰਕਲਿਤ ਕੀਤਾ ਗਿਆ।'[73] ਇਸ ਤਰ੍ਹਾਂ 'ਕੁਰਆਨ' ਇਸਲਾਮ ਧਰਮ ਦੇ ਧਾਰਮਿਕ ਸਿਧਾਂਤ, ਵਿਧਾਨ, ਵਿਸ਼ਵਾਸਾਂ, ਮਾਨਤਾਵਾਂ, ਇਲਾਹੀ ਅਤੇ ਸਮਾਜੀ ਗਿਆਨ ਅਤੇ ਸਿੱਖਿਆ ਦੇਣ ਵਾਲਾ ਮੂਲ ਸ੍ਰੋਤ ਹੈ। ਇਸ ਲਈ ਕੁਰਆਨ ਨੂੰ ਸਤਿਕਾਰ ਨਾਲ 'ਕੁਰਆਨ ਮਜੀਦ' ਜਾਂ 'ਕੁਰਆਨ ਸਰੀਫ਼'

ਵੀ ਕਿਹਾ ਜਾਂਦਾ ਹੈ। ਕੁਰਆਨ ਵਿਚ ਕੁੱਲ 114 ਸੂਰਤਾਂ ਹਨ, ਕੁੱਝ ਵੱਡੀਆਂ ਸੂਰਤਾਂ ਹਨ ਅਤੇ ਕੁੱਝ ਛੋਟੀਆਂ ਸੂਰਤਾਂ। ਆਈਤਾਂ ਦੀ ਕੁੱਲ ਸੰਖਿਆ 6236 ਹੈ। ਤਿਲਾਵਤ (ਵਾਚਨ) ਦੀ ਸੁਵਿਧਾ ਦੇ ਲਈ ਕੁਰਆਨ ਨੂੰ ਤੀਹ ਭਾਗਾਂ ਅਤੇ ਸੱਤ ਮੰਜ਼ਲਾਂ ਵਿਚ ਵੰਡਿਆ ਗਿਆ ਹੈ।'[74] ਇਸ ਲਈ ਹਰ ਮੁਸਲਮਾਨ ਲਈ ਇਕ ਅੱਲਾਹ ਵਿਚ ਵਿਸ਼ਵਾਸ ਰੱਖਣ ਦਾ ਉਪਦੇਸ਼ ਦਿਤਾ ਗਿਆ ਹੈ :

'ਅੱਲਾਹ ਦੇ ਨਾਲ ਕਿਸੇ ਹੋਰ ਇਸ਼ਟ ਨੂੰ ਨਾ ਪੁਕਾਰੋ। ਉਸ ਤੋਂ ਛੁੱਟ ਕੋਈ ਇਸ਼ਟ ਨਹੀਂ ਹੈ। ਉਸਦੀ ਹਸਤੀ ਤੋਂ ਸਿਵਾ ਹਰੇਕ ਚੀਜ਼ ਨਾਸ਼ਵਾਨ ਹੈ। ਪਾਤਸ਼ਾਹੀ ਉਸੇ ਦੀ ਹੀ ਹੈ ਤੇ ਉਸੇ ਵੱਲ ਸਾਰੇ ਪਰਤਾਏ ਜਾਓਗੇ।'[75]

'ਕੁਰਆਨ ਦਾ ਕੇਂਦਰੀ ਵਿਚਾਰ ਉਹ ਅੱਲਾਹ ਕੇਵਲ ਇਲਾ ਅਤੇ ਰੱਬ ਹੈ, ਉਹ ਹੀ ਕੇਵਲ ਪੂਜਣਯੋਗ ਹੈ। ਇਸ ਲਈ ਹਰ ਪੂਜਾ ਉਸਨੂੰ ਅਰਪਿਤ ਹੋਣੀ ਚਾਹੀਦੀ ਹੈ। ਉਸਦਾ ਸਮੁੱਚੇ ਬ੍ਰਹਿਮੰਡ ਤੇ ਰਾਜ ਹੈ। ਇਸ ਲਈ ਚੰਗਿਆਈ ਦੀ ਰੱਖਿਆ ਲਈ ਅਤੇ ਬੁਰਾਈ ਨੂੰ ਦੂਰ ਕਰਨ ਲਈ ਕੇਵਲ ਉਸ ਦੀ ਪ੍ਰਾਰਥਨਾ ਕਰਨੀ ਚਾਹੀਦੀ ਹੈ।'[76] ਇਸ ਦਾ ਭਾਵ ਇਹ ਹੈ ਕਿ ਮਨੁੱਖ ਆਪਣੀ ਹਸਤੀ ਨੂੰ ਮਿਟਾ ਕੇ ਸੰਪੂਰਨ ਤੌਰ 'ਤੇ ਰੱਬੀ ਬੰਦਗੀ ਲਈ ਸਮਰਪਿਤ ਹੋ ਜਾਵੇ। ਰੱਬ ਤੋਂ ਇਲਾਵਾ ਉਸਦੇ ਦਿਲ ਵਿਚ ਕਿਸੇ ਹੋਰ ਚੀਜ਼ ਦੀ ਇੱਛਾ ਨਾ ਹੋਵੇ ਕਿਉਂਕਿ ਆਰਿਫ਼ ਰੱਬ ਤੋਂ ਇਲਾਵਾ ਕਿਸੇ ਹੋਰ ਚੀਜ਼ ਤੇ ਰਾਜੀ ਨਹੀਂ ਹੁੰਦਾ। ਇਸਦੇ ਫਲਸਰੂਪ ਉਸਦੇ ਲਈ ਰੱਬ ਦੀ ਦੂਰੀ ਅਤੇ ਨੇੜਤਾ ਦੇ ਖ਼ਿਆਲ ਅਰਥਹੀਣ ਹੋ ਕੇ ਰਹਿ ਜਾਂਦੇ ਹਨ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਸਲਾਮ ਧਰਮ ਵਿਚ ਬੈਰਾਗ ਭਾਵਨਾ ਦੀ ਕੋਈ ਜ਼ਿਆਦਾ ਹੋਂਦ ਨਹੀਂ ਸਵੀਕਾਰੀ ਗਈ। ਇਸ ਵਿਚਾਰ ਦੀ ਪ੍ਰੋੜਤਾ 'ਮੌਲਾਨਾ ਅਬਦੁਰ-ਰਹਿਮਾਨ ਜਾਮੀ ਦਾ ਇਹ ਸ਼ੇਅਰ ਵੀ ਕਰਦਾ ਹੈ :

*ਜਾਮੀ ਮਕੁਨ ਅੰਦੇਸ਼ਾ-ਏ-ਨਜ਼ਦੀਕੀ-ਓ-ਦੂਰੀ*

*ਨਾ ਕੁਰਬ ਵ ਲਾ ਬੁਅਦ ਵ ਲਾ ਵਸਲ ਵ ਲਾ ਬੈਨ*

(ਏ ਜਾਮੀ ! ਰੱਬ ਦੀ ਨੇੜਤਾ ਅਤੇ ਦੂਰੀ ਦੇ ਖ਼ਿਆਲ ਛੱਡ ਦੇ, ਕੋਈ ਨੇੜਤਾ ਨਹੀਂ; ਕੋਈ ਦੂਰੀ ਨਹੀਂ, ਕੋਈ ਮਿਲਾਪ ਨਹੀਂ ਕੋਈ ਵਿਛੋੜਾ ਨਹੀਂ)'[77]

ਮਨੁੱਖ ਨੂੰ ਆਖਰਤ ਦੇ ਦਿਨ ਅੱਲਾਹ ਦੇ ਸਾਹਮਣੇ ਆਪਣੇ ਦੁਨੀਆ ਵਿਚ ਕੀਤੇ ਕਰਮਾਂ ਦਾ ਹਿਸਾਬ ਦੇਣਾ ਪਵੇਗਾ। ਹੁਣ ਉਹ ਦੁਨੀਆਵੀ ਲਾਲਚ ਦੇ ਵਸ ਹੋ ਸਭ ਕੁੱਝ ਭੁੱਲੀ ਬੈਠਿਆ ਹੈ ਉਹ ਧਨ-ਸੰਪੱਤੀ ਨੂੰ ਗਿਣ-ਗਿਣ ਕੇ ਰੱਖਦਾ ਹੈ। ਉਸ ਨੂੰ ਇਲਮ ਨਹੀਂ ਕਿ ਇੱਥੋਂ ਉਸਦੇ ਨਾਲ ਕੁੱਝ ਵੀ ਨਹੀਂ ਜਾਣਾ। ਜਿਵੇਂ ਕਿ ਫ਼ਰਮਾਇਆ ਗਿਆ ਹੈ :

'ਜ਼ਿਆਦਾ ਦੇ ਲਾਲਚ ਨੇ ਤੈਨੂੰ ਭੁੱਲ ਵਿਚ ਰੱਖਿਆ। ਇੱਥੋਂ ਤਕ ਕਿ ਤੂੰ ਕਬਰਾਂ ਵਿਚ ਜਾ ਪਹੁੰਚਿਆ ਕਦੇ ਵੀ ਨਹੀਂ, ਤੂੰ ਬਹੁਤ ਜਲਦੀ ਜਾਣ ਲਵੇਂਗਾ। ਫਿਰ ਕਦੇ ਵੀ ਨਹੀਂ, ਤੂੰ ਬਹੁਤ ਜਲਦੀ ਜਾਣ ਲਵੇਂਗਾ, ਕਦੇ ਵੀ ਨਹੀਂ, ਜੇਕਰ ਤੂੰ ਵਿਸ਼ਵਾਸ ਦੇ ਨਾਲ ਜਾਣਦਾ ਕਿ ਤੂੰ ਜ਼ਰੂਰ ਨਰਕ ਨੂੰ ਦੇਖੇਂਗਾ। ਫਿਰ ਤੂੰ ਉਸ ਨੂੰ ਵਿਸ਼ਵਾਸ ਦੀਆਂ ਅੱਖਾਂ ਨਾਲ ਦੇਖੇਂਗਾ। ਫਿਰ ਉਸ ਦਿਨ ਨਿਸ਼ਚਿਤ ਰੂਪ ਵਿਚ ਤੇਰੇ ਤੋਂ ਨੇਮਤਾਂ ਦੇ ਸੰਬੰਧ ਵਿਚ ਜ਼ਰੂਰ ਪੁੱਛ ਹੋਵੇਗੀ।'[78] ਜੋ ਮਨੁੱਖ ਅੱਲਾਹ ਨੂੰ ਭੁੱਲ ਕੇ  ਹੰਕਾਰੀ ਹੋ ਕੇ ਸਿਰਫ਼ ਦੁਨੀਆਵੀ ਝਮੇਲਿਆਂ ਅਤੇ ਬੁਰਾਈਆਂ ਵਿਚ ਫਸ ਕੇ ਰਹਿ ਜਾਂਦਾ ਹੈ। ਉਸਦੇ ਲਈ ਮਰਨ ਉਪਰੰਤ ਨਰਕ ਦਾ ਦ੍ਰਿਸ਼ਟਾਂਤ ਪ੍ਰਸਤੁਤ ਕਰਦਿਆਂ ਕਿਹਾ ਗਿਆ ਹੈ ਕਿ 'ਵਿਨਾਸ਼ ਹੈ ਹਰੇਕ ਵਿਅੰਗ ਕਰਨ ਵਾਲੇ, ਕਮੀਆਂ ਕੱਢਣ ਵਾਲੇ ਦੇ ਲਈ ਜਿਸਨੇ ਸੰਪੱਤੀ ਨੂੰ ਸਿਮੇਟਿਆ ਅਤੇ ਗਿਣ-ਗਿਣ ਕੇ ਰੱਖਿਆ। ਉਹ ਸੋਚਦਾ ਹੈ ਕਿ ਉਸਦੀ ਸੰਪਤੀ ਸਦੈਵ ਉਸਦੇ ਕੋਲ ਰਹੇਗੀ। ਕਦੇ ਵੀ ਨਹੀਂ, ਉਹ ਸੁੱਟਿਆ ਜਾਵੇਗਾ ਰੌਂਦਨੇ ਵਾਲੀ ਥਾਂ 'ਤੇ ਅਤੇ ਤੂੰ ਕੀ ਜਾਣੇ ਕਿ ਉਹ ਰੌਂਦਨ ਵਾਲੀ ਥਾਂ ਕੀ ਹੈ। ਅੱਲਾਹ ਦੀ ਭੜਕਾਈ ਹੋਈ ਅੱਗ। ਜੋ ਦਿਲਾਂ ਤਕ ਪਹੁੰਚੇਗੀ। ਉਹ ਉਨ੍ਹਾਂ ਤੇ ਬੰਦ ਕਰ ਦਿਤੀ ਜਾਵੇਗੀ। ਉੱਚੇ-ਉੱਚੇ ਸਤੰਭਾਂ ਵਿਚ।'[79]

ਇਸ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ ਕਿ ਇਸਲਾਮ ਧਰਮ ਵਿਚ ਕੇਵਲ ਮਨੁੱਖ ਨੂੰ ਬੁਰਾਈਆਂ ਤੋਂ ਬਚਣ ਲਈ ਇਕ ਅੱਲਾਹ ਦੀ ਬੰਦਗੀ ਕਰਨ, ਨੈਤਿਕ ਅਤੇ ਸਦਾਚਾਰਕ ਸਮਾਜੀ ਜੀਵਨ ਬਤੀਤ ਕਰਨ ਲਈ ਉਪਦੇਸ਼ ਦਿਤਾ ਗਿਆ ਹੈ। ਜਿਸ ਵਿਚ ਬੈਰਾਗ ਦੀ ਭਾਵਨਾ ਵਧੇਰੇ ਸਪਸ਼ਟ ਰੂਪ ਵਿਚ ਉਜਾਗਰ ਹੋ ਕੇ ਸਾਹਮਣੇ ਨਹੀਂ ਆਉਂਦੀ। ਇਸ ਵਿਚਾਰ ਦੀ ਪ੍ਰੋੜ੍ਹਤਾ ਡਾ. ਪ੍ਰੀਤਮ

ਸਿੰਘ ਸੈਣੀ ਇਸ ਪ੍ਰਕਾਰ ਕਰਦੇ ਹਨ ਕਿ 'ਆਤਮਾ ਪਰਮਾਤਮਾ ਦੇ ਮਿਲਣ ਤੇ ਵਿਛੋੜੇ ਜਾਂ ਰਹੱਸਵਾਦ ਦੀ ਗੱਲ ਵਲ ਸ਼ਰ੍ਹਾ ਬਹੁਤਾ ਧਿਆਨ ਨਹੀਂ ਦਿੰਦੀ।'[80]

ਇਸਲਾਮ ਧਰਮ ਨੂੰ ਦੀਨ-ਏ-ਫ਼ਿਤਰਤ ਜਾਂ ਪ੍ਰਕ੍ਰਿਤਕ ਧਰਮ ਵੀ ਕਿਹਾ ਜਾਂਦਾ ਹੈ ਭਾਵ ਕਿ ਮਨੁੱਖ ਦਾ ਇਕੋ ਇਕ ਰੱਬ ਦੀ ਉਪਾਸ਼ਨਾ ਕਰਦਿਆਂ ਉਸਦੀ ਰਜਾ ਵਿਚ ਰਹਿਣਾ ਅਤੇ ਸਮੁੱਚੀ ਮਨੁੱਖਤਾ ਦੇ ਪ੍ਰਤੀ ਆਦਰ ਸਤਿਕਾਰ ਅਤੇ ਵਿਸ਼ਵਾਸ ਨੂੰ ਬਣਾਈ ਰੱਖਣਾ ਹੈ। ਇਸ ਲਈ ਮਨੁੱਖ ਦਾ ਖ਼ੁਦਾ ਤੋਂ ਵਿਛੜਣ ਜਾਂ ਮੇਲ ਦਾ ਸੰਕਲਪ ਪੈਦਾ ਹੀ ਨਹੀਂ ਹੁੰਦਾ।

ਇਤਿਹਾਸਕ ਘਟਨਾ ਕ੍ਰਮ ਨੂੰ ਦੇਖਦਿਆਂ ਪਤਾ ਚਲਦਾ ਹੈ ਕਿ ਇਸਲਾਮ ਧਰਮ ਵਿਚ ਉੱਚ ਨੈਤਿਕ ਅਤੇ ਸਦਾਚਾਰਕ ਕਦਰਾਂ-ਕੀਮਤਾਂ ਦੀ ਥਾਂ ਕੱਟੜਪੰਥੀ ਵਿਚਾਰਾਂ, ਪਰੰਪਰਾਵਾਂ ਅਤੇ ਰੂੜੀਆਂ ਨੇ ਲੈ ਲਈ। ਇਸ ਦੇ ਵਿਰੋਧ ਵਿਚੋਂ ਸੂਫ਼ੀਮਤ ਨੇ ਜਨਮ ਲਿਆ। ਜਿਸ ਨੇ ਬਾਅਦ ਵਿਚ ਜਾ ਕੇ ਵੱਖਰੀ ਇਸਲਾਮਿਕ ਸੰਪ੍ਰਦਾਇ ਵਜੋਂ ਆਪਣੀ ਪਛਾਣ ਸਥਾਪਤ ਕੀਤੀ। ਸੂਫ਼ੀਮਤ ਬਾਰੇ ਪ੍ਰਸਿੱਧ ਵਿਦਵਾਨ ਸ਼ੇਖ ਅਬਦੁਲ ਹੱਕ ਮੁਹੱਦਿਸ ਦਾ ਵਿਚਾਰ ਹੈ ਕਿ 'ਸੂਫ਼ੀਮਤ ਦਾ ਇਲਮ ਅਤਿਅੰਤ ਉੱਤਮ, ਅਤਿ ਸੂਖ਼ਮ ਅਤੇ ਅਤਿ ਗੰਭੀਰ ਹੈ ਜਿਸਦਾ ਆਧਾਰ ਕੁਰਾਨ ਅਤੇ ਸੁਨੱਤ ਹੈ।'[81] ਮੂਲ ਰੂਪ ਵਿਚ ਇਹ ਇਸਲਾਮੀ ਵਾਤਾਵਰਣ ਵਿਚ ਵਿਕਸਤ ਹੋਇਆ। ਜਦੋਂ ਆਰੀਆ ਕੌਮਾਂ ਇਸਲਾਮ ਦੇ ਸੰਪਰਕ ਵਿਚ ਆਈਆਂ ਤਾਂ ਉਨ੍ਹਾਂ ਦੇ ਪਰੰਪਰਿਕ ਸੰਸਕਾਰਾਂ ਅਤੇ ਵੇਦਾਂਤ ਦਰਸ਼ਨ ਦਾ ਸੂਫ਼ੀਮਤ 'ਤੇ ਗਹਿਰਾ ਪ੍ਰਭਾਵ ਪਿਆ। ਸੂਫ਼ੀਮਤ ਦੇ ਸੰਤਾਂ ਦੇ ਮਨਾਂ ਵਿਚ ਵੀ ਬੈਰਾਗ ਚਿੰਤਨ ਹੋਣਾ ਸ਼ੁਰੂ ਹੋਇਆ। ਉਹ ਵੀ ਪਰਮਾਤਮਾ ਦੇ ਵਿਯੋਗ ਦੇ ਅਹਿਸਾਸ ਤੋਂ ਵਾਕਿਫ਼ ਹੋਏ। ਹੌਲੀ-ਹੌਲੀ ਉਹ 'ਹਾਲ ਪੈਣਾ' ਦੀ ਅਵਸਥਾ ਵਿਚ ਪਹੁੰਚ ਗਏ। ਇਸ ਪ੍ਰਕਾਰ ਸੂਫ਼ੀਮਤ ਮੂਲ ਤੌਰ 'ਤੇ ਇਸਲਾਮੀ ਹੁੰਦਾ ਹੋਇਆ ਵੇਦਾਂਤ ਦਰਸ਼ਨ ਤੋਂ ਬਚ ਨਾ ਸਕਿਆ। ਬੈਰਾਗ ਦੀ ਤੀਬਰ ਭਾਵਨਾ ਸੂਫ਼ੀ ਸੰਤਾਂ ਨੂੰ ਤੰਗ ਕਰਦੀ। ਉਹ ਪਰਮਾਤਮਾ ਨਾਲ ਮੇਲ ਦੀ ਤਾਂਘ ਮਨ ਵਿਚ ਪਾਲ਼ੀ ਰੱਖਦੇ ਅਤੇ ਵਜਦ ਵਿਚ ਆ ਕੇ ਨੱਚਣਾ ਸ਼ੁਰੂ ਕਰ ਦਿੰਦੇ ਸਨ।

ਗੁਰੂ ਤੇਗ ਬਹਾਦਰ ਜੀ ਦਾ ਬੈਰਾਗ ਇਸਲਾਮੀ ਬੈਰਾਗ ਚਿੰਤਨ ਦੇ ਤੁਲਨਾਤਮਿਕ ਪੱਖ ਤੋਂ ਬਿਲਕੁਲ ਵੱਖਰਾ ਦ੍ਰਿਸ਼ਟੀਗੋਚਰ ਹੁੰਦਾ ਹੈ। ਮੁੱਢਲੇ ਤੌਰ 'ਤੇ ਇਸਲਾਮ ਵਿਚ ਬੈਰਾਗ ਚਿੰਤਨ ਦੀ ਅਣਹੋਂਦ ਹੈ ਇਸ ਵਿਚ ਇਕ ਈਸ਼ਵਰੀ ਹੋਂਦ ਨੂੰ ਸਵੀਕਾਰ ਕੀਤਾ ਗਿਆ ਹੈ। ਇਸ ਵਿਚਾਰ ਨੂੰ ਸਪਸ਼ਟ ਕਰਦਿਆਂ ਕਵੀ ਚੂੜਾਮਣੀ ਮਹਾਂਕਵੀ ਭਾਈ ਸੰਤੋਖ ਸਿੰਘ ਆਪਣੀ ਰਚਨਾ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਸਾਖੀ ਲਿਖਦੇ ਹਨ ਕਿ ਜਦੋਂ ਗੁਰੂ ਤੇਗ ਬਹਾਦਰ ਜੀ ਅਨੰਦਪੁਰ ਸਾਹਿਬ ਦੀ ਸੁੰਦਰ ਉਸਾਰੀ ਕਰਵਾ ਰਹੇ ਸਨ ਤਾਂ ਰੋਪੜ ਦੇ ਇਕ ਸੱਯਦ ਪੀਰ ਨੇ ਆ ਕੇ ਆਪਣੀ ਸੰਕਾ ਪ੍ਰਗਟਾਈ :

**ਜੇ ਬੈਰਾਗ ਹੋਤਿ ਉਰ ਮਾਂਹਿ।**

**ਇਤੋ ਅਰੰਭ ਕਰਤਿ ਕਿਮ ਨਾਂਹਿ।**

**ਇਕ ਸਰੀਰ ਨਿਰਬਾਹ ਬਿਚਾਰੈਂ।**[82]

ਗੁਰੂ ਸਾਹਿਬ ਨੇ ਉਸ ਦੇ ਪ੍ਰਸ਼ਨ ਦਾ ਉੱਤਰ ਇਸ ਪ੍ਰਕਾਰ ਦਿੱਤਾ :

**ਸਭਿ ਆਸ਼੍ਰਮ ਤੇ ਗ੍ਰਿਹਸਤ ਉਦਾਰਾ।**

**ਅਪਰ ਸਕਲ ਕਹੁ ਇਹ ਉਪਜੰਤੋ।**

**ਪੁਨ ਸਭਿ ਹੂੰਨਿ ਅਲੰਬ ਰਹੰਤੋ॥**

**ਜੋ ਗ੍ਰਿਹਸਤ ਤੇ ਉਤਰਹਿ ਪੂਰਾ।**

**ਪੁੰਨ ਦਾਨ ਕਾ ਕਰਹਿ ਸਰੀਰ।**

**ਸੋ ਗਿਰਹੀ ਗੰਗਾ ਕਾ ਨੀਰ॥**[83]

ਇਸ ਪ੍ਰਕਾਰ ਗੁਰੂ ਸਾਹਿਬ ਦਾ ਉੱਤਰ ਸੁਣ ਕੇ ਸੱਯਦ ਪੀਰ ਹੈਰਾਨ ਹੋ ਗਿਆ। ਉਸ ਨੂੰ ਗੁਰੂ ਜੀ ਦੀ ਸੰਗਤ ਵਿਚ ਇਕ ਅਸਚਰਜ ਸੁਪਨਾ ਆਇਆ ਕਿ ਇਕ ਮਨੁੱਖ ਸਵਰਗ ਵਿਚ ਬਹੁਤ ਹੀ ਅਨੰਦ ਨਾਲ ਰਹਿ ਰਿਹਾ ਹੈ ਜੋ ਪਿਛਲੇ ਜਨਮ ਵਿਚ ਸ਼ੇਰ ਸੀ। ਉਸ ਨੇ ਆਪਣੇ ਧਰਮ ਦੀ ਪਾਲਣਾ ਕਰਦਿਆਂ ਕਿਸੇ ਅਤਿਥੀ ਨੂੰ ਸੰਕਟਮਈ ਅਵਸਥਾ ਵਿਚ ਆਪਣੀ ਗੁਫ਼ਾ ਵਿਚ ਸ਼ਰਨ

ਦਿੱਤੀ ਸੀ। ਇਸ ਦੇ ਫ਼ਲਸਰੂਪ ਹੀ ਉਸ ਨੂੰ ਇਸ ਸਵਰਗ ਦੀ ਪ੍ਰਾਪਤੀ ਹੋਈ। ਇਸ ਪ੍ਰਕਾਰ ਸੱਯਦ ਪੀਰ ਦੀ ਸ਼ੰਕਾ ਨਿਵਰਤ ਹੋਈ। ਹੁਣ ਉਸ ਨੂੰ ਪੂਰਨ ਗਿਆਨ ਹੋ ਗਿਆ ਕਿ ਗੁਰੂ ਤੇਗ ਬਹਾਦਰ ਜੀ ਸੱਚੇ ਬੈਰਾਗੀ ਹਨ।

ਗੁਰੂ ਤੇਗ ਬਹਾਦਰ ਜੀ ਆਪਣੀ ਬਾਣੀ ਵਿਚ ਦਸਦੇ ਹਨ ਕਿ ਮਨੁੱਖ ਦਾ ਮਨ ਭੁਲਿਆ ਹੋਇਆ ਮਾਇਆ ਵਿਚ ਫਸਿਆ ਪਿਆ ਹੈ। ਇਸ ਨੇ ਲੋਭ-ਲਾਲਚ ਵਿਚ ਪੈ ਕੇ ਜੋ-ਜੋ ਕਰਮ ਕੀਤੇ ਹਨ, ਉਨ੍ਹਾਂ ਨਾਲ ਆਪਣੇ ਆਪ ਨੂੰ ਹੋਰ ਬੰਨ੍ਹਵਾਇਆ ਹੈ। ਇਸ ਨੂੰ ਅਸਲੀਅਤ ਦੀ ਸੋਝੀ ਨਹੀਂ ਆਈ ਅਤੇ ਵਿਸ਼ੇ-ਵਿਕਾਰਾਂ ਦੇ ਰਸ ਵਿਰ ਲੱਗਿਆ ਹੋਇਆ ਹੈ। ਇਸ ਪ੍ਰਕਾਰ ਉਸਨੇ ਹਰਿ ਦੇ ਜਸ ਨੂੰ ਭੁਲਾ ਦਿਤਾ ਹੈ। ਉਸਨੇ ਸੱਚੇ ਪ੍ਰਭੂ ਨੂੰ ਨਹੀਂ ਪਛਾਣਿਆਂ ਜੋ ਹਮੇਸ਼ਾ ਉਸਦੇ ਨਾਲ ਰਹਿੰਦਾ ਹੈ। ਉਸਨੂੰ ਲੱਭਣ ਲਈ ਜੰਗਲਾਂ ਵਿਚ ਭੱਜਦਾ ਹੈ ਪਰੰਤੂ ਰਾਮ ਨਾਮ ਦਾ ਰਤਨ ਤਾਂ ਮਨੁੱਖ ਦੇ ਹਿਰਦੇ ਵਿਚ ਹੀ ਹੈ। ਉਸ ਦਾ ਗਿਆਨ ਪ੍ਰਾਪਤ ਨਾ ਕਰ ਸਕਿਆ। ਗੁਰੂ ਤੇਗ਼ ਬਹਾਦਰ ਜੀ ਫ਼ਰਮਾਉਂਦੇ ਹਨ :

**ਭੂਲਿਓ ਮਨੁ ਮਾਇਆ ਉਰਝਾਇਓ ॥**

**ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ॥ ੧ ॥ ਰਹਾਉ ॥**

**ਸਮਝ ਨ ਪਰੀ ਬਿਖੈ ਰਸ ਰਚਿਓ ਜਸੁ ਹਰਿ ਕੋ ਬਿਸਰਾਇਓ ॥**

**ਸੰਗਿ ਸੁਆਮੀ ਸੋ ਜਾਨਿਓ ਨਾਹਿਨ ਬਨੁ ਖੋਜਨ ਕਉ ਧਾਇਓ ॥**

**ਰਤਨੁ, ਰਾਮੁ ਘਟ ਹੀ ਕੇ ਭੀਤਰਿ ਤਾ ਕੋ ਗਿਆਨੁ ਨ ਪਾਇਓ ॥**

**ਜਨ ਨਾਨਕ ਭਗਵੰਤ ਭਜਨ ਬਿਨੁ ਬਿਰਥਾ ਜਨਮੁ ਗਵਾਇਓ ॥**[84]

ਸੂਫ਼ੀਮਤ ਧਾਰਮਿਕ ਜੀਵਨ ਦੀ ਇਕ ਅਮਲੀ ਜੀਵਨ ਜਾਚ ਹੈ। ਇਸ ਵਿਚ ਮਨ ਦੀ ਸਵੱਛਤਾ 'ਤੇ ਜ਼ੋਰ ਦਿਤਾ ਜਾਂਦਾ ਹੈ। ਇਸ ਤਰ੍ਹਾਂ 'ਸੂਫ਼ੀ ਮਾਰਗ ਔਗੁਣ ਤੋਂ ਬਚ ਕੇ ਗੁਣਾਂ ਨੂੰ ਗ੍ਰਹਿਣ ਕਰਨ ਦੀ ਦੀਰਘ ਸਾਧਨਾ ਹੈ ਜਿਸ ਲਈ ਸੂਫ਼ੀ ਮੁਰਸ਼ਿਦਾਂ ਨੇ ਸੁਅਲਪ ਆਹਾਰ ਦਾ ਗੌਰਵ ਆਪਣੇ ਮੁਰੀਦਾਂ ਨੂੰ ਸਿਖਾਇਆ ਅਤੇ ਦ੍ਰਿੜਾਇਆ ਹੈ ਕਿਉਂ ਜੋ ਬਹੁਤਾ ਭੋਜਨ ਖਾਣ ਨਾਲ ਦਿਲ

ਉਸੇ ਤਰ੍ਹਾਂ ਮੁਰਦਾ ਹੋ ਜਾਂਦਾ ਹੈ ਜਿਵੇਂ ਬਹੁਤੇ ਪਾਣੀ ਨਾਲ ਦਰਖ਼ਤ ਸੜ ਜਾਂਦਾ ਹੈ। ਹਰ ਨੇਕੀ ਦੀ ਬੁਨਿਆਦ ਭੁੱਖਾ ਰਹਿਣਾ ਹੈ। ਭੁੱਖ ਦੇ ਨਾਲ ਦਿਲ ਵਿੱਚ ਸਫ਼ਾਈ ਪੈਦਾ ਹੁੰਦੀ ਹੈ, ਸੂਝ ਵਿਚ ਸਪਸ਼ਟਤਾ ਆਉਂਦੀ ਹੈ ਅਤੇ ਬੁੱਧੀ ਸੰਪੂਰਣ ਹੁੰਦੀ ਹੈ। ਵਿਦਰੋਹ ਅਤੇ ਅਥਰੇਪਣ ਨੂੰ ਭੁੱਖ ਨਾਲ ਹੀ ਵੱਸ ਵਿਚ ਰੱਖਿਆ ਜਾ ਸਕਦਾ ਹੈ।[85] ਇਹ ਵਿਚਾਰ ਗੁਰੂ ਤੇਗ ਬਹਾਦਰ ਜੀ ਦੇ ਬੈਰਾਗ ਚਿੰਤਨ ਦਾ ਵਿਰੋਧੀ ਭਾਸਦਾ ਹੈ :

**ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥**

**ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥**[86]

ਉਪਰੋਕਤ ਵਿਚਾਰ-ਚਰਚਾ ਪਿੱਛੋਂ ਇਹ ਕਿਹਾ ਜਾ ਸਕਦਾ ਹੈ ਕਿ ਇਸਲਾਮ ਧਰਮ ਵਿਚ ਬੈਰਾਗ ਭਾਵਨਾ ਦੀ ਹੋਂਦ ਜ਼ਿਆਦਾ ਨਹੀਂ ਸਵਿਕਾਰੀ ਗਈ। ਕੇਵਲ ਪ੍ਰੀਤਮ ਦੀ ਯਾਦ ਵਿਚ ਸੂਫ਼ੀ ਚਿੰਤਨ ਬੈਰਾਗ ਭਾਵਨਾ ਪੈਦਾ ਹੁੰਦੀ ਹੈ। ਉਹ ਵੀ ਸਵੈ-ਤੜਪ ਦੀ, ਸਹਿਜਤਾ ਦੀ ਨਹੀਂ। ਪਰੰਤੂ ਗੁਰੂ ਤੇਗ ਬਹਾਦਰ ਜੀ ਦਾ ਬੈਰਾਗ ਚਿੰਤਨ ਸਹਿਜ ਮਾਰਗ ਦਾ ਧਾਰਨੀ ਹੈ ਜੋ ਕਿ ਇਸ ਨੂੰ ਹੋਰਨਾਂ ਧਰਮਾਂ ਦੇ ਮੁਕਾਬਲੇ ਵਿਲੱਖਣਤਾ ਪ੍ਰਦਾਨ ਕਰਦਾ ਹੈ।

**ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਬੈਰਾਗ ਦੀ ਸਮੁੱਚੀ ਵਿਲੱਖਣਤਾ :**

ਗੁਰੂ ਤੇਗ ਬਹਾਦਰ ਜੀ ਦਾ ਬੈਰਾਗ ਨਿਰਮਲ ਅਤੇ ਗੰਭੀਰ ਕਿਸਮ ਦਾ ਹੈ। ਮਨੁੱਖ ਇਸੇ ਜੀਵਨ ਵਿਚ ਹੀ ਵਿਸ਼ੇ-ਵਿਕਾਰਾਂ, ਬਾਹਰੀ ਕਰਮ-ਕਾਂਡਾਂ, ਅਡੰਬਰਾਂ ਅਤੇ ਮਾਨਸਿਕ ਦੁਬਿਧਾਵਾਂ ਤੋਂ ਮੁਕਤ ਹੋ ਕੇ ਸੱਚਾ ਬੈਰਾਗੀ ਹੋ ਕੇ 'ਗਿਆਨੀ' ਪਦ ਪ੍ਰਾਪਤ ਕਰਕੇ ਮੁਕਤੀ ਪ੍ਰਾਪਤ ਕਰ ਸਕਦਾ ਹੈ। ਉਸ ਨੂੰ ਹਿੰਦੂ, ਬੁੱਧ ਜਾਂ ਜੈਨ ਧਰਮ ਦੇ ਬੈਰਾਗੀ ਵਾਂਗ ਬੈਰਾਗ ਦੀ ਪ੍ਰਾਪਤੀ ਲਈ ਗ੍ਰਿਹਸਥ ਜੀਵਨ ਨੂੰ ਤਿਆਗ ਕੇ ਕਿਸੇ ਬਨ ਜਾਂ ਜੰਗਲ ਵਿਚ ਜਾ ਕੇ ਕਠਨ ਜਪ ਤਪ ਕਰਨ ਦੀ ਜ਼ਰੂਰਤ ਨਹੀਂ ਹੈ। ਮਨੁੱਖੀ ਜਾਮੇ ਨੇ ਸੁੱਖ-ਦੁੱਖ ਦੀ ਸਥਿਤੀ ਤੋਂ ਨਿਰਲੇਪ ਰਹਿ ਕੇ ਲੋਭ-ਲਾਲਚ, ਮੋਹ-ਮਮਤਾ ਅਤੇ ਮਾਨ-ਅਭਿਮਾਨ ਦਾ ਤਿਆਗ ਕਰਕੇ ਭਗਵਾਨ ਮੂਰਤ ਦਾ ਰੂਪ ਧਾਰਨ ਕਰਨਾ ਹੈ। ਆਪ ਜੀ ਫ਼ਰਮਾਉਂਦੇ ਹਨ :

**ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥**

**ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ ॥**[87]

ਆਪ ਜੀ ਦੇ ਬੈਰਾਗ ਦੇ ਸੰਬੰਧ ਵਿਚ ਡਾ. ਰਤਨ ਸਿੰਘ ਜੱਗੀ ਦੇ ਇਹ ਸ਼ਬਦ ਵਿਚਾਰਨਯੋਗ ਹਨ ਕਿ 'ਗੁਰੂ ਤੇਗ ਬਹਾਦਰ ਜੀ ਦਾ ਵੈਰਾਗ ਨਾ ਆਤਮ-ਤਿਆਗ ਵਾਲਾ ਹੈ, ਨਾ ਕਰਮ-ਵਿਹੀਨ ਹੈ ਅਤੇ ਨਾ ਹੀ ਸੰਨਿਆਸੀ ਬਿਰਤੀ ਵਾਲਾ ਹੈ। ਇਸ ਨੂੰ ਨਿਵ੍ਰਿੱਤੀ ਮਾਰਗੀ ਵੈਰਾਗ ਵੀ ਨਹੀਂ ਕਿਹਾ ਜਾ ਸਕਦਾ। ਇਹ ਤਾਂ ਮਨੁੱਖ ਦੀ ਉਹ ਸਹਿਜ ਬਿਰਤੀ ਹੈ ਜਿਸ ਕਰਕੇ ਮਾਯਾ ਯੁਕਤ ਸੰਸਾਰ ਵਿਚ ਰਹਿੰਦੇ ਹੋਇਆਂ ਵੀ ਉਹ ਇਸ ਦੇ ਪ੍ਰਭਾਵ ਤੋਂ ਮੁਕਤ ਹੈ। ਇਹ ਵੈਰਾਗ-ਬਿਰਤੀ ਸੰਸਾਰਿਕਤਾ ਤੋਂ ਭਾਂਜ ਦੀ ਨਹੀਂ ; ਨਿਰਲੇਪਤਾ ਦੀ ਹੈ।'[88] ਮਨੁੱਖ ਨੇ ਬੈਰਾਗ ਧਾਰਨ ਕਰਕੇ ਆਤਮ ਅਤੇ ਪਰਮਾਤਮ ਦੀ ਪਛਾਣ ਕਰਨੀ ਹੈ। ਆਪਣੇ ਜੀਵਨ ਦੇ ਉਦੇਸ਼ ਨੂੰ ਜਾਣ ਕੇ ਪਰਮਾਰਥ ਦੇ ਰਸਤੇ 'ਤੇ ਚੱਲਣਾ ਹੈ। ਉਸਨੇ ਹਰ ਪੱਖੋਂ ਸ਼ਕਤੀਸ਼ਾਲੀ ਹੋ ਕੇ ਸਵੈਮਾਣ, ਅਣਖ, ਸੁਤੰਤਰਤਾ ਅਤੇ ਭਾਈਚਾਰਕ ਸਾਂਝ ਬਣਾ ਕੇ ਮਾਨਵੀ ਕਦਰਾਂ-ਕੀਮਤਾਂ ਨੂੰ ਬਣਾਏ ਰੱਖਦਿਆਂ ਸਮਾਜੀ ਜੀਵਨ ਬਤੀਤ ਕਰਨਾ ਹੈ। ਸੰਕਟਮਈ ਪ੍ਰਸਥਿਤੀਆਂ ਵਿਚ ਇਕ ਪਰਮਾਤਮਾ 'ਤੇ ਵਿਸ਼ਵਾਸ ਕਰਕੇ ਧਰਮ ਦੀ ਰੱਖਿਆ ਹਿਤ ਜਾਨ ਕੁਰਬਾਨ ਕਰਨੀ ਹੈ।

# ਹਵਾਲੇ ਅਤੇ ਟਿੱਪਣੀਆਂ

1. हरेन्द्र प्रसाद सिन्हा डॉ., *धर्म दर्शन की रूप-रेखा,* पृष्ठ १४.
2. ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 275.
3. ਖੁਸ਼ਵੰਤ ਸਿੰਘ, *ਸਿੱਖ ਇਤਿਹਾਸ* (ਭਾਗ ਪਹਿਲਾ), ਡਾ. ਗੁਰਚਰਨ ਸਿੰਘ (ਅਨੁ.), ਪੰਨਾ 27.
4. हरेन्द्र प्रसाद सिन्हा डॉ., *धर्म दर्शन की रूप-रेखा,* पृष्ठ १०३.
5. ਪਿਆਰਾ ਸਿੰਘ ਪਦਮ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਨਾ 158.
6. ऊषा वोहरा डॉ., *गुरु वाणी में सामाजिक चेतना,* पृष्ठ ७८.
7. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਸੈਂਚੀ ਦੂਜੀ, ਅੰਗ 547.
8. हनुमान प्रसाद पोद्दार, *गीता-चिन्तन,* पृष्ठ ४४६.
9. वही, पृष्ठ ४४६.
10. यदा ते मोह कलिलम्, बुद्धिः वि अति तरिष्यति।

    तदा गन्तासि निर् वेदम्, श्रोतव्यस्य श्रुतस्य।। (२.५२)

    ਅਮਰ ਕੋਮਲ, ਡਾ. (ਅਨੁ.ਅਤੇ ਸੰਪਾ.), *ਸ਼੍ਰੀਮਦ੍ ਭਗਵਦ੍ ਗੀਤਾ,* ਪੰਨਾ 116.
11. श्रुति विप्रतिपत्रा ते, यदा स्थास्यतिनिः चला।

    सम्आ धौ अचला बुद्धिः, तदा योगम् अव आप्स्यसि।। (२.५३)

    *ਉਹੀ,* ਪੰਨਾ 117.
12. विविक्त सेवी लघु आशाी, य(म्) त वाक् काय मानसः।

ध्यान योग परः नित्यम्, वैराग्यम् सम् उप आ श्रि तः ।। (१८.५२)
*ਉਹੀ,* ਪੰਨਾ 730.

13. इन्द्रिय अर्थेषु वैरागयम्, अन् अहम् कारः एक च।

जन्म (न्) मृत्यु जरा वि आधि, दुःख अनु दर्शनम्।। (१३.८)

*ਉਹੀ,* ਪੰਨਾ 532.

14. असंशयम् महा बाहो, मनःदुः नि ग्रहम् चलम्।

अभि आसेन तु कौन्तेय, वैराग्येण च गृह् यते।। (६.३५)

*ਉਹੀ,* ਪੰਨਾ 306.

15. हनुमान प्रसाद पोद्दार, *गीता-चिन्तन,* पृष्ठ ४४७.

16. ***ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,*** **ਸੈਂਚੀ ਪਹਿਲੀ,** ਅੰਗ 219.

17. ***ਉਹੀ,*** **ਸੈਂਚੀ ਚੌਥੀ,** ਅੰਗ 1427.

18. श्रीमद्गोस्वामी तुलसीदास, *श्रीरामचरितमानस,* हनुमान प्रसाद पोद्दार (टीकाकार),

पृष्ठ ९६८.

19. उपजा ग्यान बचन तब बोला। नाथ कृपाँ मन भयउ अलोला।।

सुख संपति परिवार बड़ाई। सब परिहरि करिहउँ सेवकाई।।

(किष्किन्धाकाण्ड-६.८)

वही, पृष्ठ ६३२.

20. जोग बियोग भोग भल मंदा। हित अनहित पध्यम भ्रम फंदा।।

जन्मु मरनु जहँ लगि श्चजग जालू। संपति विपति करमु अरू कालू।।
(अयोध्याकाण्ड-११.३३)

वही, पृष्ठ ३७९.

21. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਤੀਜੀ, ਅੰਗ 1008.

22. *ਉਹੀ*, ਸੈਂਚੀ ਚੌਥੀ, ਅੰਗ 1352.

23. ਸਰਬਜਿੰਦਰ ਸਿੰਘ ਡਾ. (ਸੰਪਾ.), *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ* (ਭਾਗ ਪਹਿਲਾ), ਪੰਨਾ 163.

24. ਗੰਗਾ ਸਿੰਘ, ਪ੍ਰਿੰਸੀਪਲ *ਸੰਸਾਰ ਦਾ ਧਾਰਮਿਕ ਇਤਿਹਾਸ*, ਪੰਨਾ 61.

25. ਐਲ. ਐਮ. ਜ਼ੋਸ਼ੀ, ਸ਼ਾਰਦਾ ਗਾਂਧੀ ਡਾ. (ਸੰਪਾ. ਅਤੇ ਅਨੁ.), *ਧੱਮਪਦ*, ਪੰਨਾ 9.

26. *ਉਹੀ*, ਪੰਨਾ 62.

27. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਪਹਿਲੀ, ਅੰਗ 219.

28. ਐਲ. ਐਮ. ਜ਼ੋਸ਼ੀ, ਸ਼ਾਰਦਾ ਗਾਂਧੀ ਡਾ. (ਸੰਪਾ. ਅਤੇ ਅਨੁ.), *ਧੱਮਪਦ*, ਪੰਨਾ 87.

29. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਦੂਜੀ, ਅੰਗ 684.

30. ਐਲ. ਐਮ. ਜ਼ੋਸ਼ੀ, ਸ਼ਾਰਦਾ ਗਾਂਧੀ ਡਾ. (ਸੰਪਾ. ਅਤੇ ਅਨੁ.), *ਧੱਮਪਦ*, ਪੰਨਾ 135.

31. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਪਹਿਲੀ, ਅੰਗ 219.

32. ਐਲ. ਐਮ. ਜ਼ੋਸ਼ੀ, ਸ਼ਾਰਦਾ ਗਾਂਧੀ ਡਾ. (ਸੰਪਾ. ਅਤੇ ਅਨੁ.), *ਧੱਮਪਦ,* ਪੰਨਾ 110.

33. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਚੌਥੀ, ਅੰਗ 1352.

34. *ਉਹੀ*, ਸੈਂਚੀ ਚੌਥੀ, ਅੰਗ 1352.

35. *ਉਹੀ*, ਸੈਂਚੀ ਚੌਥੀ, ਅੰਗ 1426.

36. *ਉਹੀ*, ਸੈਂਚੀ ਚੌਥੀ, ਅੰਗ 1426.

37. *ਉਹੀ*, ਸੈਂਚੀ ਪਹਿਲੀ, ਅੰਗ 219.

38. ਹਰਬੰਸ ਸਿੰਘ ਪ੍ਰੋ., ਐਲ. ਐਮ. ਜ਼ੋਸ਼ੀ, ਡਾ. *ਸੰਸਾਰ ਦੇ ਧਰਮ* (ਭਾਗ ਪਹਿਲਾ), ਪੰਨਾ 56.

39. ਸਰਬਜਿੰਦਰ ਸਿੰਘ ਡਾ. (ਸੰਪਾ.), *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ* (ਭਾਗ ਤੀਜਾ), ਪੰਨਾ 61.

40. जगत्कायस्वभावौ च संवेगवैराग्यार्थम्।७।

पं. सुखलाल संधवी (विवेचक), *तत्त्वार्थ सूत्र,* पृष्ठ १७०.

41. ਹਰਬੰਸ ਸਿੰਘ ਪ੍ਰੋ., ਐਲ. ਐਮ. ਜੋਸ਼ੀ, ਡਾ. *ਸੰਸਾਰ ਦੇ ਧਰਮ* (ਭਾਗ ਪਹਿਲਾ), ਪੰਨਾ 65.

42. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਚੌਥੀ, ਅੰਗ 1428.

43. *ਉਹੀ*, ਸੈਂਚੀ ਦੂਜੀ, ਅੰਗ 684.

44. *ਉਹੀ*, ਸੈਂਚੀ ਚੌਥੀ, ਅੰਗ 1427.

45. *ਉਹੀ*, ਸੈਂਚੀ ਚੌਥੀ, ਅੰਗ 1427.

46. *ਉਹੀ*, ਸੈਂਚੀ ਚੌਥੀ, ਅੰਗ 1427.

47. श्री सुभद्र मुनि (अनु.), *श्री उत्तराध्ययन सूत्र,* पृष्ठ ११६.

48. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਚੌਥੀ, ਅੰਗ 1426.

49. श्री सुभद्र मुनि (अनु.), *श्री उत्तराध्ययन सूत्र,* पृष्ठ १२२.

50. ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਪੰਨਾ 161.

51. श्री सुभद्र मुनि (अनु.), *श्री उत्तराध्ययन सूत्र,* पृष्ठ १२६.

52. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਚੌਥੀ, ਅੰਗ 1352.

53. श्री सुभद्र मुनि (अनु.), *श्री उत्तराध्ययन सूत्र,* पृष्ठ २७०.

54. *वही,* पृष्ठ २९२

55. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਪਹਿਲੀ, ਅੰਗ 219.

56. श्री सुभद्र मुनि (अनु.), *श्री उतराध्ययन,* पृष्ठ ३६९.

57. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਚੌਥੀ ਅੰਗ 1427.

58. नया नियम गिडियन्स इन्टरनेशनल, पृष्ठ ५.

59. ਐਲ. ਐਮ. ਜ਼ੋਸ਼ੀ, ਡਾ. ਸ਼ਾਰਦਾ ਗਾਂਧੀ ਡਾ. (ਸੰਪਾ. ਅਤੇ ਅਨੁ.), *ਧੱਮਪਦ*, ਪੰਨਾ 76.

60. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਦੂਜੀ, ਅੰਗ 633.

61. डेविड रोपर, *पहाड़ से शिक्षाएं* (भाग १), पृष्ठ ३६.

62. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਚੌਥੀ, ਅੰਗ 1427.

63. *ਉਹੀ*, ਸੈਂਚੀ ਚੌਥੀ, 1186.

64. *ਉਹੀ*, ਸੈਂਚੀ ਚੌਥੀ, 1429.

65. डेविड रोपर, *पहाड़ से शिक्षाएं* (भाग २), पृष्ठ १७.

66. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸੈਂਚੀ ਚੌਥੀ ਅੰਗ 1427.

67. ਗੁਰਮਤਿ ਪ੍ਰਕਾਸ਼ (ਲੇਖ - ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਫ਼ਲਸਫ਼ਾ, ਡਾ. ਮਨਮੋਹਨ ਸਿੰਘ), ਪੰਨਾ 64.

68. ਗੁਲਵੰਤ ਸਿੰਘ, *ਇਸਲਾਮ ਅਤੇ ਸੂਫ਼ੀਵਾਦ*, ਪੰਨਾ 1.

69. ਭਾਈ ਕਾਨ੍ਹ ਸਿੰਘ ਨਾਭਾ *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 119.

70. ਸਰਬਜਿੰਦਰ ਸਿੰਘ ਡਾ. (ਸੰਪਾ.), *ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ*, (ਭਾਗ ਪਹਿਲਾ) ਪੰਨਾ 75, ਉਧਰਿਤ.

71. ਰਾਮਧਾਰੀ ਸਿੰਘ ਦਿਨਕਰ *ਸਭਿਆਚਾਰ ਦੇ ਚਾਰ ਅਧਿਆਇ* ਧਨਵੰਤ ਕੌਰ, ਸ਼੍ਰੀਮਤੀ ਇੰਦਰਜੀਤ ਕੌਰ (ਅਨੁ.), ਪੰਨਾ 325.

72. *ਕੁਰਆਨ ਮਜੀਦ*, ਸੱਯਦ ਅਬੁਲ ਆਲਾ ਮੌਦੂਦੀ, ਰਮਜ਼ਾਨ ਸਈਦ (ਅਨੁ.), ਪੰਨਾ 1230.

73. मौलाना वहीदुद्दीन ख़ाँ (अनु.), *पवित्र क़ुरआन*, पृष्ठ ७.

74. *ਵਹੀ,* पृष्ठ ७.

75. ***ਕੁਰਆਨ ਮਜੀਦ,*** ਸੱਯਦ ਅਬੁਲ ਆਲਾ ਮੌਦੂਦੀ, ਰਮਜ਼ਾਨ ਸਈਦ (ਅਨ.), ਪੰਨਾ 681.

76. 'The Central idea of the Qur'an is that Allah alone is *ilah* and *rabb.* He alone is the object of worship ; therefore, all worship should be addressed to Him. He rules over the universe ; therefore, he alone should be prayed for securing the good or removing the evil.'
Abdul Haq Ansari & Others (Ed.), *ISLAM*, P. 1.

77. ਮੁਹੰਮਦ ਹਬੀਬ ਡਾ., *ਸਾਈਂ ਮੀਆਂ ਮੀਰ ਜੀਵਨ, ਸਾਧਨਾ ਅਤੇ ਸਿੱਖਿਆਵਾਂ*, ਪੰਨਾ vii (ਭੂਮਿਕਾ)

78. मौलाना वहीदुद्दीन ख़ाँ (अनु.), *पवित्र क़ुरआन,* पृष्ठ ४९१.

79. *वही,* पृष्ठ ४९१.

80. ਰਤਨ ਸਿੰਘ ਜੱਗੀ ਡਾ. (ਸੰਪਾ.), *ਸਾਹਿਤ ਕੋਸ਼*, ਪੰਨਾ 168.

81. ਗੁਲਵੰਤ ਸਿੰਘ, *ਇਸਲਾਮ ਅਤੇ ਸੂਫ਼ੀਵਾਦ*, ਪੰਨਾ 57.

82. ਭਾਈ ਵੀਰ ਸਿੰਘ (ਸੰਪਾ.), *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦਸਵੀਂ), ਪੰਨਾ 4086.

83. *ਉਹੀ*, ਪੰਨਾ 4087.

84. ***ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ***, ਸੈਂਚੀ ਦੂਜੀ, ਅੰਗ 702.

85. ਗੁਲਵੰਤ ਸਿੰਘ, *ਇਸਲਾਮ ਅਤੇ ਸੂਫ਼ੀਵਾਦ*, ਪੰਨਾ 101.

86. ***ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ***, ਸੈਂਚੀ ਚੌਥੀ, ਅੰਗ 1428.

87. ***ਉਹੀ***, ਸੈਂਚੀ ਚੌਥੀ, ਅੰਗ 1426.

88. ਰਤਨ ਸਿੰਘ ਜੱਗੀ ਡਾ., ਗੁਰਸ਼ਰਨ ਕੌਰ ਡਾ., *ਗੁਰੂ ਤੇਗ ਬਹਾਦਰ ਬਾਣੀ ਵਿਸ਼ਲੇਸ਼ਣ*, ਪੰਨਾ 34.

# ਸਾਰੰਸ਼

'ਧਰਮ ਅਤੇ ਬੈਰਾਗ : ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਸੰਦਰਭ ਵਿਚ' ਦੇ ਵਿਸ਼ੇ ਉੱਪਰ ਕੀਤੀ ਗਈ ਵਿਸ਼ਲੇਸ਼ਣਾਤਮਿਕ ਵਿਚਾਰ-ਚਰਚਾ ਤੋਂ ਪਿੱਛੋਂ ਇਹ ਗੱਲ ਉਭਰ ਕੇ ਸਾਹਮਣੇ ਆਈ ਹੈ, ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਕੇਵਲ ਧਰਮ ਅਤੇ ਬੈਰਾਗ ਦੇ ਸੰਕਲਪ ਦੀ ਪ੍ਰਸਤੁਤੀ ਹੀ ਨਹੀਂ ਕਰਦੀ ਸਗੋਂ ਮਨੁੱਖ ਦੁਆਰਾ ਇਸ ਨੂੰ ਗ੍ਰਿਹਸਥੀ ਜੀਵਨ ਵਿਚ ਧਾਰਨ ਕਰਨ ਲਈ ਵੀ ਪ੍ਰੇਰਿਤ ਕਰਦੀ ਹੈ। ਆਪ ਜੀ ਦੀ ਰਚਿਤ ਬਾਣੀ ਵਿਚੋਂ ਧਰਮ ਅਤੇ ਬੈਰਾਗ ਦੇ ਸੰਬੰਧੀ ਬਹੁਤ ਗੰਭੀਰ ਅਤੇ ਰਹੱਸਮਈ ਭਾਵ ਉਘੜ ਕੇ ਸਾਹਮਣੇ ਆਉਂਦੇ ਹਨ। ਇਨ੍ਹਾਂ ਭਾਵਾਂ ਨੂੰ ਜੇਕਰ ਅਜੋਕਾ ਮਨੁੱਖ ਆਪਣੀ ਜ਼ਿੰਦਗੀ ਵਿਚ ਧਾਰਨ ਕਰ ਲਵੇ ਤਾਂ ਉਸ ਦੀਆਂ ਅਨੇਕਾਂ ਸਮੱਸਿਆਵਾਂ ਆਪਣੇ ਆਪ ਹੱਲ ਹੋ ਸਕਦੀਆਂ ਹਨ। ਸਮਾਜ ਵਿਚ ਸੁਤੰਤਰਤਾ, ਸਮਾਨਤਾ, ਭਰਾਤਰੀਅਤਾ ਅਤੇ ਖ਼ੁਸ਼ਹਾਲ ਵਾਤਾਵਰਣ ਦਾ ਇਕ ਨਵੀਨ ਦੌਰ ਸ਼ੁਰੂ ਹੋ ਸਕਦਾ ਹੈ। ਅਜਿਹੇ ਦੌਰ ਸੰਬੰਧੀ ਆਪ ਜੀ ਨੇ ਮਨੁੱਖ ਨੂੰ ਭੈ ਰਹਿਤ ਜੀਵਨ ਬਤੀਤ ਕਰਨ, ਮਾਨਸਿਕ ਅਤੇ ਆਤਮਿਕ ਤੌਰ ਤੇ ਬਲਸ਼ਾਲੀ ਬਣਾਉਣ ਦੇ ਬੇਮਿਸਾਲ ਯਤਨ ਕੀਤੇ ਹਨ। ਧਰਮ ਅਤੇ ਬੈਰਾਗ ਦੇ ਮਹੱਤਵ ਨੂੰ ਸਰਲ, ਸੰਖੇਪ ਅਤੇ ਲੋਕ ਸ਼ੈਲੀ ਵਿਚ ਸਮਝਾਇਆ ਗਿਆ ਹੈ। ਇਸੇ ਮਹੱਤਵ ਨੂੰ ਸਨਮੁਖ ਰੱਖਦਿਆਂ ਇਸ ਖੋਜ-ਪ੍ਰਬੰਧ ਵਿਚ ਆਪ ਜੀ ਦੀ ਸਮੁੱਚੀ ਬਾਣੀ ਦਾ ਦੀਰਘ ਅਧਿਐਨ ਕਰਕੇ ਧਰਮ ਅਤੇ ਬੈਰਾਗ ਦੇ ਸੰਕਲਪ ਨੂੰ ਉਜਾਗਰ ਕੀਤਾ ਗਿਆ ਹੈ। ਅਧਿਐਨ ਦੇ ਪ੍ਰਭਾਵਸ਼ਾਲੀ ਸਿੱਟਿਆਂ ਦੀ ਪ੍ਰਾਪਤੀ ਨੂੰ ਮੁੱਖ ਰੱਖਦਿਆਂ ਇਸ ਖੋਜ-ਪ੍ਰਬੰਧ ਦੇ ਪੰਜ ਅਧਿਆਏ ਬਣਾਏ ਗਏ ਹਨ ਅਤੇ ਜ਼ਰੂਰਤ ਦੇ ਅਨੁਸਾਰ ਉੱਪ ਸਿਰਲੇਖਾਂ ਵਿਚ ਵੀ ਵੰਡਿਆ ਗਿਆ ਹੈ।

ਖੋਜ-ਪ੍ਰਬੰਧ ਦੇ ਪਹਿਲੇ ਅਧਿਆਇ ਵਿਚ ਧਰਮ ਅਤੇ ਬੈਰਾਗ ਦੇ ਸਿਧਾਂਤਕ ਪੱਖ ਨੂੰ ਨਿਰੂਪਣ ਕੀਤਾ ਗਿਆ ਹੈ, ਜਿਸ ਦੇ ਤਹਿਤ ਸ਼ਬਦ ਧਰਮ ਅਤੇ ਬੈਰਾਗ ਦੇ ਬਾਰੇ ਡੂੰਘੀ ਘੋਖ ਪੜਤਾਲ ਕੀਤੀ ਗਈ ਹੈ। ਅਧਿਐਨ ਲਈ ਧਰਮ ਅਤੇ ਬੈਰਾਗ ਨੂੰ ਦੋ ਵੱਖ-ਵੱਖ ਭਾਗਾਂ ਵਿਚ ਵੰਡਿਆ ਗਿਆ ਹੈ।

ਪਹਿਲੇ ਭਾਗ ਵਿਚ ਧਰਮ ਦੇ ਵਿਭਿੰਨ ਪੱਖਾਂ ਨੂੰ ਵੇਦ, ਉਪਨਿਸ਼ਦ, ਸ੍ਰੀਮਦ੍ ਭਗਵਦ੍ ਗੀਤਾ, ਵਾਲਮੀਕੀ ਰਾਮਾਇਣ, ਪਤੰਜਲੀ ਯੋਗਪ੍ਰਦੀਪ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪਵਿੱਤਰ ਬਾਈਬਲ ਅਤੇ ਕੁਰਆਨ ਮਜੀਦ ਨੂੰ ਆਧਾਰ ਬਣਾ ਕੇ ਵਿਚਾਰਿਆ ਗਿਆ ਹੈ। ਦੂਜੇ ਭਾਗ ਵਿਚ ਬੈਰਾਗ ਦੇ ਸੰਕਲਪ ਨੂੰ ਭਾਰਤੀ ਅਤੇ ਸਾਮੀ ਅਧਿਆਤਮਿਕ ਚਿੰਤਨਧਾਰਾ ਦੇ ਅਧੀਨ ਵਿਚਾਰਿਆ ਗਿਆ ਹੈ। ਸਮੁੱਚੇ ਰੂਪ ਵਿਚ ਇਕ ਗੱਲ ਉਭਰ ਕੇ ਸਾਹਮਣੇ ਆਈ ਹੈ ਕਿ ਧਰਮ ਨੂੰ ਮਨੁੱਖ ਨੇ ਆਦਿ ਕਾਲ ਤੋਂ ਹੀ ਅਪਨਾ ਲਿਆ ਸੀ, ਜਿਸ ਨੇ ਉਸ ਦੀ ਜ਼ਿੰਦਗੀ ਨੂੰ ਖ਼ੁਸ਼ਹਾਲ ਬਣਾਉਣ ਲਈ ਇਕ ਨਵੀਂ ਰੌਸ਼ਨੀ ਪ੍ਰਦਾਨ ਕੀਤੀ। ਧਰਮ ਨੂੰ ਸਮਝ ਕੇ ਉਸ ਨੇ ਵਿਸ਼ਵ ਦੀ ਉਤਪਤੀ, ਬ੍ਰਹਿਮੰਡ ਦੀ ਸਿਰਜਨਾ, ਆਤਮਾ, ਪਰਮਾਤਮਾ, ਮਾਇਆ, ਜਗਤ, ਮੁਕਤੀ ਵਰਗੇ ਰਹੱਸਮਈ ਸੰਕਲਪਾਂ ਨੂੰ ਸਮਝਿਆ ਅਤੇ ਇਸ ਧਰਤੀ ਉੱਤੇ ਮਨੁੱਖੀ ਜੀਵਨ ਦੇ ਮੰਤਵ ਨੂੰ ਪਛਾਣਿਆ। ਬੈਰਾਗ ਦੇ ਸੰਕਲਪ ਨੂੰ, ਮਾਇਆ ਤੋਂ ਮੁਕਤ ਹੋ ਵਿਸ਼ੇ-ਵਿਕਾਰਾਂ ਤੇ ਕਾਬੂ ਪਾ ਕੇ ਸੰਜਮਸ਼ੀਲਤਾ ਨਾਲ ਪਰਮਾਤਮਾ ਨੂੰ ਪਾਉਣ ਦਾ ਸਾਧਨ ਬਣਾਇਆ। ਇਸ ਤਰ੍ਹਾਂ ਉਸ ਦਾ ਜੀਵਨ ਇਕ ਉਸਾਰੂ ਅਨੁਸ਼ਾਸਨ ਵਿਚ ਬੰਨ੍ਹਿਆ ਗਿਆ। ਜਿਸ ਨਾਲ ਉਸ ਦੇ ਨਿੱਜੀ ਅਤੇ ਸਮਾਜਿਕ ਜੀਵਨ ਵਿਚ ਗਤੀਸ਼ੀਲਤਾ ਪੈਦਾ ਹੋਈ ਅਤੇ ਉਸ ਦਾ ਸਮੁੱਚਾ ਇਤਿਹਾਸਕ ਵਿਕਾਸ ਹੋਇਆ।

ਧਰਮ ਇਕ ਵਿਸ਼ਵ ਵਰਤਾਰਾ ਹੈ। ਇਹ ਮਨੁੱਖ ਦੇ ਗਰਭ ਕਾਲ ਤੋਂ ਲੈ ਕੇ ਉਸ ਦੀ ਮੌਤ ਤਕ ਨਿਭਦਾ ਹੈ। ਮੁੱਖ ਤੌਰ ਤੇ ਇਸ ਦਾ ਸੰਬੰਧ ਮਨੁੱਖੀ ਅਹਿਸਾਸਾਂ ਅਤੇ ਵਲਵਲਿਆਂ ਨਾਲ ਵੀ ਹੈ। ਇਸ ਕਰਕੇ ਇਸ ਦਾ ਸ਼ੁੱਧ ਅਨੁਭਵ ਦੁਨਿਆਵੀ ਸੰਸਕਾਰਾਂ ਤੋਂ ਮੁਕਤ ਹੈ। ਇਹ ਇਕ ਅਜਿਹੀ ਜੀਵਨ-ਜਾਚ ਹੈ ਜੋ ਕਿ ਮਨੁੱਖੀ ਮਨ ਜਾਂ ਉਸਦੇ ਬਾਹਰੀ ਰੂਪ ਨੂੰ ਚੰਗੇ ਆਚਾਰ-ਵਿਹਾਰ ਨਾਲ ਜੋੜ ਕੇ ਸਫ਼ਲ ਜੀਵਨ ਬਤੀਤ ਕਰਨ ਦੇ ਯੋਗ ਬਣਾਉਂਦੀ ਹੈ। ਇਹ ਮਨੁੱਖੀ ਜੀਵਨ ਨੂੰ ਸਹਾਰਾ ਦੇ ਕੇ ਸੁਖ ਸਮ੍ਰਿਧੀ ਪ੍ਰਦਾਨ ਕਰਦਾ ਹੈ। ਇਹ ਮਨੁੱਖੀ ਸਮਾਜ ਨੂੰ ਇਕ ਸੂਤਰ ਵਿਚ ਬੰਨ੍ਹ ਕੇ ਰੱਖਦਾ ਹੈ। ਗੀਤਾ ਚਿੰਤਨ ਅਨੁਸਾਰ ਧਰਮ ਦਾ ਉਦੇਸ਼ ਪ੍ਰਭੂ ਦੀ ਪ੍ਰਾਪਤੀ ਹੈ। ਇਸ ਦੇ ਨਾਲ ਲੋਕ ਅਤੇ ਪਰਲੋਕ ਵਿਚ ਮੁਕਤੀ

ਪ੍ਰਾਪਤ ਹੁੰਦੀ ਹੈ। ਇਸ ਲਈ ਮਨੁੱਖ ਦੇ ਸਾਰੇ ਕਾਰਜ ਧਰਮ ਦੇ ਹੀ ਅੰਗ ਹਨ। ਹਿੰਦੂ ਸੰਸਕ੍ਰਿਤੀ ਵਿਚ ਚਾਰ ਪੁਰਸ਼ਾਰਥਾਂ (ਧਰਮ, ਅਰਥ ਕਾਮ, ਮੋਖਸ਼) ਦਾ ਆਪਣਾ ਮਹੱਤਵ ਹੈ। ਇਨ੍ਹਾਂ ਚਾਰਾਂ ਵਿਚੋਂ ਧਰਮ ਨੂੰ ਪਹਿਲਾ ਸਥਾਨ ਪ੍ਰਾਪਤ ਹੈ ਜੋ ਕਿ ਮਨੁੱਖੀ ਆਚਰਣ ਨੂੰ ਆਦਰਸ਼ਪੂਰਨ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇਸ ਦੇ ਨਾਲ ਹੀ ਆਦਰਸ਼ ਸਮਾਜ ਦੀ ਸਥਾਪਨਾ ਦੀ ਕਾਮਨਾ ਕੀਤੀ ਗਈ ਹੈ। ਦੂਜਿਆਂ ਦਾ ਹਿੱਤ ਕਰਨਾ ਧਰਮ ਹੈ ਅਤੇ ਦੁੱਖ ਦੇਣਾ ਅਧਰਮ ਹੈ। ਇਸ ਦੀ ਪਛਾਣ ਗਿਆਨ ਪ੍ਰਾਪਤੀ ਦੇ ਪਿੱਛੋਂ ਹੀ ਹੁੰਦੀ ਹੈ। ਇਹ ਮਨੁੱਖੀ ਕਦਰਾਂ-ਕੀਮਤਾਂ ਅਤੇ ਸਦਾਚਾਰਕ ਮੁੱਲਾਂ ਦੀ ਅਧਾਰਸ਼ਿਲਾ ਹੈ। ਜਿਸ ਦੀ ਪਾਲਣਾ ਕਰਕੇ ਮਨੁੱਖੀ ਚਰਿੱਤਰ ਦਾ ਨਿਰਮਾਣ ਅਤੇ ਇਕ ਚੰਗੇ ਸਮਾਜ ਦੀ ਉਸਾਰੀ ਹੁੰਦੀ ਹੈ। ਇਸ ਦੇ ਨਾਲ ਮਨੁੱਖ ਨੂੰ ਸਰਬ ਸੁੱਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਇਸ ਦੇ ਗਿਆਨ ਨਾਲ ਉਸ ਨੂੰ ਗ਼ਲਤ ਠੀਕ ਦਾ ਬੋਧ ਹੁੰਦਾ ਹੈ। ਧਰਮ ਦੀ ਸੂਝ ਹੀ ਉਸ ਦੀ ਜ਼ਿੰਦਗੀ ਦੇ ਮਾਰਗ ਨੂੰ ਰੌਸ਼ਨ ਕਰਦੀ ਹੈ। ਇਹ ਮਨੁੱਖ ਦੀਆਂ ਸੰਕਟਮਈ ਪ੍ਰਸਥਿਤੀਆਂ ਵਿਚ ਇਕ ਵੱਡਾ ਸਹਾਰਾ ਬਣ ਕੇ ਖੜ੍ਹਦਾ ਹੈ।

ਇਸ ਅਧਿਆਇ ਦੇ ਦੂਜੇ ਭਾਗ ਵਿਚ ਬੈਰਾਗ ਦੇ ਸੰਕਲਪ ਨੂੰ ਵਿਭਿੰਨ ਪੱਖਾਂ ਤੋਂ ਵਿਚਾਰਿਆ ਗਿਆ ਹੈ। ਪੁਰਾਤਨ ਭਾਰਤੀ ਅਧਿਆਤਮਿਕ ਚਿੰਤਨਧਾਰਾ ਵਿਚ ਬੈਰਾਗ ਨੂੰ ਮੁਕਤੀ ਪ੍ਰਾਪਤੀ ਦਾ ਪ੍ਰਮੁੱਖ ਸਾਧਨ ਮੰਨਿਆ ਗਿਆ ਹੈ। ਇਕ ਪਾਸੇ ਸੰਸਾਰਿਕ ਪਦਾਰਥਾਂ ਤੋਂ ਉਪਰਾਮਤਾ ਅਤੇ ਦੂਜੇ ਪਾਸੇ ਪਰਮਾਤਮਾ ਨੂੰ ਮਿਲਣ ਦੀ ਪ੍ਰਬਲ ਤਾਂਘ। ਇਹ ਬੈਰਾਗ ਦੀ ਸਥਿਤੀ ਮਨੁੱਖੀ ਮਨ ਵਿਚ ਪਰਮਾਤਮਾ ਦੇ ਨਾਲ ਸੱਚੇ ਪ੍ਰੇਮ ਦੀ ਤੜਪ ਉਤਪੰਨ ਹੋਣ, ਸੰਸਾਰਿਕ ਵਿਸ਼ੇ-ਵਿਕਾਰਾਂ, ਇੱਛਾਵਾਂ, ਮੋਹ-ਮਾਇਆ ਤੋਂ ਸੰਪੂਰਨ ਤੌਰ ਤੇ ਨਿਜਾਤ ਪਾਉਣ ਪਿੱਛੋਂ ਹੀ ਪੈਦਾ ਹੁੰਦੀ ਹੈ। ਫਿਰ ਬੈਰਾਗੀ ਦੀਆਂ ਅੱਖੀਆਂ ਵਿਚੋਂ ਨੀਰ ਵਹਿ ਤੁਰਦਾ ਹੈ। ਉਸ ਦਾ ਮਨ ਪਵਿੱਤਰ ਹੋ ਜਾਂਦਾ ਹੈ।

ਭਾਰਤੀ ਵਿਚਾਰਧਾਰਾ ਦੇ ਅਨੁਸਾਰ ਬੈਰਾਗ ਨਾਲ ਚਿਤਬਿਰਤੀਆਂ ਉੱਤੇ ਰੋਕ ਲਗਦੀ ਹੈ। ਬੈਰਾਗ, ਮਨ ਨੂੰ ਸੁਚੇਤ ਕਰਨ, ਸੁਰਤੀ ਨੂੰ ਕਾਇਮ ਤੇ ਬਲਸ਼ਾਲੀ ਕਰਨ ਅਤੇ ਨੈਤਿਕ ਗੁਣਾਂ ਨੂੰ ਧਾਰਨ

ਕਰਨਾ ਹੈ। ਇਸ ਦਾ ਮੂਲ ਆਸਾ ਸ਼ਬਦ ਦੀ ਨਿਰੰਤਰ-ਚੇਤਨਾ ਵਿਚ ਛੁਪਿਆ ਹੋਇਆ ਹੈ। ਪ੍ਰਾਚੀਨ ਭਾਰਤੀ ਅਧਿਆਤਮਿਕ ਸੰਸਕ੍ਰਿਤੀ ਵਿਚ ਇਕ ਇਹ ਵੀ ਧਾਰਨਾ ਰਹੀ ਹੈ ਕਿ ਸੰਸਾਰ ਵਿਚ ਸੁੱਖ ਸਮ੍ਰਿਧੀ ਦੀ ਪ੍ਰਾਪਤੀ ਲਈ ਅਤੇ ਪਦਾਰਥਾਂ ਦੀ ਇੱਛਾ ਰੱਖਣ ਨੂੰ, ਮਾਇਆ ਕਿਹਾ ਗਿਆ ਹੈ। ਜਿਸ ਦੇ ਤਿਆਗ ਪਿੱਛੋਂ ਮਨੁੱਖੀ ਮਨ ਵਿਚ ਬੈਰਾਗ ਭਾਵਨਾ ਉਤਪੰਨ ਹੁੰਦੀ ਹੈ ਅਤੇ ਫਿਰ *'ਮੁਕਤ ਪਦ'* ਪ੍ਰਾਪਤ ਕਰਦਾ ਹੈ। ਇਸ ਦੇ ਫਲਸਰੂਪ ਉਸ ਦੇ ਜੀਵਨ ਵਿਚ ਇਕ ਵੱਡਾ ਪਰਿਵਰਤਨ ਆਉਂਦਾ ਹੈ।

ਭਾਰਤੀ ਧਰਮ ਚਿੰਤਨ ਵਿਚ ਬੈਰਾਗ ਦੀਆਂ ਦੋ ਧਾਰਾਵਾਂ ਮੰਨੀਆਂ ਗਈਆਂ ਹਨ। ਪਹਿਲੀ ਧਾਰਨਾ ਦੇ ਅਨੁਸਾਰ ਬੈਰਾਗ ਦੀ ਪ੍ਰਾਪਤੀ ਲਈ ਜੰਗਲਾਂ ਵਿਚ ਜਾ ਕੇ ਕਠਨ ਜਪ ਤਪ ਕਰਨੇ ਅਤੇ ਮੁਕਤੀ ਲਈ ਕਿਸੇ ਦੇਵੀ-ਦੇਵਤੇ ਦੀ ਉਪਾਸ਼ਨਾ ਕਰਨੀ। ਦੂਜੀ ਧਾਰਨਾ ਦੇ ਅਨੁਸਾਰ ਵਿਸ਼ੇ-ਵਿਕਾਰਾਂ ਅਤੇ ਇਛਾਵਾਂ ਦਾ ਸੰਪੂਰਨ ਤੌਰ ਤੇ ਤਿਆਗ ਕਰਕੇ ਬੈਰਾਗ ਪ੍ਰਾਪਤ ਕਰਨਾ।

ਅਸਲ ਬੈਰਾਗ ਇਕ ਮਾਨਸਿਕ ਸਥਿਤੀ ਹੈ ਜਿਸ ਵਿਚ ਮਨੁੱਖੀ ਮਨ ਮਾਇਆਵੀ ਜੰਜਾਲਾਂ ਤੋਂ ਮੁਕਤ ਹੋ ਕੇ ਪਰਮਾਰਥ ਦੇ ਰਸਤੇ ਤੇ ਤੁਰਦਾ ਹੈ। ਉਸ ਦੀ ਸੁਰਤ ਪ੍ਰਭੂ ਦੇ ਚਰਨਾਂ ਵਿਚ ਜੁੜਦੀ ਹੈ। ਉਸ ਦੇ ਮਨ ਵਿਚ ਪ੍ਰਭੂ ਮਿਲਾਪ ਦੀ ਤਾਂਘ ਪੈਦਾ ਹੁੰਦੀ ਹੈ ਅਤੇ ਉਹ ਸਮਦ੍ਰਿਸ਼ਟੀ ਦਾ ਧਾਰਨੀ ਹੋ ਜਾਂਦਾ ਹੈ। ਉਸ ਦਾ ਮਨ ਕਰੁਣਾਮਈ ਅਤੇ ਸੰਵੇਦਨਸ਼ੀਲ ਹੋ ਜਾਂਦਾ ਹੈ। ਫਿਰ ਉਹ ਆਤਮਿਕ ਉੱਚਾਈਆਂ ਨੂੰ ਪ੍ਰਾਪਤ ਕਰ ਲੈਂਦਾ ਹੈ। ਉਹ ਗ੍ਰਿਹਸਥੀ ਜੀਵਨ ਬਤੀਤ ਕਰਦਾ ਸੰਸਾਰੀ ਪਦਾਰਥਕ ਜਗਤ ਵਿਚ ਲਿਪਤ ਨਹੀਂ ਹੁੰਦਾ।

ਦੂਜੇ ਅਧਿਆਇ ਵਿਚ ਗੁਰਮਤਿ ਵਿਚਾਰਧਾਰਾ ਵਿਚੋਂ ਉਤਪੰਨ ਹੋਏ ਬੈਰਾਗ ਦੇ ਸੰਕਲਪ ਸੰਬੰਧੀ ਵਿਚਾਰ-ਚਰਚਾ ਕੀਤੀ ਗਈ ਹੈ। ਗੁਰਮਤਿ ਬੈਰਾਗ ਦੇ ਬੀਜ ਮੂਲ ਰੂਪ ਵਿਚ ਅਸੀਂ ਭਗਤ ਬਾਣੀ ਵਿਚ ਦੇਖਦੇ ਹਾਂ। ਜਿਸ ਨੇ ਮਨੁੱਖੀ ਮਨ ਵਿਚ ਨੀਰਸਤਾ, ਨਿਰਾਸ਼ਤਾ, ਹੀਣਤਾ, ਉਪਰਾਮਤਾ ਅਤੇ ਤਿਆਗ ਭਾਵਨਾ ਦੀ ਥਾਂ ਸਵੈਮਾਣ, ਅਣਖ, ਸੁਤੰਤਰ ਸੋਚ ਅਤੇ ਬੀਰਤਾ ਦੀ ਭਾਵਨਾ ਪੈਦਾ ਕੀਤੀ। ਉਸ ਨੂੰ ਆਤਮਿਕ, ਸਰੀਰਕ ਅਤੇ ਮਾਨਸਿਕ ਤੌਰ ਤੇ ਬਲਸ਼ਾਲੀ ਬਣਾਇਆ। ਇਸ ਪ੍ਰਕਾਰ

ਇਹ ਬੈਰਾਗ ਇਕ ਪ੍ਰਭੂ ਵਲ ਸੱਚੀ ਲਿਵ ਹੈ ਜਿਸ ਨਾਲ ਸਾਧਕ ਦੇ ਮਨ ਵਿਚ ਸਹਿਜਤਾ ਅਤੇ ਸੰਜਮਤਾ ਆਉਂਦੀ ਹੈ।

ਮੱਧਕਾਲ ਵਿਚ ਸੁਆਮੀ ਰਾਮਾਨੁਜ, ਮੱਧਵਾਚਾਰੀਆ, ਨਿੰਬਾਰਕਾਚਾਰੀਆ ਅਤੇ ਵੱਲਭਾਚਾਰੀਆ ਦੇ ਦਾਰਸ਼ਨਿਕ ਵਿਚਾਰਾਂ ਨੇ ਬ੍ਰਹਮ ਸਰੂਪ ਨਿਰੂਪਣ ਦੀ ਸੋਚ ਨੂੰ ਬੜਾ ਪ੍ਰਭਾਵਿਤ ਕੀਤਾ । ਭਗਤ ਅਤੇ ਸੰਤ ਸਮਾਜ ਦੋ ਭਾਗਾਂ ਵਿਚ ਵੰਡਿਆ ਗਿਆ। ਇਕ ਨੇ ਸਰਗੁਣ ਭਗਤੀ ਦਾ ਪ੍ਰਚਾਰ ਕੀਤਾ ਜਿਸ ਵਿਚ ਸੂਰਦਾਸ, ਤੁਲਸੀਦਾਸ ਆਦਿ ਨੇ ਭਗਵਾਨ ਕ੍ਰਿਸ਼ਨ ਅਤੇ ਰਾਮ ਨੂੰ ਬ੍ਰਹਮ ਰੂਪ ਮੰਨ ਕੇ ਅਰਾਧਿਆ ਅਤੇ ਦੂਜੇ ਪਾਸੇ ਨਿਰਗੁਣ ਬ੍ਰਹਮ ਰੂਪ ਨੂੰ ਇਕ ਈਸ਼ਵਰ ਮੰਨ ਕੇ ਅਰਾਧਿਆ ਜਿਸ ਵਿਚ ਭਗਤ ਕਬੀਰ, ਭਗਤ ਨਾਮਦੇਵ ਅਤੇ ਭਗਤ ਰਵਿਦਾਸ ਆਦਿ ਨੇ ਭਗਤੀ ਕੀਤੀ ਅਤੇ ਬ੍ਰਾਹਮਣੀ ਕਰਮ-ਕਾਂਡਾਂ, ਜਾਤ-ਪਾਤ ਅਤੇ ਅੰਧਵਿਸ਼ਵਾਸਾਂ ਦੇ ਖਿਲਾਫ਼ ਕ੍ਰਾਂਤੀਕਾਰੀ ਵਿਚਾਰਧਾਰਾ ਦੁਆਰਾ ਲੋਕ ਲਹਿਰ ਪੈਦਾ ਕੀਤੀ। ਇਨ੍ਹਾਂ ਨੇ ਭਾਰਤ ਦੀ ਦਲਿਤ ਅਤੇ ਸ਼ੋਸ਼ਤ ਸ਼੍ਰੇਣੀ ਦੀ ਯੋਗ ਅਗਵਾਈ ਕੀਤੀ। ਇਸ ਲਹਿਰ ਦਾ ਉਦਗਮ ਪੰਜਾਬ ਦੀ ਪਵਿੱਤਰ ਧਰਤੀ ਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਪਿੱਛੋਂ ਹੋਇਆ। ਗੁਰੂ ਜੀ ਨੇ ਮਨੁੱਖਤਾ ਦੀ ਭਲਾਈ ਹਿੱਤ ਰਾਜਸੀ ਜ਼ਬਰ, ਜ਼ੁਲਮ, ਫੋਕਟ ਰੀਤੀ-ਰਿਵਾਜਾਂ, ਬਾਹਰੀ ਕਰਮ-ਕਾਂਡਾਂ ਅਤੇ ਅੰਧਵਿਸ਼ਵਾਸਾਂ ਦੇ ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ। ਅਨੇਕਾਂ ਦੇਵੀ-ਦੇਵਤਿਆਂ ਨੂੰ ਛੱਡ ਇਕ ਈਸ਼ਵਰ ਦੀ ਆਰਾਧਨਾ ਤੇ ਬਲ ਦਿਤਾ। ਉਨ੍ਹਾਂ ਨੇ ਸਮੁੱਚੀ ਮਨੁੱਖਤਾ ਨੂੰ *'ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ '* ਦਾ ਇਲਾਹੀ ਉਪਦੇਸ਼ ਦਿਤਾ ਭਾਵ ਕਿ ਮਨੁੱਖ ਗ੍ਰਿਹਸਥੀ ਜੀਵਨ ਗੁਜ਼ਾਰਦਿਆਂ ਸਮਾਜ ਵਿਰ ਏਕਤਾ, ਸਮਾਨਤਾ ਅਤੇ ਆਪਸੀ ਭਾਈਚਾਰਾ ਬਣਾਈ ਰੱਖੇ। ਉਨ੍ਹਾਂ ਨੇ ਲੋਕਾਈ ਨੂੰ ਇਕ ਨਵੀਨ ਵਿਚਾਰਧਾਰਾ ਦਿਤੀ ਜਿਸ ਨੂੰ *'ਗੁਰਮਤਿ'* ਵਿਚਾਰਧਾਰਾ ਕਰਕੇ ਜਾਣਿਆ ਗਿਆ। ਗੁਰਮਤਿ ਤੋਂ ਭਾਵ ਗੁਰੂ ਦਾ ਥਾਪਿਆ ਹੋਇਆ ਨਿਯਮ, ਸਿਧਾਂਤ, ਗੁਰੂ ਦੀ ਨਸੀਹਤ, ਗੁਰੂ ਦੀ ਰਾਇ ਜਾਂ ਸਤਿਗੁਰ ਦੀ ਇੱਛਾ ਹੈ।

ਗੁਰਮਤਿ ਦਾ ਮੂਲ ਕੇਂਦਰ ਗੁਰਬਾਣੀ ਹੈ। ਇਸ ਦੀ ਕਸਵੱਟੀ ਤੇ ਹਰ ਸਿਧਾਂਤ ਦੀ ਪਰਖ ਕੀਤੀ ਜਾਂਦੀ ਹੈ। ਸਮੁੱਚੀ ਸਿੱਖ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠ ਕੇ ਫ਼ੈਸਲੇ ਕਰਦੀ ਹੈ। ਵਿਚਾਰਧਾਰਾ ਨੂੰ ਅਰਥਾਂ, ਕਦਰਾਂ-ਕੀਮਤਾਂ, ਵਿਚਾਰਾਂ ਅਤੇ ਵਿਸ਼ਵਾਸਾਂ ਦਾ ਅਜਿਹਾ ਸੰਗਠਨ ਮੰਨਿਆ ਜਾਂਦਾ ਹੈ ਜੋ ਮਨੁੱਖ ਨੂੰ ਆਪਣੇ ਸਮਕਾਲੀਨ ਸਮਾਜਿਕ ਅਤੇ ਸਭਿਆਚਾਰਕ ਯਥਾਰਥ ਨਾਲ ਨਜਿੱਠਣ ਵਾਲੀ ਜੀਵਨ ਵਿਧੀ ਪ੍ਰਦਾਨ ਕਰਦਾ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਵਿਦਤ ਹੁੰਦਾ ਹੈ ਕਿ ਵਿਚਾਰਧਾਰਾ ਨੇ ਮਨੁੱਖ ਸਮਾਜ ਵਿਚ ਪਰਿਵਰਤਨ ਲਿਆਉਣ ਹਿੱਤ ਕਵਿਤਾ ਨੂੰ ਰਚਨਾਤਮਿਕ ਮਾਧਿਅਮ ਬਣਾਇਆ ਹੈ।

ਗੁਰਮਤਿ ਵਿਚਾਰਧਾਰਾ ਦਾ ਮੁਹਾਵਰਾ ਭਾਰਤੀ ਹੋਣ ਦੇ ਬਾਵਜੂਦ ਵੀ ਅਰਥਾਂ ਦੇ ਪੱਖ ਤੋਂ ਨਿਵੇਕਲਾ ਹੈ। ਇਹ ਵਿਚਾਰਧਾਰਾ ਮਨੁੱਖ ਨੂੰ ਸ਼ੁਭ ਕਰਮ ਕਰਨ ਦਾ ਉਪਦੇਸ਼ ਦੇ ਕੇ ਪਰਲੋਕ ਨਾਲੋਂ ਇਸ ਲੋਕ ਨੂੰ ਵਧੇਰੇ ਮਹੱਤਵ ਦਿੰਦੀ ਹੈ। ਗੁਰਮਤਿ ਵਿਚਾਰਧਾਰਾ ਗੁਰਬਾਣੀ ਦੇ ਬਾਣੀਕਾਰਾਂ ਦੁਆਰਾ ਨਿੱਜੀ ਅਨੁਭਵਾਂ ਤੇ ਅਧਾਰਿਤ ਹੈ ਇਸ ਤਹਿਤ ਸੰਸਾਰ ਦੇ ਸਾਰੇ ਧਰਮ ਦੇ ਗੁਣਾਂ ਨਾਲ ਸਾਂਝ ਪਾ ਕੇ ਇਸ ਨੂੰ ਸਮੁੱਚੀ ਮਨੁੱਖਤਾ ਦੇ ਸਨਮੁਖ ਪ੍ਰਸਤੁਤ ਕੀਤਾ ਗਿਆ ਹੈ। ਇਹ ਉਸਦੀ ਸਰਬਵਿਆਪੀ ਸ਼ਖ਼ਸੀਅਤ ਦਾ ਉਸਾਰ ਕਰਦੀ ਹੋਈ ਆਤਮਿਕ ਮੰਜਲ ਵਲ ਅਗਰਸਰ ਕਰਦੀ ਹੈ। ਉਸ ਨੂੰ ਕੁਦਰਤ ਅਤੇ ਕਾਦਰ ਦਾ ਭਾਣਾ ਮੰਨ ਕੇ ਜਿਉਣ ਦਾ ਢੰਗ ਸਿਖਾਉਂਦੀ ਹੈ। ਇਸ ਵਿਚਾਰਧਾਰਾ ਵਿਚ ਵਹਿਮ-ਭਰਮ, ਕੂੜ, ਬੇਨਿਯਮੀ, ਬੇਇਨਸਾਫ਼ੀ ਆਦਿ ਨੂੰ ਕੋਈ ਸਥਾਨ ਪ੍ਰਾਪਤ ਨਹੀਂ। *'ਨਾਮ ਜਪਣਾ, ਕਿਰਤ ਕਰਨੀ , ਵੰਡ ਕੇ ਛਕਣਾ'* ਇਸ ਦੇ ਮੂਲ ਸਿਧਾਂਤ ਹਨ। ਇਹ ਇਕ ਅਜਿਹੀ ਜੀਵਨ-ਦ੍ਰਿਸ਼ਟੀ ਹੈ ਜੋ ਕੇ ਮਨੁੱਖੀ ਅਨੁਭਵ ਵਿਚੋਂ ਪੈਦਾ ਹੋਈ ਹੈ ਅਤੇ ਉਸ ਦੇ ਉਸਾਰ ਲਈ ਮਾਰਗ ਦਰਸ਼ਨ ਕਰਦੀ ਹੈ। ਇਸ ਦੀ ਮੂਲ ਚੂਲ *'ਨਾਮ'* ਹੈ ਜੋ ਕਿ ਸੱਚੇ ਧਰਮ ਅਤੇ ਬੈਰਾਗ ਦਾ ਆਧਾਰ ਹੈ। ਮਨੁੱਖੀ ਜੀਵ ਦਾ ਬ੍ਰਹਮ (ਅਕਾਲ ਪੁਰਖ) ਨਾਲ ਅਭੇਦ ਹੋਣਾ ਇਸ ਦਾ ਆਦਰਸ਼ ਰਿਹਾ ਹੈ ਜਿਸ ਦੀ ਪ੍ਰਾਪਤੀ ਲਈ ਮਨੁੱਖ ਸਚਿਆਰ (ਗਿਆਨੀ ਅਤੇ ਗੁਰਮੁਖ) ਪਦ ਧਾਰਨ ਕਰਨ ਹਿਤ ਪਰਮਾਰਥ ਦੇ ਮਾਰਗ ਤੇ ਤੁਰਦਾ ਹੈ।

ਗੁਰਮਤਿ ਦਾ ਮਾਰਗ ਅਧਿਆਤਮਿਕ ਦੇ ਨਾਲ–ਨਾਲ ਵਿਹਾਰਕ ਮਾਰਗ ਵੀ ਹੈ। ਇਹ ਕੇਵਲ ਸਿਧਾਂਤਾਂ ਤੇ ਹੀ ਅਧਾਰਿਤ ਨਹੀਂ ਸਗੋਂ ਅਮਲੀ ਜੀਵਨ ਤੇ ਅਧਾਰਿਤ ਹੈ। ਇਹ ਇਕ ਸੁਚੱਜੀ ਜੀਵਨ–ਜਾਚ ਨੂੰ ਪੇਸ਼ ਕਰਦਾ ਹੈ। ਇਸ ਨੇ ਪੁਰਾਤਨ ਭਾਰਤੀ ਧਾਰਮਿਕ, ਸਮਾਜਿਕ, ਸਭਿਆਚਾਰਕ, ਆਰਥਿਕ ਅਤੇ ਰਾਜਨੀਤਕ ਸਥਿਤੀ ਨੂੰ ਬਦਲ ਕੇ ਰੱਖ ਦਿਤਾ। ਗੁਰਮਤਿ 'ਭਉ' ਅਤੇ 'ਭਾਉ' ਵਾਲਾ ਮਤ ਹੈ। ਇਹ ਮਨੁੱਖ ਨੂੰ ਪ੍ਰਭੂ ਦੇ ਭੈਅ ਅਤੇ ਭਾਣੇ ਵਿਚ ਰਹਿਣ ਦਾ ਪਰਮ ਉਪਦੇਸ਼ ਦਿੰਦਾ ਹੈ। ਇਸ ਦੇ ਵਿਕਾਸ ਵਿਚ ਵਿਵੇਕ ਚਿੰਤਨ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਬਾਣੀਕਾਰਾਂ ਨੇ ਨਿੱਜੀ ਇਲਹਾਮੀ ਅਨੁਭਵਾਂ ਨੂੰ ਗਾ ਕੇ ਪਰਚਾਰਿਆ ਜੋ ਕਿ ਲੋਕ ਮਨਾਂ ਦਾ ਇਕ ਹਿੱਸਾ ਬਣ ਗਿਆ। ਇਸ ਦੇ ਫਲਸਰੂਪ ਮਨੁੱਖੀ ਸਮਾਜ ਵਿਚੋਂ ਉਪਰਾਮਤਾ, ਨਿਰਾਸ਼ਤਾ, ਤਿਆਗਵਾਦੀ ਰੁਚੀ ਅਤੇ ਨਫ਼ਰਤ ਵਾਲੀ ਜੀਵਨ–ਦ੍ਰਿਸ਼ਟੀ ਦੂਰ ਹੁੰਦੀ ਗਈ। ਇਸ ਦੀ ਥਾਂ ਮਨੁੱਖ ਦਾ ਕਰਮ ਮਨੁੱਖੀ ਸ਼ਖ਼ਸੀਅਤ ਨੂੰ ਘੜਨਾ, ਅਕਾਲ ਪੁਰਖ ਦੇ ਸੰਕਲਪ ਰਾਹੀਂ ਸ਼ਖ਼ਸੀਅਤ ਦਾ ਵਿਕਾਸ ਕਰਨਾ, ਉਸ ਦੀ ਹੋਂਦ ਨੂੰ ਦੈਵੀ ਸੰਭਾਵਨਾ ਵਿਚ ਬਦਲਣਾ, ਮਨੁੱਖਤਾ ਪ੍ਰਤੀ ਦਿਆ ਭਰਿਆ ਦ੍ਰਿਸ਼ਟੀਕੋਣ ਰੱਖਣਾ, ਹਰ ਕਿਸਮ ਦੇ ਡਰ ਤੋਂ ਉਸ ਨੂੰ ਸੁਤੰਤਰ ਕਰਨਾ, ਨਿੱਤ ਚੜ੍ਹਦੀ ਕਲਾ ਵਿਚ ਰਹਿ ਕੇ ਜੀਵਨ ਸੰਘਰਸ਼ ਲਈ ਤਿਆਰ–ਬਰ–ਤਿਆਰ ਰਹਿਣ ਲਈ ਪ੍ਰੇਰਿਤ ਕਰਨਾ। ਸ਼ਬਦ ਗੁਰੂ ਦੇ ਲੜ ਲਾ ਕੇ ਉਸ ਦੇ ਜੀਵਨ ਨੂੰ ਖ਼ੁਸ਼ਹਾਲ ਬਣਾਉਣ ਦੇ ਯਤਨ ਕਰਨੇ ਅਤੇ ਉਸ ਨੂੰ ਉਤਸ਼ਾਹੀ ਅਤੇ ਉਮੰਗ ਭਰੇ ਜੀਵਨ ਨੂੰ ਜਿਉਣ ਦੀ ਪ੍ਰੇਰਣਾ ਦੇਣੀ। ਇਸ ਵਿਚ ਮਜ਼੍ਹਬੀ ਹਿੱਤ ਤੋਂ ਉੱਪਰ ਉਠ ਕੇ ਮਾਨਵੀ ਕਦਰਾਂ–ਕੀਮਤਾਂ ਨੂੰ ਤਰਜੀਹ ਦਿਤੀ ਗਈ ਹੈ।

ਗੁਰਮਤਿ ਵਿਚਾਰਧਾਰਾ ਦਾ ਬੈਰਾਗ ਇਕ ਕ੍ਰਾਂਤੀਕਾਰੀ ਸੰਕਲਪ ਦੇ ਰੂਪ ਵਿਚ ਪੇਸ਼ ਹੋਇਆ ਹੈ। ਇਹ ਪ੍ਰਾਪਤ ਯਥਾਰਥ ਤੋਂ ਨਿਰਲੇਪ ਅਤੇ ਜ਼ੁਲਮ ਦੇ ਖਿਲਾਫ਼ ਸੰਘਰਸ਼ਸ਼ੀਲ ਹੋ ਕੇ ਇਕ ਨਵੀਨ ਸਮਾਜਿਕ–ਪ੍ਰਬੰਧ ਨੂੰ ਸਥਾਪਤ ਕਰਦਾ ਹੈ। ਇਸ ਵਿਚ ਬੈਰਾਗ ਚੇਤਨਤਾ ਨੂੰ ਭਾਵਨਾਤਮਿਕ ਖੇਤਰ ਤੋਂ ਪਰ੍ਹੇ ਰੱਖ ਕੇ ਵਿਚਾਰ ਦੇ ਖੇਤਰ ਅੰਦਰ ਲਿਆਂਦਾ ਗਿਆ ਹੈ। ਇਸ ਵਿਚ ਸਿਰਜਨਾਤਮਿਕ ਬੈਰਾਗ ਦੀ ਅਭਿਵਿਅਕਤੀ ਉਦੋਂ ਹੁੰਦੀ ਹੈ ਜਦੋਂ ਗੁਰਮਤਿ ਸਾਧਕ ਪ੍ਰਭੂ ਮਿਲਾਪ ਦੀ ਤੀਬਰ ਤਾਂਘ ਦੀ ਉਤਪਤੀ

ਪਿੱਛੋਂ ਆਪਣੀਆਂ ਭਾਵਨਾਵਾਂ ਨੂੰ ਕਾਬੂ ਰੱਖ ਕੇ, ਉਸਾਰੂ ਵਿਚਾਰਾਂ ਨੂੰ ਆਧਾਰ ਬਣਾ ਕੇ ਸਮੁੱਚੇ ਸਮਾਜ ਨੂੰ ਸਾਰਥਕ ਦਿਸ਼ਾ-ਨਿਰਦੇਸ਼ ਪ੍ਰਦਾਨ ਕਰਦਾ ਹੈ। ਅਸਲ ਵਿਚ ਇਹ ਬੈਰਾਗ ਜੀਵਨ ਨਾਲੋਂ ਟੁੱਟਿਆ ਹੋਇਆ ਨਹੀਂ ਹੈ ਸਗੋਂ ਇਹ *'ਸ਼ਬਦ-ਮੂਲਕ'* ਬੈਰਾਗ ਹੈ। ਇਸ ਵਿਚੋਂ ਮਨੁੱਖ ਸਾਕਾਰਾਤਮਕ ਜੀਵਨ-ਦ੍ਰਿਸ਼ਟੀ ਦੀ ਲੌਅ ਪ੍ਰਾਪਤ ਕਰਦਾ ਹੈ। ਇਹ ਬੈਰਾਗ ਭਾਵਨਾ 'ਸੰਸਾਰ' ਨਾਲੋਂ ਰਿਸ਼ਤਾ ਨਹੀਂ ਤੋੜਦੀ ਬਲਕਿ 'ਸੰਸਾਰਿਕਤਾ' ਨਾਲੋਂ ਰਿਸ਼ਤਾ ਤੋੜਣ ਦੀ ਪ੍ਰੇਰਣਾ ਦਿੰਦੀ ਹੈ। ਨੀਵੇਂ ਦਰਜੇ ਦੀਆਂ ਮਨੋਬਿਰਤੀਆਂ ਅਤੇ ਵਿਸ਼ੇ-ਵਿਕਾਰਾਂ ਤੋਂ ਛੁਟਕਾਰਾ ਪਾ ਕੇ ਕਿਸੇ ਉੱਚੇ ਆਦਰਸ਼ ਵਲ ਆਪਣੇ ਆਤਮਿਕ, ਸਰੀਰਕ ਅਤੇ ਮਾਨਸਿਕ ਬਲ ਨੂੰ ਲਗਾਉਣ ਲਈ ਉਤਸ਼ਾਹਿਤ ਕਰਦੀ ਹੈ। ਇਸ ਦੇ ਅਨੁਸਾਰ ਪਰਉਪਕਾਰ ਅਤੇ ਸੇਵਾ ਲਈ ਮਨੁੱਖ ਦਾ ਆਪਣੇ ਆਪ ਨੂੰ ਮਿਟਾ ਦੇਣਾ ਹੀ ਸੱਚਾ ਬੈਰਾਗ ਹੈ। ਪ੍ਰਭੂ ਪ੍ਰਾਪਤੀ ਲਈ ਮਨੁੱਖ ਬੈਰਾਗ ਮਾਰਗ ਧਾਰਨ ਕਰਦਾ ਹੈ। ਇਸ ਤੇ ਤੁਰਨ ਲਈ ਪ੍ਰੇਮ, ਆਤਮ-ਸਮਰਪਣ, ਵਿਵੇਕਸ਼ੀਲਤਾ, ਅਡੋਲਤਾ, ਨਾਮ-ਸਿਮਰਨ, ਕੀਰਤਨ ਅਤੇ ਸਤਿ-ਵਿਹਾਰ ਸਹਾਈ ਹੁੰਦੇ ਹਨ। ਬੈਰਾਗ ਦੀ ਨਿਰਮਲਧਾਰਾ ਨਾਲ ਮਨ ਪਵਿੱਤਰ ਹੋ ਜਾਂਦਾ ਹੈ। ਇਸ ਪ੍ਰਕਾਰ ਗੁਰਮਤਿ ਬੈਰਾਗ ਨੇ ਮਨੁੱਖ ਦੇ ਇਕ ਨਵੇਂ ਸਰੂਪ ਨੂੰ ਜਨਮ ਦਿਤਾ। ਇਸ ਨੇ ਉਸ ਦੇ ਸਭਿਆਚਾਰਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਜੀਵਨ ਵਿਚ ਇਕ ਵੱਡੀ ਕ੍ਰਾਂਤੀ ਲਿਆਂਦੀ। ਇਸ ਦੇ ਅਨੁਸਾਰ ਮਨੁੱਖ ਨੇ ਆਪਣੇ ਅਸਲ ਦੀ ਪਛਾਣ ਆਪਣੇ ਹਿਰਦੇ ਵਿਚੋਂ ਹੀ ਕਰਨੀ ਹੈ। ਉਸ ਨੂੰ ਜੰਗਲਾਂ ਵਿਚ ਜਾਣ ਦੀ ਜ਼ਰੂਰਤ ਨਹੀਂ ਹੈ।

ਗੁਰੂ ਸਾਹਿਬਾਨ ਨੇ ਮਨ, ਬਚਨ, ਕਰਮ ਦੀ ਸੁਮੇਲਤਾ ਨੂੰ ਮਨੁੱਖੀ ਜੀਵਨ ਦੀ ਸਫ਼ਲਤਾ ਦਾ ਮੂਲ ਆਧਾਰ ਮੰਨਿਆ ਹੈ। ਇਸ ਲਈ ਉਨ੍ਹਾਂ ਨੇ ਮਨੁੱਖ ਨੂੰ ਸੰਸਾਰ ਨੂੰ ਤਿਆਗਣ ਦੀ ਥਾਂ ਗ੍ਰਿਹਸਥ ਜੀਵਨ ਦੀ ਪਾਲਣਾ ਕਰਦਿਆਂ ਜ਼ਿੰਦਗੀ ਗੁਜ਼ਾਰਨ ਦਾ ਉਪਦੇਸ਼ ਦਿਤਾ ਹੈ। ਗੁਰੂ ਸਾਹਿਬਾਨ ਦੀ ਬੈਰਾਗਮਈ ਅਨੁਭੂਤੀ ਜੀਵ, ਜਗਤ, ਬ੍ਰਹਮ, ਨਾਮ, ਗੁਰੂ, ਮਨ, ਧਰਮ, ਸਮਾਜ ਅਤੇ ਸਦਾਚਾਰ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ।

ਉਨ੍ਹਾਂ ਦੇ ਅਨੁਸਾਰ ਬੈਰਾਗ ਇਕ ਜੀਵਨ-ਦ੍ਰਿਸ਼ਟੀ ਅਤੇ ਮਾਨਸਿਕ ਅਵਸਥਾ ਹੈ। ਜਿਸ ਵਿਚ ਬੈਰਾਗੀ ਦੁੱਖ-ਸੁੱਖ ਨੂੰ ਸਮ ਕਰਕੇ ਜਾਣਦਾ ਹੈ। ਇਸ ਦੀ ਸੋਝੀ ਸ਼ਬਦ ਗੁਰੂ ਦੇ ਚਰਨੀ ਲੱਗਣ ਨਾਲ ਹੀ ਹੁੰਦੀ ਹੈ। ਸਾਧਕ ਦੇ ਹਿਰਦੇ ਵਿਚ ਪ੍ਰਭੂ ਮਿਲਾਪ ਦੀ ਤੀਬਰ ਇੱਛਾ ਪੈਦਾ ਹੁੰਦੀ ਹੈ ਅਤੇ ਉਸ ਦਾ ਮਨ ਵਿਸਮਾਦੀ ਖੇੜੇ ਨਾਲ ਭਰ ਜਾਂਦਾ ਹੈ। ਉਸ ਨੂੰ ਆਪਣੀ ਅਦੁੱਤੀ ਹੋਂਦ ਦਾ ਅਹਿਸਾਸ ਹੁੰਦਾ ਹੈ। ਉਸ ਦੇ ਅੰਦਰ ਸਤਿ-ਅਸਤਿ ਦੀ ਸੂਝ ਪੈਦਾ ਹੁੰਦੀ ਹੈ। ਇਹ ਮਨੁੱਖ ਦੀ ਅੰਤਰ ਦੀ ਸਾਧਨਾ ਹੈ। ਇਸ ਨੂੰ ਅਨੁਭੂਤੀ ਦੁਆਰਾ ਹੀ ਜਾਣਿਆ ਜਾ ਸਕਦਾ ਹੈ ਕਿਉਂਕਿ ਇਹ ਅਭਿਵਿਅਕਤੀ ਦਾ ਵਿਸ਼ਾ ਨਹੀਂ ਹੈ।

ਤੀਜੇ ਅਧਿਆਇ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚੋਂ ਉਤਪੰਨ ਹੋਏ ਧਰਮ ਦੇ ਸਰੂਪ ਨੂੰ ਵਿਸ਼ਲੇਸ਼ਣਾਤਮਿਕ ਤੌਰ ਤੇ ਵਿਚਾਰਿਆ ਗਿਆ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਪਤਾ ਚਲਦਾ ਹੈ ਕਿ ਗੁਰੂ ਤੇਗ਼ ਬਹਾਦਰ ਜੀ ਦੇ ਸਮੇਂ ਭਾਰਤੀ ਸਮਾਜ ਘੋਰ ਸੰਕਟ ਦੀਆਂ ਪ੍ਰਸਥਿਤੀਆਂ ਵਿਚੋਂ ਲੰਘ ਰਿਹਾ ਸੀ। ਆਮ ਲੋਕ ਦੂਹਰੀ ਮਾਰ ਝੱਲ ਰਹੇ ਸਨ। ਇਕ ਪਾਸੇ ਕੱਟੜ ਇਸਲਾਮੀ ਸ਼ਾਸ਼ਕ ਔਰੰਗਜ਼ੇਬ ਦੇ ਅਣਮਨੁੱਖੀ ਤਸ਼ੱਦਦ ਅਤੇ ਦੂਜੇ ਪਾਸੇ ਬ੍ਰਾਹਮਣੀ ਜਮਾਤ ਦੇ ਊਚ-ਨੀਚ ਦੇ ਵਿਤਕਰੇ, ਬਾਹਰੀ ਕਰਮ-ਕਾਂਡ, ਅੰਧਵਿਸ਼ਵਾਸ, ਫੋਕਟ ਰੀਤੀ-ਰਿਵਾਜ ਆਦਿ। ਇਨ੍ਹਾਂ ਹਾਲਾਤਾਂ ਵਿਚ ਆਪ ਜੀ ਨੇ ਸਮੁੱਚੀ ਮਨੁੱਖਤਾ ਦੇ ਦਰਦ ਨੂੰ ਸਮਝਿਆ। ਆਪ ਨੇ ਮਨੁੱਖਤਾ ਦੇ ਭਲੇ ਲਈ ਦੋ ਯਾਤਰਾਵਾਂ (ਉੱਤਰੀ ਪੂਰਬ ਅਤੇ ਮਾਲਵਾ) ਕੀਤੀਆਂ। ਇਸ ਦੇ ਦੌਰਾਨ ਭਾਰਤੀ ਸਮਾਜ ਵਿਚ ਜ਼ੁਲਮ ਦੇ ਖਿਲਾਫ਼ ਇਕ ਲੋਕ ਲਹਿਰ ਖੜ੍ਹੀ ਕੀਤੀ। ਲੋਕਾਂ ਨੂੰ ਧਰਮ ਦੀ ਪਛਾਣ ਕਰਾ ਕੇ ਸੰਘਰਸ਼ਸ਼ੀਲ ਹੋ ਕੇ ਆਪਣੇ ਸਵੈਮਾਣ ਦੀ ਰੱਖਿਆ ਹਿੱਤ ਜਿਉਣਾ ਸਿਖਾਇਆ। ਆਪ ਜੀ ਦੀ ਬਾਣੀ ਦਾ ਅਧਿਐਨ ਕਰਦਿਆਂ ਵਿਦਤ ਹੁੰਦਾ ਹੈ ਕਿ ਧਰਮ ਸਮੁੱਚੀ ਮਨੁੱਖਤਾ ਨੂੰ ਏਕਤਾ ਵਿਚ ਪਰੋਣ ਦਾ ਕਾਰਜ ਕਰਦਾ ਹੈ। ਇਹ ਮਨੁੱਖ ਨੂੰ ਆਤਮਿਕ ਸ਼ਾਂਤੀ ਅਤੇ ਸਮਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੇ ਕੁੱਝ ਨਿਯਮ ਜਾਂ ਉਪਾਅ ਨਿਸ਼ਚਿਤ ਕਰਦਾ ਹੈ। ਜਿਸ ਦੇ ਨਾਲ ਸਮਾਜ ਵਿਚ ਸਾਕਾਰਾਤਮਿਕ ਗਤੀਸ਼ੀਲਤਾ ਨਿਰੰਤਰ ਬਣੀ

ਰਹਿੰਦੀ ਹੈ। ਮਨੁੱਖੀ ਸਮਾਜ ਪ੍ਰਗਤੀ ਦੇ ਰਸਤੇ ਤੇ ਚਲਦਾ ਹੈ। ਅਜਿਹੇ ਸਮਾਜ ਵਿਚ ਮਨੁੱਖ ਧਰਮ ਨੂੰ ਪਛਾਣਦਿਆਂ ਸਰਬਕਲਿਆਣੀ ਕਾਰਜ ਕਰਨਾ ਆਪਣਾ ਜੀਵਨ ਉਦੇਸ਼ ਬਣਾ ਲੈਂਦਾ ਹੈ। ਧਰਮੀ ਮਨੁੱਖ ਪੂਰਨ ਬ੍ਰਹਮ ਗਿਆਨੀ ਹੋ ਕੇ ਬੁਝੇ ਮਨਾਂ ਅੰਦਰ ਜ਼ਿੰਦਗੀ ਦਾ ਨਵਾਂ ਪ੍ਰਕਾਸ਼ ਪੈਦਾ ਕਰਦਾ ਹੈ।

ਉਪਰੋਕਤ ਵਿਚਾਰ-ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਧਰਮ ਦੇ ਅਸਲੀ ਸਰੂਪ ਨੂੰ ਪਛਾਣਦਿਆਂ ਜ਼ੁਲਮ ਦੇ ਖਿਲਾਫ਼ ਮਜ਼ਲੂਮਾਂ ਦੀ ਰੱਖਿਆ ਹਿੱਤ ਆਪਣਾ ਸੀਸ ਦੇ ਕੇ ਮਹਾਨ ਅਤੇ ਅਦੁੱਤੀ ਕੁਰਬਾਨੀ ਕੀਤੀ ਜਿਸ ਦੀ ਮਿਸਾਲ ਦੁਨੀਆ ਦੇ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ, ਇਸੇ ਲਈ ਆਪ ਜੀ ਨੂੰ *'ਹਿੰਦ ਦੀ ਚਾਦਰ'* ਕਹਿ ਕੇ ਸਤਿਕਾਰਿਆ ਜਾਂਦਾ ਹੈ।

ਚੌਥੇ ਅਧਿਆਇ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚੋਂ ਉਤਪੰਨ ਹੋਏ ਬੈਰਾਗ ਦੇ ਸੰਕਲਪ ਨੂੰ ਵਿਭਿੰਨ ਪਹਿਲੂਆਂ ਤੋਂ ਵਿਚਾਰਿਆ ਗਿਆ ਹੈ। ਮੂਲ ਰੂਪ ਵਿਚ ਆਪ ਜੀ ਦੀ ਬਾਣੀ ਦਾ ਕੇਂਦਰੀ ਵਿਸ਼ਾ *'ਗੁਰਮਤਿ ਆਦਰਸ਼ਵਾਦ'* ਹੈ। ਜਿਸ ਦੇ ਅਨੁਸਾਰ ਸੰਸਾਰਿਕਤਾ ਵਿਚ ਅਪਵਿੱਤਰਤਾ ਦੇ ਦੌਰਾਨ ਪਵਿੱਤਰ ਬਣੇ ਰਹਿਣ ਦਾ ਨਾਂ ਬੈਰਾਗ ਹੈ। ਇਹ ਪਾਰਦਰਸ਼ਤਾ ਦਾ ਬੈਰਾਗ ਹੈ। ਇਹ ਸਵੈ-ਪਰਿਤਿਆਗ ਅਤੇ ਸਰਬਤ ਦੇ ਭਲੇ ਲਈ ਸਵੈ-ਕੁਰਬਾਨੀ ਦਾ ਬੈਰਾਗ ਹੈ। ਇਸ ਵਿਚ ਮਨੁੱਖਤਾ ਅਤੇ ਆਪਣੇ ਕਰਤੱਵ ਪ੍ਰਤੀ ਈਮਾਨਦਾਰ ਹੋਣ, ਨਾ ਕਿਸੇ ਨੂੰ ਭੈਅ ਦੇਣ ਅਤੇ ਨਾ ਹੀ ਕਿਸੇ ਦਾ ਭੈਅ ਮੰਨਣ, ਰਾਜਸੀ ਜਾਂ ਪੁਜਾਰੀ ਸ਼੍ਰੇਣੀ ਦੇ ਡਰ ਤੋਂ ਸੁਤੰਤਰ ਹੋਣ, ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ, ਆਸਾਵਾਦ ਭਰਪੂਰ ਜੀਵਨ ਦੇ ਲਈ ਸੰਘਰਸ਼ ਕਰਨ, ਸਮਾਜਿਕ ਵੰਗਾਰਾਂ ਨੂੰ ਕਬੂਲਣ, ਫੋਕਟ ਰੀਤੀ-ਰਿਵਾਜਾਂ ਅਤੇ ਕਰਮ-ਕਾਂਡਾਂ ਦੀ ਵਿਰੋਧਤਾ ਕਰਨ, ਸ਼ਬਦ ਗੁਰੂ ਦੇ ਚਰਨੀਂ ਲਗ ਨਾਮ-ਸਿਮਰਨ ਕਰਨ, ਆਪਣੇ ਮਨ ਨੂੰ ਨੀਵਾਂ ਅਤੇ ਸੁਰਤ ਨੂੰ ਉੱਚੀ ਰੱਖਣ, ਉਤਸ਼ਾਹੀ ਜੀਵਨ ਸ਼ੈਲੀ ਨੂੰ ਅਪਣਾਉਣ, ਕਿਰਿਆਸ਼ੀਲ ਹੋ ਦ੍ਰਿੜ ਇਰਾਦੇ ਨਾਲ ਸਮਾਜ ਨੂੰ ਸਾਰਥਕ ਸੇਧ ਪ੍ਰਦਾਨ ਕਰਨ ਵਰਗੇ ਮਾਨਵੀ ਸਰੋਕਾਰ ਸਮਾਏ ਹੋਏ ਹਨ।

ਆਪ ਜੀ ਦਾ ਇਹ ਬੈਰਾਗ ਆਸ਼ਾਵਾਦ ਦਾ ਲਖਾਇਕ ਹੈ। ਇਹ ਜੀਵਨ ਤੋਂ ਉਪਰਾਮ ਜਾਂ ਭਾਂਜਵਾਦੀ ਦ੍ਰਿਸ਼ਟੀ ਦਾ ਸੂਚਕ ਨਹੀਂ ਸਗੋਂ ਮੁਕਤ ਮਾਨਵ ਦੇ ਸੰਦਰਭ ਨੂੰ ਪੇਸ਼ ਕਰਦਾ ਹੈ। ਇਸ ਅਧੀਨ ਮਨੁੱਖ ਸੰਤ, ਸਾਧ, ਗੁਰਮੁਖ ਜਾਂ ਗਿਆਨੀ ਪਦ ਪ੍ਰਾਪਤ ਕਰਕੇ ਪ੍ਰਭੂ ਦੀ ਭਗਤੀ ਵਿਚ ਸਦਾ ਲੀਨ ਰਹਿੰਦਾ ਹੈ ਅਤੇ ਆਪਣੇ ਮਨ ਨੂੰ ਇਕਾਗਰਚਿਤ ਕਰਕੇ ਜਪ, ਤਪ ਅਤੇ ਸੰਜਮੀ ਜੀਵਨ ਗੁਜ਼ਾਰਦਾ ਹੈ। ਇਸ ਪ੍ਰਕਾਰ ਆਪ ਜੀ ਦੇ ਬੈਰਾਗ ਚਿੰਤਨ ਅਨੁਸਾਰ ਮਨੁੱਖ ਸਦਾਚਾਰੀ, ਸਰਲ, ਸਹਿਜ, ਚਰਿੱਤਰਵਾਨ, ਨਿਰਭੈ, ਸ਼ੁੱਧ ਅਤੇ ਸਾਤਵਿਕ ਜੀਵਨ ਜਿਉਂਦਾ ਹੋਇਆ ਧਰਮ ਦੀ ਰੱਖਿਆ ਹਿੱਤ ਤਿਆਰ-ਬਰ-ਤਿਆਰ ਰਹਿੰਦਾ ਹੈ। ਜਿਸ ਨਾਲ ਇਕ ਨਵੇਂ ਸਮਾਜ ਦੀ ਸੰਕਲਪਨਾ ਹੋਂਦ ਵਿਚ ਆਉਂਦੀ ਹੈ।

ਆਪ ਜੀ ਦੀ ਬਾਣੀ ਵਿਚੋਂ ਉਤਪੰਨ ਹੋਏ ਬੈਰਾਗ ਦੇ ਸੰਕਲਪ ਨੂੰ ਵਿਭਿੰਨ ਪੱਖਾਂ ਤੋਂ ਵਿਚਾਰਦਿਆਂ ਪਤਾ ਚਲਦਾ ਹੈ ਕਿ ਸੰਸਾਰਿਕਤਾ ਤੋਂ ਬੈਰਾਗ, ਸਕੇ-ਸੰਬੰਧੀਆਂ ਅਤੇ ਰਿਸ਼ਤੇਦਾਰਾਂ ਤੋਂ ਬੈਰਾਗ, ਧਨ-ਸੰਪਤੀ ਅਤੇ ਮਹਿਲ-ਮਾੜੀਆਂ ਤੋਂ ਬੈਰਾਗ, ਅਖੌਤੀ ਕਰਮ-ਕਾਂਡਾਂ ਅਤੇ ਵਿਕਾਰੀ ਮਨੋਬਿਰਤੀਆਂ ਤੋਂ ਬੈਰਾਗ ਪ੍ਰਾਪਤ ਕਰਨਾ ਹੀ ਅਸਲ ਬੈਰਾਗ ਹੈ। ਇਸ ਤੋਂ ਪੂਰਨ ਤੌਰ ਤੇ ਸਪਸ਼ਟ ਹੋ ਜਾਂਦਾ ਹੈ ਕਿ ਆਪ ਜੀ ਮਨੁੱਖ ਨੂੰ ਮੋਹ-ਮਾਇਆ ਦੇ ਜਾਲ ਤੋਂ ਮੁਕਤ ਕਰਵਾ ਕੇ ਇਕ ਸ਼ਕਤੀਸ਼ਾਲੀ ਮਨੁੱਖ ਦੀ ਸਿਰਜਨਾ ਕਰਨੀ ਚਾਹੁੰਦੇ ਸਨ ਜਿਹੜਾ ਕਿ ਦਵੰਦਮਈ ਸਥਿਤੀ ਤੋਂ ਛੁਟਕਾਰਾ ਪਾ ਕੇ ਆਪਣੇ ਮਨ ਨੂੰ ਸਹਿਜ ਪ੍ਰਕਿਰਤੀ ਦਾ ਬਣਾਵੇ। ਇਸ ਤਰ੍ਹਾਂ ਬੈਰਾਗੀ ਆਪਣੇ ਸਰੀਰ, ਪ੍ਰਾਣ ਮਨ ਅਤੇ ਬੁੱਧੀ ਨੂੰ ਆਪਣੇ ਜਬਤ ਵਿਚ ਰੱਖਦਾ ਹੋਇਆ ਆਪਣੀ ਸਖ਼ਸ਼ੀਅਤ ਨੂੰ ਉੱਚਤਾ ਵਲ ਲਿਜਾਂਦਾ ਹੈ। ਬੈਰਾਗ ਅਨੁਭਵ ਦਾ ਸੰਬੰਧ ਪਵਿੱਤਰਤਾ ਤੋਂ ਇਲਾਵਾ ਨੈਤਿਕ ਤੱਤਾਂ ਦੇ ਨਾਲ ਵੀ ਹੈ। ਬੈਰਾਗ ਚਿੰਤਨ ਵਿਚ ਤਰਕ ਜਾਂ ਬੁੱਧੀ ਦੀ ਥਾਂ ਅਨੁਭਵ ਨੂੰ ਵਧੇਰੇ ਤਰਜੀਹ ਦਿਤੀ ਜਾਂਦੀ ਹੈ। ਆਪ ਜੀ ਦੀ ਬਾਣੀ ਵਿਚੋਂ ਪੈਦਾ ਹੋਏ ਬੈਰਾਗ ਵਿਚ ਧਰਮ ਪ੍ਰਤੀ ਨਵੀਨ ਦ੍ਰਿਸ਼ਟੀ ਸੰਮਿਲਤ ਹੈ ਜੋ ਕਿ ਇਕ

ਕ੍ਰਾਂਤੀਕਾਰੀ ਵੱਖਰਤਾ ਅਤੇ ਮੌਲਕਿਤਾ ਦਾ ਪਰਿਪੇਖ ਸਿਰਜਦੀ ਹੈ ਜਿਸ ਅਨੁਸਾਰ ਮਨੁੱਖ ਮੁਕਤੀ ਦੇ ਲਈ ਅਧਿਆਤਮਿਕ ਮਾਰਗ ਧਾਰਨ ਕਰਦਾ ਹੈ। ਇਸ ਪ੍ਰਕਾਰ ਆਪਦਾ ਬੈਰਾਗ ਚਿੰਤਨ ਮਨੁੱਖੀ ਜੀਵਨ ਦੌਰਾਨ ਉੱਚਤਮ ਦੀ ਪ੍ਰਾਪਤੀ ਲਈ ਕੀਤੇ ਗਏ ਸੰਘਰਸ਼ ਅਤੇ ਤ੍ਰਿਸ਼ਨਾ ਦੇ ਵਿਰੁੱਧ ਕੀਤੇ ਯਤਨਾਂ ਦਾ ਲਖਾਇਕ ਹੈ। ਸੱਚੇ ਬੈਰਾਗੀ ਨੂੰ ਆਪ ਨੇ *'ਭਗਵਾਨ ਮੂਰਤਿ'* ਕਹਿ ਕੇ ਵਡਿਆਇਆ ਹੈ। ਇਹੀ ਆਦਰਸ਼ ਮਨੁੱਖ ਹੈ। ਉਸ ਵਿਚ ਸਭ ਉੱਚੀਆਂ ਕਦਰਾਂ-ਕੀਮਤਾਂ ਸਮਾਈਆਂ ਹੋਈਆਂ ਹਨ, ਅਜਿਹਾ ਸਖ਼ਸ਼ ਬਣਨਾ ਹੀ ਮਨੁੱਖ ਦਾ ਪਰਮ ਧਰਮ ਹੈ।

ਪੰਜਵੇਂ ਅਧਿਆਇ ਵਿਚ ਗੁਰੂ ਤੇਗ ਬਹਾਦਰ ਜੀ ਦੇ ਬੈਰਾਗ ਚਿੰਤਨ ਦੇ ਵਾਸਤਵਿਕ ਸਰੂਪ ਨੂੰ ਸਮਝਣ ਅਤੇ ਉਸਦੇ ਸਪਸ਼ਟੀਕਰਣ ਲਈ ਤੁਲਨਾਤਮਿਕ ਦ੍ਰਿਸ਼ਨੀਕੋਣ ਤੋਂ ਅਧਿਐਨ ਕੀਤਾ ਗਿਆ ਹੈ । ਹਿੰਦੂ ਧਰਮ ਵਿਚ ਬੈਰਾਗ ਨੂੰ ਪ੍ਰਮੁੱਖ ਸਥਾਨ ਪ੍ਰਾਪਤ ਹੈ। ਇਹ ਇਕ ਅਜਿਹੀ ਮਨੋਸਥਿਤੀ ਕਲਪੀ ਗਈ ਹੈ ਜਿਸ ਵਿਚ ਮਨੁੱਖ ਦਾ ਮਨ ਮੋਹ-ਮਾਇਆ ਦੇ ਜਾਲ ਤੋਂ ਮੁਕਤ ਹੋ ਕੇ ਪਰਮਾਤਮਾ ਦੀ ਖੋਜ ਵਲ ਲਗ ਜਾਂਦਾ ਹੈ। ਬੈਰਾਗ ਹਿੰਦੂ ਧਰਮ ਦਾ ਇਕ ਸਿਧਾਂਤਕ ਸ਼ਬਦ ਹੈ ਜਿਹੜਾ ਕਿ ਸੰਸਾਰਕ ਪਦਾਰਥਾਂ ਦੇ ਤਿਆਗ ਦੇ ਨਾਲ-ਨਾਲ ਉਸਤਤਿ-ਨਿੰਦਾ, ਮੋਹ-ਮਾਇਆ ਅਤੇ ਹਉਮੈ ਜਿਹੀਆਂ ਬੁਰਾਈਆਂ ਦੇ ਤਿਆਗ ਤੇ ਜ਼ੋਰ ਦਿੰਦਾ ਹੈ ਅਤੇ ਇਸ ਸੰਸਾਰ ਦੇ ਤਿਆਗ ਕਰਨ ਨੂੰ ਬੈਰਾਗ ਕਿਹਾ ਜਾਂਦਾ ਹੈ। ਬੈਰਾਗ ਧਾਰਨ ਵਾਲਾ ਮਨੁੱਖ ਘਰ-ਬਾਰ ਦਾ ਤਿਆਗ ਕਰਕੇ ਮੁਕਤੀ ਦੀ ਪ੍ਰਾਪਤੀ ਲਈ ਜੰਗਲਾਂ ਨੂੰ ਚਲਿਆ ਜਾਂਦਾ ਹੈ।

'ਸ੍ਰੀਮਦ੍ ਭਗਵਦ੍ ਗੀਤਾ' ਵਿਚ ਉਪਦੇਸ਼ ਦਿਤਾ ਗਿਆ ਹੈ ਕਿ ਮਨੁੱਖ ਲਈ ਨਿਸ਼ਕਾਮ ਕਰਮ ਕਰਨ ਲਈ ਸਭ ਤੋਂ ਪਹਿਲਾਂ ਬੈਰਾਗ ਦੀ ਜ਼ਰੂਰਤ ਹੈ। ਮੋਹ, ਭਰਮ, ਮਿੱਥਿਆ ਦੇ ਜੰਗਲਾਂ ਨੂੰ ਜਦੋਂ ਉਹ ਪਾਰ ਕਰ ਲੈਂਦਾ ਹੈ ਤਾਂ ਉਦੋਂ ਉਸਦੇ ਮਨ ਵਿਚ ਬੈਰਾਗਮਈ ਭਾਵਨਾ ਉਤਪੰਨ ਹੁੰਦੀ ਹੈ। ਕਰਮਯੋਗ, ਗਿਆਨਯੋਗ, ਭਗਤੀਯੋਗ ਵਿਚ ਸਭ ਤੋਂ ਪਹਿਲਾਂ ਬੈਰਾਗ ਦੀ ਲੋੜ ਹੈ। ਜਦੋਂ ਤਕ ਉਸ ਦੇ ਮਨ ਵਿਚ

ਲੋਕ-ਪਰਲੋਕ ਦੇ ਭੋਗਾਂ ਦੀ ਇੱਛਾ ਬਣੀ ਰਹਿੰਦੀ ਹੈ ਉਦੋਂ ਤਕ ਨਿਸ਼ਕਾਮ ਭਾਵਨਾ ਨਹੀਂ ਆ ਸਕਦੀ। ਬੁੱਧੀ ਦੀ ਸਮਤਾ ਬੈਰਾਗ ਦੇ ਨਾਲ ਹੀ ਹੁੰਦੀ ਹੈ। ਬੈਰਾਗ ਦੀ ਪ੍ਰਾਪਤੀ ਇਕ ਨਿਰੰਤਰ ਅਭਿਆਸ ਦੇ ਨਾਲ ਆਉਂਦੀ ਹੈ। ਵਿਸ਼ਿਆਂ ਵਲੋਂ ਉਸ ਦੁਆਰਾ ਆਪਣੀਆਂ ਮਨੋਬਿਰਤੀਆਂ ਨੂੰ ਮੋੜ ਕੇ ਪ੍ਰਭੂ ਦੇ ਚਰਨਾਂ ਵਿਚ ਆਪਣਾ ਧਿਆਨ ਲਗਾਉਣ ਦਾ ਨਾਮ ਬੈਰਾਗ ਹੈ। ਇਸ ਲਈ ਬੈਰਾਗ ਦੀ ਪ੍ਰਾਪਤੀ ਲਈ ਮਨ ਦੀ ਸਥਿਤਰਾ ਪੈਦਾ ਕਰਨੀ ਬਹੁਤ ਜ਼ਰੂਰੀ ਹੈ।

'ਸ੍ਰੀ ਰਾਮਚਰਿਤਮਾਨਸ' ਗ੍ਰੰਥ ਵਿਚ ਤੁਲਸੀ ਦਾਸ ਨੇ ਸ੍ਰੀ ਰਾਮ ਚੰਦਰ ਜੀ ਨੂੰ ਵਿਸ਼ਨੂੰ ਭਗਵਾਨ ਦਾ ਅਵਤਾਰ ਮੰਨ ਕੇ ਨਿਰਗੁਣ ਤੇ ਸਰਗੁਣ ਦੋਹਾਂ ਰੂਪਾਂ ਵਿਚ ਚਿਤਰਿਆ ਹੈ। ਨਿਰਗੁਣ ਸਰੂਪ ਵਿਚ ਸ੍ਰੀ ਰਾਮ ਬੈਰਾਗੀ ਹੋ ਵਿਚਰਦੇ ਹਨ। ਸਰਗੁਣ ਭਾਵ ਮਨੁੱਖੀ ਸਰੀਰ ਵਿਚ ਉਹ ਦੁੱਖ-ਸੁੱਖ, ਖ਼ੁਸ਼ੀ-ਗ਼ਮੀ ਅਨੁਭਵ ਕਰਦੇ ਹਨ। 'ਸ੍ਰੀ ਰਾਮਚਰਿਤਮਾਨਸ' ਵਿਚ ਬੈਰਾਗ ਦੇ ਸੰਦਰਭ ਵਿਚ ਅਨੇਕਾਂ ਪ੍ਰਸੰਗ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਵੇਂ ਕਿ ਕੈਕਈ ਦੇ ਦਸ਼ਰਥ ਤੋਂ ਦੋ ਵਰ ਮੰਗਣ ਦੇ ਸਮੇਂ, ਰਾਮ, ਲਛਮਣ, ਸੀਤਾ ਦੇ ਬਣਵਾਸ ਜਾਣ ਵੇਲੇ ਅਯੋਧਿਆ ਵਾਸੀ ਬੈਰਾਗ ਵਿਚ ਵਿਆਕੁਲ ਹੁੰਦੇ ਹਨ, ਭਰਤ ਦਾ ਸ੍ਰੀ ਰਾਮ ਤੋਂ ਖੜਾਵਾਂ ਲੈ ਕੇ ਅਯੋਧਿਆ ਆ ਕੇ ਰਾਜ ਪ੍ਰਬੰਧ ਚਲਾਉਣ ਸਮੇਂ। ਇਸ ਦੇ ਸਮਵਿਥ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਬੈਰਾਗ ਕੇਵਲ ਨਿਰਗੁਣ ਬ੍ਰਹਮ ਦੀ ਪ੍ਰਾਪਤੀ ਲਈ ਹੈ। ਇਸ ਬੈਰਾਗ ਦੀ ਪ੍ਰਾਪਤੀ ਰਾਮ ਨਾਮ-ਸਿਮਰਨ ਦੁਆਰਾ ਕੀਤੀ ਜਾਂਦੀ ਹੈ। ਇਹ ਨਾਮ ਹੀ ਸਦਾ ਸੁਖ ਦੇਣ ਵਾਲਾ ਹੈ।

ਬੁੱਧ ਧਰਮ ਵਿਚ ਮੁਕਤੀ (ਨਿਰਬਾਣ) ਦੀ ਪ੍ਰਾਪਤੀ ਲਈ ਅਸ਼ਟਾਂਗ ਮਾਰਗ ਨੂੰ ਸਵੀਕਾਰਿਆ ਗਿਆ ਹੈ। ਇਸ ਵਿਚ ਸਦਾਚਾਰਕ, ਧਾਰਮਿਕ ਅਤੇ ਦਾਰਸ਼ਨਿਕ ਪੱਖ ਸ਼ਾਮਲ ਹਨ। ਮਨੁੱਖ ਇਸ ਤੇ ਚਲ ਕੇ ਦੁੱਖਾਂ ਅਤੇ ਅਸਥਿਰਤਾ ਤੋਂ ਬਚ ਸਕਦਾ ਹੈ। ਇਸ ਧਰਮ ਵਿਚ ਆਸ਼ਾਵਾਦ ਅਤੇ ਨਿਰਾਸ਼ਾਵਾਦ ਨੂੰ ਕੋਈ ਮਹੱਤਵ ਨਹੀਂ ਦਿਤਾ ਗਿਆ। ਇਨ੍ਹਾਂ ਦੋਹਾਂ ਤੋਂ ਛੁਟਕਾਰਾ ਪਾ ਕੇ ਮੁਕਤ ਪਦ ਤੇ ਵਧੇਰੇ ਧਿਆਨ ਦਿਤਾ ਗਿਆ ਹੈ। ਇਹੋ ਹੀ ਇਕ ਸੱਚੇ ਬੈਰਾਗ ਦੀ ਅਵਸਥਾ ਹੈ। ਸਮਾਜ ਵਿਚ

ਮਨੁੱਖ ਨੂੰ ਆਲਸ, ਸ਼ਕਤੀਹੀਣਤਾ ਤੋਂ ਮੋੜ ਕੇ ਸੰਜਮਮਈ ਜੀਵਨ ਬਤੀਤ ਕਰਨ ਲਈ ਆਪਣੀਆਂ ਇੰਦਰੀਆਂ ਤੇ ਕਾਬੂ ਪਾਉਣ ਲਈ ਮਨ ਦੀ ਸਥਿਰਤਾ ਨੂੰ ਜ਼ਰੂਰੀ ਮੰਨਿਆ ਜਾਂਦਾ ਹੈ ਜੋ ਕਿ ਬੈਰਾਗ ਨੂੰ ਧਾਰਨ ਕੀਤੇ ਬਿਨ੍ਹਾਂ ਸੰਭਵ ਨਹੀਂ ਹੈ। 'ਧੱਮਪਦ' ਗ੍ਰੰਥ ਵਿਚ ਮਨੁੱਖ ਨੂੰ ਗ੍ਰਿਹਸਥ ਦੇ ਸਾਰੇ ਸੁੱਖ ਤਿਆਗ ਕੇ ਘਰ-ਬਾਰ ਨੂੰ ਛੱਡ ਕੇ ਬੈਰਾਗੀ ਬਣਨ ਦੀ ਸਿੱਖਿਆ ਦਿਤੀ ਗਈ ਹੈ। ਇਸ ਵਿਚ ਜਿੱਥੇ ਮਨੁੱਖ ਨੂੰ ਭਿੱਖਿਆ ਮੰਗਣ ਦੀ ਆਗਿਆ ਦਿਤੀ ਗਈ ਹੈ ਉੱਥੇ ਇਕਾਂਤਵਾਸ ਅਤੇ ਉਪਰਾਮ ਹੋ ਕੇ ਮਨ ਨੂੰ ਧਿਆਨ ਵਿਚ ਲਗਾਉਣ ਦੀ ਪ੍ਰੇਰਣਾ ਦਿਤੀ ਗਈ ਹੈ। ਪਰ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਅਜਿਹੇ ਬੈਰਾਗ ਦੇ ਸਾਧਨ ਦੀ ਪ੍ਰਾਪਤੀ ਦੀ ਵਿਰੋਧਤਾ ਕੀਤੀ ਗਈ ਹੈ ਅਤੇ ਮਨੁੱਖ ਨੂੰ ਗ੍ਰਿਹਸਥੀ ਜੀਵਨ ਧਾਰਨ ਕਰਕੇ ਬੈਰਾਗ ਧਾਰਨ ਲਈ ਉਪਦੇਸ਼ ਦਿਤਾ ਗਿਆ ਹੈ। ਬੈਰਾਗ ਦੀ ਪ੍ਰਾਪਤੀ ਲਈ ਕੇਵਲ ਪ੍ਰਭੂ ਦਾ ਨਾਮ-ਸਿਮਰਨ ਕਰਨ ਲਈ ਫ਼ੁਰਮਾਇਆ ਗਿਆ ਹੈ।

ਜੈਨ ਧਰਮ ਦੇ ਗ੍ਰੰਥ 'ਤਤਵਾਰਥ ਸੂਤਰ' ਵਿਚ ਬੈਰਾਗ ਤੇ ਵਧੇਰੇ ਜ਼ੋਰ ਦਿਤਾ ਗਿਆ ਹੈ। ਇਸ ਵਿਚ ਅਹਿੰਸਾ ਆਦਿ ਵਰਤ ਦੀ ਪਾਲਣਾ ਕਰਨੀ ਬੈਰਾਗ ਦੀ ਪ੍ਰਾਪਤੀ ਲਈ ਜ਼ਰੂਰੀ ਮੰਨੀ ਗਈ ਹੈ। ਇਸ ਵਿਚ ਭਿੱਖਿਆ ਮੰਗਣ ਵਾਲੇ ਭਿਕਸ਼ੂ ਦੀ ਪ੍ਰਸੰਸਾ ਕੀਤੀ ਗਈ ਹੈ। ਕਿਹਾ ਗਿਆ ਹੈ ਕਿ ਭਿਕਸ਼ੂ ਅਭਿਮਾਨੀ ਨਹੀਂ ਸਗੋਂ ਨਿਮਰਤਾ ਵਾਲਾ ਹੈ। ਉਹ ਆਪਣੀਆਂ ਇੰਦਰੀਆਂ ਨੂੰ ਦਬਾ ਕੇ ਰੱਖਦਾ ਹੈ। ਭਿਕਸ਼ੂ ਲਈ ਪੰਜ ਵਰਤ ਧਾਰਨ ਕਰਨੇ ਜ਼ਰੂਰੀ ਹਨ। ਜਿਸ ਵਿਚ ਅਨੇਕਾਂ ਕਿਸਮ ਦੇ ਕਰਮ-ਕਾਂਡ ਦੀ ਪਾਲਣਾ ਕਰਨੀ ਜ਼ਰੂਰੀ ਮੰਨੀ ਗਈ ਹੈ। ਪਰੰਤੂ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਅਜਿਹੇ ਬੈਰਾਗ ਦੀ ਪੂਰਨ ਤੌਰ ਤੇ ਨਿਖੇਧੀ ਕੀਤੀ ਗਈ ਹੈ। 'ਉਤਰਾਧਿਐਨ ਗ੍ਰੰਥ' ਵਿਚ ਅਨੇਕਾਂ ਕਥਾਵਾਂ ਰਾਹੀਂ ਸਾਧਕ ਨੂੰ ਬੈਰਾਗ ਧਾਰਨ ਕਰਨ ਲਈ ਉਪਦੇਸ਼ ਦਿਤਾ ਗਿਆ ਹੈ। ਪਰ ਗੁਰੂ ਤੇਗ ਬਹਾਦਰ ਜੀ ਨੇ ਬੈਰਾਗ ਦੀ ਪ੍ਰਾਪਤੀ ਲਈ ਨਾਰੀ ਦਾ ਤਿਆਗ, ਵਰਤ ਰੱਖਣੇ ਜਾਂ ਕਰਮ-ਕਾਂਡ ਕਰਨੇ ਜ਼ਰੂਰੀ ਨਹੀਂ ਪ੍ਰਵਾਨੇ। ਮਨੁੱਖ ਨੂੰ ਮਨ ਦੀ ਸਥਿਰਤਾ ਧਾਰਨ ਕਰਦਿਆਂ ਅਤੇ ਸੰਜਮੀ ਜੀਵਨ ਬਤੀਤ ਕਰਦਿਆਂ

ਬੈਰਾਗ ਧਾਰਨ ਕਰਨ ਲਈ ਪ੍ਰੇਰਿਆ ਗਿਆ ਹੈ। ਸੱਚਾ ਬੈਰਾਗ ਤਾਂ ਆਤਮਿਕ ਅਨੰਦ ਹੈ ਜੋ ਕਿ ਪ੍ਰਭੂ ਚਰਨਾਂ ਦੇ ਨਾਲ ਜੁੜ ਕੇ ਪ੍ਰਾਪਤ ਹੁੰਦਾ ਹੈ।

ਈਸਾਈ ਧਰਮ ਦੀ ਪਵਿੱਤਰ ਪੁਸਤਕ 'ਬਾਈਬਲ' ਵਿਚ ਮਨੁੱਖ ਨੂੰ ਬੈਰਾਗ ਧਾਰਨ ਕਰਨ ਦੇ ਕਈ ਪ੍ਰਸੰਗ ਮਿਲਦੇ ਹਨ। ਪਹਾੜੀ ਉਪਦੇਸ਼ ਵਿਚ ਮਨੁੱਖ ਨੂੰ ਬੈਰਾਗ ਧਾਰਨ ਕਰਨ ਲਈ ਕਿਹਾ ਗਿਆ ਹੈ। ਦੱਸਿਆ ਗਿਆ ਹੈ ਕਿ ਬੈਰਾਗ ਇਕ ਮਾਨਸਿਕ ਅਵਸਥਾ ਹੈ ਜਿਹੜੀ ਕਿ ਵਿਸ਼ੇ-ਵਿਕਾਰਾਂ ਤੋਂ ਮੁਕਤ ਹੋ ਕੇ ਪ੍ਰਾਪਤ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਮਨੁੱਖ ਨੂੰ ਸੋਕ ਵਿਰਲਾਪ ਧਾਰਨ ਕਰਨ ਦੀ ਸਿੱਖਿਆ ਦਿਤੀ ਗਈ ਹੈ। ਪਰ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਬੈਰਾਗ ਦੀ ਪ੍ਰਾਪਤੀ ਲਈ ਅਜਿਹਾ ਨਹੀਂ ਫ਼ਰਮਾਇਆ ਗਿਆ। ਗੁਰੂ ਸਾਹਿਬ ਨੇ ਤਾਂ ਸੱਚੇ ਬੈਰਾਗ ਦੀ ਪ੍ਰਾਪਤੀ ਲਈ ਸਮਦ੍ਰਿਸ਼ਟੀ ਧਾਰਨ ਕਰਨ ਲਈ ਫ਼ਰਮਾਇਆ ਹੈ।

ਇਸਲਾਮ ਧਰਮ ਦੇ ਪਵਿੱਤਰ ਗ੍ਰੰਥ ਕੁਰਆਨ ਮਜੀਦ ਵਿਚ ਫ਼ਰਮਾਇਆ ਗਿਆ ਹੈ ਕਿ 'ਅੱਲਾਹ ਦੇ ਨਾਲ ਕਿਸੇ ਹੋਰ ਇਸ਼ਟ ਨੂੰ ਨਾ ਪੁਕਾਰੋ। ਉਸ ਤੋਂ ਛੁੱਟ ਹੋਰ ਕੋਈ ਇਸ਼ਟ ਨਹੀਂ ਹੈ। ਉਸਦੀ ਹਸਤੀ ਤੋਂ ਸਿਵਾ ਹਰੇਕ ਚੀਜ਼ ਨਾਸ਼ਵਾਨ ਹੈ। ਪਾਤਸ਼ਾਹੀ ਉਸੇ ਦੀ ਹੈ ਤੇ ਉਸੇ ਵੱਲ ਤੁਸੀਂ ਪਰਤਾਏ ਜਾਓਗੇ' (ਕੁਰਆਨ : 28 : 88)। ਇਸ ਦਾ ਭਾਵ ਮਨੁੱਖ ਆਪਣੀ ਹਸਤੀ ਮਿਟਾ ਕੇ ਰੱਬੀ ਬੰਦਗੀ ਕਰਦਿਆਂ ਉਸਨੂੰ ਸਮਰਪਿਤ ਹੋ ਜਾਵੇ। ਰੱਬ ਦੇ ਸਿਵਾਏ ਉਸ ਦੇ ਦਿਲ ਵਿਚ ਕਿਸੇ ਹੋਰ ਚੀਜ਼ ਦੀ ਇੱਛਾ ਨਾ ਹੋਵੇ। ਇਸ ਦੇ ਫਲਸਰੂਪ ਉਸ ਲਈ ਰੱਬ ਦੀ ਦੂਰੀ ਅਤੇ ਨੇੜਤਾ ਦੇ ਖ਼ਿਆਲ ਅਰਥਹੀਣ ਹੋ ਕੇ ਰਹਿ ਜਾਂਦੇ ਹਨ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਸਲਾਮ ਧਰਮ ਵਿਚ ਬੈਰਾਗ ਚਿੰਤਨ ਦੀ ਵਧੇਰੇ ਹੋਂਦ ਨਹੀਂ ਸਵੀਕਾਰੀ ਗਈ। ਮਨੁੱਖ ਨੂੰ ਕੇਵਲ ਬੁਰਾਈਆਂ ਤੋਂ ਬਚ ਕੇ ਨੈਤਿਕ ਕਦਰਾਂ-ਕੀਮਤਾਂ ਨੂੰ ਧਾਰਨ ਕਰਕੇ ਜੀਵਨ ਬਤੀਤ ਕਰਨ ਦੀ ਤਾਕੀਦ ਕੀਤੀ ਗਈ ਹੈ। ਕੁਰਆਨ ਵਿਚ ਕਿਤੇ ਵੀ ਆਤਮਾ-ਪਰਮਾਤਮਾ ਦੇ ਵਿਛੋੜੇ ਦੀ ਗੱਲ ਨਹੀਂ ਕੀਤੀ ਗਈ। ਇਸ ਦੇ ਮੁਕਾਬਲੇ ਗੁਰੂ ਤੇਗ

ਬਹਾਦਰ ਜੀ ਦੀ ਬਾਣੀ ਵਿਚੋਂ ਬੈਰਾਗ ਭਾਵਨਾ ਤੀਬਰ ਰੂਪ ਵਿਚ ਉਤਪੰਨ ਹੁੰਦੀ ਹੈ ਜੋ ਕਿ ਮਨੁੱਖ ਦੀ ਸਮੁੱਚੀ ਸਖ਼ਸ਼ੀਅਤ ਨੂੰ ਬਦਲ ਕੇ ਰੱਖ ਦਿੰਦੀ ਹੈ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਆਪ ਜੀ ਦੀ ਰਚਿਤ ਬਾਣੀ 'ਧਰਮ ਅਤੇ ਬੈਰਾਗ' ਦੀਆਂ ਉੱਚਤਮ ਕਦਰਾਂ-ਕੀਮਤਾਂ ਦੇ ਮਾਨਵ ਹਿੱਤਕਾਰੀ ਆਦਰਸ਼ ਨੂੰ ਸਥਾਪਤ ਕਰਨ ਦਾ ਅਤਿਅੰਤ ਸਾਰਥਕ ਯਤਨ ਹੈ। ਆਪ ਦਾ ਫ਼ਰਮਾਇਆ ਗਿਆ ਹਰ ਬਚਨ ਮਨੁੱਖੀ ਜੀਵਨ ਨੂੰ ਗਿਆਨ ਅਤੇ ਸ਼ਾਂਤੀ ਪ੍ਰਦਾਨ ਕਰਦਾ ਹੋਇਆ ਸਮੇਂ ਅਤੇ ਸਥਾਨ ਦੀਆਂ ਸਭ ਹੱਦਬੰਦੀਆਂ ਪਾਰ ਕਰਕੇ ਵਿਚਰ ਸਕਣ ਦੀ ਯੋਗਤਾ ਬਖ਼ਸ਼ਦਾ ਹੈ। ਇਸ ਲਈ ਇਹ ਇਕ ਪ੍ਰਤਿਭਾਸ਼ਾਲੀ ਅਤੇ ਕ੍ਰਾਂਤੀਕਾਰੀ ਯੁਗਪੁਰਖ ਦੀ ਦਿੱਬ ਦ੍ਰਿਸ਼ਟੀ ਹੈ ਜੋ ਕਿ ਸਮੁੱਚੀ ਮਾਨਵਤਾ ਦੀ ਭਲਾਈ ਦੀ ਭਾਵਨਾ ਨੂੰ ਉਤਪੰਨ ਕਰਦੀ ਹੈ। ਇਸ ਕਰਕੇ ਆਪ ਜੀ ਦਾ ਪ੍ਰਕਾਸ਼, ਅਸਲ ਮਨੁੱਖੀ ਧਰਮ ਦੀ ਸਥਾਪਨਾ ਲਈ ਅਤੇ ਆਦਰਸ਼ ਸਮਾਜ ਦੇ ਨਿਰਮਾਣ ਲਈ ਇਕ ਮਹਾਨ ਯੁਗਪਰਿਵਰਤਕ ਦੇ ਰੂਪ ਵਿਚ ਹੋਇਆ।

# ਪੁਸਤਕ-ਸੂਚੀ

***ਪੰਜਾਬੀ***

ਇੰਦਰਪਾਲ ਸਿੰਘ : ਗੁਰਮਤਿ ਚਿੰਤਨ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1999

ਸਰਬਜਿੰਦਰ ਸਿੰਘ ਡਾ. (ਸੰਪਾ.) : ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ (ਭਾਗ ਪਹਿਲਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008

ਸਰਬਜਿੰਦਰ ਸਿੰਘ ਡਾ. (ਸੰਪਾ.) : ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ, (ਭਾਗ ਤੀਜਾ) ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008

ਸੀਤਲ, ਜੀਤ ਸਿੰਘ (ਸੰਪਾ.) : ਗੁਰਮਤਿ ਸਾਹਿਤ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970

ਸ੍ਰ. ਚਰਨ ਸਿੰਘ : ਬ੍ਰਹਮ ਗਿਆਨ, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2002

ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਚਾਰ ਪੋਥੀਆਂ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2008-09-10

ਸ਼ਰਮਾ, ਮੋਹਨ ਲਾਲ (ਅਨੁ.) : ਮਨੂਸਿਮ੍ਰਿਤੀ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1989

ਸ਼ਰਮਾ ਮੋਹਨ ਲਾਲ (ਸੰਪਾ. ਤੇ ਅਨੁ.) : ਚਾਣਕਯ-ਸੂਤਰ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2011

ਸ਼ੇਰ ਸਿੰਘ ਡਾ. : ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1992

ਹਰਦੀਪ ਸਿੰਘ : ਸ੍ਰੀ ਗੁਰੂ ਤੇਗ ਬਹਾਦਰ ਦਰਸ਼ਨ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971

ਹਰਬੰਸ ਸਿੰਘ ਪ੍ਰੋ.
ਜ਼ੋਸ਼ੀ, ਐਲ. ਐਮ. ਡਾ. : ਸੰਸਾਰ ਦੇ ਧਰਮ (ਭਾਗ ਪਹਿਲਾ), ਪੰਜਾਬੀ ਯੂਨੀਵਰਸਿਟੀ ਪਟਿਆਲਾ, 1980

ਹਬੀਬ, ਮੁਹੰਮਦ ਡਾ. : ਸਾਈਂ ਮੀਆਂ ਮੀਰ ਜੀਵਨ, ਸਾਧਨਾ ਅਤੇ ਸਿੱਖਿਆਵਾਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005

ਹਰਦਿਆਲ ਜੀ ਪੰ., ਨਰੈਣ ਸਿੰਘ ਜੀ ਗਿਆਨੀ ਪੰ. (ਟੀਕਾਕਾਰ) : ਵੈਰਾਗ ਸ਼ਤਕ ਸਟੀਕ, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2005

ਕਿਸ਼ਨ ਸਿੰਘ ਪ੍ਰੋ. : ਗੁਰਬਾਣੀ ਦਾ ਸੱਚ, ਸੇਧ ਪ੍ਰਕਾਸ਼ਨ, ਨਵੀਂ ਦਿੱਲੀ, 1976

ਕੋਹਲੀ ਸੁਰਿੰਦਰ ਸਿੰਘ (ਸੰਪਾ.) : ਗੁਰੂ ਤੇਗ ਬਹਾਦਰ : ਜੀਵਨ ਸਮਾਂ ਤੇ ਰਚਨਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1996

ਕੋਹਲੀ ਸੁਰਿੰਦਰ ਸਿੰਘ (ਸੰਪਾ.) : ਜਨਮਸਾਖੀ ਭਾਈ ਬਾਲਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1975

ਕਰਮਜੀਤ ਸਿੰਘ ਡਾ. : ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਆਧਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2006

ਕੁੰਦਕੁੰਦ ਅਚਾਰਿਆ
ਪੁਰਸ਼ੋਤਮ ਜੈਨ ਤੇ
ਰਵਿੰਦਰ ਜੈਨ (ਅਨੁ.) : ਬਾਰਾਂ ਅਨੁਪ੍ਰੇਕਸ਼ਾਵਾਂ, 26ਵੀਂ ਮਹਾਵੀਰ ਜਨਮ ਕਲਿਆਣਕ ਸ਼ਤਾਬਦੀ ਸੰਯੋਜਿਕਾ ਸਮਿਤੀ ਪੰਜਾਬ, 2013

ਕੋਮਲ, ਅਮਰ ਡਾ. (ਅਨੁ. ਤੇ ਸੰਪਾ.) : ਸ਼੍ਰੀਮਦ੍ ਭਗਵਦ੍ ਗੀਤਾ, ਗਿਆਨ-ਚੇਤਨਾ ਪ੍ਰਕਾਸ਼ਨ, ਬਰਨਾਲਾ, 2001

ਕੰਗ, ਗੁਲਜ਼ਾਰ ਸਿੰਘ ਡਾ. : ਸ਼ਬਦ ਦਾ ਸੰਕਲਪ, ਲਾਹੌਰ ਬੁੱਕ ਸ਼ਾਪ, 2005

ਕੇਸਰ, ਜਸਬੀਰ ਡਾ. : ਪੰਜਾਬੀ ਸਾਹਿਤ ਦੀ ਭੂਮਿਕਾ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1998

ਖੁਸ਼ਵੰਤ ਸਿੰਘ
ਡਾ. ਗੁਰਚਰਨ ਸਿੰਘ (ਅਨੁ.) : ਸਿੱਖ ਇਤਿਹਾਸ (ਭਾਗ ਪਹਿਲਾ), ਲਾਹੌਰ ਬੁੱਕ ਸ਼ਾਪ, ਲੁਧਿਆਣਾ, 2006

ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ : ਗੁਰੂ ਤੇਗ ਬਹਾਦਰ (ਬਾਣੀ, ਤੁਕ-ਤਤਕਰਾ ਅਤੇ ਸ਼ਬਦ ਅਨੁਕ੍ਰਮਣਿਕਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1975

ਗਿਆਨ ਸਿੰਘ, ਗਿਆਨੀ : ਪੰਥ ਪ੍ਰਕਾਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1987

ਗੋਸਲ, ਹਰਦਿਲਜੀਤ ਸਿੰਘ : ਭਾਰਤੀ ਦਰਸ਼ਨ : ਦਾਰਸ਼ਨਿਕਤਾ ਅਤੇ ਸੰਕਲਪ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012

ਗਿਲ, ਮਹਿੰਦਰ ਕੌਰ ਡਾ. : ਗੁਰੂ ਅਰਜਨ ਦੇਵਃ ਜੀਵਨ ਤੇ ਬਾਣੀ, ਨੈਸ਼ਨਲ ਬੁਕ ਸ਼ਾਪ, ਦਿੱਲੀ, 1975

ਗਿਲ, ਮਹਿੰਦਰ ਕੌਰ ਡਾ. : ਗੁਰੂ ਤੇਗ ਬਹਾਦਰ ਬਾਣੀ-ਅਧਿਅਨ, ਰੱਬੀ ਪ੍ਰਕਾਸ਼ਨ, ਦਿੱਲੀ, 1976

ਗਿਲ, ਮਹਿੰਦਰ ਕੌਰ ਡਾ. : ਆਦਿ ਗ੍ਰੰਥ ਛੰਤ-ਵਿਵੇਚਨ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਇੰਡਸਟ੍ਰੀਅਲ ਸੋਸਾਇਟੀ ਲਿਃ, ਨਵੀਂ ਦਿੱਲੀ, 1978

ਗਿਲ, ਮਹਿੰਦਰ ਕੌਰ ਡਾ. (ਸੰਪਾ.) : ਗੁਰਬਾਣੀ ਸਮੀਖਿਆ, ਪੰਜਾਬੀ ਅਕਾਦਮੀ, ਦਿੱਲੀ, 1999

ਗੁਲਵੰਤ ਸਿੰਘ : ਇਸਲਾਮ ਅਤੇ ਸੂਫ਼ੀਵਾਦ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004

ਗੰਗਾ ਸਿੰਘ ਪ੍ਰਿੰਸੀਪਲ : ਸੰਸਾਰ ਦਾ ਧਾਰਮਿਕ ਇਤਿਹਾਸ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1995

ਘੁੰਮਣ, ਬਿਕਰਮ ਸਿੰਘ : ਗੁਰੂ ਤੇਗ ਬਹਾਦਰ ਜੀ ਜੀਵਨ, ਚਿੰਤਨ ਤੇ ਬਾਣੀ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1995

ਜੋਗਿੰਦਰ ਸਿੰਘ ਪ੍ਰੋ. : ਸ੍ਰੀ ਗੁਰੂ ਗ੍ਰੰਥ-ਦਰਪਣ, ਪੰਜਾਬੀ ਪ੍ਰਕਾਸ਼ਨ, ਨਵੀਂ ਦਿੱਲੀ, 1966

ਜੋਧ ਸਿੰਘ
ਦਰਸ਼ਨ ਸਿੰਘ (ਸੰਪਾ.) : ਧਰਮ ਅਧਿਐਨਃ ਅਕਾਦਮਿਕ ਪਰਿਪੇਖ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1997

| | | |
|---|---|---|
| ਜੋਧ ਸਿੰਘ<br>ਦਰਸ਼ਨ ਸਿੰਘ (ਸੰਪਾ.) | : | ਧਰਮ ਅਧਿਐਨ : ਅਕਾਦਮਿਕ ਪਰਿਪੇਖ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1997 |
| ਜਸਪਾਲ ਸਿੰਘ ਡਾ. | : | ਸਿੱਖ ਧਰਮ ਤੇ ਰਾਜਨੀਤੀ, ਨਵਯੁਗ ਪਬਲੀਸ਼ਰਜ਼, ਨਵੀਂ ਦਿੱਲੀ, 2009 |
| ਜਗਬੀਰ ਸਿੰਘ ਡਾ. | : | ਗੁਰਮਤਿ ਕਾਵਿ-ਸਿੱਧਾਂਤ ਤੇ ਵਿਹਾਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011 |
| ਜਗਬੀਰ ਸਿੰਘ ਡਾ. | : | ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1973 |
| ਜੋਧ ਸਿੰਘ ਭਾਈ | : | ਗੁਰਮਤਿ ਨਿਰਣਯ, ਲੁਧਿਆਣਾ, ਮਿਤੀਹੀਣ |
| ਜੱਗੀ, ਰਤਨ ਸਿੰਘ ਡਾ.<br>ਗੁਰਸ਼ਰਨ ਕੌਰ ਡਾ. | : | ਗੁਰੂ ਤੇਗ ਬਹਾਦਰ ਬਾਣੀ ਵਿਸ਼ਲੇਸ਼ਣ, ਗੁਰਮਤਿ ਪ੍ਰਕਾਸ਼ਨ, ਪਟਿਆਲਾ, 2011 |
| ਜ਼ੋਸੀ, ਐਲ. ਐਮ.<br>ਜੋਧ ਸਿੰਘ (ਸੰਪਾ.) | : | ਵਿਸ਼ੂ ਧਰਮ ਸੰਗ੍ਰਿਹ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000 |
| ਜੋਸ਼ੀ, ਐਲ. ਐਮ.<br>ਸ਼ਾਰਦਾ ਗਾਂਧੀ (ਸੰਪਾ. ਅਤੇ ਅਨੁ.) | : | ਧੱਮਪਦ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004 |
| ਤਾਰਾ ਸਿੰਘ ਪ੍ਰੋ. | : | ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977, |
| ਤਾਰਨ ਸਿੰਘ (ਸੰਪਾ.) | : | ਗੁਰੂ ਤੇਗ ਬਹਾਦਰਃ ਜੀਵਨ, ਸੰਦੇਸ਼ ਤੇ ਸ਼ਹਾਦਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997 |
| ਤ੍ਰਿਪਤ ਕੌਰ ਡਾ. | : | ਭਗਤ ਵਾਣੀ (ਭਾਗ ਪਹਿਲਾ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1998 |
| ਦੀਵਾਨ ਸਿੰਘ ਡਾ. | : | ਗੁਰਮਤਿ ਵਿਚਾਰ, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, 1998 |
| ਦੀਵਾਨ ਸਿੰਘ ਡਾ. | : | ਸਿੱਖ ਧਰਮ ਬਾਰੇ, ਵਾਰਿਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, 2007 |

ਦੀਵਾਨ ਸਿੰਘ ਡਾ. : ਗੁਰਬਾਣੀ-ਚਿੰਤਨ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 1996

ਦਿਨਕਰ, ਰਾਮਧਾਰੀ ਸਿੰਘ ਧਨਵੰਤ ਕੌਰ ਤੇ ਸ਼੍ਰੀਮਤੀ ਇੰਦਰਜੀਤ ਕੌਰ (ਅਨੁ.) : ਸਭਿਆਚਾਰ ਦੇ ਚਾਰ ਅਧਿਆਇ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1992

ਧਰਮਾਨੰਤ ਸਿੰਘ ਪ੍ਰਿੰਸੀਪਲ : ਸਿਖ ਮਤ ਦਰਪਣ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003

ਪਦਮ, ਪਿਆਰਾ ਸਿੰਘ ਪ੍ਰੋ. : ਤੇਗ ਬਹਾਦਰ ਸਿਮਰੀਐ, ਕਲਮ ਮੰਦਰ, ਪਟਿਆਲਾ, 1975.

ਪ੍ਰੀਤਮ ਸਿੰਘ ਪ੍ਰੋ. : ਸਿੱਖ ਵਿਚਾਰ-ਧਾਰਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1962

ਪੰਨੂ, ਐਚ. ਐਸ. ਡਾ. : ਸ੍ਰ ਵਰਿਆਮ ਸਿੰਘ, ਡਾ. ਦਿਲਵਰ ਸਿੰਘ, (ਸੰਪਾ.), ਗਿਆਨੁ ਚਿਰਾਗੁ, ਗੁਰਮਤਿ ਕਾਲਜ, ਪਟਿਆਲਾ, 2009

ਫ਼ੌਜਾ ਸਿੰਘ ਤੇ ਤਾਰਨ ਸਿੰਘ : ਸ੍ਰੀ ਗੁਰੂ ਤੇਗ ਬਹਾਦਰ, ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987

ਬਲਜੀਤ ਕੌਰ ਡਾ. : ਗੁਰਬਾਣੀ : ਧਰਮ ਅਤੇ ਸਾਹਿਤ, ਸੁੰਦਰ ਬੁੱਕ ਡਿਪੋ, ਜਲੰਧਰ, 1996

ਬੇਦੀ, ਤਰਲੋਚਨ ਸਿੰਘ ਡਾ. : ਕਾਵਿ-ਸੁਧਾਖਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989

ਬੇਦੀ, ਗੁਰਨਾਮ ਕੌਰ ਡਾ. : ਗੁਰਮਤਿ ਦ੍ਰਿਸ਼ਟੀ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 1996

ਬੇਅੰਤ ਕੌਰ ਡਾ. : ਸਿੱਖ ਧਰਮ-ਸ਼ਾਸ਼ਤਰ ਦਾ ਤੱਤ ਸਾਰ (ਉੱਤਰ ਆਧੁਨਿਕ ਪਰਿਪੇਖ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2010

ਰਣਧੀਰ ਸਿੰਘ, ਭਾਈ (ਸੰਪਾ.) : ਸ਼ਬਦਾਰਥ ਦਸਮ ਗ੍ਰੰਥ ਸਾਹਿਬ (ਪੋਥੀ ਪਹਿਲੀ, ਤੀਜੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995

ਮਨਜੀਤ ਸਿੰਘ : ਧਰਮ-ਦਰਸ਼ਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007

ਮੌਦੂਦੀ ਸੱਯਦ ਅਬੁਲ ਆਲਾ ਰਮਜ਼ਾਨ ਸਈਦ (ਅਨੁ.) : ਕੁਰਆਨ ਮਜੀਦ, ਪੰਜਾਬੀ ਇਸਲਾਮਿਕ ਪਬਲੀਕੇਸ਼ਨ, ਮਲੇਰਕੋਟਲਾ, 1998

ਮੈਕਾਈਵਰ, ਆਰ. ਐਮ. ਤੇ ਪੇਜ, ਚਾਰਲਸ ਐਚ. ਸਾਵਿੰਦਰਜੀਤ ਕੌਰ (ਅਨੁ.) : ਸਮਾਜ : ਇਕ ਪ੍ਰਾਰੰਭਿਕ ਵਿਸ਼ਲੇਸ਼ਣ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1979

ਮੈਕਸਮੂਲਰ, ਐਫ਼ ਡਾ. ਤਾਰਨ ਸਿੰਘ (ਅਨੁ.) : ਧਰਮ ਦੀ ਉੱਤਪਤੀ ਅਤੇ ਵਿਕਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

ਮੈਨੀ, ਧਰਮਪਾਲ ਡਾ. : ਗੁਰਮਤਿ ਸਾਹਿਤ (ਲੇਖ-ਆਦਿ ਗ੍ਰੰਥ ਤੇ ਪੁਰਾਤਨ ਭਾਰਤੀ ਅਧਿਆਤਮਿਕ,), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970

ਰਾਜਬੀਰ ਕੌਰ : ਗੁਰੂ ਤੇਗ਼ ਬਹਾਦਰ : ਚਿੰਤਨ ਤੇ ਚੇਤਨਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003

ਰਾਜਗੁਰੂ, ਗੋਬਿੰਦ ਨਾਥ (ਅਨੁ.): ਕੌਟਿਲਯ ਕ੍ਰਿਤ-ਅਰਥ ਸ਼ਾਸਤ੍ਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996

ਰਾਮ ਸਿੰਘ : ਬਾਣੀ ਗੁਰੂ ਤੇਗ਼ ਬਹਾਦਰ ਬਾਣੀ, ਵਿਸ਼ਾ ਤੇ ਕਲਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1976

ਰਾਮ ਸਿੰਘ ਡਾ. : ਜਪੁਜੀ ਦੇ ਪੰਜ ਖੰਡ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007

ਵੀਰ ਸਿੰਘ, ਭਾਈ (ਸੰਪਾ.) : ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਕ੍ਰਿਤ - ਸ੍ਰੀ ਗੁਰੂ ਪ੍ਰਤਪ ਸੂਰਜ ਗ੍ਰੰਥ (ਜਿਲਦ ਦਸਵੀਂ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1993

ਵਜ਼ੀਰ ਸਿੰਘ ਡਾ. : ਸਿੱਖ ਦਰਸ਼ਨਧਾਰਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012

*हिन्दी*

अग्रहरि, नत्थूलाल गुप्त डॉ. : भारत में धर्म, सिद्धान्त और परम्परा, चेतना प्रकाशन, नागपुर, १९९३

आचार्य, संतोष डॉ. : भारतीय दर्शन कोश, वागदेवी प्रकाशन, बीकानेर, २००५

गुप्त, धन प्रकाश डॉ. : धर्म, कर्तव्य और वर्ण–व्यवस्था, संजीव प्रकाशन, नई दिल्ली, २००४

गुप्ता, राजीव (हिन्दी भषान्तरकार) : श्रीमद्भगवद्गीता यथारूप, भक्तिवेदान्त बुक ट्रस्ट, बम्बई, १९८९

चतुर्वेदी, पं. ज्वाला प्रसाद (संपा. एवं अनु.) : पंचरत्न श्री विष्णु सहस्त्रनाम् स्तोत्र, रणधीर प्रकाशन, हरिद्वार, २००६

चतुर्वेदी, पं. ज्वाला प्रसाद (अनु.) : मनु समिती, रणधीर प्रकाशन, हरिद्वार, २००२

चतुर्वेदी, पं. ज्वाला प्रसाद (अनु.) : भर्तृहरि शतक, रणधीर प्रकाशन, हरिद्वार, २००९

चेला राम, लक्षमण (अनु.) : वैरागयमई वाणो : गुरु तेग बहादर साहिब जी का मूल पाठ और अर्थ, निरगुण काटेज़, नई दिल्ली, तिथिरहित

तीर्थ, श्री स्वामी ओमानन्द : पातञ्जलयोगप्रदीप, गीता प्रेस गोरखपुर, सं. २०६४

नया नियम : गिडियन्स इन्टरनेशनल ऑफ़ इंडिया, २००४

दशोरा, श्री नन्द लाल : याग वाशिष्ठ महारामायण, रणधीर प्रकाशन हरिद्वार, २००६

पौद्दार, हनुमान प्रसाद : गीता–चिन्तन, गीता प्रेस, गोरखपुर, २०५४

| | | |
|---|---|---|
| पाण्डेय, सुरेन्द्र कुमार डॉ. | : | धर्मशास्त्रसहस्तकम्, साहित्य भंडार, इलाहावाद, १९९७, उधरित |
| प्रेम प्रकाश सिंह (संपा.) | : | गुरु तेगबहादुर, जीवन, दर्शन और विवेचन, पंजाबी यूनीवर्सिटी, पटियाला, १९९९ |
| मुनि, श्री सुभद्र (अनु.) | : | श्री उत्तराध्ययन सूत्र, मुनि मायाराम सम्बोधि प्रकाशन, दिल्ली, १९९९ |
| मौलाना, वहीदुद्दीन खाँ (अनु.) | : | पवित्र क़ुरआन, गुड्डवर्ड बुक्स, नई दिल्ली, २०१४ |
| राधा कृष्णन डॉ.<br>विजय कुमार मल्होत्रा (अनु.) | : | हमारी विरासत, राजपाल एण्ड सन्ज़, दिल्ली, १९७५१ |
| रोपर, डेविड<br>अरनस्ट गिल (अनु.) | : | पहाड़ से शिक्षाएं (भाग १-२), ट्रुथ फ़ॉर टुडे वल्ड मिशन स्कुल, विनटोन, २००८ |
| विनोबा<br>बाल विजय (संपा.) | : | विज्ञान-युग में धर्म, सर्व सेवा संघ-प्रकाशन, वाराणसी, १९९६ |
| वोहरा, ऊषा डॉ. | : | गुरूवाणी में सामाजिक चेतना, भाषा विभाग, पंजाब, पटियाला, १९८९ |
| शास्त्री, वैधनाथ (भाष्यकार) | : | ऋग्वेद, सार्वदोशिक आर्य प्रतिनिधि सभा, नई दिल्ली, १९७६ |
| शास्त्री, राजवीर (भाष्यकार) | : | उपनिषद्-भाष्य (ईश-केन-कठ), आर्ष साहित्य प्रचार ट्रस्ट, दिल्ली, १९८० |
| सक्सेना प्रवेश डॉ. | : | वेदों में क्या है ?, पुस्तक महल, दिल्ली, २००१ |
| सरस्वती, परमहंस जगदीश्वरानन्द<br>(अनु., संपा. एवं टिप्पणिकर्ता) | : | श्री मद्वाल्मीकीय रामायणम्, विजय कुमार गोविन्द राम हासानन्द, दिल्ली, १९९६ |

सहगल, मनमोहन, डॉ. : गुरू ग्रंथ साहिब एक सांस्कृतिक सर्वेक्षण, भाषा विभाग, पंजाब, पटियाला, १९७१

सिन्हा, हरेन्द्र प्रसाद डॉ. : धर्म दर्शन की रूप-रेखा, मोती लाल बनारसी दास, दिल्ली, १९९८

संधवी, पं. सुखलाल (विवेचक) : तत्त्वार्थ सूत्र, पार्श्वनाथ विद्याश्रम शोध संस्थान, वाराणसी, १९७६

श्रीमदाद्यशंकराचार्यविरचित : विवेक-चूडामणि, मुनिलाल (अनु.), गीता प्रेस, गोरखपुर, २०६५

श्रीमद्गोस्वामी तुलसीदास हनुमान प्रसाद पोद्दार (टोकाकार) : श्रीरामचरितमानस, गीता प्रेस गोरखपुर, सं. २०६४

***ਕੋਸ਼***

ਅੰਮ੍ਰਿਤਪਾਲ ਕੌਰ ਡਾ. : ਸ਼ਬਦ ਅਨੁਕ੍ਰਮਣਿਕਾ ਤੇ ਕੋਸ਼ : ਕਬਿੱਤ ਸਵੈਯੇ ਭਾਈ ਗੁਰਦਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996

ਸ਼੍ਰੀਮਤ ਪੰਡਿਤ ਤਾਰਾ ਸਿੰਘ ਨਰੋਤਮ ਕ੍ਰਿਤ ਹਰਭਜਨ ਸਿੰਘ ਡਾ. (ਮੁਖ ਸੰਪਾ.) : ਗੁਰੂ ਗਿਰਾਰਥ ਕੋਸ਼, (ਦੂਜੀ ਜਿਲਦ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010

ਸ. ਸ. ਜੋਸ਼ੀ ਸ. ਮੁਖਤਿਆਰ ਸਿੰਘ ਗਿੱਲ (ਸੰਪਾ. ਮੰਡਲ) : ਪੰਜਾਬੀ-ਅੰਗਰੇਜ਼ੀ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999

ਕਾਨ੍ਹ ਸਿੰਘ ਨਾਭਾ, ਭਾਈ : ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ ਪਟਿਆਲਾ, ਪੰਜਾਬ, 1974

ਹਰਕੀਰਤ ਸਿੰਘ, ਡਾ. (ਸੰਪਾ.) : ਪੰਜਾਬੀ ਸ਼ਬਦ-ਰੂਪ ਤੇ ਸ਼ਬਦ-ਜੋੜ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988

ਗੁਰਚਰਨ ਸਿੰਘ ਡਾ. (ਸੰਪਾ.) : ਸ੍ਰੀ ਗੁਰੂ ਗ੍ਰੰਥ ਕੋਸ਼ (ਦੂਜੀ ਜਿਲਦ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

ਜੱਗੀ, ਰਤਨ ਸਿੰਘ ਡਾ. : ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

ਜੱਗੀ, ਰਤਨ ਸਿੰਘ ਡਾ. (ਸੰਪਾ.) : ਸਾਹਿਤ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989

ਰਿਆਲ, ਜੀ. ਐਸ. (ਸੰਪਾ.) : ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006

ਪ੍ਰੇਮ ਪ੍ਰਕਾਸ਼ ਸਿੰਘ ਡਾ. (ਮੁਖ ਸੰਪਾ.) : ਸੰਸਕ੍ਰਿਤ ਪੰਜਾਬੀ ਕੋਸ਼, ਪੰਜਾਬੀ ਯੂਨੀਵਰਸਿਟੀ ਪਟਿਆਲਾ, 2002

ਪਦਮ, ਪਿਆਰਾ ਸਿੰਘ : ਗੁਰੂ ਗ੍ਰੰਥ ਸੰਕੇਤ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977

अरविंद कुमार, कुसुम कुमार : समांतर कोश हिंदी थिसारस खंड, नेशनल बुक ट्रस्ट इंडिया, १९९६

***English***

Ansari, Abdul Haq & Others (ed.) : ISLAM, Punjabi University, Patiala, 1969

Khan, Benjamin Dr. : The Concept of Dharma in Valmiki Ramayana, Munshi Ram Monohar Lal, 1965

Nielsen, Niels C. Jr. & Others : Religions of the world, New York, 1983

Talib, Gurbachan Singh (Ed.) : Guru Tegh Bahadur, Background and the supreme sacrifice, Punjabi University, Patiala, 1976

Trilochan Singh Dr. : Guru Tegh Bahadur, Prophet and Martyr, Gurdwara Parbandhak Committee, Delhi, 1967

The New Testament : The Bible Society of India, Bangalore, 2006

***Encyclopedies***

- Crystal, David Edicted, The Cambridge Paperback Encyclopedia, New Delhi, 2000
- Levey, Judith S. and Agnes Greenhall (Ed.), The Penguin Concise Columbia Encyclopedia, New York, 1987
- Webester's, An Encyclopedia of Dictionaries,Thomas Nelson Publishers, Cambridge, (U. S. A.) 1984

***Dictionaries***

- Goswami, Pawan Kumar Punjabi-English Dictionary, (Zahura, Distt. Hoshiarpur), Punjab, 2003
- Kapoor, N. & Gupta, V. P. A Dictionary of World Religions, Ajanta Publictions, Delhi,1998
- Pearsall, Judy (Ed.), Concise Oxford English Dictionary, 1999
- Verma, S. K. R., Sahai, N. (Ed.), Oxford English-Hindi Dictionary, Oxford University Press (Fifth Edition), 2004

***ਪੱਤ੍ਰਿਕਾਵਾਂ***

ਹਸੀਜਾ, ਮਦਨ ਲਾਲ ਡਾ. (ਸੰਪਾ.) : ਪੰਜਾਬੀ ਦੁਨੀਆ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਜੂਨ-ਅਕਤੂਬਰ 2003

ਹਰਜੀਤ ਕੌਰ (ਸੰਪਾ.) : ਪੰਜਾਬੀ ਦੁਨੀਆ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਨਵੰਬਰ 2008-2009

ਗੁਰਮਤਿ ਪ੍ਰਕਾਸ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਪ੍ਰੈਲ-2014

ਤਾਰਨ ਸਿੰਘ (ਸੰਪਾ.) : ਨਾਨਕ ਪ੍ਰਕਾਸ਼ ਪੱਤ੍ਰਿਕਾ (ਗੁਰੂ ਤੇਗ ਬਹਾਦਰ ਸ਼ਹੀਦੀ ਅੰਕ), ਜੂਨ-ਦਸੰਬਰ 1995

ਰਜਨੀਸ਼ ਕੁਮਾਰ (ਮੁੱਖ ਸੰਪਾ.) : ਪੰਜਾਬੀ ਦੁਨੀਆ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1976

ਬਲਕਾਰ ਸਿੰਘ ਡਾ. (ਸੰਪਾ.) : ਨਾਨਕ ਪ੍ਰਕਾਸ਼ ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ-ਦਸੰਬਰ, 1986

***ਅਪ੍ਰਕਾਸ਼ਿਤ ਥੀਸਸ***

सुखदर्शन जोशी : हिन्दी संत-काव्य परम्परा प्रीपेक्षत में श्री गुरु तेग बहादुर जी की वाणी का समाक्षत अध्ययन (अप्रकाशित शोध-प्रबंध), १९९१

ਗੁਰਵਿੰਦਰ ਕੌਰ : ਸਿੱਖ ਚਿੰਤਨ ਅਨੁਸਾਰ ਧਰਮ ਦਾ ਸੰਕਲਪ, (ਅਣਪ੍ਰਕਾਸ਼ਿਤ ਸੋਧ-ਪ੍ਰਬੰਧ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998

***ਇਲੈਕਟਰੋਨਿਕ ਸਰੋਤ***

- yogamag. Net/ archives/ 2009/ Koct 09/ vairag. Shtml.
- htty:// the sikh spokesman newspaper, Canada.htm
- http://www.gurugranthdarpan.com

# The concept of Religion and austerity in the Compositions of Guru Tegh Bahadur Ji

A

**ABSTRACT**

Submitted to the faculty of Social Sciences
of the
Punjabi University
in fulfillment of the requirements for the
**Degree of**
**Doctor of Philosophy (Religious Studies)**
**2015**


**Supervised by**

Dr. Kanwarjit Singh
Principal (Executive),
Gurmat College, Patiala

**Submitted by**

Anil Kumar


**GURU GOBIND SINGH RELIGIOUS STUDIES**
**PUNJABI UNIVERSITY, PATIALA**

## ABSTRACT

| | | |
|---|---|---|
| Subject | : | The concept of Religion and austerity in The Compositions of Guru Tegh Bahadur ji |
| Research Scholar | : | Anil Kumar |
| Deptt. | : | Guru Gobind Singh Religious Studies |
| Registration Date | : | 30th Sept. 2011 |
| Address | : | H. No. C 459/w-13, Shori St., Opp. Ram Bagh, Barnala |
| Supervisor | : | Dr. Kanwarjit Singh, Principal (Executive), Gurmat Collage, Patiala |
| Key Words | : | Religion, Austerity, Teachings of Guru, Remembrance of God for Salvation, Lord's Name, Fearlessness, Beyond enmity, doing good for others, jiwan mukat, Saints, rare Sacrifice etc. |

From the ancient times religion has an important role in human life. The base of religion is acknowledged as a life style built on Nam Sirman, Sadhu Sangat, kindness, serving others, doing good for others, purposeful regulations, truth, justice and welfare of humanity. The passion of austerity enlightens the human thinking and ability to acknowledge the difference between soul and prime soul (God). It also decripts the real purpose of life to human Being.

In this thesis an effort has been made to clarify the concept of religion and austerity in the compositions of Guru Tegh Bahadur.To understand the philosophy of religion and austerity in the composition of Gurg Tegh Bahadur, which is recorded in Sri Guru Granth Sahib, his life style has also been depicted from historical angle in this work.

It has been made clear in this research work that the Guru ji in his compositions has awakened the common society on different aspects of human life including religion and social life. The Guru has set an example for Indian people to live religiously with self respect, independence, equality, brotherhood, fearlessness, against the tyranny of the ruler of Hindustan, the Mughal king Aurangzeb.

Guru Tegh Bahadur ji rejected all the wrong interpretations attached to the concept of religion and austerity. He preached this concept only in altogether unique divine way. Which has awakened the Indian people. He said that the base of true religion is truth (Nam Simran) in the present age because this is the only way of following true austerity in human mind. With the enlightenment of austerity he keeps himself aloof from this transitory world, human body, materialistic world, near and dears, evil thoughts and wrong religious traditions that too without physically renouncing this world of God. He attains the high spiritual position of Gurmukh, saint, spiritually wise and by acknowledging the true religion, he reaches the climax of salvation during this very life.

In this thesis, to give exposure to the concept of religion and austerity in the compositions of Guru Tegh Bahadur Ji, how much success has been attained, this will be evaluated by the scholars only. But in this thesis it has been tried to explain the true religion related with Nam Sirman, Sadhu Sangat and good actions by human beings. Austerity is the pure feeling of human mind who desires to meet the God. Gaining this position the divine values find place in the human mind. Thus he fully devotes to sacrifice for the protection of religion.

The aim of the compositions of Guru Tegh Bahadur depicting the concept of religion and austerity is to create an ideal man and ideal human society. These facts are clarified through his life style and compositions through which Guru ji has successfully given his message to the humanity.

Supervisor Research Scholar

(Dr. Kanwarjit Singh) (Anil Kumar)

# ਧਰਮ ਅਤੇ ਬੈਰਾਗ

## ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਸੰਦਰਭ ਵਿਚ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ
ਸੋਸ਼ਲ ਸਾਇੰਸਿਜ਼ ਫ਼ੈਕਲਟੀ ਅਧੀਨ ਪੀਐਚ. ਡੀ. (ਧਰਮ ਅਧਿਐਨ)
ਦੀ ਡਿਗਰੀ ਲਈ ਪ੍ਰਸਤੁਤ

***ਸਾਰ***

*2015*


**ਨਿਗਰਾਨ :**

***ਡਾ. ਕੰਵਰਜੀਤ ਸਿੰਘ***
ਪ੍ਰਿੰਸੀਪਲ (ਕਾਰਜਕਾਰੀ)
ਗੁਰਮਤਿ ਕਾਲਜ, ਪਟਿਆਲਾ।

**ਖੋਜਾਰਥੀ :**

***ਅਨਿਲ ਕੁਮਾਰ***

**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

## **ਸਾਰ (Abstract)**


ਵਿਸ਼ਾ : ਧਰਮ ਅਤੇ ਬੈਰਾਗ : ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਸੰਦਰਭ ਵਿਚ

ਖੋਜਾਰਥੀ : ਅਨਿਲ ਕੁਮਾਰ

ਵਿਭਾਗ : ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ।

ਰਜਿਸਟ੍ਰੇਸ਼ਨ ਮਿਤੀ : 30-09-2011

ਪਤਾ : ਮਕਾਨ ਨੰ. ਸੀ 459/ ਵਾਰਡ ਨੰ. 13, ਸ਼ੋਰੀ ਸਟਰੀਟ, ਸਾਹਮਣੇ ਰਾਮ ਬਾਗ, ਬਰਨਾਲਾ।

ਮੋਬਾਇਲ : 94174-91214

ਨਿਗਰਾਨ : ਡਾ. ਕੰਵਰਜੀਤ ਸਿੰਘ, ਪ੍ਰਿੰਸੀਪਲ (ਕਾਰਜਕਾਰੀ), ਗੁਰਮਤਿ ਕਾਲਜ, ਪਟਿਆਲਾ।



ਕੁੰਜੀ ਸ਼ਬਦ : ਧਰਮ, ਬੈਰਾਗ, ਗੁਰਮਤਿ, ਨਾਮ-ਸਿਮਰਨ, ਨਿਰਭਉ, ਨਿਰਵੈਰ, ਪਰਉਪਕਾਰ, ਜੀਵਨ-ਮੁਕਤ, ਸਾਧੋ, ਅਲੌਕਿਕ ਸ਼ਹਾਦਤ ਆਦਿ।



ਆਦਿ ਕਾਲ ਤੋਂ ਧਰਮ ਦਾ ਮਨੁੱਖੀ ਜੀਵਨ ਵਿਚ ਇਕ ਮਹੱਤਵਪੂਰਨ ਸਥਾਨ ਰਿਹਾ ਹੈ। ਧਰਮ ਦਾ ਆਧਾਰ ਨਾਮ ਸਿਮਰਨ, ਸਾਧੂ ਸੰਗਤ, ਦਇਆ, ਸੇਵਾ, ਪਰਉਪਕਾਰੀ ਕਾਰਜ, ਸਾਰਥਕ ਨਿਯਮਾਂਵਲੀ, ਸਤਿ, ਨਿਆ ਅਤੇ ਸਰਬ ਕਲਿਆਣੀ ਜੀਵਨ-ਸ਼ੈਲੀ ਨੂੰ ਮੰਨਿਆ ਗਿਆ ਹੈ। ਇਸ ਦੇ ਨਾਲ ਹੀ ਬੈਰਾਗ ਭਾਵਨਾ ਮਨੁੱਖੀ ਹਿਰਦੇ ਵਿਚ ਉਤਪੰਨ ਹੋ ਕੇ ਆਤਮਾ ਅਤੇ ਪਰਮਾਤਮਾ ਦੀ ਪਛਾਣ ਕਰਾਉਂਦੀ ਹੈ। ਉਸ ਨੂੰ ਉਸ ਦੇ ਜੀਵਨ ਮੰਤਵ ਦਾ ਗਿਆਨ ਵੀ ਪ੍ਰਦਾਨ ਕਰਦੀ ਹੈ।

ਇਸ ਖੋਜ-ਕਾਰਜ ਰਾਹੀਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚੋਂ ਉਤਪੰਨ ਹੋਏ ਧਰਮ ਅਤੇ ਬੈਰਾਗ ਦੇ ਸੰਕਲਪ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ। ਆਪ ਜੀ ਦੀ ਧਾਰਮਕ ਅਤੇ ਬੈਰਾਗਮਈ ਵਿਚਾਰਧਾਰਾ ਨੂੰ ਸਮਝਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਆਪ ਦੀ ਬਾਣੀ ਤੋਂ ਇਲਾਵਾ ਜੀਵਨ-ਚਰਿੱਤਰ ਨੂੰ ਵੀ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਵਿਚਾਰਿਆ ਗਿਆ ਹੈ।

ਇਸ ਖੋਜ-ਕਾਰਜ ਰਾਹੀਂ ਸਪਸ਼ਟ ਹੋਇਆ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਰਾਹੀਂ ਮਨੁੱਖ ਨੂੰ ਧਰਮ ਬਾਰੇ ਨਾਲ ਹੀ ਸਮਾਜਿਕ ਜੀਵਨ ਦੀ ਸਾਰਥਕਤਾ ਬਾਰੇ ਵੀ ਵਿਭਿੰਨ ਪੱਖਾਂ ਤੋਂ ਜਾਗਰੂਕ ਕੀਤਾ ਹੈ। ਆਪ ਜੀ ਨੇ ਮੁਗ਼ਲ ਸ਼ਾਸ਼ਕ ਔਰੰਗਜ਼ੇਬ ਦੇ ਜ਼ਬਰ ਅਤੇ ਜ਼ੁਲਮਾਂ ਦੇ ਵਿਰੁੱਧ ਭਾਰਤੀ ਲੋਕਾਂ ਨੂੰ ਸਵੈਮਾਣ, ਅਣਖ, ਸੁਤੰਤਰਤਾ, ਸਮਾਨਤਾ ਅਤੇ ਭਾਈਚਾਰਕ ਸਦਭਾਵਨਾ ਦਾ ਪਾਠ ਪੜ੍ਹਾਇਆ।

ਆਪ ਜੀ ਨੇ ਧਰਮ ਅਤੇ ਬੈਰਾਗ ਦੇ ਸੰਕਲਪ ਨਾਲ ਜੁੜੀਆਂ ਗ਼ਲਤ ਧਾਰਨਾਵਾਂ ਨੂੰ ਰੱਦ ਕੀਤਾ ਅਤੇ ਰੱਬੀ ਰੌਸ਼ਨੀ ਦਾ ਉਪਦੇਸ਼ ਦਿੱਤਾ। ਜਿਸ ਦੇ ਨਾਲ ਭਾਰਤੀ ਲੋਕਾਂ ਦੇ ਮਨਾਂ ਵਿਚ ਇਕ ਨਵੀਂ ਚੇਤਨਾ ਪੈਦਾ ਹੋਈ। ਆਪ ਜੀ ਨੇ ਕਿਹਾ ਕਿ ਕਲਜੁਗ ਵਿਚ ਸਤਿ (ਨਾਮ-ਸਿਮਰਨ) ਹੀ ਧਰਮ ਦਾ ਆਧਾਰ ਹੈ। ਜਿਸ ਦੀ ਪਛਾਣ ਮਨੁੱਖੀ ਹਿਰਦੇ ਵਿਚ ਬੈਰਾਗ ਭਾਵ ਦੀ ਉਤਪਤੀ ਤੋਂ ਪਿੱਛੋਂ ਹੀ ਸੰਭਵ ਹੈ। ਬੈਰਾਗ ਦੀ ਚੇਤਨਾ ਨਾਲ

ਹੀ ਉਹ ਨਾਸ਼ਵਾਨ ਸੰਸਾਰ, ਸਰੀਰ, ਦ੍ਰਿਸ਼ਟਮਾਨ ਪਦਾਰਥਕ ਜਗਤ, ਸਾਕ-ਸੰਬੰਧੀ, ਵਿਸ਼ੇ -ਵਿਕਾਰਾਂ ਅਤੇ ਧਰਮ ਨਾਲ ਸੰਬੰਧਤ ਫੋਕਟ ਕਰਮ-ਕਾਂਡਾਂ ਤੋਂ ਛੁਟਕਾਰਾ ਪਾਉਂਦਾ ਹੈ। ਸਹੀ ਧਰਮ ਦੀ ਪਛਾਣ ਕਰਕੇ ਉਹ 'ਗੁਰਮੁਖ, ਗਿਆਨੀ, ਸਾਧ' ਦਾ ਪਦ ਪ੍ਰਾਪਤ ਕਰਨ ਨਾਲ 'ਜੀਵਨ-ਮੁਕਤ' ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ।

ਵਿਚਾਰਧੀਨ ਖੋਜ-ਕਾਰਜ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਦਰਸਾਏ ਬੈਰਾਗ ਦੇ ਸੰਕਲਪ ਨੂੰ ਸਪਸ਼ਟ ਕਰਨ ਵਿਚ ਕਿੰਨਾ ਸਫ਼ਲ ਰਿਹਾ ਹੈ, ਇਸ ਦਾ ਮੁਲਾਂਕਣ ਵਿਦਵਾਨ ਕਰਨਗੇ। ਪਰ ਇਸ ਰਾਹੀਂ ਇਹ ਦੱਸਿਆ ਗਿਆ ਹੈ ਕਿ ਸ਼ੁੱਧ ਧਰਮ ਦਾ ਸੰਬੰਧ ਸ਼ੁਭ ਮਨੁੱਖੀ ਕਰਮ ਨਾਲ ਵੀ ਹੈ। ਬੈਰਾਗ ਸ਼ੁੱਧ ਮਨੁੱਖੀ ਮਨ ਦੀ ਉਹ ਅਨੁਭੂਤੀ ਹੈ ਜੋ ਪ੍ਰਭੂ ਮਿਲਾਪ ਦੇ ਲਈ ਤਾਂਘਦੀ ਹੈ। ਇਸ ਪਿਛੋਂ ਮਨੁੱਖੀ ਮਨ ਵਿਚ ਈਸ਼ਵਰੀ ਗੁਣ ਉਤਪੰਨ ਹੋ ਜਾਂਦੇ ਹਨ। ਉਹ ਧਰਮ ਦੀ ਰੱਖਿਆ ਹਿਤ ਸਭ ਕੁੱਝ ਕੁਰਬਾਨ ਕਰਨ ਲਈ ਤਿਆਰ ਹੋ ਜਾਂਦਾ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਧਰਮ ਅਤੇ ਬੈਰਾਗ ਦੀ ਚੇਤਨਾ ਦਾ ਆਧਾਰ ਆਦਰਸ਼ਕ ਮਨੁੱਖ ਅਤੇ ਆਦਰਸ਼ਕ ਮਨੁੱਖੀ ਸਮਾਜ ਦੀ ਸਿਰਜਣਾ ਕਰਨਾ ਹੈ। ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਇਹ ਤੱਥ ਸਪਸ਼ਟ ਰੂਪ ਵਿਚ ਪ੍ਰਾਪਤ ਹੁੰਦੇ ਹਨ ਕਿ ਆਪ ਜੀ ਨੇ ਆਪਣੇ ਜੀਵਨ ਅਤੇ ਬਾਣੀ ਰਾਹੀਂ ਇਨ੍ਹਾਂ ਨੂੰ ਸਮੁੱਚੀ ਮਨੁੱਖਤਾ ਤੱਕ ਬੜੀ ਸਫ਼ਲਤਾ ਪੂਰਵਕ ਪਹੁੰਚਾਇਆ ਹੈ।

ਨਿਗਰਾਨ — ਖੋਜਾਰਥੀ

(ਡਾ. ਕੰਵਰਜੀਤ ਸਿੰਘ) — (ਅਨਿਲ ਕੁਮਾਰ)

# *ਘੋਸ਼ਣਾ-ਪੱਤਰ*

ਮੈਂ ਇਹ ਬਿਆਨ ਕਰਦਾ ਹੈ ਕਿ **'ਧਰਮ ਅਤੇ ਬੈਰਾਗ : ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਸੰਦਰਭ ਵਿਚ'** ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਭਾਈਵਾਲ ਨਹੀਂ ਹੈ ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ ਹੈ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਗਿਆ ਹੋਵੇ।

ਨਿਗਰਾਨ

***ਡਾ. ਕੰਵਰਜੀਤ ਸਿੰਘ***
ਪ੍ਰਿੰਸੀਪਲ (ਕਾਰਜਕਾਰੀ)
ਗੁਰਮਤਿ ਕਾਲਜ, ਪਟਿਆਲਾ।

ਖੋਜਾਰਥੀ

***ਅਨਿਲ ਕੁਮਾਰ***

# ਧੰਨਵਾਦ

ਸਭ ਤੋਂ ਪਹਿਲਾਂ ਮੈਂ ਅਕਾਲ ਪੁਰਖ ਵਾਹਿਗੁਰੂ ਜੀ ਦਾ ਸ਼ੁਕਰਗੁਜ਼ਾਰ ਹਾਂ, ਜਿਸ ਦੀ ਅਪਾਰ ਕਿਰਪਾ ਸਦਕਾ ਹੀ ਇਹ ਖੋਜ-ਕਾਰਜ ਸੰਪੂਰਨ ਹੋ ਸਕਿਆ ਹੈ।

ਮੈਂ ਹਾਰਦਿਕ ਧੰਨਵਾਦੀ ਹਾਂ ਆਪਣੇ ਪਰਮ ਸਤਿਕਾਰਯੋਗ ਨਿਗਰਾਨ ਡਾ. ਕੰਵਰਜੀਤ ਸਿੰਘ ਜੀ ਦਾ ਜਿਨ੍ਹਾਂ ਦੀ ਸੁਯੋਗ ਤੇ ਵਿਦਵਤਾ-ਭਰਪੂਰ ਅਗਵਾਈ ਤੇ ਹਰ ਸਮੇਂ ਹਮਦਰਦੀ ਭਰੀ ਪ੍ਰੇਰਣਾ ਮੈਨੂੰ ਅੱਗੇ ਹੀ ਅੱਗੇ ਵਧਣ ਲਈ ਉਤੇਜਿਤ ਕਰਦੀ ਰਹੀ ਹੈ। ਇਹ ਨਿਮਾਣਾ ਜਿਹਾ ਯਤਨ ਉਨ੍ਹਾਂ ਦੀ ਅਪਾਰ ਕਿਰਪਾ ਦਾ ਫਲ਼ ਹੈ।

ਮੈਂ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਮੁਖੀ ਡਾ. ਰਾਜਿੰਦਰ ਕੌਰ ਰੋਹੀ ਅਤੇ ਸਮੁੱਚੇ ਵਿਭਾਗ ਅਤੇ ਸਟਾਫ਼ ਦੇ ਸੰਪੂਰਨ ਸਹਿਯੋਗ ਦੇ ਲਈ ਧੰਨਵਾਦੀ ਹਾਂ।

ਮੈਂ ਧੰਨਵਾਦੀ ਹਾਂ ਗੁਰਮਤਿ ਕਾਲਜ ਪਟਿਆਲਾ ਦੀ ਪ੍ਰਬੰਧਕ ਕਮੇਟੀ, ਸਮੁੱਚਾ ਸਟਾਫ਼ ਅਤੇ ਲਾਇਬ੍ਰੇਰੀ ਦਾ, ਜਿੱਥੋਂ ਮੈਂ ਆਪਣੇ ਖੋਜ-ਕਾਰਜ ਸੰਬੰਧੀ ਬਹੁਮੁੱਲੇ ਗ੍ਰੰਥ ਅਤੇ ਪੁਸਤਕਾਂ ਦਾ ਦੀਰਘ ਅਧਿਐਨ ਕੀਤਾ ਹੈ। ਮੈਂ ਡਾ. ਦਿਲਵਰ ਸਿੰਘ ਦਾ ਵੀ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਸਮੇਂ-ਸਮੇਂ ਤੇ ਮੇਰੀ ਮੱਦਦ ਕੀਤੀ ਹੈ।

ਮੈਂ ਤਹਿ ਦਿਲੋਂ ਧੰਨਵਾਦੀ ਹਾਂ ਸ੍ਰ. ਭੋਲਾ ਸਿੰਘ ਵਿਰਕ, ਪ੍ਰਧਾਨ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ, ਪ੍ਰਿੰਸੀਪਲ ਡਾ. ਰਣਬੀਰ ਸਿੰਘ ਕਿੰਗਰਾ ਦਾ ਜਿੰਨ੍ਹਾਂ ਨੇ ਮੈਨੂੰ ਹਮੇਸ਼ਾ ਹੱਲਾਸ਼ੇਰੀ ਦਿੰਦਿਆਂ ਖੋਜ-ਕਾਰਜ ਲਈ ਉਤਸ਼ਾਹਿਤ ਕੀਤਾ।

ਮੈਂ ਸ਼ੁਕਰਗੁਜ਼ਾਰ ਹਾਂ ਡਾ. ਅਮਰ ਕੋਮਲ, ਡਾ. ਭੁਪਿੰਦਰ ਸਿੰਘ ਬੇਦੀ, ਮਹਿੰਦਰ ਸਿੰਘ ਰਾਹੀ ਅਤੇ ਜਗਰਾਜ ਧੌਲਾ ਦਾ ਜਿਨ੍ਹਾਂ ਨੇ ਮੇਰੀ ਹੌਸਲਾ ਅਫ਼ਜਾਈ ਕਰਨ ਦੇ ਨਾਲ-ਨਾਲ ਆਪਸੀ ਸਾਂਝ ਨੂੰ ਬਣਾਏ ਰੱਖਦਿਆਂ ਮੇਰਾ ਖੋਜ-ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਹਰ ਪੱਖੋਂ ਲੋੜੀਂਦੀ ਮੱਦਦ ਕੀਤੀ ਹੈ।

ਇਸ ਖੋਜ-ਕਾਰਜ ਵਿਚ ਜੋ ਸਹਿਯੋਗ ਮੇਰੀ ਧਰਮ ਪਤਨੀ ਸ੍ਰੀਮਤੀ ਸਵਿਤਰੀ ਦੇਵੀ ਨੇ ਦਿੱਤਾ ਹੈ, ਉਸ ਨੂੰ ਮੈਂ ਭੁਲਾ ਨਹੀਂ ਸਕਦਾ ਕਿਉਂਕਿ ਉਹ ਹਮੇਸ਼ਾ ਹੀ ਜ਼ਿੰਦਗੀ ਵਿਚ ਮੈਨੂੰ ਹਰ ਮੋੜ 'ਤੇ ਬਹੁਤ ਹੌਸਲੇ ਨਾਲ ਅੱਗੇ ਪੁਲਾਂਘਾਂ ਪੁੱਟਣ ਲਈ ਉਤਸ਼ਾਹਿਤ ਕਰਦੀ ਰਹੀ ਹੈ। ਮੈਂ ਆਭਾਰੀ ਹਾਂ ਆਪਣੀ ਸਪੁੱਤਰੀ ਸਵਿਤਾ ਅਤੇ ਸਪੁੱਤਰ ਰਿਸ਼ਵ ਸ਼ੋਰੀ ਦਾ ਜਿਨ੍ਹਾਂ ਨੂੰ ਮੈਂ ਪੂਰਾ ਸਮਾਂ ਨਹੀਂ ਦੇ ਸਕਿਆ, ਉਨ੍ਹਾਂ ਨੂੰ ਦੇਣ ਵਾਲਾ ਸਮਾਂ ਮੈਂ ਆਪਣੇ ਇਸ ਖੋਜ-ਕਾਰਜ ਨੂੰ ਪੂਰਾ ਕਰਨ ਲਈ ਲਗਾਇਆ।

ਅੰਤ ਵਿੱਚ ਮੈਂ ਡਿੰਪਲ ਕੁਮਾਰ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਖੋਜ-ਪ੍ਰਬੰਧ ਨੂੰ ਟਾਈਪ ਕਰਨ ਵਿੱਚ ਪੂਰਨ ਸਹਿਯੋਗ ਦਿੱਤਾ ਹੈ।

ਅਨਿਲ ਕੁਮਾਰ

# ਤਤਕਰਾ


✪ ਭੂਮਿਕਾ I-V

ਅਧਿਆਇ ਪਹਿਲਾ 1–56

✪ *ਧਰਮ ਅਤੇ ਬੈਰਾਗ : ਸਿਧਾਂਤਕ ਪਰਿਪੇਖ*

ਅਧਿਆਇ ਦੂਜਾ 57–122

✪ **ਗੁਰਮਤਿ ਵਿਚਾਰਧਾਰਾ ਵਿਚ ਬੈਰਾਗ**

ਅਧਿਆਇ ਤੀਜਾ 123–148

✪ *ਗੁਰੂ ਤੇ.ਗ ਬਹਾਦਰ ਜੀ ਦੀ ਬਾਣੀ ਵਿਚ ਧਰਮ ਦਾ ਸਰੂਪ*

ਅਧਿਆਇ ਚੌਥਾ 149–188

✪ *ਗੁਰੂ ਤੇ.ਗ ਬਹਾਦਰ ਜੀ ਦੀ ਬਾਣੀ ਵਿਚ ਬੈਰਾਗ ਦਾ ਸਰੂਪ*

ਅਧਿਆਇ ਪੰਜਵਾਂ 189–246

✪ **ਗੁਰੂ ਤੇ.ਗ ਬਹਾਦਰ ਜੀ ਦੀ ਬਾਣੀ ਵਿਚ ਬੈਰਾਗ ਦੀ ਵਿਲੱਖਣਤਾ : ਤੁਲਨਾਤਮਿਕ ਦ੍ਰਿਸ਼ਟੀਕੋਣ**

✪ ਸਾਰੰਸ਼ 247–262

✪ ਪੁਸਤਕ-ਸੂਚੀ 263–274

# ਭੂਮਿਕਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਵਿਸ਼ਵ ਅਧਿਆਤਮਿਕ ਚਿੰਤਨਧਾਰਾ ਵਿਚ ਸਰਵੋਤਮ ਅਤੇ ਵਿਲੱਖਣ ਸਥਾਨ ਪ੍ਰਾਪਤ ਹੈ। ਇਸ ਨੇ ਮੱਧਕਾਲੀ ਭਾਰਤੀ ਸਮਾਜ ਨੂੰ ਹਰ ਪੱਖੋਂ ਅੰਧਕਾਰਮਈ ਵਿਵਸਥਾ ਵਿਚੋਂ ਬਾਹਰ ਕੱਢਣ ਦਾ ਯਤਨ ਕੀਤਾ ਹੈ। ਇਹ ਲੋਕ ਜੀਵਨ (ਸੰਸਕ੍ਰਿਤੀ) ਦੇ ਵਧੇਰੇ ਨੇੜੇ ਹੈ। ਇਸ ਦੇ ਕ੍ਰਾਂਤੀਕਾਰੀ ਪ੍ਰਵਚਨ ਨੇ ਦੱਬੀ-ਕੁਚਲੀ ਮਨੁੱਖਤਾ ਨੂੰ ਜ਼ਿੰਦਗੀ ਜਿਉਣ ਦੀ ਇਕ ਨਵੀਂ ਜੀਵਨ-ਜਾਚ ਸਿਖਾਈ ਅਤੇ ਗ਼ਫ਼ਲਤ ਦੀ ਗੂੜ੍ਹੀ ਨੀਂਦ ਵਿਚੋਂ ਸਮੁੱਚੀ ਲੋਕਾਈ ਨੂੰ ਜਗਾਇਆ।

ਮੇਰੇ ਖੋਜ-ਪ੍ਰਬੰਧ ਦਾ ਵਿਸ਼ਾ 'ਧਰਮ ਅਤੇ ਬੈਰਾਗ : ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਸੰਦਰਭ ਵਿਚ' ਹੈ। ਇਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ 'ਚੋਂ ਉਤਪੰਨ ਹੋਏ ਧਰਮ ਅਤੇ ਬੈਰਾਗ ਦੇ ਸੰਕਲਪ ਨੂੰ ਸਿਧਾਂਤਕ ਪੱਖ ਦੇ ਨਾਲ-ਨਾਲ ਵਿਹਾਰਕ ਪੱਖ ਤੋਂ ਵੇਖਣ ਦੇ ਯਤਨ ਤਹਿਤ ਅਮਲੀ ਜੀਵਨ ਵਿਚ ਅਪਣਾਉਣ ਦੀ ਵੀ ਕੋਸ਼ਿਸ਼ ਕੀਤੀ ਗਈ ਹੈ।

**ਪਹਿਲੇ ਅਧਿਆਇ** *'ਧਰਮ ਅਤੇ ਬੈਰਾਗ : ਸਿਧਾਂਤਕ ਪਰਿਪੇਖ'* ਵਿਚ ਪੂਰਬੀ ਅਤੇ ਪੱਛਮੀ ਅਧਿਆਤਮਕ ਚਿੰਤਨਧਾਰਾ ਦੇ ਪ੍ਰਸੰਗ ਵਿਚ ਧਰਮ ਅਤੇ ਬੈਰਾਗ ਦੇ ਸਿਧਾਂਤਕ ਪੱਖ ਨੂੰ ਵਿਚਾਰ ਅਧੀਨ ਲਿਆਂਦਾ ਗਿਆ ਹੈ। ਜਿਸ ਤਹਿਤ ਇਨ੍ਹਾਂ ਦੇ ਅਰਥ, ਪਰਿਭਾਸ਼ਾ ਅਤੇ ਸਰੂਪ ਨੂੰ ਵੱਖ-ਵੱਖ ਭਾਸ਼ਾਵਾਂ ਦੇ ਸਮਾਨਾਰਥਕ ਸ਼ਬਦਾਂ ਅਤੇ ਵੱਖ-ਵੱਖ ਵਿਦਵਾਨਾਂ ਦੇ ਵਿਚਾਰਾਂ ਨੂੰ ਵਾਚਿਆ ਗਿਆ ਹੈ। ਇਹ ਸਰਬ ਪ੍ਰਵਾਨਤ ਸੱਚ ਹੈ ਕਿ ਆਦਿ ਕਾਲ ਤੋਂ ਮਨੁੱਖ ਨੇ ਇਸ ਧਰਤੀ 'ਤੇ ਜਿਉਣਾ ਸ਼ੁਰੂ ਕੀਤਾ। ਧਰਮ ਉਸ ਦੇ ਨਾਲ ਹੀ ਪੈਦਾ ਹੋਇਆ ਭਾਵ ਜਦੋਂ ਉਸ ਨੇ ਕੁਦਰਤੀ ਬਖ਼ਸ਼ੀਸ਼ਾਂ ਅਤੇ ਕਰੋਪੀਆਂ ਨੂੰ ਇਕ ਅਦਿੱਖ ਸ਼ਕਤੀ ਦੇ ਤੌਰ 'ਤੇ ਮੰਨਣਾ ਸ਼ੁਰੂ ਕੀਤਾ। ਇਤਿਹਾਸਕ ਦ੍ਰਿਸ਼ਟੀ ਤੋਂ ਇਸ ਦੇ ਅਨੇਕਾਂ ਅਰਥ ਸਾਹਮਣੇ ਆਏ ਹਨ ਜਿਵੇਂ ਕਿ ਫ਼ਰਜ਼, ਕਰਤੱਵ, ਡਿਊਟੀ, ਸਕਾਰਾਤਮਕ ਜੀਵਨ-ਜਾਚ, ਗਤੀਸ਼ੀਲ ਅਤੇ ਜਾਗਰਿਤ ਚਿੰਤਨਧਾਰਾ, ਕਿਸੇ ਅਦਿੱਖ ਸ਼ਕਤੀ

ਜਾਂ ਪਰਮਾਤਮਾ ਵਿਚ ਵਿਸ਼ਵਾਸ, ਉਸ ਵਿਚ ਮੁੜ ਸਮਾ ਜਾਣ ਦਾ ਮਾਰਗ ਸ਼ਰਧਾ ਅਤੇ ਨੈਤਿਕ ਸਦਾਚਾਰਕ ਗੁਣਾਂ ਨੂੰ ਧਾਰਨ ਕਰਨਾ ਆਦਿ। ਇਸੇ ਤਰ੍ਹਾਂ ਬੈਰਾਗ ਦੇ ਸੰਕਲਪ ਦਾ ਘੇਰਾ ਵੀ ਵਿਸਤ੍ਰਿਤ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਇਸ ਦੇ ਅਨੇਕਾਂ ਪੱਖ ਸਾਡੇ ਸਾਹਮਣੇ ਉਭਰ ਕੇ ਆਏ ਹਨ। ਪੁਰਾਤਨ ਭਾਰਤੀ ਅਤੇ ਪੱਛਮੀ ਪਰੰਪਰਾ ਦੇ ਅਨੁਸਾਰ ਇਹ ਸਾਕਾਰਾਤਮਕ ਅਤੇ ਨਾਕਾਰਾਤਮਕ ਵਿਚਾਰਧਾਰਾ ਦੇ ਤੌਰ ’ਤੇ ਪ੍ਰਵਾਨ ਕੀਤੇ ਗਏ। ਇਕ ਵਿਚਾਰਧਾਰਾ ਅਨੁਸਾਰ ਗ੍ਰਿਹਸਥ ਜੀਵਨ ਨੂੰ ਪੂਰਨ ਤੌਰ ’ਤੇ ਤਿਆਗ ਕੇ ਜੰਗਲਾਂ, ਬੀਆਬਾਨਾਂ ਵਿਚ ਜਾ ਕੇ ਕਠੋਰ ਜਪ, ਤਪ ਕਰਕੇ ਮੋਖਸ਼ ਦੀ ਪ੍ਰਾਪਤੀ ਲਈ ਕੀਤੇ ਗਏ ਯਤਨਾਂ ਨੂੰ ਬੈਰਾਗ ਕਿਹਾ ਗਿਆ ਹੈ। ਇਸ ਵਿਚਾਰਧਾਰਾ ਅਧੀਨ ਭਾਰਤੀ ਸਮਾਜ ਵਿਚ ਨਾਥ, ਜੋਗੀ ਅਤੇ ਸਿੱਧਾਂ ਦੀਆਂ ਪਰੰਪਰਾਵਾਂ ਪਾਈਆਂ ਗਈਆਂ। ਇਸ ਦੇ ਵਿਪਰੀਤ ਇਕ ਹੋਰ ਵਿਚਾਰਧਾਰਾ ਦੇ ਅਨੁਸਾਰ ਬੈਰਾਗ ਦੇ ਸੰਕਲਪ ਨੂੰ ਸਾਕਾਰਾਤਮਕ ਜੀਵਨ ਦ੍ਰਿਸ਼ਟੀ ਦੇ ਤੌਰ ’ਤੇ ਪ੍ਰਵਾਨ ਕੀਤਾ ਗਿਆ ਹੈ ਜਿਸ ਅਧੀਨ ਮਨੁੱਖ, ਇਸ ਨਾਸ਼ਵਾਨ ਸੰਸਾਰ, ਸੰਸਾਰੀ (ਸਮਾਜਕ) ਰਿਸ਼ਤਿਆਂ, ਸੰਸਾਰੀ ਕਾਰ-ਵਿਹਾਰਾਂ ਅਤੇ ਅੰਤਰੀਵੀ ਵਿਸ਼ੇ-ਵਿਕਾਰਾਂ ਤੋਂ ਉੱਪਰ ਉੱਠਕੇ (ਜੀਵਨ ਮੁਕਤ) ਗਤੀਸ਼ੀਲ ਹੋ ਕੇ ਜ਼ਿੰਦਗੀ ਗੁਜ਼ਾਰਨ ਦਾ ਯਤਨ ਕਰਦਾ ਹੈ।

**ਦੂਜੇ ਅਧਿਆਇ** *‘ਗੁਰਮਤਿ ਵਿਚਾਰਧਾਰਾ ਵਿਚ ਬੈਰਾਗ’* ਵਿਚ ਗੁਰਮਤਿ ਵਿਚਾਰਧਾਰਾ ਦੀ ਰੌਸ਼ਨੀ ਵਿਚ ਬੈਰਾਗ ਦੇ ਸੰਕਲਪ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਪੁਰਾਤਨ ਭਾਰਤੀ ਸੰਸਕ੍ਰਿਤੀ ਦੇ ਨਿਰਲੇਪਤਾ ਦੇ ਦੋ ਪ੍ਰਤੀਕ ਕੰਵਲ ਦਾ ਫੁੱਲ ਅਤੇ ਮੁਰਗਾਬੀ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ *‘ਸਿਧ ਗੋਸਟਿ’* ਵਿਚ ਸਿੱਧਾਂ ਨਾਲ ਸੰਵਾਦ ਰਚਾਉਂਦਿਆਂ ਬੈਰਾਗ ਦੇ ਸ਼ੁੱਧ ਸਰੂਪ ਨੂੰ ਸਮੁੱਚੀ ਲੋਕਾਈ ਦੇ ਸਨਮੁਖ ਪੇਸ਼ ਕੀਤਾ ਹੈ। ਇਨ੍ਹਾਂ ਪ੍ਰਤੀਕਾਂ ਦੀ ਵਰਤੋਂ ਬਾਕੀ ਗੁਰੂ ਸਾਹਿਬਾਨ ਵਲੋਂ ਵੀ ਕੀਤੀ ਗਈ। ਉਨ੍ਹਾਂ ਨੇ ਬੈਰਾਗ ਨੂੰ ਬੜੀ ਸੂਖ਼ਮਤਾ ਨਾਲ ਪਛਾਣਿਆ ਜਿਸ ਤਹਿਤ ਮਨੁੱਖ ਜੀਵਨ ਮੁਕਤ ਹੋ ਕੇ ਗ੍ਰਿਹਸਥੀ ਜ਼ਿੰਦਗੀ ਨੂੰ ਸੰਜਮਤਾ ਅਤੇ ਸਹਿਜਤਾ ਨਾਲ ਬਤੀਤ ਕਰਦਾ ਹੈ ਅਤੇ ਲੋੜ ਪੈਣ ਤੇ ਇਕ ਇਨਕਲਾਬੀ ਜੋਧੇ ਦੇ ਤੌਰ ’ਤੇ ਵੀ ਪ੍ਰਗਟ ਹੁੰਦਾ ਹੈ।

**ਤੀਜੇ ਅਧਿਆਇ** *'ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਧਰਮ ਦਾ ਸਰੂਪ'* ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ 'ਚੋਂ ਉਤਪੰਨ ਹੋਏ ਧਰਮ ਦੇ ਸਰੂਪ ਨੂੰ ਵਿਚਾਰਿਆ ਗਿਆ ਹੈ। ਗੁਰੂ ਸਾਹਿਬ ਨੇ ਸਮਕਾਲੀ ਧਰਮ ਦੇ ਪਤਨਸ਼ੀਲ ਰੂਪ ਨੂੰ ਪੂਰਨ ਤੌਰ ਤੇ ਨਕਾਰਿਆ। ਉਨ੍ਹਾਂ ਨੇ ਭਾਰਤੀ ਹਿੰਦੂ ਸਮਾਜ ਦੇ ਤੀਰਥ, ਵਰਤ ਅਤੇ ਦਾਨ ਆਦਿ ਬਾਹਰੀ ਕਰਮ-ਕਾਂਡਾਂ ਦੀ ਨਿਖੇਧੀ ਕੀਤੀ ਅਤੇ ਧਰਮ ਦੇ ਸਤਿ ਸਰੂਪ *'ਨਾਮ ਸਿਮਰਨ'* ਨੂੰ ਪ੍ਰਚਾਰਿਆ। ਇਸ ਦੇ ਨਾਲ ਹੀ ਪਰਉਪਕਾਰੀ ਕਰਮ, ਨੈਤਿਕ ਅਤੇ ਸਦਾਚਾਰਕ ਗੁਣਾਂ, ਨਿਰਭੈ ਅਤੇ ਨਿਰਵੈਰ ਜਿਹੇ ਉੱਤਮ ਮਾਨਵੀ ਸਦਗੁਣਾਂ ਨੂੰ ਧਰਮ ਦੇ ਘੇਰੇ ਵਿਚ ਲਿਆਂਦਾ। ਜਿਸ ਦੀ ਸਰਵੋਤਮ ਮਿਸਾਲ ਉਨ੍ਹਾਂ ਨੇ ਧਰਮ ਦੀ ਰੱਖਿਆ ਹਿੱਤ ਆਪਣੇ ਜੀਵਨ ਦੀ ਅਹੂਤੀ ਦੇ ਕੇ ਕਾਇਮ ਕੀਤੀ।

**ਚੌਥੇ ਅਧਿਆਇ** *'ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਬੈਰਾਗ ਦਾ ਸਰੂਪ'* ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ 'ਚੋਂ ਉਤਪੰਨ ਹੋਏ ਬੈਰਾਗ ਦੇ ਸੰਕਲਪ ਦੇ ਵਿਭਿੰਨ ਪੱਖਾਂ ਨੂੰ ਵਿਚਾਰਿਆ ਗਿਆ ਹੈ। ਉਨ੍ਹਾਂ ਦੁਆਰਾ ਰਚਿਤ ਬਾਣੀ ਨੂੰ *'ਬੈਰਾਗਮਈ ਬਾਣੀ'* ਕਿਹਾ ਗਿਆ ਹੈ। ਉਨ੍ਹਾਂ ਦੇ ਅਨੁਸਾਰ ਬੈਰਾਗੀ ਪੁਰਸ਼ ਆਪਣੇ ਹਿਰਦੇ ਵਿਚ ਪਰਮਾਤਮਾ ਦੇ ਦਰਸ਼ਨ ਕਰਦਾ ਹੈ। ਉਸ ਨੂੰ ਕਿਸੇ ਜੰਗਲ ਜਾਂ ਪਹਾੜੀ ਕੰਦਰਾਂ ਵਿਚ ਜਾ ਕੇ ਜਪ, ਤਪ ਕਰਨ ਦੀ ਜ਼ਰੂਰਤ ਨਹੀਂ। ਇਸ ਬੈਰਾਗ ਦਾ ਆਧਾਰ *'ਨਾਮ ਸਿਮਰਨ'* ਹੀ ਹੈ। ਇਹ ਬੈਰਾਗ ਮਾਨਸਿਕ ਸਥਿਤੀ ਦਾ ਹੈ ਜਿਸ ਵਿਚ ਮਨੁੱਖੀ ਮਨ ਨੂੰ ਪਰਮਾਤਮਾ ਮਿਲਣ ਦੀ ਤਾਂਘ ਅਤੇ ਸੰਸਾਰ ਦੀ ਮੋਹ-ਭੰਗਤਾ ਪਨਪਦੀ ਹੈ। ਬੈਰਾਗੀ ਅੰਦਰ ਬੀਰ ਰਸ ਦੀ ਭਾਵਨਾ ਪੈਦਾ ਹੁੰਦੀ ਹੈ। ਉਸ ਵਿਚ ਸੰਜਮਤਾ ਸਮਾ ਜਾਂਦੀ ਹੈ ਅਤੇ ਉਹ ਸਮਦ੍ਰਿਸ਼ਟੀ ਦਾ ਧਾਰਨੀ ਹੋ ਜਾਂਦਾ ਹੈ। ਉਸ ਨੂੰ ਦੁਖ-ਸੁਖ, ਉਸਤਤਿ-ਨਿੰਦਾ, ਹਰਖ-ਸੋਗ ਦੀ ਭਾਵਨਾ ਕਦੇ ਵੀ ਨਹੀਂ ਪੋਂਹਦੀ।

**ਪੰਜਵੇਂ ਅਧਿਆਇ** *'ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਬੈਰਾਗ ਦੀ ਵਿਲੱਖਣਤਾ: ਤੁਲਨਾਤਮਿਕ ਦ੍ਰਿਸ਼ਟੀ'* ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚੋਂ ਉਤਪੰਨ ਹੋਏ ਬੈਰਾਗ ਦੇ ਸੰਕਲਪ ਨੂੰ ਹੋਰਨਾਂ ਧਰਮਾਂ ਦੇ ਸਨਮੁਖ ਰੱਖ ਕੇ ਵਿਚਾਰਿਆ ਗਿਆ ਹੈ। ਹਿੰਦੂ ਧਰਮ ਵਿਚ ਚਾਰ

ਪੁਰਸ਼ਾਰਥਾਂ ਅਤੇ ਚਾਰ ਆਸ਼ਰਮਾਂ ਨੂੰ ਖਾਸ ਮਾਣ ਪ੍ਰਾਪਤ ਹੈ। ਚਾਰ ਪੁਰਸ਼ਾਰਥਾਂ ਵਿਚ ਧਰਮ ਅਤੇ ਮੋਖਸ਼ ਨੂੰ ਅਧਿਆਤਮਕ ਚਿੰਤਨ ਵਿਚ ਵਿਚਾਰਿਆ ਜਾਂਦਾ ਹੈ। ਮੋਖਸ਼ ਦੀ ਪ੍ਰਾਪਤੀ ਲਈ ਮਨੁੱਖੀ ਜੀਵਨ ਦੇ ਚੌਥੇ ਆਸ਼ਰਮ ਵਜੋਂ ਵਾਣਪ੍ਰਸਥ ਆਸ਼ਰਮ ਨੂੰ ਪ੍ਰਵਾਨ ਕੀਤਾ ਗਿਆ ਹੈ।

ਬੁੱਧ ਧਰਮ ਵਿਚ ਬੈਰਾਗ ਧਾਰਨ ਕਰਨ ਲਈ ਗ੍ਰਿਹਸਥ ਜੀਵਨ ਦਾ ਪੂਰਨ ਤੌਰ ਤੇ ਤਿਆਗ ਕਰਕੇ ਜੰਗਲਾਂ ਵਿਚ ਜਾ ਕੇ ਕਠੋਰ ਜਪ, ਤਪ ਕਰਨ ਲਈ ਪ੍ਰੇਰਿਆ ਗਿਆ ਹੈ। ਮੋਖਸ਼ (ਨਿਰਬਾਣ) ਦੀ ਪ੍ਰਾਪਤੀ ਲਈ ਸੰਨਿਆਸੀ ਜੀਵਨ ਧਾਰਨ ਕਰਨਾ ਜ਼ਰੂਰੀ ਸਮਝਿਆ ਗਿਆ ਹੈ।

ਜੈਨ ਧਰਮ ਵਿਚ ਬੈਰਾਗ ਮਨੁੱਖੀ ਜੀਵਨ ਵਿਚ ਅਹਿੰਸਾ ਅਪਨਾਉਣ ਲਈ ਧਾਰਨ ਕੀਤਾ ਜਾਂਦਾ ਹੈ। ਇਸ ਧਰਮ ਵਿਚ ਭਾਵੇਂ ਗ੍ਰਿਹਸਥੀ ਜੀਵਨ ਨੂੰ ਵੀ ਕਬੂਲਿਆ ਗਿਆ ਹੈ ਪਰੰਤੂ ਸੰਨਿਆਸੀ ਜੀਵਨ ਨੂੰ ਵਧੇਰੇ ਮਹੱਤਵ ਦਿੱਤਾ ਗਿਆ ਹੈ ਕਿਉਂਕਿ ਮੋਖਸ਼ (ਕੈਵਲਯ) ਦੀ ਪ੍ਰਾਪਤੀ ਲਈ ਭਗਵਾਨ ਮਹਾਂਵੀਰ ਜੀ ਨੇ ਸੰਨਿਆਸੀ ਜੀਵਨ ਨੂੰ ਧਾਰਨ ਕੀਤਾ ਸੀ।

ਈਸਾਈ ਧਰਮ ਇਕ ਗ੍ਰਿਹਸਥੀ ਧਰਮ ਹੈ। ਇਸ ਧਰਮ ਵਿਚ ਸੰਨਿਆਸੀ ਜੀਵਨ ਦੀ ਕੋਈ ਪ੍ਰਥਾ ਨਹੀਂ ਹੈ। ਸਿਵਾਏ Monks ਅਤੇ Nuns ਤੋਂ ਜੋ ਗ੍ਰਿਹਸਥੀ ਨਹੀਂ ਹੁੰਦੇ। ਈਸਾਈਅਤ ਵਿਚ ਮਨ ਦੀ ਸ਼ੁੱਧਤਾ ਲਈ ਬੈਰਾਗ ਧਾਰਨ ਕਰਨ ਲਈ ਕਿਹਾ ਗਿਆ ਹੈ ਇਸ ਅਧੀਨ ਮਨੁੱਖ ਨੈਤਿਕ ਅਤੇ ਸਦਾਚਾਰਕ ਕਦਰਾਂ-ਕੀਮਤਾਂ ਨੂੰ ਧਾਰਨ ਕਰਦਾ ਹੈ।

ਇਸਲਾਮ ਧਰਮ ਇਕ ਗ੍ਰਿਹਸਥੀ ਧਰਮ ਦੇ ਤੌਰ ’ਤੇ ਜਾਣਿਆ ਜਾਂਦਾ ਹੈ। ਇਸ ਵਿਚ ਵੀ ਸੰਨਿਆਸੀ ਜੀਵਨ ਦੀ ਕੋਈ ਪ੍ਰਥਾ ਨਹੀਂ। ਇਕ ਸੱਚਾ ਮੁਸਲਮਾਨ ਕੁਰਾਨ ਵਿਚ ਆਪਣਾ ਈਮਾਨ ਲਿਆਉਂਦਾ ਹੈ, ਕਲਮਾਂ ਪੜ੍ਹਦਾ ਹੈ, ਰੋਜ਼ੇ ਰੱਖਦਾ ਹੈ, ਜ਼ਕਾਤ ਕੱਢਦਾ ਅਤੇ ਹੱਜ ਕਰਦਾ ਹੈ। ਉਸ ਦੇ ਮਨ ਵਿਚ ਬੈਰਾਗ ਦੀ ਭਾਵਨਾ ਉਦੋਂ ਪੈਦਾ ਹੁੰਦੀ ਹੈ ਜਦੋਂ ਉਹ ਸਮਾਜਕ ਭਲਾਈ ਅਤੇ ਪਰਉਪਕਾਰਤਾ ਦੇ ਕੰਮ ਕਰਨ ਲਈ ਆਪਣੇ ਮਨ ਨੂੰ ਸ਼ੁੱਧ ਕਰਨ ਦੇ ਯਤਨ ਕਰਦਾ ਹੈ। ਇਸੇ ਧਰਮ ਵਿਚੋਂ ਉਤਪੰਨ ਹੋਈ ਸੂਫ਼ੀ ਸੰਪਰਦਾ ਵਿਚ ਬੈਰਾਗ ਦੀ ਭਾਵਨਾ ਤੀਬਰ ਰੂਪ ਵਿਚ

ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਵਿਚ ਸੂਫ਼ੀ ਸਾਧਕ ਬੈਰਾਗਵਾਨ ਹੋ ਬਿਰਹਾ ਰੂਪੀ ਤੜਪ ਦੀ ਅੱਗ ਵਿਚ ਸੜਦਾ ਹੈ। ਪ੍ਰਭੂ ਮੇਲ ਲਈ ਵਿਆਕੁਲ ਹੋ ਕੇ ਆਤਮਕ ਅਤੇ ਮਾਨਸਿਕ ਸੰਤਾਪ ਭੋਗਦਾ ਹੈ।

ਵਿਭਿੰਨ ਧਰਮਾਂ ਦੇ ਅੰਤਰਗਤ ਹੀ ਗੁਰੂ ਤੇਗ ਬਹਾਦਰ ਜੀ ਦੀ ਬੈਰਾਗਮਈ ਭਾਵਨਾ ਦੀ ਵਿਲੱਖਣਤਾ ਨੂੰ ਤੁਲਨਾਤਮਕ ਦ੍ਰਿਸ਼ਟੀ ਤੋਂ ਵਿਚਾਰਿਆ ਗਿਆ ਹੈ। ਇਸ ਚਿੰਤਨ ਅਧੀਨ ਬੈਰਾਗ ਦੇ ਨਾਕਾਰਾਤਮਕ ਪੱਖ ਨੂੰ ਪੂਰਨ ਤੌਰ 'ਤੇ ਅਸਵੀਕਾਰ ਕੀਤਾ ਗਿਆ ਹੈ। ਬੈਰਾਗ ਦੇ ਸਾਕਾਰਾਤਮਕ ਪੱਖ ਨੂੰ ਕਬੂਲਿਆ ਗਿਆ ਹੈ। ਇੱਥੇ ਬੈਰਾਗੀ ਪੁਰਸ਼ ਪਰਮਾਤਮਾ ਅਤੇ ਗੁਰੂ ਦਾ ਪ੍ਰੇਮੀ, ਜਤੀ, ਸਤੀ, ਕਰਮਯੋਗੀ, ਸਦਗੁਣੀ, ਪਰਉਪਕਾਰੀ, ਸਰਬ ਕਲਿਆਣੀ, ਇਨਕਲਾਬੀ ਯੋਧਾ ਅਤੇ ਧਰਮ ਰੱਖਿਅਕ ਦੇ ਤੌਰ ਤੇ ਪ੍ਰਗਟ ਹੁੰਦਾ ਹੈ।

ਅੰਤ ਵਿਚ ਸਾਰੇ ਖੋਜ-ਪ੍ਰਬੰਧ ਦਾ ਸਾਰੰਸ਼ ਪ੍ਰਸਤੁਤ ਕਰਦਿਆਂ ਗੁਰੂ ਤੇਗ ਬਹਾਦਰ ਜੀ ਦੇ ਧਰਮ ਅਤੇ ਬੈਰਾਗ ਸੰਬੰਧੀ ਦਿੱਤੇ ਉਪਦੇਸ਼ਾਂ ਅਤੇ ਵਿਚਾਰਾਂ ਦੇ ਆਧਾਰ ਤੇ ਧਰਮ ਅਤੇ ਬੈਰਾਗ ਦੇ ਸੰਕਲਪ ਨੂੰ ਉਜਾਗਰ ਕੀਤਾ ਗਿਆ ਹੈ ਅਤੇ ਖੋਜ ਦੇ ਆਧਾਰ ਤੇ ਸਾਰ ਅਤੇ ਸਥਾਪਨਾਵਾਂ ਪ੍ਰਸਤੁਤ ਕੀਤੀਆਂ ਗਈਆਂ ਹਨ। ਅਖ਼ੀਰ ਤੇ ਖੋਜ-ਪ੍ਰਬੰਧ ਲਈ ਸਹਾਇਕ ਪੁਸਤਕਾਂ ਦੀ ਸੂਚੀ ਦਿੱਤੀ ਗਈ ਹੈ। ਕੇਵਲ ਉਹੀ ਪੁਸਤਕਾਂ ਦਿੱਤੀਆਂ ਗਈਆਂ ਹਨ, ਜਿਨ੍ਹਾਂ ਦਾ ਜ਼ਿਕਰ ਹਵਾਲਿਆਂ ਵਿਚ ਆਇਆ ਹੈ ਜਾਂ ਜਿਨ੍ਹਾਂ ਨੂੰ ਆਧਾਰ-ਰੂਪ ਵਿਚ ਵਰਤਿਆ ਗਿਆ ਹੈ।

ਅਨਿਲ ਕੁਮਾਰ